# ਗੁਰਮਤਿ ਬਿਬੇਕ

ਭਾਈ ਸਾਹਿਬ ਰਣਧੀਰ ਸਿੰਘ

ੴ
ਏਕੋ ਜਪਿ ਏਕੋ ਸਾਲਾਹਿ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
ਲੁਧਿਆਣਾ

ਪੰਜਵੀਂ ਵਾਰ ਜੁਲਾਈ ੧੯੯੩

ਮੁੱਲ : ੨੦-੦੦

*ਪ੍ਰਕਾਸ਼ਕ :*

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ

*ਟਾਈਪਸੈੱਟਰ :*

ਕੇ. ਜੀ. ਗ੍ਰਾਫਿਕਸ, 98, ਸਿਟੀ ਸੈਂਟਰ, ਅੰਮ੍ਰਿਤਸਰ

*ਛਾਪਕ :*

ਹਮਦਰਦ ਪ੍ਰਿੰਟਿੰਗ ਪ੍ਰੈਸ, ਮਾਈ ਹੀਰਾਂ ਗੇਟ, ਜਲੰਧਰ

ੴ ਵਾਹਿਗੁਰੂ ਜੀ ਕੀ ਫ਼ਤਹ ॥

# ਤਤਕਰਾ


| | | |
|---|---|---|
| ਉਥਾਨਕਾ | ਗਯਾਨੀ ਨਾਹਰ ਸਿੰਘ | ੭ |
| ਭੂਮਿਕਾ | ਡਾ: ਤ੍ਰਿਲੋਚਨ ਸਿੰਘ | ੧੧ |
| ਸੂਚਨਾ: ਪੰਜਵੀਂ ਐਡੀਸ਼ਨ | | ੧੮ |

## ਪੂਰਬਾਰਧ : ਸਿਮਰਨ ਬਿਬੇਕ

| | |
|---|---|
| ੧. ਗੁਰਮਤਿ ਬਿਬੇਕ ਦੀ ਤਾਰੀਫ਼ | ੨੧ |
| ੨. 'ਸਤਿਗੁਰ ਬਚਨ ਕਮਾਵਣ' ਤੇ 'ਹੁਕਮਿ ਰਜਾਈ ਚਲਣ' ਦਾ ਇੱਕ ਮਿੱਕ ਭਾਵ | ੨੩ |
| ੩. ਗੁਰਮਤਿ ਬਿਬੇਕੀਆਂ ਦੇ ਬਿਬੇਕ ਵਿਚਾਰ ਦੀ ਵਿਸ਼ੇਸ਼ਤਾ ਤੇ ਵਿਲੱਖਣਤਾ | ੨੩ |
| ੪. ਗੁਰਮਤਿ ਬਿਬੇਕੀਆਂ ਦੀ ਅਵਸਥਾ ਦਾ ਨਿਰਣਾ | ੨੪ |
| ੫. ਤਤਸਾਰ ਬਿਬੇਕ-ਸਿਫਤਿ ਸਾਲਾਹ ਦਾ ਵਰਨਣ | ੨੫ |
| ੬. 'ਸਿਫਤਿ ਸਾਲਾਹ' ਮੁਖ ਕਰਮ ਹੈ | ੨੮ |
| ੭. ਸਿਮਰਨ ਦਾ ਅਨੰਦ ਤੇ ਤੱਤ ਕਮਾਈ ਸੱਚਾ ਬਿਬੇਕ ਸਾਰ | ੨੮ |
| ੮. ਨਾਮ ਰੂਪ ਸਿਫ਼ਤਿ ਸਾਲਾਹ ਹੀ ਤੱਤ ਸਾਰ ਬਿਬੇਕ ਹੈ | ੨੯ |
| ੯. ਤੱਤ ਗੁਰਮਤਿ ਗਿਆਨ ਦੀ ਬਹੁ-ਪੱਖੀ ਵਿਆਖਿਆ | ੩੦ |
| ੧੦. ਕੀਰਤਨ: ਪੂਰਨ ਗਿਆਨ | ੩੦ |
| ੧੧. ਹਰਿ ਭਜਨ: ਤੱਤ ਗਿਆਨ ਧਿਆਨ | ੩੧ |
| ੧੨. ਹਰਿ ਹਰਿ ਕਥਾ ਦਾ ਨਿਤਾਪ੍ਰਤਿ ਸੁਣਨਾ ਪਰਮੇਸ਼ਰ ਦਾ ਗਿਆਨ | ੩੨ |
| ੧੩. ਗੁਰਬਾਣੀ ਰੂਪ ਗੋਸ਼ਟ ਸੱਚੇ ਗਿਆਨ ਦਾ ਸੋਮਾ ਹੈ | ੩੪ |
| ੧੪. ਗੁਰਮਤਿ ਗਿਆਨੀ ਨਾਮੀ ਅਕਾਲ ਪੁਰਖ ਨਾਲ ਓਤਿ ਪੋਤਿ | ੩੬ |
| ੧੫. ਸ਼ਬਦ ਰਹਿਆ ਭਰਪੂਰ: ਨਾਮ-ਨਾਮੀ ਅਭੇਦ | ੩੭ |
| ੧੬. ਬਿਬੇਕ ਦਾ ਸੱਚਾ ਸਾਗਰ ਗੁਰ ਸ਼ਬਦ ਰੂਪੀ ਨਾਮ ਮੰਤ੍ਰ ਹੈ | ੩੮ |
| ੧੭. ਗੁਰਮਤਿ ਗਿਆਨੀ ਦੇ ਲੱਛਣ | ੩੯ |
| ੧੮. ਸੱਚਾ ਬਿਬੇਕੀ ਆਤਮ ਝਲਕਾਰੇ ਪ੍ਰਗਟਾਵਣ ਵਾਲਾ ਭਗਤ | ੪੦ |
| ੧੯. ਸਿਫਤਿ ਸਾਲਾਹ ਦਾ ਮੁਖ ਮੰਤਵ ਤੇ ਪਾਰਸ ਭੂਤੀ ਫਲ | ੪੧ |
| ੨੦. ਬਿਬੇਕ ਬੁਧੀ ਵਾਲੇ ਸਿਖ ਹੁਕਮੀ ਬੰਦੇ ਹੁੰਦੇ ਹਨ | ੪੪ |
| ੨੧. ਬਿਬੇਕ-ਹੀਨ ਪੁਰਸ਼ਾਂ ਦੀ ਮਾਨਸਕ ਦਸ਼ਾ ਅਤੇ ਬਿਬੇਕੀ ਜਨਾਂ ਦੀ ਪਾਰਸ ਕਮਾਈ ਦੇ ਦਿੱਬ ਫਲ ਅੰਕੂਰ | ੪੫ |
| ੨੨. ਗੁਰਬਾਣੀ ਦੇ ਬਿਬੇਕ ਵਿਚਾਰ ਦੇ ਸੁਖ-ਫਲ | ੫੧ |
| ੨੩. ਸਰਬ ਧਰਮਾਂ ਵਿਚ ਸ੍ਰੇਸ਼ਟ ਧਰਮ | ੫੩ |
| ੨੪. ਸ਼ਬਦ-ਕਮਾਈ ਦਾ ਪ੍ਰਤਾਪ: ਅਬਚਲੀ ਜੋਤਿ ਦਾ ਪ੍ਰਕਾਸ਼ | ੫੫ |
| ੨੫. ਅਕਾਲ ਪੁਰਖ ਸਦਾ ਹਾਜ਼ਰ ਨਾਜ਼ਰ ਤੇ ਦ੍ਰਿਸ਼ਟੀ ਗੋਚਰ ਹੋ ਜਾਂਦਾ ਹੈ | ੫੯ |
| ੨੬. ਗੁਰਬਾਣੀ ਅੰਮ੍ਰਿਤ ਰੂਪ ਹੈ | ੬੧ |
| ੨੭. ਅੰਮ੍ਰਿਤ ਰੂਪੀ ਨਾਮ ਜਪਣਾ ਸੱਚੀ ਬਿਬੇਕ ਵਿਚਾਰ ਤੇ ਸੱਚੀ ਕਾਰ | ੬੪ |
| ੨੮. ਨਾਮ ਸੱਚੇ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ | ੬੬ |

੨੯. ਨਾਮ-ਅਭਿਆਸੀ ਦੀ ਗਿਆਨ ਕਲਾ ਅਨਹਦ-ਪਦ ਵਿਚ ਸਮਾਈ ੬੮
੩੦. ਨਾਮ ਸਿਮਰਨ ਦੀਆਂ ਅਨੇਕਾਂ ਬਰਕਤਾਂ ੭੦
੩੧. ਸ੍ਰਿਸ਼ਟ ਬਿਬੇਕੀ ਜਨ ਗੁਰ ਸ਼ਬਦ ਰਾਹੀਂ ਮਨ ਮਾਰਦੇ ਹਨ ੭੬
੩੨. ਨਾਮ ਕਮਾਵਣ ਰੂਪੀ ਗੁਰਮਤਿ ਬਿਬੇਕ ਦਾ ਉੱਚਾ ਸੁਖ ਫਲ ੭੭
੩੩. ਹਰਿ ਕੀਰਤਨ ਕਰਨ ਦੇ ਸੁਖ-ਫਲ ੭੮
੩੪. ਕਲਜੁਗ ਵਿਚ ਅਖੰਡ-ਕੀਰਤਨ ਤੇ ਅਖੰਡ ਪਾਠ ਅਸਥਾਨ ਸੱਚਾ ਇਕਾਂਤ ਤੇ ਸ਼ਾਂਤਮਈ ਗੁਫਾ ਅਸਥਾਨ ੮੧
੩੫. ਜਪ ਨੀਸਾਣੁ ਦੀ ਗੁਰਮਤਿ ਮਹਿਮਾ ਤੇ ਸਿਫਤਿ ਸਾਲਾਹ ੮੩
੩੬. ਸਚਿਆਰ ਸਿਖ ਬਿਬੇਕੀ ਦੀ ਪੂਰਨ ਪਛਾਣ ੮੪
੩੭. ਭਾਣਾ, ਹੁਕਮ, ਨਾਮ ਦਾ ਇਕੋ ਭਾਵ ਹੈ ੮੫
੩੮. ਭਾਣੇ ਦਾ ਰਸ ਤੇ ਭਾਣੇ ਦੀ ਰਜ਼ਾ ੮੮
੩੯. ਸਤਿਗੁਰ ਦੇ ਸਮੂਹ ਬਚਨ ਰੂਪੀ ਹੁਕਮ ਕਮਾਵਣਾ ਗੁਰਮਤਿ ਬਿਬੇਕ ਹੈ ੮੯
੪੦. ਗੁਰ ਬਚਨਾਂ ਅਨੁਸਾਰ ਸਮੂਹ ਗੁਰਮਤਿ ਕਰਮ ਸਿਫਤਿ ਸਾਲਾਹ ਦੇ ਸਹਾਈ ਕਰਮ ਹਨ ੮੯
੪੧. ਸੰਜਮ ਸਾਧਨ ਸੰਯੁਕਤ ਨਾਮ ਦੇ ਹੀ ਵਿਧਾਨ ਰੂਪ ਹਨ ੯੦
੪੨. ਗੁਰਮਤਿ ਪ੍ਰਵਾਨਤ ਕਰਮ ਤੇ ਗੁਰਮਤਿ ਬਿਬਰਜਤ ਕਰਮ ੯੧

## ਉਤਰਾਰਧ : ਰਹਿਤ ਬਿਬੇਕ

੧. ਗੁਰਸਿਖ ਦੇ ਨਿਤ ਕਰਮ ੯੫
੨. ਅੰਮ੍ਰਿਤ ਵੇਲੇ ਉਠਣ ਦਾ ਉੱਦਮ ਧਾਰਨਾ ੯੬
੩. ਅੰਮ੍ਰਿਤ ਵੇਲੇ ਗੁਰਮਤਿ ਇਸ਼ਨਾਨ : ਅੰਮ੍ਰਿਤਸਰ ਇਸ਼ਨਾਨ ੯੭
੪. ਪਾਖੰਡ ਇਸ਼ਨਾਨ ਦਾ ਖੰਡਨ ੯੯
੫. ਮਨ ਦਾ ਇਸ਼ਨਾਨ ੧੦੦
੬. ਸਕੇਸ਼ ਇਸ਼ਨਾਨ ੧੦੪
੭. ਸੀਨਾ ਬਸੀਨਾ ਚਲੇ ਆ ਰਹੇ ਗੁਰਮਤਿ ਅਸੂਲ : ਖੰਡੇ ਦਾ ਅੰਮ੍ਰਿਤ ਛਕਣਾ ੧੦੭
੮. ਸਕੇਸ਼ ਇਸ਼ਨਾਨ ਦੇ ਨਿਤਨੇਮੀ ਸਿੰਘ ਦੇ ਧਿਆਨ ਯੋਗ ਖ਼ਾਸ ਜ਼ਰੂਰੀ ਗੱਲਾਂ ੧੧੦
੯. ਗੁਰਮਤਿ ਦਾਨ ੧੧੩
੧੦. ਆਪਾ ਅਰਪਣ, ਅਰਥਾਤ, ਤਨ ਮਨ ਧਨ ਵਾਰਨਾ ਅਸਲ ਗੁਰਮਤਿ ਦਾਨ ੧੧੩
੧੧. ਗੁਰਮਤਿ ਬਿਬੇਕ ਦਾਨ ਬਿਬੇਕੀ ਦੀ ਉਚੀ ਅਵਸਥਾ ਪਰਉਪਕਾਰ ੧੧੮
੧੨. ਗੁਰਮਤਿ ਪਰਉਪਕਾਰ-ਬਿਬੇਕ ੧੧੮
੧੩. ਰਾਜ ਜੋਗ ਪਰਵਾਣ ਗ੍ਰਿਹਸਤ ਉਦਾਸ ੧੨੧
੧੪. ਹਉਮੈ ਤਿਆਗ, ਪੰਚ-ਬਿਖੇ ਦਮਨ ਗੁਰਮਤਿ ਬਿਬੇਕ ੧੨੯
੧੫. ਵੈਰ ਵਿਰੋਧ ਗਵਾਵਣ, ਸਗਲੀ ਗਣਤ ਮਿਟਾਵਣ ੧੨੯
੧੬. ਗੁਰਮਤਿ ਭੈ ਬਿਬੇਕ ੧੩੦
੧੭. ਗੁਰਦੁਆਰਿਆਂ ਦੀ ਯਾਤਰਾ ਕਿਉਂ ਕਰਨੀ ਚਾਹੀਦੀ ਹੈ ? ੧੩੭
੧੮. ਇਤਿਹਾਸਕ ਗੁਰ-ਅਸਥਾਨਾਂ ਤੇ ਸ਼ਹੀਦੀ ਸਥਾਨਾਂ ਲਈ ਤਨ ਮਨ ਧਨ ਵਾਰਨਾ ਤੇ ਸ਼ਸਤ੍ਰਾਂ ਦਾ ਸਤਿਕਾਰ ੧੩੮
੧੯. ਚੜ੍ਹਦੀਆਂ ਕਲਾਂ ਦਾ ਬੀਰ ਰਸ ੧੪੦

| | |
|---|---|
| ੨੦. ਸਿਖ ਸ਼ਹੀਦਾਂ ਦਾ ਬੀਰ ਰਸ | ੧੪੧ |
| ੨੧. ਬੀਰ ਰਸ ਤੇ ਸ਼ਾਂਤ ਰਸ ਅਭੇਦ : ਸਿਖ ਸ਼ਹੀਦਾਂ ਦੀ ਸ਼ਾਂਤ ਲੀਲ੍ਹਾ | ੧੪੨ |
| ੨੨. ਹੋਰਤ ਗੁਰਮਤਿ ਕਰਮ | ੧੪੬ |
| ੨੩. ਬਿਬੇਕੀ ਦਾ ਗੁਰਮਤਿ ਅਹਾਰ | ੧੫੭ |
| ੨੪. ਨਾਮ ਦੀ ਕਮਾਈ ਰਾਹੀਂ ਸਰੀਰ ਸ਼ਿੰਗਾਰਨਾ ਸਵਾਰਨਾ ਹੈ | ੧੫੮ |
| ੨੫. ਗੁਰਮਤਿ ਵਿਚ ਅਹਾਰ ਦਾ ਸੰਜਮ | ੧੬੧ |
| ੨੬. ਗੁਰੂ ਕਾ ਲੰਗਰ | ੧੬੩ |
| ੨੭. ਨ ਹਮ ਹਿੰਦੂ ਨ ਮੁਸਲਮਾਨ | ੧੬੬ |
| ੨੮. ਜਬ ਲਗ ਖਾਲਸਾ ਰਹੇ ਨਿਆਰਾ | ੧੬੯ |
| ੨੯. ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ | ੧੭੭ |
| ੩੦. ਖਾਲਸਾ ਧਰਮ ਸਭ ਧਰਮਾਂ ਵਿਚ ਸ੍ਰੇਸ਼ਟ ਧਰਮ | ੧੭੯ |
| ੩੧. ਖਾਲਸਾ ਧਰਮ ਗ੍ਰਹਿਣ ਕਰਨ ਦੇ ਅਧਿਕਾਰੀ | ੧੮੨ |
| ੩੨. ਖਾਲਸੇ ਦੀ ਸਮ-ਦ੍ਰਿਸ਼ਟੀ | ੧੮੩ |
| ੩੩. ਖਾਲਸੇ ਦੀ ਨਿਰਲੇਪਤਾ ਤੇ ਨਿਰਾਲੀ ਰਹਿਣੀ | ੧੮੪ |
| ੩੪. ਖਾਲਸਾ ਧਰਮ ਵਿਚ ਸੁੱਚਮ | ੧੮੬ |
| ੩੫. ਗੁਰਮੰਤ੍ਰ ਹੀਣਸ ਪ੍ਰਾਣੀ | ੧੮੮ |
| ੩੬. ਸੁਕ੍ਰਿਤ ਕਮਾਈ ਦੀ ਪਵਿੱਤ੍ਰਤਾ | ੧੯੦ |
| ੩੭. ਭਲੀ ਸੁਹਾਵੀ ਛਾਪਰੀ | ੧੯੬ |
| ੩੮. ਰਾਜ ਮਾਲ ਦਾ ਕੂੜਾ ਹੰਕਾਰ ਤੇ ਰਸਾਂ ਕਸਾਂ ਵਿਚ ਭਟਕਣ | ੧੯੮ |
| ੩੯. ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ | ੨੦੦ |
| ੪੦. ਸਹਜ ਸੰਤੋਖ ਵਿਚ ਅਲਪ ਅਹਾਰ | ੨੦੪ |
| ੪੧. ਤੱਤ ਖ਼ਾਲਸੇ ਦਾ ਮੁਕਤਿ ਜੁਗਤਿ ਭੁਗਤਿ | ੨੦੯ |
| ੪੨. ਗੁਰਮਤਿ ਦੀ ਤੱਤ ਰਹਿਣੀ | ੨੧੨ |
| ੪੩. ਸਰਬ-ਲੋਹ ਬਿਬੇਕ | ੨੧੫ |



# ਉਥਾਨਕਾ

(ਪਹਿਲੀ ਐਡੀਸ਼ਨ-ਜੁਲਾਈ ੧੯੪੬)

**ਗਯਾਨੀ ਨਾਹਰ ਸਿੰਘ**

੧੯੨੨ ਈ: ਵਿਚ ਇਸ ਪੁਸਤਕ ਦੇ ਲਿਖਾਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਮਦਰਾਸ ਹਾਤੇ ( ਆਂਧਰਾ ਪ੍ਰਦੇਸ਼ ) ਦੇ ਸ਼ਹਿਰ ਰਾਜ ਮੰਦਰੀ ਦੇ ਜੇਲ੍ਹਖ਼ਾਨੇ ਵਿਚ ਸਨ। ਇਹ ਸ਼ਹਿਰ ਸਮੁੰਦਰ ਦੇ ਲਾਗੇ ਉਸ ਥਾਂ ਹੈ, ਜਿਥੇ ਗੋਦਾਵਰੀ ਨਦੀ ਸਮੁੰਦਰ ਵਿਚ ਮਿਲਦੀ ਹੈ। ਉਸ ਜੇਲ੍ਹ ਵਿਚ ਭਾਈ ਸਾਹਿਬ ਨੂੰ ਪੁਸਤਕ-ਰਚਨਾ ਲਈ ਜੇਲ੍ਹ ਕਰਮਚਾਰੀਆਂ ਵਲੋਂ ਖੁਲ੍ਹ ਮਿਲੀ ਹੋਈ ਸੀ। ਇਸ ਸਮੇਂ ਵਿਚ ਆਪ ਨੇ ਜੇਲ੍ਹ ਚਿੱਠੀਆਂ ਲਿਖੀਆਂ ਤੇ ਉਥੇ ਹੀ ਪੁਸਤਕ "ਗੁਰਮਤਿ ਬਿਬੇਕ" ਅੰਕਤ ਕੀਤੀ ਗਈ। ਪਰ ਇਸ ਦੇ ਛਪਣ ਦਾ ਸਮਾਂ ਹੁਣ ਹੀ ੨੪ ਸਾਲ ਬਾਦ ਆਇਆ। ਜਦੋਂ ਇਹ ਪੁਸਤਕ ਲਿਖੀ ਜਾ ਰਹੀ ਸੀ, ਤਦ ਇਸ ਦਾ ਜ਼ਿਕਰ ਜੇਲ੍ਹ ਚਿੱਠੀਆਂ ਵਿਚ ੧੧ ਜੁਲਾਈ ੧੯੨੨ ਦੀ ਚਿੱਠੀ ਨੰਬਰ ੯ ਵਿਚ ਆਇਆ ਹੈ।

ਇਸ ਪੁਸਤਕ ਵਿਚ ਵੱਡੇ ਪ੍ਰਕਰਣ ਦੋ ਹਨ : ਪੂਰਬਾਰਧ ਅਰਥਾਤ ਪਹਿਲੇ ਅੱਧ ਵਿਚ ਸਿਮਰਨ ਬਿਬੇਕ, ਨਾਮ ਜਪਣ ਦਾ ਨਿਰਣਾ ਹੈ। ਦੂਜੇ ਅੱਧ ਅਰਥਾਤ ਉਤਰਾਰਧ ਹਿਸੇ ਵਿਚ ਰਹਿਤ ਮਰਯਾਦਾ ਦੀ ਵਿਆਖਿਆ ਹੈ। ਪੁਸਤਕ ਦੇ ਮੁੱਢ ਵਿਚ ਦਸਿਆ ਹੈ ਕਿ ਗੁਰੂ ਘਰ ਵਿਚ 'ਬਿਬੇਕ' ਸਤਿਗੁਰ ਦੇ ਬਚਨਾਂ ਦਾ ਕਮਾਵਣਾ ਹੈ।

ਉਤਰਾਰਧ ਹਿਸੇ ਵਿਚ ਖਾਲਸਈ ਰਹਿਤ ਮਰਯਾਦਾ ਦਾ ਗੁਰਬਾਣੀ ਦੇ ਪ੍ਰਮਾਣਾਂ ਦੁਆਰਾ ਨਿਰਣਾ ਕੀਤਾ ਗਿਆ ਹੈ। ਯਾ ਇਉਂ ਸਮਝੋ ਕਿ ਅੰਮ੍ਰਿਤ ਛਕਣ ਸਮੇਂ ਜੋ ਰਹਿਤ ਮਰਯਾਦਾ, ਅਰਥਾਤ, ਗੁਰਮੰਤ੍ਰ ਗੁਰਬਾਣੀ ਦਾ ਅਭਿਆਸ, ਸ਼ੁਭ ਆਚਾਰ, ਵਿਸ਼ੇ ਵਾਸ਼ਨਾ ਦਾ ਤਿਆਗ, ਪੰਜ ਕਕਾਰ ਦੀ ਰਹਿਤ ਤੇ ਕੁੜੀਮਾਰ, ਨੜੀਮਾਰ, ਸਿਰਗੁੰਮ, ਮੀਣੇ, ਮਸੰਦ, ਰਾਮ ਰਾਈਏ ਨਾਲ ਨ ਵਰਤਣ ਆਦਿ ਦੀ ਵਿਆਖਿਆ ਹੈ।

ਭਾਈ ਸਾਹਿਬ ਦੀਆਂ ਪੁਸਤਕਾਂ ਵਿਚ ਏਹ ਖ਼ਾਸ ਖ਼ੂਬੀ ਹੈ ਕਿ ਗੁਰਬਾਣੀ ਦੇ ਲੋੜੀਂਦੇ ਪ੍ਰਮਾਣ ਬਹੁਤ ਗਿਣਤੀ ਵਿਚ ਦਿਤੇ ਹੁੰਦੇ ਹਨ ਤੇ ਨਾਲ ਹੀ ਉਹਨਾਂ ਦਾ ਭਾਵ ਅਰਥ ਯਾ ਵਿਆਖਿਆ ਭੀ ਕੀਤੀ ਹੁੰਦੀ ਹੈ, ਜਿਸ ਤੋਂ ਗੁਰਮਤਿ ਦੇ ਪ੍ਰੇਮੀਆਂ ਤੇ ਗੁਰਬਾਣੀ ਦੇ ਖੋਜੀਆਂ ਨੂੰ ਗੁਰਮਤਿ ਸੰਬੰਧੀ ਬਹੁਤ ਮਸਾਲਾ ਮਿਲਦਾ ਹੈ।

ਪੁਸਤਕ ਵਿਚ ਤਿੰਨ ਗੱਲਾਂ ਖ਼ਾਸ ਹਨ, ਜਿਨ੍ਹਾਂ ਨਾਲ ਕਈ ਪਾਠਕ ਸਹਿਮਤ ਹੋਣ ਤੋਂ ਸ਼ਾਇਦ ਕਿਸੇ ਹਦ ਤਕ ਸੰਕੋਚ ਕਰਨ । ੧. ਤਿਆਰ ਬਰਤਿਆਰ ਤੋਂ ਬਿਨਾਂ ਕਿਸੇ ਦੇ ਹੱਥ ਦਾ ਨ ਛਕਣਾ । ੨. ਸਿੰਘਣੀਆਂ ਲਈ ਦਸਤਾਰ ਸਜਾਉਣੀ। ੩. ਸਰਬ ਲੋਹ ਦੀ ਧਾਰਨਾ । ਇਹਨਾਂ ਸੰਬੰਧੀ ਪਾਠਕਾਂ ਨੂੰ ਭਾਈ ਸਾਹਿਬ ਦੀਆਂ ਦਲੀਲਾਂ ਤੇ ਉਹਨਾਂ ਸੰਬੰਧੀ ਦਿਤੇ ਗੁਰ ਪ੍ਰਮਾਣ ਤੇ ਹੋਰ ਹਵਾਲੇ ਖੋਜ-ਦ੍ਰਿਸ਼ਟੀ ਨਾਲ ਪੜ੍ਹਨੇ ਚਾਹੀਦੇ ਹਨ । ਨਾਮ ਸਿਮਰਨ ਤੇ ਹੋਰ ਗੁਰਮਤਿ ਅਸੂਲਾਂ, ਸ਼ਾਂਤਮਈ ਤੇ ਬੀਰ ਰਸ ਦੀ ਵਿਆਖਿਆ ਭਾਈ ਸਾਹਿਬ ਨੇ ਪ੍ਰਮਾਣਾਂ ਸਹਿਤ ਕਰ ਕੇ ਕਮਾਲ ਕਰ ਵਿਖਾਇਆ ਹੈ । ਆਪ ਨੇ ਸਰਬ ਲੋਹ ਦੀ ਮਹੱਤਤਾ ਬੜੀ ਸ਼ਰਧਾ ਭਾਵਨਾ ਨਾਲ ਸਿੱਧ ਕੀਤੀ ਹੈ । ਇਸ ਵਿਚ ਸ਼ੱਕ ਨਹੀਂ ਕਿ ਸਰਬ ਲੋਹ ਨੂੰ ਸਿੱਖ ਧਰਮ ਵਿਚ ਖ਼ਾਸ ਮਹੱਤਤਾ ਦੀ ਪ੍ਰਸੰਸਾ ਮਿ: ਐਡਮੌਂਡ ਕੈਂਡਲਰ ਨੇ ਆਪਣੀ ਕਿਤਾਬ "ਦੀ ਮੈਂਟਲ ਆਫ਼ ਦੀ ਈਸਟ" ਵਿਚ ਕੀਤੀ ਹੈ । ਇਹ ਅੰਗ੍ਰੇਜ਼ ਵੀਹਵੀਂ ਸਦੀ ਦੇ ਪਹਿਲੇ ਦਹੱਕੇ ਵਿਚ ਹਿੰਦੁਸਤਾਨ ਆਇਆ, ਦਰਬਾਰ ਸਾਹਿਬ ਅੰਮ੍ਰਿਤਸਰ ਦੀ ਯਾਤਰਾ ਭੀ ਕੀਤੀ। ਏਸ ਨੇ ਆਪਣੀ ਕਿਤਾਬ ਵਿਚ ਸਿੱਖਾਂ ਸੰਬੰਧੀ ੨੦ ਕੁ ਪੱਤਰੇ ਲਿਖੇ ਹਨ । ਗੁਰੂ ਦਸਮੇਸ਼ ਜੀ ਦੇ ਸਰਬ ਲੋਹ ਨੂੰ ਵਰਤੋਂ ਵਿਚ ਲਿਆਉਣ ਬਦਲੇ ਇਸ ਤਰ੍ਹਾਂ ਲਿਖਿਆ ਹੈ :

When Guru Govind inaugurated the sacrament of steel he proved himself a wise and far-sighted leader. For of all material things which genius has inspired with spiritual significance steel is the truest and most uncompromising. Let humanitarians prate as they will, there never has been a race who have not been purged and refined by it. In some it is the only combater of grossness and the monster of self. To the Khalsa it gave a cause and welded them into a nation; and in the dark days of Muhammadan rule in the middle of the eighteen century, when the sikh was slain at sight and no quarter was given, it drove them on those gallant crusades in which they rode to Amritsar in the dead of night, lept into the sacred tank and out again, and galloped back through the enemies' lines purified. Hundreds were slain, but not one abjured his faith or perjured his soul to preserve "his muddy vesture of decay".

[Edmond Candler, The Mantle of the East, 120-21.

ਉਸ ਦਾ ਤਰਜਮਾ ਹੇਠ ਦਿਤਾ ਜਾਂਦਾ ਹੈ :

"(ਸ੍ਰੀ) ਗੁਰੂ ਗੋਬਿੰਦ ਸਿੰਘ (ਜੀ) ਨੇ ਸਰਬ ਲੋਹ ਨੂੰ (ਆਤਮਿਕ ਉਚਤਾ ਪ੍ਰਾਪਤ ਕਰਵਾਉਣ ਵਾਲੀਆਂ ਵਸਤਾਂ ਵਿਚੋਂ ਸਮਝਦੇ ਹੋਏ) ਧਾਰਮਿਕ ਚਿੰਨ੍ਹਾਂ ਵਿਚ ਦਾਖ਼ਲ ਕਰ ਕੇ ਆਪਣੇ ਆਪ ਨੂੰ ਇਕ ਦੂਰ-ਅੰਦੇਸ਼ ਤੇ ਸਿਆਣਾ ਆਗੂ ਸਾਬਤ ਕੀਤਾ ।

ਉਹਨਾਂ ਸਾਰੀਆਂ ਮਾਦੀ ਵਸਤਾਂ ਵਿਚੋਂ, ਜਿਨ੍ਹਾਂ ਨੂੰ ਆਤਮਿਕ ਮੰਡਲ ਵਿਚ ਵਿਸ਼ੇਸ਼ ਅਰਥ ਰਖਣ ਵਾਲੀਆਂ ਸਮਝਿਆ ਗਿਆ ਹੈ, ਸਰਬ ਲੋਹ ਸਭ ਤੋਂ ਵਧੀਕ ਆਪਣੇ ਆਪ ਵਿਚ ਤੇ ਦੂਜਿਆਂ ਨੂੰ ਸਥਿਰ ਰਖਣ ਵਾਲੀ ਚੀਜ਼ ਹੈ । ਅਹਿੰਸਾ ਦੇ ਪ੍ਰਚਾਰਕ ਭਾਵੇਂ ਕੁਝ ਭੀ ਕਹਿਣ, ਪਰ ਇਹ ਗੱਲ ਸੋਲਾਂ ਆਨੇ ਸੱਚ ਹੈ ਕਿ ਕਿਸੇ ਵੀ ਸਮਾਜ ਤੇ ਸਰਬ ਲੋਹ ਦਾ ਅਸਰ ਪਵਿੱਤਰਤਾ ਉਤਪੰਨ ਕਰਨ ਦੇ ਸਿਵਾ ਹੋਰ ਕੁਝ ਨਹੀਂ ਹੋਇਆ । ਕਈ ਮਤਾਂ ਵਿਚ ਸਿਰਫ਼ ਇਸੇ ਨੂੰ ਊਣਤਾਈਆਂ ਦੂਰ ਕਰਨ ਵਾਲੀ ਵਸਤੂ ਮੰਨਿਆ ਗਿਆ ਹੈ । ਖ਼ਾਲਸੇ ਦੇ ਸਾਹਮਣੇ ਇਸ ਨੇ ਇਕ ਆਦਰਸ਼ ਰਖਿਆ ਅਤੇ ਇਹਨੂੰ (ਖ਼ਾਲਸੇ ਨੂੰ) ਇਕ ਕੌਮੀਅਤ ਦੇ ਸੰਚੇ ਵਿਚ ਢਾਲਿਆ । ਅਠਾਰਵੀਂ ਸਦੀ ਦੇ ਅੱਧ ਵਿਚ ਜਦੋਂ ਮੁਸਲਮਾਨੀ ਰਾਜ ਆਪਣੀ ਭਿਆਨਕ ਤੇ ਅਮਾਵਸ ਦੇ ਅੰਨ੍ਹੇਰ ਵਾਲੀ ਸੂਰਤ ਵਿਚ ਸੀ ਤੇ ਸਿਖ ਨਜ਼ਰੀ ਆਉਂਦੇ ਹੀ ਕਤਲ ਕੀਤੇ ਜਾਂਦੇ ਸਨ ਅਤੇ ਉਹਨਾਂ ਲਈ ਖਿਮਾ ਯਾ ਰਖਿਆ ਉੱਕੀ ਹੀ ਅਸੰਭਵ ਸੀ, ਤਦੋਂ ਸਰਬ ਲੋਹ ਦੀ ਬਰਕਤ ਨਾਲ ਸਿਖ ਯੋਧਿਆਂ ਵਾਂਗ ਰਣ ਮਾਰਦੇ ਅੱਧੀ ਅੱਧੀ ਰਾਤੀ (ਸ੍ਰੀ) ਅੰਮ੍ਰਿਤਸਰ ਅਪੜਦੇ, ਸਰੋਵਰ ਵਿਚ ਇਸ਼ਨਾਨ ਕਰ ਕੇ ਮੁੜ ਵੈਰੀ ਦੇ ਦਲਾਂ ਨੂੰ ਚੀਰ ਕੇ ਸਾਫ਼ ਨਿਕਲ ਜਾਂਦੇ ਸਨ । ਸੈਂਕੜੇ ਸਿਖ ਕਤਲ ਹੋ ਜਾਂਦੇ ਸਨ, ਪਰ ਉਹਨਾਂ ਵਿਚੋਂ ਕਿਸੇ ਇਕ ਨੇ ਵੀ ਆਪਣੇ ਮਿੱਟੀ ਦੇ ਨਾਸ਼ਵੰਤ ਸਰੀਰ ਨੂੰ ਸਲਾਮਤ ਰਖਣ ਲਈ ਧਰਮ ਨੂੰ ਤਿਲਾਂਜਲੀ ਨਹੀਂ ਦਿਤੀ ਯਾ ਆਪਣੀ ਆਤਮਾ ਨੂੰ ਮਲੀਨ ਨਹੀਂ ਕੀਤਾ।"

ਇਸ ਪੁਸਤਕ ਵਿਚ ਕਈ ਨਵੀਆਂ ਪੁਸਤਕਾਂ ਲਿਖੇ ਜਾਣ ਦੀ ਸੂਚਨਾ ਫੁਟ ਨੋਟਾਂ ਵਿਚ ਕੀਤੀ ਗਈ ਹੈ, ਜਿਹਾ ਕਿ ੧. "ਕੇਵਲ ਗੁਰਮਤਿ ਹੀ ਸੱਚਾ ਤੇ ਸਦੀਵੀ ਧਰਮ ਹੈ", ੨. "ਗੁਰਬਾਣੀ ਹੀ ਸੱਚੀ ਅਕੱਥ ਕਹਾਣੀ ਹੈ", ੩. "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਗੁਰਦੇਵ", ੪. 'ਗੁਰਮਤਿ ਨਾਮ' । ਏਹਨਾਂ ਪੁਸਤਕਾਂ ਵਿਚ ਦੱਸੇ ਕੁਝ ਵਿਸ਼ੇ 'ਗੁਰਮਤਿ ਲੇਖ' ਤੇ 'ਗੁਰਮਤਿ ਨਾਮ ਅਭਿਆਸ ਕਮਾਈ' ਪੁਸਤਕਾਂ ਵਿਚ ਆ ਗਏ ਹਨ ।

ਏਸ ਸੰਬੰਧ ਵਿਚ ਖੋਜੀ ਸੱਜਣਾਂ ਨੂੰ 'ਗੁਰਮਤਿ ਨਾਮ ਅਭਿਆਸ ਕਮਾਈ', 'ਗੁਰਮਤਿ ਲੇਖ' ਤੇ 'ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ ਪ੍ਰਸਤੀ ਹੈ' ਤੇ 'ਚਰਨ ਕਮਲ ਕੀ ਮਉਜ' ਨਾਮੇ ਪੁਸਤਕਾਂ ਪੜ੍ਹਨੀਆਂ ਚਾਹੀਦੀਆਂ ਹਨ । ਉਕਤ ਨਾਮਾਂ ਵਾਲੀਆਂ ਪੁਸਤਕਾਂ ਭਾਵੇਂ ਨਹੀਂ ਲਿਖੀਆਂ ਗਈਆਂ, ਪਰ ਇਹਨਾਂ ਵਿਚ ਦਸਿਆ ਜਾਣ ਵਾਲਾ ਉਦੇਸ਼ ਤੇ ਅਭਿਪ੍ਰਾ ਉਪਰ ਦਸੀਆਂ ਚਹੁੰਆਂ ਛਪ ਚੁਕੀਆਂ ਪੁਸਤਕਾਂ ਵਿਚ ਆ ਗਿਆ ਹੈ । 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਗਟ ਪ੍ਰਮਾਣ ਗੁਰਾਂ ਦੀ ਦੇਹ' ਨਾਮੇ ਪੁਸਤਕ ਦਾ ਖਰੜਾ ਕੋਈ ਪ੍ਰੇਮੀ ਪੜ੍ਹਨ ਨੂੰ ਲੈ ਗਿਆ ਸੀ, ਪਰ ਮੁੜ ਨਹੀਂ ਦੇ ਗਿਆ ਤੇ ਭਾਲ ਕਰਨ ਪਰ ਭੀ ਹੁਣ ਤਕ ਉਹ ਖਰੜਾ ਨਹੀਂ ਮਿਲ ਸਕਿਆ ।

ਹਿੰਦੂ-ਮੁਸਲਿਮ ਇਤਫ਼ਾਕ ਸੰਬੰਧੀ ਵਿਚਾਰ ਕਰਦਿਆਂ (ਇਸ ਪੁਸਤਕ ਵਿਚ) ਆ ਹੈ ਕਿ ਇਹ ਇਤਫ਼ਾਕ ਸਿਰੇ ਨਹੀਂ ਚੜ੍ਹਨਾ । ਜੋ ਖ਼ਤਰਾ ਏਥੇ ਦਸਿਆ ਹੈ,ਉਹ ਪੂਰਾ ਹੋ ਵਰਤਿਆ । ਮੌਲਾਨਾ ਮੁਹੰਮਦ ਅਲੀ ਤੇ ਸ਼ੌਕਤ ਅਲੀ ਕੁਝ ਪਿਛੋਂ ਮਹਾਤਮਾ ਗਾਂਧੀ ਤੇ ਕਾਂਗਰਸ ਨੂੰ ਛਡ ਗਏ । ਪਿਛੋਂ ਹਿੰਦੂ-ਮੁਸਲਿਮ-

ਏਕਤਾ ਥਿੜਕ ਕੇ ਇਹ ਹਾਲਤ ਹੋ ਗਈ ਕਿ ਹੁਣ ਫ਼ਿਰਕਾਦਾਰੀ ਪੱਖ ਵਾਲੀ ਮੁਸਲਿਮ ਲੀਗ ਜ਼ੋਰ ਫੜ ਗਈ ਤੇ ਕਾਂਗਰਸ ਭੀ ਉਸ ਦੀ ਖ਼ੁਸ਼ਾਮਦ ਕਰ ਰਹੀ ਹੈ ।

ਪੁਰਾਤਨ ਸਮੇਂ ਵਿਚ ਪਿਛਲੇ ਬਜ਼ੁਰਗਾਂ ਵਲੋਂ ਪ੍ਰੇਮ ਸੁਮਾਰਗ ਗ੍ਰੰਥ, ਗੁਰਮਤਿ ਪ੍ਰਭਾਕਰ ਤੇ ਸੁਧਾਕਰ ਤੇ ਹੋਰ ਕਈ ਰਹਿਤਨਾਮੇ ਲਿਖੇ ਮਿਲਦੇ ਹਨ । ਪਰ ਏਸ ਵਰਤਮਾਨ ਸਮੇਂ ਵਿਚ ਅਜਿਹੀ ਕੋਈ ਪੁਸਤਕ ਪੰਜਾਬੀ ਵਿਚ ਨਹੀਂ ਲਿਖੀ ਗਈ, ਜਿਸ ਵਿਚ ਨਾਮ, ਦਾਨ, ਇਸ਼ਨਾਨ, ਸਤਿਸੰਗ ਤੇ ਸਿਖ ਰਹਿਤ ਮਰਯਾਦਾ ਬਾਰੇ ਗੁਰ ਪ੍ਰਮਾਣਾਂ ਸਹਿਤ ਖੋਲ੍ਹ ਕੇ ਇਉਂ ਨਿਰਣਾ ਕੀਤਾ ਹੋਇਆ ਹੋਵੇ । ਸੋ ਫ਼ੀ-ਜ਼ਮਾਨਾ ਪੁਸਤਕ 'ਗੁਰਮਤਿ ਬਿਬੇਕ' ਗੁਰਮਤਿ ਦੀ ਵਿਆਖਿਆ ਸੰਬੰਧੀ ਅਦੁੱਤੀ ਪੁਸਤਕ ਹੈ। ਆਸ਼ਾ ਹੈ ਕਿ ਪ੍ਰੇਮੀ ਤੇ ਖੋਜੀ ਸੱਜਣ ਇਸ ਨੂੰ ਪੜ੍ਹ ਕੇ ਲਾਭ ਉਠਾਉਣਗੇ ।

ਗੁਜਰਵਾਲ
ਜ਼ਿਲਾ ਲੁਧਿਆਣਾ

ਦਾਸ—
ਨਾਹਰ ਸਿੰਘ ਗਯਾਨੀ

# ਭੂਮਿਕਾ

## ਡਾ: ਤ੍ਰਿਲੋਚਨ ਸਿੰਘ

ਰਾਗ ਜਾਤ ਰਾਗੀ ਜਾਨੈ, ਬੈਰਾਗੈ ਬੈਰਾਗੀ ਜਾਨੈ,
ਤਿਆਗਹਿ ਤਿਆਗੀ ਜਾਨੈ, ਦੀਨ ਦਇਆ ਦਾਨ ਹੈ ॥
ਜੋਗ ਜੁਗਤ ਜੋਗੀ ਜਾਨੈ, ਭੋਗ ਰਸ ਭੋਗੀ ਜਾਨੈ,
ਰੋਗ ਦੋਖ ਰੋਗੀ ਜਾਨੈ, ਪ੍ਰਗਟ ਬਖਾਨ ਹੈ ॥
ਫੂਲ ਰਾਖ ਮਾਲੀ ਜਾਨੈ, ਪਾਨਹਿ ਤੰਬੋਲੀ ਜਾਨੈ,
ਸਕਲ ਸੁਗੰਧਿਤਿ ਗਾਂਧੀ ਜਾਨਉ ਜਾਨ ਹੈ ॥
ਰਤਨੈ ਜਉਹਾਰੀ ਜਾਨੈ, ਬਿਹਾਰੈ ਬਿਉਹਾਰੀ ਜਾਨੈ,
ਆਤਮ ਪ੍ਰੀਖਿਆ ਕੋਊ ਬਿਬੇਕੀ ਪਹਿਚਾਨ ਹੈ ॥੬੭੫॥

*ਭਾਈ ਗੁਰਦਾਸ : ਕਬਿਤ ਸਵਯੇ*

ਬਿਬੇਕ ( ਸੰਸਕ੍ਰਿਤ-ਵਿਵੇਕ ) ਦੇ ਅਰਥ ਹਨ : ਚੰਗੇ ਮਾੜੇ ਦੀ ਪਹਿਚਾਨ, ਸੁਭ ਅਸੁਭ ਤੇ ਭਲੇ ਬੁਰੇ ਦਾ ਗਿਆਨ, ਸਤਿ ਅਸੱਤ ਦਾ ਗਿਆਨ । ਹਰ ਸੂਝਵਾਨ ਪ੍ਰਾਣੀ ਨੂੰ ਜ਼ਿੰਦਗੀ ਦੇ ਹਰ ਕਦਮ ਤੇ ਵਿਵੇਕ ਬੁਧੀ ਦੀ ਲੋੜ ਹੈ । ਜੋ ਸੱਚ ਤੇ ਝੂਠ ਦਾ ਨਿਰਣਾ ਕਰਨ ਦੀ ਵਿਵੇਕ ਰੁਚੀ ਨਹੀਂ ਰਖਦਾ, ਉਹ ਸੱਚ ਦਾ ਪੱਲਾ ਛਡ ਬਹਿੰਦਾ ਹੈ ਅਤੇ ਕੂੜ ਦੇ ਜਾਲ ਵਿਚ ਫਸ ਜਾਂਦਾ ਹੈ । ਜਿਸ ਪ੍ਰਾਣੀ ਨੂੰ ਮਾਨਸਕ ਤੇ ਆਤਮਕ, ਉਤਮ ਤੇ ਨੀਚ ਰੁਚੀਆਂ ਦਾ ਭੇਦ ਨਹੀਂ, ਉਹ ਅੰਮ੍ਰਿਤ ਨੂੰ ਬਿਖਿਆ ਸਮਝਣ ਲਗ ਪੈਂਦਾ ਹੈ, ਸਚਾਈ ਉਸਨੂੰ ਕੌੜੀ ਲਗਣ ਲਗ ਪੈਂਦੀ ਹੈ; ਦਇਆ, ਧਰਮ, ਸਤਿ, ਸੰਤੋਖ ਤੋਂ ਉਸਨੂੰ ਘਿਰਣਾ ਪੈਦਾ ਹੋ ਜਾਂਦੀ ਹੈ । ਖ਼ੁਦਗ਼ਰਜ਼ੀ, ਚੁਤਰਾਈ, ਲੋਭ ਲਾਲਚ ਦੇ ਤ੍ਰਿਸ਼ਨਾਲੂ ਕਰਤਵਾਂ ਨੂੰ ਉਹ ਕਾਮਯਾਬ ਜ਼ਿੰਦਗੀ ਦੇ ਰਾਜ਼ ਸਮਝਦਾ ਹੈ । ਵਿਵੇਕ ਬਿਰਤੀ ਰਖਣ ਵਾਲੇ ਸਤਿ ਪੁਰਸ਼ਾਂ ਤੇ ਆਤਮਵਾਦੀਆਂ ਨੂੰ ਉਹ ਮੂਰਖ ਅਤੇ ਸੰਸਾਰਕ ਜੀਵਨ ਵਿਚ ਅਸਫਲ ਸਮਝਦਾ ਹੈ। ਪਰ ਜ਼ਿੰਦਗੀ ਦੇ ਹਰ ਖੇਤਰ ਵਿਚ ਜਿਸ ਨੇ ਵੀ ਸਚਾਈ,ਇਨਸਾਫ਼, ਤੇ ਆਤਮਕ ਵਿਕਾਸ ਦਾ ਰਸਤਾ ਅਪਨਾਉਣਾ ਹੈ, ਉਸਨੂੰ ਵਿਵੇਕ ਰੁਚੀ ਅਪਨਾਉਣੀ ਪਵੇਗੀ । ਜਿਸ ਨੇ ਵੀ ਦਾਰਸ਼ਨਿਕ ਜਾਂ ਆਤਮਕ ਜੀਵਨ ਵਲ ਅਮਲੀ ਤੌਰ ਤੇ ਕੋਈ ਕਦਮ ਚੁਕਣਾ ਹੈ ਉਸਨੂੰ ਕੋਈ ਨ ਕੋਈ ਅਜ਼ਮਾਇਆ ਹੋਇਆ ਮਰਯਾਦਾ ਦਾ ਮਾਰਗ ਅਪਨਾਣਾ ਪਏਗਾ ।

ਵਿਵੇਕ-ਰੁਚੀ ਜੀਵਨ ਦੇ ਹਰ ਖੇਤਰ ਵਿਚ ਸੇਧ ਦਿੰਦੀ ਹੈ । ਵਿਵੇਕ ਬੁਧੀ ਨਾਲ ਕੀਤੀ ਹਰ ਸਾਧਨਾ ਕੋਈ ਨਾ ਕੋਈ ਅੰਤ੍ਰੀਵ ਭੇਦ ਖੋਲ੍ਹਦੀ ਹੈ । ਵਿਵੇਕ-ਵਿਚਾਰ ਨਾਲ ਸਾਧੀ ਆਤਮਾ ਸੱਚੇ ਮਾਰਗ ਉਤੇ ਚਲਦਿਆਂ ਕਦੀ ਨਹੀਂ ਥਿੜਕਦੀ। ਦੂਸਰੇ ਪਾਸੇ ਵਿਵੇਕ-ਹੀਨ ਪੁਰਸ਼ ਬੇਸ਼ੁਮਾਰ ਦੌਲਤ ਪਾਸ ਹੁੰਦਿਆਂ ਮਾਨਸਕ ਤੇ ਆਤਮਕ ਤੌਰ ਤੇ

ਕੰਗਾਲ ਹੁੰਦਾ ਹੈ । ਅਨੇਕਾਂ ਸਾਕ ਸੰਬੰਧੀਆਂ, ਮਿੱਤ੍ਰਾਂ ਸੱਜਣਾਂ ਨਾਲ ਘਿਰਿਆ ਹੋਇਆ ਵੀ ਪਲ ਪਲ ਨਿਆਸਰਾ ਤੇ ਇਕੱਲ ਦੇ ਖੇਦ ਵਿਚ ਦੁਖੀ ਰਹਿੰਦਾ ਹੈ । ਚਾਰ ਚੁਫੇਰੇ ਖ਼ੁਸ਼ੀ ਤੇ ਸੁਖ ਦੇ ਅਡੰਬਰ ਰੱਚ ਕੇ ਵੀ ਦੁਖ ਤੇ ਚਿੰਤਾ ਵਿਚ ਪਰੇਸ਼ਾਨ ਰਹਿੰਦਾ ਹੈ । ਵਿਵੇਕ-ਹੀਨ ਪੁਰਸ਼ ਚੰਚਲਤਾ ਤੇ ਤ੍ਰਿਸ਼ਨਾ ਦਾ ਸ਼ਿਕਾਰ ਰਹਿੰਦਾ ਹੈ ।

ਹਰ ਧਰਮ ਵਿਚ ਵਿਵੇਕ-ਰੁਚੀਆਂ ਪੈਦਾ ਕਰਨ ਲਈ ਧਰਮ ਦੇ ਬਾਨੀਆਂ ਨੇ ਕੋਈ ਨਾ ਕੋਈ ਮਰਯਾਦਾ ਸਥਾਪਤ ਕੀਤੀ ਹੋਈ ਹੈ । ਗੁਰਸਿੱਖੀ ਵਿਚ ਮਰਯਾਦਾ ਸਪੱਸ਼ਟ ਰੂਪ ਵਿਚ ਗੁਰਬਾਣੀ, ਪ੍ਰਮਾਣਿਕ-ਬਾਣੀ (ਭਾਈ ਗੁਰਦਾਸ ਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ) ਅਤੇ ਪ੍ਰਮਾਣਿਕ ਰਹਿਤਨਾਮਿਆਂ ਵਿਚ ਦਿਤੀ ਹੋਈ ਹੈ । ਜਦ ਵੀ ਸਿਖ ਸਮਾਜ ਵਿਚ ਅਧੋਗਤੀ ਆਈ ਤਾਂ ਇਸ ਵਿਵੇਕ ਮਰਯਾਦਾ ਵਲੋਂ ਕੰਨੀ ਕਤਰਾਉਣ ਵਾਲੀਆਂ ਅਤੇ ਤਰ੍ਹਾਂ ਤਰ੍ਹਾਂ ਦੇ ਬਹਾਨੇ ਕਰ ~~ਕੇ~~ ਕਿੰਤੂ ਕਰਨ ਵਾਲੀਆਂ ਰੁਚੀਆਂ ਪ੍ਰਬਲ ਹੋ ਜਾਂਦੀਆਂ ਰਹੀਆਂ ਹਨ । ਐਸੀਆਂ ਹੀ ਅਗਿਆਨ-ਵੱਸ ਹੋਈਆਂ ਰੁਚੀਆਂ ਨੂੰ ਸੋਧ ਦੇਣ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਹ ਪੁਸਤਕ ਜੇਲ੍ਹ ਵਿਚ ਲਿਖੀ ਸੀ । ਜੇਲ੍ਹ ਦੀ ਕਾਲ-ਕੋਠੜੀ ਵਿਚ ਜਿਥੇ ਆਰਾਮ ਨਾਲ ਬੈਠ ਕੇ ਨਾ ਕੋਈ ਲਿਖਣ ਪੜ੍ਹਨ ਦੇ ਸਾਧਨ ਹੋਣ, ਨਾ ਹਵਾਲੇ ਦੀਆਂ ਪੁਸਤਕਾਂ ਜਾਂ ਕੋਸ਼, ਐਸੀ ਮਹਾਨ ਪੁਸਤਕ ਲਿਖਣਾ ਇਕ ਬੜੀ ਕਠਿਨ ਘਾਲਣਾ ਸੀ । ਭਾਈ ਸਾਹਿਬ ਦੇ ਆਪਣੇ ਹਸਤ-ਕਮਲਾਂ ਨਾਲ ਜੇਲ੍ਹ ਵਿਖੇ ਲਿਖੇ ਖਰੜੇ ਵਿਚ ਹਰ ਗੁਰਬਾਣੀ ਦੇ ਪ੍ਰਮਾਣ ਦੀਆਂ ਲਗਾਂ ਮਾਤ੍ਰਾਂ ਬੇਹਦ ਸ਼ੁਧ ਹਨ ।

ਭਾਈ ਸਾਹਿਬ ਰਣਧੀਰ ਸਿੰਘ ਜੀ ਵਿਵੇਕ ਵਿਚ ਪ੍ਰਪੱਕ ਜੀਵਨ-ਆਦਰਸ਼ ਨੂੰ ਦੋ ਪੱਖਾਂ ਵਿਚ ਵੰਡਦੇ ਹਨ : ਸਿਮਰਨ-ਸਾਧਨਾ ਵਿਵੇਕ ਅਤੇ ਰਹਿਤ-ਵਿਵੇਕ । ਵਿਸ਼ੇਸ਼ ਸਥਾਨ ਉਹ ਸਿਮਰਨ-ਸਾਧਨਾ ਵਿਵੇਕ ਨੂੰ ਦਿੰਦੇ ਹਨ । ਬਿਨਾਂ ਰਹਿਤ ਮਰਯਾਦਾ ਦ੍ਰਿੜ੍ਹ ਹੋਏ ਦੇ ਗੁਰਬਾਣੀ ਦਾ ਰਸ ਤੇ ਸਿਮਰਨ-ਸਾਧਨਾ ਦੀ ਜੁਗਤ ਨਹੀਂ ਪ੍ਰਾਪਤ ਹੁੰਦੀ । ਅਤੇ ਬਿਨਾਂ ਸਿਮਰਨ-ਸਾਧਨਾ ਦੀ ਅਤੁਟ ਤੇ ਨਿਰੰਤਰ ਕਮਾਈਆਂ ਦੇ ਰਹਿਤ-ਬਿਬੇਕ ਇਕ ਰਸਮੀ ਤੇ ਦਿਖਾਵੇ ਦਾ ਜੀਵਨ ਬਣ ਕੇ ਰਹਿ ਜਾਂਦਾ ਹੈ ।

ਸਿਮਰਨ-ਸਾਧਨਾ ਦਾ ਅਰੰਭ ਹੁਕਮ-ਰਜ਼ਾ ਵਿਚ ਰਹਿਣ ਦੇ ਅਮਲੀ ਜੀਵਨ ਤੋਂ ਅਰੰਭ ਹੁੰਦਾ ਹੈ । ਹਉਮੈ ਜਾਂ ਹੱਠ ਨਾਲ ਜਪਿਆ ਨਾਮ ਕਦੀ ਸਾਰਥਕ ਨਹੀਂ ਹੁੰਦਾ । ਸੱਚੀ ਸਿਫ਼ਤ ਸਾਲਾਹ ਅਕਾਲ ਪੁਰਖ ਦੀ ਨਦਰ ਮੇਹਰ ਤੇ ਨਿਮਰੀਭੂਤ ਭਗਤੀ ਭਾਵ ਤੋਂ ਹੁੰਦੀ ਹੈ, ਅਤੇ ਆਪਾ ਤਿਆਗ ਕੇ ਤੇ ਸਭ ਕੁਛ ਗੁਰੂ ਪਰਾਇਣ ਕਰ ਕੇ ਹੁੰਦੀ ਹੈ । ਨਿਤਾ-ਪ੍ਰਤਿ ਪਰਮੇਸ਼ਰ ਦਾ ਨਾਮ ਸੁਣਨਾ, ਉਸ ਦੇ ਸੱਚੇ ਸਰੂਪ ਨੂੰ ਪ੍ਰਗਟਾਣ-ਹਾਰੀ ਸੱਚੀ ਬਾਣੀ ਦਾ ਕੀਰਤਨ ਕਰਨਾ ਗੁਰਮਤਿ ਬਿਬੇਕੀ ਦਾ ਨਿਤ ਕਰਮ ਬਣ ਜਾਂਦਾ ਹੈ । ਇਸ ਲਈ ਸਭ ਤੋਂ ਸ੍ਰੇਸ਼ਟ ਤੇ ਪਰਮ ਜ਼ਰੂਰੀ ਮੰਗ ਹੈ ਗੁਰ ਉਪਦੇਸ਼ਾਂ ਨੂੰ ਮਨ ਕਰਕੇ, ਵਚਨ ਕਰਕੇ ਤੇ ਕਰਮ ਕਰਕੇ ਕਮਾਉਣਾ । ਗੁਰਸਿਖ ਵਿਵੇਕੀ ਦਾ ਜੀਵਨ-ਆਦਰਸ਼ ਪਰਮ ਪਦ ਦੀ ਪ੍ਰਾਪਤੀ ਹੈ, ਪਰ ਇਹ ਪਰਮ ਪਦ ਰਸਮੀ ਤੌਰ ਤੇ ਜਾਂ ਕਿੱਤੇ ਦੇ ਤੌਰ ਤੇ ਬਾਣੀ ਗਾਉਣ ਤੇ ਸੁਣਨ ਨਾਲ ਨਹੀਂ ਪ੍ਰਾਪਤ ਹੁੰਦਾ, ਇਹ ਕੇਵਲ ਗੁਰੂ ਸਾਹਿਬ ਦੇ ਅਧਿਆਤਮਕ ਉਪਦੇਸ਼ਾਂ ਨੂੰ ਹਿਰਦੇ ਵਿਚ ਵਸਾ ਕੇ ਹੀ ਕੀਤਾ ਜਾ ਸਕਦਾ ਹੈ । ਸੱਚੀ ਰਹਿਤ ਹੀ ਗੁਰ-ਸ਼ਬਦ ਵਿਚ ਸਹਜ ਸਮਾਈ ਦੀ ਰਹਿਤ ਹੈ, ਅਤੇ ਇਹ ਗੁਰਸ਼ਬਦ-ਰਹਿਤ ਰਹਿਣ ਵਾਲਾ ਹੀ ਸਿੱਖ ਅਖਵਾ ਸਕਦਾ ਹੈ । ਜੋ ਇਸ ਨਾਮ ਨਿਧਿਆਸਨ ਦੀ ਰਹਿਤ ਤੋਂ ਅਣਜਾਣ ਹੈ ਜਾਂ ਅਣਗਹਿਲੀ ਕਰਦਾ ਹੈ ਉਹ ਕਪਟ ਸਨੇਹੀ ਸਿਖ ਹੈ :

**ਗਾਏ ਸੁਨੇ ਆਖੇ ਮੀਚੇ ਪਾਈਐ ਨ ਪਰਮ ਪਦ**
**ਗੁਰ ਉਪਦੇਸੁ ਗਹਿ ਜਉ ਲਉ ਨ ਕਮਾਈਐ ॥੪੩੯॥**
**ਸਿਖ ਸੋਈ ਸੁਨਿ ਗੁਰੂ ਸਬਦ ਰਹਤ ਰਹੈ**
**ਕਪਟ ਸਨੇਹ ਕੀਏ ਪਾਛੇ ਪਛੁਤਾਤ ਹੈ ॥੪੪੦॥**

*ਭਾਈ ਗੁਰਦਾਸ : ਕਬਿਤ ਸਵਯੇ*

ਬਿਬੇਕ-ਹੀਨ ਪੁਰਸ਼ਾਂ ਦੀ ਮਾਨਸਕ ਦਸ਼ਾ ਦਾ ਵਰਣਨ ਕਰ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਵਿਵੇਕ ਬੁਧੀ ਵਾਲੇ ਉਨ੍ਹਾਂ ਪਰਮਾਰਥੀ ਗੁਰਸਿੱਖਾਂ ਦੀ ਕਮਾਈ ਦੇ ਸਾਧਨ ਤੇ ਇਨ੍ਹਾਂ ਸਾਧਨਾਂ ਦੇ ਸੁਖ-ਫਲ ਦਾ ਜ਼ਿਕਰ ਕਰਦੇ ਹਨ ਜੋ ਸਿਮਰਨ-ਵਿਵੇਕ ਦੀਆਂ ਲਗਾਤਾਰ ਘਾਲਣਾਂ ਤੋਂ ਪ੍ਰਾਪਤ ਹੁੰਦਾ ਹੈ :

**ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥**
**ਕੋਟਿ ਫਲਾ ਗੁਰ ਤੇ ਬਿਧਿ ਜਾਣੀ ॥੩॥੬॥**

*ਗਉੜੀ ਮ: ੫, ਪੰਨਾ ੨੩੮*

ਸੱਚੇ ਗਿਆਨ ਧਿਆਨ ਤੇ ਤੱਤ ਬੁਧ ਦੀ ਪ੍ਰਾਪਤੀ ਸਿਮਰਨ ਭਜਨ ਤੋਂ ਹੀ ਹੁੰਦੀ ਹੈ । ਨਾਮ ਦੀ ਪਾਰਸ ਕਲਾ ਤੇ ਤੇਜ ਪਰਤਾਪ ਕਰਕੇ ਖੇਮ, ਸ਼ਾਂਤ, ਰਿਧਿ ਨਵਨਿਧ ਬੁਧਿ ਗਿਆਨ ਆਦਿ ਸਭ ਸ਼ਕਤੀਆਂ ਤੇ ਕਲਿਆਨ ਰੂਪ ਸਿਧੀਆਂ ਪ੍ਰਾਪਤ ਹੁੰਦੀਆਂ ਹਨ । ਸਿਮਰਨ-ਸਾਧਨਾ ਬਗ਼ੈਰ ਸੱਚਾ ਸੁਖ, ਸੱਚਾ ਸੰਤੋਖ ਤੇ ਯਥਾਰਥ ਸ਼ਾਂਤੀ ਕਦੀ ਨਹੀਂ ਪ੍ਰਾਪਤ ਹੋ ਸਕਦੀ । ਇਸ ਸਿਮਰਨ ਬਿਬੇਕ ਨੂੰ ਹੀ ਪੰਚਮ ਪਾਤਸ਼ਾਹ ਨੇ "ਸਰਬ ਧਰਮ ਮਹਿ ਸ੍ਰੇਸਟ ਧਰਮ" ਆਖਿਆ ਹੈ । ਸ਼ਾਂਤੀ ਸੰਤੋਖ ਉਤੇ ਨਿਰਭਰ ਹੈ, ਸੁਖ ਸਹਜ-ਅਵਸਥਾ ਤੇ ਰਜ਼ਾ ਵਿਚ ਰਹਿਣ ਉੱਤੇ ਨਿਰਭਰ ਹੈ । ਇਹ ਅਵਸਥਾ ਪ੍ਰੇਮ ਸਾਧਨਾ ਬਗ਼ੈਰ ਨਹੀਂ ਪ੍ਰਾਪਤ ਹੁੰਦੀ ਅਤੇ ਪ੍ਰੇਮ ਸਾਧਨਾ ਸੁਰਤ ਨੂੰ ਸੱਚੇ ਪਾਤਸ਼ਾਹ ਦੇ ਜੋਤਿ ਸ਼ਬਦ ਸਰੂਪ ਦੀ ਅਰਾਧਨਾ ਤੋਂ ਹੁੰਦਾ ਹੈ । ਇਹੀਓ ਬ੍ਰਹਮ-ਬਿਬੇਕ ਦਾ ਮਾਰਗ ਹੈ । ਇਹੀਓ ਤੱਤ ਗੁਰਸਿਖੀ ਹੈ :

**ਸਾਂਤਿ ਨ ਸੰਤੋਖ ਬਿਨੁ ਸੁਖ ਨ ਸਹਜ ਬਿਨੁ**
**ਸਬਦਿ ਸੁਰਤਿ ਬਿਨੁ ਪ੍ਰੇਮ ਨ ਪ੍ਰਬੀਨ ਹੈ ॥**
**ਬ੍ਰਹਮ ਬਿਬੇਕ ਬਿਨੁ ਹਿਰਦੈ ਨ ਏਕ ਟੇਕ**
**ਬਿਨੁ ਸਾਧ ਸੰਗਤਿ ਨ ਰੰਗ ਲਿਵ ਲੀਨ ਹੈ ॥੨੧੫॥**

*ਭਾਈ ਗੁਰਦਾਸ : ਕਬਿਤ ਸਵਯੇ*

ਸ਼ਬਦ ਕਮਾਈ ਦਾ ਅਪਾਰ ਪਰਤਾਪ ਹੈ । ਨਾਮ ਦੀ ਪਾਰਸ ਕਲਾ ਨਾਲ ਅਗਿਆਨਤਾ ਦੂਰ ਹੁੰਦੀ ਹੈ, ਅਪਦਾ ਟਲ ਜਾਂਦੀ ਹੈ, ਪਾਪ ਸੰਤਾਪ ਮਿਟ ਜਾਂਦੇ ਹਨ, ਹਿਰਦਾ-ਕੰਵਲ ਵਿਗਸਦਾ ਹੈ, ਅਤੇ ਭਾਈ ਸਾਹਿਬ ਆਪਣੀਆਂ ਅਤੁਟ ਕਮਾਈਆਂ ਦੇ ਸਾਖਿਆਤ ਅਨੁਭਵ ਤੋਂ ਲਿਖਦੇ ਹਨ ਕਿ ਨਾਮ ਨਿਧਿਆਸਣ ਤੋਂ ਅਬਚਲੀ ਜੋਤਿ ਦਾ ਪ੍ਰਕਾਸ਼ ਹੁੰਦਾ ਹੈ ਅਤੇ ਅਕਾਲ ਪੁਰਖ ਸਦਾ ਹਾਜ਼ਰ ਨਾਜ਼ਰ ਤੇ ਦ੍ਰਿਸ਼ਟੀ ਗੋਚਰ ਹੁੰਦਾ ਹੈ। ਨਾਮ ਅਭਿਆਸ ਦੀ ਗਿਆਨ ਕਲਾ ਤੋਂ ਅਨਹਦ-ਪਦ ਵਿਚ ਸਮਾਈ ਹੁੰਦੀ ਹੈ ।

ਭਾਈ ਨੰਦ ਲਾਲ ਜੀ ਏਸੇ ਲਈ ਬੰਦਗੀ ਤੇ ਜ਼ੋਰ ਦਿੰਦੇ ਹਨ :

**ਦੌਲਤੇ ਜਾਵੀਦ ਬਾਬਦ ਬੰਦਗੀ**
**ਬੰਦਗੀ ਕੁਨ ਬੰਦਗੀ ਕੁਨ ਬੰਦਗੀ ।੧੩।**

**ਦਰ ਲਿਬਾਸੇ ਬੰਦਗੀ ਸ਼ਾਹੀ ਤੁਰਾ-ਸਤ ।**
**ਦੌਲਤਿ ਅਜ਼ ਮਾਹ ਤਾ ਮਾਹੀ ਤੁਰਾ-ਸਤ ।੧੪।**
**ਸ਼ੌਕਿ ਮੌਲਾ ਅਜ਼ ਹੁਮਾ ਬਾਲਾਤਰ ਅਸਤ ।**
**ਸਾਇਆਇ ਊ ਬਰ ਸਰਿ ਮਾ ਅਫ਼ਸਰ ਅਸਤ ।੧੫।**

'ਬੰਦਗੀ (ਸਿਮਰਨ-ਭਗਤੀ) ਸਦੀਵੀ ਦੌਲਤ ਹੈ । ਇਸ ਲਈ ਹੇ ਸੱਜਣਾ, ਬੰਦਗੀ ਕਰ, ਬੰਦਗੀ ਕਰ, ਬੰਦਗੀ ਕਰ । ਜੇ ਤੂੰ ਇਹ ਬੰਦਗੀ ਦਾ ਲਿਬਾਸ ਪਹਿਨ ਲਵੇਂ ਤਾਂ ਤੈਨੂੰ ਸ੍ਰਿਸ਼ਟੀ ਦੀ ਬਾਦਸ਼ਾਹੀ ਪ੍ਰਾਪਤ ਹੋ ਜਾਏਗੀ, ਅਤੇ ਅਕਾਸ਼ ਤੋਂ ਪਤਾਲ ਤਕ ਸਾਰੀ ਦੌਲਤ ਤੇਰੀ ਹੋ ਜਾਏਗੀ । ਸੱਚੇ ਮਾਲਕ ਨਿਰੰਕਾਰ ਦਾ ਇਸ਼ਕ ਹੁਮਾ ਪੰਛੀ ਦੇ ਸਾਏ ਤੋਂ ਵੀ ਸ੍ਰੇਸ਼ਟ ਹੈ, ਜਿਸਦੇ ਸਾਏ ਨਾਲ ਦੁਨੀਆ ਦੀ ਪਾਤਸ਼ਾਹੀ ਪ੍ਰਾਪਤ ਹੁੰਦੀ ਹੈ, ਅਤੇ ਉਸ ਦੀਆਂ ਬਰਕਤਾਂ ਦਾ ਤਾਜ ਤੇਰੇ ਸਿਰ ਉਤੇ ਸੁਸ਼ੋਭਤ ਹੋਵੇਗਾ ।'

ਇਹ ਹੈ ਬੰਦਗੀ ਤੇ ਸਿਮਰਨ-ਭਗਤੀ ਦਾ ਸੁਖ ਫਲ, ਜਿਸਦੀ ਅਨੇਕਾਂ ਗੁਰ-ਪ੍ਰਮਾਣਾਂ ਦੇ ਅਧਾਰ ਤੇ ਭਾਈ ਸਾਹਿਬ ਜੀ ਨੇ ਬੜੇ ਵਿਸਥਾਰ ਨਾਲ ਵਿਆਖਿਆ ਕੀਤੀ ਹੈ ।

ਪਹਿਲੇ ਭਾਗ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਐਸੇ ਹੋਰ ਵਿਸ਼ਿਆਂ ਉਤੇ ਅਦੁੱਤੀ ਰੋਸ਼ਨੀ ਪਾਉਂਦੇ ਹਨ, ਜਿਨ੍ਹਾਂ ਬਾਰੇ ਇਸ ਪੁਸਤਕ ਲਿਖੇ ਜਾਣ ਤੋਂ ਅਜ ਕਰੀਬਨ ਚਾਲੀ ਪੰਜਾਹ ਸਾਲ ਬਾਅਦ ਬੜੀ ਕੁਹਜੀ ਚਰਚਾ ਛਿੜ ਪਈ ਹੈ । ਸਾਡੇ ਕਈ ਬੁਧੀਵਾਨ, ਜਿਨ੍ਹਾਂ ਨੂੰ ਹਰ ਗੁਰਮਤਿ ਦੀ ਸ਼ੁਭ ਰਵਾਇਤ ਬਾਰੇ ਕਿੰਤੂ ਕਰ ਕੇ ਇਕ ਨਵੇਂ ਖੋਜੀ ਅਖਵਾਣ ਦਾ ਸ਼ੌਕ ਉਪਜਿਆ ਹੈ, ਕਹਿਣ ਲਗ ਪਏ ਹਨ ਕਿ ਕਿ ਅਖੰਡ ਕੀਰਤਨ ਕਰਨ ਦਾ ਕੀ ਫ਼ਾਇਦਾ ਅਤੇ ਅਖੰਡ ਪਾਠ ਕਰਨ ਦਾ ਕੀ ਫ਼ਾਇਦਾ । ਇਹ ਠੀਕ ਹੈ ਕਈ ਥਾਵੀਂ ਅਖੰਡ ਪਾਠ ਵਿਉਪਾਰਕ ਕਿੱਤਾ ਬਣ ਗਿਆ ਹੈ । ਭਾਰਤ ਦੇ ਅੱਸੀ ਫ਼ੀ ਸਦੀ ਡਾਕਟਰ ਕੇਵਲ ਲੋਭ ਲਾਲਚ ਨੂੰ ਮੁਖ ਰਖ ਕੇ ਇਲਾਜ ਕਰਦੇ ਹਨ, ਅਤੇ ਅਨੇਕਾਂ ਰੋਗੀ ਗ਼ਲਤ ਇਲਾਜਾਂ ਕਾਰਨ ਮਰ ਜਾਂਦੇ ਹਨ, ਪਰ ਅੱਜ ਤਕ ਕੋਈ ਐਸਾ ਮੂਰਖ ਸਾਨੂੰ ਨਹੀਂ ਮਿਲਿਆ ਜਿਹੜਾ ਇਹ ਆਖੇ ਕਿ ਸਭ ਡਾਕਟਰਾਂ ਦੀਆਂ ਦੁਕਾਨਾਂ ਕਾਨੂੰਨੀ ਬੰਦ ਕਰ ਦੇਣੀਆਂ ਚਾਹੀਦੀਆਂ ਹਨ । ਗੁਰੂ ਗ੍ਰੰਥ ਸਾਹਿਬ ਵਿਚ ਰਾਤ ਦਿਨੇ ਅਖੰਡ ਕੀਰਤਨ ਕਰਨ ਦਾ, ਰਾਤ ਦਿਨੇ ਗੁਰਬਾਣੀ ਪੜ੍ਹਨ ਤੇ ਸੁਣਨ ਦਾ ਵਿਧਾਨ ਸਪੱਸ਼ਟ ਦਿਤਾ ਹੋਇਆ ਹੈ, ਪਰ ਭਾਈ ਸਾਹਿਬ ਰਣਧੀਰ ਸਿੰਘ ਜੀ ਇਸ ਦੀ ਸਹੀ ਤੇ ਅਦੁੱਤੀ ਵਿਆਖਿਆ ਕਰਦੇ ਹਨ । ਜਪ, ਤਪ, ਭਜਨ ਬੰਦਗੀ ਕਰਨ ਵਾਲੇ ਹਮੇਸ਼ਾ ਲੋੜਦੇ ਹਨ ਕਿ ਕੋਈ ਇਕਾਂਤ ਮਿਲੇ, ਜਿਥੇ ਇਕ-ਮਨ ਇਕ-ਚਿਤ ਹੋ ਕੇ ਬੰਦਗੀ ਕਰੀਏ । ਇਸ ਇਕਾਂਤ ਦੀ ਰਸ-ਲੀਨਤਾ ਲਈ ਉਹ ਪਹਾੜਾਂ ਕੰਦਰਾਂ ਦੀਆਂ ਗੁਫਾਂ ਵਿਚ ਜਾਂਦੇ ਹਨ, ਜੰਗਲਾਂ ਤੇ ਦਰਿਆਵਾਂ ਦੇ ਇਕਾਂਤ ਕਿਨਾਰਿਆਂ ਤੇ ਜਾਂਦੇ ਹਨ, ਪਰ ਨਾ ਅੰਤ੍ਰੀਵ ਇਕਾਂਤ ਮਿਲਦੀ ਹੈ, ਨਾ ਸ਼ਾਂਤੀ ਮਿਲਦੀ ਹੈ । ਉਹ ਸੁਹਾਵਣਾ ਵਾਯੂ ਮੰਡਲ ਜਿਥੇ ਰਸੀਲਾ ਕੀਰਤਨ ਲਗਾਤਾਰ ਹੋ ਰਿਹਾ ਹੋਵੇ; ਉਹ ਸੁਗੰਧਤ ਇਕਾਂਤ ਅਸਥਾਨ, ਜਿਥੇ ਗੁਰਬਾਣੀ ਦਾ ਅਖੰਡ ਪਾਠ ਸੁਣਦਾ ਹੋਵੇ, ਸਭ ਤੋਂ ਸ੍ਰੇਸ਼ਟ, ਸਭ ਤੋਂ ਉਤਮ ਇਕਾਂਤ ਗੁਫਾ ਅਸਥਾਨ ਹੈ, ਜਿਥੇ ਨਾ-ਕੇਵਲ ਮਨ ਦਾ ਟਿਕਾਉ ਹੀ ਪ੍ਰਾਪਤ ਹੁੰਦਾ ਹੈ, ਬਲਕਿ ਬਾਣੀ ਲਗਾਤਾਰ ਸੁਣਦਿਆਂ ਮਨ ਸ਼ਾਂਤੀ ਤੇ ਸੰਤੋਖ ਦੇ ਘਰ ਲਿਵਲੀਨਤਾ ਪ੍ਰਾਪਤ ਕਰਦਾ ਹੈ । ਬਾਣੀ ਦੀ ਪਾਰਸ ਕਲਾ ਨਾਲ ਮਨ ਉਜਲ ਹੁੰਦਾ ਹੈ, ਅਤੇ ਐਸੀ ਸਹਜ ਸਮਾਧੀ ਪ੍ਰਾਪਤ ਹੁੰਦੀ ਹੈ ਜੋ ਅਨੇਕਾਂ ਜਪਾਂ ਤਪਾਂ ਤੋਂ ਨਹੀਂ ਹੁੰਦੀ ।

ਇਸ ਪੁਸਤਕ ਦੇ ਦੂਸਰੇ ਭਾਗ ਵਿਚ ਨਿਤ-ਕਰਮਾਂ ਦੀ ਰਹਿਤ ਉਤੇ ਭਾਈ ਸਾਹਿਬ ਨੇ ਰੌਸ਼ਨੀ ਪਾਈ ਹੈ । ਗੁਰਮਤਿ ਰਹਿਤ ਦੇ ਇਕ ਇਕ ਅੰਗ ਉਤੇ ਬੜੇ ਵਿਸਥਾਰ ਨਾਲ ਰੌਸ਼ਨੀ ਪਾਈ ਹੈ । ਜਿਥੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਦੇ ਵਿਧਾਨ ਦੀ ਵਿਆਖਿਆ ਕੀਤੀ ਹੈ ਓਥੇ "ਇਸ਼ਨਾਨ" ਦੀ ਵਿਆਖਿਆ ਜੋ ਗੁਰਮਤਿ ਅਧਿਆਤਮਵਾਦ ਅਨੁਸਾਰ ਕੀਤੀ ਹੈ, ਉਸ ਤੋਂ ਤਿੰਨ ਗੱਲਾਂ ਸਪੱਸ਼ਟ ਹੁੰਦੀਆਂ ਹਨ : (੧) ਇਸ਼ਨਾਨ ਕੇਵਲ ਸਰੀਰ ਨੂੰ ਪਾਣੀ ਨਾਲ ਧੋਣ ਨਾਲ ਹੀ ਮੁਕੰਮਲ ਨਹੀਂ, ਇਹ ਅਧੂਰਾ ਇਸ਼ਨਾਨ ਹੈ । (੨) ਇਸ਼ਨਾਨ ਕਰਦਿਆਂ ਤੇ ਉਸ ਤੋਂ ਉਪਰੰਤ, ਨਾਮ ਜਪਣਾ ਤੇ ਗੁਰਬਾਣੀ ਪੜ੍ਹਨਾ, ਮਾਨਸਕ ਤੇ ਆਤਮਕ ਇਸ਼ਨਾਨ ਹੈ । ਇਹ ਮਾਨਸਕ ਤੇ ਆਤਮਕ ਇਸ਼ਨਾਨ ਸਿਖ ਦੇ ਸਰੀਰਕ ਇਸ਼ਨਾਨ ਦਾ ਜ਼ਰੂਰੀ ਅੰਗ ਹੈ । (੩) ਉਹ ਅੰਮ੍ਰਿਤ ਵੇਲੇ ਦਾ ਇਸ਼ਨਾਨ, ਜਿਸ ਵਿਚ ਇਕ-ਰਸ ਗੁਰਬਾਣੀ ਦਾ ਅਭਿਆਸ, ਪਾਠ ਜਾਰੀ ਰਹੇ, ਸ੍ਰੀ ਅੰਮ੍ਰਿਤਸਰ ਦੇ ਇਸ਼ਨਾਨ ਤੁਲ ਹੈ ।

ਪਰ ਜਿਸ ਇਸ਼ਨਾਨ ਨਾਲ ਨਾਮ-ਬਾਣੀ ਰਾਹੀਂ ਮਨ ਤੇ ਆਤਮਾ ਦਾ ਇਸ਼ਨਾਨ ਨਹੀਂ, ਉਹ ਪਖੰਡ-ਇਸ਼ਨਾਨ ਹੈ, ਚਾਹੇ ਉਹ ਅਠਾਹਠ ਤੀਰਥਾਂ ਤੇ ਕਿਉਂ ਨਾ ਕੀਤਾ ਜਾਏ ।

**ਵਸਤ੍ਰ ਪਖਾਲਿ ਪਖਾਲੇ ਕਾਇਆ, ਆਪੇ ਸੰਜਮਿ ਹੋਵੈ ॥**
**ਅੰਤਰਿ ਮੈਲੁ ਲਗੀ ਨਹੀ ਜਾਣੈ, ਬਾਹਰਹੁ ਮਲਿ ਮਲਿ ਧੋਵੈ ॥੨॥੪॥**

*ਵਾਰ ਮਾਝ, ਮ: ੧, ਪੰਨਾ ੧੩੯*

**ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥**
**ਸੂਚੇ ਸੇਈ ਨਾਨਕਾ, ਜਿਨ ਮਨਿ ਵਸਿਆ ਸੋਇ ॥੨॥੧੭॥**

*ਵਾਰ ਆਸਾ, ਮ: ੧, ਪੰਨਾ ੪੭੨*

**ਮਨਿ ਮੈਲੈ ਸਭੁ ਕਿਛੁ ਮੈਲਾ, ਤਨਿ ਧੋਤੈ ਮਨੁ ਹਛਾ ਨ ਹੋਇ ॥੧॥੧॥**

*ਵਡਹੰਸ ਮ: ੩, ਪੰਨਾ ੫੫੮*

**ਜਲਿ ਮਲਿ ਕਾਇਆ ਮਾਜੀਐ ਭਾਈ, ਭੀ ਮੈਲਾ ਤਨੁ ਹੋਇ ॥**
**ਗਿਆਨਿ ਮਹਾ ਰਸਿ ਨਾਈਐ ਭਾਈ, ਮਨੁ ਤਨੁ ਨਿਰਮਲੁ ਹੋਇ ॥੫॥**

*ਸੋਰਠਿ ਮ: ੧, ਪੰਨਾ ੬੩੭*

ਗੁਰਮਤਿ ਰਹਿਤ ਦੇ ਅਨੇਕਾਂ ਅਸੂਲ ਸੀਨੇ ਬਸੀਨੇ ਚਲੇ ਆ ਰਹੇ ਹਨ । ਅੰਮ੍ਰਿਤ ਛਕਣ ਵੇਲੇ ਬਹੁਤ ਸਾਰੇ ਅਸੂਲ ਜੋ ਦ੍ਰਿੜ੍ਹਾਏ ਜਾਂਦੇ ਹਨ ਉਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਵਿਚ ਸਪੱਸ਼ਟ ਵਰਣਨ ਨਹੀਂ, ਪਰ ਗੁਰਸਿੱਖੀ ਮਾਰਗ ਵਿਚ ਉਨ੍ਹਾਂ ਹੁਕਮਾਂ ਦਾ ਮੰਨਣਾ ਉਤਨਾ ਹੀ ਜ਼ਰੂਰੀ ਹੈ ਜਿਤਨਾ ਗੁਰਬਾਣੀ ਵਿਚ ਵਿਦਮਾਨ ਹੋਰ ਹੁਕਮਾਂ ਦਾ । ਗੁਰੂ ਨਾਨਕ ਦੇਵ ਤੋਂ ਚਲੀ ਚਰਨ ਪਾਹੁਲ ਤੇ ਉਸ ਨਾਲ ਦ੍ਰਿੜ੍ਹਾਈ ਰਹਿਤ ਸੀਨੇ ਬਸੀਨੇ ਚਲੀ ਆਈ । ਇਸ ਪਿਛੋਂ ਖੰਡੇ ਦੀ ਪਾਹੁਲ ਜੋ ਦਸਮੇਸ਼ ਜੀ ਨੇ ਪ੍ਰਚਲਿਤ ਕੀਤੀ, ਸੀਨੇ ਬਸੀਨੇ ਪ੍ਰਚਲਿਤ ਰਹੀ । ਰਹਿਤ ਅਮਲੀ ਜੀਵਨ ਨਾਲ ਸੰਬੰਧ ਰਖਦੀ ਹੈ, ਸਿਧਾਂਤਕ ਥੀਉਰੀਆਂ ਨਾਲ ਨਹੀਂ । ਰਹਿਤ ਸਿਦਕ, ਭਰੋਸੇ ਤੇ ਤਨ ਮਨ ਵਾਰਨ ਵਾਲੀ ਰੁਚੀ ਦਾ ਨਿਤ ਕਰਮ ਹੈ, ਜਿਸ ਰਾਹੀਂ ਉਹ ਸਤਿਗੁਰੂ ਦੇ ਹੁਕਮਾਂ ਦੀ ਪਾਲਣਾ ਕਰਦਾ ਹੈ । ਇਸ ਲਈ ਰਹਿਤ-ਨਾਮੇ ਵੀ ਜੋ ਸਤਿਪੁਰਸ਼ ਲਿਖਦੇ ਰਹੇ, ਉਹ ਸੰਖੇਪ ਤੌਰ ਤੇ ਨਵੇਂ ਜਗਿਆਸੂਆਂ ਨੂੰ ਗੁਰਮਤਿ ਦੇ ਉਲਟ ਕੁਰੀਤੀਆਂ ਨੂੰ ਰੋਕਣ ਲਈ ਲਿਖਦੇ ਰਹੇ । ਇਨ੍ਹਾਂ ਸੀਨੇ ਬਸੀਨੇ ਚਲੇ ਆ ਰਹੇ

ਰਹਿਤ ਦੇ ਸਿਧਾਂਤਾਂ ਉਤੇ ਭਾਈ ਸਾਹਿਬ ਨੇ ਬੜੇ ਵਿਸਥਾਰ ਨਾਲ ਰੋਸ਼ਨੀ ਪਾਈ ਹੈ।

ਦਾਨ ਦੀ ਵਿਆਖਿਆ ਗੁਰਮਤਿ ਦੀ ਵਿਲੱਖਣ ਹੈ। ਭਾਰਤ ਵਿਚ ਕੇਵਲ ਬ੍ਰਾਹਮਣਾਂ ਨੂੰ ਦਿਤਾ ਦਾਨ ਸੱਚਾ ਦਾਨ ਸਮਝਿਆ ਜਾਂਦਾ ਸੀ, ਪਰ ਗੁਰੂ ਘਰ ਵਿਚ ਗਰੀਬ ਦੀ ਰਸਨਾ ਗੁਰੂ ਦੀ ਗੋਲਕ ਸਮਝੀ ਜਾਂਦੀ ਹੈ। ਦਾਨ ਪਰਉਪਕਾਰੀ ਰੁਚੀ ਨੂੰ ਪਰਪੱਕ ਕਰਨ ਵਾਲੇ ਕਰਮ ਹਨ । ਜੋ ਦੀਨ ਦੁਖੀਆਂ ਦੀ ਪੀੜ ਹਰਦੇ ਹਨ, ਲੋੜਵੰਦਾਂ ਦੀ ਲੋੜ ਪੂਰੀ ਕਰਦੇ ਹਨ, ਉਹ ਸੱਚੇ ਅਰਥਾਂ ਵਿਚ ਦਾਨੀ ਪੁਰਸ਼ ਹਨ, ਗ੍ਰਿਹਸਤ ਵਿਚ ਰਹਿੰਦੇ ਹੋਏ ਉਹ ਵੈਰਾਗੀ ਤਿਆਗੀ ਤੇ ਸੱਚੇ ਉਦਾਸੀ ਹਨ। ਉਹ ਹਉਮੈ ਤਿਆਗਦੇ ਹਨ ਅਤੇ ਸੱਚੀ ਭੈ-ਭਾਵਨੀ ਵਿਚ ਪਰਉਪਕਾਰ ਕਰੀ ਜਾਂਦੇ ਹਨ।

ਜਿਉਂ ਜਿਉਂ ਅੰਤ੍ਰੀਵ ਰਹਿਤ ਵਿਚ ਉਸਦਾ ਧਿਆਨ ਪਰਪੱਕ ਹੁੰਦਾ ਹੈ ਤਿਉਂ ਤਿਉਂ ਉਸਦੇ ਅੰਦਰ ਸਤੋਗੁਣੀ ਰੁਚੀਆਂ ਪ੍ਰਬਲ ਹੁੰਦੀਆਂ ਹਨ । ਉਹ ਹਉਮੈ ਤਿਆਗਦਾ ਹੈ, ਅਤੇ ਪੰਚ ਦੋਖਾਂ ਤੋਂ ਬਚਿਆ ਰਹਿੰਦਾ ਹੈ । ਭਾਣਾ ਮੰਨਣਾ ਤੇ ਭੈ-ਭਾਵਨੀ ਵਿਚ ਰਹਿਣਾ ਅਮਲੀ ਰਹਿਤ ਦੇ ਸਭ ਤੋਂ ਸ੍ਰੇਸ਼ਟ ਗੁਣ ਹਨ। ਭਾਈ ਨੰਦ ਲਾਲ ਜੀ ਜ਼ਿੰਦਗੀਨਾਮੇ ਵਿਚ ਕਹਿੰਦੇ ਹਨ ਕਿ ਬੇਅਦਬ ਲੋਕ ਸਦਾ ਅੰਧਕਾਰ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਰੱਬੀ ਬੰਦਿਆਂ ਦੀ ਕੋਈ ਸਾਰ ਨਹੀਂ । ਬੇਅਦਬ ਨੂੰ ਕਦੀ ਵੀ ਸੱਚੇ ਸਾਹਿਬ ਦਾ ਸੱਚਾ ਮਾਰਗ ਨਹੀਂ ਮਿਲਦਾ ਅਤੇ ਮਾਰਗ ਤੋਂ ਘੁਥੇ ਹੋਏ ਕਿਸੇ ਪ੍ਰਾਣੀ ਦੀ ਪਹੁੰਚ ਸੱਚੇ ਸਾਈਂ ਤੀਕ ਨਹੀਂ ਹੋ ਸਕਦੀ । ਸੱਚੇ ਮਾਰਗ ਦਾ ਰਾਹਬਰ ਹੀ ਅਦਬ ਹੈ । ਜਿਸਨੇ ਗੁਰੂ ਤੇ ਗੁਰਮੁਖਾਂ ਦਾ ਅਦਬ ਨਹੀਂ ਸਿਖਿਆ, ਉਹ ਰੱਬ ਦੀਆਂ ਰਹਿਮਤਾਂ ਤੋਂ ਖ਼ਾਲੀ ਰਹਿੰਦਾ ਹੈ । ਅਦਬ ਉਸ ਪ੍ਰਾਣੀ ਦਾ ਤਾਜ ਹੈ ਜੋ ਨਿਮਖ ਭਰ ਵੀ ਅਕਾਲ ਪੁਰਖ ਨੂੰ ਨਹੀਂ ਵਿਸਾਰਦਾ।

ਗੁਰਸਿੱਖੀ ਦੀ ਰਹਿਤ ਹੀ ਹੈ ਜੋ ਉਸਦਾ ਆਚਰਨ ਬੁਲੰਦ ਕਰਦੀ ਹੈ । ਗੁਰਸਿਖ ਦੀ ਚੜ੍ਹਦੀਆਂ ਕਲਾਂ ਦੀ ਅਵਸਥਾ ਨਿਆਰੀ ਹੈ । ਭਾਈ ਸਾਹਿਬ ਜੀ ਸਪੱਸ਼ਟ ਕਰਦੇ ਹਨ ਕਿ ਗੁਰਸਿਖ ਦੇ ਬੀਰ-ਰਸ ਵਿਚ ਸ਼ਾਂਤ-ਰਸ ਹੈ, ਉਸਦੇ ਸ਼ਾਂਤ-ਰਸ ਵਿਚ ਸੁਚੀ ਵੀਰਤਾ ਤੇ ਨਿਰਭੈਤਾ ਉਮਡ ਉਮਡ ਪੈਂਦੀ ਹੈ । ਬਾਬਾ ਬੀਰ ਸਿੰਘ ਨੌਰੰਗਾਬਾਦੀ ਦੀ ਮਿਸਾਲ ਦੇ ਕੇ ਦਸਦੇ ਹਨ ਕਿ ਸੂਰਬੀਰ ਗੁਰਸਿੱਖਾਂ ਦੀ ਜਰਨ-ਸ਼ਕਤੀ ਕਿਸ ਉਚੀ ਮੰਜ਼ਲ ਦੀ ਹੁੰਦੀ ਹੈ ।

ਜਿਤਨੀ ਕੋਈ ਗੁਰਸਿਖ ਕਮਾਈ ਕਰਦਾ ਹੈ ਉਤਨੀ ਹੀ ਉਸ ਦੀ ਸੁਰਤ-ਵਿਰਤੀ ਸੂਖਮ ਤੇ ਬਲਸ਼ੀਲ ਹੋ ਜਾਂਦੀ ਹੈ । ਜਿਤਨਾ ਵਧੇਰੇ ਉਸਦਾ ਅੰਤ੍ਰੀਵ ਅਨੁਭਵ ਵਧਦਾ ਹੈ ਉਤਨਾ ਉਹ ਸੱਚ, ਸੰਜਮ ਤੇ ਜੀਵਨ ਦੀ ਪਵਿੱਤ੍ਰਤਾ ਵਧਾਉਣ ਤੇ ਜ਼ੋਰ ਲਾਉਂਦਾ ਹੈ। ਉਹ ਥੋੜ੍ਹਾ ਖਾਂਦਾ ਹੈ, ਥੋੜ੍ਹਾ ਸੌਂਦਾ ਹੈ। ਅਹਾਰ ਦਾ ਬਹੁਤ ਸੰਜਮ ਕਰਦਾ ਹੈ । ਇਸ ਅਹਾਰ-ਸੰਜਮ ਨੂੰ ਕਿਸੇ ਬੱਝੀ ਮਰਯਾਦਾ ਵਿਚ ਪਾਲਦਾ ਹੈ।

ਭਾਈ ਮਨੀ ਸਿੰਘ ਜੀ ਦਾ ਸਮਕਾਲੀ ਕੇਸਰ ਸਿੰਘ ਛਿੱਬਰ ਆਪਣੇ ਸਮੇਂ ਦੇ ਤੱਤ ਖਾਲਸਾ ਸਿੱਖਾਂ ਬਾਰੇ ਅੱਖੀਂ ਡਿਠੇ ਆਚਰਨ ਦਾ ਵਰਣਨ ਕਰਦਾ ਹੋਇਆ ਲਿਖਦਾ ਹੈ :

**ਪਰ ਤਿਸ ਸਮੇਂ ਸਿਖ ਆਹੇ ਜਤੀ ਸਤੀ ਰ੍ਹਹਿਤਵਾਨ ।**
**ਪੰਜ ਪੰਜ ਸਤਿ ਸਤਿ ਦਿਨ ਸਿਖ ਭੁਖੇ ਰਹਿਨ,**
**ਪਰ ਐਲਾ ਮੈਲਾ ਧਾਨੁ ਨਾ ਖਾਨ ।**
**ਤਿਨਾਂ ਸਿਖਾਂ ਦੇ ਤੱਪ ਕਰ ਤੁਰਕਾਂ ਦਾ ਹੋਇਆ ਨਾਸ ।**

**ਅਤੇ ਉਨ੍ਹਾਂ ਸਿਖਾਂ ਦੇ ਤਪੁ ਭਜਨ ਸੀਸ ਦੇਨਿ ਕਰਿ**
**ਖਾਲਸੇ ਜੀ ਦਾ ਹੋਣਾ ਹੈ ਪ੍ਰਕਾਸ਼ ।**

*ਬੰਸਾਵਲੀ-ਨਾਮਾ, ਪੰਨਾ ੧੯੨*

ਗੁਰੂ ਕਾ ਲੰਗਰ, ਰਹਿਤ ਤੇ ਸਿੱਖੀ ਸਿਦਕ ਵਿਚ ਪਰਪੱਕ ਸਿੱਖਾਂ ਵਲੋਂ ਸਜਾਇਆ ਜਾਏ ਤਾਂ ਉਹ ਅੰਮ੍ਰਿਤ ਰੂਪ ਗੁਰੂ ਕਾ ਲੰਗਰ ਹੈ । ਸਰਬ ਲੋਹ ਵਿਵੇਕ ਦੀ ਰਹੁ-ਰੀਤ ਦਾ ਵਰਤਾਰਾ ਇਸੇ ਹੀ ਵਿਚਾਰ ਨਾਲ ਗੁਰੂ ਸਾਹਿਬ ਨੇ ਪ੍ਰਚਲਿਤ ਕੀਤਾ ਸੀ, ਕਿ ਸਰਬ ਲੋਹ ਦੇ ਬਾਟੇ ਤੇ ਖੰਡੇ ਤੋਂ ਤਿਆਰ ਹੋਏ ਅੰਮ੍ਰਿਤ ਛਕਣ ਉਪਰੰਤ ਉਹ ਜੋ ਵੀ ਅਹਾਰ ਕਰਨ, ਉਹ ਵੀ ਜੇ ਸਰਬ ਲੋਹ ਵਿਚ ਤਿਆਰ ਬਰ ਤਿਆਰ ਸਿੰਘਾਂ ਸਿੰਘਣੀਆਂ ਦਾ ਤਿਆਰ ਕੀਤਾ ਹੋਇਆ ਹੋਵੇ ਤਾਂ ਨਿਰੰਤਰ ਅੰਮ੍ਰਿਤ ਅਹਾਰ ਭੁੰਚਣ, ਪਰ ਉਹ ਅੰਮ੍ਰਿਤ ਅਹਾਰ ਤਾਂ ਹੀ ਬਣ ਸਕਦਾ ਹੈ ਜੇ ਨਾਮ ਦੀਆਂ ਅਤੁੱਟ ਕਮਾਈਆਂ ਕੀਤੀਆਂ ਜਾਣ ।

ਸਚਿਆਰ ਪੁਰਸ਼, ਜਿਨ੍ਹਾਂ ਦਾ ਨਿਸ਼ਾਨਾ ਪਰਮ ਪਦ ਦੀ ਪ੍ਰਾਪਤੀ ਹੈ, ਉਹ ਸਹਜ ਸੰਤੋਖ ਵਿਚ ਅਲਪ ਅਹਾਰ ਕਰਦੇ ਹਨ । ਪਰ ਕਈ ਬਿਬੇਕੀ ਸੱਜਣ ਸਰਬ ਲੋਹ ਦਾ ਅਹਾਰ-ਸੰਜਮ ਰਖਦੇ ਹਨ, ਪਰ ਨਾ ਨਾਮ ਅਰਾਧਨ ਦੀਆਂ ਅਤੁੱਟ ਕਮਾਈਆਂ ਕਰਦੇ ਹਨ, ਤੇ ਨਾ ਅੰਤ੍ਰੀਵ ਰਹਿਤ ਰਖਦੇ ਹਨ । ਉਨ੍ਹਾਂ ਸੰਬੰਧੀ ਭਾਈ ਸਾਹਿਬ ਬੜੇ ਜ਼ੋਰਦਾਰ ਲਫ਼ਜ਼ਾਂ ਵਿਚ ਕਹਿੰਦੇ ਹਨ ਕਿ ਬਿਬੇਕ ਦੇ ਇਕ ਪੱਖ (ਕੇਵਲ ਖਾਣ ਪੀਣ) ਦੇ ਸੰਜਮ ਉਤੇ ਜ਼ੋਰ ਦੇਣ ਵਾਲੇ, ਅਤੇ ਸਿਮਰਨ ਬਿਬੇਕ ਤੋਂ ਖੁੰਜੇ ਪੁਰਸ਼ ਧੋਖੇ ਦੇ ਸ਼ਿਕਾਰ ਹੋ ਜਾਂਦੇ ਹਨ । ਉਹ ਅਸਲ ਨਿਸ਼ਾਨੇ ਤੋਂ ਉਕ ਜਾਂਦੇ ਹਨ ਅਤੇ ਉਕੇ ਹੀ ਰਹਿੰਦੇ ਹਨ, ਖਾਨ ਪਾਨ ਬਿਬੇਕ ਅਸੂਲ ਦੇ ਸੰਜਮੀ ਜੇ ਏਸੇ ਸੰਜਮ ਨੂੰ ਹੀ ਪਰਮ ਧਰਮ ਸਮਝਣ ਲਗ ਜਾਣ ਤਾਂ ਇਹ ਉਨ੍ਹਾਂ ਦੀ ਅਧੋਗਤੀ ਨੂੰ ਪ੍ਰਾਪਤ ਹੋਣ ਵਾਲੀ ਭੁਲ ਹੈ । ਇਸ ਦੇ ਉਲਟ ਜੇ ਕੋਈ ਇਹ ਸਮਝੇ ਕਿ ਬਿਨਾਂ ਰਹਿਤ ਮਰਯਾਦਾ ਵਿਚ ਸਿਮਰਨ ਕਮਾਈ ਨਾਲ ਕੁਛ ਪ੍ਰਾਪਤ ਹੋ ਜਾਏ ਤਾਂ ਇਹ ਉਨ੍ਹਾਂ ਦੀ ਭੁੱਲ ਹੈ । ਜੋ ਤਨਕ ਮਾਤ੍ਰ ਸਿਧੀ ਪ੍ਰਾਪਤ ਕਰ ਕੇ ਰਹਿਤ ਮਰਯਾਦਾ ਛਡ ਬੈਠਦੇ ਹਨ, ਉਨ੍ਹਾਂ ਦੀ ਆਤਮਕ ਉਨਤੀ ਰੁਕ ਜਾਂਦੀ ਹੈ ਅਤੇ ਅਗਰ ਨਾ ਸੰਭਲਣ ਤਾਂ ਰਸਾਤਲ ਵਲ ਨੂੰ ਤੁਰ ਪੈਂਦੇ ਹਨ । ਸਿੱਟਾ ਭਾਈ ਸਾਹਿਬ ਜੀ ਇਹ ਕਢਦੇ ਹਨ ਕਿ ਰਹਿਤ ਰਹਿਣੀ ਦੇ ਅਸੂਲ ਪਰੇ ਤੋਂ ਪਰੇ ਹਨ ਅਤੇ ਏਹਨਾਂ ਸਰਬ ਅਸੂਲਾਂ ਦਾ ਕਮਾਉਣਾ ਗੁਰਮਤਿ ਬਿਬੇਕ ਕਰਣੀ ਅਰਥਾਤ ਗੁਰਮਤਿ ਬਿਬੇਕ ਹੈ ।

ਜੇਲ੍ਹ ਦੀ ਕਾਲ-ਕੋਠੜੀ ਵਿਚ ਕਰੀਬਨ ਤਿੰਨ ਚਾਰ ਸੌ ਗੁਰਬਾਣੀ ਦੇ ਸ਼ੁਧ ਹਵਾਲਿਆਂ ਦੇ ਆਧਾਰ ਉਤੇ ਇਤਨੇ ਵਿਸਥਾਰ ਸਹਿਤ ਪੁਸਤਕ ਲਿਖ ਦੇਣੀ ਭਾਈ ਸਾਹਿਬ ਰਣਧੀਰ ਸਿੰਘ ਜੀ ਵਰਗੀ ਜਪੀ ਤਪੀ ਤੇ ਅਨੁਭਵੀ ਪ੍ਰਕਾਸ਼ ਨਾਲ ਵਰੋਸਾਈ ਗੁਰਮੁਖ ਹਸਤੀ ਹੀ ਸਮਰੱਥਾ ਰਖ ਸਕਦੀ ਸੀ । ਅਜ ਦੇ ਸਮੇਂ ਜਦ ਕਿ ਰਹਿਤ ਰਹਿਣੀ ਦੀ ਕਮਜ਼ੋਰੀ ਲੀਡਰਾਂ, ਤੇ ਧਾਰਮਕ ਆਗੂਆਂ ਤੋਂ ਲੈ ਕੇ ਜਨ ਸਾਧਾਰਨ ਵਿਚ ਆ ਗਈ ਹੈ, ਇਹ ਪੁਸਤਕ ਬੜੀ ਦ੍ਰਿੜ੍ਹ ਪ੍ਰੇਰਨਾ ਕਰਨ ਵਿਚ ਸਹਾਈ ਹੋਵੇਗੀ ।

**ਤ੍ਰਿਲੋਚਨ ਸਿੰਘ**

੩੪, ਨਹਿਰੂ ਨਗਰ
ਲੁਧਿਆਣਾ
੧੦-੧੧-੭੫

# ਸੂਚਨਾ

## ਪੰਜਵੀਂ ਐਡੀਸ਼ਨ

'ਗੁਰਮਤਿ ਬਿਬੇਕ' ਪੁਸਤਕ ਪਹਿਲੀ ਵਾਰ ੧੯੪੬ ਵਿਚ ਛਪੀ ਸੀ। ਤੀਜੀ ਵਾਰ ਨਵੇਂ ਅਕਾਰ ਵਿਚ ੧੯੭੫ ਵਿਚ ਛਪੀ। ਚੌਥੀ ਵਾਰ ੧੯੮੪ ਦੀ ਐਡੀਸ਼ਨ ਵਿਚ ਛਾਪੇ ਦੀਆਂ ਗ਼ਲਤੀਆਂ ਦੀ ਪੂਰਨ ਰੂਪ ਵਿਚ ਸੁਧਾਈ ਕਰ ਲਈ ਗਈ ਸੀ।

ਹੁਣ ਇਸ ਦੀ ਪੰਜਵੀਂ ਐਡੀਸ਼ਨ ਨਵੇਂ ਰੂਪ ਰੰਗ ਵਿਚ ਪੇਸ਼ ਕੀਤੀ ਜਾ ਰਹੀ ਹੈ। ਪ੍ਰੈੱਸ ਦੀਆਂ ਗ਼ਲਤੀਆਂ ਅਤੇ ਟਾਈਪ ਦੇ ਅੱਖਰਾਂ ਤੇ ਲਗਾਂ ਮਾਤ੍ਰਾਂ ਦੀ ਟੁੱਟ-ਭੱਜ ਦੀ ਸੰਭਾਵਨਾ ਤੋਂ ਬਚਣ ਲਈ, ਇਸ ਨੂੰ ਕੰਪਿਊਟਰ 'ਤੇ ਸੁੰਦਰ ਟਾਈਪ ਨਾਲ ਕੰਪੋਜ਼ ਕਰਵਾਇਆ ਗਿਆ ਹੈ। ਹੈਡਿੰਗ, ਚਲਦਾ ਮੈਟਰ, ਗੁਰਬਾਣੀ ਅਤੇ ਫੁਟ-ਨੋਟ ਵਖ ਵਖ ਟਾਈਪਾਂ ਵਿਚ ਦਿਤੇ ਗਏ ਹਨ, ਤਾਕਿ ਹਰੇਕ ਵਸਤੂ ਅਸਾਨੀ ਨਾਲ ਸਾਹਮਣੇ ਆ ਸਕੇ।

ਟ੍ਰਸਟ ਦੀ ਰੀਝ ਹੈ ਕਿ ਭਾਈ ਸਾਹਿਬ ਦੀਆਂ ਸਾਰੀਆਂ ਪੁਸਤਕਾਂ ਇਸੇ ਤਰ੍ਹਾਂ ਸੋਹਣੇ ਟਾਈਪਾਂ ਨਾਲ ਸੁੰਦਰ ਤੇ ਸ਼ੁੱਧ ਰੂਪ ਵਿਚ ਛਾਪੀਆਂ ਜਾਣ। ਇਹ ਰੀਝ ਸੰਗਤਾਂ ਦੇ ਪੂਰਨ ਸਹਿਯੋਗ ਦੁਆਰਾ ਹੀ ਪੂਰੀ ਹੋ ਸਕਦੀ ਹੈ।

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**
ਜੀ-23, ਸਰਾਭਾ ਨਗਰ, ਲੁਧਿਆਣਾ
੧੭-੪-੯੩

**ਬਲਬੀਰ ਸਿੰਘ**
ਸਕੱਤਰ

# ਗੁਰਮਤਿ ਬਿਬੇਕ

ਪੂਰਬਾਰਧ

## ਸਿਮਰਨ ਬਿਬੇਕ

ੴ ਸਤਿਗੁਰਪ੍ਰਸਾਦਿ ॥

# ਸਿਮਰਨ ਬਿਬੇਕ

## ੧. ਗੁਰਮਤਿ ਅਨੁਸਾਰ ਬਿਬੇਕ ਪਦ ਦੇ ਭਾਵ ਅਰਥ (ਅਤੇ ਗੁਰਮਤਿ ਬਿਬੇਕ ਦੀ ਤਾਰੀਫ਼) (definition) :

'ਬਿਬੇਕ' ਅਥਵਾ 'ਵਿਵੇਕ' ਦੋਈ ਇਕੋ ਹੀ ਅਰਥਾਂ ਵਾਲੇ ਪਦ ਹਨ । ਗੁਰਬਾਣੀ ਅੰਦਰ ਭਿੰਨ ਭਿੰਨ ਥਾਵਾਂ ਤੇ ਕਿਤੇ ਬਿਬੇਕੁ ਪਦ ਵਰਤਿਆ ਦੇਖਿਆ ਜਾਂਦਾ ਹੈ ਤੇ ਕਿਤੇ ਵਿਵੇਕੁ ਪਦੁ ਲਿਖਿਆ ਪਾਇਆ ਜਾਂਦਾ ਹੈ । ਪ੍ਰੰਤੂ ਭਾਵ ਹਰ ਅਸਥਾਨ ਤੇ ਸਮਾਨ ਅਤੇ ਇਕੋ ਹੀ ਹੈ । ਸਾਧਾਰਨ ਅਰਥ ਤਾਂ ਬਿਬੇਕ ਅਥਵਾ ਵਿਵੇਕ ਦਾ ਵਿਚਾਰ ਹੈ, ਪ੍ਰੰਤੂ ਗੁਰਮਤਿ ਅੰਦਰਿ ਇਸ ਬਿਬੇਕ ਵਿਚਾਰ ਤੋਂ ਭਾਵ ਨਿਰਾ ਸੋਚਿ ਵਿਚਾਰ ਦਾ ਨਹੀਂ । ਨਾਹੀ ਫੋਕਾ ਅਰਥ ਵਿਚਾਰ ਅਥਵਾ ਸ਼ੁਸ਼ਕ ਗਿਆਨ ਦਾ ਭਾਵ ਹੈ । ਕਿੰਤੂ ਸੱਚਾ ਵਿਚਾਰੁ ਵਿਵੇਕੁ ਗੁਰਮਤਿ ਅੰਦਰਿ ਅਤਿ ਉੱਚਾ ਗਹਿਰ ਗੰਭੀਰ ਭਾਵ ਰਖਦਾ ਹੈ । ਜੇਕਰ ਵਿਵੇਕ ਵਿਚਾਰ ਦੇ ਅਰਥ-ਭਾਵ ਨਿਰੇ ਸੋਚਿ ਵਿਚਾਰ ਦੇ ਹੀ ਹੁੰਦੇ ਤਾਂ "ਸੋਚੈ ਸੋਚਿ* ਨ ਹੋਵਈ ਜੇ ਸੋਚੀ ਲਖ ਵਾਰ ॥" (ਜਪੁ) ਰੂਪੀ ਗੁਰਵਾਕ ਦੁਆਰਾ ਫੋਕੀ ਸੋਚਿ ਵਿਚਾਰ ਗੁਰਮਤਿ ਪ੍ਰਤਿਕੂਲ ਨਾ ਸਿੱਧ ਹੁੰਦੀ, ਗੁਰਮਤਿ ਸੰਬੰਧੀ ਪ੍ਰਮਾਰਥ ਦੇ ਪ੍ਰਬੋਧਣ ਲਈ ਫੋਕੀ ਸੋਚਿ ਵਿਚਾਰ ਕਿਸੇ ਲੇਖੇ ਨਹੀਂ ਪੈਂਦੀ, ਭਾਵੇਂ ਲੱਖਾਂ ਵਾਰੀ ਅਜਿਹੀ ਸੋਚਿ ਵਿਚਾਰ ਕੀਤੀ ਵਿਚਾਰੀ ਜਾਵੇ ਅਤੇ ਭਾਵੇਂ ਲੱਖਾਂ ਵਾਰੀ ਫੋਕਟ ਹਠ-ਯੋਗ-ਸਮਾਧੀਆਂ ਲਾ ਲਾ ਕੇ ਅਤੇ ਮੋਨ ਧਾਰ ਧਾਰ ਕੇ meditation ਕੀਤੀ ਜਾਵੇ । ਨਿਰੀ ਵਿਚਾਰ-ਸ਼ਕਤੀ ਦੁਆਰਾ ਸੰਸਾਰ ਭਰ ਦੀਆਂ ਫੋਕੀਆਂ ਫ਼ਿਲਾਸਫ਼ੀਆਂ

---

*ਕਈ ਗਿਆਨੀ ਇਥੇ ਸੋਚਿ ਦੇ ਅਰਥ ਸੁਚ ਦੇ ਕਰਦੇ ਹਨ । ਪ੍ਰੰਤੂ ਗੁਰਬਾਣੀ ਅੰਦਰ 'ਚ' ਨਾਲ ਜਿਥੇ ਸਿਹਾਰੀ ਆਈ ਹੈ, ਉਥੇ ਅਰਥ ਸੋਚਿ ਵਿਚਾਰ ਦਾ ਲਿਆ ਗਿਆ ਹੈ । ਜਿਥੇ ਗੁਰਬਾਣੀ ਵਿਚ ਅਰਥ ਸੁਚ ਦਾ ਹੈ ਉਥੇ 'ਚ' ਨਾਲ ਸਿਹਾਰੀ ਨਹੀਂ ਵਰਤੀ ਗਈ । 'ਚ' ਮੁਕਤਾ ਹੁੰਦਾ ਹੈ । ਯਥਾ :

ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥੩॥੩॥

*ਗਉੜੀ ਸੁਖਮਨੀ ਮ : ੫, ਪੰਨਾ ੨੬੫*

ਦੂਜੇ ਕਈ ਗਿਆਨੀ ਇਥੇ 'ਸੋਚਿ' ਦੇ ਭਾਵ ਸੁਚ ਦੇ ਇਸ ਕਰਕੇ ਲੈਂਦੇ ਹਨ ਕਿ ਅਗੇ ਜਾ ਕੇ "ਸਹਸ ਸਿਆਣਪਾ ਲਖ ਹੋਹਿ" ਤੁਕ ਵਿਚ ਸੋਚਿ ਵਿਚਾਰ ਦੇ ਅਰਥ ਆਉਂਦੇ ਹਨ । ਪ੍ਰੰਤੂ ਤਦ ਵੀ ਸੋਚਿ ਦਾ ਭਾਵ ਸੁਚ ਦਾ ਨਹੀਂ ਲਗਦਾ । ਸੋਚਿ ਦਾ ਭਾਵ ਵਿਚਾਰ meditation ਹੁੰਦਾ ਹੈ ਅਤੇ ਸਹਸ ਸਿਆਣਪਾਂ ਤੋਂ ਭਾਵ ਗਿਆਨ ਅਥਵਾ philosophy ਦਾ ਲਿਆ ਗਿਆ ਹੈ ।

ਤੇ ਸ਼ਾਸਤ੍ਰਾਂ, ਸਿਮ੍ਰਤੀਆਂ, ਉਪਨਿਸ਼ਦਾਂ ਦੇ ਸਮੂਹ ਜੋ ਜੋ ਭੀ ਹੋਇ ਬਿਤਏ ਹੈਨ ਅਤੇ ਘੜੇ ਗਏ ਹੈਨ, ਅਥਵਾ ਘੜੇ ਜਾਣਗੇ, ਚਾਹੇ ਲੱਖ ਵਾਰ ਘੜੇ ਬਣਾਏ ਜਾਵਣ, ਗੁਰਮਤਿ ਅੰਦਰਿ ਕਦਾਚਿਤ ਪ੍ਰਮਾਣਿਤ ਸਿੱਧ ਨਹੀਂ ਹੋ ਸਕਦੇ। ਗੁਰਮਤਿ ਪ੍ਰਬੋਧੇ ਪ੍ਰਮਾਰਥੀ ਭਾਵ ਤੋਂ ਸੂਨ 'ਸਹਸ ਸਿਆਣਪ' ਵਾਲੀ ਵਿਚਾਰ ਬੁਧੀ, ਯਾ ਬੁਧਿ-ਵਿਚਾਰ ਨਿਰੀ ਕੁਬੁਧੀ ਅਤੇ ਅਵਿਚਾਰ ਅਬਿਬੇਕ ਵਾਲੀ ਕੁਮਤਿ ਮਤਿ ਹੀ ਹੈ। ਅਤੇ ਨਾ ਹੀ ਗੁਰਬਾਣੀ ਦੀ ਨਿਰੀ ਅਰਥਾਬੰਦੀ ਦਾ ਨਾਉਂ ਹੀ ਗੁਰਮਤਿ ਬਿਬੇਕੁ ਵੀਚਾਰੁ ਹੈ। ਚੁੰਚ ਗਿਆਨ ਮਈ ਵਿਦਿਆ ਵੀਚਾਰ, ਗੁਰਬਾਣੀ ਦੇ ਕਮਾਏ ਵਿਹੂਣ ਭਾਉ ਭਗਤਿ ਤੋਂ ਸੱਖਣੀ ਫੋਕਟ ਵਿਚਾਰ ਹੈ। ਸੱਚਾ ਵਿਚਾਰੁ ਵਿਵੇਕੁ, ਅਸਲ ਅਤੇ ਨਿਰੋਲ ਗੁਰਮਤਿ ਵਿਚਾਰ ਵਿਵੇਕ ਗੁਰਬਾਣੀ ਦੀ ਗੁਰਵਾਕਾਂ ਰੂਪੀ ਪ੍ਰਮਾਣਾਂ ਦੀ ਘਸਵਟੀ ਨਾਲ ਹੀ ਪਰਖਿਆ ਪ੍ਰਤਿਸਿਟਿਆ ਜਾ ਸਕਦਾ ਹੈ। ਸੋ ਸੱਚੇ ਗੁਰਮਤਿ ਵਿਚਾਰੁ (ਵਿਵੇਕ) ਦੇ ਅਸਲ ਗੁਰਮਤਿ ਭਾਵ ਨੂੰ ਹੇਠਲਾ ਗੁਰ ਪ੍ਰਮਾਣ ਨਿਤਾਰ ਕੇ ਸਪੱਸ਼ਟ ਕਰਦਾ ਹੈ। ਯਥਾ :

**ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥੧॥੯੯॥**

*ਸਿਰੀਰਾਗੁ ਮ: ੫, ਪੰਨਾ ੫੨*

ਇਹ ਹੈ ਗੁਰਮਤਿ ਬਿਬੇਕ ਦੀ ਅਸਲ ਤਾਰੀਫ਼ (definition), ਕੇਵਲ ਏਸੇ ਅਤੇ ਏਤਨੇ ਗੁਰਵਾਕ ਅੰਦਰ ਹੀ ਗੁਰਮਤਿ ਬਿਬੇਕ ਦੀ ਸਮੁੱਚੀ ਵਿਆਖਿਆ ਭਰੀ ਪਈ ਹੈ। ਇਸ ਗੁਰਵਾਕ ਦੇ ਭਾਵ ਅਨੁਸਾਰ ਸਤਿਗੁਰ ਦੇ ਬਚਨਾਂ ਦਾ ਜੋ ਕਮਾਵਣਾ ਹੈ, ਇਹ ਹੀ ਸੱਚਾ ਵੀਚਾਰ (ਵਿਵੇਕ) ਹੈ। ਯਾ ਦੂਜੇ ਅੱਖਰਾਂ ਵਿਚ ਇਉਂ ਕਹੋ ਕਿ ਗੁਰਬਾਣੀ ਰੂਪੀ ਸਤਿਗੁਰ ਬਚਨਾਂ ਦਾ ਕਮਾਵਣਾ ਹੀ ਅਸਲ ਗੁਰਮਤਿ ਬਿਬੇਕ ਹੈ। ਗੁਰਵਾਕਾਂ ਦਾ, ਗੁਰੂ ਦੇ ਬਚਨਾਂ ਦਾ, ਗੁਰਬਾਣੀ ਦਾ, ਨਿਰਾ ਅਰਥ ਵੀਚਾਰ ਕਰਨਾ ਹੀ ਕਿਸੇ ਜਨ ਨੂੰ ਗੁਰਮਤਿ ਬਿਬੇਕੀ ਨਹੀਂ ਬਣਾ ਸਕਦਾ। ਕਿੰਤੂ ਗੁਰ-ਬਚਨਾਂ ਨੂੰ, ਅਰਥਾਤ, ਗੁਰਬਾਣੀ ਰੂਪੀ ਹੁਕਮਾਂ ਨੂੰ ਹਿਰਦੇ ਅੰਦਰ ਵਸਾਉਂਦੇ ਹੋਇ ਉਨ੍ਹਾਂ ਉਪਰ ਅਮਲ ਕਰਨਾ, ਭਾਵ, ਉਹਨਾਂ ਨੂੰ ਮਨ, ਬਚਨ ਕਰ ਕੇ ਕਮਾਉਣਾ ਹੀ ਸੱਚਾ ਵੀਚਾਰ, ਅਰਥਾਤ,ਅਸਲ ਗੁਰਮਤਿ ਬਿਬੇਕ ਹੈ। ਹੁਕਮਾਂ ਨੂੰ ਕਮਾਉਣ ਤੋਂ ਤਾਤਪਰਜ ਹੁਕਮਾਂ ਉਤੇ ਚਲਣਾ ਹੈ। ਬਸ "ਹੁਕਮਿ ਰਜਾਈ ਚਲਣਾ" ਹੀ ਸੱਚਾ ਗੁਰਮਤਿ ਬਿਬੇਕ ਹੈ। ਗੁਰਬਾਣੀ ਦਾ ਗਾਵਿਆ ਸੁਣਿਆ ਅਤੇ ਵੀਚਾਰਿਆ ਤਦੇ ਹੀ ਭਲੀ ਬਿਧਿ ਫਲੀਭੂਤ ਹੋ ਕੇ ਥਾਇ ਪੈਂਦਾ ਹੈ, ਜਦ ਕਿ "ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ"* ਦੇ ਗੁਰ ਫ਼ੁਰਮਾਨ ਉਪਰ ਦ੍ਰਿੜ੍ਹਤਾ ਸਹਿਤ ਚਲਿਆ ਜਾਵੇ। ਇਸ ਬਿਧਿ, ਕੇਵਲ ਇਸ ਬਿਧਿ ਹੀ "ਮੰਨੇ ਕੀ ਗਤਿ ਕਹੀ ਨ ਜਾਇ ॥" ਵਾਲਾ ਮਰਤਬਾ ਸਤਿਗੁਰ ਦੀ ਦਰਗਹ ਤੋਂ ਮਿਲਦਾ ਹੈ। ਗੁਰਬਾਣੀ ਦੇ ਮੰਨਣ ਨਿਦਿਆਸਨ ਦੀ ਗਤਿ ਅਪਰ ਅਪਾਰ ਹੈ ਤੇ ਇਹ ਗੁਰਮਤਿ ਬਿਬੇਕ ਦਾ ਤਤਸਾਰ ਹੈ। ਬਸ "ਸਤਿਗੁਰ ਬਚਨ ਕਮਾਵਣੇ",

* ਪੂਰਾ ਗੁਰਵਾਕ ਇਉਂ ਹੈ :
ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥੧੧॥

*ਧਨਾਸਰੀ ਮ: ੪, ਪੰਨਾ ੬੬੯*

ਅਰਥਾਤ, "ਹੁਕਮਿ ਰਜਾਈ ਚਲਣਾ" ਹੀ ਸੱਚਾ ਵਿਚਾਰ ਵਿਵੇਕ ਅਥਵਾ ਗੁਰਮਤਿ ਵਿਵੇਕ ਹੈ।

## ੨. 'ਸਤਿਗੁਰ ਬਚਨ ਕਮਾਵਣ' ਅਤੇ 'ਹੁਕਮਿ ਰਜਾਈ ਚਲਣ' ਦਾ ਇੱਕ ਮਿੱਕ ਭਾਵ :

ਸਤਿਗੁਰ ਬਚਨ ਕਮਾਵਣਾ ਅਤੇ ਹੁਕਮਿ ਰਜਾਈ ਚਲਣਾ ਇਕੋ ਭਾਵ ਰਖਦਾ ਹੈ, ਕਿਉਂ ਜੁ ਸਤਿਗੁਰ ਬਚਨਾਂ ਰੂਪੀ ਬਾਣੀ "ਧੁਰ ਕੀ ਬਾਣੀ" ਹੈ। ਅਕਾਲ ਪੁਰਖ ਦੇ ਅਕਾਲੀ ਹੁਕਮਾਂ ਦਾ ਸਮੂਹ ਗੁਰਬਾਣੀ ਹੈ, ਅਰਥਾਤ, ਗੁਰਬਾਣੀ ਰੂਪੀ ਜਿਤਨੇ ਭੀ ਗੁਰਵਾਕ ਅਥਵਾ ਸਤਿਗੁਰ ਦੇ ਬਚਨ ਹਨ, ਸਭੇ ਧੁਰ ਅਕਾਲ ਪੁਰਖ ਦੇ ਹੁਕਮ ਹੈਨ, ਜੋ ਸਮੁੱਚੇ ਸਭ ਦੇ ਸਭ ਗੁਰੂ ਰੂਪ ਹੋ ਕੇ ਸਾਡੇ ਕਮਾਵਣ ਲਈ ਅਗੰਮ ਤੋਂ ਅਵਤਰੇ ਹਨ। ਏਸੇ ਲਈ ਸਾਨੂੰ ਦ੍ਰਿੜ੍ਹਾਇਆ ਗਿਆ ਹੈ :

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੁਹਹੁ ਕਢਾਏ ॥੨॥੧੪॥**

*ਗਉੜੀ ਕੀ ਵਾਰ, ਮ: ੪, ਪੰਨਾ ੩੦੮*

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ**
**ਇਉ ਆਤਮਰਾਮੈ ਲੀਨਾ ਹੇ ॥੧੪॥**

*ਮਾਰੂ ਮਹਲਾ ੧, ਪੰਨਾ ੧੦੨੮*

ਏਸੇ ਕਰਕੇ ਸਤਿਗੁਰੂ ਬਾਣੀ ਰੂਪੀ ਹਰ ਇਕ ਬਚਨ ਨੂੰ ਮੰਨਣਾ ਤੇ ਮੰਨ ਕੇ ਕਮਾਉਣਾ "ਹੁਕਮਿ ਰਜਾਈ ਚਲਣਾ" ਹੈ।

## ੩. ਗੁਰਮਤਿ ਬਿਬੇਕੀਆਂ ਦੇ ਬਿਬੇਕ ਵੀਚਾਰ ਦੀ ਵਿਸ਼ੇਸ਼ਤਾ ਅਤੇ ਵਿਲੱਖਣਤਾ :

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰਬਾਣੀ ਦੇ ਭਾਵ ਨੂੰ ਅੰਦਰਿ (ਰਿਦੰਤਰ) ਵਸਾਵਣਾ ਭੀ ਵੀਚਾਰ-ਸ਼ਕਤੀ ਦਾ ਕੰਮ ਹੈ। ਪਰੰਤੂ ਨਿਰੀ ਇਹ ਵੀਚਾਰ-ਸ਼ਕਤੀ ਹੀ ਅਥਵਾ ਗੁਰਬਾਣੀ ਦੀ ਵੀਚਾਰ ਹੀ ਕਿਸੇ ਪ੍ਰਾਣੀ (ਜਗਿਆਸੂ) ਨੂੰ ਗੁਰਮਤਿ-ਬਿਬੇਕੀ ਨਹੀਂ ਬਣਾ ਦਿੰਦੀ, ਜਦ ਤਾਈਂ ਕਿ "ਸੁਣਿਆ ਮੰਨਿਆ ਮਨਿ ਕੀਤਾ ਭਾਉ" ਵਾਲੀ ਗੁਰਮਤਿ ਘਾਲ ਨਾ ਘਾਲੀ ਜਾਏ। ਬਾਣੀ ਦੇ ਅਰਥ ਮਾਤ੍ਰ ਕਰਨ ਵਾਲੀ ਵੀਚਾਰ ਨਾਲ ਹੀ ਸੱਚੇ ਵਿਵੇਕੀ ਅਰਥਾਤ ਗੁਰਮਤਿ ਅਨਕੂਲ ਵਿਵੇਕੀ ਨਹੀਂ ਬਣ ਸਕੀਦਾ। ਗੁਰਮਤਿ ਵਿਵੇਕੀ ਜਨ ਵੀਚਾਰ ਸ਼ਕਤੀਓਂ ਸੁੰਨ ਨਹੀਂ ਹੁੰਦੇ, ਪ੍ਰੰਤੂ ਉਨ੍ਹਾਂ ਦੀ ਵੀਚਾਰ ਹੀ ਸੰਸਾਰੀਆਂ ਨਾਲੋਂ ਨਿਰਾਲੀ ਤੇ ਵਿਲੱਖਣ ਹੈ। ਆਪਣੇ ਮਨ ਦੀ ਮਤਿ ਤੋਂ ਉਪਜੀ ਬੁਧਿ ਵੀਚਾਰ ਦਾ ਗੁਰਮਤਿ ਬਿਬੇਕ ਅੰਦਰ ਕੋਈ ਦਖ਼ਲ ਨਹੀਂ। ਆਮ ਲੋਕਾਂ ਨੇ ਗੁਰਮਤਿ ਨੂੰ ਆਪਣੇ ਮਨ ਦੀ ਮਤਿ ਅਨੁਸਾਰ ਘੜਨਾ ਹੀ

ਬਿਬੇਕੀ ਬਣਨਾ ਸਮਝਿਆ ਹੋਇਆ ਹੈ। ਏਸੇ ਮਨ ਦੀ ਮਤਿ ਨੂੰ ਹੀ ਓਹ ਗੁਰਬਾਣੀ ਅਥਵਾ ਗੁਰਮਤਿ ਦੇ ਪਰਖਣ ਦੀ ਘਸਵਟੀ ਬਣਾਉਂਦੇ ਹਨ ਅਤੇ ਏਸੇ ਪਰਖਾ ਪਰਖੀ ਨੂੰ, ਅਰਥਾਤ, ਆਪਣੀ ਮਨਮਤਿ ਅਨੁਸਾਰ ਗੁਰਮਤਿ ਦੇ ਗੂੜ੍ਹ ਆਸ਼ੇ ਨੂੰ ਘੜ ਲੈਣ ਦੀ ਹਮਾਕਤ ਨੂੰ ਹੀ ਓਹ ਵਿਵੇਕ ਵੀਚਾਰ ਸਮਝਦੇ ਹਨ। ਅਲਪੱਗ ਬੁੱਧੀ ਜੇਕਰ ਸਰਬੱਗਤਾ ਦੇ ਆਸ਼ੇ ਨੂੰ ਤੋੜ ਮ੍ਰੋੜ ਕੇ ਆਪਣੀ ਅਲਪੱਗਤਾ ਦੇ ਦਾਇਰੇ ਅੰਦਰ ਲਿਆਉਣਾ ਚਾਹੇ ਤਾਂ ਇਹ ਅਤੀ ਅਸੰਭਵ ਗੱਲ ਹੈ। ਤਾਹੀਂ ਤੇ ਅਜਿਹੀ ਅਲਪੱਗਤਾ ਵਾਲੀ ਵੀਚਾਰ ਦਾ ਨਾਉਂ ਚੁੰਚ ਗਿਆਨ ਅਤੇ ਸ਼ੁਸ਼ਕ ਵੀਚਾਰ ਹੈ, ਜਿਸ ਦਾ ਗੁਰਮਤਿ ਅੰਦਰ ਉੱਕਾ ਹੀ ਵਿਧਾਨ ਨਹੀਂ। ਆਪਣੀ ਅਲਪੱਗ ਬੁੱਧੀ ਨੂੰ ਸਰਬੱਗ ਰਜ਼ਾ ਦੇ ਅਧੀਨ ਕਰ ਕੇ ਉਸ ਦਾ ਅਨੁਸਾਰੀ ਅਤੇ ਧਾਰਨੀ ਹੋਣਾ ਹੀ ਸੱਚਾ ਵੀਚਾਰ ਵਿਵੇਕ ਹੈ। ਅਜਿਹੀ ਅਨੁਸਾਰਤਾ ਅਤੇ ਧਾਰਨਾ ਬਿਨਾ 'ਹੁਕਮਿ ਰਜਾਈ ਚਲਣ' ਵਾਲੀ ਬਿਵਸਥਾ ਹੀ ਅਸੰਭਵ ਹੈ। ਤਾਂ ਤੇ ਇਸ ਉਚ ਬਿਵਸਥਾ ਦੀ ਪ੍ਰਾਪਤੀ ਲਈ ਜੋ ਸਤਿਗੁਰ ਦੇ ਸਮੂਹ ਅਤੇ ਸਮੱਗਰ ਬਚਨਾਂ ਦਾ ਕਮਾਉਣਾ ਹੈ, ਇਹ ਪੂਰਨ ਅਤੇ ਸੁੱਚਾ ਉੱਚਾ ਬਿਬੇਕ ਹੈ।

## ੪. ਗੁਰਮਤਿ ਬਿਬੇਕੀਆਂ ਦੀ ਭਿੰਨ ਭਿੰਨ ਬਿਵਸਥਾ ਦਾ ਸੰਖੇਪ ਨਿਰਣਾ :

ਸੋ ਅਸਲ ਅਤੇ ਪੂਰਨ ਬਿਬੇਕੀ ਉਹ ਹੀ ਸਿਖ ਹੈ ਜੋ ਸਤਿਗੁਰਾਂ ਦੇ ਸਮੱਗਰ ਬਚਨਾਂ ਨੂੰ ਕਮਾਵੇ, ਅਰਥਾਤ, ਇਕ ਇਕ ਹੁਕਮ ਰਜ਼ਾ ਉਤੇ ਚਲੇ। ਜਿਉਂ ਜਿਉਂ ਅਤੇ ਜਿਸ ਜਿਸ ਬਿਵਸਥਾ ਵਿਖੇ ਉਹ ਭਿੰਨ ਭਿੰਨ ਹੁਕਮਾਂ ਉਤੇ ਚਲਦਾ ਹੈ, ਤਿਤਨੀ ਹੀ ਬਿਵਸਥਾ ਦਾ ਬਿਬੇਕੀ ਹੈ। ਪ੍ਰੰਤੂ ਸਤਿਗੁਰੂ ਦੇ ਸਿਖ ਦਾ ਇਹ ਪੂਰਨ ਫ਼ਰਜ਼ ਹੈ ਕਿ ਸਤਿਗੁਰਾਂ ਦੇ ਹਰੇਕ ਹੁਕਮ, ਅਰਥਾਤ, ਸਮੱਗਰ ਗੁਰ-ਬਚਨ ਰੂਪੀ ਹੁਕਮਾਂ ਉਤੇ ਚਲਣ ਦਾ ਪ੍ਰਯਤਨ ਕਰੇ। ਚਾਹੇ ਸਤਿਗੁਰਾਂ ਦੇ ਸਮੱਗਰ ਬਚਨਾਂ ਦੇ ਕਮਾਉਣਹਾਰਾ ਹੀ ਪੂਰਨ ਬਿਬੇਕੀ ਸਿਖ ਹੋ ਸਕਦਾ ਹੈ, ਪ੍ਰੰਤੂ ਪੂਰਨ ਹੁਕਮੀ ਬੰਦਾ ਹੋਣ ਦੀ ਇਹ ਉਚ ਬਿਵਸਥਾ ਇਕ-ਦਮ ਅਤੇ ਇਕੋ ਵਾਗੀ ਪ੍ਰਾਪਤ ਹੋਣੀ ਬਹੁਤ ਵਿਰਲੀ ਹੈ। ਫੇਰ ਭੀ ਜਿਤਨੀ ਕਮਾਈ ਵਾਲੇ, ਅਰਥਾਤ, ਜਿਤਨੇ ਜਿਤਨੇ ਗੁਰ-ਬਚਨਾਂ ਦੇ ਕਮਾਵਣਹਾਰੇ ਹੁਕਮੀ ਬੰਦੇ ਗੁਰਸਿਖ ਹਨ, ਉਤਨੀ ਹੀ ਅਤੇ ਉਸੇ ਬਿਵਸਥਾ ਅਨੁਸਾਰ ਉਹ ਬਿਬੇਕੀ ਹਨ। ਸਭ ਤੋਂ ਵੱਡਾ ਬਿਬੇਕੀ ਤਾਂ ਇਹਨਾਂ ਹੁਕਮਾਂ ਦਾ ਪੁੰਜ, ਅਰਥਾਤ, ਬਿਬੇਕ ਦਾ ਸਤਿ ਸਰੋਵਰ, ਬਿਬੇਕ ਦਾ ਘਰ ਅਤੇ ਇਸ ਘਰ ਦਾ ਮਾਲਕ ਆਪ ਗੁਰੂ ਕਰਤਾਰ ਹੈ। ਯਥਾ ਗੁਰਵਾਕ :

**ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥**
**ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ ॥੩॥੪॥**

*ਆਸਾ ਕਬੀਰ ਜੀਉ, ਪੰਨਾ ੪੭੬*

**ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤਸਰੁ ॥**
**ਓਹ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥੩॥੨॥**

*ਆਸਾ ਮ: ੫, ਪੰਨਾ ੩੯੭*

ਅਤੇ ਇਹਨਾਂ ਹੁਕਮਾਂ ਰੂਪੀ ਬਚਨਾਂ ਨੂੰ ਕਮਾ ਕੇ ਪੂਰਨ ਕਮਾਈ ਦੁਆਰਾ ਹੁਕਮਾਂ ਅੰਦਰ ਲੀਨ ਹੋਇ ਵੇ (ਸਮਾਇ ਹੋਇ) ਗੁਰਸਿਖ ਜੀਵਨ ਮੁਕਤ ਸਿਖ ਪੂਰਨ ਬਿਬੇਕੀ ਹਨ। ਇਸ ਲੀਨਤਾ ਵਾਲੀ ਬਿਵਸਥਾ ਤੋਂ ਉਰਾਰ, ਏਕ ਅਥਵਾ ਅਨੇਕ ਹੁਕਮਾਂ ਦੀਆਂ ਕਮਾਈਆਂ ਵਾਲੇ ਭੀ ਭਿੰਨ ਭਿੰਨ ਬਿਵਸਥਾ ਦੇ ਬਿਬੇਕੀ ਕਹਿਲਾਉਣਗੇ। ਇਕ ਵੀ ਹੁਕਮ ਦੀ ਕਮਾਈ ਵਿਹੂਣ ਬਿਬੇਕੀ ਕਹਾਉਣ ਦਾ ਕੋਈ ਅਧਿਕਾਰੀ ਨਹੀਂ।

## ੫. ਤਤਸਾਰ ਬਿਬੇਕ-ਸਿਫਤਿ ਸਾਲਾਹ, ਗੁਰਮਤਿ ਦਾ ਮੁਖ ਮੰਤਵੀ ਸਿਰ ਕਰਮਨ ਕੇ ਕਰਮ ਵਰਣਨੰ :

ਸਤਿਗੁਰੂ ਦੇ ਜਿਤਨੇ ਭੀ ਹੁਕਮ, ਅਰਥਾਤ, ਹੁਕਮਾਂ ਰੂਪੀ ਬਚਨ ਹਨ, ਉਹਨਾਂ ਹੁਕਮਾਂ ਦਾ ਸਿਰ ਹੁਕਮ, ਅਰਥਾਤ, ਹੁਕਮਨ ਸਿਰ ਹੁਕਮ (ਤਤਸਾਰੁ ਹੁਕਮੁ) ਇਕੋ ਹੁਕਮ ਹੈ, ਜੋ ਸਮੱਗਰ ਹੁਕਮਾਂ ਦਾ ਕੇਂਦਰ ਹੈ। ਜਿਸ ਦੇ ਦਵਾਲੇ (ਗਿਰਦਾ ਗਿਰਦ) ਸਾਰੇ ਹੁਕਮ ਆਕਰਖਣੀ ਤਾਣ ਅੰਦਰ ਘੁੰਮਦੇ ਹਨ ਅਤੇ ਇਹੋ ਹੁਕਮ ਸਾਡੇ ਕਮਾਵਣ ਲਈ ਜਦੋਂ ਕਮਾਈ ਅੰਦਰ ਆਉਂਦਾ ਹੈ, "ਸਿਰਿ ਕਰਮਨ ਕੈ ਕਰਮਾ" ਬਣ ਜਾਂਦਾ ਹੈ। ਇਹ 'ਹੁਕਮਨ ਸਿਰ ਹੁਕਮ' ਅਥਵਾ 'ਕਰਮਨ ਸਿਰ ਕਰਮਾ' ਕੀ ਹੈ ? ਇਕੋ ਨਾਮ ਹੈ, ਜਿਸ ਨੂੰ ਕਿ ਸਿਫਤਿ ਸਲਾਹਣ,ਹਰਿ ਸਿਮਰਨ, ਹਰਿ ਕੀਰਤਨ, ਹਰਿ ਜਸ ਨਾਵਾਂ ਨਾਲ ਗੁਰਮਤਿ (ਗੁਰਬਾਣੀ) ਅੰਦਰ ਸੰਕੇਤ ਕੀਤਾ ਗਿਆ ਹੈ। ਜਦੋਂ ਇਹ ਹੁਕਮ ਅਥਵਾ ਹੁਕਮ ਰੂਪੀ ਨਾਮੁ ਕਮਾਵਣ ਅੰਦਰ ਆਉਂਦਾ ਹੈ, ਅਥਵਾ ਕਮਾਇਆ ਜਾਣ ਕਰਕੇ "ਸਿਰਿ ਕਰਮਨ ਕੈ ਕਰਮਾ" ਦੀ ਸੰਕੇਤਕ ਪਦਵੀ ਅੰਦਰ ਸੰਕੇਤਿਆ ਜਾਂਦਾ ਹੈ ਤਦੋਂ ਏਸੇ 'ਸਿਫਤਿ ਸਾਲਾਹ' ਰੂਪੀ "ਸਿਰਿ ਕਰਮਨ ਕੈ ਕਰਮਾ" ਨੂੰ ਗੁਰਮਤਿ ਬਿਬੇਕ ਰੂਪੀ ਸਾਰ ਕਰਣੀ, ਅਰਥਾਤ, ਤਤ ਸਾਰ ਬਿਬੇਕ ਦੇ ਨਾਮ ਨਾਲ ਪ੍ਰਸੋਧਿਆ ਪਰਮਾਨਿਆ ਅਤੇ ਸਨਮਾਨਿਆ ਜਾਂਦਾ ਹੈ। ਇਸ ਉਪਰਲੇ ਸਾਰੇ ਸਿਧਾਂਤ ਦੀ ਪੁਸ਼ਟੀ (ਪ੍ਰੋੜ੍ਹਤਾ) ਲਈ ਹੇਠ ਲਿਖੇ ਗੁਰ ਪ੍ਰਮਾਣ ਵੰਨਗੀ ਵਜੋਂ ਦ੍ਰਿਸ਼ਟੀ ਗੋਚਰ ਕਰਾਏ ਜਾਂਦੇ ਹਨ। ਯਥਾ :

**ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥**
**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥**

*ਸਿਰੀਰਾਗੁ ਮ: ੧, ਪੰਨਾ ੭੨*

**ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥**
**ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੬॥**

*ਸਿਰੀਰਾਗੁ ਮ: ੧, ਪੰਨਾ ੭੨*

**ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥**
**ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥੨੦॥**

*ਮਾਝ ਮ: ੫, ਪੰਨਾ ੧੦੦*

**ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥**
**ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥੧॥**

*ਮਾਝ ਮ: ੧, ਪੰਨਾ ੧੦੯*

**ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥**
**ਅਨਦਿਨੁ ਰੰਗਿ ਰਤਾ ਗੁਣ ਗਾਵੈ ॥ ਅੰਦਰਿ ਮਹਲਿ ਬੁਲਾਵਣਿਆ ॥੭॥੧੦॥**

*ਮਾਝ ਮ: ੩, ਪੰਨਾ ੧੧੫*

**ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥**

*ਸੋਰਠਿ ਮ: ੫, ਪੰਨਾ ੬੪੨*

ਏਹਨਾਂ ਗੁਰਵਾਕਾਂ ਤੋਂ ਸਾਫ਼ ਸਿਧ ਹੋਇਆ ਕਿ 'ਹੁਕਮਨ ਸਿਰ ਹੁਕਮ' 'ਏਕੋ ਨਾਮ ਹੈ' । ਜਿਨ੍ਹਾਂ ਨੇ ਅੰਦਰ ਸ਼ਬਦ ਵਸਾਇਆ ਹੈ, ਮਾਨੋ ਤਿਨ੍ਹਾਂ ਨੂੰ 'ਸਿਰ ਹੁਕਮਨ ਕੇ ਹੁਕਮ' ਮਨਾਇਆ ਹੈ । ਅਸਲ ਹੁਕਮਨ ਸਿਰ ਹੁਕਮ ਤਿਨ੍ਹਾਂ ਨੇ ਹੀ ਮੰਨਿਆ ਹੈ ਜਿਨ੍ਹਾਂ ਦੇ ਅੰਤਰਿ ਆਤਮੇ ਸਬਦੁ (ਨਾਮ-ਗੁਰਮੰਤ੍ਰ) ਬਸਿਆ ਹੈ, ਅਥਵਾ, ਜਿਨ੍ਹਾਂ ਨਾਮ ਨੂੰ ਕਮਾਇਆ ਤੇ ਅੰਦਰ ਵਸਾਇਆ ਹੈ, ਜਿਨ੍ਹਾਂ ਨੇ ਸਿਫਤਿ-ਸਾਲਾਹਣ ਰੂਪੀ ਸਾਰ ਕਮਾਈ ਕੀਤੀ ਤੇ ਕਰ ਕੇ ਤੋੜ ਨਿਭਾਈ, ਤਿਨ੍ਹਾਂ ਨੇ ਮਾਨੋ 'ਹੁਕਮ ਰਜਾਈ' ਚਲਣ ਦੀ ਗੁਰਮੁਖ ਪਦਵੀ ਪਾਈ । ਗੁਰ ਸਬਦੁ ਰੂਪੀ ਨਾਮ ਨੀਸਾਣ ਦੁਆਰਾ ਜਿਨ੍ਹਾਂ ਹਰਿ ਗੁਣ, ਹਰਿ ਜਸ ਵਖਾਣਿਆ, ਤਿਨ੍ਹਾਂ ਨੇ ਮਾਨੋ ਸੱਚਾ ਹੁਕਮ ਪਛਾਣਿਆ । ਇਹ ਸਿਫਤਿ-ਸਾਲਾਹ ਹਰਿ ਕੀਰਤਨ ਰੂਪੀ ਜਿਹੜੀ ਗੁਰਮਤਿ ਕਰਣੀ ਹੈ, ਇਹੋ ਤਤ ਸਾਰ ਬਿਬੇਕੁ, ਗੁਰਮਤਿ ਬਿਬੇਕੁ 'ਸਿਰਿ ਕਰਮਨ ਕੈ ਕਰਮਾ' ਰੂਪੀ ਬਿਬੇਕ ਹੈ । ਇਹੋ ਤਤ ਸਾਰ ਗੁਰਮਤਿ ਬਿਬੇਕ, ਮੋਖ ਦੁਆਰ ਪ੍ਰਾਪਤ ਕਰਾਵਣਹਾਰ ਹੈ । ਅਤੇ ਏਸੇ ਸਾਰ ਕੀਰਤ-ਕਰੰਮ ਦੇ ਰੰਗ ਰੱਤੇ ਪ੍ਰਾਣੀ ਨੂੰ ਇਹੋ ਗੁਰਮਤਿ ਬਿਬੇਕ, 'ਅੰਤਰਿ ਮਹਲਿ' 'ਬੁਲਾਵਣਹਾਰ' ਹੈ । ਇਹ ਕੀਰਤ-ਕਰੰਮ ਰੂਪੀ ਬਿਬੇਕ, ਇਹ ਸਿਫਤਿ-ਸਾਲਾਹਣ ਮਈ ਕਰਣੀ ਰੂਪੀ ਬਿਬੇਕ ਸਭ ਕਰਣੀਆਂ ਕਮਾਈਆਂ ਨਾਲੋਂ ਉੱਚਾ ਸੁੱਚਾ ਬਿਬੇਕ ਹੈ । ਪ੍ਰੰਤੂ ਇਹ ਬਿਬੇਕ ਹਰ ਇਕ ਸਿੱਖ ਜਗਿਆਸੂ ਨੂੰ ਇਕ-ਦਮ ਪ੍ਰਾਪਤ ਨਹੀਂ ਹੁੰਦਾ । ਉਹ ਵਿਰਲੇ ਅਤੇ ਵਡਭਾਗੇ ਜਨ ਹਨ, ਜਿਨ੍ਹਾਂ ਨੂੰ ਕਿ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ"* ਗੁਰਵਾਕ ਦੇ ਭਾਵ ਅਨੁਸਾਰ ਗੁਰੂ ਘਰ ਵਿਚਿ ਜਨਮ ਲੈਂਦਿਆਂ ਹੀ, ਅਰਥਾਤ, ਅੰਮ੍ਰਿਤ ਛਕਦਿਆਂ ਹੀ ਇਕ-ਦਮ ਇਹ ਉਚ ਕਲਾ ਦਾ ਗੁਰਮਤਿ ਬਿਬੇਕ ਪ੍ਰਾਪਤ ਹੋ ਜਾਂਦਾ ਹੈ । ਓਹਨਾਂ ਦਾ ਪੁਰਬ ਲਿਖੇ ਦਾ ਲਹਿਣਾ ਹੀ ਇਹੋ ਜਿਹਾ ਹੁੰਦਾ ਹੈ ਕਿ ਉਹ ਅੰਮ੍ਰਿਤ ਦੀ ਜਾਗ ਲਗਣ ਸਾਰ ਹੀ ਨਾਮ ਮਹਾਂ ਰਸ ਦੀ ਚਮਤਕਾਰੀ ਕਿਰਤ ਕਰੰਮੀ ਰੰਗਾਂ ਵਾਲੀ ਬਿਬੇਕ ਕਲਾ ਵਿਚ ਖੇਡਣ ਲਗ ਜਾਂਦੇ ਹਨ । ਪ੍ਰੰਤੂ ਓਹਨਾਂ ਲਈ ਭੀ ਉਹ ਸਮੂਚੇ ਹੁਕਮ ਪਾਲਣੇ ਅਤਿ ਜ਼ਰੂਰੀ ਹੁੰਦੇ ਹਨ ਜੋ ਕਿ ਅੰਮ੍ਰਿਤ ਦੇ ਸਮੇਂ ਦ੍ਰਿੜ੍ਹਾਏ ਜਾਂਦੇ ਹਨ, ਤੇ ਜਿਨ੍ਹਾਂ ਦੇ ਕਮਾਵਣ ਦੀ ਆਗਿਆ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਂਤ ਭਾਂਤ ਦੇ ਗੁਰਵਾਕਾਂ ਦਵਾਰਾ ਦਿੰਦੇ ਹਨ । ਯਾ ਦੂਜੇ ਪਦਾਂ ਵਿਚ ਇਉਂ ਕਹੋ ਕਿ ਸੁਤੇ ਸੁਭਾ ਹੀ ਉਹਨਾਂ ਤੋਂ ਉਹ ਹੀ ਕਰਮ ਹੁੰਦੇ ਹਨ

---

* ਰਾਮਕਲੀ ਮ: ੧ ਸਿਧ ਗੋਸਟਿ, ਅੰਕ ੨੦, ਪੰਨਾ ੯੪੦

ਜੋ ਗੁਰੂ ਕੀ ਆਗਿਆ ਅਨੁਸਾਰ ਹੋਣ। ਗੁਰੂ-ਆਗਿਆ ਦਾ ਪਾਲਣਾ ਅਥਵਾ ਗੁਰਮਤਿ ਹੁਕਮਾਂ ਦੀ ਅਨੁਸਾਰਤਾ ਓਹਨਾਂ ਦੀ ਇਕ ਸਹਜ ਸੁਭਾਵੀ ਖੇਡ ਹੁੰਦੀ ਹੈ। ਉਕਤ ਆਤਮ-ਤਰੰਗੀ ਬਿਬੇਕੀ ਜਨਾਂ ਦੀ ਰਹਿਣੀ ਬਹਿਣੀ, ਵਰਤੋਂ ਵਿਊਹਾਰੀ ਕਰਣੀ ਦੇ ਸਾਰੇ ਰੰਗ ਢੰਗ ਹੁਕਮੀ ਬੰਦੇ ਗੁਰਮੁਖਾਂ ਵਾਲੇ ਆਗਿਆ-ਆਧੀਨੀ ਚੋਜ ਹਨ। ਪਾਰ ਪਹੁੰਚੇ ਬਿਬੇਕੀ ਜਨਾਂ ਲਈ ਉਰਾਰ ਦਸ਼ਾ ਦੀ ਸਿਖ ਜਗਿਆਸਾ ਦੇ ਹੁਕਮੀ ਕਰਮ ਕਮਾਉਣੇ ਸੁਖੈਨ ਹੀ ਹੈਨ। ਪ੍ਰੰਤੂ ਆਮ ਸਿਖ ਜਗਿਆਸੂਆਂ ਨੂੰ, ਜਿਨ੍ਹਾਂ ਦੀ ਪਹੁੰਚ ਇਕ-ਦਮ ਸਿਫਤਿ-ਸਾਲਾਹ ਦੀ ਉਚ ਬਿਵਸਥਾ ਤੀਕ ਹੋਣੀ ਅਸੰਭਵ ਹੈ, ਤਿਨ੍ਹਾਂ ਨੂੰ ਇਸ ਸਿਫਤਿ-ਸਾਲਾਹ ਵਾਲੀ ਰਸਕ ਦਸ਼ਾ ਦੀ ਪ੍ਰਾਪਤੀ ਲਈ ਗੁਰ ਫ਼ੁਰਮਾਏ, ਗੁਰਮਤਿ ਦ੍ਰਿੜਾਏ ਸਮੱਗਰ ਕਰਮਾਂ ਦਾ ਕਰਨਾ, ਅਰਥਾਤ, ਹਰ ਪ੍ਰਕਾਰ ਗੁਰਮਤਿ ਰਹਿਣੀ ਰਹਿਣਾ ਖ਼ਾਸ ਤੌਰ ਤੇ ਅਤਿ ਜ਼ਰੂਰੀ ਹੈ। ਪ੍ਰੰਤੂ ਓਹਨਾਂ ਨੇ ਭੀ ਓਸੇ 'ਸਿਰਿ ਕਰਮਨ ਕੈ ਕਰਮਾ' ਅਥਵਾ ਸਿਰ ਹੁਕਮਨ ਦੇ ਹੁਕਮ ਨੂੰ ਮੁਖ ਆਦਰਸ਼ ਰਖਣਾ ਹੈ। ਸਿਫਤਿ-ਸਾਲਾਹ ਰੂਪੀ ਸਾਰ ਕਰਣੀ ਦੇ ਸੰਗ ਸਾਥ ਕਰਨ ਜੋਗ ਸਰਬ ਸਾਧਨ ਸੰਪੰਨ ਕਰਮ ਕਰਨੇ, ਜਿਨ੍ਹਾਂ ਦੇ ਕਰਨ ਦੀ ਕਿ ਗੁਰਮਤਿ ਅਨੁਸਾਰ ਆਗਿਆ ਹੈ, ਇਹ ਭੀ ਗੁਰਮਤਿ ਬਿਬੇਕ ਹੈ। ਜਿਸ ਦਾ ਪਾਲਨ ਕਰਨਾ ਜਾਂ ਜਿਸ ਦਾ ਧਾਰਨ ਕਰਨਾ, ਸਮਾਨ ਅਤੇ ਉਚ ਅਵਸਥਾ ਦੇ ਬਿਬੇਕੀ ਮਾਤ੍ਰ ਲਈ ਅਵੱਸ਼ ਜ਼ਰੂਰੀ ਹੈ। ਪੂਰਨ ਬਿਬੇਕੀ ਜਨ ਤੋਂ ਅਵੱਸ਼ਮੇਵ ਹੀ ਓਹੀ ਸੁਕਰਮ ਕਰਮ ਹੋਣਗੇ ਜੋ ਗੁਰਮਤਿ ਅਨਕੂਲ ਹਨ। ਗੁਰਮਤਿ ਪ੍ਰਤਿਕੂਲ ਯਾ ਗੁਰਮਤਿ ਬਿਬਰਜਤ ਕਰਮ ਪੂਰਨ ਬਿਬੇਕੀ ਜਨ ਤੋਂ ਹੋਣੇ ਅਨੁਚਿਤ ਹਨ। ਸਾਰ ਕਰਣੀ ਦੇ ਸਾਧਨ ਸੰਪੰਨ ਕਰਮ ਕਮਾਉਂਦੇ ਹੋਏ ਏਸ ਗੱਲ ਦਾ ਪੂਰਨ ਅਤੇ ਪੱਕਾ ਖ਼ਿਆਲ ਖਿਨ ਖਿਨ ਮਾਤ੍ਰ ਰਖਣਾ ਬਿਬੇਕੀ ਜਨ ਨੂੰ ਲੋੜੀਦਾ ਹੈ ਕਿ ਕਿਤੇ ਉਕਤ ਸਾਧਨ ਸੰਪੰਨ ਕਰਮਾਂ ਵਿਚ ਅਟਕ ਕੇ ਹੀ ਨਾ ਉਰਝ ਜਾਵੇ। ਅਤੇ ਮੁਖ ਮੰਤਵੀ ਸਾਰ ਕਰਣੀ ਨੂੰ ਨਾ ਵਿਸਾਰ ਬੈਠੇ, ਅਤੇ ਪਾਰ ਕਰਣੀ ਦੇ ਸਾਰ ਕਰੰਮ ਤੋਂ ਬੇਮੁਖ ਹੋ ਕੇ ਉਰਾਰ ਕਰਮਾਂ ਵਿਚੋਂ ਕਿਸੇ ਇਕ ਅਧਿਕ ਕਰਮ ਨੂੰ ਹੀ ਮੁਖ ਕਰਮ ਨਾ ਮੰਨ ਬੈਠੇ। ਮੁਖ ਮੰਤਵ ਹੈ ਸਾਡਾ ਨਾਮ ਦਵਾਰਾ ਨਾਮੀ ਅਕਾਲ ਪੁਰਖ ਦੀ ਪ੍ਰਾਪਤੀ। ਨਾਮੀ ਦੀ ਪ੍ਰਾਪਤੀ ਕਰਾਵਣਹਾਰਾ ਨਾਮ ਸਾਡਾ ਮੁਖ ਕਰਮ ਹੈ। ਜਿਤਨੇ ਵੀ ਹੋਰ ਕਰਮ ਗੁਰਬਾਣੀ ਅਥਵਾ ਗੁਰਮਤਿ ਦਵਾਰਾ ਸਾਨੂੰ ਦ੍ਰਿੜਾਏ ਜਾਂਦੇ ਹਨ, ਏਸੇ ਸਿਫਤਿ-ਸਾਲਾਹ ਦੀ ਸਾਧਨਾ ਲਈ ਸਹਾਇਕ ਕਰਮ ਹਨ। ਪ੍ਰੰਤੂ ਜੇ ਸਿਫਤਿ-ਸਾਲਾਹ ਤੋਂ ਬੇਮੁਖ ਹੋ ਕੇ ਜਾਂ ਸਿਫਤਿ-ਸਾਲਾਹ ਨੂੰ ਸਰਸਰੀ ਸਮਝ ਕੇ ਕੇਵਲ ਏਹਨਾਂ ਸਾਧਨ ਸੰਪੰਨ ਸਹਾਇਕ ਕਰਮਾਂ ਵਿਚ ਖੱਚਤ ਹੋ ਜਾਈਏ ਅਤੇ ਏਹਨਾਂ ਨੂੰ ਹੀ ਮੁਖ ਮੰਤਵੀ ਕਰਮ ਸਮਝਣ ਲਗ ਪਵੀਏ ਤਾਂ ਇਹ ਸਾਡੀ ਬਿਬੇਕ ਬਿਵਸਥਾ ਦੀ ਅਧੋਗਤੀ ਦੇ ਲਛਣ ਹੋਣਗੇ। ਉਚ ਬਿਬੇਕ ਦੇ ਖੋਜੀ ਲਈ ਆਪਣੇ ਮੁਖ ਮੰਤਵ ਤੋਂ ਬੇਮੁਖ ਹੋ ਜਾਣਾ ਗੁਰਮਤਿ ਮਾਰਗ ਦੇ ਅਸਲੀ ਸਿਧਾਂਤ ਤੋਂ ਪ੍ਰੇਡੇ ਜਾ ਪੈਣਾ ਹੈ। ਪ੍ਰੰਤੂ ਜਿਨ੍ਹਾਂ ਗੁਰਮਤਿ ਦ੍ਰਿੜਾਏ ਸੁਕਰਮ-ਕਰਮਾਂ ਦੇ ਕਰਨ ਕਰਕੇ ਬਿਬੇਕੀ ਜਨ ਆਪਣੇ ਉਚ ਬਿਬੇਕ ਦੇ ਸੁਹਾਗ ਭਾਗ ਨੂੰ ਪ੍ਰਾਪਤ ਹੋਇਆ ਹੈ, ਜੇ ਉਕਤ ਗੁਰਮਤਿ ਅਨਕੂਲ ਸੁਕਰਮ-ਕਰਮਾਂ ਦਾ, ਅਰਥਾਤ, ਗੁਰੂ ਦ੍ਰਿੜਾਈ ਰਹਤ ਰਹਿਣੀ ਵਾਲੇ ਬਿਬੇਕ ਧਾਰਨਾ ਦਾ ਉਹ ਪਰੀ-ਤਿਆਗ ਕਰ ਦੇਵੇ ਤਾਂ ਇਹ ਕੇਵਲ ਉਸ ਦੀ ਅਕ੍ਰਿਤਘਣਤਾ ਅਤੇ ਬਿਬੇਕ ਊਣਤਾ ਹੈ, ਕਿੰਤੂ ਦੂਤੀ ਗੁਰਮਤਿ ਪੈਰੋਕਾਰ ਜਗਿਆਸੂਆਂ ਨੂੰ ਗੁਮਰਾਹ ਕਰਨ ਦਾ ਕੁਚੱਜ ਹੈ।

## ੬. 'ਸਿਫਤਿ ਸਾਲਾਹ' ਅਸਾਡਾ ਮੁਖ ਕਰਮ ਅਤੇ ਫੇਰ ਇਹ ਮੁਖ ਕਰਮ ਗੁਰਮਤਿ ਵਿਖੇ ਤਤਸਾਰ ਬਿਬੇਕ ਕਿਵੇਂ ਕਹਾਉਂਦਾ ਹੈ :

ਹੁਣ ਪਹਿਲਾਂ ਏਥੇ ਇਸ ਭੇਦ ਦੇ ਭਲੀ ਪ੍ਰਕਾਰ ਖੋਲ੍ਹ ਕੇ ਸਪੱਸ਼ਟ ਕਰਨ ਦੀ ਲੋੜ ਹੈ ਕਿ ਗੁਰਮਤਿ ਅੰਦਰ 'ਸਿਫਤਿ ਸਾਲਾਹੁਣ', 'ਹਰਿ ਭਜਨ' ਅਰਥਾਤ 'ਨਾਮ ਜਪਣਾ', 'ਕੀਰਤਨ ਕਰਨਾ ਸੁਣਨਾ' ਆਦਿਕ ਮੁਖ ਕਰਮ ਤਤਸਾਰ ਬਿਬੇਕ ਰੂਪ ਕਿਸ ਬਿਧਿ ਸਿਧ ਹੋ ਸਕਦੇ ਹਨ । ਇਸ ਸਿਧਾਂਤ ਦੇ ਦ੍ਰਿੜ੍ਹਾਵਣ ਅਤੇ ਸਪੱਸ਼ਟਾਵਣ ਲਈ ਜਿਤਨੇ ਵੀ ਗੁਰ-ਪ੍ਰਮਾਣ (ਅਰਥਾਤ , ਗੁਰਵਾਕਾਂ ਰੂਪੀ ਪ੍ਰਮਾਣ) ਦਿਤੇ ਜਾਣ, ਉਤਨੇ ਹੀ ਅਤਿ ਲਾਭਵੰਦੇ ਹੋਣਗੇ । ਕਿਉਂਕਿ ਜਦ ਤੀਕ ਗੁਰ-ਬਚਨਾਂ ਰੂਪੀ ਹੁਕਮਨ ਸਿਰ ਹੁਕਮ, ਅਰਥਾਤ, ਸਿਰਤਾਜ ਹੁਕਮ ਨੂੰ ਯਾ ਕਰਮਨ ਸਿਰ ਕਰਮ, ਸਿਰਤਾਜ ਕਰਮ—ਨਾਮ ਸਿਫਤਿ-ਸਾਲਾਹ ਨੂੰ ਤਤਸਾਰ ਗੁਰਮਤਿ ਬਿਬੇਕ ਨਾ ਸਿਧ ਕਰ ਦਿਤਾ ਜਾਵੇ ਤਦ ਤੀਕ ਦੂਤੀ ਸਾਧਨ ਸੰਪੰਨ ਹੁਕਮ, ਅਰਥਾਤ, 'ਏਕੋ ਹੁਕਮ' ਦੇ ਅੰਤਰ ਦਾਇਰੀ (ਕੇਂਦਰ ਅਵਾਂਤਰੀ) ਗੁਰਮਤਿ ਕਰਮ ਕਿਸ ਬਿਧਿ ਗੁਰਮਤਿ ਬਿਬੇਕ ਦਾ ਅਵੱਸ਼-ਮੇਵੀ ਅੰਸ ਸਿਧ ਹੋ ਸਕਦੇ ਹਨ । ਏਸ ਸਿਫਤਿ-ਸਾਲਾਹ (ਹਰਿ ਭਜਨ, ਹਰਿ ਸਿਮਰਨ) ਰੂਪੀ ਸਿਰਤਾਜ ਹੁਕਮ, ਅਰਥਾਤ, ਸਿਰਤਾਜ ਕਰਮ ਨੂੰ ਤਤਸਾਰ ਬਿਬੇਕ ਦੀ ਤੁਲਤਾ ਦੇ ਸਮਾਨ ਤਤ ਗਿਆਨ ਦੀ ਸਮਸਰਤਾ ਭੀ ਪ੍ਰਾਪਤ ਹੈ । ਦੂਜੇ ਪਦਾਂ ਵਿਚ ਐਉਂ ਕਹੋ ਕਿ ਤਤਸਾਰ ਬਿਬੇਕ ਅਤੇ ਤਤ ਗਿਆਨ ਦਾ ਭਾਵ ਗੁਰਮਤਿ ਅੰਦਰ ਇਕੋ ਹੀ ਹੈ । ਇਸ ਵਿਸ਼ੇ ਦੀ ਪ੍ਰੌੜ੍ਹਤਾ ਪ੍ਰਥਾਇ ਹੁਣ ਯਥਾ ਕਰਮ ਗੁਰ ਪ੍ਰਮਾਣ ਉਦਾਹਰਣ ਮਾਤ੍ਰ ਨਿਰੂਪਣ ਕਰਾਏ ਜਾਂਦੇ ਹਨ :

**ਜੁਗਹ ਜੁਗੰਤਰਿ ਇਹੁ ਤਤੁ ਸਾਰੁ ।। ਹਰਿ ਸਿਮਰਣੁ ਸਾਚਾ ਬੀਚਾਰੁ ।।੩।।੨੯।।**

*ਭੈਰਉ ਮ: ੫, ਪੰਨਾ ੧੧੪੪*

ਭਾਵ, ਸਤਿਗੁਰ ਬਚਨਾਂ ਦੀ ਕਮਾਈ ਦਾ ਸਾਰ ਤਤ "ਹਰਿ ਸਿਮਰਣੁ" (ਸਿਫਤਿ-ਸਾਲਾਹ) ਹੈ ਅਤੇ ਸਤਿਗੁਰ ਬਚਨ ਕਮਾਵਣਾ ਸੱਚਾ ਵਿਵੇਕ ਵੀਚਾਰ ਪਹਿਲਾਂ ਸਿਧ ਹੋ ਚੁਕਾ ਹੈ । ਤਾਂ ਤੇ ਹਰਿ ਸਿਗਮਨ (ਸਿਫਤਿ-ਸਾਲਾਹ) ਹੀ ਤਤ ਸਾਰ ਬਿਬੇਕ (ਸੱਚਾ ਵਿਚਾਰ ਬਿਬੇਕ) ਹੈ—(ਬੀਚਾਰ ਅਥਵਾ ਵਿਚਾਰ ਅਤੇ ਵਿਵੇਕ ਤੋਂ ਭਾਵ ਇਕੋ ਹੀ ਹੈ, ਜੈਸਾ ਕਿ ਪਹਿਲਾਂ ਸਿਧ ਹੋ ਚੁਕਾ ਹੈ) ।

## ੭. ਸਿਮਰਨ ਦਾ ਅਨੰਦ ਤੇ ਤੱਤ ਕਮਾਈ ਸੱਚਾ ਬਿਬੇਕ ਸਾਰ :

**ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ।।**
**ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ।।੧।।੫੯।।**

*ਬਿਲਾਵਲੁ ਮ: ੫, ਪੰਨਾ ੮੧੫*

ਭਾਵ, ਨਾਮ (ਸਿਫਤਿ-ਸਾਲਾਹ) ਸੰਬੰਧੀ ਉਦਮ ਕਰਨ ਮਾਤ੍ਰ ਵਿਚ ਭੀ ਇਕ ਆਨੰਦ ਹੈ,ਅਤੇ ਨਾਮ ਸਿਮਰਨ ਕਰਿ ਸਾਰ ਸੁਖ (ਸੱਚੇ ਆਤਮ-ਆਨੰਦ) ਦੀ ਪ੍ਰਾਪਤੀ ਹੁੰਦੀ ਹੈ । ਅਤੇ ਜਿਉਂ ਜਿਉਂ ਇਹ ਤਤ ਸਾਰ ਆਤਮ-ਆਨੰਦੀ ਦਸ਼ਾ ਪ੍ਰਾਪਤ ਹੁੰਦੀ ਹੈ, ਤਿਉਂ ਤਿਉਂ ਵਧੇਰੇ ਵਧੇਰੇ ਨਾਮ ਜਪੀਦਾ ਹੈ । ਇਸ ਬਿਧਿ, ਕੇਵਲ ਇਸ ਬਿਧਿ

ਹੀ ਪ੍ਰਾਪਤ ਕੀਤੀ ਅਥਾਹ ਆਤਮ-ਆਨੰਦੀ ਰੰਗਾਂ ਵਾਲੀ ਸਿਫਤਿ-ਸਾਲਾਹ ਦੀ ਅਤਿ ਉੱਚੀ ਬਿਵਸਥਾ ਦਾ ਨਾਮ ਹੀ ਪੂਰਨ ਬੀਚਾਰੁ, ਅਰਥਾਤ, ਕਮਾਲ ਦਸ਼ਾ ਦਾ ਤਤ ਸਾਰ ਬਿਬੇਕੁ ਹੈ । ਤਾਂ ਤੇ ਗੁਰਸਿੱਖੀ ਦਾ ਮੁਖ ਕਰਮੁ, ਨਾਮ ਦੀ ਕਮਾਈ ਹੈ ਅਤੇ ਇਹੋ ਨਾਮ (ਸਿਫਤਿ-ਸਾਲਾਹ) ਰੂਪੀ ਤਤ ਕਮਾਈ ਸਾਰ ਗੁਰਮਤਿ ਬਿਬੇਕੁ ਹੈ ।

**ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ...॥੪॥**
**ਸਾਧ ਸੰਗਿ ਮਿਲਿ ਕਰਹੁ ਅਨੰਦ ॥ ਗੁਨ ਗਾਵਹੁ ਪ੍ਰਭ ਪਰਮਾਨੰਦ ॥**
**ਰਾਮ ਨਾਮ ਤਤੁ ਕਰਹੁ ਬੀਚਾਰੁ ॥ ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥**
**ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥ ਪ੍ਰਾਨ ਤਰਨ ਕਾ ਇਹੈ ਸੁਆਉ ॥੫॥੨੨॥**
*ਗਉੜੀ ਸੁਖਮਨੀ ਮ: ੫, ਪੰਨਾ ੨੯੨-੯੩*

ਏਸ ਤੋਂ ਵਧ ਕੇ ਹੋਰ ਕੋਈ ਬੀਚਾਰੁ (ਬਿਬੇਕ) ਨਹੀਂ, ਜੇ ਕਿਸੇ ਅਭਿਆਸੀ ਜਨ ਦੇ ਮਨ ਵਿਖੇ ਨਾਮ ਦੀ ਕਮਾਈ ਦਵਾਰਾ ਨਾਮੀ ਨਿਰੰਕਾਰ ਦਾ ਨਿਵਾਸ ਹੋਇਆ ਹੈ । ਅਰਥਾਤ, ਨਾਮੀ ਨਿਰੰਕਾਰ ਨੂੰ ਮਨ ਵਿਖੇ ਵਸਾਵਣਹਾਰ ਨਾਮ ਅਭਿਆਸ ਦੀ ਸਾਰ ਕਮਾਈ ਹੀ ਉੱਚਾ ਸੁੱਚਾ ਬਿਬੇਕ ਬੀਚਾਰ ਹੈ । ਏਸ ਸਾਰ ਤਤ ਬਿਬੇਕ ਕਮਾਈ ਦਾ ਆਨੰਦ ਵਿਸ਼ੇਸ਼ ਕਰਕੇ ਸਾਧ ਸੰਗ ਵਿਖੇ ਮਿਲ ਕੇ ਹੀ ਲਿਆ ਜਾਂਦਾ ਹੈ । ਤਾਂ ਤੇ ਸਾਧ ਸੰਗਤ ਵਿਚ ਜਾ ਕੇ ਜੁੜਨਾ ਅਤੇ ਪ੍ਰਭ ਪਰਮਾਨੰਦ ਦੇ ਗੁਣ ਗਾਉਣੇ ਇਹ ਤਤ-ਆਨੰਦੀ ਬਿਬੇਕ ਕਰਮ ਹੈ, ਜਿਸ ਦੇ ਕਮਾਵਣ ਦਾ ਇਸ ਗੁਰਵਾਕ ਰੂਪ ਗੁਰ-ਬਚਨ ਦਵਾਰਾ ਸਿੱਖਾਂ ਪ੍ਰਤੀ ਹੁਕਮ ਹੈ । ਪਿਛਲੀ ਦੁਤੁਕੀ ਅੰਦਰ ਆਏ ਗੁਰ-ਬਚਨ ਦਾ ਕਮਾਵਣਾ, ਅਰਥਾਤ, ਸਾਧ ਸੰਗ ਵਿਖੇ ਆਨੰਦ ਪੂਰਬਕ ਗੋਬਿੰਦ ਗੁਣ ਗਾਵਣਾ ਸੱਚਾ ਵੀਚਾਰੁ ਵਿਵੇਕੁ ਹੈ ।

## ੮. ਨਾਮ ਰੂਪ ਸਿਫਤਿ-ਸਾਲਾਹ ਹੀ ਤੱਤ ਸਾਰ ਬਿਬੇਕ ਹੈ :

ਤਤ ਵੀਚਾਰ ਜੋ ਕਰਨ ਜੋਗ ਹੈ, ਸੋ ਰਾਮ ਨਾਮ ਦਾ ਵੀਚਾਰ ਹੈ । ਨਾਮ ਦੇ ਵੀਚਾਰ ਤੋਂ ਭਾਵ ਨਾਮ ਦਾ ਅਭਿਆਸ ਕਰਨਾ ਹੈ । ਤਾਂ ਤੇ ਨਾਮ ਦਾ ਅਭਿਆਸ ਕਰਨਾ, ਅਰਥਾਤ, ਸਿਫਤਿ-ਸਾਲਾਹ ਹੀ ਤਤ ਸਾਰ ਬਿਬੇਕ ਹੈ । ਯਦਿ ਏਸੇ ਸਿਫਤਿ-ਸਾਲਾਹ ਦੁਆਰਾ ਹੀ ਮਨੁਖਾ ਦੇਹੀ ਦਾ ਉਧਾਰ ਹੁੰਦਾ ਹੈ । ਅਤੇ ਏਹੀ 'ਪ੍ਰਾਨ ਤਰਨ ਕਾ ਸੁਆਉ' ਹੈ । ਤਾਂ ਤੇ ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ ਹੀ ਤਤ ਕਮਾਈ ਜੋਗ ਮੁਖ ਕਰਮ ਹੈ ।

**ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥**
**ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥**
**ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥**
**ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥੩੮॥**
*ਗਉੜੀ ਬੈਰਾਗਣਿ ਮ: ੩, ਪੰਨਾ ੧੬੩*

ਸਿਧਾਂਤ ਇਹ ਕਿ ਗੁਰਮਤਿ ਗਿਆਨ, ਜੋ ਕੇਵਲ ਸਤਿਗੁਰੂ ਦਵਾਰਾ ਪ੍ਰਾਪਤ

ਹੁੰਦਾ ਹੈ, ਉਹ ਹਰਿਨਾਮ ਰੂਪੀ ਅਭਿਆਸ ਦੀ ਤਤ ਕਮਾਈ ਹੈ। 'ਹਰਿ ਤਤ ਬੀਚਾਰਾ' ਇਹ ਸਚਾ ਗਿਆਨ ਹੈ, 'ਹਰਿ ਤਤ ਬੀਚਾਰਾ' ਤੋਂ ਭਾਵ ਨਾਮ ਦੀ ਤਤ ਅਭਿਆਸ ਕਮਾਈ ਹੈ। ਤਾਂ ਤੇ ਨਾਮ ਰੂਪ ਸਿਫਤਿ-ਸਾਲਾਹ ਹੀ ਤਤ ਸਾਰ ਬਿਬੇਕ ਹੈ ਤੇ ਇਹੋ ਗੁਰਮਤਿ ਗਿਆਨ ਹੈ।

## ੯. ਤੱਤ ਗੁਰਮਤਿ ਗਿਆਨ ਦੀ ਬਹੁ-ਪੱਖੀ ਵਿਆਖਿਆ :

ਏਸੇ ਗੁਰਮਤਿ ਗਿਆਨ ਤਤ ਸਾਰ ਬਿਬੇਕ ਦਾ ਕਮਾਵਣਾ ਗੁਰਸਿਖ ਬਿਬੇਕੀ ਦਾ ਮੁਖ ਕਰਮ ਤੇ ਮੁਖ ਧਰਮ ਹੈ। ਨਾਮ-ਸਿਫਤਿ-ਸਾਲਾਹ ਗਿਆਨ ਸਰੂਪ ਇਸ ਕਰਕੇ ਹੈ ਕਿ ਇਸ ਦੀ ਅਭਿਆਸ ਕਮਾਈ (ਜਾਪ) ਦਵਾਰਾ ਮਤਿ ਮਲੀਨ ਉਜਲੀ ਹੋ ਜਾਂਦੀ ਹੈ। ਅਤੇ ਇਸ ਦੇ ਅੰਦਰ ਜੋਤਿ ਪ੍ਰਕਾਸ਼ ਦਾ ਉਜਿਆਰਾ ਹੋ ਜਾਂਦਾ ਹੈ।

**ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥**
**ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥੩੪॥**

*ਗਉੜੀ ਗੁਆਰੇਰੀ ਮ: ੩, ਪੰਨਾ ੧੬੨*

ਇਸ ਗੁਰ ਪ੍ਰਮਾਣ ਤੋਂ ਸਾਫ਼ ਸਪੱਸ਼ਟ ਇਹ ਹੀ ਭਾਵ ਹੈ ਕਿ 'ਗੁਰ ਸਬਦ' (ਗੁਰਮੰਤ੍ਰ-ਨਾਮ) ਹੀ ਅਸਲ ਗਿਆਨ ਧਿਆਨ ਹੈ ਅਤੇ ਰਸ ਜੋਤਿ ਪ੍ਰਕਾਸ਼ਕ ਮੀਠਾ ਗਿਆਨ ਧਿਆਨ ਹੈ। ਪਰ ਇਹ ਕਿਸੇ ਵਡਭਾਗੇ ਵਿਰਲੇ ਜਨ ਨੇ ਹੀ ਚਖ ਕੇ ਡਿੱਠਾ ਹੈ, ਜਿਸ ਦੇ ਉਪਰ ਗੁਰੂ ਦੀ ਕਿਰਪਾ ਹੋਈ ਹੈ ਅਤੇ ਗੁਰੂ ਦੀ ਕਿਰਪਾ ਸਿਰਫ਼ ਗੁਰਸਿੱਖਾਂ ਤੇ ਹੁੰਦੀ ਹੈ, ਜੋ 'ਗੁਰੂ ਦਵਾਰੇ ਹੋਇ ਕੈ' ਸਾਹਿਬ ਸਮ੍ਾਲਦੇ ਹਨ ਤੇ ਜੋ ਸਤਿਗੁਰ ਦੇ ਘਰ ਜਨਮ ਲੈ ਕੇ (ਅੰਮ੍ਰਿਤ ਛਕ ਕੇ) ਗੁਰ-ਮੰਤ੍ਰ ਪ੍ਰਾਪਤ ਕਰਦੇ ਹਨ।

## ੧੦. ਕੀਰਤਨ : ਪੂਰਨ ਗਿਆਨ :

**ਸੁਖ ਦਾਤਾ ਦੂਖ ਭੰਜਨਹਾਰਾ ਗਾਉ ਕੀਰਤਨੁ ਪੂਰਨ ਗਿਆਨੁ ॥**
**ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨੇ ਬਿਨਸਿਓ ਮੂੜ ਅਭਿਮਾਨੁ ॥੧॥੮॥**

*ਨਟ ਮ: ੫, ਪੰਨਾ ੯੭੯*

ਸਿੱਟਾ ਇਹ ਹੈ ਕਿ ਕੀਰਤਨ ਗਾਵਣ ਰੂਪੀ ਸਿਫਤਿ-ਸਾਲਾਹ ਕਰਨਾ ਹੀ ਪੂਰਨ ਗੁਰਮਤਿ ਗਿਆਨ ਹੈ। ਯਦਿ 'ਹਰਿ ਕੀਰਤਨ', 'ਸਿਰ ਕਰਮਨ ਕੇ ਕਰਮਾ' ਹੈ, ਅਰਥਾਤ, ਮੁਖ ਬਿਬੇਕੁ ਕਰਮ ਹੈ, ਤਦੇ ਹੀ ਹੁਕਮ ਮਿਲਦਾ ਹੈ ਕਿ 'ਗਾਉ' ਇਹ ਕੀਰਤਨ। ਯਦਿ ਅਜਿਹਾ ਮੁਖ ਕਰਮ—ਬਿਬੇਕ ਹੈ ਕਿ ਇਸ ਕਰਮ ਦਾ ਬਿਨਾਸ ਤੁਰੀਆ ਪਦ ਵਿਖੇ ਭੀ ਜਾ ਕੇ ਨਹੀਂ ਹੁੰਦਾ, ਅਰਥਾਤ, ਦਸਮ ਦੁਆਰਾ ਅਗਮ ਅਪਾਰਾ ਪ੍ਰਾਪਤ ਕਰ ਲੈਣ ਪਰ ਭੀ ਅਖੰਡ ਕੀਰਤਨ ਦੇ ਅਖਾੜਿਆਂ ਦੀ ਖੁਲ੍ਹ ਖੇਡ ਬਣੀ ਰਹਿੰਦੀ ਹੈ। ਤਾਂ ਹੀ ਤੇ ਇਹ ਕੀਰਤਨ ਪੂਰਨ ਗਿਆਨ ਸਰੂਪ ਹੈ। ਜੋ ਕੀਰਤਨ ਸੱਚੇ ਸੁਖ ਅਤੇ ਸਰਬ ਸੁਖਾਂ ਦਾ ਦਾਤਾ ਹੈ, ਜੋ ਹਰਿ ਕੀਰਤਨੁ ਜਨਮ ਮਰਨ ਦੇ ਦੁਖ ਅਤੇ ਸਰਬ ਦੁਖਾਂ ਦਾ ਭੰਜਨਹਾਰਾ ਹੈ ਅਤੇ ਕਾਮ, ਕ੍ਰੋਧ ਅਤੇ ਲੋਭ ਨੂੰ ਖੰਡ ਖੰਡ ਕਰਨਹਾਰਾ ਹੈ

ਅਤੇ ਮੂੜ੍ਹ ਅਭਿਮਾਨ ਨੂੰ ਬਿਨਾਸਨਹਾਰਾ ਹੈ, ਉਸ ਹਰਿ ਕੀਰਤਨ ਰੂਪੀ ਸਿਫਤਿ-ਸਾਲਾਹ ਤੋਂ ਵਧ ਕੇ ਹੋਰ ਕੋਈ ਗਿਆਨ ਨਹੀਂ। ਅਥਵਾ, ਪੂਰਨ ਗਿਆਨ ਇਹ ਹਰਿ ਕੀਰਤਨ ਰੂਪੀ ਸਦਾ ਸਿਫਤਿ-ਸਾਲਾਹੀ ਧਿਆਨ ਹੈ।

## ੧੧. ਹਰਿ ਭਜਨ : ਤੱਤ ਗਿਆਨ ਧਿਆਨ :

**ਛੋਡਿ ਸਗਲ ਸਿਆਣਪਾ ਮਿਲਿ ਸਾਧ ਤਿਆਗਿ ਗੁਮਾਨੁ ॥**
**ਅਵਰੁ ਸਭੁ ਕਿਛੁ ਮਿਥਿਆ ਰਸਨਾ ਰਾਮ ਰਾਮ ਵਖਾਨੁ ॥੧॥**
**ਮੇਰੇ ਮਨ ਕਰਨ ਸੁਣਿ ਹਰਿ ਨਾਮੁ ॥**
**ਮਿਟਹਿ ਅਘ ਤੇਰੇ ਜਨਮ ਜਨਮ ਕੇ ਕਵਨ ਬਪੁਰੋ ਜਾਮੁ ॥੧॥ਰਹਾਉ॥**
**ਦੂਖ ਦੀਨ ਨ ਭਉ ਬਿਆਪੈ ਮਿਲੈ ਸੁਖ ਬਿਸ੍ਰਾਮੁ ॥**
**ਗੁਰ ਪ੍ਰਸਾਦਿ ਨਾਨਕੁ ਬਖਾਨੈ ਹਰਿ ਭਜਨੁ ਤਤੁ ਗਿਆਨੁ ॥੨॥੧॥੨੪॥**

*ਮਾਰੂ ਮ: ੫, ਪੰਨਾ ੧੦੦੬*

ਭਾਵ, ਨਿਚੋੜ ਇਹ ਕਿ 'ਹਰਿ ਭਜਨੁ' (ਸਿਫਤਿ-ਸਾਲਾਹ) ਰੂਪੀ ਸਿਰ ਕਰਮਨ ਕੇ ਕਰਮ (ਨਾਮ ਅਭਿਆਸ ਰੂਪੀ ਮੁਖ ਕਰਮ ਕਮਾਈ) ਹੀ ਤਤ ਗਿਆਨ ਅਰਥਾਤ ਸਾਰ ਬਿਬੇਕ ਹੈ।

**ਪਾਰਬ੍ਰਹਮ ਪ੍ਰਭ ਸੁਖ ਨਿਧਾਨ ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥੪॥੩੬॥**

*ਭੈਰਉ ਮ: ੫, ਪੰਨਾ ੧੧੪੬*

'ਤਤ ਗਿਆਨ' ਕੀ ਹੈ ? 'ਹਰਿ ਅੰਮ੍ਰਿਤ ਨਾਮ' ਹੀ 'ਤਤ ਗਿਆਨ' ਹੈ। ਇਹੋ ਸਾਰ ਬਿਬੇਕ ਹੈ, ਭਾਵ ਸਪੱਸ਼ਟ ਹੈ।

**ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥੨॥੪੮॥**

*ਭੈਰਉ ਮ: ੫, ਪੰਨਾ ੧੧੫੦*

ਅਸਲ ਗਿਆਨੀ ਸੋਈ ਪੁਰਸ਼ ਹੈ ਜੋ ਇਕ ਅਕਾਲ ਨੂੰ ਸਿਮਰਦਾ ਹੈ। ਓਹ ਹੀ ਸੱਚਾ ਧਨਵੰਤ (ਸਚੇ ਤੇ ਅਬਿਨਾਸ਼ੀ ਧਨ ਦਾ ਮਾਲਕ) ਹੈ ਜਿਸ ਨੂੰ ਇਕ ਅਕਾਲ ਦੀ ਸਿਮਰਨ ਰੂਪੀ ਸੱਚੀ ਬੁਧਿ ਬਿਬੇਕ ਪ੍ਰਾਪਤ ਹੈ। ਸਿਧਾਂਤ ਇਹ ਕਿ ਇਕ ਅਕਾਲ ਦਾ ਸਿਮਰਨਾ ਹੀ ਸੱਚਾ ਗਿਆਨੁ ਹੈ। ਅਤੇ ਇਸ ਗਿਆਨ ਰੂਪੀ ਸੱਚੇ ਧਨ ਦਾ ਸਿੰਚਨ ਕਰਨਾ (ਨਾਮ-ਸਿਫਤਿ-ਸਾਲਾਹ ਦਾ ਕਮਾਣਾ) ਹੀ ਸਾਰ ਬੁਧਿ ਬਿਬੇਕ ਹੈ।*

**ਜੇ ਲੋੜਹਿ ਸਦਾ ਸੁਖੁ ਭਾਈ ॥ ਸਾਧੂ ਸੰਗਤਿ ਗੁਰਹਿ ਬਤਾਈ ॥**
**ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ ॥੩॥**
**ਸਗਲ ਤਤ ਮਹਿ ਤਤੁ ਗਿਆਨੁ ॥ ਸਰਬ ਧਿਆਨ ਮਹਿ ਏਕੁ ਧਿਆਨੁ ॥**
**ਹਰਿ ਕੀਰਤਨ ਮਹਿ ਊਤਮ ਧੁਨਾ ॥ ਨਾਨਕ ਗੁਰ ਮਿਲਿ ਗਾਇ ਗੁਨਾ ॥੪॥੮॥**

*ਬਸੰਤੁ ਮ: ੫, ਪੰਨਾ ੧੧੮੨*

---

*ਇਸ ਨਾਮ ਸਿਫਤਿ-ਸਾਲਾਹ ਰੂਪੀ ਸਾਰ ਬੁਧਿ ਬਿਬੇਕ, ਅਰਥਾਤ, ਸੱਚੇ ਗਿਆਨ ਦਾ ਪ੍ਰਾਪਤ ਹੋਣਾ ਕੇਵਲ ਗੁਰਮਤਿ ਧਰਮ ਧਾਰਨ ਕਰ ਕੇ ਹੀ ਸੰਭਵ ਹੈ। ਏਸ ਸਿਧਾਂਤ ਨੂੰ 'ਕੇਵਲ ਗੁਰਮਤਿ ਹੀ ਸੱਚਾ ਤੇ ਸਦੀਵੀ ਧਰਮ ਹੈ' ਨਾਮੇ ਪੁਸਤਕ ਵਿਚ ਖੋਲ੍ਹ ਕੇ ਸਿਧ ਕੀਤਾ ਜਾਸੀ।

'ਜਪੀਐ ਕੇਵਲ ਨਾਮ', ਭਾਵ, ਕੇਵਲ ਨਾਮ ਦਾ ਜਪਣਾ ਹੀ 'ਤਤ ਗਿਆਨ ਧਿਆਨ' ਰੂਪੀ ਸਾਰ ਬਿਬੇਕ ਹੈ। ਹਰਿ ਕੀਰਤਨ ਕਰਦਿਆਂ ਭੀ ਏਸੇ ਨਾਮ ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ ਦੀ ਊਤਮ ਧੁਨੀ ਤਾਰ ਵਜਦੀ ਹੈ।

## ੧੨. ਹਰਿ ਹਰਿ ਕਥਾ ਦਾ ਨਿਤਾਪ੍ਰਤਿ ਸੁਣਨਾ ਪਰਮੇਸ਼ਰ ਦਾ ਗਿਆਨ :

**ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥**
**ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥**
**ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥**
**ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥**
**ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ ॥**
**ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥**

*ਸੂਹੀ ਮ: ੫, ਪੰਨਾ ੭੮੩*

ਇਸ ਗੁਰ ਪ੍ਰਮਾਣ ਵਿਖੇ 'ਹਰਿ ਹਰਿ ਕਥਾ ਦਾ ਨਿਤਾਪ੍ਰਤਿ ਸੁਣਨਾ' ਹੀ ਪੂਰਨ ਪਰਮੇਸ਼ਰ ਦਾ 'ਗਿਆਨ ਧਿਆਨ' ਵਰਣਨ ਕਰ ਕੇ ਦਰਸਾਇਆ ਗਿਆ ਹੈ। ਅਤੇ 'ਹਰਿ ਨਾਮ ਆਰਾਧਨ', ਅਰਥਾਤ, 'ਸਿਫਤਿ-ਸਾਲਾਹ' ਦੀ ਅਨਹਦ ਝੁਨਕਾਰ ਨੂੰ ਹੀ 'ਤਤ ਵੀਚਾਰ', ਅਰਥਾਤ, ਸਾਰ ਬਿਬੇਕ ਜਣਾਇਆ ਦ੍ਰਿੜ੍ਹਾਇਆ ਗਿਆ ਹੈ।

ਹਰਿ ਹਰਿ ਕਥਾ ਤੋਂ ਭਾਵ ਹਰਿ ਨਾਮ (ਗੁਰਮਤਿ ਨਾਮ) ਦੀ ਮਹਿਮਾ ਮਈ ਗੁਰਬਾਣੀ ਤੋਂ ਹੈ। ਗੁਰਬਾਣੀ ਹੀ ਹਰਿ ਗੁਣ ਰੂਪ ਹੈ। ਗੁਰਬਾਣੀ ਹੀ ਸੱਚਾ ਹਰਿ ਜਸ ਹੈ। ਗੁਰਬਾਣੀ ਹੀ ਸੱਚੀ ਹਰਿ ਕਥਾ ਹੈ, ਗੁਰਬਾਣੀ ਹੀ ਹਰਿ ਨਾਮ ਕੀ ਸੱਚੀ ਮਹਿਮਾ ਮਈ ਕਥਾ ਹੈ। ਗੁਰਬਾਣੀ ਹੀ ਸੱਚੀ ਅਕਥ ਕਹਾਣੀ ਹੈ। ਏਸ ਵਿਸ਼ੇ ਪ੍ਰਥਾਇ ਅਲੱਗ ਇਕ ਪੁਸਤਕ (ਗੁਰੂ ਚਾਹੇ ਤਾਂ) ਤਿਆਰ ਕੀਤੀ ਜਾਵੇਗੀ। ਪ੍ਰੰਤੂ ਏਥੇ ਭੀ ਇਸ ਵਿਸ਼ੇ ਦੀ ਪ੍ਰੋੜ੍ਹਤਾ ਪੂਰਬਕ ਕੁਛ ਗੁਰ ਪ੍ਰਮਾਣ ਦਿਤੇ ਜਾਂਦੇ ਹਨ। ਯਥਾ :

**ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮਰਾਮੁ ਪਛਾਣੀ ॥**
**ਏਕੋ ਸੇਵਨਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ ॥੬॥੨੪॥**

*ਸਿਰੀ ਰਾਗੁ ਮ: ੩, ਪੰਨਾ ੬੯*

**ਮਿਲਿ ਸਤਸੰਗਿ ਬੋਲੀ ਹਰਿ ਬਾਣੀ ॥ ਹਰਿ ਹਰਿ ਕਥਾ ਮੇਰੈ ਮਨਿ ਭਾਣੀ ॥**
**ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥੨॥੪॥**

*ਮਾਝ ਮ: ੪, ਪੰਨਾ ੯੫*

**ਨਿਰਗੁਣ ਕਥਾ ਕਥਾ ਹੈ ਹਰਿ ਕੀ ॥ ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥**
**ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ ॥੧॥੪੦॥**

*ਗਉੜੀ ਗੁਆਰੇਰੀ ਮ: ੪, ਪੰਨਾ ੧੬੪*

ਬਾਹ ਪਕਰਿ ਲੀਨੇ ਕਰਿ ਅਪਨਾ ॥
ਹਰਿ ਹਰਿ ਕਥਾ ਸਦਾ ਜਪੁ ਜਪਨਾ ॥੨॥੯੬॥

*ਗਉੜੀ ਗੁਆਰੇਰੀ ਮ: ੫, ਪੰਨਾ ੧੮੪*

ਪ੍ਰਭ ਕੀ ਅਕਥ ਕਹਾਣੀ ॥ ਜਨ ਬੋਲਹਿ ਅੰਮ੍ਰਿਤ ਬਾਣੀ ॥
ਨਾਨਕ ਦਾਸ ਵਖਾਣੀ ॥ ਗੁਰ ਪੂਰੇ ਤੇ ਜਾਣੀ ॥੨॥੨॥੬੬॥

*ਸੋਰਠਿ ਮ: ੫, ਪੰਨਾ ੬੨੬*

ਗੁਰ ਪੂਰੇ ਕੀ ਬਾਣੀ ॥ ਪਾਰਬ੍ਰਹਮ ਮਨਿ ਭਾਣੀ ॥
ਨਾਨਕ ਦਾਸਿ ਵਖਾਣੀ ॥ ਨਿਰਮਲ ਅਕਥ ਕਹਾਣੀ ॥੨॥੧੮॥੮੨॥

*ਸੋਰਠਿ ਮ: ੫, ਪੰਨਾ ੬੨੯*

ਸੁਨਿ ਮਨ ਅਕਥ ਕਥਾ ਹਰਿ ਨਾਮ ॥
ਰਿਧਿ ਬੁਧਿ ਸਿਧਿ ਸੁਖ ਪਾਵਹਿ ਭਜੁ ਗੁਰਮਤਿ ਹਰਿ ਰਾਮ ਰਾਮ ॥੧॥ਰਹਾਉ॥

*ਬੈਰਾੜੀ ਮ: ੪, ਪੰਨਾ ੭੧੯*

ਸੁਖ ਮਹਲ ਜਾ ਕੇ ਊਚ ਦੁਆਰੇ ॥ ਤਾ ਮਹਿ ਵਾਸਹਿ ਭਗਤ ਪਿਆਰੇ ॥੧॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥ ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ਰਹਾਉ॥
ਤਹ ਗੀਤ ਨਾਦ ਅਖਾਰੇ ਸੰਗਾ ॥ ਊਹਾ ਸੰਤ ਕਰਹਿ ਹਰਿ ਰੰਗਾ ॥੨॥
ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥ ਸਾਚ ਨਾਮ ਕੀ ਅੰਮ੍ਰਿਤ ਵਰਖਾ ॥੩॥
ਗੁਹਜ ਕਥਾ ਇਹ ਗੁਰ ਤੇ ਜਾਣੀ ॥ ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥

*ਸੂਹੀ ਮ: ੫, ਪੰਨਾ ੭੩੯*

ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ ॥
ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ ॥੧॥੭॥

*ਸੂਹੀ ਮ: ੫, ਪੰਨਾ ੭੮੧*

ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥
ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥
ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥
ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ ॥੩॥੨॥

*ਬਿਲਾਵਲੁ ਮ: ੧, ਪੰਨਾ ੮੪੪*

ਬਿਦਿਆ ਨ ਪਰਉ ਬਾਦੁ ਨਹੀ ਜਾਨਉ ॥
ਹਰਿ ਗੁਨ ਕਥਤ ਸੁਨਤ ਬਉਰਾਨੋ ॥੧॥੨॥

*ਬਿਲਾਵਲੁ ਕਬੀਰ ਜੀ, ਪੰਨਾ ੮੫੫*

ਹਰਿ ਕੀਰਤਿ ਕਲਜੁਗ ਵਿਚਿ ਊਤਮ ਮਤਿ ਗੁਰਮਤਿ ਕਥਾ ਭਜੰਤੀ ॥
ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ ਤਿਸੁ ਜਨ ਕੈ ਹਉ ਕੁਰਬਾਨੰਤੀ ॥੧॥
ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੁਖ ਲਹੰਤੀ ॥
ਨਾਨਕ ਜਨ ਹਰਿ ਕਥਾ ਸੁਣਿ ਤ੍ਰਿਪਤੇ ਜਪਿ ਹਰਿ ਹਰਿ ਹਰਿ ਹੋਵੰਤੀ ॥੨॥੨॥੮॥

*ਨਟ ਮ: ੪, ਪੰਨਾ ੯੭੭*

ਹਰਿ ਹਰਿ ਕਥਾ ਸੁਣਾਇ ਪ੍ਰਭ ਗੁਰਮਤਿ ਹਰਿ ਰਿਦੈ ਸਮਾਣੀ ॥
ਜਪਿ ਹਰਿ ਹਰਿ ਕਥਾ ਵਡਭਾਗੀਆ ਹਰਿ ਊਤਮ ਪਦੁ ਨਿਰਬਾਣੀ ॥

**ਗੁਰਮੁਖਾ ਮਨਿ ਪਰਤੀਤਿ ਹੈ ਗੁਰਿ ਪੂਰੈ ਨਾਮਿ ਸਮਾਣੀ ॥੧॥**
**ਮਨ ਮੇਰੇ ਮੈ ਹਰਿ ਹਰਿ ਕਥਾ ਮਨਿ ਭਾਣੀ ॥**
**ਹਰਿ ਹਰਿ ਕਥਾ ਨਿਤ ਸਦਾ ਕਰਿ ਗੁਰਮੁਖਿ ਅਕਥ ਕਹਾਣੀ ॥੧॥ਰਹਾਉ॥**
**ਮੈ ਮਨੁ ਤਨੁ ਖੋਜਿ ਢੰਢੋਲਿਆ ਕਿਉ ਪਾਈਐ ਅਕਥ ਕਹਾਣੀ ॥**
**ਸੰਤ ਜਨਾ ਮਿਲਿ ਪਾਇਆ ਸੁਣਿ ਅਕਥ ਕਥਾ ਮਨਿ ਭਾਣੀ ॥**
**ਮੇਰੈ ਮਨਿ ਤਨਿ ਨਾਮੁ ਅਧਾਰੁ ਹਰਿ ਮੈ ਮੇਲੇ ਪੁਰਖੁ ਸੁਜਾਣੀ ॥੨॥੫॥**
*ਮਾਰੂ ਮ: ੪, ਪੰਨਾ ੯੯੬-੯੭*

## ੧੩. ਗੁਰਬਾਣੀ ਰੂਪ ਗੋਸ਼ਟ ਸੱਚੇ ਗਿਆਨ ਦਾ ਸੋਮਾ ਹੈ :

**ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ ॥੪॥੨੪॥**
*ਸੋਰਠਿ ਮ: ੫, ਪੰਨਾ ੬੧੫*

ਏਥੇ ਸਤਿਗੁਰੂ ਗੁਰਦੇਵ ਸੱਚੇ ਪਾਤਸ਼ਾਹ ਦੇ ਮੁਖਾਰਬਿੰਦ ਤੋਂ ਉਚਰੀ ਗੁਰਬਾਣੀ ਰੂਪ ਗੋਸ਼ਟ ਨੂੰ ਗਿਆਨ ਸਦਰਸ਼ ਸੂਚਨ ਕਰਾਉਂਦੇ ਹੋਏ ਨਾਮ ਸਰੂਪ ਸਨਮਾਨਿਆ ਗਿਆ ਹੈ।

**ਸੁਣਿ ਮਨ ਮੇਰੇ ਤਤੁ ਗਿਆਨੁ ॥**
**ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ ॥੧॥ਰਹਾਉ॥੨੪॥**
*ਆਸਾ ਮ: ੩, ਪੰਨਾ ੪੨੩*

ਭਾਵ—ਨਾਮ ਰੂਪੀ ਨਿਧਾਨ ਹੀ ਤਤ ਗਿਆਨ ਸਾਰ ਬਿਬੇਕ ਹੈ।

**ਦੂਖ ਭੰਜਨੁ ਤੇਰਾ ਨਾਮੁ ਜੀ ਦੂਖ ਭੰਜਨੁ ਤੇਰਾ ਨਾਮੁ ॥**
**ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥੧॥ਰਹਾਉ॥੧੭੦॥**
*ਗਉੜੀ ਮ: ੫ ਮਾਝ, ਪੰਨਾ ੨੧੮*

ਦੂਖ ਭੰਜਨਹਾਰੇ ਗੁਰਮਤਿ ਨਾਮ ਨੂੰ ਆਠ ਪਹਿਰ ਅਰਾਧਣਾ ਪੂਰਨ ਗੁਰਮਤਿ ਗਿਆਨ ਹੈ। ਅਤੇ ਅਠੋ ਪਹਿਰ ਨਾਮ ਆਰਾਧਣ ਰੂਪੀ ਸਤਿਗੁਰੂ ਦੇ ਸਾਰ ਬਚਨ ਨੂੰ ਕਮਾਵਣਾ ਹੀ ਸਾਰ ਗੁਰਮਤਿ ਬਿਬੇਕ ਹੈ। ਇਸ ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ, ਅਰਥਾਤ, ਨਾਮ ਬਾਣੀ ਦੀ ਕਮਾਈ ਹੀ ਸਤਿਗੁਰੂ ਦ੍ਰਿੜ੍ਹਾਇਆ ਪੂਰਨ ਗਿਆਨ ਹੈ। ਗੁਰਮਤਿ ਗਿਆਨ ਬਿਵਸਥਾ ਦੀ ਪੂਰਨ ਕਲਾ ਵਿਖੇ ਭੀ ਗਿਆਨੀ ਜਨ ਨਾਮ ਅਭਿਆਸ ਦੀ ਬਿਬੇਕ ਕਮਾਈ ਦਾ ਕਮਾਣਹਾਰਾ ਬਣਿਆ ਰਹਿੰਦਾ ਹੈ। ਅਰਥਾਤ, ਪੂਰਨ ਗਿਆਨ ਪ੍ਰਾਪਤ ਹੋਣ ਪਰ ਭੀ ਨਾਮ ਸਿਫ਼ਤਿ-ਸਾਲਾਹ ਰੂਪੀ ਸਾਰ ਬਿਬੇਕ ਕਮਾਈ ਰੂਪੀ ਸੱਚੇ ਗੁਰਮਤਿ ਕਰਮ ਅਭਿਆਸ ਦਾ ਬਿਨਾਸ ਨਹੀਂ ਹੁੰਦਾ, ਕਿਉਂਕਿ ਨਾਮ ਖ਼ੁਦ ਗਿਆਨ ਸਰੂਪ ਹੈ ਅਤੇ ਨਾਮ ਦੀ ਲੀਨਤਾ ਗਿਆਨ ਦੀ ਪੂਰਨਤਾ ਹੈ। ਇਸ 'ਲੀਨਤਾ', ਪੂਰਨਤਾ ਦਾ ਇਹ ਭਾਵ ਨਹੀਂ ਕਿ ਨਾਮ ਮੁਕ ਗਿਆ ਯਾ ਗਿਆਨ ਗੁੰਮ ਹੋ ਗਿਆ। ਬਲਕਿ ਇਸ 'ਲੀਨਤਾ' 'ਪੂਰਨਤਾ' ਦੀ ਬਿਵਸਥਾ ਵਿਖੇ ਨਾਮ ਅਤੇ ਗਿਆਨ ਓਤਿ ਪੋਤਿ ਅਭੇਦ ਹੋ ਕੇ ਅਬਿਚਲੀ ਅਤੇ ਅਨਹਦੀ ਰੰਗਾਂ ਵਿਚ ਅਸਥਿਰ ਹੋ ਜਾਂਦੇ ਹਨ। 'ਲੀਨਤਾ', 'ਪੂਰਨਤਾ' ਦੀ ਪਹਿਲੀ ਦਸ਼ਾ ਵਿਚ ਭੀ

ਨਾਮ-ਕਲਾ ਤੇ ਗਿਆਨ-ਕਲਾ ਓਤਿ ਪੋਤਿ ਅਭੇਦ ਹਨ। ਯਥਾ :

**ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥**
**ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥**

*ਬਿਲਾਵਲੁ ਮ: ੫, ਪੰਨਾ ੮੦੬*

**ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥੧੦॥੨੩॥**

*ਸਿਰੀਰਾਗੁ ਮ: ੩, ਪੰਨਾ ੬੮*

**ਸੋਈ ਗਿਆਨੀ ਜਿ ਸਿਮਰੈ ਏਕ ॥੨॥੪੮॥** *ਭੈਰਉ ਮ: ੫, ਪੰਨਾ ੧੧੫੦*

**ਹਰਿ ਰਸੁ ਪੀਵਹੁ ਪੁਰਖ ਗਿਆਨੀ ॥ਰਹਾਉ॥੧੦॥** *ਸੋਰਠਿ ਮ: ੫, ਪੰਨਾ ੬੧੧*

ਗੁਰਮਤਿ ਗਿਆਨੀ ਲਈ ਨਾਮ ਬਾਣੀ ਦਾ ਅਭਿਆਸ ਅਵੱਸ਼ ਲਾਜ਼ਮੀ (ਜ਼ਰੂਰੀ) ਹੈ। ਗੁਰਮਤਿ ਗਿਆਨੀ ਦੀ ਗਿਆਨ ਪਛਾਣ ਨਾਮੁ ਨੀਸਾਣੁ ਹੈ। ਅਤੇ ਲੀਨਤਾ ਪੂਰਨਤਾ ਵਾਲੇ ਪਰਮ ਪਦ ਵਿਖੇ ਜਾ ਕੇ ਨਾਮੁ ਅਤੇ ਗਿਆਨੁ ਅਨਹਦੀ ਅਪਾਰ ਅਤੇ ਅਗੰਮੀ ਰੰਗਾਂ ਵਿਖੇ ਇਕ ਮਿਕ ਹੋ ਕੇ ਅਭੇਦ ਹੋ ਜਾਂਦੇ ਹਨ। ਪੂਰਨ ਗਿਆਨ ਬਿਵਸਥਾ ਅੰਦਰਿ, ਨਾਮ ਅਨਹਦ ਝੁਨਕਾਰ ਦੇ ਸਹਜ-ਸਿਫਤਿ-ਸਾਲਾਹੀ ਰੰਗਾਂ ਵਿਚ ਸਮਾ ਕੇ ਪੂਰਨ ਬਿਬੇਕ ਬਣ ਜਾਂਦਾ ਹੈ। ਯਥਾ ਗੁਰ ਪ੍ਰਮਾਣ :

**ਅਗਮ ਰੂਪ ਕਾ ਮਨ ਮਹਿ ਥਾਨਾ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥੧॥**
**ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥ ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥੧॥ਰਹਾਉ॥**
**ਅਨਹਤ ਬਾਣੀ ਥਾਨੁ ਨਿਰਾਲਾ ॥ ਤਾ ਕੀ ਧੁਨਿ ਮੋਹੇ ਗੁਪਾਲਾ ॥੨॥**
**ਤਹ ਸਹਜ ਅਖਾਰੇ ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥੩॥**
**ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥੪॥੩੫॥੧੦੪॥**

*ਗਉੜੀ ਮ: ੫, ਪੰਨਾ ੧੮੬*

**ਸਤਿਗੁਰ ਮਿਲਿਐ ਧਾਵਤੁ ਥੰਮਿਆ ਨਿਜ ਘਰਿ ਵਸਿਆ ਆਏ ॥**
**ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥**
**ਧਾਵਤੁ ਥੰਮਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥**
**ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮਿ ਰਹਾਇਆ ॥**
**ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥**
**ਇਉ ਕਹੈ ਨਾਨਕੁ ਸਤਿਗੁਰਿ ਮਿਲਿਐ**
**ਧਾਵਤੁ ਥੰਮਿਆ ਨਿਜ ਘਰਿ ਵਸਿਆ ਆਏ ॥੪॥**

*ਆਸਾ ਮ: ੩ ਛੰਤ, ਪੰਨਾ ੪੪੦-੪੧*

**ਪੰਚ ਸਬਦ ਤਹ ਪੂਰਨ ਨਾਦ ॥ ਅਨਹਦ ਬਾਜੇ ਅਚਰਜ ਬਿਸਮਾਦ ॥**
**ਕੇਲ ਕਰਹਿ ਸੰਤ ਹਰਿ ਲੋਗ ॥ ਪਾਰਬ੍ਰਹਮ ਪੂਰਨ ਨਿਰਜੋਗ ॥੧॥**
**ਸੂਖ ਸਹਜ ਆਨੰਦ ਭਵਨ ॥**
**ਸਾਧ ਸੰਗਿ ਬੈਸਿ ਗੁਣ ਗਾਵਹਿ ਤਹ ਰੋਗ ਸੋਗ ਨਹੀ ਜਨਮ ਮਰਨ ॥੧॥ਰਹਾਉ॥੨੦॥**

*ਰਾਮਕਲੀ ਮ: ੫, ਪੰਨਾ ੮੮੮*

ਸਹਜ ਸਿਫਤਿ ਭਗਤਿ ਤਤੁ ਗਿਆਨਾ ।। ਸਦਾ ਅਨੰਦੁ ਨਿਹਚਲੁ ਸਚੁ ਥਾਨਾ ।।
ਤਹਾ ਸੰਗਤਿ ਸਾਧ ਗੁਣ ਰਸੈ ।। ਅਨਭਉ ਨਗਰੁ ਤਹਾ ਸਦ ਵਸੈ ।।੬।।
ਤਹ ਭਉ ਭਰਮਾ ਸੋਗੁ ਨ ਚਿੰਤਾ ।। ਆਵਣੁ ਜਾਵਣੁ ਮਿਰਤੁ ਨ ਹੋਤਾ ।।
ਤਹ ਸਦਾ ਅਨੰਦ ਅਨਹਤ ਆਖਾਰੇ ।। ਭਗਤ ਵਸਹਿ ਕੀਰਤਨ ਆਧਾਰੇ ।।੭।।੪।।

*ਗਉੜੀ ਮ: ੫, ਪੰਨਾ ੨੩੭*

ਹਰਿ ਹਰੇ ਹਰਿ ਗੁਣ ਗਾਵਹੁ ਹਰਿ ਗੁਰਮੁਖੇ ਪਾਏ ਰਾਮ ।।
ਅਨਦਿਨੋ ਸਬਦਿ ਰਵਹੁ ਅਨਹਦ ਸਬਦ ਵਜਾਏ ਰਾਮ ।।
ਅਨਹਦ ਸਬਦ ਵਜਾਏ ਹਰਿ ਜੀਉ ਘਰਿ ਆਏ ਹਰਿ ਗੁਣ ਗਾਵਹੁ ਨਾਰੀ ।।
ਅਨਦਿਨੁ ਭਗਤਿ ਕਰਹਿ ਗੁਰ ਆਗੈ ਸਾ ਧਨ ਕੰਤ ਪਿਆਰੀ ।।
ਗੁਰ ਕਾ ਸਬਦੁ ਵਸਿਆ ਘਟ ਅੰਤਰਿ ਸੇ ਜਨ ਸਬਦਿ ਸੁਹਾਏ ।।
ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ ।।੧।।

*ਸੂਹੀ ਮ: ੩, ਪੰਨਾ ੭੭੦*

ਇਸ ਪਿਛਲੇ ਗੁਰ ਪ੍ਰਮਾਣ ਦੇ ਸਿਧਾਂਤ ਤੋਂ ਤਾਂ ਏਥੋਂ ਤਕ ਭੀ ਸਾਫ਼ ਸਿਧ ਹੁੰਦਾ ਹੈ ਕਿ ਪ੍ਰੀਤਮ-ਪ੍ਰਾਪਤੀ ਦੇ ਪਸਚਾਤ ਭੀ ਸਿਫਤਿ-ਸਾਲਾਹ ਦੀ ਕਾਰ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ। ਭਾਵ, ਨਾਮ ਰੂਪੀ ਸੱਚਾ 'ਸਬਦ ਸੋਹਿਲਾ' ਸਹਜ ਲਿਵਤਾਰ ਮਈ ਅਨਹਦ ਝੁਨਕਾਰ ਸਰੂਪ ਦਸ਼ਾ ਵਿਚ ਪੂਰਨ ਪ੍ਰਾਪਤੀ ਮਈ ਪੂਰਨ ਗਿਆਨ ਲੀਨਤ ਹੋਣ ਪਰ ਭੀ ਸਰਬਦਾ ਕਾਲ (ਸਦੀਵ ਲਈ) ਸੋਹਿਲਤ ਰਹਿੰਦਾ ਹੈ।

## ੧੪. ਗੁਰਮਤਿ ਗਿਆਨੀ ਨਾਮ ਰਹੱਸ ਤੇ ਨਾਮੀ ਅਕਾਲ ਪੁਰਖ ਨਾਲ ਓਤਿ ਪੋਤਿ :

ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ।।
ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ।।
ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ
ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ।।੧।।
ਆਵਹੁ ਸੰਤ ਮੈ ਗਲਿ ਮੇਲਾਈਐ ।। ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ ।।
ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰਬਾਣੀ ਮੁਖਿ ਚਉਦਾ ਜੀਉ ।।੨।।

*ਮਾਝ ਮ: ੪, ਪੰਨਾ ੯੫*

ਏਸ ਗੁਰ ਪ੍ਰਮਾਣ ਦਾ ਗੁਰਮਤਿ ਗਿਆਨ, ਨਾਮ ਰਹੱਸ ਅਤੇ ਨਾਮੀ ਦੀ ਪ੍ਰਾਪਤੀ ਨੂੰ ਓਤਿ ਪੋਤਿ ਇਕ-ਸਮਾਨ ਬਿਵਸਥਾ ਦਰਸਾਇਆ ਗਿਆ ਹੈ। ਅਤੇ ਏਸ ਬਿਵਸਥਾ ਦਾ ਸਮੀਪੀ ਸੰਬੰਧ ਮੁਖ ਅਰਥਾਤ ਰਸਨਾ ਦੁਆਰਾ ਗੁਰਮਤਿ ਨਾਮ ਦੇ ਅਜਪਾ ਜਾਪ ਕਰਨ ਨਾਲ ਹੈ। ਇਸ ਸਾਰੇ ਭਾਵ ਦੀ ਵਿਆਖਿਆ ਇਸ ਬਿਧਿ ਹੈ ਕਿ ਪ੍ਰਿਥਮ ਗੁਰਮਤਿ ਨਾਮ ਦੀ ਸਾਰ ਬਿਬੇਕ ਕਮਾਈ ਰਸਨਾ ਦੁਆਰਾ ਮੁਖੋਂ ਨਾਮ ਉਚਾਰਨ, ਅਰਥਾਤ, ਨਾਮ ਦਾ ਅਜਪਾ ਜਾਪ ਕਰਨ ਤੋਂ ਅਰੰਭ ਹੁੰਦੀ ਹੈ। ਏਸ ਚੁੰਬਕ ਕਲਾ ਵਾਲੇ ਨਾਮ ਦੀ ਪਾਰਸ-ਕਮਾਈ ਦਾ ਇਹ ਅਮਰ-ਪ੍ਰਭਾਵੀ ਫਲ ਹੁੰਦਾ ਹੈ ਕਿ ਨਾਮ ਦਾ ਜੋਤਿ-

ਵਿਗਾਸੀ ਅਕਹਿ ਅਤੇ ਵਿਸਮਾਦ ਰਸ ਘਟ ਅੰਤਰਿ ਹੀ ਆਣ ਉਦੇ ਹੁੰਦਾ ਹੈ। ਇਸ ਨੂੰ ਅਸਲ ਆਤਮ ਰਹੱਸ ਕਹੀਦਾ ਹੈ। ਕਿਉਂਕਿ ਏਸ ਰਹੱਸ ਦੇ ਉਦੇ ਹੋਣ ਨਾਲ ਆਤਮ-ਪ੍ਰਕਾਸ਼ ਅੰਤਰਗਤਿ ਐਉਂ ਹੋ ਆਉਂਦਾ ਹੈ, ਮਾਨੋ ਘੋਰ ਅੰਧਿਆਰੇ ਤੋਂ ਸੂਰਜ ਦਾ ਉਜਿਆਰਾ ਹੋਇਆ ਹੈ। ਇਸ ਰਹੱਸ (ਰਸ), ਇਸ ਪ੍ਰਕਾਸ਼, ਇਸ ਉਜਿਆਰੇ, ਇਸ ਜੋਤਿ-ਵਿਗਾਸ ਤੋਂ ਆਤਮਾ ਦੀ ਅਸਲ ਪ੍ਰਤੀਤੀ ਆਉਂਦੀ ਹੈ। ਮਾਨੋ ਕਿ ਸਾਂਗੋ ਪਾਂਗ, ਆਤਮਾ ਨੂੰ ਘਟ ਅੰਤਰ ਹੀ ਲਖ ਲਈਦਾ, (realize) ਕਰ ਲਈਦਾ ਹੈ। ਇਸ ਲਖਤਾ ਦਾ ਨਾਮ ਗਿਆਨ ਹੈ। ਇਸ ਗਿਆਨ ਦੇ ਪ੍ਰਗਟ ਹੋਣ ਕਰਿ ਹੀ ਪਰਮਾਤਮਾ ਦੀ ਪ੍ਰਾਪਤੀ, ਗੁਰੂ ਦੇ ਜੋਤਿ-ਸਰੂਪੀ-ਸਰੂਪ ਦੀ ਪ੍ਰਾਪਤੀ, ਵਾਸਤਵ ਵਿਚ (ਸਚ ਮੁਚ) ਹੋ ਗਈ ਪ੍ਰਾਪਤੀ ਦੀ ਪਤੀਜ ਆਉਂਦੀ ਹੈ। ਗੁਰ-ਗਿਆਨ ਤੇ ਹਰਿ-ਗਿਆਨ ਦਾ ਪ੍ਰਕਾਸ਼, ਅਰਥਾਤ, ਗੁਰੂ ਕਰਤਾਰ ਦੀ ਜੋਤਿ-ਵਿਗਾਸੀ ਲਖਤਾ, ਨਾਮ-ਰਸ ਦੇ ਉਦੇ ਹੋਣ ਸਾਰ ਇਕੋ ਮੁਹਤ (ਇਕ-ਲਖਤ) ਹੀ ਹੋ ਆਉਂਦੀ ਹੈ। ਏਸੇ ਕਰਕੇ ਇਸ ਗੁਰ ਪ੍ਰਮਾਣ ਦੀ ਪ੍ਰਿਥਮ ਤੁਕ ਅੰਦਰਿ ਹਰਿ ਗੁਰ ਗਿਆਨ, ਹਰਿ ਰਸ, ਹਰਿ ਪਾਇਆ ਦੇ ਭਾਵ ਦਾ ਓਤਿ ਪੋਤੀ ਸੰਬੰਧ ਇਕੱਠਾ ਗੁੰਫਤ ਹੈ। ਅਗਲੀ ਪੰਗਤੀ 'ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ' ਦੇ ਭਾਵ ਵਿਖੇ ਓਸੇ ਓਤਿ ਪੋਤੀ ਸੰਬੰਧ ਦੀ ਪ੍ਰੋੜ੍ਹਤਾ ਹੁੰਦੀ ਹੈ। 'ਹਰਿ ਰੰਗ' ਹਰਿ ਨਾਮ ਦੇ ਰੰਗ ਵਿਚ ਰਤੇ ਜਾਣ ਕਰਿ ਹੀ ਹਰਿ-ਰਸ ਭੁੰਚਣ ਦੀ ਬਿਧਿ ਬਣਦੀ ਹੈ, ਐਵੇਂ ਨਹੀਂ। ਅਤੇ ਇਸ ਤੋਂ ਅਗਲੇਰੀ ਤੁਕ ਦੇ ਭਾਵ ਤੋਂ ਸਿਧ ਹੁੰਦਾ ਹੈ ਕਿ ਮੁਖ ਕਰਕੇ ਹੀ ਹਰਿ ਨਾਮ ਦੀ ਅਜਪਾ-ਜਾਪ-ਕਮਾਈ ਕਰਨ ਦਾ ਇਹ ਪ੍ਰਭਾਵ ਹੁੰਦਾ ਹੈ ਕਿ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ' ਵਾਲੀ ਪਾਰਸ-ਕਲਾ ਵਰਤ ਜਾਂਦੀ ਹੈ। ਏਸ ਓਤਿ ਪੋਤੀ ਤਾਰ ਦੁਆਰਾ ਹੀ ਸਿਫਤਿ-ਸਾਲਾਹ ਰੂਪੀ 'ਸਾਰ ਬਿਬੇਕ' ਤਤ ਗਿਆਨ ਦੀ ਪਦਵੀ ਨੂੰ ਪ੍ਰਾਪਤ ਹੋਈਦਾ ਹੈ।

## ੧੫. ਸ਼ਬਦ ਰਹਿਆ ਭਰਪੂਰ : ਨਾਮ-ਨਾਮੀ ਅਭੇਦ :

**ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ ॥**
**ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥੧॥**
**ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥**
**ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥੧॥ਰਹਾਉ॥੩੫॥**

*ਆਸਾ ਮ: ੩, ਪੰਨਾ ੪੨੮-੨੯*

ਪ੍ਰਭੂ-ਪਠਾਏ, ਪ੍ਰਭੂ-ਮਿਲਾਏ ਸਤਿਗੁਰੂ ਦੇ ਮਿਲਾਪ ਦੁਆਰਾ ਗੁਰਮਤਿ ਗੁਣਾਂ ਦਾ ਉਪਜਣਾ ਜਦੋਂ ਹੋ ਆਉਂਦਾ ਹੈ ਤਦ ਸਹਜ ਸਿਫਤਿ-ਸਾਲਾਹ (ਸਹਜੇ ਨਾਮ ਧਿਆਵਨ) ਰੂਪੀ ਸਹਜ ਸਿਫਤਿ-ਸਾਲਾਹ ਦਾ ਸੰਜੋਗ ਬਣਨਾ ਮਾਨੋ ਗੁਰਮਤਿ ਗਿਆਨ ਦਾ ਪ੍ਰਗਟ ਹੋਵਣਾ ਹੈ। ਇਸ ਗੁਰਮਤਿ ਗਿਆਨ ਅਵਸਥਾ ਦੇ ਪ੍ਰਾਪਤ ਹੋਣ ਪਰ ਪਰੀ-ਪੂਰਨ ਹਰੀ ਪਰਮਾਤਮਾ ਨੂੰ ਹਾਜ਼ਰਾ ਹਜ਼ੂਰ ਜ਼ਾਹਰਾ ਜ਼ਹੂਰ 'ਨੇਰੇ ਹੂੰ ਤੇ ਨੇਰਾ' ਪਰਤੱਖ ਵੇਖੀਦਾ ਹੈ। ਅਤੇ "ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ

ਆਖੀ ॥"* ਗੁਰਵਾਕ ਦੇ ਭਾਵ ਅਨੁਸਾਰ ਉਸ ਜੋਤਿ ਨਿਰੰਜਨੀ ਨੂੰ 'ਸਦ ਸੁਣਦਾ ਸਦ ਵੇਖਦਾ' ਕਰਕੇ ਲਖ ਲਈਦਾ ਹੈ। ਏਸ ਲਖਤਾ ਦਾ ਚੋਜ ਪ੍ਰਤਾਪ ਕ੍ਰਿਸ਼ਮਾ ਸ਼ਬਦ (ਗੁਰਮੰਤ੍ਰ) ਦੀ ਚੁੰਬਕ ਕਲਾ ਦੇ ਚਮਤਕਾਰੀ ਪ੍ਰਭਾਵ ਕਰਕੇ ਪ੍ਰਗਟ ਪਹਾਰੇ ਵਿਗਸ ਖੜੋਂਵਦਾ ਹੈ। "ਸਬਦਿ ਰਹਿਆ ਭਰਪੂਰਿ" ਦੇ ਅਸਲੀ ਅਰਥਾਂ ਵਾਲੀ ਆਤਮ-ਬਿਵਸਥਾ ਦਾ ਸਾਂਗੋ ਪਾਂਗ ਦੀਦਾਰਾ ਭੀ ਤਦ ਜਾ ਕੇ ਹੋਂਵਦਾ ਹੈ। ਅਤੇ ਤਦ ਹੀ ਇਸ ਗੱਲ ਦੀ ਅਸਲੀ ਸਮਝ ਪੈਂਦੀ ਹੈ ਕਿ ਅਲਖ ਨਿਰੰਜਨ ਕਿਸ ਤਰ੍ਹਾਂ ਗੁਰ-ਸ਼ਬਦ ਵਿਖੇ ਭਰਪੂਰ ਹੈ ਤੇ ਕਿਸ ਬਿਧਿ ਇਸ ਭਰਪੂਰਤਾ (ਪਰੀ-ਪੂਰਨਤਾ) ਸਹਿਤ ਸ਼ਬਦ ਅੰਦਰ ਹੀ ਇਸ ਦੀ ਲਖਤਾ ਹੈ। ਏਸ ਲਖਤਾ ਦਾ ਲਖਾਇਕ ਹੋਣ ਕਰਿ ਹੀ ਨਾਮ ਨਾਮੀ (ਅਕਾਲ ਪੁਰਖ) ਨਾਲ ਅਭੇਦ ਹੈ। ਅਤੇ ਇਸ ਅਭੇਦਤਾ ਦੇ ਕਾਰਨ ਹੀ ਨਾਮ ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ ਇੰਨ ਬਿੰਨ ਗਿਆਨ ਸਰੂਪ ਹੈ।

**ਜਿਨ ਕੈ ਪੋਤੈ ਪੁੰਨੁ ਤਿਨਾ ਗੁਰੂ ਮਿਲਾਏ ॥**
**ਸਚੁ ਬਾਣੀ ਗੁਰੁ ਸਬਦੁ ਸੁਣਾਏ ॥**
**ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ॥**
**ਗਿਆਨਿ ਰਤਨਿ ਸਾਚੈ ਸਹਜਿ ਸਮਾਏ ॥੪॥੫੦॥**

*ਆਸਾ ਮ: ੩, ਪੰਨਾ ੩੬੪*

ਜਿਨ੍ਹਾਂ ਵਡਭਾਗੇ ਜਨਾਂ ਨੂੰ ਸਮਰੱਥ ਪਾਤਸ਼ਾਹ ਸ੍ਰੀ ਅਕਾਲ ਪੁਰਖ ਸਿਰਜਨਹਾਰ ਜੀ ਕਿਰਪਾ ਕਰਿ ਸਤਿਗੁਰੂ ਮਿਲਾਉਂਦੇ ਹਨ, ਤਿਨ੍ਹਾਂ ਨੂੰ ਹੀ ਗੁਰੂ ਸ਼ਬਦ ਰੂਪੀ ਸੱਚ ਬਾਣੀ ਦੀ ਬੂਝ ਬੁਝਾਉਂਦੇ ਹਨ ਅਤੇ ਤਿਨ੍ਹਾਂ ਦੇ ਘਟ ਅੰਤਰ ਹੀ ਸੱਚੇ ਨਾਮ ਦਾ ਨਿਵਾਸ ਕਰਾਉਂਦੇ ਹਨ। ਅਤੇ ਜਿਥੇ, ਜਿਸ ਘਟ ਵਿਖੇ ਨਾਮ ਰੂਪੀ ਸ਼ਬਦ-ਗੁਰੂ ਦਾ ਵਾਸਾ ਹੁੰਦਾ ਹੈ, ਤਿਥੇ ਸਭ ਦੁਖਾਂ ਦਾ ਨਾਸ ਹੋ ਜਾਂਦਾ ਹੈ ਅਤੇ ਏਸ ਨਾਮ ਰੂਪੀ ਗਿਆਨ-ਰਤਨ ਦੁਆਰਾ ਹੀ ਸਹਜ ਬਿਵਸਥਾ ਵਿਖੇ ਸਮਾਈਦਾਹੈ। ਸੋ ਇਸ ਗੁਰ ਪ੍ਰਮਾਣ ਵਿਖੇ ਨਾਮ ਨੂੰ ਸਪੱਸ਼ਟ ਗਿਆਨ-ਰਤਨ ਦੀ ਤੁਲਨਾ ਦਿਤੀ ਗਈ ਹੈ।

## ੧੬. ਬਿਬੇਕ ਦਾ ਸੱਚਾ ਸਾਗਰ ਗੁਰ ਸ਼ਬਦ ਰੂਪੀ ਨਾਮ ਮੰਤ੍ਰ ਹੈ :

**ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ ॥**
**ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ ॥**
**ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥੮॥੧॥**

*ਸੋਰਠਿ ਮ: ੧, ਪੰਨਾ ੬੩੫*

ਸਿਧਾਂਤੀ ਭਾਵ ਸਪੱਸ਼ਟ ਹੈ। ਗੁਰਬਾਣੀ ਸ਼ਬਦ ਰੂਪੀ ਸਹਜ ਵਿਗਾਸੀ ਗੁਰਮਤਿ ਗੁਣ ਅੰਦਰ ਹੀ ਗੁਰਮਤਿ ਗਿਆਨ ਧਿਆਨ ਸਮਾਇਆ ਹੋਇਆ ਹੈ। ਅਰਥਾਤ, ਗੁਰ-ਸ਼ਬਦ ਰੂਪੀ ਸਿਫਤਿ-ਸਾਲਾਹੀ ਬਿਬੇਕ ਗੁਣ ਵਿਖੇ ਸੱਚਾ ਗਿਆਨ ਧਿਆਨ ਭਰਿਆ ਹੋਇਆ ਹੈ। ਜਾਂ ਇਉਂ ਕਹੋ, ਗੁਰ-ਸ਼ਬਦ ਹੀ ਗਿਆਨ ਸਰੂਪ ਹੈ, ਗੁਰ-ਸ਼ਬਦ ਹੀ ਧਿਆਨ ਸਰੂਪ ਹੈ। ਅਤੇ ਸੱਚੀ ਭਾਉ ਭਾਵਨੀ ਸੰਜੁਗਤ ਨਾਮ ਦਾ ਉਚਰਨਾ

*ਸਿਰੀਰਾਗ ਕੀ ਵਾਰ ਮ: ੪, ਪਉੜੀ ੧੨, ਪੰਨਾ ੮੭

ਉਚਾਰਨਾ, ਅਰਥਾਤ, ਸਿਫਤਿ-ਸਾਲਾਹ ਦਾ ਕਰਨਾ ਕਰਾਉਣਾ ਹੀ ਤਤੋ ਤਤ ਵਖਾਣਨਾ ਹੈ। ਵਖਾਣਨ ਯੋਗ ਤਤ ਬਿਬੇਕ ਸਿਫਤਿ-ਸਾਲਾਹ ਹੀ ਹੈ। ਤਤੁ ਗਿਆਨ ਦਾ ਘਰ ਅਤੇ ਸਾਰ ਬਿਬੇਕ ਦਾ ਸਤਸਰ (ਸੱਚਾ ਸਮੁੰਦਰ) ਗੁਰ-ਸ਼ਬਦ ਰੂਪੀ ਨਾਮ ਮੰਤ੍ਰ ਹੀ ਹੈ। ਏਸ 'ਸ਼ਬਦ' ਨੂੰ ਗੁਰੂ ਗਹਿਰ ਗੰਭੀਰ ਦੀ ਪਦਵੀ ਪ੍ਰਾਪਤ ਹੈ। ਸੋ ਗੁਰੂ ਸਰੂਪ ਹੋਣ ਕਰਕੇ ਸ਼ਬਦ ਗੁਰਮਤਿ ਗਿਆਨ ਦਾ ਤਤ ਸਰੂਪ ਹੀ ਘਰ ਹੈ। ਸਗੋਂ ਗਿਆਨ ਨਾਲੋਂ ਗੁਰ-ਸ਼ਬਦ ਦੀ ਵਡਿਆਈ ਅਧਿਕ ਮੁਖ ਹੈ। ਸ਼ਬਦ ਬਾਝੋਂ ਜਗਤ (ਸਾਰਾ ਸੰਸਾਰ) ਅਗਿਆਨ ਕਰਿ ਬਉਰਾਨਿਆ ਪਇਆ ਹੈ। ਸ਼ਬਦ ਵਿਹੂਣ ਸੱਚੇ ਗਿਆਨ ਦਾ ਹੋਣਾ ਅਤਿ ਅਸੰਭਵ ਹੈ। ਤਾਂ ਤੇ ਸਤਿ ਗਿਆਨ ਤਤ ਬਿਬੇਕ ਜੋ ਕੁਝ ਭੀ ਸਾਰ ਆਤਮ ਤਤ ਹੈ, ਸੋ ਸ਼ਬਦ ਹੀ ਸ਼ਬਦ ਹੈ। ਜਾਂ ਇਉਂ ਕਹੋ ਕਿ ਸ਼ਬਦ ਹੀ ਸਾਰ ਆਤਮ ਤਤ ਹੈ।

## ੧੭. ਗੁਰਮਤਿ ਗਿਆਨੀ ਦੇ ਲੱਛਣ :

**ਙੰਙਾ ਙਿਆਨੁ ਨਹੀ ਮੁਖ ਬਾਤਉ ॥ ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥**
**ਙਿਆਨੀ ਸੋਇ ਜਾ ਕੈ ਦ੍ਰਿੜ ਸੋਊ ॥ ਕਹਤ ਸੁਨਤ ਕਛੁ ਜੋਗੁ ਨ ਹੋਊ ॥**
**ਙਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ ॥ ਉਸਨ ਸੀਤ ਸਮਸਰਿ ਸਭ ਤਾ ਕੈ ॥**
**ਙਿਆਨੀ ਤਤੁ ਗੁਰਮੁਖਿ ਬੀਚਾਰੀ ॥ ਨਾਨਕ ਜਾ ਕਉ ਕਿਰਪਾ ਧਾਰੀ ॥੫॥**

*ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੧*

ਗੁਰਮਤਿ ਗਿਆਨ ਦਾ ਸਰੂਪ ਇਸ ਗੁਰ ਪ੍ਰਮਾਣ ਅੰਦਰ ਗੁਰਮਤਿ ਗਿਆਨੀ ਦੇ ਲੱਛਣ ਦੱਸ ਕੇ ਦਰਸਾਇਆ ਗਿਆ ਹੈ। ਜਿਸ ਦੇ ਮਨ ਵਿਖੇ ਕੇਵਲ ਅਕਾਲ ਪੁਰਖ ਦਾ ਸੱਚਾ ਨਾਮ ਹੀ ਦ੍ਰਿੜ੍ਹ ਹੈ, ਅਰਥਾਤ, ਜਿਸ ਦੇ ਰੋਮ ਰੋਮ ਅੰਦਰ ਸੁਆਸ ਸੁਆਸ ਸੱਚੇ ਨਾਮ ਦਾ ਅਭਿਆਸ ਪ੍ਰਾਪਤ ਹੋਇਆ ਹੈ, ਸੋਈ ਗੁਰਮੁਖ ਜਨ ਸੱਚਾ ਗਿਆਨੀ ਹੈ। ਇਹ ਤਾਂ "ਙਿਆਨੀ ਸੋਇ ਜਾ ਕੈ ਦ੍ਰਿੜ ਸੋਊ" ਦੀ ਵਿਆਖਿਆ ਹੈ ਅਤੇ "ਙਿਆਨੀ ਤਤੁ ਗੁਰਮੁਖਿ ਬੀਚਾਰੀ" ਦੀ ਵਿਆਖਿਆ ਦਸਦੀ ਹੈ ਕਿ ਗਿਆਨੀ ਸੋ ਹੈ ਜੋ ਗੁਰੂ-ਮੁਖ ਦੁਆਰਾ ਦ੍ਰਿੜ੍ਹਾਏ, ਅਰਥਾਤ, ਗੁਰ-ਉਪਦੇਸ਼ੇ ਤੱਤ (ਗੁਰਮੰਤ੍ਰ-ਗੁਰਮਤਿ ਨਾਮ) ਦਾ ਵੀਚਾਰੀ (ਅਭਿਆਸੀ) ਹੈ। ਏਹਨਾਂ ਦੋਹਾਂ ਗਿਆਨੀ ਦੇ ਲਛਣਾਂ ਤੋਂ ਗਿਆਨ ਦਾ ਸਰੂਪ ਇਸ ਬਿਧਿ ਸਿਧਾਂਤਿਆ ਜਾਂਦਾ ਹੈ ਕਿ ਗੁਰਮਤਿ ਨਾਮ ਗੁਰਮੰਤ੍ਰ ਦੀ ਸੁਆਸ ਸੁਆਸ ਅਭਿਆਸ ਕਮਾਈ ਰੂਪੀ ਤੱਤ ਸਾਰ ਬਿਬੇਕ ਦਾ ਨਾਮ ਹੀ ਸੱਚਾ ਗੁਰਮਤਿ ਗਿਆਨ ਹੈ। ਅਤੇ "ਙਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ" ਦਾ ਭਾਵ ਭੀ ਉਪਰਲੇ ਸਿਧਾਂਤ ਦੀ ਪ੍ਰੋੜ੍ਹਤਾ ਕਰਦਾ ਹੈ। ਭਾਵ, ਗਿਆਨੀ ਸੋ ਗੁਰਮੁਖ ਜਨ ਹੈ, ਜਿਸ ਦੇ ਹਿਰਦੇ ਵਿਖੇ ਮਨ ਬਚਨ ਕਰਮ ਕਰਕੇ ਸਤਿਗੁਰੂ ਦੀ ਆਗਿਆ ਹੀ ਸਦੀਵਕਾਲ ਦ੍ਰਿੜ੍ਹ ਰਹਿੰਦੀ ਹੈ। ਅਰਥਾਤ, ਜਿਸ ਦੇ ਅੰਤਰ-ਆਤਮੇ ਸਤਿਗੁਰੂ ਦੀ ਬਚਨ ਕਮਾਵਨ ਰੂਪੀ ਆਗਿਆ ਹਰ ਦਮ ਦ੍ਰਿੜ੍ਹ ਰਹਿੰਦੀ ਹੈ, ਸੋਈ ਜਨ ਗੁਰਮਤਿ ਵਿਖੇ ਸੱਚਾ ਗਿਆਨੀ ਹੈ। ਸਤਿਗੁਰੂ ਦੀ ਆਗਿਆ ਦੇ ਦ੍ਰਿੜ੍ਹ ਹੋਣ ਤੋਂ ਭਾਵ "ਸਤਿਗੁਰ ਬਚਨ ਕਮਾਵਨੇ", ਅਥਵਾ, ਹੁਕਮ ਰਜਾਈ ਚਲਣ ਦੇ ਗੁਰਮਤਿ ਸਿਧਾਂਤ ਉਤੇ ਤਤਪਰ ਅਤੇ ਪਰਪਕ ਹੋਣਾ ਹੈ। ਅਤੇ ਸਿਫਤਿ-ਸਾਲਾਹ ਸਤਿਗੁਰੂ

ਦੀ ਮੁਖ ਆਗਿਆ ਹੈ । ਸਤਿਗੁਰੂ ਦਾ "ਹੁਕਮਨ ਸਿਰ ਹੁਕਮ" ਅਥਵਾ "ਸਿਰਿ ਕਰਮਨ ਕੈ ਕਰਮਾ" ਇਹ ਸਿਫਤਿ-ਸਾਲਾਹ ਦ੍ਰਿੜ੍ਹਾਇਆ ਰੂਪੀ ਤਤਸਾਰ ਬਿਬੇਕ ਹੀ ਹੈ । "ਗਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ" ਦੇ ਭਾਵ ਤੋਂ ਇਹ ਭੀ ਸਿਧ ਹੋਂਵਦਾ ਹੈ ਕਿ ਸਤਿਗੁਰੂ ਦੀ ਜੋ ਆਗਿਆ ਹੈ ਤਿਸ ਸਭਸ ਆਗਿਆ ਮਾਤ੍ਰ ਉਤੇ ਤਤਪਰ ਹੋਣਾ ਗਿਆਨੀ ਦਾ ਫ਼ਰਜ਼ ਹੈ । ਅਰਥਾਤ, ਸਤਿਗੁਰ ਦੇ ਹਰੇਕ ਬਚਨ ਮਾਤ੍ਰ ਦਾ ਗਹ ਕਰ ਕਮਾਵਣਾ ਭੀ ਗੁਰਮਤਿ ਗਿਆਨ ਹੈ । ਤਾਂ ਤੇ ਸਿਧ ਹੋਇਆ ਕਿ ਗੁਰਮਤਿ ਬਿਬੇਕ ਅਤੇ ਗੁਰਮਤਿ ਗਿਆਨ ਦਾ ਭਾਵ ਇਕ-ਮਿਕ ਹੀ ਹੈ । ਇਸ ਗੁਰ ਪ੍ਰਮਾਣ ਦੀਆਂ ਪਹਿਲੀਆਂ ਦੋ ਹੀ ਤੁਕਾਂ ਚੁੰਚ ਗਿਆਨ ਦਾ ਨਿਖੇੜਾ ਕਰਦੀਆਂ ਹਨ ਕਿ ਭਾਂਤ ਭਾਂਤ ਦੇ ਸ਼ਾਸਤ੍ਰ ਫ਼ਿਲਾਸਫ਼ੀਆਂ ਦੀਆਂ ਅਨੇਕ ਅਨੇਕ ਪ੍ਰਕਾਰੀ ਜੁਗਤੀਆਂ ਕਰਿ ਕਥੀਆਂ ਮੂੰਹ ਦੀਆਂ ਬਾਤਾਂ (ਗੱਪਾਂ ਗਪਾਸਟਾਂ) ਦਾ ਨਾਮ ਗਿਆਨ ਨਹੀਂ ਹੈ । ਅਤੇ ਨਾ ਹੀ ਏਸ ਚੁੰਚ ਗਿਆਨ ਦੁਆਰਾ ਸੱਚੇ ਗਿਆਨ ਦਾ ਅਨਮਾਨ ਮਾਤ੍ਰ ਹੀ ਹੋ ਸਕਦਾ ਹੈ, ਸੱਚੇ ਗਿਆਨ ਦੀ ਪ੍ਰਾਪਤੀ ਤਾਂ ਕੀ ਹੋਣੀ ਸੀ । ਏਥੇ ਏਸ ਪਉੜੀ ਸੰਬੰਧੀ ਸਲੋਕ ਨੂੰ ਭੀ ਦ੍ਰਿਸ਼ਟੀ ਗੋਚਰ ਕਰਾਉਣਾ ਲਾਭਦਾਇਕ ਹੋਵੇਗਾ, ਯਥਾ ਸਲੋਕ : "ਅਨਿਕ ਭੇਖ ਅਰੁ ਙਿਆਨ ਧਿਆਨ ਮਨ ਹਠਿ ਮਿਲਿਅਉ ਨ ਕੋਇ ॥ ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ ॥"* ਇਸ ਸਲੋਕ ਦਾ ਸਿਧਾਂਤ ਸਾਰੀ ਪਉੜੀ ਦੇ ਸਾਰ ਭਾਵ ਦੀ ਪੁਸ਼ਟੀ ਕਰਦਾ ਹੈ । ਇਸ ਦੁਆਰਾ ਦ੍ਰਿੜ੍ਹਾਇਆ ਗਿਆ ਹੈ ਕਿ ਅਨੇਕ ਪ੍ਰਕਾਰ ਦੇ ਜੋ ਮਤ-ਮਤਾਂਤ੍ਰੀ ਭੇਖ ਅਤੇ ਉਕਤ ਭੇਖ ਮਤਾਂ ਦੇ ਗਿਆਨ ਧਿਆਨ ਹਨ, ਸਭ ਮਨ ਦੀ ਮਤਿ ਵਾਲੇ ਹਨ ਅਤੇ ਮੂੜ੍ਹ ਗਿਆਨ ਹਨ । ਏਹਨਾਂ ਮੂੜ੍ਹ ਮਤੀ ਮਨ-ਹਠਾਂ ਦੁਆਰਾ ਕੋਈ ਪੁਰਸ਼ ਪਰਮਾਤਮਾ ਨੂੰ ਨਹੀਂ ਮਿਲਿਆ ਤੇ ਨਾ ਮਿਲ ਸਕਦਾ ਹੈ । ਅਤੇ ਨਾ ਹੀ ਕੋਈ ਇਸ ਬਿਧਿ ਅਸਲ ਗਿਆਨੀ ਬਣ ਸਕਦਾ ਹੈ । ਅਤੇ ਇਸ ਸਲੋਕ ਦੀ ਦੂਜੀ ਤੁਕ ਦਸਦੀ ਹੈ ਕਿ ਜਿਸ ਜਨ ਉਤੇ ਗੁਰ ਨਾਨਕ ਦੇਵ ਜੀ ਦੀ ਕਿਰਪਾ ਹੋਈ ਹੈ ਉਹ ਗੁਰਮੁਖ ਪਿਆਰਾ ਅਕਾਲ ਪੁਰਖ ਪ੍ਰੀਤਮ ਦੀ ਭਗਤੀ ਵਿਚ ਤਤਪਰ ਹੋ ਗਿਆ ਹੈ । ਸੋ ਐਸੀ ਭਗਤ-ਕਮਾਈ ਵਾਲਾ ਉਸ ਪ੍ਰੀਤਮ ਪਰਮਾਤਮਾ ਦਾ ਭਗਤ ਜਨ ਹੀ ਗਿਆਨੀ, ਸੱਚਾ ਗੁਰਮਤਿ ਗਿਆਨੀ ਹੈ । ਸਿਧਾਂਤ ਮਈ ਸਿੱਟਾ ਇਹ ਕਿ ਗੁਰਮਤਿ-ਭਾਉ-ਭਗਤੀ ਸੱਚਾ ਗਿਆਨ ਹੈ । ਇਹ ਭਾਉ-ਭਗਤੀ ਰੂਪੀ ਸਿਫਤਿ-ਸਾਲਾਹ ਤਤ ਸਾਰ ਗੁਰਮਤਿ ਬਿਬੇਕ ਹੈ ।

## ੧੮. ਸੱਚਾ ਬਿਬੇਕੀ ਆਤਮ ਝਲਕਾਰੇ ਪ੍ਰਗਟਾਵਣ ਵਾਲਾ ਭਗਤ :

**ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ ॥**
**ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ ॥੩॥੩॥੪੭॥**

*ਗਉੜੀ ਕਬੀਰ ਜੀ, ਪੰਨਾ ੩੩੩*

ਸਨਮੁਖ ਸਾਪੇਖਸ਼ ਸਾਖਿਆਤ ਦਰਸ ਦੀਦਾਰੇ, ਪਿਆਰੇ ਪ੍ਰੀਤਮ ਸਿਰਜਨਹਾਰ ਦੇ ਕਰਦੇ ਹੋਏ ਸ੍ਰੀ ਕਬੀਰ ਜੀ ਉਚਾਰਨ ਕਰਦੇ ਹਨ ਕਿ ਤੇਰੀ ਨਿਰਗੁਣ ਕਥਾ (ਮਹਿਮਾ)

---

*ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੫੧

ਹੈ, ਜੋ ਤ੍ਰੈ ਗੁਣਾਂ ਤੋਂ ਅਤੀਤ ਤੁਰੀਆ ਪਦ ਦੀ ਅਪਾਰ ਮਹਿਮਾ ਮਈ ਕਥਾ ਹੈ। ਇਹ ਅਸੀਂ ਕੀਹਦੇ ਪਾਸ ਕਹੀਏ ਤੇ ਕਹਿ ਕੇ ਸੁਣਾਵੀਏ, ਕਿਉਂਕਿ 'ਕਹੈ ਨ ਕੋ ਪਤੀਆਏ' ਦੇ ਭਾਵ ਅਨੁਸਾਰ ਆਮ ਸੰਸਾਰੀ ਇਸ ਨਿਰਗੁਣ ਮਹੱਤ ਵਾਲੀ ਕਥਾ ਉਤੇ ਪਤੀਜਦੇ ਨਹੀਂ। ਪਤੀਜਣ ਵਾਲਾ ਕੋਈ ਵਿਰਲਾ ਬਿਬੇਕੀ ਹੀ ਹੈ, ਜੋ ਇਸ ਨਿਰਗੁਣ ਕਥਾ ਦੀ ਸਾਰ ਨੂੰ ਪਛਾਣਦਾ ਹੈ ਅਤੇ ਤੇਰੀ ਮਹਿਮਾ ਮਹੱਤ ਨੂੰ ਜਾਣਦਾ ਹੈ। ਇਹ ਸਾਰ ਮਹਿਮਾ ਨਿਰੀ ਕਥਨੀ ਬਦਨੀ ਦੁਆਰਾ ਹੀ ਨਹੀਂ ਜਾਣੀ ਪਛਾਣੀ ਜਾ ਸਕਦੀ, ਬਲਕਿ ਗੁਰਮਤਿ ਬਿਬੇਕੀਆਂ ਵਾਲੀ ਸਹੀ ਬਿਬੇਕ ਕਮਾਈ ਦੁਆਰਾ ਹੀ ਇਸ ਦੀ ਸੁਝ ਬੂਝ ਆ ਸਕਦੀ ਹੈ। ਜਿਸ ਨੇ ਭਾਉ-ਭਗਤੀ ਸੰਪੰਨ ਪ੍ਰੇਮ ਪਲੀਤਾ, ਜਿਸ ਅਵਸਥਾ ਦੀ ਬਿਬੇਕ ਕਮਾਈ ਅਨੁਸਾਰ, ਘਟ ਅੰਤਰਿ ਦਿਤਾ ਹੈ, ਤਿਸ ਨੇ ਹੀ ਤਿਹੋ ਜਿਹੀ ਤਿਸ ਅਗਮ ਅਗਾਧ ਨਿਰਗੁਣ ਸਰੂਪ ਦੀ ਜੋਤਿ ਵਿਗਾਸੀ ਝਲਕ ਦੇਖੀ ਹੈ। ਸਾਰ ਭਾਵ ਇਹ ਕਿ ਸੱਚਾ ਬਿਬੇਕੀ ਗੁਰਮਤਿ ਬਿਬੇਕੀ ਉਹ ਹੈ ਜੋ ਜੋਤਿ ਪ੍ਰਕਾਸ਼ ਕਰਾਵਣਹਾਰੀ ਸੱਚੀ ਭਾਉ ਭਗਤੀ ਦਾ ਕਮਾਵਣਹਾਰਾ ਹੈ। ਸਿਧਾਂਤ ਇਹ ਕਿ ਆਤਮ-ਝਲਕਾਰੇ ਪ੍ਰਗਟਾਵਣ ਵਾਲੀ ਗੁਰਮਤਿ ਪ੍ਰੇਮਾ ਭਗਤੀ ਦਾ ਕਮਾਵਣਾ ਸੱਚਾ ਗੁਰਮਤਿ ਬਿਬੇਕ ਹੈ, ਜਿਸ ਦੁਆਰਾ ਕਿ ਅਕਾਲ ਪੁਰਖ ਦੀ ਅਗਾਧ ਬੋਧ ਮਹਿਮਾ ਦਾ ਮਹਿਰਮ ਬਣ ਸਕੀਦਾ ਹੈ।

ਏਸ ਪ੍ਰਕਾਰ ਦੇ ਹੋਰ ਅਨੇਕ ਗੁਰ ਪ੍ਰਮਾਣ, ਅਰਥਾਤ, ਗੁਰਵਾਕਾਂ ਰੂਪੀ ਪ੍ਰਮਾਣ ਹਨ, ਜਿਨ੍ਹਾਂ ਦੁਆਰਾ ਸਾਫ਼ ਸਿਧ ਹੁੰਦਾ ਹੈ ਕਿ ਸਿਫਤਿ-ਸਾਲਾਹ ਰੂਪੀ ਮੁਖ ਕਰਮ ਗੁਰਮਤਿ ਵਿਖੇ ਪੂਰਨ ਬਿਬੇਕ, ਅਰਥਾਤ, ਤਤ ਗਿਆਨ ਦੇ ਨਾਮ ਨਾਲ ਪ੍ਰਸਿੱਧ ਹੈ।

## ੧੯. ਇਸ ਸਾਰ ਬਿਬੇਕ ਅਰਥਾਤ ਸਿਫਤਿ-ਸਾਲਾਹ ਰੂਪੀ ਮੁਖ ਕਰਣੀ (ਹੁਕਮਨ ਸਿਰ ਹੁਕਮ ਪਾਲਣ) ਦਾ ਮੁਖ ਮੰਤਵ ਅਤੇ ਪਾਰਸ-ਭੂਤੀ-ਫਲ-ਮਹਾਤਮ ਅਤੇ ਉਕਤ ਉਚ ਮੰਤਵੀ ਦਿੱਬ ਫਲਾਂ ਦੇ ਕਾਰਨ ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ ਦਾ ਕਮਾਵਣਾ ਗੁਰਸਿੱਖਾਂ ਦਾ ਪਰਮ ਧਰਮ ਹੈ :

ਏਸ ਸਾਰ ਬਿਬੇਕ ਰੂਪੀ ਮੁਖ ਕਰਣੀ ਦੇ ਉਚ ਭਾਵਨੀ ਭਾਵ ਮਈ ਫਲ ਅਨੇਕ ਪ੍ਰਕਾਰੀ ਹਨ, ਜੋ ਸੁਤੇ ਸੁਭਾਵ ਹੀ, ਇਸ ਨੂੰ ਕਮਾਉਂਦਿਆਂ ਹੋਇਆਂ ਅਤੇ ਸਿਫਤਿ-ਸਾਲਾਹ ਦੀ ਪਾਰਸ ਕਲਾ ਦੁਆਰਾ ਅੰਕੂਰਤ ਹੋ ਕੇ ਆਣ ਪ੍ਰਕਾਸ਼ਤ ਹੁੰਦੇ ਹਨ। ਉਤਮ ਬਿਬੇਕੀ ਜਨ ਭਉ ਭਾਵਨੀ ਭਗਤਿ ਭਾਇ ਪ੍ਰੀਤਮ ਰਾਇ (ਅਕਾਲ ਪੁਰਖ) ਦੇ ਦਰਸ-ਮਿਲਾਪ ਬਿਹੂਣ ਹੋਰ ਕਿਸੇ ਦੂਤੀ ਆਸ਼ਾ ਨੂੰ ਮੁਖ ਨਹੀਂ ਰਖਦਾ, ਐਥੋਂ ਤਾਈਂ ਕਿ "ਮੁਕਤਿ ਬਪੁੜੀ ਭੀ ਗਿਆਨੀ ਤਿਆਗੇ"* ਵਾਲੀ ਗੱਲ ਉਤਮ ਬਿਬੇਕੀ ਬਿਬੇਕ ਦਸ਼ਾ ਅੰਦਰਿ ਹੋਇ ਵਰਤਦੀ ਹੈ। ਅਤੇ "ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ

* ਮਾਰੂ ਮ: ੫, ॥੮॥ ਪੰਨਾ ੧੦੭੮ ੧੦੭੮

ਤ੍ਰਿਪਤਿ ਮਨੁ ਧੀਜੈ ॥"[1] ਅਥਵਾ "ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥"[2] ਵਾਲੀ ਉਚ ਆਤਮਕ ਅਟਾਰੀ ਤੇ ਖੇਡਣਾ ਹਰਿ-ਦਰਸ਼ਨੀ (ਦਰਸ਼ਨ ਅਕਾਂਖੀ) ਉਤਮ ਬਿਬੇਕੀ ਜਨਾਂ ਦੀ ਮੁਖ ਅਕਾਂਖਿਆ ਦਾ ਮੰਤਵ ਹੁੰਦਾ ਹੈ। ਤਦ ਭੀ ਸਿਫਤਿ-ਸਾਲਾਹ ਦੀ ਚੁੰਬਕ ਆਕ੍ਰਖਣਤਾ ਦੇ ਤੁਫ਼ੈਲ ਬਿਬੇਕੀ ਜਨਾਂ ਦੀ ਪਾਰਸ ਕਮਾਈ ਨੂੰ ਅਨੇਕ ਪ੍ਰਕਾਰੀ ਉਚੇ ਸੁਚੇ ਅਤੇ ਦਿਬ ਫਲ ਅੰਕੂਰ, ਸਹਿਜ ਸੁਭਾਵ ਹੀ ਸਫੁਟ ਹੋ ਜਾਂਦੇ ਹਨ। ਏਥੇ ਏਸ ਰੰਗ ਬਰੰਗੀ ਸਫੁਟ ਫੁਲ ਫੁਲਵਾੜੀ ਵਿਚੋਂ ਵੰਨਗੀ ਮਾਤਰ ਕੁਛ ਪਾਰਸ-ਭੂਤੀ ਫਲ ਫੂਲ ਦ੍ਰਿਸ਼ਟੀ ਗੋਚਰ ਕਰਾਉਣੇ ਅਤੀ ਗੁਣਕਾਰੀ ਹੋਵਣਗੇ। ਯਥਾ ਗੁਰਵਾਕ :

**ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥**
**ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥**
**ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥**

*ਸਿਰੀਰਾਗ ਮ: ੧, ਪੰਨਾ ੨੩*

**ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥**
**ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾਂ ਪਵੈ ਸਭ ਥਾਇ ॥**
**ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥...੪॥੩੬॥**

*ਸਿਰੀਰਾਗੁ ਮ: ੩, ਪੰਨਾ ੨੭*

ਇਸੇ ਇਕ ਗੁਰ ਪ੍ਰਮਾਣ ਅੰਦਰਿ ਹੀ "ਸਿਫਤਿ ਸਾਲਾਹ" ਦੇ ਅਨੇਕ ਕਲਾ ਕ੍ਰਿਸ਼ਮੇ ਵਰਤਦੇ ਨਿਸਚਿਤ ਕਰਾਏ ਗਏ ਹਨ। ਪ੍ਰਿਥਮ ਤਾਂ 'ਸਬਦਿ ਸਾਲਾਹ' ਅਰਥਾਤ ਹਰਿ ਸਿਮਰਨ ਨਾਮ ਅਰਾਧਣ ਦੁਆਰਾ ਮਨ ਨੂੰ ਸੱਚੀ ਸਮਝ-ਸੋਝੀ (ਆਤਮ-ਪਰਮਾਤਮ ਦੀ) ਆਉਂਦੀ ਹੈ। ਦੂਜੇ ਨਾਮ ਰੰਗ ਵਿਚ ਰੱਤੇ ਜਾਣ ਕਰਕੇ ਭ੍ਰਮ ਭ੍ਰਾਂਤੀ ਅਤੇ ਹਉਮੈ ਦੇ ਭਾਰ ਸਭ ਦੂਰ ਹੋ ਜਾਂਦੇ ਹਨ। ਤੀਜੇ ਹਰਿ ਜਪਣ ਦਾ ਵੱਡਾ ਭਾਰਾ ਲਾਹਾ ਇਹ ਹੁੰਦਾ ਹੈ ਕਿ ਨਿਰਭਉ ਹਰੀ ਪਰਮਾਤਮਾ ਮਨ ਵਿਖੇ (ਅੰਤਰ-ਆਤਮੇ) ਹੀ ਆਇ ਵਸਦਾ ਹੈ। ਪਰ ਇਸ ਪ੍ਰਕਾਰ ਸਤਿਗੁਰ ਦੇ ਹੁਕਮੀ ਬੰਦਾ ਹੋਵਣ ਦੀ ਕਾਰ ਸੇਵਾ ਕਮਾਈ "ਗੁਰ ਕੀ ਸੇਵਾ ਗੁਰ ਭਗਤਿ ਹੈ"[3] ਅਤਿ ਕਰੜੀ ਹੈ। ਕਿਉਂਕਿ ਇਸ ਵਿਚ ਆਪ ਗੰਵਾਇ ਕੈ ਸੀਸ ਤਕ ਅਰਪਣ ਕਰ ਦੇਣਾ ਪੈਂਦਾ ਹੈ। (ਜੈਸਾ ਕਿ ਅੱਗੇ ਚਲ ਕੇ ਅੰਸਕ ਬਿਬੇਕ ਸਾਧਨਾ ਦੇ ਸੰਬੰਧ ਵਿਚ ਖੋਲ੍ਹ ਕੇ ਸਪੱਸ਼ਟ ਕੀਤਾ ਜਾਏਗਾ)। ਅਤੇ "ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥"[4] "ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥ ਮੈ ਤਉ ਮੋਲਿ ਮਹਗੀ ਲਈ ਜੀਅ ਸਟੇ ॥"[5] ਗੁਰ-ਵਾਕਾਂ ਦੇ ਭਾਵ ਅਨੁਸਾਰ ਗਾਖੜੀ ਘਾਲਣਾ ਘਾਲ ਕੇ ਜਦੋਂ 'ਸਬਦ' (ਨਾਮ) ਮਿਲਦਾ ਹੈ (ਅਤੇ ਏਸ ਨਾਮ ਮਿਲਣ ਦੀ ਬਿਵਸਥਾ ਤਾਈਂ ਭੀ ਬਿਬੇਕ ਸਾਧਨਾ ਦੀ ਕਾਰ ਹੁਕਮ ਰਜਾ ਕਮਾਉਣ ਅੰਦਰਿ ਬਿਖਮਤਾ ਹੁੰਦੀ ਹੈ) ਤਾਂ ਇਸ ਨਾਮ (ਸਬਦ) ਦੇ ਮਿਲਣ ਕਰਕੇ (ਫੇਰ) 'ਨਾਮੀ' ਹਰੀ ਪਰਮਾਤਮਾ (ਅਕਾਲ ਪੁਰਖ) ਦਾ ਦਰਸ-ਮਿਲਾਪ ਪ੍ਰਾਪਤ ਹੁੰਦਾ ਹੈ। ਤਦ ਕਿਤੇ ਜਾ ਕੇ ਸੇਵਾ ਥਾਇੰ ਪੈਂਦੀ ਹੈ। ਅਤੇ 'ਨਾਮ' ਨਾਮੀ

1. ਕਲਿਆਨ ਮ: ੪, ॥੧॥੨॥ ਪੰਨਾ ੧੩੨੪ 2. ਦੇਵਗੰਧਾਰੀ ਮ: ੫, ॥੧॥੨੯॥ ਪੰਨਾ ੫੩੪
3. ਸਿਰੀ ਰਾਗੁ ਮ: ੩, ॥੧॥੨੧॥ ਪੰਨਾ ੬੬ 4. ਗਉੜੀ ਕਬੀਰ ਜੀ, ॥੧॥੧੯॥ ਪੰਨਾ ੩੨੭
5. ਧਨਾਸਰੀ ਰਵਿਦਾਸ ਜੀ, ॥੧॥ ਰਹਾਉ॥ ਪੰਨਾ ੬੯੪

ਅਭੇਦ ਹੋਣ ਦੀ ਪਾਰਸ-ਕਲਾ ਵਰਤਦੀ ਹੈ ਅਤੇ ਜੋਤੀ ਜੋਤਿ ਸਮਾਵਣਾ ਹੁੰਦਾ ਹੈ।

**ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ ॥**
**ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਿਗੁਰ ਬੂਝ ਨ ਪਾਇ ॥੨॥੫੬॥**

*ਸਿਰੀਰਾਗੁ ਮ: ੩, ਪੰਨਾ ੩੫*

ਇਸ ਗੁਰਵਾਕ ਅੰਦਰਿ ਨਿਰੂਪਣ ਕਰਾਇਆ ਗਿਆ ਹੈ ਕਿ ਜੋਤੀ ਜੋਤਿ ਸਮਾਵਣ ਦੀ ਅਵਸਥਾ ਕਦ ਜਾ ਕੇ, ਅਰਥਾਤ, ਕਿਸ ਅਤੇ ਕਿਤਨੀ ਕੁ ਕਮਾਈ ਕਰ ਕੇ ਪ੍ਰਾਪਤ ਹੁੰਦੀ ਹੈ। ਨਾਮ ਅਰਾਧਣ (ਸਿਫਤਿ ਸਾਲਾਹਣ) ਵਿਖੇ ਰਾਤ ਦਿਨੇ ਜੁਟਿਆਂ ਅਤੇ ਇਸ ਪ੍ਰਕਾਰ ਅਠੋ ਪਹਿਰ ਰਾਤ ਦਿਨ ਦੀ ਲਗਾਤਾਰ ਕਮਾਈ ਕਰ ਕੇ ਅਤੇ ਨਾਮ ਦੀ ਪਾਰਸ-ਕਲਾ ਦੇ ਪ੍ਰਭਾਵ ਦੁਆਰਾ ਬਿਬੇਕੀ ਜਨ ਨਾਮ ਦੇ ਚਲੂਲੇ ਰੰਗਾਂ ਵਿਚ ਰਤਿਆ ਜਾਂਦਾ ਹੈ। ਤਦ ਜਾ ਕੇ ਜੋਤੀ ਅਕਾਲ ਪੁਰਖ (ਸੈਭੰ) ਦੀ ਜੋਤਿ ਵਿਖੇ ਸਮਾਵਣਾ ਹੁੰਦਾ ਹੈ। ਅਤੇ ਇਸ ਬਿਧਿ ਜੋਤਿ ਰੂਪ ਹੋਣ ਕਰਕੇ ਪ੍ਰਭ (ਅਕਾਲ ਪੁਰਖ) ਪਰਤੱਖ ਪਰਗਟ ਪਾਹਾਰੇ ਜਾਪਦਾ, ਭਾਵ, ਸਾਖਿਆਤਕਾਰ ਹੋਂਵਦਾ ਹੈ। ਏਥੇ ਪੁਜ ਕੇ ਅਸਲ ਦਰਸ-ਝਲਕਾਰ ਦੀ ਸਾਖਿਆਤ ਦਿਬ-ਦ੍ਰਿਸ਼ਟੀ ਖੁਲ੍ਹਦੀ ਹੈ। (ਅਸਲ realization ਏਸ ਦਿਬ ਦ੍ਰਿਸ਼ਟੀ ਦੁਆਰਾ ਹੀ ਸੰਭਵ ਹੈ) ਪ੍ਰੰਤੂ ਇਹ ਦਿਬ ਦ੍ਰਿਸ਼ਟੀ[1] ਸਤਿਗੁਰੂ ਬਾਝੋਂ ਪ੍ਰਾਪਤ ਨਹੀਂ ਹੁੰਦੀ।

**ਹਰਿ ਗੁਣ ਜਪਤ ਕਮਲੁ ਪਰਗਾਸੈ ॥**
**ਹਰਿ ਸਿਮਰਤ ਤ੍ਰਾਸ ਸਭ ਨਾਸੈ ॥੧॥**
**ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ ॥**
**ਵਡੈ ਭਾਗਿ ਸਾਧੂ ਸੰਗੁ ਪਾਵੈ ॥੧॥ਰਹਾਉ॥੧੧੬॥**

*ਗਉੜੀ ਮ: ੫, ਪੰਨਾ ੧੮੯*

ਏਥੇ ਹਰਿ ਗੁਣ ਜਪਣ, ਭਾਵ, ਸਿਫਤਿ-ਸਾਲਾਹ ਕਰਨ ਦਾ ਪਾਰਸੀ (ਪਾਰਸ ਕਲਾ ਵਾਲਾ) ਪ੍ਰਤਾਪ ਜੋਤਿ ਪ੍ਰਕਾਸ਼ ਦੇ ਪ੍ਰਿਥਮ ਨਿਸ਼ਾਨ ਪ੍ਰਕਾਸ਼ੀ ਅਸਥਾਨ ਹਿਰਦੇ ਕੰਵਲ ਨੂੰ ਪ੍ਰਕਾਸ਼ ਕਰਨਾ ਦਸਿਆ ਹੈ। ਅਰਥਾਤ, ਪਹਿਲੇ ਪਹਿਲ ਪ੍ਰਕਾਸ਼ ਸਰੂਪ ਜੋਤਿ ਦੀ ਕਿਰਣ ਦਾ ਜਗਮਗੀ ਪ੍ਰਤਿਬਿੰਬ, ਆਤਮ ਲਹਿਰੀ ਰਹੱਸ ਵਿਚ ਹਿਰਦੇ-ਕੰਵਲ ਨੂੰ ਪਰਸਦਾ ਹੈ ਅਤੇ ਪਰਸਣ ਸਾਰ ਹੀ ਪਾਰਸ-ਚੁੰਬਕੀ ਕਲਾ ਵਰਤਾ ਕੇ ਊਰਧ ਕੰਵਲ ਨੂੰ ਜੋਤਿ ਪ੍ਰਕਾਸ਼ੀ ਵਿਗਾਸ ਦੇ ਲਹਿਲਹਾਉਂਦੇ ਖਿੜਾਉ ਵਿਚ ਖਿੜਾ ਕੇ ਸੂਧਾ ਕਰ ਦਿੰਦਾ ਹੈ। ਏਸ ਆਤਮ-ਆਨੰਦੀ ਵਿਗਾਸ ਦੀ ਦਸ਼ਾ ਵਿਚ ਹਰ ਪ੍ਰਕਾਰ ਦੇ ਤ੍ਰਾਸ ਦਾ ਨਾਸ ਤਤਕਾਲ ਹੀ ਹੋ ਜਾਂਦਾ ਹੈ। ਅਰਥਾਤ, ਹਰਿ ਸਿਮਰਨ (ਸਿਫਤਿ-ਸਾਲਾਹ) ਦੇ ਪ੍ਰਤਾਪ ਪ੍ਰਭਾਵ ਕਰਕੇ ਜੋਤਿ ਉਜਿਆਰਾ ਹੋ ਜਾਣ ਕਰਿ, ਤਿਮਰ ਤ੍ਰਾਸ ਹੋਰੀ ਸਭ ਨਸ ਜਾਂਦੇ ਹਨ। ਇਸ ਕਰਕੇ ਸੋਈ ਮਤਿ ਪੂਰੀ ਸੁਮਤਿ, ਗੁਰਮਤਿ ਮਤਿ ਹੈ ਜਿਸ ਦੇ ਪ੍ਰਭਾਵ ਕਰਿ ਹਰਿ ਗੁਣ ਗਾਏ ਜਾਣ। ਇਸ ਪੂਰੀ ਸੁਮਤਿ ਮਤਿ ਬਿਨਾ ਹੋਰ ਸਭ ਮਤਿ ਊਰੀ ਅਤੇ ਕੁਮਤਿ ਮਤਿ, ਅਰਥਾਤ, ਬਿਬੇਕ-ਹੀਣ ਮਤਿ ਹੈ। ਪ੍ਰੰਤੂ ਉਕਤ ਸੁਮਤਿ ਮਤਿ ਤਾਂ ਹੀ ਆਉਂਦੀ ਹੈ ਜੇ ਵੱਡੇ ਭਾਗ ਕਰਕੇ ਸਤਿਸੰਗ ਪ੍ਰਾਪਤ

1. ਇਸ ਪ੍ਰਥਾਇ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਗੁਰਦੇਵ" ਨਾਮੇ ਪੁਸਤਕ ਅੰਦਰ ਵਿਸਥਾਰ ਸਹਿਤ ਸਪੱਸ਼ਟ ਨਿਰਣਾ ਕੀਤਾ ਜਾਵੇਗਾ। (ਜੇ ਗੁਰੂ ਨੂੰ ਭਾਇਆ)

ਹੋ ਜਾਵੇ ਅਤੇ ਗੁਰਮਤਿ ਦੇ ਰੰਗ ਚੜ੍ਹ ਜਾਣ । ਕਿਉਂਕਿ ਗੁਰਮਤਿ ਰੰਗੀ ਸਤਿਸੰਗ ਦੁਆਰਾ ਹੀ ਗੁਣ ਗਾਵਣ ਦੀ ਆਤਮ-ਤ੍ਰੰਗੀ ਪਾਰਸ-ਸਕਤਿ-ਕਲਾ ਉਤੇ ਦ੍ਰਿੜ੍ਹ ਵਿਸ਼ਵਾਸ ਰੂਪੀ ਭਾਉ ਭਾਵਨੀ ਵਾਲਾ ਭਰੋਸਾ ਆਉਂਦਾ ਹੈ, ਕਿਉਂਕਿ ਕੀਰਤਨ ਮੰਡਲੀ ਸਤਿਸੰਗ ਵਿਖੇ ਜ਼ਾਹਰ ਕਲਾ ਦੇ ਚੋਜ-ਵਰਤਾਰੇ ਸਾਫ਼ ਪਰਗਟ ਪਾਹਾਰੇ ਵਰਤਦੇ ਪੇਖੇ ਪਰਖੇ ਜਾਂਦੇ ਹਨ, ਇਸ ਕਰਕੇ ਉਕਤ ਜ਼ਾਹਰ ਵਰਤਾਰਿਆਂ ਦੇ ਪੇਖਣ ਪਰਖਣ ਸਾਰ ਹੀ ਪੱਕੀ ਪ੍ਰਤੀਤ ਬੱਝ ਜਾਂਦੀ ਹੈ ।

**ਕਹਤ ਪਵਿਤ੍ਰ ਸੁਣਤ ਪੁਨੀਤ ॥ ਗੁਣ ਗੋਵਿੰਦ ਗਾਵਹਿ ਨਿਤ ਨੀਤ ॥੪॥੬੨॥**
*ਗਉੜੀ ਗੁਆਰੇਰੀ ਮ: ੫, ਪੰਨਾ ੧੮੩*

ਇਸ ਗੁਰ-ਬਚਨ ਰੂਪੀ ਹੁਕਮ ਦੇ ਸਾਧ ਸੰਗ ਰੂਪੀ ਟਕਸਾਲ ਵਿਖੇ ਕਮਾਏ ਜਾਣ ਕਰਿ ਇਹ ਪਾਰਸ-ਫਲ ਸੁਤੇ ਸੁਭਾਵ ਹੀ ਪ੍ਰਾਪਤ ਹੋਵੇਗਾ ਕਿ ਜਿਉਂ ਜਿਉਂ ਨਿਤਾਪ੍ਰਤਿ ਅਸੀਂ ਗੋਬਿੰਦ ਗੁਣ ਗਾਵਾਂ ਸੁਣਾਂਗੇ ਤਿਉਂ ਤਿਉਂ ਗਾਵਣ ਸੁਣਨ ਮਾਤਰ ਨਾਲ ਹੀ ਅਸੀਂ ਪਵਿੱਤਰ ਪੁਨੀਤ ਹੁੰਦੇ ਚਲੇ ਜਾਵਾਂਗੇ । ਪ੍ਰੰਤੂ ਅਸਾਡਾ ਗੁਣ ਗਾਵਣਾ ਸਤਿਗੁਰੂ ਬਚਨਾਂ ਦਾ ਕਮਾਵਣਾ ਹੈ, ਅਰਥਾਤ, ਹੁਕਮ ਰਜ਼ਾਈ ਚਲਣਾ ਹੈ । ਬਿਬੇਕੀ ਗੁਰਸਿਖ ਦਾ ਕੰਮ ਤਾਂ ਹੁਕਮ ਮੰਨਣਾ ਹੈ । ਅਤੇ ਗੋਬਿੰਦ ਗੁਣ ਗਾਵਣਾ ਸਤਿਗੁਰ ਦਾ ਸ੍ਰੇਸ਼ਟ ਤੋਂ ਸ੍ਰੇਸ਼ਟ ਹੁਕਮ ਹੈ । ਹੁਕਮ ਮੰਨ ਕੇ ਬਿਬੇਕੀ ਜਨ ਜੋ ਕੰਮ ਕਰਦਾ ਹੈ, ਉਹ ਮਾਨੋ ਗੁਰੂ ਦਾ ਹੁਕਮ ਰੂਪੀ ਬਚਨ ਕਮਾਉਂਦਾ ਹੈ । ਗੋਬਿੰਦ ਗੁਣ ਗਾਵਣ ਰੂਪੀ ਗੁਰੂ ਕੇ ਬਚਨ (ਹੁਕਮ) ਨੂੰ ਮੰਨਣਾ ਗੋਬਿੰਦ ਗੁਣ ਗਾਵਣੇ ਦੀ ਕਮਾਈ ਕਰਨਾ ਹੈ । ਇਹੀ ਉਸ ਦਾ (ਗੁਣ ਗਾਵਣਹਾਰੇ ਬਿਬੇਕੀ ਜਨ ਦਾ) ਸੱਚਾ ਵਿਚਾਰ ਵਿਵੇਕ ਹੈ । ਇਹ ਗੁਣ ਗਾਵਣ ਰੂਪੀ ਹੁਕਮ ਕਮਾਵਣ ਮਾਤਰ ਅੰਦਰਿ ਹੀ ਖ਼ਾਸ ਰਸ ਹੈ । ਏਸੇ ਰਸ ਦੇ ਕਾਰਨ ਉਹ ਇਸ ਨੂੰ ਬਾਰੰਬਾਰ ਕਮਾਂਵਦਾ ਹੈ । ਅਤੇ ਕਮਾਂਵਦਾ ਕਮਾਂਵਦਾ, ਅਰਥਾਤ, ਗੁਣ ਗਾਂਵਦਾ ਗਾਂਵਦਾ, ਪਾਰਸ ਨੂੰ ਪਰਸਦਾ ਪਰਸਦਾ ਉਹ ਸੁਤੇ ਸਿਧ ਹੀ ਪਵਿਤਰ ਪੁਨੀਤ ਹੋ ਜਾਂਦਾ ਹੈ । ਜੇਕਰ ਸ਼ੁਸ਼ਕ ਗਿਆਨੀਆਂ, ਫੋਕਟ ਵਿਚਾਰ ਦੇ ਮਾਲਕਾਂ ਦੇ ਆਸ਼ੇ ਅਨੁਸਾਰ ਏਸ ਬਚਨ ਨੂੰ ਕੇਵਲ ਫੋਕੀ ਵਿਚਾਰ ਵਿਚਾਰ ਕੇ ਛੱਡ ਦਿਤਾ ਜਾਵੇ ਅਤੇ ਗੁਰ-ਬਚਨ ਦੇ ਅਸਲ ਭਾਵ ਹੁਕਮ ਅਨੁਸਾਰ ਗੁਣ ਗੋਬਿੰਦ ਨਿਤ ਨੀਤ ਗਾਵੇ ਸੁਣੇ ਨਾ ਜਾਣ, ਤਦ ਨਾ ਤਾਂ ਉਕਤ ਫੋਕਟ ਵਿਚਾਰ ਵਿਚ ਕੋਈ ਪ੍ਰੇਮ ਰਸ ਹੀ ਪ੍ਰਤੀਤ ਯਾ ਪ੍ਰਾਪਤ ਹੋਵੇਗਾ ਅਤੇ ਨਾ ਹੀ ਉਕਤ ਸ਼ੁਸ਼ਕ ਵਿਚਾਰ ਕਲਿਆਨ-ਕਾਰਕ ਹੀ ਸਿਧ ਹੋਵੇਗੀ, ਪਵਿੱਤਰ ਪੁਨੀਤ ਕਰਨਹਾਰ ਤਾਂ ਕੀ ਹੋਣਾ ਸੀ । ਇਸ ਦੇ ਉਚ ਅੰਤ੍ਰੀਵੀ ਭਾਵ ਦੇ ਗੁਰ-ਬਚਨਾਂ ਨੂੰ ਏਸ ਕਰਕੇ ਉਲੰਘ ਜਾਈਦਾ ਹੈ ਕਿ ਏਹਨਾਂ ਦਾ ਮੰਨਣਾ ਕਮਾਵਣਾ ਐਵੇਂ ਸਰਸਰੀ ਹੀ ਸਮਝਿਆ ਜਾਂਦਾ ਹੈ । ਇਸ ਦਾ ਤਾਂ ਇਹ ਸਾਫ਼ ਭਾਵ ਹੈ ਕਿ ਸਤਿਗੁਰੂ ਦੇ ਹੁਕਮਾਂ ਤੇ ਹੁਕਮ ਰੂਪੀ ਬਚਨਾਂ ਦੀ ਕਦਰ ਕੀਮਤ ਨਹੀਂ ਪਾਈ ਜਾਂਦੀ । ਤਾਹੀਓਂ ਤਾਂ ਅਜਿਹੇ ਅਮੋਲਕ ਹੁਕਮ ਮਨ ਨੂੰ ਨਹੀਂ ਪੋਹਦੇ ।

## ੨੦. ਬਿਬੇਕ ਬੁਧੀ ਵਾਲੇ ਸਿਖ ਹੁਕਮੀ ਬੰਦੇ ਹੁੰਦੇ ਹਨ :

ਸਚਿਆਰ ਸਿਖ ਨੂੰ ਸਤਿਗੁਰਾਂ ਦੇ ਇਕ ਇਕ ਹੁਕਮ ਦੀ ਕਦਰ ਸਾਰ ਹਿਰਦਿਓਂ ਹੋਂਵਦੀ ਹੈ ਅਤੇ ਇਸੇ ਪ੍ਰਕਾਰ ਹਰੇਕ ਸਿਖ ਮਾਤਰ ਨੂੰ ਹੋਣੀ ਚਾਹੀਦੀ ਹੈ । ਉਹ ਵਿਚਾਰ

ਕਾਹਦੀ, ਜਿਸਨੇ ਸਤਿਗੁਰਾਂ ਦੇ ਬਚਨਾਂ ਦੀ ਸਾਰ ਨਾ ਜਾਣੀ ਅਤੇ ਕਦਰ ਨਾ ਪਾਈ। ਸਾਰ ਕਦਰ ਤਾਂ ਤਦ ਪਾਈ ਗਈ ਸਮਝੀ ਜਾਏ ਜੇ ਉਕਤ ਹੁਕਮਾਂ ਨੂੰ ਕਮਾਇਆ ਜਾਵੈ। ਕਮਾਉਣਾ ਇਸ ਦਾ ਇਹ ਹੈ ਕਿ ਗੁਣ ਗੋਬਿੰਦ ਬਾਰੰਬਾਰ ਨਿਤਾਪ੍ਰਤਿ ਗਾਵੇ ਸੁਣੇ ਜਾਣ। ਲਗਾਤਾਰ ਪਰਵਾਹ ਅੰਦਰ ਗੁਣ ਗੋਬਿੰਦ ਗਾਵੇ ਸੁਣੇ ਤਾਂ ਤਦ ਜਾਣ, ਜੇ ਸਤਿਗੁਰ ਦੀ ਆਗਿਆ ਸਤਿ ਸਤਿ ਕਰਿ ਮੰਨੀ ਜਾਵੇ। ਜਿਨ੍ਹਾਂ ਆਗਿਆ ਸਤਿ ਕਰ ਮਾਨੀ ਹੈ ਤਿਨ੍ਹਾਂ ਨੂੰ ਹੀ ਗੁਣ ਗਾਵਣ ਦੀ ਸੱਚੀ ਪ੍ਰਤੀਤ ਆਈ ਹੈ। ਅਤੇ ਇਸ ਪ੍ਰਤੀਤ ਕਰਕੇ ਹੀ ਤਿਨ੍ਹਾਂ ਦਾ ਗਾਵਿਆ ਸੁਣਿਆ ਸਤਿਗੁਰੂ ਕਰਤਾਰ ਥਾਇ ਪਾਵੰਦੇ ਅਤੇ ਲੇਖੇ ਲਾਂਵਦੇ ਹਨ। ਐਸੇ ਪ੍ਰੀਤਵਾਨ ਆਗਿਆ-ਪਾਲਕ ਦੀ ਪ੍ਰਤੀਤ ਵਾਲੇ ਆਗਿਆਕਾਰੀ ਹੁਕਮੀ ਬੰਦੇ ਹੀ ਬਿਬੇਕੀ ਜਨ ਕਹਾਂਵਦੇ ਹਨ ਅਤੇ ਸਾਰ ਗੁਰਮਤਿ ਬਿਬੇਕ ਪਦ ਨੂੰ ਪ੍ਰਾਪਤ ਹੁੰਦੇ ਹਨ।

**ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥**
**ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੮॥**
*ਗੌੜੀ ਮਾਲਵਾ ਮ: ੫, ਪੰਨਾ ੨੧੪*

ਸਤਿਗੁਰ ਦੇ ਬਿਬੇਕੀ ਸਿਖ ਦਾ ਮੁਖ ਆਚਰਣ ਇਹ ਹੈ ਕਿ ਹੁਕਮ ਨੂੰ ਹੁਕਮ ਸਮਝ ਕੇ ਮੰਨੇ। ਜਿਨ੍ਹਾਂ ਨੂੰ ਇਸ ਬਿਧਿ ਹੁਕਮ ਮੰਨਣ ਦੀ ਪ੍ਰਤੀਤ ਸੋਝੀ ਨਹੀਂ ਆਉਂਦੀ, ਤਿਨ੍ਹਾਂ ਨੂੰ ਸਤਿਗੁਰੂ ਸਾਹਿਬ ਪੁਕਾਰ ਕੇ ਗੁਰ ਉਪਦੇਸ਼ ਸੁਣਾਉਂਦੇ ਦ੍ਰਿੜ੍ਹਾਉਂਦੇ ਹਨ ਕਿ "ਕਰਿ ਕੀਰਤਨੁ ਹੋਇ ਉਧਾਰੁ"। ਸਤਿਗੁਰ ਦੇ ਤਾੜਨਾ ਤਾਈਦ ਸਹਿਤ ਏਤਨੇ ਪੁਕਾਰ ਪੁਕਾਰ ਕੇ ਉਪਦੇਸ਼ ਕਰਨ ਪਰ ਭੀ ਜੋ "ਕਰਿ ਕੀਰਤਨੁ" ਰੂਪੀ ਹੁਕਮ ਗੁਰਾਂ ਦਾ ਨਹੀਂ ਮੰਨਦੇ ਅਤੇ ਕੀਰਤਨ ਕਰਨ ਰੂਪੀ ਕਰਣੀ ਵਿਚ ਤਤਪਰ ਹੋ ਕੇ ਸਤਿਗੁਰਾਂ ਦੇ ਇਸ ਬਚਨ ਨੂੰ ਨਹੀਂ ਕਮਾਉਂਦੇ, ਉਹਨਾਂ ਦੇ ਇਸ ਬਚਨ ਨੂੰ ਪੜ੍ਹਨ ਵਿਚਾਰਨ ਮਾਤਰ ਨਾਲ, ਅਥਵਾ, ਅਰਥ ਮਾਤਰ ਕਰਕੇ ਗਿਆਨੀ ਕਹਾਵਣ ਨਾਲ ਕੀ ਉਹਨਾਂ ਦਾ ਉਧਾਰ ਹੋ ਸਕਦਾ ਹੈ ? ਕਦਾਚਿਤ ਨਹੀਂ। ਉਧਾਰ ਤਾਂ ਤਿਨ੍ਹਾਂ ਕਰਣੀ ਵਾਲੇ ਬਿਬੇਕੀ ਜਨਾਂ ਦਾ ਹੀ ਹੋਵੇਗਾ ਜਿਨ੍ਹਾਂ ਨੇ "ਕਰਿ ਕੀਰਤਨੁ" ਮਈ ਹੁਕਮ ਰੂਪੀ ਬਚਨ ਨੂੰ ਕਮਾਇਆ, ਅਰਥਾਤ, ਜੋ ਕੀਰਤਨ ਕਰਨ ਰੂਪੀ ਬਿਬੇਕ-ਕਮਾਈ ਦੇ ਕਰਮ ਅੰਦਰ ਤਤਪਰ ਹੋਏ। ਗੁਰੂ ਮਹਾਰਾਜ ਜੀ ਨੇ ਕੀਰਤਨ ਰੂਪੀ ਕਰਣੀ-ਬਿਬੇਕ ਦਾ ਫਲ ਭੀ ਪੁਕਾਰ ਕੇ ਉਚਾਰ ਉਪਦੇਸ਼ਿਆ ਕਿ "ਕਰਿ ਕੀਰਤਨੁ ਹੋਇ ਉਧਾਰੁ", ਕੀਰਤਨ ਕਰ, ਤੇਰਾ ਉਧਾਰ ਹੋਵੇਗਾ ਇਸ ਕੀਰਤਨ ਦੁਆਰਾ।

## ੨੧. ਬਿਬੇਕ-ਹੀਨ ਪੁਰਸ਼ਾਂ ਦੀ ਮਾਨਸਕ ਦਸ਼ਾ ਅਤੇ ਬਿਬੇਕੀ ਜਨਾਂ ਦੀ ਪਾਰਸ ਕਮਾਈ ਦੇ ਦਿੱਬ ਫਲ ਅੰਕੂਰ :

ਪ੍ਰੰਤੂ ਜਿਨ੍ਹਾਂ ਨੇ ਫੇਰ ਭੀ ਇਸ ਹੁਕਮ ਨੂੰ ਆਪਣੇ ਸਿਖ ਸਦਾਵਣੇ ਦੀ ਹੈਸੀਅਤ ਵਿਚ ਹੁੰਦੇ ਹੋਏ ਭੀ ਨਹੀਂ ਮੰਨਿਆ, ਉਨ੍ਹਾਂ ਨੂੰ ਜਾਣੋ ਕਿ ਸਤਿਗੁਰਾਂ ਦੇ ਇਸ ਬਚਨ ਪਰ ਭੀ ਭਰੋਸਾ ਨਹੀਂ ਆਇਆ ਕਿ ਤੇਰਾ ਉਧਾਰ ਹੋਵੇਗਾ। ਮਾਨੋ ਕਿ ਉਹ ਕੀਰਤਨ ਦੁਆਰਾ ਉਧਾਰ ਹੋਣਾ ਮੰਨਦੇ ਹੀ ਨਹੀਂ। ਤਾਹੀਏਂ ਤਾਂ ਉਹ ਕੀਰਤਨ ਕਰਦੇ ਨਹੀਂ।

ਇਸ ਤੋਂ ਸਾਫ਼ ਸਿਧ ਹੈ ਕਿ ਉਹ "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ"* ਵਾਲੇ ਗੁਰਵਾਕ ਉਤੇ ਭੀ ਵਿਸ਼ਵਾਸ ਨਹੀਂ ਰਖਦੇ, ਜੇ ਰਖਦੇ ਹੁੰਦੇ ਤਾਂ ਬਾਣੀ ਸਤਿ ਸਤਿ ਕਰਿ ਮੰਨਦੇ, ਅਰਥਾਤ, "ਕਰਿ ਕੀਰਤਨੁ ਹੋਇ ਉਧਾਰੁ" ਵਾਲੀ ਬਚਨ-ਬਾਣੀ ਨੂੰ ਸਤਿ ਮੰਨ ਕੇ ਕਮਾਉਂਦੇ ਅਤੇ ਤਤਕਾਲ ਹੀ ਕੀਰਤਨ ਕਰਨ ਰੂਪੀ ਕਿਰਤ-ਕਮਾਈ ਸੁਕ੍ਰਿਤ ਕਰਣੀ ਵਿਖੇ ਤਤਪਰ ਹੋ ਜਾਂਦੇ। ਤਾਂ ਤੇ ਉਹ ਪੱਕੇ ਅਬਿਬੇਕੀ ਜਨ ਹਨ। ਤਾਂ ਹੀ ਤੇ ਉਨ੍ਹਾਂ ਦਾ ਮਾਨਸ ਜਨਮ ਅਬਿਬੇਕ ਦੇ ਕਾਰਨ ਬਿਰਥਾ ਹੀ ਜਾਂਦਾ ਹੈ ਅਤੇ ਜਾਵੇਗਾ, ਜੈਸਾ ਕਿ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ। ਯਥਾ:

**ਦੂਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੇ ॥**
**ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥**
**ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥**
**ਜਿਹ ਰਸ ਅਨ ਰਸ ਬੀਸਰਿ ਜਾਹੀ ॥੧॥ਰਹਾਉ॥**
**ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥**
**ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥੨॥**
**ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ ॥**
**ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥੩॥**

*ਸੋਰਠਿ ਰਵਿਦਾਸ ਜੀ, ਪੰਨਾ ੬੫੮*

ਆਹਾ! ਕੈਸਾ ਸੁੰਦਰ ਦੀਖਿਆ-ਮਈ ਬਚਨ ਹੈ! ਕੈਸਾ ਅਮੋਲਕ ਮਨੁਖਾ ਜਨਮ ਹੈ, ਜਿਸਦਾ ਮਿਲਣਾ ਅਤੀ ਦੁਰਲਭ ਹੈ, ਪ੍ਰੰਤੂ ਹਾਇ, ਅਫ਼ਸੋਸ, ਕਿ ਬਿਬੇਕ-ਹੀਨਤਾ (ਅਬਿਬੇਕ) ਕਰਕੇ ਬਿਰਥਾ ਹੀ ਚਲਿਆ ਜਾਂਦਾ ਹੈ। ਭਾਵੇਂ ਰਾਜੇ ਇੰਦ੍ਰ ਸਦਰਸ ਪ੍ਰਾਣੀ ਦੇ ਗ੍ਰਿਹ ਵਿਖੇ ਰਾਜ ਸਿੰਘਾਸਨ ਭੀ ਹੋਵੇ ਅਤੇ ਰਾਜ ਸਾਜ ਦਾ ਸਭ ਐਸ਼੍ਵਰਜ ਪ੍ਰਾਪਤ ਹੋਵੇ, ਪ੍ਰੰਤੂ ਫੇਰ ਭੀ ਹਰਿ-ਭਗਤਿ ਬਿਨਾ ਕਿਸੇ ਲੇਖੇ ਨਹੀਂ, ਅਰਥਾਤ, ਮਾਇਆ ਦੇ ਵੱਡੇ ਤੋਂ ਵੱਡੇ ਅਡੰਬਰਾਂ ਵਿਖੇ ਰਚ ਪਚ ਕੇ ਜੋ ਪੁਰਖ ਹਰਿ-ਭਗਤਿ ਰੂਪੀ ਕਿਰਤ-ਕਮਾਈ ਕਰਨ ਦਾ ਬਿਬੇਕ ਨਹੀਂ ਧਾਰਦਾ, ਉਸ ਦੇ ਅਨੇਕਾਂ ਵਡ ਗਿਰੰਬਾਰੀ ਅਤੇ ਐਸ਼੍ਵਰਜੀ ਅਡੰਬਰ ਕਿਸ ਲੇਖੇ ਹਨ? ਅਰਥਾਤ, ਕਿਸੇ ਅਰਥ ਨਹੀਂ, ਬਿਰਥੇ ਹੀ ਹਨ। ਜੇ ਨਾਮ ਮਹਾਂ ਰਸ ਦੀ ਘਾਲ ਕਮਾਈ ਦਾ ਵਿਵੇਕ ਵੀਚਾਰ ਨਹੀਂ ਧਾਰਨ ਕੀਤਾ, ਜਿਸ ਮਹਾਂ ਰਸ ਦੀ ਕਮਾਈ ਕਰਨ ਕਰਕੇ ਦੂਜੇ ਸਾਰੇ ਬਿਖੇ ਰਸ ਵਿਸਰ ਜਾਂਦੇ ਹਨ, ਤਦ ਮਹਾਂ ਸ਼ੋਕ ਹੈ! ਅਜਿਹੀਆਂ ਅੰਞਾਣਾਂ ਵਾਲੀਆਂ ਜਾਨਣੀਆਂ ਜਾਣ ਕੇ, ਜੋ ਜਾਨਣੀਆਂ ਜਾਨਣ ਯੋਗ ਨਹੀਂ, ਅਸੀਂ ਬਉਰੇ ਹੋਏ ਪਏ ਫਿਰਦੇ ਹਾਂ ਅਤੇ ਨਾ ਸੋਚਣ ਯੋਗ ਸੋਚਾਂ ਸੋਚਦੇ ਹੋਏ ਅਸਾਡੇ ਦਿਨ ਅਜਾਈਂ ਲੰਘਦੇ ਚਲੇ ਜਾਂਦੇ ਹਨ। ਵਿਸ਼ੇ ਇੰਦ੍ਰੇ ਪ੍ਰਬਲ ਪਏ ਹੋਏ ਹਨ ਅਤੇ ਬਿਬੇਕ ਬੁਧਿ ਨਿਰਬਲ ਹੈ (ਵਿਸ਼ਿਆਂ ਹੇਠ ਦੱਬੀ ਪਈ ਹੈ), ਇਸ ਕਰਕੇ ਪ੍ਰਮਾਰਥ ਵਿਖੇ ਪ੍ਰਵੇਸ਼ ਨਹੀਂ ਹੋਇ ਆਂਵਦਾ, ਅਰਥਾਤ, ਅਸਾਨੂੰ ਪ੍ਰਮਾਰਥ ਦੀ ਲਾਗ ਹੀ ਨਹੀਂ ਲਗਦੀ, ਕਹਿੰਦੇ ਕੁਛ ਹਾਂ ਅਤੇ ਕਮਾਂਵਦੇ ਕੁਛ ਹਾਂ (ਅਰਥਾਤ, ਕਥਨੀ ਕਹਿਣੀ ਹੋਰ ਹੈ ਅਤੇ ਆਚਾਰ ਕਰਣੀ ਕੁਛ ਹੋਰ ਹੈ)। ਮਾਇਆ

---

*ਮ: ੪, ਵਾਰ ਗਉੜੀ, ਪੰਨਾ ੩੦੮

ਤੋਂ ਪਰੇ ਕੁਛ ਸਮਝ ਹੀ ਨਹੀਂ ਪੈਂਦੀ ਕਿ ਇਸ ਤੋਂ ਪਰੇ ਕੁਛ ਹੋਰ ਭੀ ਹੈ । ਐਸਾ ਮਾਇਆ ਨੇ ਭਰਮਾਇ ਰਖਿਆ ਹੈ । ਰਵਿਦਾਸ ਜੀ ਬੜੇ ਉਪਰਾਮ ਹੋ ਕੇ ਦਾਸਤ ਭਾਵਨਾ ਸਹਿਤ (ਪਰਮ ਅਧੀਨਗੀ ਨਾਲ) ਅਕਾਲ ਪੁਰਖ ਅਗੇ ਬੇਨਤੀ ਕਰਦੇ ਹਨ ਕਿ ਹੇ ਦੀਨ ਦਇਆਲ ਜੀ! ਕ੍ਰੋਪੀ ਦੂਰ ਕਰ ਕੇ ਜੀਵਾਂ ਉਤੇ ਦਇਆ ਦ੍ਰਿਸ਼ਟੀ ਕਰੋ (ਤਾਂਕਿ ਉਨ੍ਹਾਂ ਨੂੰ ਭੀ ਭਜਨ ਕਰਨ ਤੇ ਤਤ-ਗਿਆਨ-ਵਿਚਾਰ ਦੀ ਸੁਮਤਿ ਸੋਝੀ ਪਵੇ) ਅਤੇ ਉਹਨਾਂ ਦੀ ਅਬਿਬੇਕ ਬੁਧੀ ਦੂਰ ਹੋਵੇ । ਇਹ ਅਬਿਬੇਕ ਬੁਧੀ ਤਦ ਤਕ ਦੂਰ ਨਹੀਂ ਹੋ ਸਕਦੀ ਜਦ ਤੀਕ ਕਿ ਨਾਮ ਮਹਾਂ ਰਸ ਰੂਪੀ ਬਿਚਾਰ-ਬਿਬੇਕ ਇਕ-ਰਸ ਨਾ ਧਾਰਨ ਕੀਤਾ ਜਾਵੇ । ਨਾਮ ਰਸ ਦੇ ਵੀਚਾਰ ਤੋਂ ਭਾਵ ਨਾਮ ਅਭਿਆਸ ਦੀ ਕਮਾਈ ਦੁਆਰਾ ਨਾਮ ਮਹਾਂ ਰਸ ਨੂੰ ਮਾਨਣਾ ਹੈ ਅਤੇ ਨਾਮ-ਮਹਾਂ-ਰਸੀ-ਰੰਗ ਮਾਣਦੇ ਹੋਏ ਖਿਨ ਖਿਨ ਏਹਨਾਂ ਰੰਗਾਂ ਵਿਚ ਲੀਨ ਰਹਿਣਾ ਹੈ ।

> **ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥੧॥ਰਹਾਉ॥....**
> **ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ ॥**
> **ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ ਕਹੁ ਨਾਨਕ ਜਿਸੁ ਸਤਿਗੁਰੁ ਪੂਰਾ** ॥੮॥੨॥
> *ਗਉੜੀ ਮ: ੫, ਪੰਨਾ ੨੩੬*

ਇਸ ਗੁਰ ਪ੍ਰਮਾਣ ਦੁਆਰਾ ਸਪੱਸ਼ਟ ਦ੍ਰਿੜ੍ਹ ਹੁੰਦਾ ਹੈ ਕਿ ਇਹ ਕੀਰਤਨ ਰੂਪੀ ਸਿਰ ਕਰਮਨ ਕੇ ਕਰਮਾ, ਅਰਥਾਤ, ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ ਹੀ ਐਸਾ ਹੈ ਜੋ ਈਹਾਂ ਊਹਾਂ ਲੋਕ ਪ੍ਰਲੋਕ ਵਿਖੇ ਕੰਮ ਆਉਂਦਾ ਹੈ । ਪ੍ਰੰਤੂ ਇਹ ਉਤਮ ਬਿਬੇਕ ਪਰੀਪੂਰਨ ਅਤੇ ਸਮਰੱਥ ਗੁਰੂ ਸਾਹਿਬ ਕਿਰਪਾ ਦ੍ਰਿਸ਼ਟੀ ਕਰ ਕੇ ਉਨ੍ਹਾਂ ਨੂੰ ਹੀ ਦ੍ਰਿੜ੍ਹਾਉਂਦੇ ਬੁਝਾਉਂਦੇ ਹਨ ਜਿਨ੍ਹਾਂ ਦੇ ਰਿਦ ਅੰਤਰ ਗੁਰਮਤਿ ਨਾਮ ਰੂਪੀ ਗੁਰਮੰਤ੍ਰ ਦਾ ਨਿਵਾਸ ਅਭਿਆਸ ਕਰਾਉਂਦੇ ਹਨ । ਓਨ੍ਹਾਂ ਦਾ ਤਾਂ ਫੇਰ ਅਹਾਰ, ਜੀਵਨ ਆਧਾਰ ਹੀ ਅਖੰਡ ਕੀਰਤਨ ਹੋ ਜਾਂਦਾ ਹੈ । ਕੀਰਤਨ ਦਾ ਅਰਥਾਤ ਗੁਰਬਾਣੀ ਗਾਵਣ ਦਾ ਰਸ ਬਿਸਮਾਦੀ ਅਨੰਦ-ਰਹੱਸ ਗੁਰਮੰਤ੍ਰ ਦੇ ਅਭਿਆਸੀਆਂ, ਅਰਥਾਤ, ਗੁਰਮਤਿ ਨਾਮ ਦੀ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਆਉਂਦਾ ਹੈ । ਭਾਵੇਂ "ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥"* ਗੁਰਵਾਕ ਦੇ ਭਾਵ ਅਨੁਸਾਰ ਗੁਰਬਾਣੀ ਦਾ ਗਾਵਣ ਮਾਤਰ ਹੀ ਆਪਣੇ ਨਿਜ ਸਰੂਪ ਵਿਚ ਪਾਰਸ ਰੂਪ ਹੈ ਅਤੇ ਗਾਵਣ ਸੁਣਨਹਾਰਿਆਂ ਨੂੰ ਪਾਵਨ ਪਵਿੱਤਰ ਕਰ ਦੇਣ ਨੂੰ ਸਮਰੱਥ ਹੈ, ਪ੍ਰੰਤੂ ਨਾਮ ਅਭਿਆਸ ਗੁਰਮਤਿ ਨਾਮ ਦੀ ਜੀਵਨ-ਕਣੀ ਦਾ ਰਸ ਮਾਨਣਹਾਰੇ ਆਤਮ-ਬਿਬੇਕੀਆਂ ਨੂੰ ਇਸ ਕੀਰਤਨ ਦਾ ਜੋ ਰਸ ਆਉਂਦਾ ਹੈ ਉਹ ਇਕ ਅਕਹਿ ਰਸ ਹੈ । ਪ੍ਰੀਤਮ ਦੇ ਗੁਣ ਗਾਵਣ ਦਾ ਸਾਰ ਸਿਫਤਿ ਸਾਲਾਹੀ ਉਚ ਭਾਵ ਇਸ 'ਕੀਰਤਨ' ਅੰਦਰ ਹੈ । ਮਾਨੋ ਸਿਫਤਿ-ਸਾਲਾਹ ਦੀ ਅਵਧੀ ਇਹ ਕੀਰਤਨ ਹੈ । ਨਾਮ ਦੀ ਅਸਲ ਮਹਿਮਾ ਪ੍ਰਗਟਾਵਣਹਾਰਾ, ਨਾਮੀ ਪ੍ਰੀਤਮ ਦੀ ਖਾਲਸ ਕੀਰਤੀ ਕਰਾਵਣਹਾਰਾ ਇਹ ਗੁਰਬਾਣੀ ਦਾ ਕੀਰਤਨ ਹੈ । ਏਸੇ ਕਰਕੇ ਨਾਮ ਅਭਿਆਸ ਦਾ ਪ੍ਰੇਮੀ, ਪ੍ਰੀਤਮ ਦੀ ਪ੍ਰੇਮਾ ਭਗਤੀ ਦਾ ਪ੍ਰੇਮੀ-ਬਿਬੇਕੀ ਜਿਉਂ ਜਿਉਂ ਕੀਰਤਨ ਕਰਦਾ ਹੈ (ਅਰਥਾਤ ਕੀਰਤਨ ਰੂਪੀ ਸਿਫਤਿ-ਸਾਲਾਹ ਨੂੰ ਕਮਾਉਂਦਾ ਹੈ) ਤਿਉਂ ਤਿਉਂ ਉਸ ਨੂੰ ਨਾਮ ਦਾ ਰਸ (ਸੁਆਦ) ਹੋਰ ਤੋਂ ਹੋਰ ਆਉਂਦਾ ਹੈ । ਅਤੇ

* ਸੋਰਠਿ ਮ: ੫, ॥੨॥੧੭॥੮੧॥ ਪੰਨਾ ੬੨੮

ਏਸ ਰਸ ਦੇ ਅਧੀਨ ਹੋ ਕੇ ਅਭਿਆਸੀ ਜਨ ਵਧੇਰੇ ਤੋਂ ਵਧੇਰੇ ਆਤਮ-ਆਨੰਦ ਵਿਚ ਮਗਨ (ਰਸ-ਲੀਨ) ਹੋ ਜਾਂਦਾ ਹੈ। ਮਾਨੋ ਕੀਰਤਨ ਭਗਤ-ਕਮਾਈ ਲਈ ਪ੍ਰੇਮ ਦੇ ਚਾਬੁਕ ਲਗਾਉਂਦਾ ਹੈ। ਹੋਰ ਚੁੰਬਕ ਕਲਾ ਵਰਤਾ ਕੇ ਹੋਰ ਨਾਮ ਦਾ ਖੰਡਾ ਖੜਕਾਉਂਦਾ ਹੈ। ਜਿਉਂ ਜਿਉਂ ਨਾਮ ਦਾ ਖੰਡਾ ਖੜਕਾਉਂਦਾ ਹੈ ਤਿਉਂ ਤਿਉਂ ਹੋਰ ਵਧੇਰੇ ਕੀਰਤਨ ਦਾ ਉਮਾਹ ਉਪਜਦਾ ਹੈ। ਐਥੇ ਤਾਈਂ ਕਿ ਕੀਰਤਨ ਦਾ ਅਖੰਡ ਲਾਹਾ ਲੈਣਾ ਨਾਮ ਅਭਿਆਸੀ ਸਿਫਤਿ-ਸਾਲਾਹ ਦੇ ਰਸੀਏ ਦਾ ਇਕ ਅਹਾਰ ਅਤੇ ਜੀਵਨ-ਆਧਾਰ ਬਣ ਜਾਂਦਾ ਹੈ। ਬਸ, ਫੇਰ ਤਾਂ ਅਖੰਡ ਕੀਰਤਨ ਦੀਆਂ ਅਖੰਡ ਧੁਨੀਆਂ ਵਿਚ ਮਸਤੂਲ ਮਸਤ ਰਹਿਣੀ ਵਾਲੀ ਅਲਬੇਲੀ ਦਸ਼ਾ ਵਾਪਰ ਜਾਂਦੀ ਹੈ। ਏਸ ਜੀਵਨ-ਮੁਕਤ ਦਸ਼ਾ ਅੰਦਰ ਅਖੰਡ ਕੀਰਤਨ ਦੇ ਅਨਹਦ ਅਖਾੜਿਆਂ ਦੀ ਮੌਜ ਏਸ ਲੋਕ ਵਿਖੇ ਭੀ ਮਾਣਦਾ ਹੈ ਅਤੇ ਪਰਲੋਕ ਵਿਖੇ ਭੀ ਇਹ ਅਖੰਡ ਮੌਜ ਬਣੀ ਰਹਿੰਦੀ ਹੈ। ਜੋਤਿ ਪੁੰਜ ਪਾਰਬ੍ਰਹਮ ਦੇ ਦਿਬਯ ਜੋਤੀ ਸਾਂਗੋ ਪਾਂਗ ਦਿਦਾਰਿਆਂ ਦੀ ਸਾਪੇਕਸ਼ਤਾ ਵਿਚ ਉਕਤ ਅਖੰਡ ਕੀਰਤਨ ਦਾ ਮੌਜ ਮੇਲਾ ਸਦੀਵੀ ਅਨਹਦੀ ਅਤੇ ਅਬਚਲੀ ਤਾਰ ਵਿਚ ਈਹਾਂ ਊਹਾਂ ਦੋਹਾਂ ਲੋਕਾਂ ਵਿਖੇ ਬਣਿਆ ਰਹਿੰਦਾ ਹੈ।

**ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥ ਕੋਟਿ ਫਲਾ ਗੁਰ ਤੇ ਬਿਧਿ ਜਾਣੀ ॥੩॥**
**ਮਨ ਅਪੁਨੇ ਮਹਿ ਫਿਰਿ ਫਿਰਿ ਚੇਤ ॥ ਬਿਨਸਿ ਜਾਹਿ ਮਾਇਆ ਕੇ ਹੇਤ ॥...੪॥੬॥**
*ਗਉੜੀ ਮ: ੫, ਪੰਨਾ ੨੩੮*

ਇਸ ਗੁਰ ਪ੍ਰਮਾਣ ਦੇ ਭਾਵ ਅਨੁਸਾਰ ਗੁਰਬਾਣੀ ਦਾ ਸੁਣਨ ਮਾਤਰ ਹੀ ਕੋਟਾਨ ਕੋਟਿ ਪੁੰਨ ਕਰਮ ਦੀ ਤੁਲਤਾ ਰਖਦਾ ਹੈ ਅਤੇ ਕੋਟਿ ਫਲ ਪਰਦਾਤਾ ਹੈ। ਅਤੇ ਗੁਰਮਤਿ ਬਿਧੀ ਸੰਯੁਕਤ ਜੇ ਗੁਰਮੰਤ੍ਰ ਰੂਪ ਗੁਰੂ ਦੇ ਬਚਨ ਨੂੰ ਬਾਰੰਬਾਰ ਅਭਿਆਸ ਦੁਆਰਾ ਸਿਮਰਨ ਚਿੰਤਨ ਕੀਤਾ ਜਾਵੇ, ਤਦ ਮਾਇਆ ਰੂਪੀ ਸਭ ਬੰਧਨਾਂ ਦਾ ਬਿਨਾਸ ਹੋ ਜਾਂਦਾ ਹੈ। ਇਹ ਤੌਫ਼ੀਕਾਂ ਹਨ ਸਿਫਤਿ-ਸਾਲਾਹ ਰੂਪੀ ਸਾਰ ਗੁਰਮਤਿ ਬਿਬੇਕ ਦੇ ਧਾਰਨ ਕਰਨ ਦੀਆਂ।

**ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ ਜਾਇ ॥**
**ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥**
**ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥**
**ਬੰਧਨ ਤੋਰਿ ਭਏ ਨਿਰਵੈਰੁ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥**
**ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥੨੨॥**
*ਗਉੜੀ ਸੁਖਮਨੀ ਮ: ੫, ਪੰਨਾ ੨੯੨-੯੩*

"ਏਕੋ ਨਾਮੁ ਹੁਕਮੁ ਹੈ"[1] ਗੁਰਵਾਕ ਦੇ ਭਾਵ ਅਨੁਸਾਰ ਜੋ ਬਿਬੇਕੀ ਜਨ ਏਕੈ ਨਾਮ ਰੂਪੀ ਸੇਵਾ ਕਮਾਈ ਵਿਖੇ ਲਗ ਗਿਆ ਹੈ ਤਿਸ ਹੁਕਮੀ ਬੰਦੇ ਸੇਵਕ ਦੀ, ਅਰਥਾਤ, ਤਿਸ ਨਾਮ ਰੂਪੀ ਹੁਕਮ ਕਮਾਵਣਹਾਰੇ ਕਾਮੇ ਸੇਵਕ ਬਿਬੇਕੀ ਜਨ ਦੀ ਚਿਤਵੀ ਕੋਈ ਭੀ ਆਸ ਬਿਰਥੀ ਨਹੀਂ ਜਾਂਦੀ। ਅੱਵਲ ਤਾਂ ਉਤਮ ਬਿਬੇਕੀ ਜਨ ਨੂੰ "ਏਕਹਿ ਆਸਾ ਦਰਸ ਪਿਆਸਾ ਆਨ ਨ ਭਾਵੈ ॥"[2] ਗੁਰਵਾਕ ਦੇ ਭਾਵ ਅਨੁਸਾਰ

1. ਸਿਰੀਰਾਗੁ ਮ: ੧, ਪੰਨਾ ੭੨
2. ਆਸਾ ਮ: ੫, ॥੨॥੧੪੭॥ ਪੰਨਾ ੪੦੭

"ਏਕਹਿ ਆਸਾ ਦਰਸ ਪਿਆਸਾ" ਤੋਂ ਬਿਹੂਣ ਕੋਈ ਆਸ ਫੁਰਦੀ ਹੀ ਨਹੀਂ। ਜੇ ਫੁਰਦੀ ਹੈ ਤਾਂ ਪ੍ਰਮਾਰਥ ਸੰਬੰਧੀ ਆਸ ਫੁਰਦੀ ਹੈ। ਸੋ ਆਸ ਤਿਸ ਬਿਬੇਕੀ ਜਨ ਦੀ ਕਦੇ ਬਿਰਥੀ ਨਹੀਂ ਜਾਂਦੀ। ਬਸ, ਨਾਮ ਸੇਵਨਹਾਰੇ ਬਿਬੇਕੀ ਜਨ ਸੇਵਕ ਨੂੰ ਹਰ ਦਮ ਨਾਮ-ਸੇਵਨੀ-ਸੇਵਾ ਕਮਾਈ ਨਾਲ ਹੀ ਬਣਿ ਆਉਂਦੀ ਹੈ। ਅਤੇ ਤਿਸ ਸੇਵਕ ਜਨ ਦਾ, ਜਿਸਦੀ ਹਰ ਦਮ ਨਾਮ ਦੀ ਲਿਵਤਾਰ ਕਮਾਈ ਨਾਲ ਬਣੀ ਰਹਿੰਦੀ ਹੈ "ਏਕੋ ਨਾਮੁ ਹੁਕਮੁ ਹੈ" ਦੇ ਭਾਵ ਅਨੁਸਾਰ ਨਾਮ ਦੀ ਕਮਾਈ ਸੇਵਾ ਨਾਲ ਲਗੇ ਰਹਿਣਾ ਹੁਕਮ ਦਾ ਬੂਝਣਾ ਹੈ। ਬਸ, ਏਸੇ ਹੁਕਮ ਨੂੰ ਬੂਝ ਕੇ ਹੀ ਤਿਸ ਸੇਵਕ (ਬਿਬੇਕੀ ਜਨ) ਨੇ ਪਰਮ ਪਦ ਦਾ ਪਾਵਣਾ (ਪ੍ਰਾਪਤ ਕਰਨਾ) ਕੀਤਾ ਹੈ। ਇਸ ਤੋਂ ਉਪਰੰਤ ਹੋਰ ਕੋਈ ਵੀਚਾਰ (ਬਿਬੇਕ) ਨਹੀਂ ਅਤੇ ਉਸ ਤੋਂ ਉਪਰ ਦੇ ਦਰਜੇ ਦਾ ਕੋਈ ਬਿਬੇਕੀ ਵੀਚਾਰਵਾਨ ਜਨ ਨਹੀਂ, ਜਿਸਦੇ ਮਨ (ਹਿਰਦੇ) ਵਿਖੇ ਨਾਮ ਅਭਿਆਸ ਦੁਆਰਾ ਨਾਮ ਦਾ ਨਿਵਾਸ ਹੋਇਆ ਹੈ। ਇਸ ਬਿਵਸਥਾ ਦੇ ਬਿਬੇਕੀ ਜਨ ਹੀ ਸਰਬ ਮੋਹ ਮਾਇਆ ਮਮਤਾ ਤ੍ਰਿਸ਼ਨਾ ਰਾਗ ਦਵੈਖ ਆਦਿਕ ਬਿਖੇ-ਬੰਧਨ ਤੋੜ ਕੇ ਨਿਰਵੈਰ ਭਏ ਹਨ। ਅਰਥਾਤ, ਨਿਰਵੈਰ ਅਕਾਲ ਪੁਰਖ ਦੇ ਸਰੂਪ ਵਿਚ ਲੀਨ ਹੋ ਗਏ ਹਨ। ਅਤੇ ਇਸ ਉਚ ਅਵਸਥਾ ਨੂੰ ਪ੍ਰਾਪਤ ਹੋ ਕੇ ਭੀ ਫੇਰ ਗੁਰੂ ਦੀ ਪੂਜਾ ਸੇਵਾ ਬੰਦਨਾ ਬੰਦਗੀ ਵਿਚ ਰਾਤ ਦਿਨ ਤਤਪਰ ਰਹਿੰਦੇ ਹਨ। ਐਸੇ ਹੀ ਉਤਮ ਬਿਬੇਕੀ ਪੁਰਖ ਇਸ ਲੋਕ ਵਿਖੇ ਸਦਾ ਸੁਖੀਏ ਅਤੇ ਪਰਲੋਕ ਵਿਖੇ ਸੁਹੇਲੇ ਰਹਿੰਦੇ ਹਨ। ਗੁਰਮਤਿ ਸਾਰ ਬਿਬੇਕ ਗੁਣਾਂ ਦੀ ਅਸਲ ਕਮਾਈ ਦੇ ਸੁਤੇ ਪ੍ਰਭਾਵ ਕਰਕੇ ਉਹਨਾਂ ਨੂੰ ਹਰੀ ਪ੍ਰਭ ਅਕਾਲ ਪੁਰਖ ਨੇ ਆਪ ਹੀ ਪਰਮ ਦਇਆਲ ਸੇਤੀ ਆਪਣੇ ਜੋਤਿ ਸਰੂਪੀ ਸਰੂਪ ਵਿਖੇ ਮਿਲਾ ਲਿਆ ਹੁੰਦਾ ਹੈ। ਏਵਡ ਵਡੀ ਅਕਾਲ-ਕਿਰਪਾ ਦਾ ਕਾਰਨ ਸਾਰ ਬਿਬੇਕ ਗੁਣਾਂ ਦੀ ਗੁਰਮਤਿ ਕਮਾਈ ਹੈ, ਜਿਸ ਦਾ ਕਮਾਵਣਾ ਹਰੇਕ ਸਚਿਆਰ ਸਿਖ ਦਾ ਪੂਰਨ ਫ਼ਰਜ਼ ਅਤੇ ਪਰਮ ਧਰਮ ਹੈ।

ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥੩॥੧॥

*ਗਉੜੀ ਸੁਖਮਨੀ ਮ: ੫, ਪੰਨਾ ੨੬੨*

ਅਕਾਲ ਪੁਰਖ ਦੇ ਸਿਮਰਨ ਕਰਕੇ, ਅਰਥਾਤ, ਅਕਾਲ ਪੁਰਖ ਦਾ ਨਾਮ ਜਪਣ ਕਰਕੇ ਗਿਆਨ ਧਿਆਨ ਤਤੁ ਬੁਧਿ ਦੀ ਪ੍ਰਾਪਤੀ ਹੁੰਦੀ ਹੈ, ਭਾਵ, ਸੱਚਾ ਗਿਆਨ ਅਤੇ ਅਸਲ ਧਿਆਨ ਅਤੇ ਆਤਮ ਤੱਤ ਦੀ ਸੱਚੀ ਬੁਧਿ ਵੀਚਾਰ ਰੂਪੀ ਸਾਰ ਬਿਬੇਕ ਕੇਵਲ ਸਿਮਰਨ ਭਜਨ ਮਈ ਸਿਫਤਿ-ਸਾਲਾਹ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਸਿਫਤਿ ਸਾਲਾਹ ਬਿਹੂਣ ਗਿਆਨ ਧਿਆਨ ਤਤ ਬੀਚਾਰ (ਸਾਰ ਬੁਧਿ ਬਿਬੇਕ) ਦਾ ਹੋਣਾ ਗੁਰਮਤਿ ਅਨੁਸਾਰ ਇਕ ਅਨਹੋਣੀ ਗੱਲ ਹੈ। ਸਗਵਾਂ ਇਹ ਕਹਿਣਾ ਭੀ ਠੀਕ ਹੈ ਕਿ ਬਿਨ ਗੁਰ ਸ਼ਬਦ, ਅਥਵਾ, ਗੁਰਮਤਿ ਨਾਮ ਬਿਹੂਣ ਜੋ ਗਿਆਨ ਹੈ, ਸਭ ਕੱਚਾ ਕਪੋਲ ਅਤੇ ਨਿਰੋਲ ਖਰੜ ਗਿਆਨ ਅਥਵਾ ਫਿੱਕਾ ਚੁੰਚ ਗਿਆਨ ਹੈ ਅਤੇ ਜੋ ਧਿਆਨ ਹੈ, ਸਭ ਦੂਜੇ ਭਾਉ ਵਾਲਾ ਬਗਲ-ਧਿਆਨ ਅਥਵਾ ਚਿੰਤ-ਧਿਆਨ ਹੈ, ਜੋ ਬੁਧਿ ਹੈ ਸਭ ਕੁਬੁਧਿ ਹੈ, ਜੋ ਮਤਿ ਹੈ ਸਭ ਕੁਸੱਤ ਕੁਮੱਤ ਹੈ, ਜੋ ਵਿਚਾਰ ਹੈ ਸੋ ਸਭ ਸ਼ੁਸ਼ਕ ਅਵਿਚਾਰ ਹੈ ਅਤੇ ਜੋ ਬਿਬੇਕ ਹੈ ਸੋ ਸਭ ਊਰਾ ਅਤੇ ਉੱਕਾ ਅਬਿਬੇਕ ਹੈ, ਯਥਾ ਮਹਾਂ ਵਾਕ :

ਵਿਣੁ ਗੁਰੁ ਹੋਰੁ ਧਿਆਨੁ ਹੈ ਸਭੁ ਦੂਜਾ ਭਾਉ ॥
ਵਿਣੁ ਗੁਰ ਸਬਦ ਗਿਆਨੁ ਹੈ ਫਿਕਾ ਆਲਾਉ ॥

**ਵਿਣੁ ਗੁਰ ਚਰਣਾ ਪੂਜਣਾ ਸਭੁ ਕੂੜਾ ਸੁਆਉ ॥**
**ਵਿਣੁ ਗੁਰ ਬਚਨ ਜੁ ਮੰਨਣਾ ਊਰਾ ਪਥਰਾਉ ॥**
**ਸਾਧ ਸੰਗਤਿ ਵਿਣੁ ਸੰਗੁ ਹੈ ਸਭੁ ਕਚਾ ਚਾਉ ॥**
**ਪੀਰ ਮੁਰੀਦਾ ਪਿਰਹੜੀ ਜਿਣਿ ਜਾਣਨਿ ਦਾਉ ॥੧੭॥**

*ਭਾਈ ਗੁਰਦਾਸ ਜੀ, ਵਾਰ ੨੭*

ਨਾਮ ਰੂਪੀ ਬਿਬੇਕ ਬੀਚਾਰ ਦੇ ਤੁਲ ਸਮਸਰ ਹੋਰ ਕੋਈ ਗਿਆਨ ਧਿਆਨ ਆਦਿਕ ਨਹੀਂ, ਯਥਾ ਗੁਰਵਾਕ :

**ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥**
**ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥**
**ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥**
**ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥**
**ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥੩॥**

*ਗਉੜੀ ਸੁਖਮਨੀ ਮ: ੫, ਪੰਨਾ ੨੬੫*

**ਕੈਸਾ ਨਿਤਾਰ ਕੇ ਇਸ ਭਾਵ ਨੂੰ ਨਿਖੇੜਿਆ ਗਿਆ ਹੈ ਕਿ ਗੁਰਮਤਿ ਨਾਮ ਦੇ ਇਕ ਵਾਰੀ ਜਪਣ ਦਾ ਜੋ ਬਿਬੇਕ-ਬੀਚਾਰ ਹੈ, ਇਸ ਦੇ ਤੁਲ ਜਿਤਨੇ ਭੀ ਕਲਪਤ ਜਾਪ ਤਾਪ, ਗਿਆਨ ਧਿਆਨ, ਖਟ ਸ਼ਾਸਤ੍ਰ, ਸਿਮਰਤੀਆਂ ਦੇ ਵਖਿਆਨ, ਜੋਗ ਅਭਿਆਸ, ਕਰਮ ਧਰਮ ਕਿਰਿਆ, ਤਿਆਗ, ਸੰਨਿਆਸ, ਬਨਬਾਸ-ਭਰਮਣ ਅਤੇ ਹੋਰ ਅਨਿਕ ਪ੍ਰਕਾਰੀ ਚੱਜ ਆਚਾਰੀ ਯਤਨ, ਪੁੰਨ ਦਾਨ, ਯਗ, ਪੁਨਹਚਰਨ ਅਤੇ ਬਹੁ ਭਾਂਤੀ ਵਰਤ ਨੇਮ ਆਦੀ ਕਰਮ ਹਨ, ਕਦਾਚਿਤ ਪੁਜ ਨਹੀਂ ਸਕਦੇ। ਅਰਥਾਤ, ਗੁਰਮਤਿ ਨਾਮ ਦੇ ਅਭਿਆਸ ਰੂਪੀ ਛਿਨ ਮਾਤਰੀ ਬਿਬੇਕ ਬੀਚਾਰ ਦੇ ਤੁਲ ਉਪਰ ਲਿਖੇ ਗੁਰਮਤਿ ਰਹਿਤ (ਗੁਰਮਤਿ-ਹੀਨ) ਗਿਆਨ ਧਿਆਨ ਆਦੀ ਉੱਕੇ ਹੀ ਸਮਸਰੀ (ਬਰਾਬਰੀ) ਨਹੀਂ ਰਖ ਸਕਦੇ। ਰਾਮ ਨਾਮ ਬੀਚਾਰ ਦਾ ਅਰਥ ਇਸ ਤੋਂ ਅਗਲੀ ਤੁਕ ਵਿਚ ਸਪੱਸ਼ਟ ਕਰ ਦਿਤਾ ਹੈ ਕਿ ਰਾਮ ਨਾਮ ਤੋਂ ਭਾਵ ਗੁਰਮਤਿ ਨਾਮ ਹੈ (ਜੋ ਗੁਹਜ ਅਤੇ ਗੁਪਤ ਕਲਾ ਵਿਖੇ ਹੀ ਗੁਰਮੁਖਾਂ ਦੇ ਸੀਨਾ ਬਸੀਨਾ ਵਰਤਦਾ ਹੈ ਅਤੇ ਧੁਰੋਂ ਵਰਤਦਾ ਚਲਿਆ ਆਇਆ ਹੈ) ਅਤੇ ਰਾਮ ਨਾਮ ਬੀਚਾਰ ਦਾ ਅਰਥ-ਭਾਵ ਗੁਰਮਤਿ ਨਾਮ ਦਾ ਜਪਣਾ ਹੈ। ਗੁਰਬਾਣੀ ਅੰਦਰ ਜਿਥੇ ਕਿਥੇ ਭੀ 'ਨਾਮ' ਦੇ ਸੰਬੰਧ 'ਵਿਚਾਰ' ਅਥਵਾ 'ਬੀਚਾਰ' ਦਾ ਪਦ ਆਇਆ ਹੈ ਓਥੇ ਇਸ ਪਦ ਤੋਂ ਭਾਵ ਅਭਿਆਸ ਰੂਪੀ ਜਾਪ-ਕਮਾਈ ਦਾ ਲਿਆ ਗਿਆ ਹੈ। ਕਿਉਂਕਿ ਗੁਰਮਤਿ ਅੰਦਰ ਸਤਿਗੁਰ ਬਚਨ ਕਮਾਵਣੇ ਹੀ ਸੱਚਾ ਵਿਚਾਰ ਬਿਬੇਕ ਹੈ (ਜੈਸਾ ਕਿ ਅਰੰਭ ਵਿਚ ਸਿਧ ਕੀਤਾ ਗਿਆ ਹੈ)। ਤਾਂ ਤੇ ਬਚਨਾਂ ਸਿਰ ਬਚਨ, ਸਾਰ ਬਚਨ ਨਾਮ ਦਾ ਵੀਚਾਰ ਭੀ ਨਾਮ ਦਾ ਕਮਾਵਣਾ ਹੈ ਤੇ ਨਾਮ ਦਾ ਅਭਿਆਸ ਅਤੇ ਅਜਪਾ ਜਾਪ ਹੈ, ਜੋ ਕਿ ਗੁਰਮਤਿ ਅੰਦਰ ਸਾਰ ਬਿਬੇਕ ਦੇ ਨਾਮ ਨਾਲ ਪ੍ਰਸਿੱਧ ਹੈ। ਸੋ ਇਸ ਸਾਰ ਬਿਬੇਕ ਦੇ ਮੁਕਾਬਲੇ ਵਿਚ ਹੋਰ ਸਮੱਸਤ ਬਿਬੇਕ ਬੀਚਾਰ ਗਿਆਨ ਧਿਆਨ ਆਦੀ ਅਸਾਰ ਹਨ, ਅਰਥਾਤ, ਕੁਛ ਹੈਸੀਅਤ ਨਹੀਂ ਰਖਦੇ।**

## ੨੨. ਗੁਰਬਾਣੀ ਦੇ ਬਿਬੇਕ ਵਿਚਾਰ ਦੇ ਸੁਖ-ਫਲ :

**ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ ਲਾਲ ਏਹਿ ਰਤਨ ॥**
**ਸੁਨਤ ਕਮਾਵਤ ਹੋਤ ਉਧਾਰ ॥ ਆਪਿ ਤਰੈ ਲੋਕਹ ਨਿਸਤਾਰ ॥...੩॥੨੪॥**
*ਗਉੜੀ ਸੁਖਮਨੀ ਮ: ੫, ਪੰਨਾ ੨੯੫*

ਇਸ ਦੁਤੁਕੀ ਗੁਰ ਪ੍ਰਮਾਣ ਅੰਦਰ ਗੁਰਬਾਣੀ ਰੂਪੀ ਸਤਿਗੁਰ ਦੇ ਬਚਨਾਂ ਦੀ ਮਹਿਮਾ ਮਈ ਕੀਮਤ ਏਥੇ ਤੀਕ ਦਰਸਾਈ ਗਈ ਹੈ ਅਤੇ ਗੁਰ-ਬਚਨਾਂ ਰੂਪੀ ਅਮੋਲਕ ਲਾਲ ਰਤਨਾਂ ਦੀ ਗਤਿ ਮਿਤਿ ਦਾ ਏਤਨਾ ਅਪਾਰ ਮਰਤਬਾ (ਦਰਜਾ) ਜਣਾਇਆ ਗਿਆ ਹੈ ਕਿ ਏਹਨਾਂ ਬਚਨਾਂ ਦੇ ਸੁਣਨ ਕਮਾਵਣ ਮਾਤਰ ਨਾਲ ਹੀ ਸ੍ਰੋਤਿਆਂ ਬਕਤਿਆਂ ਦਾ ਉਧਾਰ ਨਿਸਤਾਰ ਹੋ ਜਾਂਦਾ ਹੈ। ਗੁਰਬਾਣੀ ਰੂਪੀ ਸਮੂਹ ਬਚਨਾਂ ਦਾ ਤੱਤ ਸਾਰ ਨਾਮ ਜਪਣ ਦੀ ਮਹਿਮਾ ਨੂੰ ਦ੍ਰਿੜ੍ਹਾਵਣਾ ਹੈ, ਸੋ ਗੁਰਬਾਣੀ ਰੂਪੀ ਬਚਨਾਂ ਦੇ ਕਮਾਵਣ ਤੋਂ ਭਾਵ ਨਾਮ ਜਪਣ ਵਿਖੇ ਜੁਟਣਾ ਹੈ। ਗੁਰਬਾਣੀ ਆਪਣੇ ਨਿਜ ਸਰੂਪ ਵਿਚ ਭੀ ਨਾਮ ਦੀ ਮਹਿਮਾ ਅਤੇ ਨਾਮੀ (ਅਕਾਲ ਪੁਰਖ) ਦਾ ਜਸ ਹੋਣ ਦੇ ਕਾਰਨ ਨਾਮ ਸਰੂਪ ਹੀ ਹੈ। ਇਸ ਕਰਕੇ ਬਾਣੀ (ਗੁਰਬਾਣੀ) ਦਾ ਪਾਠ ਕਰਨਾ ਸੁਣਨਾ ਗਾਵਣਾ ਭੀ ਉਧਾਰਨ ਨਿਸਤਾਰਨਹਾਰ ਹੈ। ਤਾਂ ਤੇ ਗੁਰਬਾਣੀ ਦਾ ਪ੍ਰੇਮ ਪੂਰਬਕ ਅਤੇ ਸ਼ਰਧਾ ਭਾਵਨੀ ਸਹਿਤ ਪੜ੍ਹਨਾ ਸੁਣਨਾ ਅਤੇ ਗਾਵਣਾ ਮਾਨੋ ਗੁਰ-ਬਚਨਾਂ ਦਾ ਕਮਾਵਣਾ ਹੈ। ਏਸ ਕਰਕੇ "ਸਤਿਗੁਰ ਬਚਨ ਕਮਾਵਣੇ ਸਚਾ ਇਹੁ ਵੀਚਾਰੁ"[1] ਗੁਰਵਾਕ ਦੇ ਭਾਵ ਦੀ ਕਸੌਟੀ ਅਨੁਸਾਰ ਗੁਰਬਾਣੀ ਦਾ ਪਾਠ ਕਰਨਾ ਅਤੇ ਸੁਣਨਾ ਭੀ ਸੱਚਾ ਵਿਚਾਰ, ਅਰਥਾਤ, ਸਾਰ ਬਿਬੇਕ ਹੈ। ਏਸੇ ਅਸਟਪਦੀ ਦੀ ਛੇਵੀਂ ਪਉੜੀ ਵਿਚ ਗੁਰਮਤਿ ਨਾਮ ਅਤੇ ਨਾਮ ਸਰੂਪ ਗੁਰ-ਬਚਨਾਂ ਦੀ ਮਹਿਮਾ-ਮਿਤ ਜੋ ਪ੍ਰਗਟਾਈ ਗਈ ਹੈ, ਉਹ ਤਾਂ ਅਤੀਅੰਤ ਹੀ ਅਗਮ ਅਪਾਰ ਹੈ। ਏਥੇ ਉਸ ਪਉੜੀ ਦਾ ਹੂਬਹੂ ਉਤਾਰਾ ਕਰਿ ਦੇਣਾ ਹੀ ਉਚਿਤ ਹੈ। ਯਥਾ :

**ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹ ਸਿਧਿ ॥**
**ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥**
**ਚਾਰਿ ਪਦਾਰਥ ਕਮਲ ਪ੍ਰਗਾਸ ॥ ਸਭ ਕੈ ਮਧਿ ਸਗਲ ਤੇ ਉਦਾਸ ॥**
**ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥**
**ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥੨੪॥**
*ਗਉੜੀ ਸੁਖਮਨੀ ਮ: ੫, ਪੰਨਾ ੨੯੬*

ਏਸ ਗੁਰਵਾਕ ਦਾ ਸਾਰ ਭਾਵ ਇਹ ਹੈ ਕਿ ਗੁਰਮਤਿ ਨਾਮ ਜਪਣਹਾਰੇ ਅਤੇ ਗੁਰਬਾਣੀ ਰੂਪ ਗੁਰ-ਬਚਨਾਂ ਦੇ ਸੁਣਨਹਾਰੇ ਜਨ ਨੂੰ ਉਪਰ ਦਰਸਾਏ ਫਲ ਸੁਤੇ ਸਿਧ ਹੀ ਆਣ ਪ੍ਰਗਟ ਹੁੰਦੇ ਹਨ। ਨਾਮ ਦੀ ਪਾਰਸ-ਸ਼ਕਤੀ ਬਰਕਤ ਅਤੇ ਅੰਮ੍ਰਿਤ-ਕਲਾ ਸੰਪੂਰਨ ਤੇਜ ਪ੍ਰਤਾਪ ਕਰਕੇ ਨਾਮ ਗੁਰ-ਬਚਨ ਕਮਾਵਣਹਾਰੇ ਬਿਬੇਕੀ ਜਨ ਨੂੰ ਅਮਰੋਂ ਅਤੇ ਅਗੰਮੋਂ ਹੀ ਉਹ ਫਲ ਆਣ ਲਗਦੇ ਹਨ ਜਿਨ੍ਹਾਂ ਨੂੰ ਕਿ ਲੱਖ ਯਤਨ ਕੀਤਿਆਂ

---
1. ਸਿਰੀਰਾਗੁ ਮ: ੫, ॥੧॥੯੯॥ ਪੰਨਾ ੫੨

ਨਹੀਂ ਪ੍ਰਾਪਤ ਕਰ ਸਕੀਦਾ। ਇਸ ਗੁਰਮਤਿ ਕਰਮ (ਨਾਮ ਦੇ) ਕਮਾਏ ਬਿਹੂਣ ਆਨਮਤੀ ਕਰਮ ਮਨ ਦੀ ਮਤਿ ਦੇ ਚਾਹੇ ਅਨੇਕਾਂ ਹੀ ਕੀਤੇ ਜਾਣ, ਪਰ ਨ ਹੀ ਉਕਤ ਆਨਮਤਿ ਕਰਮ ਕਰਨਹਾਰੇ ਨੂੰ ਖੇਮ, ਸਾਂਤਿ, ਰਿਧਿ, ਨਵ ਨਿਧਿ, ਬੁਧਿ ਗਿਆਨ ਸਰਬ ਪ੍ਰਕਾਰ ਦੀਆਂ ਸਿਧੀਆਂ ਵਿਦਿਆ ਆਦਿਕ ਉਪਰ ਅੰਕੂਰੇ ਫਲ ਹੀ ਪ੍ਰਾਪਤ ਹੋ ਸਕਦੇ ਹਨ ਅਤੇ ਨਾ ਹੀ ਓਹਨਾਂ ਦੀ ਕਲਿਆਨ ਹੋ ਸਕਦੀ ਹੈ; ਅਕਾਲ ਪੁਰਖ ਦਾ ਦਰਸ-ਮਿਲਾਪ ਤਾਂ ਓਹਨਾਂ ਨੂੰ ਕੀ ਹੋਣਾ ਸੀ, ਜੈਸਾ ਕਿ ਇਸ ਅਗਲੇਰੇ ਗੁਰਵਾਕ ਅੰਦਰ ਵਰਣਨ ਹੈ। ਯਥਾ:

**ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥**
**ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥**
**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥**
**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ਰਹਾਉ॥**
**ਮੋਨ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥**
**ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥**
**ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥**
**ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥**
**ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥**
**ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥**
**ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥**
**ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥**
**ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥**
**ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥**
**ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥**
**ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥**
**ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥**
**ਤੇਰੋ [1]ਸੇਵਕੁ ਇਹ ਰੰਗਿ ਮਾਤਾ ॥**
**ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ**
**ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ਰਹਾਉ ਦੂਜਾ॥੧॥੩॥**

*ਸੋਰਠਿ ਮ: ੫, ਪੰਨਾ ੬੪੧-੪੨*

ਤਾਂ ਤੇ ਹਰਿ ਕੀਰਤਨ ਰੂਪੀ ਗੁਰਮਤਿ ਕਰਮ ਦੇ ਤੁਲ, ਅਰਥਾਤ, ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ ਦੇ ਸਮਸਰ ਹੋਰ ਕੋਈ ਕਰਮ ਨਹੀਂ। ਆਨਮਤੀ ਕਰਮ ਤਾਂ ਸਭ ਦੇ ਸਭ ਨਿਸਫਲ ਹਨ। ਅਤੇ ਇਸ ਗੁਰਮਤਿ ਕਰਮ ਬਿਬੇਕ ਨੂੰ ਜੋ ਸੁਫਲ ਫਲ ਸੁਤੇ ਸਿਧ ਹੀ ਪ੍ਰਾਪਤ ਹਨ, ਓਹਨਾਂ ਦੀ ਵੰਨਗੀ ਇਸ ਤੋਂ ਪਿਛਲੇਰੇ ਗੁਰਵਾਕ

---

1. ਸੇਵਕ ਤੋਂ ਭਾਵ 'ਸਿਫਤਿ-ਸਾਲਾਹ' ਰੂਪੀ ਸਾਰ ਬਿਬੇਕ ਦੇ ਕਮਾਵਣਹਾਰਾ ਹਰਿ ਕੀਰਤਨ-ਰਾਤਾ ਬਿਬੇਕੀ ਜਨ ਹੈ।

ਦੁਆਰਾ ਦਿਖਾਈ ਹੀ ਜਾ ਚੁਕੀ ਹੈ। ਇਸ ਗੁਰਵਾਕ ਅੰਦਰ ਵਰਣਨ ਕੀਤੇ ਜਿਤਨੇ ਭੀ ਆਨਮਤ ਕਰਮ ਹਨ, ਏਹਨਾਂ ਦੇ ਕਰਨ ਕਰਕੇ "ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ" ਦੇ ਭਾਵ ਅਨੁਸਾਰ ਪ੍ਰੀਤਮ ਪੁਰਖ ਅਕਾਲ ਦਾ ਮਿਲਾਪ ਨਹੀਂ ਹੋ ਸਕਦਾ। ਤਾਂ ਹੀ ਤੇ ਸਤਿਗੁਰ ਸੁਆਮੀ ਦੇ ਦੁਆਰੇ ਹੀ ਹਾਰ ਕੇ ਆਇ ਪੈਣਾ ਚਾਹੀਦਾ ਹੈ ਅਤੇ ਸਤਿਗੁਰ ਸਮਰੱਥ ਦੇ ਅਗੈ ਹੀ "ਦੀਜੈ ਬੁਧਿ ਬਿਬੇਕਾ" ਦੀ ਯਾਚਨਾ ਕਰਨੀ ਲੋੜੀਦੀ ਹੈ ਕਿ ਹੇ ਸਮਰੱਥ ਸੁਆਮੀ ਪਾਤਸ਼ਾਹ ਜੀ! ਗੁਰਮਤਿ ਬਿਬੇਕ ਬੁਧਿ ਦਾ ਦਾਨ ਕਰੋ, ਜਿਸ ਦੁਆਰਾ ਕਿ ਪ੍ਰੀਤਮ ਪਰਮਾਤਮਾ ਦੇ ਦਰਸ ਮਿਲਾਪ ਵਾਲਾ ਪਰਮ ਮਨੋਰਥ ਪੂਰਾ ਹੋਵੇ। ਕਿਉਂਕਿ ਓੜਕ ਗੁਰਮਤਿ ਬਿਬੇਕ ਬੁਧਿ ਦੁਆਰਾ ਹੀ ਨਿਸਤਾਰਾ ਹੈ।

## ੨੩. ਸਰਬ ਧਰਮਾਂ ਵਿਚ ਸ੍ਰੇਸ਼ਟ ਧਰਮ :

ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ ਕਰਮ ਹੀ ਸਰਬ ਕਰਮਨ ਤੋਂ ਉਤਮ ਕਰਮ ਹੈ। ਅਤੇ ਇਸ ਉਤਮ ਕਰਮ ਦਾ ਕਰਨਾ (ਗੁਰਮਤਿ ਨਾਮ ਜਪਣ ਰੂਪੀ ਸਾਰ ਬਿਬੇਕ ਦਾ ਧਾਰਨਾ) ਹੀ ਸਰਬ ਧਰਮਾਂ ਤੋਂ ਸ੍ਰੇਸ਼ਟ ਧਰਮ ਹੈ। ਏਸ ਸਿਫਤਿ-ਸਾਲਾਹ ਰੂਪੀ ਸ੍ਰੇਸ਼ਟ—"ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥"[1] ਤੋਂ ਸ੍ਰੇਸ਼ਟ ਧਰਮ ਦਾ ਦ੍ਰਿੜ੍ਹਾਵਨਹਾਰਾ ਅਤੇ ਧਾਰਨ ਕਰਾਵਨਹਾਰਾ ਹੋਣ ਕਰਕੇ ਹੀ ਗੁਰਮਤਿ ਧਰਮ ਸਭ ਨਾਮ-ਧਰੀਕ ਧਰਮਾਂ (ਆਨਮਤ ਮਤਾਂਤਰੀ ਧਰਮਾਂ ਮਜ਼ਹਬਾਂ) ਤੋਂ ਸ੍ਰੇਸ਼ਟ ਧਰਮ ਹੈ। ਏਸੇ ਨਿਰੋਲ ਨਖਾਲਸ ਸ੍ਰੇਸ਼ਟਤਾਈ ਦੇ ਕਾਰਨ ਗੁਰਮਤਿ ਧਰਮ ਦਾ ਨਾਉਂ ਖਾਲਸਾ ਧਰਮ ਹੈ। ਸਿਫਤਿ-ਸਾਲਾਹ ਰੂਪੀ ਸ੍ਰੇਸ਼ਟ ਅਤੇ ਉਤਮ ਧਰਮ ਕਰਮ ਮਈ ਸਾਰ ਗੁਰਮਤਿ ਬਿਬੇਕ ਕੇਵਲ ਖਾਲ਼ਸਾ ਧਰਮ ਧਾਰਨ ਕਰਨ ਕਰਕੇ ਹੀ ਸੰਗ੍ਰਹਿਣ ਹੋ ਸਕਦਾ ਹੈ, ਜਿਸ ਦਾ ਵਿਸਥਾਰ ਪੂਰਬਕ ਨਿਰਣਾ ਕਿਸੇ ਦੂਤੀ ਪੁਸਤਕ ਅੰਦਰ ਹੋਵੇਗਾ।

**ਸਰਬ ਬੈਕੁੰਠ ਮੁਕਤਿ ਮੋਖ ਪਾਏ ॥ ਏਕ ਨਿਮਖ ਹਰਿ ਕੇ ਗੁਨ ਗਾਏ ॥**
**ਅਨਿਕ ਰਾਜ ਭੋਗ ਬਡਿਆਈ ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥**
**ਬਹੁ ਭੋਜਨ ਕਾਪਰ ਸੰਗੀਤ ॥ ਰਸਨਾ ਜਪਤੀ ਹਰਿ ਹਰਿ ਨੀਤ ॥**
**ਭਲੀ ਸੁਕਰਨੀ ਸੋਭਾ ਧਨਵੰਤ ॥ ਹਿਰਦੈ ਬਸੇ ਪੂਰਨ ਗੁਰ ਮੰਤ ॥**
**ਸਾਧ ਸੰਗਿ ਪ੍ਰਭ ਦੇਹੁ ਨਿਵਾਸ ॥ ਸਰਬ ਸੂਖ ਨਾਨਕ ਪਰਗਾਸ ॥੮॥੨੦॥**

*ਗਉੜੀ ਸੁਖਮਨੀ ਮ: ੫, ਪੰਨਾ ੨੯੦*

ਅਨਿਕ ਤ੍ਰੰਗੀ ਸਿਫਤਿ-ਸਾਲਾਹ ਦੇ ਰੰਗਾ ਰੰਗੀ ਸੁਫਲ ਫਲ ਇਸ ਗੁਰ ਪ੍ਰਮਾਣ ਅੰਦਰ ਨਾਨਾ ਭਾਂਤ ਕਰਿ ਲਖਾਏ ਹਨ। ਪ੍ਰਿਥਮ ਦੁਤੁਕੀ ਵਿਖੇ ਦਰਸਾਏ ਇਕ ਨਿਮਖ ਭਰ ਹਰਿ ਕੇ ਗੁਣ ਗਾਵਣ ਦਾ ਉਚ ਮਹਾਤਮ ਫਲ ਸਰਬ ਬੈਕੁੰਠ ਮੁਕਤਿ ਮੋਖ ਕਾ ਪਾਵਣਾ ਹੈ। ਭਾਵ, ਸਾਧ ਸੰਗਤ ਦੇ ਗੁਰਮੁਖੀ ਮੰਡਲ ਵਿਚ ਬੈਸ ਕੇ ਗੁਰਮਤਿ ਗੁਣ ਗਾਉਣ ਦੀ (ਅਰਥਾਤ, ਗੁਰਬਾਣੀ ਦੇ ਕੀਰਤਨ ਕਰਨ ਦੀ) ਏਵਡ ਵੱਡੀ ਅਤੇ ਅਗਾਧ

1. ਗਉੜੀ ਸੁਖਮਨੀ ਮ: ੫, ॥੮॥੩॥ ਪੰਨਾ ੨੬੬

ਬੋਧ ਮਹਿਮਾ ਹੈ ਕਿ ਜਿਸ ਬੈਕੁੰਠ ਨੂੰ, ਜਿਸ ਮੁਕਤੀ ਮੋਖ ਦੇ ਪਦ ਨੂੰ ਆਨਮਤ ਕਰਮਾਂ ਦੇ ਅਨੇਕ ਅਤੇ ਅਸੰਖ ਯਤਨਾਂ ਕਰਿ ਭੀ ਨਹੀਂ ਪ੍ਰਾਪਤ ਕਰ ਸਕੀਦਾ। ਇਸ ਪ੍ਰਕਾਰ ਦੀਆਂ ਸਰਬ ਬੈਕੁੰਠਾਂ ਅਤੇ ਨਾਨਾ ਬਿਧੀ ਮੋਖ ਮੁਕਤੀਆਂ ਦੇ ਰਸ ਨੂੰ, ਇਕ ਛਿਨ ਗੁਰਮਤਿ ਦੁਆਰਾ ਕੀਰਤਨ ਕਰਨ ਨਾਲ ਮਾਣ ਸਕੀਦਾ ਹੈ। ਦੂਜੀ ਦੁਤੁਕੀ ਦਾ ਭਾਵ ਇਹ ਹੈ ਕਿ ਗੁਰਮੁਖਾਂ, ਗੁਰੂ ਕੇ ਸਿੱਖਾਂ, ਗੁਰਮਤਿ ਨਾਮ ਦੇ ਵਪਾਰੀਆਂ, ਗੁਰਬਾਣੀ ਦੇ ਰਸੀਆਂ, ਸਿਫਤਿ-ਸਾਲਾਹੁ ਦੇ ਸਾਰ ਬਿਬੇਕੀਆਂ ਨੂੰ ਗੁਰਬਾਣੀ ਰੂਪੀ 'ਹਰਿ ਕੇ ਨਾਮ ਕੀ ਕਥਾ' ਦੇ ਆਨੰਦ-ਰਸ ਦੇ ਸਾਹਮਣੇ ਅਨਿਕ ਰਾਜ ਭੋਗ ਵਡਿਆਈ ਤੁਛ ਮਾਤਰ ਹੀ ਪ੍ਰਤੀਤ ਹੋਈ ਹੈ ਅਤੇ ਜੇ ਭਾਈ ਹੈ ਤਾਂ ਹਰਿ ਕੇ ਨਾਮ ਦੀ ਕਥਾ ਹੀ ਓਹਨਾਂ ਦੇ ਮਨ ਨੂੰ ਭਾਈ ਹੈ। ਗੁਰਬਾਣੀ ਹੀ 'ਹਰਿ ਕੇ ਨਾਮ ਕੀ ਕਥਾ' ਹੈ। ਗੁਰਬਾਣੀ ਦਾ ਪ੍ਰੇਮ ਧੁਨੀ ਅਤੇ ਬੈਰਾਗ ਬਿਰਤੀ ਸੰਯੁਕਤ ਪਾਠ ਕਰਨਾ ਹਰਿ ਕੇ ਨਾਮ ਦੀ ਕਥਾ ਕਰਨਾ ਹੈ। ਅਤੇ ਇਹੀ ਜਸ ਵਖਾਨਣਾ ਕਥਨ ਕਰਨਾ ਹੈ। ਤੀਜੀ ਦੁਤੁਕੀ ਦੇ ਭਾਵ ਅਨੁਸਾਰ ਰਸਨਾ ਕਰਕੇ ਨਾਮ ਜਪਣਾ ਹੀ ਅਨਿਕ ਪ੍ਰਕਾਰੀ ਭੋਜਨਾਂ ਬਿੰਜਨਾਂ ਦਾ ਭੁੰਚਣਾ ਹੈ ਅਤੇ ਰੋਮ ਰੋਮ ਦੁਆਰਾ ਨਾਮ ਧਿਆ ਕੇ, ਚਲੂਲੇ ਆਤਮ-ਰੰਗਾਂ ਵਿਚ ਅਠੇ ਪਹਿਰ ਰਤੇ ਰਹਿਣਾ ਪਤਿ ਪ੍ਰਤਿਸ਼ਟਾ ਵਧਾਵਣ ਵਾਲੇ ਵੱਡਮੁਲੇ ਪਾਟ-ਪਟੰਬਰਾਂ ਦਾ ਪਹਿਰਨ ਹੈ। ਅਰਥਾਤ, ਜਿਨ੍ਹਾਂ ਨੂੰ ਨਾਮ ਮਹਾਂ ਰਸ ਦਾ ਬਿਸਮਾਦੀ ਸੁਆਦ ਆ ਗਿਆ ਹੈ ਤਿਨ੍ਹਾਂ ਨੂੰ ਹੋਰ ਛਤੀਹ ਪ੍ਰਕਾਰ ਦੇ ਭੋਜਨਾਂ ਦੇ ਭੁੰਚਣ ਦੀ ਇੱਛਾ ਅਕਾਂਖਿਆ ਹੀ ਨਹੀਂ ਰਹਿੰਦੀ। ਉਹ ਨਾਮ-ਰਸ ਨੂੰ ਭੁੰਚ ਕੇ ਹਰ ਦਮ ਤ੍ਰਿਪਤ ਰਹਿੰਦੇ ਹਨ ਅਤੇ ਜਿਨ੍ਹਾਂ ਗੁਰਮੁਖਾਂ ਦੇ "ਰਤਾ ਮੇਰਾ ਚੋਲਾ ਸਦ ਰੰਗ ਢੋਲਾ"[1] ਦੇ ਭਾਵ ਅਨੁਸਾਰ ਚਲੂਲੇ ਰੰਗਾਂ ਦੇ ਰਤੜੇ ਚੋਲੇ ਭਏ ਹੈਨ, ਓਹਨਾਂ ਨੂੰ ਹੋਰ ਪਾਟ-ਪਟੰਬਰਾਂ ਦੇ ਪਹਿਰਨ ਦੀ ਸ਼ਰਧਾ ਉਮੰਗ ਹੀ ਨਹੀਂ ਰਹੀ। ਜੈਸਾ ਕਿ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ। ਪਉੜੀ :

**ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ**
**ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥**
**ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ**
**ਹੋਰ ਪੈਨਣ ਕੀ ਹਮਾਰੀ ਸਰਧ ਗਈ॥**
**ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ**
**ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ॥**
**ਹਰਿ ਨਾਮੈ ਕਾ ਹਮ ਲੇਖਾ ਲਿਖਿਆ**
**ਸਭ ਜਮ ਕੀ ਅਗਲੀ ਕਾਣਿ ਗਈ॥**
**ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ**
**ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ॥੧੭॥**

*ਵਡਹੰਸ ਕੀ ਵਾਰ ਮ: ੪, ਪੰਨਾ ੫੯੩*

ਚੌਥੀ ਦੁਤੁਕੀ ਦਾ ਸਾਰ ਭਾਵ ਇਹ ਹੈ ਕਿ ਜਿਸ ਦੇ ਹਿਰਦੇ ਅੰਦਰ ਪੂਰਨ ਗੁਰਮੰਤ੍ਰ ਵਸ ਧਸ ਗਿਆ ਹੈ, ਓਸੇ ਦੀ ਹੀ ਸੁਕ੍ਰਿਤ ਕਰਣੀ ਪਰਵਾਨ ਅਤੇ ਸ਼ਲਾਘਾ ਯੋਗ ਹੈ ਅਤੇ ਓਸੇ ਦੀ ਹੀ "ਸਦ ਨਵਤਨ ਮਨ ਰੰਗੀ ਸੋਭਾ"[2] ਸੱਚੀ ਸੁਤੇ ਸੁਭਾਵ ਹੀ

1. ਸੂਹੀ ਮ: ੧, ਪੰਨਾ ੭੨੯
2. ਕਲਿਆਨ ਮ: ੫, ਪੰਨਾ ੧੩੨੨

ਸਾਰੇ ਸੰਸਾਰ ਵਲੋਂ ਹੋ ਰਹੀ ਹੈ ਅਤੇ ਓਸੇ ਦੀ ਸੱਚੀ ਪਤਿ ਪ੍ਰਤਿਸ਼ਟਾ ਬਣੀ ਹੋਈ ਹੈ ਅਤੇ ਓਹੀ ਸੱਚਾ ਧਨਵੰਤ ਹੈ, ਸੱਚੇ ਧਨ ਦਾ ਮਾਲਕ ਹੈ। ਜੈਸੇ ਕਿ "ਨਾਨਕ ਨਾਮ ਰਤੇ ਸੇ ਧਨਵੰਤ ਹੈਨਿ ਨਿਰਧਨੁ ਹੋਰ ਸੰਸਾਰੁ"[1] ਅਤੇ "ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ"[2] ਗੁਰਵਾਕਾਂ ਦਾ ਭਾਵ ਹੈ। ਪੰਜਵੀਂ ਦੁਤੁਕੀ ਅੰਦਰ ਪ੍ਰਾਰਥਨਾ ਪੂਰਬਕ ਯਾਚਨਾ ਕੀਤੀ ਗਈ ਹੈ ਕਿ ਹੇ ਅਕਾਲ ਪੁਰਖ! "ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥"[3] ਵਾਲੀ ਸਾਧ ਸੰਗਤਿ ਵਿਚ ਵਾਸਾ ਦੇਹ, ਜਿਸ ਸਚ ਸੰਗਤਿ ਵਿਚ ਨਿਵਾਸ ਹੋਣ ਕਰਕੇ ਸਰਬ ਸੁਖਾਂ ਦਾ ਪ੍ਰਗਾਸ ਅਤੇ ਸਭ ਦੁਖ ਬਿਘਨਾਂ ਦਾ ਨਾਸ ਹੋ ਜਾਂਵਦਾ ਹੈ। ਕਿਉਂਕਿ ਐਸੀ ਸੰਗਤ ਵਿਖੇ ਅਹਿਨਿਸ ਸੱਚਾ ਨਾਮ ਹੀ ਵਖਾਣੀਦਾ ਹੈ ਅਤੇ ਏਸ ਨਾਮ ਦਾ ਸਭ ਅਮਲਾ ਫੈਲਾ ਹੈ।

**ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥**
**ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥੧॥**
**ਹਰਿ ਰਸੁ ਪੀਵਹੁ ਪੁਰਖ ਗਿਆਨੀ ॥**
**ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ਰਹਾਉ॥**
**ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ ॥**
**ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ ਪੂਰਨ ਪੁਰਖੁ ਬਿਧਾਤਾ ॥੨॥**
**ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥**
**ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ ॥੩॥**
**ਵਡੈ ਭਾਗਿ ਰਤਨ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ ॥**
**ਸਾਧ ਸੰਗਿ ਨਾਨਕੁ ਗੁਣ ਗਾਵੈ ਸਿਮਰੈ ਸਦਾ ਗੋੁਪਾਲਾ ॥੪॥੧੦॥**

*ਸੋਰਠਿ ਮ: ੫, ਪੰਨਾ ੬੧੧*

ਸਾਰ ਭਾਵ ਇਸ ਗੁਰਵਾਕ ਦਾ ਪ੍ਰਿਥਮ ਤਾਂ ਇਹ ਨਿਸਚੇ ਕਰਾਉਂਦਾ ਹੈ ਕਿ ਹਰ ਪ੍ਰਕਾਰ ਭਲੀ ਬਿਧ ਖੋਜ ਕਰਨ ਪਸ਼ਚਾਤ ਇਹ ਸਿੱਟਾ ਸਿਧਾਂਤ ਨਿਕਲਿਆ ਹੈ ਕਿ ਤੱਤ ਸਾਰ ਬਿਚਾਰ ਬਿਬੇਕ (ਕਮਾਵਣ ਜੋਗ ਕਰਮ) ਨਾਮ ਰੂਪੀ ਸਿਫਤਿ-ਸਾਲਾਹ ਹੀ ਹੈ। ਦੂਜੇ ਇਹ ਦ੍ਰਿੜ੍ਹਾਉਂਦਾ ਹੈ ਕਿ ਨਿਮਖ ਭਰ ਭੀ ਗੁਰੂ ਦੁਆਰਾ (ਗੁਰਮਤਿ ਅਨੁਸਾਰ) ਇਸ ਨਾਮ ਨੂੰ ਅਰਾਧਣ ਤੇ ਸਭ ਕਿਲਬਿਖ ਕਟੇ ਜਾਂਦੇ ਹਨ ਅਤੇ ਪਾਰ-ਉਤਾਰਾ ਹੋ ਜਾਂਦਾ ਹੈ। ਤਾਂ ਤੇ ਹੇ ਗਿਆਨੀ ਪੁਰਖ ! ਐਸਾ ਨਾਮ ਰੂਪੀ ਮਹਾਂ ਰਸ ਪੀਵਹੁ। ਐਸੇ ਅੰਮ੍ਰਿਤ ਨਾਮ ਦੇ ਦ੍ਰਿੜ੍ਹਾਵਣ ਵਾਲੀ ਗੁਰੂ ਦੀ ਅੰਮ੍ਰਿਤ ਬਾਣੀ ਨੂੰ ਸੁਣ ਸੁਣ ਕੇ ਹੀ ਮਨ ਨੂੰ ਮਹਾਂ ਤ੍ਰਿਪਤੀ ਪ੍ਰਾਪਤ ਹੁੰਦੀ ਹੈ।

## ੨੪. ਸ਼ਬਦ-ਕਮਾਈ ਦਾ ਪ੍ਰਤਾਪ : ਅਬਚਲੀ ਜੋਤਿ ਦਾ ਪ੍ਰਕਾਸ਼ :

ਇਹ ਗੁਰਮਤਿ ਨਾਮ ਸਰਬ ਸੁਖਾਂ ਦਾ ਦਾਤਾ ਹੈ। ਇਸ ਨਾਮ ਦੀ ਕਮਾਈ ਕਰਿ ਮੁਕਤਿ, ਭੁਗਤਿ, ਜੁਗਤਿ, ਸੱਚ ਆਦਿਕ ਸਭ ਕੁਛ ਪਾਈਦਾ ਹੈ। ਪ੍ਰੰਤੂ ਪੂਰਨ

1. ਸਲੋਕ ਮ: ੩, ਅੰਕ ੨੬, ਪੰਨਾ ੧੪੧੫
2. ਵਾਰ ਗੂਜਰੀ, ਮ: ੩, ॥੨॥੭॥ ਪੰਨਾ ੫੧੧
3. ਸਿਰੀ ਰਾਗੁ ਮ: ੧, ਪੰਨਾ ੭੨

ਪੁਰਖ ਬਿਧਾਤਾ ਆਪਣੇ ਦਾਸ ਜਨ (ਨਾਮ ਦੇ ਸੇਵਣਹਾਰੇ) ਨੂੰ ਸਭ ਤੋਂ ਵੱਡੀ ਦਾਤਿ ਭਗਤੀ ਦਾਨ ਦਿੰਦਾ ਹੈ। ਤਾਂ ਤੇ ਐਸੇ ਕਰਨ ਕਾਰਨ ਸਮਰੱਥ ਦਾਤਾਰ ਸੁਆਮੀ ਨੂੰ, ਜਿਸ ਤੋਂ ਕੋਈ ਬਿਰਥਾ ਨਹੀਂ ਰਹਿ ਸਕਦਾ, ਸਰਬਦਾ ਕਾਲ ਸ੍ਵਣਾਂ ਕਰਕੇ ਸੁਣਦੇ ਰਹੀਏ, ਰਸਨਾ ਕਰਕੇ ਗਾਉਂਦੇ ਰਹੀਏ, ਹਿਰਦੇ ਕਰਕੇ ਧਿਆਉਂਦੇ ਰਹੀਏ ਅਤੇ ਅਖ਼ੀਰ ਵਿਚ ਸਾਨੂੰ ਇਸ ਗੁਰਵਾਕ ਦੁਆਰਾ ਇਹੋ ਮੁਖ ਪ੍ਰਾਰਥਨਾ ਕਰਨ ਦੀ ਦੀਖਿਆ ਮਿਲਦੀ ਹੈ ਕਿ ਹੇ ਸਭ ਦੀ ਬਿਰਥਾ ਜਾਨਣਹਾਰੇ ਕਰਨ ਕਾਰਨ ਸਮਰੱਥ ਅਕਾਲ ਪੁਰਖ ਸੁਆਮੀ ਦਾਤਾਰ ਜੀ, ਕਿਰਪਾਲ ਜੀ! ਅਸੀਂ ਵੱਡੇ ਭਾਗਾਂ ਕਰਕੇ ਇਹ ਰਤਨ ਜਨਮ ਪਾਇਆ ਹੈ। ਐਸੀ ਕਿਰਪਾ ਕਰੋ ਹੇ ਗੋਪਾਲ ਦਇਆਲ ਜੀ! ਕਿ ਸਾਨੂੰ ਤੇਰੀ ਸਾਧ ਸੰਗਤਿ ਪ੍ਰਾਪਤ ਰਹੇ, ਜਿਥੇ ਅਸੀਂ ਤੇਰੇ ਗੁਣ ਗਾਉਂਦੇ ਰਹੀਏ ਅਤੇ ਸਦਾ ਤੇਰੇ ਨਾਮ ਦਾ ਸਿਮਰਨ ਕਰਦੇ ਰਹੀਏ, ਇਹੀ ਗੁਰੂ ਘਰ ਦੇ ਸਭ ਤੋਂ ਉਚੇ ਸੁਚੇ ਬਿਬੇਕ ਦੀ ਮੁਖ ਮਹਿਮਾ ਹੈ।

**ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨ ਕੈ ਹਿਰਦੈ ਸਾਚਾ ਸੋਈ ॥**
**ਸਾਚੀ ਭਗਤਿ ਕਰਹਿ ਦਿਨੁ ਰਾਤੀ ਤਾਂ ਤਨਿ ਦੂਖੁ ਨ ਹੋਈ ॥੧॥੧੪॥**

*ਭੈਰਉ ਮ: ੩, ਪੰਨਾ ੧੧੩੧*

ਭਾਵ, ਜਿਨ੍ਹਾਂ ਦੇ ਹਿਰਦੇ ਵਿਖੇ ਸ਼ਬਦ (ਨਾਮ) ਦੀ ਬੀਚਾਰ ਬਿਬੇਕ ਮਈ ਕਮਾਈ ਦੁਆਰਾ ਸੱਚਾ ਅਕਾਲ ਪੁਰਖ ਵਸਿਆ ਹੈ, ਸੋਈ ਜਨ ਸੱਚਾ ਬਿਬੇਕੀ ਹੈ। ਐਸੇ ਸੱਚੇ ਬਿਬੇਕੀ ਦਿਨ ਰਾਤ ਸੱਚੀ ਭਗਤੀ ਕਰਦੇ ਹਨ ਅਤੇ ਇਸ ਭਗਤੀ ਦੇ ਕਰਨ ਕਰਿ ਸ੍ਰੀਰ ਕਾਇਆਂ ਨੂੰ ਕੋਈ ਦੁਖ ਰੋਗ ਨਹੀਂ ਬਿਆਪਦਾ—ਇਸ ਗੁਰ ਵਾਕ ਤੋਂ "ਸਰਬ ਰੋਗ ਕਾ ਅਉਖਦੁ ਨਾਮ"[1] ਵਾਲੇ ਮਹਿਮਾ ਮਈ ਅਸੂਲ ਦੀ ਸਚਿਆਈ ਸਿਧ ਹੁੰਦੀ ਹੈ।

**ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥**
**ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥੮॥**

*ਮਾਝ ਮ: ੩, ਪੰਨਾ ੧੧੩*

ਜਿਨ੍ਹਾਂ ਵਿਰਲੇ ਗੁਰਮੁਖਾਂ ਨੇ ਗੁਰੂ ਦੀ ਅੰਮ੍ਰਿਤ ਬਾਣੀ ਦਾ ਅਮਿਉ ਮਿਠਾਸ (ਸੁਆਦ) ਚਖ ਕੇ ਡਿਠਾ ਹੈ ਤਿਨ੍ਹਾਂ ਦੇ ਅੰਤਰਿ ਅਬਚਲੀ ਜੋਤਿ ਨਿਰੰਜਨੀ ਦਾ ਪ੍ਰਕਾਸ਼ ਹੋਇਆ ਹੈ। ਉਹ ਨਾਮ ਮਹਾਂ-ਰਸ ਵਿਚ ਸਦਾ ਹੀ ਖੀਵੇ ਅਲਮਸਤ ਮਤਵਾਰੇ ਰਹਿੰਦੇ ਹਨ ਅਤੇ ਉਹ ਸੱਚੇ (ਅਕਾਲ ਪੁਰਖ) ਦੇ ਦਰਵਾਜ਼ੇ ਵਿਖੇ ਪਹੁੰਚ ਕੇ ਭੀ ਸ਼ਬਦ ਅਭਿਆਸ ਦਾ ਅਖੰਡ ਵਾਜਾ ਵਜਾਵਣਹਾਰੇ ਹਨ। ਇਹ ਪ੍ਰਤਾਪ ਸਭ ਸਿਫਤਿ-ਸਾਲਾਹ ਰੂਪੀ ਉਚ ਬਿਬੇਕ ਕਰਣੀ ਦਾ ਹੈ।

**ਹਰਿ ਆਪੇ ਮੇਲੇ ਸੇਵ ਕਰਾਏ ॥ ਗੁਰ ਕੈ ਸਬਦਿ ਭਾਉ ਦੂਜਾ ਜਾਏ ॥**
**ਹਰਿ ਨਿਰਮਲੁ ਸਦਾ ਗੁਣ ਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ ॥੧॥੨੯॥**

*ਮਾਝ ਮ: ੩, ਪੰਨਾ ੧੨੬*

1. ਗਉੜੀ ਸੁਖਮਨੀ ਮ: ੫, ॥੫॥੯॥ ਪੰਨਾ ੨੭੪

ਨਵੀਨ ਸਿਧਾਂਤ ਇਸ ਗੁਰ ਪ੍ਰਮਾਣ ਤੋਂ ਮਿਲਦਾ ਹੈ ਕਿ ਗੁਰੂ ਕੇ ਸ਼ਬਦ ਦੀ ਕਮਾਈ ਦੇ ਪ੍ਰਤਾਪ ਕਰਕੇ ਦੂਜਾ ਭਾਉ ਦੂਰ ਹੋ ਜਾਂਦਾ ਹੈ। ਐਸੀ ਪਾਰਸ-ਕਲਾ ਹੈ ਇਸ ਨਾਮ ਰਸਾਇਣ ਦੀ।

**ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ॥ ਬਿਨੁ ਤਕੜੀ ਤੋਲੈ ਸੰਸਾਰਾ॥**
**ਗੁਰਮੁਖਿ ਹੋਵੈ ਸੋਈ ਬੁਝੈ ਗੁਣ ਕਹਿ ਗੁਣੀ ਸਮਾਵਣਿਆ॥੧॥੩॥**

*ਮਾਝ ਮ: ੩, ਪੰਨਾ ੧੧੦*

ਭਾਵ, ਅਸਾਡਾ ਅਕਾਲ ਪੁਰਖ ਐਸਾ ਨਿਰਮਲ ਅਗਮ ਅਪਾਰ ਹੈ ਕਿ ਉਹਨਾਂ ਦਾ ਲੇਖਾ ਨਹੀਂ ਗਣਦਾ ਅਤੇ ਉਨ੍ਹਾਂ ਦੇ ਕਰਮ ਨਹੀਂ ਵਿਚਾਰਦਾ ਜੋ ਉਸ ਦੇ ਗੁਣ ਕਥਨ ਕਰਨ ਰੂਪੀ ਭਗਤਿ ਕਮਾਂਵਦੇ ਹਨ। ਅਤੇ ਏਹਨਾਂ ਅਪਾਰ ਅਗੰਮੀ ਗੁਣਾਂ ਦੀ ਕਥਨ ਕਮਾਈ ਦਾ ਇਹ ਨਿਰਾਲਾ ਫਲ ਹੁੰਦਾ ਹੈ ਕਿ ਉਕਤ ਗੁਣ ਪਿਆਰੇ ਦੇ ਗੁਣ ਕਥਨਹਾਰੇ (ਕਮਾਵਣਹਾਰੇ) ਗੁਣੀ ਅਕਾਲ ਪੁਰਖ ਵਿਚ ਸਮਾ ਲੈਂਦੇ ਹਨ।

**ਮਨ ਰੇ ਸਦਾ ਭਜਹੁ ਹਰਿ ਸਰਣਾਈ॥**
**ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ॥੧॥ਰਹਾਉ॥੪੫॥**

*ਸਿਰੀਰਾਗੁ ਮ: ੩, ਪੰਨਾ ੩੧*

ਏਥੇ ਸਦੀਵ ਕਾਲ ਭਜਨ ਕਰਦੇ ਰਹਿਣ ਦਾ ਹੁਕਮ ਦੇਂਦੇ ਹਨ। ਜੋ ਇਸ ਹੁਕਮ ਨੂੰ ਕਮਾਉਂਦੇ ਹਨ, ਅਰਥਾਤ, ਸਦਾ ਭਜਨ ਕਰਦੇ ਰਹਿੰਦੇ ਹਨ ਤਾਂ ਇਸ ਭਜਨ ਪ੍ਰਤਾਪ ਨਾਲ ਗੁਰ ਕਾ ਸ਼ਬਦ (ਨਾਮ ਗੁਰਮੰਤ੍ਰ) ਤਿਨ੍ਹਾਂ ਦੇ ਰੋਮ ਰੋਮ ਅੰਤਰਿ ਵਸ ਜਾਂਦਾ ਹੈ। ਅਤੇ ਉਸ ਨਾਮ ਗੁਰਮੰਤ੍ਰ ਦੇ ਅੰਤਰਿ ਵਸਣ ਕਰਕੇ ਤਿਨ੍ਹਾਂ ਨੂੰ ਨਾਮੀ ਅਕਾਲ ਪੁਰਖ ਪਰਮਾਤਮਾ ਕਦੇ ਨਹੀਂ ਵਿਸਰਦਾ।

**ਨਿਰਗੁਣ ਰਾਮੁ ਗੁਣਹ ਵਸਿ ਹੋਇ॥**
**ਆਪੁ ਨਿਵਾਰਿ ਬੀਚਾਰੇ ਸੋਇ॥੧॥ਰਹਾਉ॥੩॥**

*ਗਉੜੀ ਗੁਆਰੇਰੀ ਮ: ੧, ਪੰਨਾ ੨੨੨*

ਭਾਵ, ਤ੍ਰੈਗੁਣ ਅਤੀਤ ਅਕਾਲ ਪੁਰਖ ਉਸਦੇ ਨਿਰਗੁਣ ਗੁਣ ਗਾਵਣ ਕਮਾਵਣ ਕਰਕੇ ਹੀ ਵਸ ਹੁੰਦਾ ਹੈ। ਗੁਰਬਾਣੀ ਅੰਦਰ ਵਖਾਣੇ ਜਿਤਨੇ ਭੀ ਗੁਣ ਉਸ ਗੁਣੀ ਅਕਾਲ ਪੁਰਖ ਦੇ ਹਨ, ਸਭ ਤ੍ਰੈਗੁਣ ਅਤੀਤ ਗੁਣ ਹਨ* (ਇਹ ਗੁਣ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੋ ਸਕਦੇ ਹਨ)।

**ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ॥੧॥**

*ਗਉੜੀ ਕੀ ਵਾਰ, ਮ: ੪, ਪਉੜੀ, ਪੰਨਾ ੩੦੧*

ਭਾਵ ਸਪੱਸ਼ਟ ਹੈ।

**ਜਿਨ ਕੈ ਪੋਤੈ ਪੁੰਨੁ ਤਿਨਾ ਗੁਰੂ ਮਿਲਾਏ॥ ਸਚੁ ਬਾਣੀ ਗੁਰੁ ਸਬਦੁ ਸੁਣਾਏ॥**
**ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ॥ ਗਿਆਨਿ ਰਤਨਿ ਸਾਚੈ ਸਹਜਿ ਸਮਾਏ॥੪॥੫੦॥**

*ਆਸਾ ਮ: ੩, ਪੰਨਾ ੩੬੪*

---

* ਇਸ ਗੱਲ ਦਾ ਵਿਸਥਾਰਕ ਨਿਰਣਾ ਗੁਰੂ ਚਾਹੇ ਤਾਂ ਅਸੀਂ "ਕੇਵਲ ਗੁਰਮਤਿ ਹੀ ਇਕੋ ਸੱਚਾ ਅਤੇ ਸਦੀਵੀ ਧਰਮ ਹੈ" ਨਾਮੇ ਪੁਸਤਕ ਅੰਦਰ ਕਰਾਂਗੇ।

ਭਾਵ, ਜਿਨ੍ਹਾਂ ਵਡ-ਭਾਗੀਆਂ ਨੂੰ ਗੁਰੂ ਦਾ ਮੇਲ ਹੋ ਜਾਂਦਾ ਹੈ ਤਿਨ੍ਹਾਂ ਨੂੰ ਗੁਰੂ ਦੁਆਰਿਓਂ ਗੁਰ-ਸ਼ਬਦ ਰੂਪੀ ਸੱਚੀ ਬਾਣੀ (ਸਤਿਨਾਮ) ਵਾਲਾ ਗੁਰਮੰਤ੍ਰ ਮਿਲ ਜਾਂਦਾ ਹੈ। ਜਿਥੇ ਓਸ ਸ਼ਬਦ ਮੰਤ੍ਰ ਦਾ ਵਾਸ ਹੁੰਦਾ ਹੈ ਤਿਥੇ ਦੁਖਾਂ ਦਾ ਨਾਸ ਹੋ ਜਾਂਦਾ ਹੈ। ਫੇਰ ਤਿਸ ਸੱਚੇ ਗਿਆਨ-ਰਤਨ-ਨਾਮ ਦੁਆਰਾ ਸਹਜ ਬਿਵਸਥਾ ਵਿਖੇ ਸਮਾ ਜਾਈਦਾ ਹੈ।

**ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥**
**ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟੁ ਹੋਇ ॥੧॥**
**ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ ॥**
**ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ ॥੧॥ਰਹਾਉ॥**
**ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ ॥**
**ਗੁਰਿ ਪਾਰਸਿ ਮਿਲਿਐ ਕੰਚਨੁ ਹੋਇ ਨਿਰਮਲ ਜੋਤਿ ਅਪਾਰ ॥੨॥**
**ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ ॥**
**ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ ॥੩॥**
**ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥**
**ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥**
**ਜਿਸ ਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ ॥**
**ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ ॥੫॥**
**ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥**
**ਜਿਨਿ ਕੀਤੇ ਤਿਸੈ ਨ ਜਾਣਨੀ ਬਿਨੁ ਨਾਵੈ ਸਭਿ ਚੋਰ ॥੬॥**
**ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ ॥**
**ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥੭॥**
**ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ ॥**
**ਨਾਨਕ ਨਾਮੇ ਲਾਇ ਸਵਾਰਿਅਨੁ ਸਬਦੇ ਲਏ ਮਿਲਾਏ ॥੮॥੯॥੩੧॥**

*ਆਸਾ ਮ: ੩ ਅਸਟਪਦੀਆ, ਪੰਨਾ ੪੨੬-੨੭*

ਭਾਵ—ਜਿਹੜੇ ਬਿਬੇਕੀ ਜਨ ਸੱਚੇ (ਨਾਮ-) ਰੰਗ ਵਿਚ ਰਤੇ ਹੋਏ ਹਨ, ਸੋਈ ਜਨ ਨਿਰਮਲ (ਨਖਾਲਸ) ਖਾਲਸੇ ਹਨ ਅਤੇ ਤਿਨ੍ਹਾਂ ਦੀ ਸੋਭਾ ਸਦਾ ਸੱਚੀ ਹੈ। ਇਸ ਲੋਕ ਵਿਖੇ ਉਹਨਾਂ ਦਾ ਘਰੋ ਘਰੀ (ਹਰ ਘਰ ਅੰਦਰ) ਜਸ ਹੁੰਦਾ ਹੈ ਅਤੇ ਪਰਲੋਕ ਵਿਚ ਵੀ ਉਹਨਾਂ ਦੀ ਸੋਭਾ ਜੁਗੋ ਜੁਗ ਪ੍ਰਕਾਸ਼ਤ (ਪ੍ਰਕਾਸ਼ਮਾਨ) ਰਹਿੰਦੀ ਹੈ। ਹੇ ਗੂੜ੍ਹੇ* ਰੰਗ ਦੇ ਅਸਲੇ ਵਾਲੇ ਮਨਾ! ਤੂੰ ਸੱਚਾ (ਅਸਲੀ) ਰੰਗ ਚਲੂਲਾ ਚੜ੍ਹਾਇ ਲੈ। (ਕਿਵੇਂ ?) ਜੇ ਇਹ ਮਨ ਗੂੜ੍ਹੇ ਅਤੇ ਸੱਚੇ ਜਿਗਰੀ ਰੰਗਾਂ ਵਿਚ ਰੰਗਣ ਵਾਲੀ ਗੁਰਬਾਣੀ ਨਾਲ ਰੰਗਿਆ ਜਾਵੇ ਤਾਂ ਨਾ ਇਹ ਰੰਗ ਕਦੇ ਲਹੇਗਾ ਨਾ ਲਾਮ੍ਹ (ਲਾਂਭੇ) ਹੋਵੇਗਾ। ਨਾਮ ਪ੍ਰਮਾਰਥੀ ਜੀਵਤ ਭਾਵ ਤੋਂ ਰਹਿਤ ਦੂਜੇ ਭਾਇ ਦੇ ਵਿਕਾਰਾਂ ਕਰਕੇ ਅਤਿ ਦਰਜੇ ਦੇ ਅਹੰਕਾਰੀ ਅਤੇ ਨੀਚ ਮੈਲੇ ਸੰਸਾਰੀ ਜੀਵ ਗੁਰੂ ਰੂਪੀ ਪਾਰਸ ਨਾਲ ਮਿਲਣ (ਪਰਸੇ ਜਾਣ) ਕਰਕੇ ਬਾਰਾਂ-ਵੰਨੀ ਕੰਚਨ (ਸੋਨੇ) ਦੇ ਸਦਰਸ ਸੁਧ ਅਤੇ ਅਪਾਰ ਨਿਰਮਲ

* ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥੫॥ [ਆਸਾ ਮ: ੩, ਪੰਨਾ ੪੪੧

ਜੋਤਿ ਵਾਲੇ ਹੋ ਗਏ। ਗੁਰੂ ਦੀ ਪਾਰਸ-ਕਲਾ ਬਿਨਾਂ ਐਸੇ ਚਲੂਲੇ ਮਜੀਠੀ ਰੰਗਾਂ ਵਿਚ ਕੋਈ ਨਹੀਂ ਰੰਗਿਆ ਜਾ ਸਕਦਾ ਅਤੇ ਸੱਚੇ ਗੁਰੂ ਦੇ ਮਿਲਣ ਕਰਕੇ ਹੀ ਐਸੇ ਚਲੂਲੇ ਰੰਗਾਂ ਦਾ ਚੜ੍ਹਾਉ ਚੜ੍ਹ ਸਕਦਾ ਹੈ।[1] ਜਿਨ੍ਹਾਂ ਨੂੰ ਗੁਰੂ ਦੀ ਭੈ-ਭਾਵਨੀ ਦਾ ਪਾਹ ਰੂਪੀ ਰੰਗ ਚੜ੍ਹ ਗਿਆ ਹੈ ਉਹਨਾਂ ਦਾ ਹੀ ਸਿਫਤਿ-ਸਾਲਾਹ ਵਿਚ ਸੱਚ ਕਰਕੇ (ਸਚਮੁਚ, ਅਸਲੀ) ਸਮਾਵਣਾ ਹੋਇਆ ਹੈ।

## ੨੫. ਅਕਾਲ ਪੁਰਖ ਸਦਾ ਹਾਜ਼ਰ ਨਾਜ਼ਰ ਤੇ ਦ੍ਰਿਸ਼ਟੀ ਗੋਚਰ ਹੋ ਜਾਂਦਾ ਹੈ:

ਭੈ ਭਾਉ ਬਿਨਾਂ (ਇਹ ਸੱਚੀ) ਲਾਗ ਨਹੀਂ ਲਗਦੀ ਅਤੇ ਨਾ ਹੀ ਮਨ ਨਿਰਮਲ ਹੁੰਦਾ ਹੈ ਅਤੇ ਭੈ ਬਿਹੂਣ ਜਿਹੜੇ ਕਰਮ ਕਮਾਵਣੇ ਹਨ ਉਹ ਨਿਰੋਲ ਝੂਠੇ ਅਤੇ ਅਨ-ਅਸਥਿਰ (ਨਾ ਥਿਰ ਰਹਿਣ ਵਾਲੇ) ਕਰਮ ਹਨ। ਜਿਸ ਨੂੰ ਆਪੇ ਰੰਗੇ ਸੋਈ ਰੰਗਿਆ ਜਾਂਦਾ ਹੈ, ਸਤਸੰਗਤਿ ਵਿਚ ਮਿਲਾਇਆ ਜਾਣ ਕਰਕੇ ਅਤੇ ਇਹ ਸੱਚੀ ਅਤੇ ਸਹਜ ਪਦ ਦੀ ਸਤਸੰਗਤਿ ਪੂਰੇ ਗੁਰੂ ਦੁਆਰਾ (ਗੁਰੂ ਨਾਨਕ ਸਾਹਿਬ ਜੀ ਦੇ ਘਰ ਵਿਚ) ਹੀ ਪ੍ਰਾਪਤ ਹੁੰਦੀ ਹੈ, ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ: "ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥"[2] ਇਸ ਗੁਰੂ ਕੀ ਸੰਗਤ (ਅਥਵਾ) ਗੁਰੂ ਕੀਆਂ ਸੰਗਤਾਂ ਬਿਨਾਂ ਐਸੇ ਰਹਿੰਦਾ ਹੈ ਜੈਸੇ ਢੋਰ ਪਸ਼ੂ ਰਹਿੰਦੇ ਹਨ। ਕਿਉਂਕਿ ਉਹ ਕਰਨਹਾਰ ਕਰਤਾਰ ਨੂੰ ਨਹੀਂ ਜਾਣਦੇ ਜਿਸ ਨੇ ਕਿ ਉਨ੍ਹਾਂ ਦੀ ਰਚਨਾ ਰਚੀ ਹੈ, ("ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ"[3]) ਅਤੇ ਨਾਮ ਤੋਂ ਬਿਹੂਣ ਸਭ ਚੋਰ ਹਨ (ਅਰਥਾਤ, ਜੇਹੜੇ ਨਾਮ ਨਹੀਂ ਜਪਦੇ, ਭਾਵ, ਜੋ ਨਾਮ ਜਪਣ ਦੇ ਬਿਬੇਕ ਤੋਂ ਬਿਬੇਕ-ਹੀਣ ਹਨ ਉਹ ਸਭ ਚੋਰ ਹਨ)। ਇਕ ਐਸੇ ਭੀ ਹਨ ਜੋ ਗੁਰੂ ਕੈ ਸਹਜ ਸੁਭਾਇ, ਅਰਥਾਤ, ਗੁਰਮਤਿ ਬਿਬੇਕ ਦੀ ਸੰਬੋਧਨਾ ਕਰਕੇ ਗੁਰਮਤਿ ਗੁਣ ਵਿਹਾਜਦੇ ਹਨ ਅਤੇ ਗੁਰਮਤਿ ਅਵਗੁਣਾਂ ਨੂੰ (ਗੁਣਾਂ ਦੀ ਵਿਹਾਜੀ ਬਦਲੇ) ਵੇਚ ਦਿੰਦੇ ਹਨ ਅਤੇ ਇਸ ਬਿਧਿ ਆਪਣਾ ਆਪ ਤਿਆਗ ਕੇ ਗੁਰੂ ਦੇ ਹੀ ਹੋ ਰਹਿੰਦੇ ਤੇ ਗੁਰੂ ਦੁਆਰੇ ਢਹਿ ਪੈਂਦੇ ਹਨ ਅਤੇ ਗੁਰੂ ਦੀ ਸੇਵਾ ਵਿਖੇ ਤਤਪਰ ਹੋ ਜਾਂਦੇ ਹਨ। ਇਸ ਬਿਧਿ ਗੁਰ ਸੇਵਾ ਕਰਨ ਤੇ ਜੋ ਨਾਮ (ਗੁਰ ਮੰਤ੍ਰ) ਗੁਰੂ ਤੋਂ ਪ੍ਰਾਪਤ ਹੁੰਦਾ ਹੈ ਉਹ ਅੰਤਰਿ ਆਤਮੇ ਧਸ ਕੇ ਪ੍ਰਵੇਸ਼ ਕਰ ਜਾਂਦਾ ਅਤੇ ਰੋਮ ਰੋਮ ਵਿਖੇ ਰਚ ਜਾਂਦਾ ਹੈ। ਸਭਨਾਂ ਦਾ ਦਾਤਾ ਇਕ ਗੁਰੂ ਕਰਤਾਰ ਹੈ, ਜੋ ਨਾਮ ਦੀ ਦਾਤਿ ਦੇ ਕੇ ਕੰਮਾਂ ਸਿਰ ਕੰਮ ਨਾਮ ਵਿਖੇ ਲਾਇ ਕੇ ਸਰਬ ਨਾਮ ਰਸਾਇਣ ਦੇ ਕਮਾਉਣਹਾਰੇ ਬਿਬੇਕੀ ਜਨਾਂ (ਦੇ ਜਨਮ) ਨੂੰ ਸੰਵਾਰਦਾ ਅਤੇ ਸ਼ਬਦ (ਨਾਮ ਗੁਰ ਮੰਤ੍ਰ) ਦੁਆਰਾ ਆਪਣੇ ਨਾਲ ਮਿਲਾ ਲੈਂਦਾ ਹੈ। ਸਿਫਤਿ-ਸਾਲਾਹ ਦੀ ਪਾਰਸ-ਕਲਾ ਦੀ ਇਹ ਅਵਧੀ ਹੈ।

---

1. "ਗੁਰੂ ਗ੍ਰੰਥ ਸਾਹਿਬ ਜੀ ਸੱਚੇ ਗੁਰਦੇਵ" ਨਾਮੇ ਪੁਸਤਕ ਦੀ ਰਚਨਾ ਵਿਚ ਗੁਰੂ ਚਾਹੇ ਤਾਂ ਖੂਬ ਨਿਖਾਰ ਕੇ ਦਸਿਆ ਜਾਵੇਗਾ।
2. ਗਉੜੀ ਗੁਆਰੇਰੀ ਮ: ੩, ॥੨॥੨੯॥ ਪੰਨਾ ੧੬੦
3. ਥਿਤੀ ਗਉੜੀ ਮ:, ੫ ॥੫॥ ਪੰਨਾ ੨੯੭

**ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ ॥**
**ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥੧॥**
**ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥**
**ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥੧॥ਰਹਾਉ॥੩੫॥**

*ਆਸਾ ਮ: ੩, ਪੰਨਾ ੪੨੮-੨੯*

ਭਾਵ—ਗੁਣੀ ਅਕਾਲ ਪੁਰਖ ਦਾ ਗੁਣਾਂ ਸਿਰ ਸਾਰ ਗੁਣ (ਨਾਮ ਭਗਤਿ) ਸਤਿਗੁਰਾਂ ਦੁਆਰਾ ਹੀ ਪਰਗਟ ਪ੍ਰਕਾਸ਼ਤ ਹੁੰਦਾ ਹੈ, ਜਦੋਂ ਅਕਾਲ ਪੁਰਖ ਆਪ ਕਿਰਪਾ ਕਰਿ ਸਤਿਗੁਰੂ ਦਾ ਮਿਲਾਪ ਕਰਾਉਂਦੇ ਹਨ। ਬਸ, ਜਦ ਇਸ ਬਿਧਿ ਸਤਿਗੁਰੂ ਦੇ ਮਿਲਣ ਕਰਕੇ ਸਤਿਗੁਰੂ ਦੁਆਰਾ ਗੁਰਮਤਿ ਗੁਣ (ਪ੍ਰੇਮ ਭਗਤੀ) ਦਾ ਉਪਜਣਾ ਹੁੰਦਾ ਹੈ ਤਦ ਸਹਿਜੇ ਹੀ ਨਾਮ ਧਿਆਵਣ ਲਗ ਜਾਈਦਾ ਹੈ ਅਤੇ ਸੱਚੇ ਗੁਰਮਤਿ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਇਸ ਗਿਆਨ ਦੇ ਪ੍ਰਤਵ ਪ੍ਰਭਾਵ ਕਰਕੇ ਗਿਆਨ ਪੁੰਜ ਗੁਣਤਾਸ ਪਰਮਾਤਮਾ ਅਕਾਲ ਪੁਰਖ, ਜੋ ਅਗੇ (ਗੁਰਮਤਿ) ਗਿਆਨ ਪ੍ਰਕਾਸ਼ ਤੋਂ ਪਹਿਲਾਂ ਦੂਰ ਦ੍ਰਿਸ਼ਟੀ ਅਗੋਚਰ ਪ੍ਰਤੀਤ ਹੁੰਦਾ ਸੀ, ਸਦਾ ਲਈ ਹਾਜ਼ਰ ਨਾਜ਼ਰ ਨਿਕਟਵਰਤੀ ਅਤੇ ਦ੍ਰਿਸ਼ਟੀ ਗੋਚਰਾ ਨਿਕਟ ਤੋਂ ਨਿਕਟ ਖਲੋਇੜਾ ਸਾਫ਼ (ਹਸਤਾਮਲ ਵਤ) ਅੰਤਰਿ ਬਾਹਰ ਨੈਣ ਅਲੋਇਅੜਾ ਕਰਕੇ ਵੇਖੀਦਾ ਹੈ। ਏਸੇ ਕਰਕੇ ਗੁਰੂ ਸਾਹਿਬ ਜਗਿਆਸੂ ਜਨਾਂ ਦੇ ਮਨ ਨੂੰ ਨਿਸਚਿਤ ਕਰਾਉਂਦੇ ਅਤੇ ਤਕੜਾਈ ਸਹਿਤ ਦ੍ਰਿੜ੍ਹਾਉਂਦੇ ਹਨ ਕਿ "ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥" ਅਤੇ ਓਹ ਸਦਾ ਹੀ ਮਨ ਦੀ ਬਿਰਥਾ ਨੂੰ ਸੁਣਦਾ ਹੈ ਅਤੇ ਸਦਾ ਵੇਖਦਾ ਹੈ। ਅਤੇ ਸ਼ਬਦ (ਕਲਾ) ਵਿਖੇ ਭਰਪੂਰ, ਅਥਵਾ, ਸਰਬ ਕਲਾ ਭਰਪੂਰ ਘਟਿ ਘਟਿ ਵਾਸੀ ਸਰਬ ਨਿਵਾਸੀ ਪਰਮਾਤਮਾ ਦਾ ਪਰਤੱਖ ਨਜ਼ਾਰਾ, ਦਰਸ਼ਨ ਦਿਦਾਰਾ ਕੇਵਲ ਓਹੀ ਵਡਭਾਗੇ ਬਿਬੇਕੀ ਜਨ ਪਰਤੱਖ ਪੇਖਦੇ ਯਾ ਪੇਖ ਸਕਦੇ ਹਨ ਜਿਨ੍ਹਾਂ ਦੇ ਅੰਤਰਿ ਆਤਮੇ ਸ਼ਬਦ ਕਲਾ ਦਾ ਵਰਤਾਰਾ ਵਰਤਿਆ ਹੈ, ਅਰਥਾਤ, ਜਿਨ੍ਹਾਂ ਨੇ ਨਾਮ ਰਸਾਇਣ ਨੂੰ ਕਮਾਇਆ ਹੈ।

**ਤਿਤੁ ਅਗਮ ਤਿਤੁ ਅਗਮਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ॥**
**ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ ॥੨॥੨॥**

*ਆਸਾ ਮ: ੧, ਪੰਨਾ ੪੩੬*

ਏਥੇ ਦਸਿਆ ਹੈ ਕਿ ਗੁਰ-ਸ਼ਬਦ ਦੀ ਕਮਾਈ ਦੁਆਰਾ "ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥"[1] ਦੇ ਗੁਰ-ਭਾਵ ਵਾਲੇ ਅਗੰਮਪੁਰੇ ਦੀ ਗੰਮਤਾ ਪ੍ਰਾਪਤ ਹੁੰਦੀ ਹੈ, ਗੁਰਮਤਿ ਗੁਣਾਂ (ਗੁਰਬਾਣੀ) ਦਾ ਸਾਰ ਗੁਰ-ਸ਼ਬਦ (ਗੁਰਮੰਤ੍ਰ, ਗੁਰਮਤਿ ਨਾਮ) ਹੈ। ਅਤੇ ਸਾਰ ਗੁਣਾਂ (ਗੁਣ ਦੇ ਸਾਰ) ਦਾ ਸੱਚਾ ਸੰਜਮ ਗੁਰ-ਸ਼ਬਦ ਦੀ ਕਮਾਈ ਹੈ। ਇਹ ਗੁਰ ਸ਼ਬਦ ਕਮਾਈ ਰੂਪੀ ਸੱਚ ਸੰਜਮ ਹੀ ਗੁਰਮਤਿ ਅੰਦਰ ਸਾਰ ਬਿਬੇਕ ਹੈ। ਤਾਂ ਤੇ ਗੁਰਮਤਿ ਸਾਰ ਬਿਬੇਕ ਹੀ ਅਗਮ ਦਾ ਲਖਾਵਣਹਾਰ ਹੈ।

1. ਰਾਮਕਲੀ ਬੇਣੀ ਜੀ, ਪੰਨਾ ੯੭੪

## ੨੯. ਗੁਰਬਾਣੀ ਅੰਮ੍ਰਿਤ ਰੂਪ ਹੈ :

**ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੁ ਮੁਖਿ ਅੰਮ੍ਰਿਤੁ ਪਾਵੈ ॥੨॥੬॥**
*ਗੂਜਰੀ ਮ: ੪, ਪੰਨਾ ੪੯੪*

ਇਸ ਗੁਰ ਪ੍ਰਮਾਣ ਅੰਦਰਿ ਗੁਰਬਾਣੀ ਦੀ ਅੰਮ੍ਰਿਤ ਰੂਪੀ ਪਾਰਸ-ਕਲਾ ਵਿਦਮਾਨ ਹੈ। ਸਤਿਗੁਰ ਕੀ ਬਾਣੀ ਜੋ ਹੈ ਸੋ ਅੰਮ੍ਰਿਤ ਬਚਨਾਂ ਭਰੀ ਹੈ। ਭਾਵ, ਗੁਰਬਾਣੀ ਰੂਪੀ ਜੋ ਗੁਰਵਾਕ ਹਨ, ਸੋ ਅੰਮ੍ਰਿਤ ਬਚਨ ਹਨ। ਜੋ ਇਹਨਾਂ ਅੰਮ੍ਰਿਤ ਬਚਨਾਂ ਨੂੰ ਬੋਲਦਾ ਹੈ, ਤਿਸ ਦੇ ਮੁਖ ਵਿਚ ਅੰਮ੍ਰਿਤ ਪੈਂਦਾ ਹੈ। ਗੁਰਬਾਣੀ ਦੇ ਪਾਠ ਮਾਤਰ ਵਿਚ ਇਹ ਪਾਰਸ-ਕਲਾ ਹੈ ਕਿ ਇਸ ਦੇ ਪਾਠ ਕਰਨਹਾਰੇ ਗਾਵਣਹਾਰੇ ਬੋਲਣ ਵਖਾਨਣਹਾਰੇ ਗੁਰਮੁਖਿ ਬਿਬੇਕੀ ਜਨ ਦੇ ਹਿਰਦੇ ਅੰਤਰਿ ਅੰਮ੍ਰਿਤ ਦਾ ਪ੍ਰਭਾਵ ਵਰਤ ਜਾਂਦਾ ਹੈ। ਸੋ ਦੇਖੀਏ ਗੁਰਬਾਣੀ ਦੇ ਪਾਠ ਮਾਤ੍ਰ ਦਾ ਗੁਰਮਤਿ ਕਰਮ ਬਿਬੇਕ, ਬਿਬੇਕੀ ਜਨ (ਪਾਠੀ ਜਨ) ਨੂੰ ਕਿਸ ਅੰਮ੍ਰਿਤ ਕਲਾ ਵਿਚ ਜਾ ਖਿਡਾਉਂਦਾ ਹੈ। ਪਰ ਇਸ ਅੰਮ੍ਰਿਤ-ਕਲਾ ਦੇ ਕਉਤਕ ਦੀ ਸਾਰ ਉਸੇ ਨੂੰ ਹੀ ਹੈ ਜਿਸ ਨੇ ਕਿ "ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥"[1] ਦੇ ਗੁਰ-ਭਾਵ ਅਨੁਸਾਰ ਇਸ ਅੰਮ੍ਰਿਤ ਰੂਪੀ ਪਾਰਸ ਨੂੰ ਵਿਹਾਜਿਆ ਵਰਤਿਆ ਹੈ, ਅਰਥਾਤ, ਜਿਸ ਨੇ ਇਸ ਅੰਮ੍ਰਿਤ ਕਾਰ ਨੂੰ ਕਮਾਇਆ ਹੈ। ਕਾਰ ਕਮਾਵਣ ਨਾਲ ਪਾਰਸ-ਕਲਾ ਵਰਤਦੀ ਹੈ। ਪਾਰਸ ਨੂੰ ਪਰਸਿਆ ਵਰਤਿਆ ਨਾ ਜਾਏ ਤਾਂ ਪਾਰਸ-ਕਲਾ ਨੇ ਕੀ ਵਰਤਣਾ ਸੀ। ਪਾਰਸ ਨੂੰ ਵਰਤਣ (ਵਰਤੋਂ ਵਿਚ ਲਿਆਉਣ) ਕਰਿ ਹੀ ਪਾਰਸ-ਕਲਾ ਨੇ ਵਰਤਣਾ ਹੋਇਆ। ਪਾਰਸ ਨੂੰ ਵਰਤਣਾ (ਵਰਤੋਂ ਵਿਚ ਲਿਆਉਣਾ), ਵੇਖ ਲਓ ਇਸ ਪ੍ਰਕਾਰ ਦਾ ਉੱਚਾ ਸੁੱਚਾ ਵਰਤੋਂ ਵਿਹਾਰ ਹੈ। ਇਸ ਦੀ ਸਾਰ ਹੀ ਨਹੀਂ ਤਦੇ ਏਸ ਨੂੰ ਨਹੀਂ ਕਮਾਈਦਾ ਅਤੇ ਇਸ ਪਾਰਸ ਨੂੰ ਵਰਤੋਂ ਵਿਚ ਨਹੀਂ ਲਿਆਈਦਾ। ਜਿਨ੍ਹਾਂ ਨੂੰ ਸਾਰ ਆਈ ਹੈ ਓਹ ਪੂਰਨ ਪ੍ਰੇਮ ਭਾਵਨਾ ਸੰਯੁਕਤ ਇਸ ਨੂੰ ਕਮਾਂਵਦੇ ਹਨ, ਜਿਉਂ ਜਿਉਂ ਕਮਾਂਵਦੇ ਹਨ ਤਿਉਂ ਤਿਉਂ ਰਸ ਪਾਂਵਦੇ ਹਨ। ਜਿਉਂ ਜਿਉਂ ਓਹਨਾਂ ਨੂੰ ਰਸ ਆਂਵਦਾ ਹੈ ਤਿਉਂ ਤਿਉਂ ਤਿਨ੍ਹਾਂ ਨੂੰ ਇਸ ਪਾਰਸ ਦੇ ਕਮਾਵਣ ਦਾ ਪ੍ਰੇਮ ਹੋਰ ਵਧੇਰੇ ਵਧਦਾ ਹੈ। ਇਸ ਪਾਰਸ-ਕਮਾਈ ਦੇ ਪ੍ਰੇਮ-ਰਹਸ ਵਿਚ ਰਤੇ ਜਾਣ ਕਰਕੇ ਇਸ ਪਾਰਸ-ਕਮਾਈ ਦੇ ਪ੍ਰੇਮ ਬਿਬੇਕੀਆਂ ਨੂੰ ਪ੍ਰੀਤਮ ਸਾਈਂ ਦੀ ਸੱਚੀ ਸਿਞਾਣ ਆ ਜਾਂਦੀ ਹੈ। ਫੇਰ ਉਹ ਇਸ ਪਾਰਸ-ਪ੍ਰੇਮ-ਕਮਾਈ ਵਲੋਂ ਕਦੇ ਮੂੰਹ ਨਹੀਂ ਮੋੜਦੇ (ਅਰਥਾਤ, ਕਮਾਈ ਅੰਦਰ ਸਰਬਦਾ ਕਾਲ ਤਤਪਰ ਰਹਿੰਦੇ ਹਨ) ਬਲਕਿ ਸਾਈਂ-ਸੰਞਾਤੇ, ਪ੍ਰੀਤਮ-ਪ੍ਰੇਮ ਵਿਚ ਰਤੰਨੇ ਪ੍ਰੇਮ-ਬਿਬੇਕੀਆਂ ਦੀ ਪਛਾਣ ਪਰਖ ਹੀ ਇਹ ਹੁੰਦੀ ਹੈ ਕਿ ਓਹ ਇਸ ਪਾਰਸ-ਕਮਾਈ ਵਲੋਂ ਕਦਾਚਿਤ ਮੁਖ ਨਹੀਂ ਮੋੜਦੇ (ਅਰਥਾਤ, ਬੇਮੁਖ ਨਹੀਂ ਹੁੰਦੇ), ਜੈਸੇ ਕਿ ਇਸ ਗੁਰਵਾਕ ਦੀ ਤੁਕ ਦਾ ਭਾਵ ਹੈ : "ਰਤੇ ਸੇਈ ਜਿ ਮੁਖੁ ਨਾ ਮੋੜੰਨਿ ਜਿਨੀ ਸਿਞਾਤਾ ਸਾਈ ॥"[2] ਇਸ ਤੋਂ ਉਲਟ ਜਿਨ੍ਹਾਂ ਨੂੰ ਇਸ ਪਾਰਸ-ਕਮਾਈ ਦੀ ਸਾਰ ਨਹੀਂ ਆਈ, ਓਹਨਾਂ ਨੇ ਇਹ ਕਾਰ ਨਹੀਂ ਕਮਾਈ। ਜਿਨ੍ਹਾਂ ਨੂੰ ਇਹ ਸਾਰ-ਕਮਾਈ ਰੂਪੀ ਕਾਰ ਨਹੀਂ ਆਈ, ਓਹ ਕੱਚੇ ਬਿਰਹੀ ਵਿਚ-ਵਿਚਾਲੇ ਹੀ ਝੜ ਪੈਂਦੇ ਹਨ। ਯਥਾ : "ਝੜਿ ਝੜਿ ਪਵਦੇ

---

1. ਮਾਰੂ ਮ: ੧, ਪੰਨਾ ੯੯੩ 2. ਸਲੋਕ ਮ: ੫, ਪੰਨਾ ੧੪੨੪

ਕਚੇ ਬਿਰਹੀ ਜਿਨਾ ਕਾਰਿ ਨ ਆਈ ॥"[1] ਜਿਨ੍ਹਾਂ ਨੇ ਇਸ ਪਾਰਸ-ਕਾਰ-ਕਮਾਈ ਦੀ ਸਾਰ ਨਹੀਂ ਪਾਈ, ਓਹਨਾਂ ਨੇ ਹੀ ਇਹ ਕਾਰ ਨਹੀਂ ਕਮਾਈ। ਆਮ ਤੌਰ ਪਰ ਇਸ ਕਾਰ, ਪਵਿੱਤਰ ਕਾਰ ਨੂੰ, ਅੰਮ੍ਰਿਤ ਬਾਣੀ ਦੇ ਅਭਿਆਸ ਰੂਪੀ ਕਾਰ ਨੂੰ ਤਦੇ ਹੀ ਨਹੀਂ ਕਮਾਈਦਾ ਕਿ ਇਸ ਦੀ ਪਾਰਸ-ਕਲਾ ਵਾਲੀ ਸਾਰ, ਅੰਮ੍ਰਿਤ ਗੁਣਾਂ ਵਾਲੀ ਸਾਰ ਨੂੰ ਨਹੀਂ ਪਾਈਦਾ। ਐਥੋਂ ਤਾਈਂ ਇਸ ਕਾਰ-ਕਮਾਈ ਵਲੋਂ ਝੜਿ ਝੜਿ ਪੈਣ ਦੀ ਕਚਿਆਈ ਦੇਖਣ ਵਿਚ ਆਈ ਹੈ ਕਿ ਗੁਰਬਾਣੀ ਦੇ ਪਾਠ ਨਿਤਨੇਮ ਅਭਿਆਸ ਨੂੰ ਲਾਜ਼ਮੀ ਕਾਰ, ਜ਼ਰੂਰੀ ਕਰਨ ਜੋਗ ਕਾਰ, ਹੁਕਮ ਰਜਾਈ ਪ੍ਰੇਮ-ਕਾਰ ਹੀ ਨਹੀਂ ਸਮਝਿਆ ਜਾਂਦਾ। ਜੋ ਗੁਰੂ ਦੇ ਨੇਮੀ ਪ੍ਰੇਮੀ ਅਤੇ ਸਾਰ-ਬਿਬੇਕੀ ਸਚਿਆਰ ਸਿੰਘ ਸਜਨ (ਸਵੱਜਨ) ਹਨ, ਸੋ ਗੁਰਬਾਣੀ ਦੇ ਪਾਠ ਅਭਿਆਸ ਦੇ ਪ੍ਰੇਮ ਨੇਮ ਵਾਲੀ ਪਵਿੱਤਰ ਕਾਰ ਸਭ ਕੰਮਾਂ ਤੋਂ ਮੁਖ ਅਤੇ ਸ੍ਰੇਸ਼ਟ ਉਚ ਕਰਮ ਸਮਝ ਕੇ ਨਿਤਾਪ੍ਰਤਿ ਨਿਭਾਉਂਦੇ ਹਨ। ਗੁਰਬਾਣੀ ਦੇ ਨੇਮੀ ਪ੍ਰੇਮੀ ਗੁਰਮੁਖਿ ਪਿਆਰੇ ਸੱਜਣ ਨੂੰ ਜੋ ਨੀਵੀਂ ਨਜ਼ਰ ਨਾਲ ਦੇਖਣ ਵਾਲੇ ਪੁਰਸ਼ ਹਨ, ਜੋ ਇਸ ਨਿਤਨੇਮ ਦੀ ਪ੍ਰੇਮ-ਕਾਰ ਨੂੰ ਕਰਮ ਕਾਂਡ ਹੀ ਸਮਝਦੇ ਹਨ, ਸੋ ਪਰਲੇ ਦਰਜੇ ਦੇ ਬਿਬੇਕ-ਹੀਣ ਗੁਰਮਤਿ ਤੋਂ ਸਖਣੇ ਮਨਮਤੀਏ ਪੁਰਸ਼ ਹਨ। ਰਹਿਤਵਾਨ ਸਿੰਘ ਦੀ ਉਤਮ ਬਿਬੇਕ ਧਾਰਨਾ ਰੂਪੀ ਉਚ ਗੁਰਮਤਿ ਕਮਾਈ ਸੰਦੀ ਸੁਖ ਮਹਲ ਰਹਣੀ ਵਿਚੋਂ ਇਕ ਪੱਕਾ ਥੰਮ੍ਹ ਗੁਰਬਾਣੀ ਦਾ ਨਿਤਨੇਮ ਹੈ।

**ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥**
**ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥੧॥**
**ਗੁਰ ਕਾ ਬਚਨੁ ਬਸੈ ਜੀਅ ਨਾਲੇ ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ਰਹਾਉ॥**
**ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ ॥**
**ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ ॥੨॥੧॥੩੨॥**

*ਧਨਾਸਰੀ ਮ: ੫, ਪੰਨਾ ੬੭੯*

ਇਸ ਗੁਰ ਪ੍ਰਮਾਣ ਅੰਦਰ ਗੁਰ ਕੇ ਬਚਨ ਰੂਪੀ ਗੁਰ-ਸ਼ਬਦ (ਗੁਰਮੰਤ੍ਰ-ਗੁਰਮਤਿ ਨਾਮ) ਦੀ ਅਤੇ ਗੁਰ-ਸ਼ਬਦ ਸੰਦੀ ਪਾਰਸ-ਬਿਬੇਕ-ਕਮਾਈ ਦੀ ਮਹਾਂ ਮਹਾਤਮ-ਮਈ ਬਚਿੱਤਰ ਮਹਿਮਾ ਦਰਸਾਈ ਹੈ। ਪ੍ਰਿਥਮ ਦੁਤੁਕੀ ਦੁਆਰਾ ਤਾਂ ਗੁਰ-ਸ਼ਬਦ (ਗੁਰਮੰਤ੍ਰ) ਰੂਪੀ ਗੁਰ ਕੇ ਬਚਨ ਨੂੰ ਇਕ ਲਿਵਤਾਰ ਵਿਚ ਲਗਾਤਾਰ ਸਿਮਰਨ ਦੀ ਅਤੇ ਸਵਾਸ ਸਵਾਸ ਸੰਮ੍ਹਾਲਣ (ਹਿਰਦੇ ਅੰਦਰ ਪ੍ਰੋ ਕੇ ਅਭਿਆਸ ਕਰਨ) ਦੀ ਭਾਉ ਭਾਵਨੀ ਦ੍ਰਿੜ੍ਹਾਈ ਹੈ ਅਤੇ ਇਸ ਸਿਮਰਨ ਅਤੇ ਸੰਮ੍ਹਾਲਣ ਦੀ ਪਾਰਸ-ਸ਼ਕਤੀ ਕਰਿ ਅਪਾਰ ਆਤਮ ਸੁਖਾਂ ਅਤੇ ਸੀਰਕ ਸੁਖਾਂ ਦੀ ਪ੍ਰਾਪਤੀ ਸੰਬੋਧਨ (ਜਾਣਕਾਰੀ) ਕਰਾਈ ਹੈ। ਇਸ ਲੋਕ ਵਿਖੇ ਭੀ ਅਤੇ ਪਰਲੋਕ ਵਿਖੇ ਭੀ ਸਾਰ ਗੁਰਮਤਿ ਬਿਬੇਕ ਕਮਾਈ ਦੁਆਰਾ ਕਮਾਇਆ ਹੋਇਆ ਇਹ ਗੁਰ-ਬਚਨ ਰੂਪੀ ਨਾਮ ਬਿਬੇਕੀ ਜਨਾਂ ਦੇ ਸਦਾ ਸੰਗਿ ਸਹਾਈ ਹੁੰਦਾ ਹੈ ਅਤੇ ਜਿਥੇ ਕਿਥੇ ਭੀ ਭੀੜੀ ਬਣਦੀ ਹੈ ਅਤੇ ਔਖੀ ਘੜੀ ਆਉਂਦੀ ਹੈ ਤਿਥੇ ਇਹ ਨਾਮ ਹੀ ਰਾਖਾ ਹੋ ਕੇ ਰਖਵਾਲੀ ਕਰਦਾ ਹੈ। ਜੈਸੇ ਕਿ ਇਹਨਾਂ ਅਗਲੇਰੇ ਗੁਰਵਾਕਾਂ ਦੇ ਭਾਵ ਤੋਂ ਸਪੱਸ਼ਟ ਹੈ। ਯਥਾ :

---

1. ਸਲੋਕ ਮ: ੫, ਪੰਨਾ ੧੪੨੪

**ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥**
**ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥**
**ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥...੧॥**
ਤਥਾ—**ਜਿਹ ਮਾਰਗਿ ਇਹੁ ਜਾਤ ਇਕੇਲਾ ॥ ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥...੨॥**
**ਅਨਿਕ ਬਿਘਨ ਜਹ ਆਇ ਸੰਘਾਰੈ ॥ ਹਰਿ ਕਾ ਨਾਮੁ ਤਤਕਾਲ ਉਧਾਰੈ ॥...੩॥**
ਪੁਨਾ—**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥**
**ਜਿਹ ਪੈਡੈ ਮਹਾ ਅੰਧ ਗੁਬਾਰਾ ॥ ਹਰਿ ਕਾ ਨਾਮੁ ਸੰਗਿ ਉਜੀਆਰਾ ॥**
**ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥**
**ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥**
**ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥੨॥**
*ਗਉੜੀ ਸੁਖਮਨੀ ਮ: ੫, ਪੰਨਾ ੨੬੪*

'ਰਹਾਉ' ਵਾਲੀ ਤੁਕ ਭੀ ਉਪਰਲੇ ਭਾਵ ਦੀ ਪ੍ਰੋੜ੍ਹਤਾ ਕਰਦੀ ਹੈ ਕਿ ਜਿਸ ਬਿਬੇਕੀ ਜਨ ਦੇ 'ਜੀਅ ਨਾਲੇ' ਅੰਤਰਿ ਆਤਮੇ ਗੁਰ ਕਾ ਬਚਨ, ਅਰਥਾਤ, ਨਾਮ ਗੁਰਮੰਤ੍ਰ ਵਸਦਾ ਹੈ, ਉਹ ਜਲ ਵਿਚ ਭੀ ਨਹੀਂ ਡੁਬਦਾ, ਉਹ ਚੋਰਾਂ ਤੋਂ ਭੀ ਨਹੀਂ ਲੁਟੀਦਾ (ਖੋਹੀਦਾ), ਉਸ ਨੂੰ ਅਗਨੀ ਭੀ ਨਹੀਂ ਜਲਾ ਸਕਦੀ। ਅਗਲੀ ਦੁਤੁਕੀ ਦਸਦੀ ਹੈ ਕਿ ਗੁਰ ਕਾ ਬਚਨ, ਅਰਥਾਤ, ਗੁਰਮਤਿ ਨਾਮ ਨਿਰਧਨਾਂ (ਕੰਗਾਲਾਂ) ਦਾ ਸੱਚਾ ਅਬਿਨਾਸ਼ੀ ਧਨ ਹੈ, ਜਿਸ ਦਾ ਜਲ ਅਗਨੀ ਕਰਕੇ ਭੀ ਬਿਨਾਸ ਨਹੀਂ ਹੋ ਸਕਦਾ, ਜਿਸ ਨੂੰ ਚੋਰ ਉਚੱਕਾ ਭੀ ਚੁਰਾ ਚਕ ਕੇ ਨਹੀਂ ਕਿਤੇ ਲਿਜਾ ਸਕਦਾ। ਅਤੇ ਨੇਤਰ-ਹੀਨ, ਅੰਧਲੇ ਪੁਰਸ਼ਾਂ ਦੀ ਸੱਚੀ ਟੇਕ ਹੈ ਅਤੇ ਅਭਿਆਸੀ ਜਨਾਂ ਨੂੰ ਤ੍ਰਿਪਤਾਵਣ ਹਿਤ ਬਾਲਕ ਨਮਿਤ ਮਾਤ ਦੁੱਧ ਦੀ ਨਿਆਈਂ ਪ੍ਰਤਿਪਾਲਕ ਹੈ। ਗੁਰੂ ਕਿਰਪਾਲ ਨੇ ਕਿਰਪਾ ਕਰਿ ਇਸ ਨਾਮ ਨੂੰ ਅਸਾਡੀ ਨਮਿਤ ਧੁਰ ਦਰਗਾਹੋਂ ਲਿਆ ਕੇ ਅਸਾਡੇ ਭਵ-ਸਾਗਰ ਦੇ ਤਰਨ ਲਈ ਬੋਹਿਥ (ਜਹਾਜ਼) ਰੂਪ ਬਣਾਇਆ ਹੈ। ਤਾਂ ਤੇ ਐਸੇ ਗੁਰੂ ਕੇ ਬਚਨ ਨੂੰ ਕਮਾਵਣਾ, ਅਰਥਾਤ, ਨਾਮ ਦੀ ਅਭਿਆਸ ਕਮਾਈ ਰੂਪੀ ਸਾਰ ਬਿਬੇਕ ਦਾ ਧਾਰਨਾ ਹਰੇਕ ਸਚਿਆਰ ਸਿਖ ਦਾ ਸ੍ਰੇਸ਼ਟ ਧਰਮ ਵਾ ਉੱਤਮ ਕਰਮ ਹੈ।

**ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥**
**ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ ॥ਰਹਾਉ॥**
**ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥**
**ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗਿ ਭੀਨ ॥੧॥**
**ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ ॥**
**ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ ॥੨॥੧॥੨੦॥**
*ਟੋਡੀ ਮ: ੫ ਘਰੁ ੫, ਪੰਨਾ ੭੧੬*

ਭਾਵ, ਜੋ ਗੁਰਦੁਆਰੇ ਹੋਇਕੈ ਸਾਹਿਬ ਸੰਮ੍ਹਾਲਦੇ ਹਨ ਓਹਨਾਂ ਦੇ ਉਪਰ ਤੁਠ ਕੇ ਸਮਰੱਥ ਦਾਤਾਰ ਪ੍ਰਭੂ ਐਸੇ ਗੁਣ-ਉਪਕਾਰ ਦੀ ਦਇਆਲਤਾ ਕਰਦੇ ਹਨ ਕਿ ਓਹਨਾਂ ਦੇ ਪੰਜੇ ਦੋਖ ਅਹੰ ਰੋਗ ਸਮੇਤ ਸਗਲੇ ਦੂਰ ਕਰਿ ਦਿੰਦੇ ਹਨ ਅਤੇ ਓਹਨਾਂ

ਦੇ ਸਭਿ ਬਿਖਿਆ ਬੰਧਨ ਤੋੜ ਦਿੰਦੇ ਹਨ। ਅਤੇ ਬਿਖ ਮਾਇਆ ਤੋਂ ਛੁੜਾ ਕੇ ਗੁਰੂ ਦਾ ਸ਼ਬਦ ਓਹਨਾਂ ਦੇ ਹੀਅਰੇ ਅੰਦਰ ਪਰਵੇਸ਼ ਕਰ ਦਿੰਦੇ ਹਨ। ਏਸ ਗੁਰੂ ਕੇ ਸ਼ਬਦ ਨਾਮ ਮੰਤਰ ਦੇ ਹੀ ਅੰਤਰਿ ਆਤਮੇ ਪਰਵੇਸ਼ ਹੋਣ ਦਾ ਸਾਰਾ ਪ੍ਰਤਾਪ ਵਰਤਦਾ ਹੈ ਕਿ ਉਪਰਲੇ ਗੁਣ ਪ੍ਰਗਟ ਹੋਇ ਆਂਵਦੇ ਹਨ।

## ੨੭. ਅੰਮ੍ਰਿਤ ਰੂਪੀ ਨਾਮ ਜਪਣਾ ਹੀ ਸੱਚੀ ਬਿਬੇਕ ਵਿਚਾਰ ਤੇ ਸੱਚੀ ਕਾਰ ਹੈ:

ਫੇਰ ਏਸ ਗੁਰ-ਸ਼ਬਦ ਦੇ ਹੀਅਰੇ ਅੰਦਰ ਪੋਤੇ ਜਾਣ ਦਾ ਵੱਡਾ ਉਤਮ ਫਲ ਇਹ ਹੁੰਦਾ ਹੈ ਕਿ ਪ੍ਰੇਮ-ਪ੍ਰਵੇਧੇ ਹਰਿ ਰੰਗਾਂ ਦੀ ਨਿਮਗਨ ਦਸ਼ਾ ਬਣ ਆਂਵਦੀ ਹੈ ਅਤੇ ਅੰਦਰੋਂ ਹੀ ਲਾਲਨ ਦੀ ਲਭਤਾ ਹੋ ਜਾਂਦੀ ਹੈ, ਜਿਸ ਦੀ ਸੋਭਾ ਪੇਖ ਕੇ ਚਿਤ ਨੂੰ ਅਸਲ ਆਨੰਦ-ਮਗਨਤਾ ਅਤੇ ਸੱਚਾ ਉਮਾਹ ਅਤੇ ਆਤਮ-ਹੁਲਾਸੀ ਉਤਸ਼ਾਹ ਪ੍ਰਾਪਤ ਹੁੰਦਾ ਹੈ। ਅਤੇ ਪ੍ਰਮਾਰਥ ਦੀ ਆਤਮ ਰੰਗੀ ਸੱਚੀ ਪ੍ਰਤੀਤ (ਪਤੀਜ) ਏਥੇ ਪੁਜ ਕੇ ਆਂਵਦੀ ਹੈ ਅਤੇ "ਹਉ ਤੇਰਾ ਤੂ ਮੈ ਮਨਿ ਵੂਠਾ"[1] ਦੇ ਚੋਜਾਂ ਦੇ ਖੇਲ ਹੋਇ ਵਰਤਦੀ ਹੈ। ਇਹ ਸਭ ਗੁਰ-ਸ਼ਬਦ ਦੇ ਰਿਦੰਤਰੀ ਅਭਿਆਸ ਨਿਵਾਸ ਮਈ ਸਾਰ ਬਿਬੇਕ ਦੇ ਪਾਰਸ-ਸਕਤਿ ਚਮਤਕਾਰ ਹਨ।

> **ਗੁਰ ਸੇਵਾ ਜੁਗ ਚਾਰੇ ਹੋਈ॥ ਪੂਰਾ ਜਨੁ ਕਾਰ ਕਮਾਵੈ ਕੋਈ॥**
> **ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ॥ ਐਸੇ ਸਦਾ ਸੁਖੁ ਦਰਿ ਸੋਭਾ ਹੋਈ॥੧॥**
> **ਏ ਮਨ ਮੇਰੇ ਭਰਮੁ ਨ ਕੀਜੈ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ॥੧॥ਰਹਾਉ॥**
> **ਸਤਿਗੁਰੁ ਸੇਵਹਿ ਸੇ ਮਹਾ ਪੁਰਖ ਸੰਸਾਰੇ॥ ਆਪਿ ਉਧਰੇ ਕੁਲ ਸਗਲ ਨਿਸਤਾਰੇ॥**
> **ਹਰਿ ਕਾ ਨਾਮੁ ਰਖਹਿ ਉਰਧਾਰੇ॥ ਨਾਮਿ ਰਤੇ ਭਉਜਲ ਉਤਰਹਿ ਪਾਰੇ॥੨॥**
> **ਸਤਿਗੁਰੁ ਸੇਵਹਿ ਸਦਾ ਮਨਿ ਦਾਸਾ॥ ਹਉਮੈ ਮਾਰਿ ਕਮਲੁ ਪਰਗਾਸਾ॥**
> **ਅਨਹਦੁ ਵਾਜੈ ਨਿਜ ਘਰਿ ਵਾਸਾ॥ ਨਾਮਿ ਰਤੇ ਘਰ ਮਾਹਿ ਉਦਾਸਾ॥੩॥**
> **ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ॥ ਜੁਗੁ ਜੁਗੁ ਭਗਤੀ ਆਖਿ ਵਖਾਣੀ॥**
> **ਅਨਦਿਨੁ ਜਪਹਿ ਹਰਿ ਸਾਰੰਗਪਾਣੀ॥**
> **ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ॥੪॥੧੩॥੩੩॥**
>
> *ਗਉੜੀ ਗੁ: ਮ: ੩, ਪੰਨਾ ੧੬੧-੬੨*

ਇਸ ਗੁਰ ਪ੍ਰਮਾਣ ਦੀ 'ਰਹਾਉ' ਵਾਲੀ ਤੁਕ ਤੋਂ ਸਪੱਸ਼ਟ ਸਿਧ ਹੁੰਦਾ ਹੈ ਕਿ ਅੰਮ੍ਰਿਤ ਰਸੁ, ਅਰਥਾਤ, ਨਾਮ ਮਹਾਂ ਰਸ ਦਾ ਪੀਣਾ ਹੀ ਸੱਚੀ ਗੁਰਮੁਖਾਂ ਵਾਲੀ ਸੇਵਾ ਹੈ। ਅਜਿਹੀ ਸੇਵਾ ਦਾ ਤਰਲਾ ਭਾਵੇਂ ਚਹੁੰ ਜੁਗਾਂ ਵਿਚ ਹੁੰਦਾ ਰਿਹਾ ਹੋਵੇ ਅਤੇ ਜੁਗਾਂ ਜੁਗਾਂਤਰਾਂ ਤਾਈਂ ਹੁੰਦਾ ਰਹੇ, ਪ੍ਰੰਤੂ ਉਹ ਵਿਰਲੇ ਹੀ ਗੁਰਮੁਖਿ ਬਿਬੇਕੀ ਜਨ ਪੂਰੇ ਸੂਰੇ ਹਨ ਜੋ ਇਸ ਗੁਰ-ਕਾਰ ਨੂੰ ਕਮਾ ਕੇ ਤੋੜ ਨਿਭਾਉਂਦੇ ਹਨ (ਅਜਿਹੇ ਕਰਣੀ ਦੇ ਪੂਰੇ ਗੁਰਮੁਖਿ ਬਿਬੇਕੀ ਜਨ ਕੇਵਲ ਗੁਰੂ ਘਰ ਵਿਖੇ ਹੀ ਲਭ ਸਕਦੇ ਹਨ)। ਉਹਨਾਂ ਨੂੰ

1. ਰਾਮਕਲੀ ਮ: ੫, ॥੪॥੩॥੧੪॥ ਪੰਨਾ ੮੮੭

ਹੀ ਅਖੁਟ ਨਾਮ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨਾਮ ਧਨ ਨੂੰ ਕਦੇ ਤੋਟ ਨਹੀਂ ਆਉਂਦੀ। ਇਸ ਨਾਮ ਧਨ ਦੀ ਪਾਰਸ-ਪ੍ਰਭਾਵੀ-ਕਲਾ ਦੁਆਰਾ ਇਸ ਲੋਕ ਵਿਖੇ ਤਾਂ ਸਦਾ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਸੱਚੀ ਦਰਗਾਹ ਅਕਾਲ ਦੀ ਵਿਚ ਮੁਖ ਉਜਲਾ (ਸੋਭਾਵੰਤ) ਹੁੰਦਾ ਹੈ। ਜੋ ਜਨ ਇਸ ਬਿਧਿ "ਗੁਰ ਕੀ ਸੇਵਾ ਗੁਰ ਭਗਤਿ ਹੈ ॥"[1] ਦੇ ਭਾਵ ਅਨੁਸਾਰ ਸਤਿਗੁਰੂ ਨੂੰ ਸੇਂਵਦੇ ਹਨ ਸੋ ਸੰਸਾਰ ਵਿਚ ਅਸਲ ਮਹਾਂ ਪੁਰਖ ਹਨ। ਆਪ ਤਰ ਜਾਂਦੇ ਹਨ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰਨਹਾਰੇ ਹੋ ਕੇ ਤਾਰ ਦਿੰਦੇ ਹਨ ਅਤੇ ਸਾਸ ਗਿਰਾਸ ਗੁਰਮਤਿ ਨਾਮ ਨੂੰ ਰਿਦੰਤਰ ਧਾਰਨਹਾਰੇ ਹੋਣ ਕਰਕੇ ਸਹਿਜੇ ਭਵਜਲ ਤੋਂ ਪਾਰ ਪੈਂਦੇ ਹਨ (ਪਾਰ ਉਤਰ ਜਾਂਦੇ ਹਨ)। ਫੇਰ ਐਸੇ ਨਾਮ ਗੁਰੂ ਦੇ ਸੇਵਨਹਾਰ ਮਨ ਕਰਕੇ ਸਭਨਾਂ ਦੇ ਦਾਸ ਹਨ ਅਤੇ ਹਉਮੈ ਉਤੇ ਅਸਵਾਰ ਹਨ। ਉਹਨਾਂ ਦਾ ਰਿਦਾ ਕੰਵਲ ਪ੍ਰਗਾਸਮਾਨ ਹੋ ਜਾਂਦਾ ਹੈ ਅਤੇ ਅਨਹਦ ਕੀਰਤਨ ਦੇ ਅਨਹਤ ਆਖਾੜੇ ਵਿਚ ਉਹਨਾਂ ਦਾ ਨਿਵਾਸ ਹੋ ਜਾਂਦਾ ਹੈ। ਐਸੇ ਨਾਮ-ਰਤੇ ਗੁਰਮੁਖਿ ਪਿਆਰੇ ਹੀ ਰਾਜ ਵਿਚ ਯੋਗ ਕਮਾਵਣਹਾਰੇ ਹਨ ਅਤੇ ਨਿਹਕੇਵਲ ਨਿਰਬਾਣ ਪਦ ਭੀ ਤਿਨ੍ਹਾਂ ਨੂੰ ਪ੍ਰਾਪਤ ਹੈ। ਇਹ ਸਿਫਤਿ-ਸਾਲਾਹ (ਨਾਮ) ਰੂਪੀ ਸਾਰ ਬਿਬੇਕ ਕਮਾਈ ਦੇ ਰੰਗ-ਬਰੰਗੀ ਅਲੌਕਿਕ ਚਮਤਕਾਰ ਕ੍ਰਿਸ਼ਮੇ ਹਨ ਜੋ ਗੁਰਮਤਿ ਬਿਬੇਕ (ਭਗਤਿ ਕਮਾਈ) ਦੀ ਪਾਰਸ-ਕਲਾ ਨੂੰ ਜਣਾਉਣਹਾਰੇ ਹਨ। ਏਵਡ ਵਡ ਪ੍ਰਤਾਪ ਹੈ, ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ ਦਾ!

> **ਨਾਮੁ ਸਮਾਲਹਿ ਸੁਖਿ ਵਸਹਿ ਭਾਈ ਸਦਾ ਸੁਖੁ ਸਾਂਤਿ ਸਰੀਰ ॥**
> **ਨਾਨਕ ਨਾਮੁ ਸਮਾਲਿ ਤੂ ਭਾਈ ਅਪਰੰਪਰ ਗੁਣੀ ਗਹੀਰ ॥੮॥੩॥**
>
> *ਸੋਰਠਿ ਮ: ੩, ਪੰਨਾ ੬੩੯*

ਗੁਰੂ ਮਹਾਰਾਜ ਸਾਹਿਬ ਸੱਚੇ ਪਾਤਸ਼ਾਹ ਇਸ ਗੁਰਵਾਕ ਦੁਆਰਾ ਨਾਮ ਮਹਿਮਾ ਦੀ ਪੱਕ ਪ੍ਰਤੀਤ ਕਰਾਉਂਦੇ ਹੋਏ ਉਪਦੇਸ਼ ਮਈ ਹੁਕਮ ਦਿੰਦੇ ਹਨ ਕਿ ਹੇ ਭਾਈ, ਜੇ ਤੂੰ ਨਾਮ ਨੂੰ ਸੰਮ੍ਹਾਲ ਲਵਹਿ (ਅਰਥਾਤ, ਹਿਰਦੇ ਅੰਦਰ ਪ੍ਰੋ ਕੇ ਸੁਆਸ ਸੁਆਸ ਆਰਾਧਨ ਕਰਨ ਲਗ ਪਵੇਂ) ਤਾਂ ਸੁਖ ਸਾਗਰ ਵਿਚ ਤੇਰਾ ਨਿਵਾਸ ਹੋ ਜਾਵੇ ਅਤੇ ਤੇਰੇ ਸਰੀਰ ਨੂੰ ਭੀ ਸੱਚਾ ਸੁਖ ਤੇ ਸੱਚੀ ਸ਼ਾਂਤੀ ਪ੍ਰਾਪਤ ਹੋ ਜਾਵੇ। ਇਸ ਕਰਕੇ ਹੇ ਪਿਆਰੇ, ਤੂੰ ਨਾਮ ਨੂੰ ਸਮ੍ਹਾਲਿ, ਭਾਵ, ਇਸ ਅਪਰੰਪਰ ਗੁਣੀ ਗਹੀਰ ਨਾਮ ਦਾ ਸਦਾ ਸਿਮਰਨ ਕਰ। ਹੁਣ ਸਮਝ ਲਵੋ ਕਿ ਜੋ ਸਤਿਗੁਰ ਦੇ ਇਸ ਉਪਦੇਸ਼ ਮਈ ਹੁਕਮ ਨੂੰ ਸਿਖ,ਗੁਰੂ ਦੇ ਸਦਾਉਂਦੇ ਹੋਏ ਭੀ ਨਹੀਂ ਕਮਾਉਂਦੇ ਉਹ ਕਿਤਨੇ ਕੁ ਬਿਬੇਕ-ਹੀਨ ਅਗਿਆਨੀ ਅਤੇ ਮਨਮੁਖੀ ਪੁਰਸ਼ ਹਨ ਅਤੇ ਇਸ ਤੋਂ ਉਲਟ ਜੋ ਗੁਰਮੁਖ ਜਨ ਇਸ ਗੁਰ ਫ਼ੁਰਮਾਨ (ਸਤਿਗੁਰ ਬਚਨ ਮਈ ਹੁਕਮ) ਦਾ ਕਮਾਵਣਾ ਕਰਦੇ ਹਨ, ਉਹ ਕਿਤਨੇ ਬੜੇ ਵਿਚਾਰਵਾਨ ਬਿਬੇਕੀ ਅਤੇ ਗਿਆਨਵੰਤ ਗਿਆਨੀ ਪੁਰਖ ਹਨ, ਕਿਉਂਕਿ "ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥"[2] ਰੂਪੀ ਗੁਰਵਾਕ ਦੀ ਕਸੌਟੀ ਅਨੁਸਾਰ ਸਤਿਗੁਰੂ ਦੇ ਹੁਕਮਨ ਸਿਰ ਹੁਕਮ, ਸਾਰ ਹੁਕਮ ਸਿਫਤਿ-ਸਾਲਾਹ ਰੂਪੀ ਸਾਰ ਬਚਨ ਦਾ ਕਮਾਵਣਾ ਸਭ ਤੋਂ ਉਤਮ, ਸੱਚਾ, ਸ੍ਰੇਸ਼ਟ ਅਤੇ ਸਾਰ ਬਿਬੇਕ ਬੀਚਾਰ ਹੈ,ਜੋ ਹਰ ਇਕ ਸਿਖ ਦਾ ਮੁਖ ਅਤੇ ਮੂਲ ਧਰਮ ਹੈ।

1. ਸਿਰੀਰਾਗੁ ਮ: ੩, ਪੰਨਾ ੬੬
2. ਸਿਰੀਰਾਗੁ ਮ: ੫, ॥੧॥੯੯॥, ਪੰਨਾ ੫੨

**ਗੁਰਮਤਿ ਮਨ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥**
**ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ ॥੧॥੧॥**

*ਬਿਹਾਗੜਾ ਮ: ੪ ਛੰਤ, ਪੰਨਾ ੫੩੮*

ਏਸ ਗੁਰਵਾਕ ਦੁਆਰਾ ਫੇਰ ਮਹਾਰਾਜ ਦ੍ਰਿੜ੍ਹਾਉਂਦੇ ਹਨ ਕਿ ਕੇਵਲ ਗੁਰਮਤਿ ਦੁਆਰਾ ਹੀ ਧਾਵਤ ਮਨ ਠਹਿਰਾਇਆ ਜਾ ਸਕਦਾ ਹੈ । ਭਾਵ, ਇਹ ਚੰਚਲ ਮਨ ਹੋਰਤ ਕਿਤੇ ਉਪਾਵ ਕਰਿ ਵਸ ਨਹੀਂ ਆਉਂਦਾ । ਸੋ ਹੇ ਮੇਰੀ ਜਿੰਦੜੀਏ ! ਇਸ ਮਨ ਨੂੰ ਗੁਰਮਤਿ ਦੁਆਰਾ ਠਹਿਰਾ, ਵੱਸ ਕਰ, ਫੇਰ ਇਹ ਕਦੇ ਅੰਤ ਤੀਕਰ ਨਹੀਂ ਡੋਲੇਗਾ ਅਤੇ ਇਸ ਮਨ ਦੇ ਵਸ ਕਰਨ ਦਾ ਗੁਰਮਤਿ ਉਪਾਵ ਕੀ ਹੈ ? (ਉਤਰ) "ਗੁਣ ਨਾਨਕ ਬਾਣੀ ਬੋਲੇ ਰਾਮ ॥" ਗੁਰਬਾਣੀ ਰੂਪੀ ਗੁਣ (ਨਾਮ) ਦਾ ਉਚਾਰਨਾ ਹੀ ਗੁਰਮਤਿ ਉਪਾਵ ਹੈ ਅਤੇ ਇਸ ਉਪਾਵ ਦੇ ਧਾਰਨ ਕਰਨ ਦੁਆਰਾ, ਮਨ ਵਸਿ ਆਉਣ ਨਾਲ ਹੀ ਹਰਿ ਪ੍ਰਭ ਅਕਾਲ ਪੁਰਖ ਦੇ ਪਾਵਣ ਦਾ ਮਨ-ਚਿੰਦਿਅੜਾ (ਬਾਂਛਤ) ਫਲ ਭੀ ਪ੍ਰਾਪਤ ਹੋਵੇਗਾ ।

## ੨੮. ਨਾਮ ਸੱਚੇ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ :

ਪ੍ਰਿਥਮ ਫਲ ਗੁਰਮਤਿ ਸਿਫਤਿ-ਸਾਲਾਹ ਦਾ ਮਨ ਵਸ ਆਉਣਾ ਹੈ ਅਤੇ ਫੇਰ ਅਡੋਲ ਬਿਰਤੀ ਸੰਯੁਕਤ ਨਾਮ ਅਭਿਆਸ ਦੇ ਕਮਾਵਣ ਕਰਿ ਦੁਤੀ ਮਨ-ਚਿੰਦਿਅੜਾ ਫਲ ਪ੍ਰਾਪਤ ਹੁੰਦਾ ਹੈ । ਮਨ ਵਸ ਆਵਣ ਦਾ ਉਪਾਵ ਸਿਫਤਿ-ਸਾਲਾਹ ਰੂਪੀ ਸਾਰ ਗੁਰਮਤਿ ਬਿਬੇਕ ਬਾਝੋਂ ਹੋਰ ਕੋਈ ਨਹੀਂ ।

**ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ ॥**
**ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥**
**ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ ॥**
**ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ ॥**
**ਵਖਰੁ ਨਾਮੁ ਸਦਾ ਲਾਭੁ ਹੈ ਜਿਸ ਨੋ ਏਤੁ ਵਾਪਾਰਿ ਲਾਏ ॥**
**ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ ॥੧॥੪॥**

*ਵਡਹੰਸ ਮ: ੩, ਪੰਨਾ ੫੬੯-੭੦*

ਏਸ ਗੁਰਵਾਕ ਦੀ ਵਿਆਖਿਆ ਦਾ ਭਾਵ ਅਤਿ ਸੁੰਦਰ ਸੁਆਲਿਓ ਸਰੂਪ ਹੈ । ਸੂਧ ਸਾਧਾਰਨ ਭਾਵ ਹੈ । ਸਤਿਗੁਰੂ ਸੱਚੇ ਪਾਤਸ਼ਾਹ ਨੇ ਸਰਬ ਬੂਝਾਂ ਸਿਰ ਬੂਝ ਇਹ ਬੁਝਾਈ ਹੈ (ਭਾਵ, ਇਹ ਬੀਚਾਰ ਬੁਧਿ ਬਿਬੇਕ ਦ੍ਰਿੜ੍ਹਾਇਆ) ਕਿ ਰਤਨ ਪਦਾਰਥ 'ਨਾਮ' ਦਾ ਵਣਜ ਵਾਪਾਰ ਕਰੀਏ, ਕਿਉਂਕਿ ਇਸ ਮਾਨੁਖ ਜਨਮ ਦਾ ਲਾਹਾ ਲਾਭ ਹਰੀ ਭਗਤੀ ਰੂਪੀ ਗੁਣ ਨਾਮ ਦਾ ਵਿਹਾਜਣਾ ਹੀ ਹੈ ਅਤੇ ਏਹਨਾਂ ਭਗਤਿ ਰੂਪੀ ਗੁਣਾਂ ਵਿਚ ਗੁਣੀ ਆਪਿ ਸਮਾਇ ਰਿਹਾ ਹੈ । ਤਾਂ ਤੇ ਦੂਜਾ ਅਤੇ ਅਸਲ ਲਾਭ ਇਸ ਵਣਜ ਵਾਪਾਰ ਦਾ ਗੁਣੀ ਅਕਾਲ ਪੁਰਖ ਦੀ ਪ੍ਰਾਪਤੀ ਹੋਵੇਗਾ, ਪ੍ਰੰਤੂ ਇਹ ਲਾਭ ਉਸੇ ਨੂੰ ਹੋਵੇਗਾ, ਜਿਸ ਨੂੰ ਆਪ ਗੁਰੂ ਕਰਤਾਰ ਨੇ ਕਿਰਪਾ ਕਰਿ ਇਹ ਗੱਲ ਬੁਝਾਇ ਦਿਤੀ ਹੈ ਕਿ ਇਸ ਸੰਸਾਰ ਵਿਖੇ ਮਨੁਖਾ ਜਨਮ ਦਾ ਇਕੋ ਲਾਹਾ ਭਗਤੀ ਹੈ ਅਤੇ

ਇਸ ਭਗਤੀ ਤੋਂ ਬਿਨਾਂ ਦੂਜੇ ਭਾਵ (ਮਾਇਆ ਅਤੇ ਮਾਇਕ ਲਾਹਿਆਂ) ਵਿਚ ਰਚ ਪਚ ਕੇ ਸੁਖ ਕਦੇ ਨਹੀਂ ਹੁੰਦਾ ਅਤੇ ਪਤਿ ਪ੍ਰਤੀਤ ਭੀ ਖੋਈ ਜਾਂਦੀ ਹੈ। ਬਸ ਗੁਰਮਤਿ ਨਾਮ[1] ਹੀ ਸੱਚਾ ਆਧਾਰ ਅਤੇ ਭਾਰੇ ਲਾਭ ਵਾਲਾ (ਵਾਪਾਰ ਯੋਗ ਵਖਰ) ਹੈ, ਪ੍ਰੰਤੂ ਜਿਸ ਵਡਭਾਗੇ ਵਣਜਾਰੇ ਨੂੰ ਗੁਰੂ ਕਰਤਾਰ ਆਪ ਕਿਰਪਾ ਕਰਿ ਇਸ ਵਾਪਾਰ ਵਿਖੇ ਲਾ ਦੇਵੇ ਉਸ ਨੂੰ ਤਾਂ ਏਸ ਨਾਮ ਰੂਪੀ ਵਖਰ ਦਾ ਸਦਾ ਲਾਭ ਹੀ ਲਾਭ ਹੈ। ਬਸ ਇਹ ਰਤਨ ਪਦਾਰਥ ਤਾਂ ਵਣਜੀਦਾ ਹੈ ਜਾਂ ਸਤਿਗੁਰੂ ਆਪ ਹੀ ਇਹ ਸੱਚੀ ਬੂਝ (ਬੁਧਿ ਬਿਬੇਕ) ਬੁਝਾ ਦੇਵੇ। ਤਾਂ ਤੇ ਜਿਸ ਬਿਬੇਕੀ ਜਨ ਨੂੰ ਸਤਿਗੁਰੂ ਨੇ ਇਹ ਸੱਚੀ ਬੁਧਿ ਬਿਬੇਕ ਵਾਲੀ ਬੂਝ ਬੁਝਾ ਦਿਤੀ ਹੈ ਕਿ ਮਨੁਖਾ ਜਨਮ ਦਾ ਲਾਹਾ ਇਸ ਸੰਸਾਰ ਵਿਖੇ ਕੇਵਲ ਭਾਉ ਭਗਤੀ ਅਥਵਾ ਨਾਮ ਰੂਪੀ ਵਖਰ ਦਾ ਵਿਹਾਜਣਾ ਹੈ, ਉਸ ਬਿਬੇਕੀ ਜਨ ਦਾ ਕਾਰ ਵਿਹਾਰ ਕੇਵਲ ਨਾਮ ਵਖਰ ਵਾਪਾਰ ਦੇ ਆਹਰ ਆਧਾਰ ਵਿਖੇ ਲਗਣਾ ਹੋਵੇਗਾ, ਕਿਉਂਕਿ ਇਸ ਤੋਂ ਉਪਰ ਹੋਰ ਵਿਚਾਰ ਵਿਵੇਕ ਸੰਸਾਰ ਵਿਖੇ ਕੋਈ ਨਹੀਂ।

**ਗੁਰ ਪੂਰੇ ਕੀ ਪਉ ਸਰਣਾਈ॥ ਮੋਹੁ ਸੋਗੁ ਸਭੁ ਭਰਮੁ ਮਿਟਾਈ॥**
**ਏਕੋ ਮੰਤ੍ਰੁ ਦ੍ਰਿੜਾਏ ਅਉਖਧੁ ਸਚੁ ਨਾਮੁ ਰਿਦ ਗਾਇਣਾ॥੨॥**
**ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ॥ ਸਗਲ ਭਗਤ ਜਾ ਕੀ ਕਰਦੇ ਸੇਵਾ॥**
**ਅਨਾਥਾ ਨਾਥੁ ਦੀਨ ਦੁਖਭੰਜਨੁ ਸੋ ਗੁਰ ਪੂਰੇ ਤੇ ਪਾਇਣਾ॥੩॥**
**ਹੋਰੁ ਦੁਆਰਾ ਕੋਇ ਨ ਸੂਝੈ॥ ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ॥**
**ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ॥੪॥**
**ਜਾ ਕੀ ਧੂਰਿ ਕਰੇ ਪੁਨੀਤਾ॥ ਸੁਰਿ ਨਰਿ ਦੇਵ ਨ ਪਾਵਹਿ ਮੀਤਾ॥**
**ਸਤਿ ਪੁਰਖੁ ਸਤਿਗੁਰੁ ਪਰਮੇਸਰੁ ਜਿਸੁ ਭੇਟਤ ਪਾਰਿ ਪਰਾਇਣਾ॥੫॥**
**ਪਾਰਜਾਤੁ ਲੋੜਹਿ ਮਨ ਪਿਆਰੇ॥ ਕਾਮਧੇਨੁ ਸੋਹੀ ਦਰਬਾਰੇ॥**
**ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ॥੬॥**
**ਗੁਰ ਕੈ ਸਬਦਿ ਮਰਹਿ ਪੰਚ ਧਾਤੂ॥ ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ॥**
**ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ॥੭॥**

*ਮਾਰੂ ਸੋਲਹੇ ਮ: ੫, ਪੰਨਾ ੧੦੭੭-੭੮*

ਏਥੇ ਸਤਿਗੁਰ ਬਚਨ ਕਮਾਉਣ ਰੂਪੀ ਬਿਬੇਕ ਧਾਰਨ ਕਰਨ ਦਾ ਸਾਨੂੰ ਇਸ ਪ੍ਰਕਾਰ ਹੁਕਮ ਮਿਲਦਾ ਹੈ ਕਿ ਪ੍ਰਿਥਮ ਪੂਰੇ ਗੁਰੂ ਦੀ ਸਰਣਾਗਤਿ ਆਉਣਾ ਚਾਹੀਦਾ ਹੈ, ਭਾਵ, (ਅੰਮ੍ਰਿਤ ਛਕ ਕੇ)[2] ਗੁਰੂ ਧਾਰਨ ਕਰਨਾ ਚਾਹੀਦਾ ਹੈ, ਕਿਉਂਕਿ ਕੇਵਲ ਪੂਰਾ ਗੁਰੂ ਹੀ ਸਭ ਪ੍ਰਕਾਰ ਦੇ ਮੋਹ ਸੋਗ ਅਤੇ ਭਰਮ ਰੂਪੀ ਰੋਗ ਮਿਟਾਉਣ ਨੂੰ ਸਮਰੱਥ ਹੈ। ਇਸ ਰੋਗ ਦੇ ਮਿਟਾਉਣ ਲਈ ਸਤਿਗੁਰੂ ਸੱਚਾ ਵੈਦ ਇਕੋ ਗੁਰਮੰਤ੍ਰ[3] ਰੂਪੀ ਅਉਖਧੀ

---

1. "ਗੁਰਮਤਿ ਨਾਮ" ਨਾਮੇ ਵਖਰੀ ਪੁਸਤਕ ਦੇ ਰਚਣ ਦਾ ਉਤਸ਼ਾਹ ਹੈ, ਜੇ ਗੁਰੂ ਤੋੜ ਨਿਭਾ ਦੇਵੇ। ਸਮੱਗਰੀ ਤਾਂ ਸਭ ਤਿਆਰ ਹੈ।
2. ਗੁਰੂ ਕੇਵਲ ਅੰਮ੍ਰਿਤ ਛਕ ਕੇ ਹੀ ਧਾਰਨ ਹੋ ਸਕਦਾ ਹੈ ਅਤੇ ਧਾਰਨ ਜੋਗ ਗੁਰੂ ਕੇਵਲ ਸਤਿਗੁਰੂ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਇਸ ਪ੍ਰਕਰਣ ਪ੍ਰਥਾਇ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਗੁਰਦੇਵ" ਨਾਮੇ ਪੁਸਤਕ ਅੰਦਰ ਗੁਰੂ ਚਾਹੇ ਤਾਂ ਵਿਸਥਾਰ ਪੂਰਬਕ ਵਿਚਾਰ ਕੀਤੀ ਜਾਵੇਗੀ।
3. ਗੁਰੂ ਘਰ ਵਿਖੇ ਗੁਰਮਤਿ ਨਾਮ ਯਾ ਗੁਰਮੰਤ੍ਰ ਕੇਵਲ ਇਕੋ ਹੈ। ਸੋਈ ਕਲਿਆਣ ਕਾਰਕ ਹੈ।

ਦਿੰਦਾ ਹੈ,ਅਰਥਾਤ 'ਗੁਰਮਤਿ ਨਾਮ'[1] ਦ੍ਰਿੜ੍ਹਾਉਂਦਾ ਹੈ । ਅਸਾਡਾ ਕੰਮ ਹੈ ਤੇ ਪੂਰਨ ਫ਼ਰਜ਼ ਹੈ ਕਿ ਉਸ ਗੁਰਮਤਿ ਨਾਮ ਰੂਪੀ ਅਉਖਧੀ ਨੂੰ ਭੁੰਚ ਕੇ ਅਤੇ ਹਿਰਦੇ ਵਿਖੇ ਲੈ ਕੇ ਕਮਾਈਏ ਜਿਸ 'ਗੁਰਮਤਿ ਨਾਮ' ਨੂੰ ਬੜੇ ਬੜੇ ਦੇਵਤੇ ਤਰਸਦੇ ਹਨ ਅਤੇ ਜਿਸ ਗੁਰਮਤਿ ਨਾਮ ਦੀ ਨਮਿਤ ਅਨੇਕ ਮਤੀ ਦੇ ਭਗਤਾਂ ਦੇ ਸਮੂਹਾਂ ਦੇ ਸਮੂਹ ਪਏ ਸੇਵਾ ਘਾਲਣਾ ਘਾਲਦੇ ਹਨ । ਸੋ ਐਸਾ ਅਨਾਥਾਂ ਨਾਥ ਦੀਨ ਦੁਖ ਭੰਜਨ ਗੁਰਮਤਿ ਨਾਮ, ਕੇਵਲ ਪੂਰੇ ਸਤਿਗੁਰੂ (ਗੁਰੂ ਨਾਨਕ—ਦਸਮੇਸ਼—ਸ੍ਰੀ ਗੁਰੂ ਗ੍ਰੰਥ ਸਾਹਿਬ) ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ । ਸਤਿਗੁਰੂ (ਗੁਰੂ ਨਾਨਕ—ਦਸਮੇਸ਼ ਜੀ ਦੇ ਘਰ) ਬਾਝੋਂ ਹੋਰ ਕੋਈ ਦੁਆਰਾ ਐਸਾ ਨਹੀਂ ਸੁਝਦਾ (ਜਿਸ ਦੁਆਰਾ ਕਿ ਇਸ ਸੱਚੇ ਨਾਮ ਦੀ ਪ੍ਰਾਪਤੀ ਸੰਭਵ ਹੋਵੇ), ਭਾਵੇਂ ਕੋਈ ਤਿੰਨਾਂ ਲੋਕਾਂ ਵਿਖੇ ਧਾਂਵਦਾ ਫਿਰੇ, ਪ੍ਰੰਤੂ ਤਾਂ ਭੀ ਇਸ ਰਤਨ-ਪਦਾਰਥ-ਨਾਮ ਦੀ ਸੱਚੀ ਸੂਝ ਬੂਝ ਕਿਤੋਂ ਨਹੀਂ ਪੈ ਸਕਦੀ । ਇਹ ਕੇਵਲ ਸਤਿਗੁਰੂ ਹੀ ਸੱਚਾ ਸ਼ਾਹ ਹੈ, ਜਿਸ ਦੇ ਪਾਸ ਇਸ ਸੱਚੇ ਨਾਮ ਦਾ ਭੰਡਾਰ ਹੈ । ਬਸ, ਇਹ ਨਾਮ ਰੂਪੀ ਰਤਨ ਤਿਸੇ ਪਾਸਹੁੰ ਹੀ ਪਾਇਆ ਜਾ ਸਕਦਾ ਹੈ ਜਿਸ ਦੀ ਧੂੜੀ ਮਾਤਰ ਹੀ ਪਤਿਤੋਂ ਪਵਿੱਤਰ ਕਰਨਹਾਰੀ ਹੈ, ਜਿਸ ਧੂੜੀ ਨੂੰ ਕਿ ਸੁਰ ਨਰ ਮੁਨਿ ਜਨ ਦੇਵਾ ਭੀ ਨਹੀਂ ਪਾ ਸਕਦੇ । ਸੋ ਐਸਾ ਸਤਿ ਪੁਰਖ ਪਰਮੇਸ਼ਰ ਰੂਪ ਸਤਿਗੁਰੂ ਹੀ ਹੈ, ਜਿਸ ਦੇ ਭੇਟਣ ਕਰਕੇ ਭਵ ਸਾਗਰ ਤੋਂ ਪਾਰ ਪਈਦਾ ਹੈ । ਗੁਰੂ ਪੂਰੇ ਦੀ ਸੱਚੀ ਸੇਵਾ ਕਰਨ ਕਰਿ ਸੱਚੀ ਤ੍ਰਿਪਤੀ (ਸੰਤੁਸ਼ਟਤਾ) ਅਤੇ ਸੱਚਾ ਸੰਤੋਖ ਪ੍ਰਾਪਤ ਹੁੰਦਾ ਹੈ, ਕਿਉਂਕਿ ਮਨ-ਲੋੜੀਂਦੜੇ ਪਾਰਜਾਤ ਅਤੇ ਕਾਮਧੇਨ ਸੁਤੇ ਹੀ ਗੁਰੂ ਦੀ ਦਰਗਾਹ ਵਿਖੇ ਸੁਭਾਇਮਾਨ ਹੁੰਦੇ ਹਨ ਅਤੇ ਗੁਰ ਸੇਵਾ ਕਰਿ, ਗੁਰ ਸੁਪ੍ਰਸੰਨ ਹੋਣ ਨਾਲ ਸੁਤੇ ਹੀ ਇਹ ਪਾਰਜਾਤ ਆਦਿ ਸੇਵਕ ਜਨ ਦੇ ਪਿਛੇ ਲਗੇ ਫਿਰਦੇ ਹਨ । ਅਤੇ ਪੂਰੇ ਗੁਰੂ ਦੀ ਸੱਚੀ ਸੇਵਾ ਕੀ ਹੈ ? (ਉਤਰ) ਨਾਮ ਰੂਪੀ ਸੱਚੇ ਰਸਾਇਣ ਦਾ ਕਮਾਵਣਾ ਹੈ ਅਤੇ ਇਸ ਨਾਮ ਰਸਾਇਣ ਮਈ ਪਾਰਸ ਰੂਪੀ ਗੁਰ-ਸ਼ਬਦ ਦੁਆਰਾ ਪੰਜਾਂ ਧਾਤਾਂ (ਵਾਯੂ, ਅਗਨੀ, ਜਲ, ਪ੍ਰਿਥਵੀ, ਅਕਾਸ਼) ਤੋਂ ਉਪਜੇ ਪੰਜ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਮਰ ਜਾਂਦੇ ਹਨ ਅਤੇ ਪਾਰਬ੍ਰਹਮ ਦੇ ਨਿਰਭਉ ਨਾਮ ਦੇ ਭੈ ਭਾਉ ਕਰਕੇ ਏਹਨਾਂ ਪੰਜ ਵਿਕਾਰਾਂ ਦੀ ਮੈਲ ਕਰਿ ਮਲਨ ਹੋਏ ਪ੍ਰਾਣੀ ਅਤਿ ਨਿਰਮਲ ਹੋ ਜਾਂਦੇ ਹਨ । ਜਦੋਂ ਸਤਿਗੁਰ ਪੂਰਾ ਨਾਮ ਰੂਪੀ ਪਾਰਸ ਨੂੰ ਪਰਸਦਾ (ਭੇਟਦਾ) ਹੈ ਤਦ ਪੰਜ ਧਾਤੂ ਦੇ ਮਨੂਰ ਕੀਤੇ ਮਾਨੁਸ਼ (ਪੰਜ ਵਿਕਾਰਾਂ ਵੇੜ੍ਹੇ ਪੁਰਸ਼) ਨੂੰ ਪਾਰਸ ਰੂਪ ਹੀ ਕਰਕੇ ਦਿਖਾ ਦਿੰਦਾ ਹੈ । ਇਹ ਹੈ ਨਾਮ ਦੀ ਪਾਰਸ-ਕਲਾ ਕਮਾਈ ਦਾ ਪਰਤੱਖ ਅਸਰ ਪਰਤਾਪ! ਸੋ ਐਸੇ ਨਾਮ ਰੂਪੀ ਰਸਾਇਣ ਕਮਾਉਣ ਤੋਂ ਵਧ ਕੇ ਕਿਹੜਾ ਉਤਮ ਬਿਬੇਕ ਹੈ ?

## ੨੯. ਨਾਮ-ਅਭਿਆਸੀ ਦੀ ਗਿਆਨ ਕਲਾ ਅਨਹਦ-ਪਦ ਵਿਚ ਸਮਾਈ :

ਇਸ ਬਿਬੇਕ ਨੂੰ ਜੋ ਧਾਰਨ ਨਹੀਂ ਕਰਦਾ, ਕੀ ਉਹ ਬਿਬੇਕੀ ਸਦਾਵਣ ਦਾ ਅਧਿਕਾਰੀ ਹੈ ? ਕਦਾਚਿਤ ਨਹੀਂ । ਕਿੰਤੂ ਪੂਰਨ ਬਿਬੇਕੀ ਜਨ ਉਹ ਗੁਰਮੁਖਿ ਪੁਰਸ਼

1. ਉਹ ਕਿਹੜਾ ਹੈ ? ਇਸਦੇ ਨਿਰਣੇ ਲਈ ਗੁਰੂ ਚਾਹੇ ਤਾਂ "ਗੁਰਮਤਿ ਨਾਮ" ਨਾਮੇ ਪੁਸਤਕ ਵਖਰੀ ਰਚੀ ਜਾਵੇਗੀ ।

ਹੈ ਜੋ ਇਸ ਪਾਰਸ-ਰਸਾਇਣੀ-ਬਿਬੇਕ ਨੂੰ ਕਮਾਵਣਹਾਰਾ ਹੈ।

**ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥**
**ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ॥੧॥ਰਹਾਉ॥**
**ਭਗਤ ਜਨਾਂ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ ॥**
**ਅਨ ਰਸ ਸਾਦ ਗਏ ਸਭ ਨੀਕਰਿ ਬਿਨੁ ਨਾਵੈ ਕਿਛੁ ਨ ਸੁਖਾਵੈਗੋ ॥੧॥**
**ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥**
**ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥**
**ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥**
**ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥੧॥**

*ਕਾਨੜਾ ਅਸਟ: ਮ: ੪, ਪੰਨਾ ੧੩੦੮*

ਇਸ ਗੁਰਵਾਕ ਦੇ ਭਾਵ ਤੋਂ ਨਿਸਚਿਤ ਹੁੰਦਾ ਹੈ ਕਿ ਨਾਮ ਜਪਣ ਦੀ ਖਿਨ ਖਿਨ ਲੋੜ ਹੈ ਅਤੇ ਇਸ ਦਾ ਥਾਹ ਕੋਈ ਨਹੀਂ। ਜਿਉਂ ਜਿਉਂ ਨਾਮ ਜਪੀਦਾ ਹੈ ਤਿਉਂ ਤਿਉਂ ਵਧੇਰੇ ਤੋਂ ਵਧੇਰੇ ਸੁਖ ਅਨੰਦ ਵਿਚ ਲੀਨ ਹੁੰਦੇ ਜਾਈਦਾ ਹੈ। ਏਥੋਂ ਤੀਕ ਕਿ ਪਰਮ ਅਨੰਦ (ਪਰਮਾਨੰਦ) ਦੀ ਪ੍ਰਾਪਤੀ ਪਸਚਾਤ ਭੀ ਇਹ ਜਾਪ ਅਨਹਦ ਧੁਨੀ ਦੀ ਲਿਵਤਾਰ ਅਤੇ ਨੀਝਰ ਧਾਰ ਦੇ ਸਰੂਪ ਵਿਚ ਜਾਰੀ ਰਹਿੰਦਾ ਹੈ, ਕਿਉਂਕਿ ਨਾਮ ਦਾ ਜਾਪ, ਅਰੰਭ ਅਵਸਥਾ ਤੋਂ ਹੀ ਗਿਆਨ ਸਰੂਪ ਹੈ। ਭਾਵ, ਨਾਮ ਜਪਣ ਰੂਪੀ ਕਰਮ ਜਿਉਂ ਜਿਉਂ ਕਮਾਈਦਾ ਹੈ ਤਿਉਂ ਤਿਉਂ ਗਿਆਨ ਕਲਾ ਵਿਚ ਲੀਨ ਹੁੰਦੇ ਜਾਈਦਾ ਹੈ। ਸੋ ਲੀਨਤਾ ਸਰੂਪ ਵਾਲਾ ਗਿਆਨ ਭੀ ਨਾਮ ਦੀ ਅਨਹਤ ਝੁਨਕਾਰ ਦਾ ਲਖਾਇਕ ਹੈ। ਤਾਂ ਤੇ ਗੁਰਮਤਿ ਅੰਦਰ ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ ਕਰਮ ਦਾ ਨਾਸ ਕਦੰਤ ਭੀ ਨਹੀਂ, ਕਿਉਂਕਿ ਇਸ ਦੀ ਥਾਹ ਅਤੇ ਹਦ ਕੋਈ ਨਹੀਂ। ਜਿਉਂ ਜਿਉਂ ਸਿਫਤਿ-ਸਾਲਾਹ ਰੂਪੀ ਗੁਰਮਤਿ ਬਿਬੇਕ ਨੂੰ ਕਮਾਈਦਾ ਹੈ ਤਿਉਂ ਤਿਉਂ ਨਾਮ ਮਹਾਂ ਰਸ ਵਿਖੇ ਲੀਨ ਹੁੰਦੇ ਜਾਈਦਾ ਹੈ ਅਤੇ ਦੂਤੀ ਵਿਖੇ ਰਸਾਂ ਦਾ "ਅਨ ਰਸ ਸਾਦ ਗਏ ਸਭ ਨੀਕਰਿ" ਦੇ ਭਾਵ ਅਨੁਸਾਰ ਉੱਕਾ ਅਭਾਵ ਹੋ ਜਾਂਦਾ ਹੈ, ਕਿਉਂਕਿ ਨਾਮ ਮਹਾਂ ਰਸ ਤੋਂ ਬਿਨਾਂ ਅਨ ਰਸ ਸਾਦ (ਆਨ ਬਿਖੇ ਰਸ) ਬਿਬੇਕੀ ਜਨ ਨੂੰ ਸੁਖਾਉਂਦੇ ਹੀ ਨਹੀਂ। ਫੇਰ ਨਾਮ ਮਹਾਂ ਰਸ ਪੂਰਨ ਪਰਮ ਆਨੰਦ ਦੀ ਅਨਹਤ ਦਸ਼ਾ ਵਿਚ ਅਸਥਿਰ ਹੋ ਜਾਂਦਾ ਹੈ। ਇਹ ਪੂਰਨ ਗਿਆਨ ਬਿਬੇਕ ਕਲਾ ਦੇ ਪੂਰਨ ਪਦ ਵਾਲੀ ਅਵਸਥਾ ਹੈ। ਪੂਰਨ ਪਦ ਤੋਂ ਇਹ ਭਾਵ ਨਹੀਂ ਕਿ ਇਸ ਪੂਰਨਤਾ ਦੀ ਕੋਈ ਹਦ ਯਾ ਥਾਹ ਹੋ ਗਈ। ਕਿੰਤੂ ਪੂਰਨਤਾ ਦਾ ਇਹ ਭਾਵ ਹੈ ਕਿ ਪੂਰਨ ਕਲਾ ਦਾ ਪਾਰਾਵਾਰ ਹੀ ਕੁਛ ਨਹੀਂ। ਜੋ ਪਦਾਰਥ ਪਰੀਪੂਰਨ ਹੈ ਉਸ ਦਾ ਹੱਦ ਬੰਨਾ ਕੁਛ ਨਹੀਂ। ਸੋ ਗਿਆਨ ਪਦਾਰਥ ਯਾ ਨਾਮ ਪਦਾਰਥ ਜਦ ਪਰਮਾਨੰਦ ਸਰੂਪ ਵਿਚ ਪੂਰਨ ਹੋ ਗਿਆ ਆਖੀਦਾ ਹੈ, ਉਸ ਦਾ ਇਹ ਭਾਵ ਨਹੀਂ ਕਿ ਉਹ ਗਿਆਨ ਮਹਾਂ ਰਸ ਪੂਰਨ ਗਿਆਨ ਅਥਵਾ ਪਰਮਾਨੰਦ ਮੁਕ ਗਿਆ। ਕਿੰਤੂ ਓਥੇ ਇਹ ਕਹਿਣਾ ਬਣਦਾ ਹੈ ਕਿ ਓਹ ਗਿਆਨ-ਅਨੰਦ ਅਨਹਦ ਹੋ ਗਿਆ। ਤਾਂ ਤੇ ਪੂਰਨ ਗਿਆਨ ਕਲਾ ਵਾਲੀ ਬਿਵਸਥਾ ਵਿਖੇ ਭੀ ਨਾਮ ਮਹਾਂ ਰਸ ਦੀ (ਪਰਮ ਅਨੰਦ ਸਰੂਪ ਵਾਲੀ) ਅਨਹਦ ਅਵਸਥਾ ਬਣੀ ਰਹਿੰਦੀ ਹੈ, ਇਸ ਕਰਕੇ ਅਰੰਭਕ ਗਿਆਨ ਬਿਬੇਕ ਅਵਸਥਾ ਅਥਵਾ ਪੂਰਨ ਗਿਆਨ ਤੋਂ

ਉਰਾਰ ਅਵਸਥਾ ਵਿਖੇ ਨਾਮ ਮਹਾਂ ਰਸ ਦੀ ਕਮਾਈ ਲਈ ਕਿਤਨੇ ਕੁ ਅਖੰਡ, ਅਤੁਟ ਅਤੇ ਅਨਹਦ ਜਾਪ ਦੀ ਲੋੜ ਹੈ। ਕੋਈ ਖਿਨ ਅਤੇ ਸੁਆਸ ਨਾਮ-ਜਾਪ ਦੇ ਅਭਿਆਸ ਤੋਂ ਖ਼ਾਲੀ ਨਹੀਂ ਜਾਣਾ ਲੋੜੀਦਾ। ਪਹਿਲੇ ਪਹਿਲ ਇਕ ਵਾਰ ਅਤੁਟ ਕਮਾਈ ਕਰਕੇ ਜਦ ਤੀਕ ਨਾਮ ਦਾ ਰਹੱਸ (ਸੁਆਦ) ਨਹੀਂ ਪ੍ਰਕਾਸ਼ਤ ਹੋ ਜਾਂਦਾ, ਉਸ ਵਕਤ ਤੀਕ ਨਾਮ ਨੂੰ ਭਾਉ-ਭਾਵਨੀ ਸਹਿਤ ਹੁਕਮ ਜਾਣ ਕੇ, ਹਠ ਨਾਲ ਉਦਮ ਬਲ ਧਾਰ ਕੇ ਅਜਪਾ ਦੀ ਸ਼ਕਲ ਵਿਚ ਕਮਾਵਣਾ ਪੈਂਦਾ ਹੈ ਅਤੇ ਜਦ ਤੀਕ ਰਸ ਨਹੀਂ ਆਉਂਦਾ, ਤਦ ਤੀਕ ਸਿਲ ਅਲੂਣੀ ਹੀ ਚਟਣੀ ਪੈਂਦੀ ਹੈ। ਫੇਰ ਇਸ ਅਤੁਟ ਕਮਾਈ ਦੁਆਰਾ ਅਵੱਸ਼ ਪਾਰਸ-ਕਲਾ ਨਾਮ ਦੀ ਵਰਤ ਜਾਂਦੀ ਹੈ। ਜਦ ਨਾਮ-ਜੋਤਿ-ਪ੍ਰਕਾਸ਼ੀ-ਰਸ ਆਣ ਉਦੇ ਹੁੰਦਾ ਹੈ, ਫੇਰ ਤਾਂ ਜਿਉਂ ਜਿਉਂ ਨਾਮ ਜਪੀਦਾ ਹੈ ਤਿਉਂ ਤਿਉਂ ਇਹ ਰਸ ਵਧਦਾ ਜਾਂਦਾ ਹੈ। ਜਿਉਂ ਜਿਉਂ ਰਸ ਵਧਦਾ ਹੈ ਤਿਉਂ ਤਿਉਂ ਅਜਪਾ ਜਾਪ ਦੀ ਲੋਚਾ ਹੋਰ ਵਧੇਰੇ ਹੁੰਦੀ ਜਾਂਦੀ ਹੈ ਅਤੇ ਹੋਰ ਵਧੇਰੇ ਨਾਮ ਜਪੀਦਾ ਹੈ ਅਤੇ ਵਧ ਤੋਂ ਵਧ ਵਿਸਮਾਦੀ ਰੰਗਾਂ ਅਤੇ ਅਨਿਕ ਤ੍ਰੰਗਾਂ ਵਿਚ ਜਪੀਦਾ ਹੈ। ਕੇਵਲ ਰਸਨਾ ਕਰਕੇ ਹੀ ਨਹੀਂ, ਕਿੰਤੂ "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ"[1] ਦੇ ਭਾਵ ਅਨੁਸਾਰ ਰੋਮ ਰੋਮ ਕਰਕੇ, ਧਿਆਨ ਬਿਬੇਕੀ ਸੁਰਤੀ ਬਿਰਤੀ ਕਰਕੇ, ਸਾਸ ਗਿਰਾਸੀ ਲਿਵਤਾਰ ਕਰਕੇ, ਨਾਭ ਕੰਵਲੀ ਹੁਲਾਰ ਕਰਕੇ, ਰਸ ਵਿਗਾਸੀ ਧਿਆਨ ਮਗਨਤਾ ਕਰਕੇ, ਜੋਤਿ ਪ੍ਰਕਾਸ਼ੀ ਲਹਿਰਾਉ ਕਰਕੇ, ਪ੍ਰੇਮ ਵੈਰਾਗੀ ਧੁਨੀਆਂ ਕਰਕੇ, ਅਨੇਕ ਸਾਂਗਾਂ ਭਰੀਆਂ ਕਾਂਗਾਂ ਕਰਕੇ, ਬਹੁ ਬਿਧਿ ਨਾਮ ਦਾ ਖੰਡਾ ਖੜਕਾਉਣ ਦੀਆਂ ਜੁਗਤੀਆਂ ਅੰਤਰਿਗਤੀ ਸੁਤੇ ਸਫੁਰਨੀ ਅਮਰੋਂ ਹੀ ਫੁਰਨ ਲਗ ਪੈਂਦੀਆਂ ਹਨ। ਬਸ, ਹੋਰ ਕੀ ਆਖਿਆ ਜਾਵੇ। "ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥"[2]

## ੩੦. ਨਾਮ ਸਿਮਰਨ ਦੀਆਂ ਅਨੇਕਾਂ ਬਰਕਤਾਂ :

**ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥**
**ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ**
**ਗੁਰਮੁਖਿ ਅਲਖੁ ਲਖਾਵਣਿਆ ॥੧॥ਰਹਾਉ॥੩੪॥**

*ਮਾਝ ਮ: ੪, ਪੰਨਾ ੧੨੯*

ਨਾਮੀ ਅਕਾਲ ਪੁਰਖ ਨਿਰੰਕਾਰ ਦਾ ਨਾਮ ਭੀ ਨਿਰੰਕਾਰੀ ਹੈ। ਇਹ ਨਿਰੰਕਾਰੀ ਨਾਮ ਹੀ ਗੁਰਮਤਿ ਨਾਮ ਹੈ, ਜੋ ਨਿਰੰਕਾਰ ਅਕਾਲਪੁਰਖ ਦੀ ਧੁਰ ਦਰਗਾਹ ਤੋਂ ਗੁਰੂ ਨਾਨਕ ਸਾਹਿਬ ਨਿਰੰਕਾਰੀ ਨੇ ਸੰਸਾਰੀ ਅਤੇ ਕਲਜੁਗੀ ਜੀਵਾਂ ਦੇ ਉਧਾਰ ਵਾਸਤੇ ਲਿਆਂਦਾ। ਰੂਪ ਰੇਖ ਅਕਾਰ ਤੋਂ ਨਿਆਰੇ ਨਿਰੰਕਾਰ ਕਰਤਾਰ ਨੂੰ (ਇਸ) ਨਿਰੰਕਾਰੀ ਨਾਮ ਦਾ ਧਿਆਵਣਹਾਰ ਗੁਰਮੁਖਿ ਬਿਬੇਕੀ ਜਨ ਘਟ ਘਟ ਅੰਦਰ ਵਿਆਪਕ ਵੇਖ ਲੈਂਦਾ ਹੈ, ਅਰਥਾਤ, ਪਰਤੱਖ ਕਰ ਲੈਂਦਾ ਹੈ, ਅਥਵਾ, ਲਖ ਲੈਂਦਾ (realize ਕਰ ਲੈਂਦਾ) ਹੈ, ਪ੍ਰੰਤੂ ਇਸ ਬਿਧਿ ਅਲੱਖ (ਨਾ ਲਖੇ ਜਾਣ ਜੋਗ) ਨਿਰੰਜਨ ਨਿਰੰਕਾਰ

1. ਰਾਮਕਲੀ ਮ: ੧, ਸਿਧ ਗੋਸਟਿ, ਅੰਕ ੨੭, ਪੰਨਾ ੯੪੧
2. ਸਲੋਕ ਕਬੀਰ ਜੀ, ਅੰਕ ੧੨੧, ਪੰਨਾ ੧੩੭੦

ਪਰਮਾਤਮਾ ਨੂੰ ਲਖਣਾ (ਸਾਂਗੋ ਪਾਂਗ ਪੇਖਣਾ) ਕੇਵਲ ਗੁਰੂ ਦੁਆਰਾ ਹੀ ਸੰਭਵ ਹੈ। ਪਰ ਹੈ ਨਿਰੰਕਾਰੀ ਨਾਮ ਦੀ ਕਮਾਈ ਕਰਕੇ, ਜੋ ਕੇਵਲ ਗੁਰੂ ਦੁਆਰਾ ਹੀ ਗੁਰਮਤਿ ਬਿਧੀ ਅਨੁਸਾਰ ਮਿਲਦਾ ਹੈ।

**ਰਾਮ ਨਾਮ ਕਉ ਨਮਸਕਾਰ ॥ ਜਾਸੁ ਜਪਤ ਹੋਵਤ ਉਧਾਰ ॥੧॥ਰਹਾਉ॥**
**ਜਾ ਕੈ ਸਿਮਰਨਿ ਮਿਟਹਿ ਧੰਧ ॥ ਜਾ ਕੈ ਸਿਮਰਨਿ ਛੂਟਹਿ ਬੰਧ ॥**
**ਜਾ ਕੈ ਸਿਮਰਨਿ ਮੂਰਖ ਚਤੁਰ ॥ ਜਾ ਕੈ ਸਿਮਰਨਿ ਕੁਲਹ ਉਧਰ ॥੧॥**
**ਜਾ ਕੈ ਸਿਮਰਨਿ ਭਉ ਦੁਖ ਹਰੈ ॥ ਜਾ ਕੈ ਸਿਮਰਨਿ ਅਪਦਾ ਟਰੈ ॥**
**ਜਾ ਕੈ ਸਿਮਰਨਿ ਮੁਚਤ ਪਾਪ ॥ ਜਾ ਕੈ ਸਿਮਰਨਿ ਨਹੀ ਸੰਤਾਪ ॥੨॥**
**ਜਾ ਕੈ ਸਿਮਰਨਿ ਰਿਦ ਬਿਗਾਸ ॥ ਜਾ ਕੈ ਸਿਮਰਨਿ ਕਵਲਾ ਦਾਸਿ ॥**
**ਜਾ ਕੈ ਸਿਮਰਨਿ ਨਿਧਿ ਨਿਧਾਨ ॥ ਜਾ ਕੈ ਸਿਮਰਨਿ ਤਰੇ ਨਿਦਾਨ ॥੩॥**
**ਪਤਿਤ ਪਾਵਨੁ ਨਾਮੁ ਹਰੀ ॥ ਕੋਟਿ ਭਗਤ ਉਧਾਰੁ ਕਰੀ ॥**
**ਹਰਿ ਦਾਸ ਦਾਸਾ ਦੀਨੁ ਸਰਨ ॥ ਨਾਨਕ ਮਾਥਾ ਸੰਤ ਚਰਨ ॥੪॥੨॥**

*ਮਾਲੀ ਗਉੜਾ ਮ: ੫, ਪੰਨਾ ੯੮੬*

ਇਸ ਗੁਰ ਪ੍ਰਮਾਣ ਅੰਦਰ ਨਾਮ-ਸਿਮਰਨ ਰੂਪੀ ਬਿਬੇਕ ਦੀ ਅਨਿਕ ਪ੍ਰਕਾਰੀ ਫਲ ਪ੍ਰਤਾਪੀ ਮਹਿਮਾ ਵਰਣਨ ਹੈ। ਯਥਾ :

(ੳ) ਨਾਮ ਦੇ ਸਿਮਰਨ ਕਰਕੇ ਨਾਮ ਅਭਿਆਸੀ ਬਿਬੇਕੀ ਜਨ ਦਾ ਸੁਤੇ ਉਧਾਰ ਹੁੰਦਾ ਹੈ।

(ਅ) ਨਾਮ ਸਿਮਰਨ ਕਰਨ ਕਰਿ ਮਾਇਆ ਦੇ ਸਭ ਧੰਧ ਬੰਧ ਮਿਟ ਛੁਟ ਜਾਂਦੇ ਹਨ।

(ੲ) ਨਾਮ ਦੇ ਸਿਮਰਨ ਕਰਕੇ ਮੂਰਖ ਮੱਤਿ ਵਾਲੇ ਭੀ ਚਤਰ ਬਿਬੇਕੀ ਬਣ ਜਾਂਦੇ ਹਨ।

(ਸ) ਨਾਮ ਦੇ ਸਿਮਰਨ ਕਰਕੇ ਨਾਮ ਸਿਮਰਨਹਾਰੇ ਭਗਤ ਬਿਬੇਕ ਜਨ ਦੀਆਂ ਕੁਲਾਂ ਦਾ ਭੀ ਉਧਾਰ ਹੋ ਜਾਂਦਾ ਹੈ।

(ਹ) ਨਾਮ ਦੇ ਸਿਮਰਨ ਕਰਕੇ ਭਉ ਦੁਖ ਦੂਰ ਹੋ ਕੇ ਨਿਰਦੋਖ ਨਿਰਭੈ ਪਦ ਪ੍ਰਾਪਤ ਹੁੰਦਾ ਹੈ।

(ਕ) ਨਾਮ ਦੇ ਸਿਮਰਨ ਕਰਕੇ ਬਿਪਤ ਕਾਲ ਦੀ ਅਪਦਾ (ਮੁਸੀਬਤ) ਭੀ ਟਲ ਜਾਂਦੀ ਹੈ।

(ਖ) ਨਾਮ ਦੇ ਸਿਮਰਨ ਕਰਕੇ ਸਭ ਪਾਪ ਕੱਟੇ ਜਾਂਦੇ ਹਨ।

(ਗ) ਨਾਮ ਦੇ ਸਿਮਰਨ ਕਰਿ ਕੋਈ ਸੰਤਾਪ (ਆਧਿ, ਬਿਆਧਿ, ਉਪਾਧਿ ਦਾ) ਨਹੀਂ ਲਗਦਾ।

(ਘ) ਨਾਮ ਦੇ ਸਿਮਰਨ ਕਰਕੇ ਹਿਰਦਾ-ਕੰਵਲ ਵਿਗਾਸ ਕੇ ਖਿੜ ਜਾਂਦਾ ਹੈ।

(ਙ) ਨਾਮ ਦੇ ਸਿਮਰਨ ਕਰਕੇ ਕੌਲਾਂ (ਮਾਇਆ, ਲਛਮੀ) ਭੀ ਦਾਸੀ ਬਣ ਜਾਂਦੀ ਹੈ।

(ਚ) ਨਾਮ ਦੇ ਸਿਮਰਨ ਕਰਕੇ ਨਾਮ ਦਾ ਸਿਮਰਨਹਾਰਾ ਬਿਬੇਕੀ ਜਨ ਸਰਬ ਨਿੱਧੀਆਂ ਦਾ ਨਿਧਾਨ (ਖ਼ਜ਼ਾਨਾ) ਬਣ ਜਾਂਦਾ ਹੈ।

(ਛ) ਨਾਮ ਦੇ ਸਿਮਰਨ ਕਰਕੇ ਓੜਕ ਕਲਿਆਣ ਨਿਸਤਾਰਾ ਹੋ ਜਾਂਦਾ ਹੈ।

(ਜ) ਪਤਿਤਾਂ ਦੇ ਪਵਿੱਤਰ ਕਰਨਹਾਰਾ ਇਹ ਹਰੀ ਕਾ ਨਿਰੰਕਾਰੀ ਨਾਮ ਹੈ।

(ਝ) ਕੋਟਾਨ ਕੋਟਿ ਭਗਤਾਂ ਦਾ ਉਧਾਰ ਕੀਤਾ ਹੈ ਇਸ ਗੁਰਮਤਿ ਨਿਰੰਕਾਰੀ ਨਾਮ ਨੇ। ਤਾਂ ਤੇ ਐਸੇ ਨਿਰੰਕਾਰੀ ਰਾਮ ਨਾਮ ਕੋ ਹਮਾਰੀ ਨਮਸਕਾਰ ਹੈ। ਅਤੇ ਐਸੇ ਨਿਰੰਕਾਰੀ ਨਾਮ ਦੇ ਸਿਮਰਨਹਾਰੇ, ਅਰਥਾਤ, ਨਾਮ ਸਿਮਰਨ ਦੀ ਕਮਾਈ ਕਰਨਹਾਰੇ ਬਿਬੇਕੀ ਜਨ ਕਉ ਹਮਾਰੀ ਬਾਰੰ ਬਾਰ ਜੋਹਾਰ ਹੈ।

**ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ ॥**
**ਮਨੁ ਤਨੁ ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ ॥੧॥ਰਹਾਉ॥੬੦॥**

*ਸਿਰੀਰਾਗੁ ਮ: ੩, ਪੰਨਾ ੩੭*

ਏਥੇ ਹੁਕਮ ਰਜਾਈ ਚਲਣ ਦਾ ਫੇਰ ਗੁਰ-ਉਪਦੇਸ਼ ਹੈ। ਅਤੇ ਗੁਰੂ ਕੇ ਹੁਕਮ ਰੂਪੀ ਰਜਾਇ ਮੰਨ ਲੈਣ ਦਾ ਫਲ ਇਹ ਦਸਿਆ ਹੈ ਕਿ ਨਾਮ ਦਾ ਨਿਵਾਸ ਹਿਰਦੇ ਅੰਦਰ ਆਣ ਹੁੰਦਾ ਹੈ ਅਤੇ ਨਾਮ ਅੰਦਰ ਵਸਣ ਕਰਕੇ ਮਨ ਤਨ ਸਭ ਸੀਤਲ ਹੋ ਜਾਂਦਾ ਹੈ। ਇਹ ਗੁਰਮਤਿ-ਸਿਫਤਿ ਸਾਲਾਹ ਰੂਪੀ ਹੁਕਮ ਰਜਾਈ ਚਲਣ ਵਾਲੇ ਸਾਰ ਬਿਬੇਕੀ ਦੀ ਪ੍ਰਗਟ ਫਲ-ਕਮਾਈ ਹੈ।

**ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥**
**ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥**

*ਸਿਰੀਰਾਗੁ ਮਹਲਾ ੩, ਪੰਨਾ ੩੯*

ਗੁਰਬਾਣੀ ਰੂਪੀ ਸੱਚੇ ਹਰੀ ਗੁਣ ਗਾਵਣ ਨਾਲ ਮਨ ਭੀ ਰਤਿਆ ਜਾਂਦਾ ਹੈ, ਜਿਹਬਾ ਵੀ ਰਤੀ ਜਾਂਦੀ ਹੈ ਅਤੇ ਗੁਰਮਤਿ ਨਾਮ ਅਭਿਆਸ ਦਾ ਪਰਵਾਹ ਆ-ਮੁਹਾਰਾ ਚਲ ਪੈਂਦਾ ਹੈ। ਅਤੇ ਜੇਕਰ ਗੁਰਮਤਿ ਨਾਮ ਦਾ ਸੁਆਸ ਸੁਆਸ ਅਭਿਆਸ ਸਦਾ ਹੀ ਬਣਿਆ ਰਹੇ ਤੇ ਕਦੇ ਭੀ ਨਾ ਵਿਸਰੇ ਤਾਂ ਸਤਿ ਪੁਰਖ ਅਕਾਲ ਵਿਖੇ ਸਮਾਵਣਾ ਹੋ ਜਾਂਦਾ ਹੈ। ਸੋ ਹਰਿ ਕੀਰਤਨ ਮਈ ਸੱਚੀ ਸਿਫਤਿ-ਸਾਲਾਹ ਰੂਪੀ ਗੁਰਮਤਿ ਬਿਬੇਕ ਦੀ ਕਮਾਈ ਦਾ ਪਰਤੱਖ ਪਾਰਸ-ਭੂਤੀ-ਫਲ ਗੂੜ੍ਹੇ ਆਤਮ ਰੰਗਾਂ ਵਿਚ ਰਤੇ ਜਾਣਾ ਅਤੇ ਨਾਮ ਨਾਮੀ ਦੇ ਸੱਚ ਸਰੂਪ ਵਿਖੇ ਸਮਾਵਣਾ ਹੈ।

**ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ ॥੨॥੧੬॥੮੬॥**

*ਸਿਰੀਰਾਗੁ ਮ: ੫, ਪੰਨਾ ੪੮*

ਏਥੇ ਗੋਬਿੰਦ ਗੁਣ ਗਾਵਣ, ਭਾਵ, ਗੁਰਬਾਣੀ ਦੇ ਕੀਰਤਨ ਦਾ ਨਿਤਾਪ੍ਰਤਿ ਨੇਮ ਉਪਦੇਸ਼ਿਆ ਦ੍ਰਿੜ੍ਹਾਇਆ ਹੈ। ਜੋ ਇਸ ਹੁਕਮ ਨੂੰ ਕਮਾਉਂਦੇ ਹਨ ਅਤੇ ਨਿਤਾਪ੍ਰਤਿ ਗੁਰਬਾਣੀ ਦੇ ਕੀਰਤਨ ਦਾ ਨੇਮ ਪ੍ਰੇਮ ਨਿਭਾਉਂਦੇ ਹਨ ਤਾਂ ਇਸ ਨਿਯਮੀ ਪ੍ਰੇਮ ਕਮਾਈ ਦੇ ਬਿਬੇਕ ਧਾਰਨ ਨਾਲ ਅਤੇ ਗੁਰਬਾਣੀ ਦੀ ਕੀਰਤਨ ਰੂਪੀ ਪਾਰਸ-ਕਲਾ ਦੇ ਪ੍ਰਭਾਵ ਕਰਕੇ ਤਿਨ੍ਹਾਂ ਦੇ ਸਭ ਔਗੁਣ ਕੱਟੇ ਜਾਂਦੇ ਹਨ। ਗੱਲ ਕੀ, ਗੁਰਮਤਿ ਗੁਣ ਗੋਬਿੰਦ ਦਾ ਗਾਵਣਾ ਹੀ ਅਵਗਣ ਕੱਟਣਹਾਰ ਹੈ। ਸੋ ਐਸੇ ਹਰਿ ਕੀਰਤਨ ਰੂਪੀ ਨਿਯਮ ਨੂੰ ਪਾਲਨਾ ਗੁਰਮਤਿ ਅੰਦਰਿ ਇਕ ਨਿਰੋਤਮ ਬਿਬੇਕ ਹੈ, ਜਿਸਦਾ ਧਾਰਨ ਕਰਨਾ ਸਿਖ ਮਾਤਰ ਲਈ ਅਤਿ ਜ਼ਰੂਰੀ ਹੈ। ਅਤੇ ਜਿਸ ਬਿਬੇਕੀ ਜਨ ਨੇ ਇਸ ਗੁਰਮਤਿ

ਬਿਬੇਕ ਨੂੰ ਧਾਰਿਆ ਹੈ, ਉਸ ਦੇ ਸਭ ਅਵਗੁਣ ਮਾਨੋ ਇਕ ਪਾਰਸ-ਸ਼ਕਤੀ ਵਾਲੀ ਚੁੰਬਕ ਕਲਾ ਦੁਆਰਾ ਕੱਟੇ ਗਏ ਹਨ। ਚੁੰਚ ਗਿਆਨੀਆਂ ਅਤੇ ਸ਼ੁਸ਼ਕ ਬਿਬੇਕੀਆਂ ਦੀ ਸ਼ਰਧਾ-ਭਾਵਨੀ ਇਸ ਗੁਰਮਤਿ ਸਾਰ ਬਿਬੇਕ ਉਪਰ ਆਉਂਦੀ ਹੀ ਨਹੀਂ। ਤਾਹੀਂ ਤੇ ਉਹ ਇਸ ਨੂੰ ਧਾਰਨ ਨਹੀਂ ਕਰਦੇ, ਕਿਉਂਕਿ ਉਹ ਹਰਿ ਕੀਰਤਨ ਦੀ ਪਾਰਸ-ਕਲਾ ਦੇ ਕਾਇਲ ਹੀ ਨਹੀਂ। ਜਿਸ ਦਾ ਸਾਫ਼ ਇਹ ਮਤਲਬ ਹੈ ਕਿ ਉਹ ਗੁਰਬਾਣੀ ਅੰਦਰ ਉਪਦੇਸ਼ੇ ਅਤੇ ਦ੍ਰਿੜ੍ਹਾਏ ਹੋਏ ਏਸ ਗੁਰਮਤਿ ਹੁਕਮ ਦੀ ਪਰਵਾਹ ਹੀ ਨਹੀਂ ਕਰਦੇ। ਸਗੋਂ ਉਲਟੇ ਗੁਰਬਾਣੀ ਗਾਵਣਹਾਰੇ ਪ੍ਰੇਮੀ ਅਤੇ ਸ਼ਰਧਾਲੂ ਉਤਮ ਬਿਬੇਕੀ ਜਨਾਂ ਨੂੰ ਮਖ਼ੌਲ ਕਰਦੇ ਹੋਏ ਪਾਗ਼ਲ ਕਹਿ ਕੇ ਪੁਕਾਰਨ ਦੀ ਹੂੜ੍ਹ-ਮਤਿ ਕਰਦੇ ਹਨ। ਓਹਨਾਂ ਦਾ ਕਸੂਰ ਭੀ ਕੀ ਹੈ, ਓਹਨਾਂ ਦੀ ਮਤਿ ਬੁਧੀ ਹੀ ਇਹੋ ਜਿਹੀ ਹੈ। ਓਹਨਾਂ ਨੇ ਹਰਿ-ਕੀਰਤਨ ਦਾ ਰਸ ਚਖਿਆ ਹੀ ਨਹੀਂ। ਜੇ ਚੱਖਣ ਤਾਂ ਪ੍ਰਤੀਤ ਆਵੇ। ਅਤੇ ਚੱਖਣ ਤਾਂ ਜੇ ਹੁਕਮ ਕਮਾਵਣ। ਕਮਾਵਣ ਤਾਂ ਜੇ ਗੁਰੂ ਉਤੇ ਸ਼ਰਧਾ ਭਾਵਨੀ ਆਵੇ। ਸੱਚੀ ਸ਼ਰਧਾ ਦੀ ਸੱਚੀ ਭਾਵਨੀ ਬਿਹੂਣ ਗੁਰੂ-ਹੁਕਮਾਂ ਦੀ ਕਮਾਈ ਕਿਕੂੰ ਹੋਵੇ। ਕਮਾਈ ਕਰਨ ਤਾਂ ਪਤੀਜਣ। ਕਿਉਂਕਿ ਇਸ ਕਮਾਈ ਅੰਦਰ ਪਾਰਸ-ਪ੍ਰਭਾਵੀ ਰਸ ਹੁੰਦਾ ਹੈ, ਰਹਸ-ਗੀਧੀ ਕਮਾਈ ਨਾਲ ਪਤੀਜ ਕੇ ਕਮਾਈ ਕਰਨ ਦਾ ਉਮਾਹਾ ਖਿਨ ਖਿਨ ਬਣਿਆ ਰਹਿੰਦਾ ਹੈ। ਇਸ ਉਮਾਹੇ ਦੇ ਪ੍ਰੇਮ ਪਰਵਾਹ ਨੂੰ ਅਤੁੱਟ ਰਖਣ ਵਾਲੀ ਰਸ-ਪ੍ਰੇਮ ਭਰੀ ਰੰਗ ਰਤੀ ਦਸ਼ਾ ਸਾਰ ਬਿਬੇਕੀ ਦੀ ਸਦਾ ਬਣੀ ਰਹਿੰਦੀ ਹੈ।

ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ॥੧॥੮੯॥

*ਸਿਰੀਰਾਗੁ ਮ: ੫, ਪੰਨਾ ੪੯*

ਏਸ ਗੁਰਵਾਕ ਰੂਪੀ ਹੁਕਮ ਦੁਆਰਾ ਦ੍ਰਿੜ੍ਹ ਹੁੰਦਾ ਹੈ ਕਿ ਗੁਰਮਤਿ ਨਾਮ ਅਜਪਾ ਜਾਪ ਰਸਨਾ ਕਰਕੇ ਕਰਨਾ ਭੀ ਗੁਰਮਤਿ ਬਿਬੇਕ ਹੈ ਤੇ ਇਸ ਅਜਪਾ ਜਾਪ ਦੁਆਰਾ ਰਸਨਾ ਕਰਕੇ ਗੁਰਮੰਤ੍ਰ ਜਪਣ ਰੂਪੀ ਸਿਮਰਨ-ਸ਼ਕਤੀ ਨਾਲ ਤਨ ਮਨ ਨਿਰਮਲ ਹੋ ਜਾਂਦਾ ਹੈ। ਗੁਰਮਤਿ ਨਾਮ ਅਭਿਆਸ ਪਹਿਲੇ ਪਹਿਲ ਰਸਨਾ ਦੇ ਜਾਪ ਤੋਂ ਹੀ ਅਰੰਭ ਹੁੰਦਾ ਹੈ। ਕਿਉਂਕਿ ਅੰਮ੍ਰਿਤ ਛਕਣ ਸਮੇਂ ਇਹ ਨਾਮ ਬੈਖਰੀ ਬਾਣੀ ਦੁਆਰਾ ਦ੍ਰਿੜ੍ਹ ਅਤੇ ਉਚਾਰਨ ਕਰਾਇਆ ਜਾਂਦਾ ਹੈ ਅਤੇ ਬੈਖਰੀ ਬਾਣੀ ਦੁਆਰਾ, ਅਰਥਾਤ, ਰਸਨਾ ਕਰਕੇ ਇਸਨੂੰ ਸਦਾ ਜਪਦੇ ਰਹਿਣ ਦਾ ਉਪਦੇਸ਼ ਮਿਲਦਾ ਹੈ। ਅਤੇ ਫੇਰ ਰਸਨਾ ਕਰਕੇ ਹੀ ਗੁਰਮੰਤ੍ਰ (ਗੁਰਮਤਿ ਨਾਮ) ਦਾ ਪਰਵੇਸ਼ ਰਿਦੰਤਰਿ (ਅੰਤਰ-ਆਤਮੇ) ਹੋਇ ਆਂਵਦਾ ਹੈ। ਫੇਰ ਅਨਤ ਤ੍ਰੰਗਾਂ ਕਰਕੇ ਇਸ ਦੇ ਜਪਣ ਸਿਮਰਨ ਅਤੇ ਅਭਿਆਸ ਕਰਨ ਦੀਆਂ ਪ੍ਰੇਮ-ਜੁਗਤੀਆਂ ਸੁਤੇ ਸੁਭਾਵ (ਗੁਰਮੰਤ ਦੀ ਰਸਨ-ਰਸਾਇਣੀ-ਪਾਰਸ-ਕਲਾ ਦੁਆਰਾ) ਬਿਬੇਕੀ ਜਨ ਨੂੰ ਸਫੁਰ ਹੋਣ ਲਗ ਪੈਂਦੀਆਂ ਹਨ। ਅਤੇ ਉਕਤ ਅਨਤ ਤ੍ਰੰਗੀ ਜੁਗਤੀਆਂ ਵਿਚੋਂ ਰਸਨ-ਰਸਾਇਣੀ ਅਜਪਾ ਜਾਪ ਦੀ ਪ੍ਰੇਮ-ਜੁਗਤੀ ਨਾਮ ਰਸਾਇਣ ਦੀ ਕਮਾਈ ਵਿਚ ਕੰਮ ਆਉਂਦੀ ਰਹਿੰਦੀ ਹੈ। ਨਾਮ ਦੀਆਂ ਜੁਗਤੀਆਂ ਅਤੇ ਗੁਰਮੰਤ੍ਰ ਕਮਾਈ ਦੇ ਅੰਤ੍ਰੀਵੀ ਭੇਦ ਦਾ ਖੋਲ੍ਹਣਾ ਇਹ ਅਸਾਡਾ ਏਥੇ (ਇਸ ਪੁਸਤਕ ਵਿਖੇ) ਪ੍ਰਕਰਣ ਨਹੀਂ[1]। ਏਥੇ ਤਾਂ ਜ਼ੋਰ ਦੇ ਕੇ ਕੇਵਲ ਸਤਿਗੁਰ ਦੇ ਏਸ ਹੁਕਮ ਨੂੰ

1. ਇਸ ਪ੍ਰਕਰਣ ਦਾ ਸੰਬੰਧ 'ਗੁਰਮਤਿ ਨਾਮ' ਨਾਲ ਹੈ। ਸੋ ਇਸ ਨਾਮ ਦੀ ਪੁਸਤਕ ਵਿਖੇ ਏਹਨਾਂ ਗੁਪਤ ਭੇਦਾਂ ਦਾ ਨਿਰਣਾ ਗੁਰੂ ਨੂੰ ਭਾਵੇ ਤਾਂ ਖੋਲ੍ਹ ਕੇ ਕੀਤਾ ਜਾਵੇਗਾ।

ਸਪੱਸ਼ਟਾਉਣਾ ਅਤੇ ਦ੍ਰਿੜ੍ਹਾਉਣਾ ਹੈ ਕਿ ਰਸਨਾ ਕਰਕੇ ਨਾਮ ਦਾ ਜਪਣਾ, ਜਿਸ ਜਪਣ ਕਰਕੇ ਤਨ ਮਨ ਸੀਤਲ ਹੋ ਜਾਂਦਾ ਹੈ, ਸਿਖ ਦੇ ਮੁਖ ਅਰੰਭਕ ਨਾਮ ਬਿਬੇਕ ਦੀ ਇਕ ਅੱਤ ਜ਼ਰੂਰੀ ਕਮਾਉਣ ਯੋਗ ਅੰਸ ਹੈ। ਰਸਨਾ ਕਰਕੇ ਨਾਮ ਜਪਣ ਦੀ ਪਾਰਸ-ਕਲਾ ਦੁਆਰਾ ਸਰੀਰ ਦੇ ਰੋਮ ਰੋਮ ਅੰਦਰਿ ਜੋਤਿ ਵਿਗਾਸੀ ਸੀਤਲਤਾ ਦੀ ਝਰਨਾਟ ਫਿਰ ਜਾਂਦੀ ਹੈ। ਅਤੇ ਰਸਨਾ ਦੁਆਰਾ ਅਜਪਾ ਜਾਪ ਕਰਦੇ ਰਹਿਣ ਕਰਿ ਸਦਾ ਹੀ ਸਰੀਰ ਅੰਦਰਿ ਇਸ ਸੀਤਲਤਾ ਦੀ ਚਾਂਦਨੀ ਪਸਰੀ ਰਹਿੰਦੀ ਹੈ, ਜੋ ਬਿਬੇਕੀ ਜਨ ਨੂੰ ਸਦਾ ਸਹਜ ਮਤਵਾਲੇ ਰਖਦੀ ਹੈ।

**ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥...੩॥੯੦॥**

*ਸਿਰੀਰਾਗੁ ਮ: ੫, ਪੰਨਾ ੪੯*

ਇਸ ਗੁਰਵਾਕ ਦੇ ਭਾਵ ਤੋਂ ਸਿਧ ਹੁੰਦਾ ਹੈ ਕਿ ਅੰਮ੍ਰਿਤ ਸੰਸਕਾਰ ਸਮੇਂ ਅੰਮ੍ਰਿਤ ਨਾਮ ਦਾ ਪਿਆਲਣਾ, ਅਰਥਾਤ, ਅੰਮ੍ਰਿਤ ਛਕਾਉਣਾ ਨਿਰੀ ਇਕ ਰਸਮ ਹੀ ਨਹੀਂ, ਕਿੰਤੂ ਉਚ ਆਤਮ-ਦਾਨ, ਜੀਆ ਦਾਨ ਦੇਣਾ ਹੈ ਅਤੇ ਮਾਇਕ (ਸੰਸਾਰੀ) ਜੀਵਨ ਨੂੰ ਪਲਟਾ ਕੇ ਪ੍ਰਮਾਰਥੀ ਨਵ ਜੋਬਨ ਵਾਲੇ ਜੀਵਨ ਵਿਚ ਬਦਲ ਦੇਣਾ ਹੈ। ਤਾਂ ਹੀ ਤਾਂ ਉਸ ਸਮੇਂ ਸਤਿਗੁਰੂ ਦੇ ਘਰ ਆਤਮ (ਪ੍ਰਮਾਰਥ) ਵਿਚ ਜਨਮ ਹੋਣ ਕਰਕੇ ਇਹ ਨਵਾਂ (ਨਵੀਨ) ਜਨਮ ਹੁੰਦਾ ਹੈ, ਜਿਸ ਵਿਚ ਪਰਤੱਖ ਅਮਰ-ਕਲਾ ਵਰਤ ਜਾਂਦੀ ਹੈ ਅਤੇ ਜਨਮ ਮਰਨ ਦਾ ਸਹਸਾ ਦੂਰ ਹੋ ਕੇ ਲਖ ਚੁਰਾਸੀ ਦੇ ਜੂਨ ਗੇੜ ਵਾਲਾ ਆਵਾ ਗਵਨ ਮਿਟ ਜਾਂਦਾ ਹੈ। ("ਸਤਿਗੁਰ ਕੈ ਜਨਮੇ ਗਵਨੁ ਮਿਟਾਇਆ"[1]॥) ਤਾਂ ਹੀ ਤੇ ਇਹ ਗੁਰਮਤਿ ਨਾਮ, ਅਮਰ ਕਲਾ ਭਰਪੂਰ ਅੰਮ੍ਰਿਤ ਨਾਮ ਰੂਪੀ ਪਾਰਸ ਇਸ ਗੁਰ ਪ੍ਰਮਾਣ ਅੰਦਰਿ "ਜਨਮ ਮਰਨ ਕਾ ਪਥੁ"[2] ਦਸਿਆ ਗਿਆ ਹੈ। ਅੰਮ੍ਰਿਤ ਸੰਸਕਾਰ ਉਹੀ ਹੈ ਜਿਸ ਵਿਚ ਇਹ ਅੰਮ੍ਰਿਤ ਕਲਾ ਪਰਤੱਖ ਵਰਤਦੀ ਹੈ। ਆਨਮਤ ਸੰਸਕਾਰਾਂ ਦੀ ਨਿਆਈਂ ਇਹ ਗੁਰਮਤਿ ਸੰਸਕਾਰ (ਅੰਮ੍ਰਿਤ ਛਕਾਉਣ ਦੀ ਰੀਤੀ) ਨਿਰੀ ਇਕ ਰਸਮ ਪੂਰਬਕ ਰੀਤੀ ਹੀ ਨਹੀਂ। ਪ੍ਰੰਤੂ ਏਥੇ ਸਾਮਰਤੱਖ ਅੰਮ੍ਰਿਤ ਕਲਾ ਵਰਤ ਕੇ ਅੰਮ੍ਰਿਤ ਛਕਣਹਾਰਿਆਂ ਦੇ ਅਮਰੀ ਜੀਵਨ ਹੋ ਜਾਂਦੇ ਹਨ। ਇਸ ਅੰਮ੍ਰਿਤ ਛਕਾਉਣ ਦੀ ਰੀਤੀ ਅੰਦਰ ਮੁਖ ਅੰਗ ਅੰਮ੍ਰਿਤ ਨਾਮ (ਗੁਰਮੰਤ੍ਰ) ਦਾ ਦੇਣਾ ਹੈ, ਜਿਸ ਕਰਕੇ ਇਸ ਸਾਰੀ ਗੁਰਮਤਿ ਰਹੁ-ਰੀਤੀ ਦਾ ਸੰਕੇਤਕ ਨਾਮ 'ਅੰਮ੍ਰਿਤ ਛਕਾਉਣਾ'[3] ਪਰਸਿਧ ਹੈ। ਉਸ ਅੰਮ੍ਰਿਤ ਸਮੇਂ ਦੇ ਦ੍ਰਿੜ੍ਹਾਏ ਗੁਰਮੰਤ੍ਰ ਅਤੇ ਜਨਮ ਮਰਨ ਦੇ ਪਥ ਅੰਮ੍ਰਿਤ ਨਾਮ ਨੂੰ ਧਾਰਨ ਕਰਨਾ ਅਤੇ ਧਾਰਨ ਕਰੀ ਰਖਣਾ ਗੁਰਮਤਿ ਦੇ ਸਾਰ ਬਿਬੇਕ ਦਾ ਮੁਖ ਅੰਗ ਹੈ। "ਅੰਮ੍ਰਿਤ ਨਾਮੁ ਪੀਆਲਿਆ" ਤੋਂ ਇਹ ਸਿੱਟਾ ਕਢ ਲੈਣਾ ਠੀਕ ਨਹੀਂ ਕਿ ਇਕ ਵਾਰੀ ਦੇ ਅੰਮ੍ਰਿਤ ਛਕਣ ਸਮੇਂ ਅੰਮ੍ਰਿਤ ਨਾਮ ਪਿਆਇਆ ਗਿਆ ਅਤੇ ਪੀਵਣਹਾਰਿਆਂ ਨੇ ਪੀ ਲਿਆ, ਬਹੁੜ ਕਮਾਈ ਕਰਨ ਦੀ, ਅਰਥਾਤ, ਖਿਨ ਖਿਨ ਨਾਮ ਜਪਣ ਦੀ ਕੀ ਲੋੜ ਹੈ? ਇਸ ਵਿਚ ਰੰਚਕ ਸੰਦੇਹ ਨਹੀਂ ਕਿ ਜਿਨ੍ਹਾਂ

1. ਰਾਮਕਲੀ ਮ: ੧ ਸਿਧ ਗੋਸਟਿ, ਅੰਕ ੨੦, ਪੰਨਾ ੯੪੦
2. ਸਿਰੀਰਾਗੁ ਮ: ੫, ॥੩॥੯੦॥ ਪੰਨਾ ੪੯
3. ਅੰਮ੍ਰਿਤ ਛਕਾਉਣ ਦੀ ਗੁਰਮਤਿ ਰਹੁਰੀਤੀ ਸਮੇਂ ਅੰਮ੍ਰਿਤ ਕਲਾ ਵਰਤਾਉਣ ਦਾ ਪ੍ਰਕਰਣ ਭੀ "ਗੁਰਮਤਿ ਨਾਮ" ਨਾਮੇ ਪੁਸਤਕ ਅੰਦਰ ਆਵੇਗਾ।

ਵਡਭਾਗੇ ਜਨਾਂ ਨੂੰ ਅੰਮ੍ਰਿਤ ਛਕਣ ਸਾਰ ਹੀ ਅੰਮ੍ਰਿਤ ਨਾਮ ਦੀ ਅਮਰ ਕਲਾ ਪੂਰਨ ਪਾਰਸ ਕਲਾ ਵਰਤ ਕੇ ਅਮਰ ਪਦਵੀ ਪ੍ਰਾਪਤ ਹੋ ਗਈ ਉਨ੍ਹਾਂ ਦੇ ਜਨਮ ਮਰਨ ਆਵਾ ਗਵਨ ਦਾ ਸਿਲਸਿਲਾ ਤਾਂ ਓਥੇ ਹੀ ਮੁਕ ਗਿਆ। ਪ੍ਰੰਤੂ ਅੰਮ੍ਰਿਤ ਨਾਮ ਦੀ ਝਰਨਾਟ ਜਿਹੜੀ ਅਮਰ ਪ੍ਰਭਾਵੀ ਪਾਰਸ-ਕਲਾ ਦੁਆਰਾ ਇਕ ਵਾਰੀ ਛਿੜ ਪਈ ਹੈ, ਓਹ ਸਦਾ ਛਿੜੀ ਹੀ ਰਹੇਗੀ ਅਤੇ ਦਿਨ ਬਦਿਨ ਜ਼ੋਰੋ ਜ਼ੋਰ ਤੇ ਹੋਰੋ ਹੋਰ ਅਨਿਕ ਤੁੰਗੀ ਅਤੇ ਅਨਹਦੀ ਰੰਗਾਂ ਵਿਚ ਛਿੜੇਗੀ। ਬਿਬੇਕੀ ਜਨ ਦੀ ਸੁਤੇ ਰੁਚੀ ਅਖੰਡ ਕੀਰਤਨ ਦੇ ਅਪਾਰ ਲਾਹੇ ਲੈਣ ਅਤੇ ਲਈ ਜਾਣ ਲਈ ਸਦਾ ਨਿਤ ਨਵੇਂ ਰੰਗਾਂ ਤੁੰਗਾਂ ਵਿਚ ਬਣੀ ਰਹੇਗੀ। ਜਿਨ੍ਹਾਂ ਨੂੰ ਅੰਮ੍ਰਿਤ ਛਕਣ ਸਮੇਂ ਅਮਰ ਹੋਣ ਦੇ ਅਤੇ ਪੂਰਨ ਅਮਰ ਕਲਾ ਵਰਤ ਜਾਣ ਦੇ ਪੂਰਨ ਰੰਗ ਨਹੀਂ ਲਗੇ, ਓਹਨਾਂ ਦਾ ਪਿਛਲੇ ਕਰਮਾਂ ਦਾ ਲੇਖਾ ਤਾਂ ਤਤਕਾਲ ਹੀ ਮੁਕ ਠੁਕ ਗਿਆ, ਅੰਮ੍ਰਿਤ ਦੀ ਜਾਗ ਲਗਣ ਸਾਰ, ਪ੍ਰੰਤੂ ਇਸ ਅੰਮ੍ਰਿਤ ਜਾਗ ਰੂਪੀ ਅੰਮ੍ਰਿਤ ਬੀਜ ਨੂੰ ਅੰਮ੍ਰਿਤ ਜੋਤੀ ਅਮਰ ਫਲ ਤਾਂ ਤਦੇ ਹੀ ਲਗਣਗੇ ਜੇ ਇਸ ਅੰਮ੍ਰਿਤ ਬੀਜ ਮਾਤ੍ਰ ਨਾਮ ਨੂੰ ਗੁਰ ਦਰਸਾਏ ਸੰਜਮ ਸਾਧਨਾ ਸੇਤੀ ਕਮਾਇਆ ਜਾਵੇਗਾ। ਉਹ ਕੋਈ ਵਿਰਲੀ ਧਰਤੀ ਹੈ ਜਿਸ ਅੰਦਰ ਬੀਜ ਬੋਵਣ ਸਾਰ ਹੀ ਅੰਮ੍ਰਿਤ ਅੰਕੁਰ ਫਲ ਉਗਵ ਆਉਂਦੇ ਹਨ। ਪ੍ਰੰਤੂ ਆਮ ਤੌਰ ਪਰ ਬੀਜ ਸਿਟਣ ਤੋਂ ਪਹਿਲਾਂ ਭੀ ਧਰਤੀ ਨੂੰ ਕਮਾਇਆ ਜਾਂਦਾ ਅਤੇ ਬੀਜਣ ਪਸਚਾਤ ਭੀ ਅਨਿਕ ਪ੍ਰਕਾਰ ਦੀ ਅਤੁੱਟ ਕਮਾਈ ਕੀਤੀ ਜਾਂਦੀ ਹੈ, ਤਦ ਜਾ ਕੇ ਓਹ ਬੀਜ ਫਲੀਭੂਤ ਹੁੰਦਾ ਹੈ। ਪਹਿਲੀ ਹਾਲਤ ਵਿਚ ਤਾਂ ਸੁਤੇ ਕਮਾਈ ਆ-ਮੁਹਾਰੀ ਹੁੰਦੀ ਹੈ ਅਤੇ ਇਸ ਦੂਜੀ ਆਮ ਹਾਲਤ ਅੰਦਰ ਮਥ ਕੇ, ਉਦਮ ਧਾਰ ਕੇ ਇਸ ਕਮਾਈ ਨੂੰ ਜੁਟਣਾ ਪੈਂਦਾ ਹੈ, ਓਦੋਂ ਤੀਕ ਜਦ ਤੀਕ ਕਿ "ਪਰਗਾਸੁ ਭਇਆ ਕਉਲੁ ਖਿਲਿਆ"[1] ਵਾਲੀ ਖੇਲ ਨਹੀਂ ਵਾਪਰ ਜਾਂਦੀ। ਇਸ ਖੇਲ ਵਾਪਰੇ ਪਸਚਾਤ ਓਸੇ ਤਰ੍ਹਾਂ ਹੀ ਆ-ਮੁਹਾਰੇ ਫੁਹਾਰੇ ਅੰਮ੍ਰਿਤ ਨਾਮ ਦੇ ਛੁਟਣੇ ਅਰੰਭ ਹੋ ਜਾਂਦੇ ਹਨ, ਅਰਥਾਤ, ਨਾਮ ਅਭਿਆਸ ਦੀ ਅੰਮ੍ਰਿਤ ਮੌਜ ਦੇ ਸੁਤੇ ਪਰਵਾਹ ਚਲਣ ਲਗ ਪੈਂਦੇ ਹਨ, ਜਿਸ ਤਰ੍ਹਾਂ ਕਿ ਪਹਿਲੀ ਨਜ਼ੀਰ ਵਿਚ ਅਰੰਭ ਤੋਂ ਹੀ ਚਲਣ ਲਗੇ ਸੀ। ਹਰ ਹਾਲਤ ਵਿਚ ਅੰਮ੍ਰਿਤ ਨਾਮ ਨੂੰ ਇਕ ਵਾਰ ਪੀ ਕੇ ਸਦਾ ਲਈ ਭੁੰਚਦੇ ਰਹਿਣਾ ਹੀ ਸਾਰ ਗੁਰਮਤਿ ਬਿਬੇਕ ਦਸ਼ਾ ਦੀ ਨਿਸ਼ਾਨੀ ਹੈ।

**ਦੁਖੁ ਕਲੇਸੁ ਨ ਭਉ ਬਿਆਪੈ ਗੁਰਮੰਤ੍ਰੁ ਹਿਰਦੈ ਹੋਇ ॥੨॥੬੪॥**

*ਸਿਰੀਰਾਗੁ ਮ: ੪, ਪੰਨਾ ੫੧*

ਭਾਵ—ਜੇ ਗੁਰਮੰਤ੍ਰ (ਗੁਰਮਤਿ ਨਾਮ) ਨੂੰ ਦਮਿ ਦਮਿ ਹਿਰਦੇ ਵਿਖੇ ਪ੍ਰੋਈ ਰਖੀਏ ਤਾਂ ਨਾ ਦੁਖ, ਨਾ ਕਲੇਸ਼, ਨਾ ਭਉ ਵਿਆਪਦਾ ਹੈ। ਭਾਵੇਂ ਉਕਤ ਦੁਖ ਕਲੇਸ਼ ਅਤੇ ਭਉ, ਮੁਜੱਸਮ ਦੁਖ, ਮੁਜੱਸਮ ਕਲੇਸ਼ ਅਤੇ ਮੁਜੱਸਮ ਭਉ ਹੀ ਕਿਉਂ ਨਾ ਹੋਵਣ। ਅੰਸ਼ ਮਾਤ੍ਰ ਦੁਖ ਕਲੇਸ਼ ਅਤੇ ਭਉ ਨੇ ਤਾਂ ਕੀ ਬਿਆਪ ਸਕਣਾ ਹੈ। "ਗੁਰਮੰਤ੍ਰੁ ਹਿਰਦੈ ਹੋਇ" ਤੋਂ ਭਾਵ ਬੀਜ ਮਾਤ੍ਰ ਰਿਦੇ ਪਰਵੇਸ਼ੀ ਗੁਰਮੰਤ੍ਰ ਦਾ ਹੀ ਨਹੀਂ, ਕਿੰਤੂ ਇਸ ਗੁਰਮੰਤ੍ਰ ਬੀਜ ਨੂੰ ਗੁਰਮਤਿ ਬਿਬੇਕ ਦੁਆਰਾ ਕਮਾ ਕੇ ਹਰ ਦਮ ਹਰੀ ਭਰੀ ਦਸ਼ਾ ਵਿਖੇ ਹਿਰਦੇ ਭੂਮੀ ਅੰਦਰਿ ਪਰਫੁਲਤ ਰਖਣ ਦਾ ਹੈ, ਅਰਥਾਤ, ਗੁਰਮੰਤ੍ਰ ਨੂੰ ਖਿਨ-ਖਿਨੀ ਅਭਿਆਸ ਦੁਆਰਾ ਰਿਦੰਤਰਿ ਪ੍ਰੋਈ ਰਖਣ ਦਾ ਹੈ।

1. ਗਉੜੀ ਮ: ੫ ਛੰਤ, ॥੪॥੪॥੧੧॥ ਪੰਨਾ ੨੪੯

## ੩੧. ਸ੍ਰੇਸ਼ਟ ਬਿਬੇਕੀ ਜਨ ਗੁਰ ਸ਼ਬਦ ਰਾਹੀਂ ਮਨ ਮਾਰਦੇ ਹਨ :

ਉਠਤ ਬੈਠਤ ਸੋਵਤ ਜਾਗਤ ਇਸ ਦੇ ਅਭਿਆਸ ਦਾ ਪਰਵਾਹ ਜਾਰੀ ਰਖਣਾ ਹੈ। ਇਸ ਬੀਜ ਮਾਤ੍ਰ ਗੁਰਮੰਤ੍ਰ ਦੇ ਗੁਰਮਤਿ ਅਭਿਆਸ ਰੂਪੀ ਕਿਰਤ ਕਮਾਈ ਦੀ ਬਰਕਤ ਕਰਕੇ ਫੇਰ ਇਹੋ ਬੀਜ ਮਾਤ੍ਰ ਨਾਮ (ਗੁਰਮੰਤ੍ਰ) ਉਸੀ ਰਿਦੇ ਭੂਮ ਅੰਦਰ ਜੰਮ ਪਲ ਕੇ, ਫੁਲ ਫਲ ਕੇ ਅਤੇ ਵਧ ਮੌਲ ਕੇ ਪਾਰਜਾਤ ਬਿਰਖ ਦੀ ਨਿਆਈਂ ਉਗਵ ਖੜੋਵੇਗਾ, ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ : "ਬਿਰਖੁ ਜਮਿਓ ਹੈ ਪਾਰਜਾਤ ॥ ਫੂਲ ਲਗੇ ਫਲ ਰਤਨ ਭਾਂਤਿ ॥"[1] ਇਹ ਪਾਰਜਾਤ ਬਿਰਖ ਸਗਲੀ ਰੁਤੀਂ ਹਰਿਆ ਹੀ ਰਹੇਗਾ। ਬਸ ਗੁਰਮਤਿ ਬਿਬੇਕ ਦੀ ਸਾਰ ਕਮਾਈ ਵਾਲਾ ਉੱਤਮ ਬਿਬੇਕੀ ਸਿਖ ਸੋਇ ਹੈ ਜਿਸ ਦੇ ਹਰ ਦਮ ਗੁਰਮੰਤ੍ਰ ਹਿਰਦੈ ਹੋਏਗਾ ਅਤੇ ਗੁਰਮੰਤ੍ਰ ਦੇ ਹਰ ਦਮ ਹਿਰਦੈ (ਰਿਦੰਤਰਿ) ਹੋਣ ਕਰਕੇ ਦੁਖ ਕਲੇਸ਼ ਭਉ ਉੱਕਾ ਹੀ ਨਹੀਂ ਬਿਆਪੇਗਾ। ਭਾਵ, ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ ਦੇ ਧਾਰਨਹਾਰਾ ਬਿਬੇਕੀ ਜਨ ਸਦਾ ਨਿਰਦੋਖ ਅਤੇ ਕਲੇਸ਼ ਰਹਿਤ ਰਹੇਗਾ ਅਤੇ ਨਿਰਭਉ ਹੋ ਕੇ ਬਿਚਰੇਗਾ।

**ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੂਏ ਕੈਸੇ ਹਰਿ ਪਾਇ ॥**
**ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥੨੫॥**

*ਗਉੜੀ ਗੁ: ਮ: ੩, ਪੰਨਾ ੧੫੯*

ਭਾਵ—ਮਨ ਨੂੰ ਮਾਰਨ ਤੋਂ ਪੰਜ ਧਾਤੂਓਂ ਉਪੰਨੇ ਪੰਜ ਵਿਕਾਰ ਮਰ ਜਾਂਦੇ ਹਨ। ਐਸੀ ਮਰਨੀ ਮਰੇ ਬਾਝੋਂ ਕੈਸੇ ਹਰੀ ਪਰਮਾਤਮਾ ਦਾ ਪਾਵਣਾ ਹੋ ਸਕਦਾ ਹੈ। ਪ੍ਰੰਤੂ ਕੋਈ ਵਿਰਲਾ ਜਨ ਹੀ ਹੋਵੇਗਾ ਜੋ ਐਸਾ ਦਾਰੂ ਜਾਣਦਾ ਹੋਵੇ ਜਿਸਦੇ ਨਾਲ ਕਿ ਇਹ ਮਨ ਮਰ ਜਾਵੇ। ਏਸ ਮਨ ਦੇ ਮਾਰਨ ਦਾ ਦਾਰੂ ਸ਼ਬਦ (ਗੁਰਮੰਤ੍ਰ-ਗੁਰਮਤਿ ਨਾਮ) ਹੈ, ਜਿਸ ਕਰਕੇ ਇਹ ਮਨ ਮਰ ਸਕਦਾ ਹੈ, ਅਤੇ ਜਿਹੜਾ ਏਸ ਸ਼ਬਦ ਰੂਪੀ ਦਾਰੂ ਨੂੰ ਬੁਝਦਾ ਹੈ ਸੋਈ (ਗੁਰਮੰਤ੍ਰ ਰੂਪੀ ਦਾਰੂ ਅਉਖਧੀ ਕੇ ਵਰਤਣ ਕਮਾਵਣਹਾਰਾ) ਸ੍ਰੇਸ਼ਟ ਬਿਬੇਕੀ ਜਨ ਹੈ। ਸ੍ਰੇਸ਼ਟ ਬਿਬੇਕੀਆਂ ਵਿਰਲੇ ਜਨਾਂ ਦਾ ਪੰਥ ਇਹ ਗੁਰੂ ਖਾਲਸਾ ਪੰਥ ਹੈ। ਖ਼ਾਲਸਾ ਪੰਥ ਅੰਦਰ ਐਸੇ ਸ੍ਰੇਸ਼ਟ ਬਿਬੇਕੀ ਜਨ ਵਿਰਲੇ ਨਹੀਂ। ਹਾਂ, ਸੰਸਾਰ ਭਰ ਦੀ ਸਮੂਹ ਮਾਨੁਖ ਸ੍ਰਿਸ਼ਟੀ ਦਾ ਜੇ ਲੇਖਣ ਲਾਇਆ ਜਾਵੇ ਤਾਂ ਇਸ ਲਿਹਾਜ਼ ਲੇਖਣ ਨਾਲ ਤਾਂ ਐਸੇ ਜਨ ਜ਼ਰੂਰ ਵਿਰਲੇ ਹਨ, ਜੋ ਕਰਤਾਰ ਦੀ ਸੱਚੀ ਦਰਗਾਹ ਵਿਚ ਪ੍ਰਵਾਣ ਹੋ ਕੇ ਪੰਨੇ ਪੈਂਦੇ ਹਨ। ਐਸੇ "ਪੰਚ ਪਰਵਾਣ ਪੰਚ ਪਰਧਾਨੁ" ਅਰਥਾਤ, ਸ੍ਰੇਸ਼ਟ ਬਿਬੇਕੀ ਜਨਾਂ ਦਾ ਪੁੰਜ ਇਹ ਖ਼ਾਲਸਾ ਪੰਥ ਹੈ। ਸੋ ਖ਼ਾਲਸਾ ਸਦਾਵਣ ਵਾਲੇ ਗੁਰਮਤਿ ਧਰਮ ਧਾਰਨੀਆਂ ਦਾ ਪੂਰਨ ਫ਼ਰਜ਼ ਹੈ ਕਿ ਗੁਰਮਤਿ ਦੇ ਸਾਰ ਬਿਬੇਕ ਵਾਲੇ ਅਸੂਲਾਂ ਉਤੇ ਚਲ ਕੇ ਸ੍ਰੇਸ਼ਟਤਾ ਪੁੰਜ ਪੰਥ ਖ਼ਾਲਸਾ ਦੀ ਪੈਜ ਪਾਲਣ ਅਤੇ ਆਪਣੇ ਜਨਮ ਨੂੰ ਸਫਲਾ ਕਰਨ। ਗੁਰੂ ਨਾਨਕ ਦਸਮੇਸ਼ ਜੀ ਨੇ ਇਹ ਖ਼ਾਲਸਾ ਪੰਥ ਅਕਾਲ ਪੁਰਖ ਦੀ ਖ਼ਾਸ ਆਗਿਆ ਅਨੁਸਾਰ ਮਾਨੁਖ ਮਾਤਰ ਨੂੰ ਖ਼ਾਲਸਾ ਸਜਾਉਣ (ਸ੍ਰੇਸ਼ਟ ਜਨ, ਵਿਰਲਾ ਜਨ ਬਣਾਉਣ) ਨੂੰ ਸਾਜਿਆ ਹੈ। ਜੋ ਐਸੇ ਖ਼ਾਲਸਾ ਪੰਥ ਦੇ ਪੈਰੋਕਾਰ ਹੋ ਕੇ ਸੱਚੀ (ਖ਼ਾਲਸ) ਸ੍ਰੇਸ਼ਟਤਾਈ ਦੇ ਪੂਰਨੇ ਨਹੀਂ ਪਾਉਂਦੇ, ਉਹ ਮਾਨੋ ਪਵਿੱਤਰ ਖ਼ਾਲਸਾ

1. ਬਸੰਤ ਮ: ੫, ॥੪॥੧॥ ਪੰਨਾ ੧੧੮੦

ਪੰਥ ਦੀ ਮਹੱਤਤਾ ਨੂੰ ਲਾਜ ਲਾਉਂਦੇ ਹਨ। ਕਿਉਂਕਿ ਸ੍ਰੇਸ਼ਟ ਖ਼ਾਲਸਾ ਜਨਾਂ ਦੇ ਸਮੂਹ ਦਾ ਨਾਉਂ ਹੀ ਖ਼ਾਲਸਾ ਪੰਥ ਹੈ ਅਤੇ ਐਸੇ ਸ੍ਰੇਸ਼ਟ ਜਨਾਂ ਦੀ ਹਸਤੀ ਕਰਕੇ ਹੀ ਖ਼ਾਲਸਾ ਪੰਥ ਦੀ ਹਸਤੀ ਕਾਇਮ ਹੈ। ਜੋ ਇਸ ਸ੍ਰੇਸ਼ਟਤਾਈ (ਖ਼ਾਲਸਾ-ਪਨ) ਦੇ ਪਰਤੱਖ ਨਮੂਨੇ ਬਣ ਕੇ ਨਹੀਂ ਦਿਖਾਉਂਦੇ ਓਹ 'ਖ਼ਾਲਸਾ' ਪਦ ਦੇ ਅਸਲ (ਖ਼ਾਲਸ) ਅਰਥਾਂ ਵਿਚ ਖ਼ਾਲਸਾ ਸਦਾਵਣ ਦੇ ਹੱਕਦਾਰ ਨਹੀਂ ਅਤੇ ਨਾ ਹੀ ਵਿਰਲੇ ਜਨਾਂ ਵਿਚ ਓਹਨਾਂ ਦੀ ਗਿਣਤੀ ਹੈ ਅਤੇ ਐਸੀ ਗਿਣਤੀ ਵਾਲਿਆਂ ਵਿਰਲੇ ਜਨਾਂ ਦੇ ਪੁੰਜ ਦਾ ਨਾਉਂ ਹੀ ਖ਼ਾਲਸਾ ਪੰਥ ਹੈ। ਨਿਰੇ ਭੇਖ ਮਾਤਰ ਭੇਖ-ਧਾਰੀਆਂ, ਗੁਰਮਤਿ ਬਿਬੇਕ-ਹੀਨ ਪੁਰਸ਼ਾਂ ਦਾ ਨਾਉਂ ਖ਼ਾਲਸਾ ਨਹੀਂ ਅਤੇ ਨਾ ਹੀ ਅਜਿਹੇ ਬਿਬੇਕ-ਹੀਨ ਪੁਰਸ਼ਾਂ ਦੇ ਸਮੂਹ ਦਾ ਨਾਉਂ ਖ਼ਾਲਸਾ ਪੰਥ ਹੈ।

**ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ ॥**
**ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ ॥੨॥...**
**ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮ ਨਾਮ ਰੰਗਿ ਰਾਤੇ ॥੩॥੫੪॥**
*ਗਉੜੀ ਪੂਰਬੀ ਮ: ੪, ਪੰਨਾ ੧੬੯*

ਭਾਵ—ਇਸ ਜਗ ਵਿਚ ਹਰ ਸਮੇਂ, ਹਰ ਘੜੀ ਪਲ ਚਸਾ ਸੱਚਾ ਅਵਖਧ (ਦਾਰੂ) ਕੇਵਲ ਹਰੀ ਨਾਮ ਹੀ ਹੈ ਅਤੇ ਜੋ ਜਨ ਗੁਰੂ ਦੁਆਰਾ ਨਾਮ ਨੂੰ ਕੇਵਲ ਗੁਰਮਤਿ ਨਾਮ ਦੇ ਸਰੂਪ ਵਿਚ ਪ੍ਰਾਪਤ ਕਰਦੇ ਹਨ ਅਤੇ ਗੁਰਮਤਿ ਕਮਾਈ (ਬਿਬੇਕ) ਦੁਆਰਾ ਇਸ ਗੁਰਮਤਿ ਨਾਮ ਦਾ ਰਸ ਭੁੰਚਦੇ ਹਨ, ਉਹਨਾਂ ਦੇ ਪਾਪ ਦੋਖ ਸਭ ਬਿਨਸ ਜਾਂਦੇ ਹਨ ਅਤੇ ਜਿਹੜੇ ਗੁਰਮਤਿ ਨਾਮ ਦੇ ਰੰਗ ਵਿਚ ਰਤੇ ਜਾਂਦੇ ਹਨ ਉਹਨਾਂ ਦੀ ਦੁਰਮਤਿ ਮੈਲ ਸਭ ਦੂਰ ਹੋ ਜਾਂਦੀ ਹੈ।

## ੩੨. ਨਾਮ ਕਮਾਵਣ ਰੂਪੀ ਗੁਰਮਤਿ ਬਿਬੇਕ ਦਾ ਉਚਾ ਸੁਖ-ਫਲ :

ਤਾਂ ਤੇ ਗੁਰਮਤਿ ਨਾਮ ਨੂੰ ਪ੍ਰਾਪਤ ਕਰਕੇ ਇਸ ਦੇ ਰਸ ਨੂੰ ਭੁੰਚਣਾ ਅਤੇ ਰੰਗ ਵਿਚ ਰਤੇ ਜਾਣਾ ਇਹ ਗੁਰਮਤਿ ਬਿਬੇਕੀ ਜਨ ਦਾ ਸਰਬੋਤਮ ਕਰਮ (ਬਿਬੇਕ) ਹੈ।

**ਸਹਜਿ ਸੁਭਾਇ ਬੋਲੈ ਹਰਿ ਬਾਣੀ ॥ ਆਠ ਪਹਰ ਪ੍ਰਭ ਸਿਮਰਹੁ ਪ੍ਰਾਣੀ ॥੩॥**
**ਦੂਖੁ ਦਰਦੁ ਜਮੁ ਨੇੜਿ ਨ ਆਵੈ ॥ ਕਹੁ ਨਾਨਕ ਜੋ ਹਰਿ ਗੁਨ ਗਾਵੈ ॥੪॥੫੯॥੧੨੮॥**
*ਗਉੜੀ ਮ: ੫, ਪੰਨਾ ੧੯੧*

ਭਾਵ—ਪ੍ਰੇਮ ਵੈਰਾਗ ਭਾਵਨਾ ਸਹਿਤ ਗੁਰਬਾਣੀ ਦਾ ਉਚਾਰਨ ਕਰਨਾ ਚਾਹੀਦਾ ਹੈ। ਅਤੇ ਅਠੇ ਪਹਿਰ ਪ੍ਰਭੂ ਪਰਮਾਤਮਾ ਦਾ ਸਿਮਰਨ ਕਰਨਾ ਜ਼ਰੂਰੀ ਹੈ। ਇਹ ਗੁਰੂ ਕਾ ਹੁਕਮ ਹੈ ਅਤੇ ਇਸ ਹੁਕਮ ਨੂੰ ਪਾਲਣਾ ਹਰ ਇਕ ਸਿਖ ਦਾ ਬਿਬੇਕ ਕਰਮ ਹੈ। ਫੇਰ ਇਹ ਵਰਦਾਤਾ ਹੁਕਮ ਹੁੰਦਾ ਹੈ ਕਿ ਜੋ ਬਿਬੇਕੀ ਜਨ ਹਰੀ ਗੁਣ ਗਾਵੇਗਾ, ਅਰਥਾਤ, ਕੀਰਤਨ ਕਰੇਗਾ ਓਸ ਦੇ ਨੇੜੇ ਦੁਖ ਦਰਦ ਜਮ ਕਦੇ ਨਹੀਂ ਆਵੇਗਾ।

**ਹਰਿ ਹਰਿ ਨਾਮਿ ਮਜਨੁ ਕਰਿ ਸੂਚੇ ॥**
**ਕੋਟਿ ਗ੍ਰਹਣ ਪੁੰਨ ਫਲ ਮੂਚੇ ॥੧॥ਰਹਾਉ॥**

**ਹਰਿ ਕੇ ਚਰਣ ਰਿਦੇ ਮਹਿ ਬਸੇ ॥**
**ਜਨਮ ਜਨਮ ਕੇ ਕਿਲਵਿਖ ਨਸੇ ॥੧॥**
**ਸਾਧ ਸੰਗਿ ਕੀਰਤਨ ਫਲੁ ਪਾਇਆ ॥**
**ਜਮ ਕਾ ਮਾਰਗੁ ਦ੍ਰਿਸਟਿ ਨ ਆਇਆ ॥੨॥੧੫੫॥**

*ਗਉੜੀ ਮ: ੫, ਪੰਨਾ ੧੯੭*

ਨਾਮ-ਮਜਨ ਅੰਮ੍ਰਿਤ-ਇਸ਼ਨਾਨ ਹੈ, ਕਿਉਂਕਿ ਨਾਮ ਅੰਮ੍ਰਿਤ ਰੂਪ ਹੈ ਅਤੇ ਅਭਿਆਸ ਦੁਆਰਾ ਨਾਮ ਵਿਖੇ ਲੀਨ ਹੋਣਾ ਅੰਮ੍ਰਿਤ-ਇਸ਼ਨਾਨ ਹੈ ਅਰ ਇਸ ਅੰਮ੍ਰਿਤ-ਇਸ਼ਨਾਨ (ਨਾਮ-ਮਜਨ) ਦੀ ਅਸਲ ਵਿਆਖਿਆ ਹੋਣੀ ਅਸੰਭਵ ਹੈ ਅਤੇ ਅੰਤ੍ਰੀਵ ਸੂਖਮ ਭਾਵ (ਸਰੂਪ) ਦੀ ਸਾਂਗੋ ਪਾਂਗ ਲਖਤਾ ਕੇਵਲ ਉਸ ਅੰਮ੍ਰਿਤ ਕਮਾਈ ਵਾਲੇ ਬਿਬੇਕੀ ਜਨ ਨੂੰ ਹੋ ਸਕਦੀ ਹੈ ਜਿਸ ਨੇ ਨਾਮ ਅਭਿਆਸ ਦੀ ਅੰਮ੍ਰਿਤ ਕਲਾ ਦੇ ਕ੍ਰਿਸ਼ਮੇ ਅੰਤਰ ਆਤਮੇ ਪੇਖੇ ਪ੍ਰਤੀਤ ਕੀਤੇ ਹਨ, ਘਟ ਹੀ ਵਿਖੇ ਅੰਮ੍ਰਿਤ-ਤੀਰਥ ਦੇ ਪਰਤੱਖ ਅੰਮ੍ਰਿਤ-ਇਸ਼ਨਾਨ ਕੀਤੇ ਹਨ। ਨਾਮ ਅਭਿਆਸ ਦੁਆਰਾ ਘਟ ਹੀ ਅੰਤਰਿ ਐਸੀ ਅੰਮ੍ਰਿਤ ਕਲਾ ਵਰਤਦੀ ਹੈ ਕਿ ਜਿਉਂ ਜਿਉਂ ਅੰਮ੍ਰਿਤ ਨਾਮ ਦਾ ਅਭਿਆਸ ਕਰੀਦਾ ਹੈ ਤਿਉਂ ਤਿਉਂ ਐਸਾ ਪ੍ਰਤੀਤ ਹੁੰਦਾ ਹੈ ਕਿ ਘਟ ਅੰਤਰਿ ਇਕ ਅਥਾਹ ਅੰਮ੍ਰਿਤ ਸਰੋਵਰ ਠਾਠਾਂ ਮਾਰਦਾ ਹੈ, ਜਿਸ ਦੀਆਂ ਅੰਮ੍ਰਿਤ ਲਹਿਰਾਂ ਦੀ ਝਾਲ ਝਲੀ ਨਹੀਂ ਜਾਂਦੀ। ਪਰ ਉਸ ਅੰਮ੍ਰਿਤ ਲਹਿਰੀ ਇਸ਼ਨਾਨ (ਮਜਨ) ਦਾ ਐਸਾ ਅਚਰਜ ਸਾਦ (ਅਨੰਦ ਰਸ) ਹੈ ਕਿ ਛਡਿਆ ਭੀ ਨਹੀਂ ਜਾਂਦਾ। ਜਿਸ ਨੂੰ ਗੁਰੂ ਜਰਾਏ, ਸੋ ਇਸ ਅਜਰ ਅੰਮ੍ਰਿਤੀ ਅਨੰਦ ਨੂੰ ਜਰਦਾ ਹੈ। ਤਾਂ ਹੀ ਤੇ ਇਸ ਸੂਚੇ ਅੰਮ੍ਰਿਤ-ਮਜਨ ਦਾ ਏਵਡ ਊਚਾ ਅਤੇ ਸੂਚਾ ਮਹਿਮਾ ਮਈ ਫਲ ਹੈ ਕਿ ਇਸ ਦੇ ਸਮਸਰ ਕੋਟ ਸੂਰਜ ਗ੍ਰਹਣ ਦੇ ਕੁਲਛੇੜ੍ਰੀ ਫਲ ਨਹੀਂ ਪੁਜ ਸਕਦੇ। ਏਵਡ ਅੰਮ੍ਰਿਤ ਬਿਵਸਥਾ ਅੰਮ੍ਰਿਤ ਨਾਮ ਦੇ ਧਿਆਵਣ ਕਮਾਵਣ ਕਰਿ ਪ੍ਰਾਪਤ ਹੁੰਦੀ ਹੈ। ਵੇਖਿਆ ਅੰਮ੍ਰਿਤ ਨਾਮ ਦੇ ਕਮਾਵਣ ਰੂਪੀ ਗੁਰਮਤਿ ਬਿਬੇਕ ਦਾ ਕੇਵਡ ਉਚਾ ਸੁਚਾ ਪ੍ਰਾਪਤੀ-ਫਲ ਹੈ।

## ੩੩. ਹਰਿ ਕੀਰਤਨ ਕਰਨ ਦੇ ਸੁਖ-ਫਲ :

ਅਗੇ ਚਲ ਕੇ ਇਸ ਗੁਰਵਾਕ ਵਿਖੇ ਹਰਿ ਕੀਰਤਨ ਰੂਪੀ ਸਿਰ ਕਰਮਨ ਕੇ ਕਰਮ ਬਿਬੇਕ ਦੇ ਫਲ ਪ੍ਰਾਪਤ ਦੀ ਮਹਿਮਾ ਵਰਣਨ ਹੈ, ਜਿਸ ਦਾ ਭਾਵ ਸਪੱਸ਼ਟ ਹੀ ਹੈ ਅਤੇ ਹੋਰ ਭੀ ਅਨੇਕ ਗੁਰਵਾਕਾਂ ਤੋਂ ਅਨਿਕ ਪ੍ਰਕਾਰੀ ਮਹਿਮਾ ਇਸ ਕੀਰਤਨ-ਫਲ ਦੀ ਵਿਦਮਾਨ ਹੁੰਦੀ ਹੈ, ਜਿਸ ਦੀ ਵਿਆਖਿਆ ਦੀ ਅਧਿਕ ਲੋੜ ਨਹੀਂ, ਜੈਸਾ ਕਿ ਅਗਲੇਰੇ ਗੁਰ ਪ੍ਰਮਾਣਾਂ ਦੇ ਪਾਠ ਮਾਤਰ ਤੋਂ ਸਪੱਸ਼ਟ ਹੈ :

**ਨਿਰਮਲ ਗੁਣ ਗਾਵਹੁ ਨਿਤ ਨੀਤਿ ॥**
**ਗਈ ਬਿਆਧਿ ਉਬਰੇ ਜਨ ਮੀਤ ॥੩॥੧੭੧॥**

*ਗਉੜੀ ਮ: ੫, ਪੰਨਾ ੨੦੦*

ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ ।।
ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ ।।੪।।੧੫।।੧੫੩।।
*ਗਉੜੀ ਪੂਰਬੀ ਮ: ੫, ਪੰਨਾ ੨੧੩*

ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ।।
ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ।।੧।।੧੭੦।।
*ਗਉੜੀ ਮ: ੫ ਮਾਂਝ, ਪੰਨਾ ੨੧੮*

ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ।।੧।।੧੩੮।।
*ਗਉੜੀ ਪੂਰਬੀ ਮ: ੫, ਪੰਨਾ ੨੧੦*

ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ ।।
ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ ।।੪।।੩।।੧੭੧।।
*ਗਉੜੀ ਮਾਝ ਮ: ੫, ਪੰਨਾ ੨੧੮*

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ ।।
ਣਾ ਹਉ ਣਾ ਤੂ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ।।੧।।੩੧।।
*ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੬*

ਨਾਮ ਅਉਖਧੁ ਜਿਹ ਰਿਦੈ ਹਿਤਾਵੈ ।। ਤਾਹਿ ਰੋਗੁ ਸੁਪਨੈ ਨਹੀ ਆਵੈ ।।੪੫।।
*ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੯*

ਵੈਰ ਵਿਰੋਧ ਮਿਟੇ ਤਿਹ ਮਨ ਤੇ ।। ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ।।੪੬।।
*ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੯*

ਪਾਰਜਾਤੁ ਇਹੁ ਹਰਿ ਕੋ ਨਾਮ ।। ਕਾਮਧੇਨ ਹਰਿ ਹਰਿ ਗੁਣ ਗਾਮ ।।੮।।੨।।
*ਗਉੜੀ ਸੁਖਮਨੀ ਮ: ੫, ਪੰਨਾ ੨੬੫*

ਹਰਿ ਕੇ ਨਾਮ ਸਮਸਰਿ ਕਛੁ ਨਾਹਿ ।।
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ।।੨।।੩।।
*ਗਉੜੀ ਸੁਖਮਨੀ ਮ: ੫, ਪੰਨਾ ੨੬੫*

ਸਰਬ ਰੋਗ ਕਾ ਅਉਖਦੁ ਨਾਮੁ ।। ਕਲਿਆਣ ਰੂਪ ਮੰਗਲ ਗੁਣ ਗਾਮ ।।੫।।੯।।
*ਗਉੜੀ ਸੁਖਮਨੀ ਮ: ੫, ਪੰਨਾ ੨੭੪*

ਗੁਨ ਗਾਵਤ ਤੇਰੀ ਉਤਰਸਿ ਮੈਲੁ ।। ਬਿਨਸਿ ਜਾਇ ਹਉਮੈ ਬਿਖੁ ਫੈਲੁ ।।੭।।੧੯।।
*ਗਉੜੀ ਸੁਖਮਨੀ ਮ: ੫, ਪੰਨਾ ੨੮੯*

ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰਧਾਰਿ ।।੨।।੧।।
*ਗਉੜੀ ਕੀ ਵਾਰ, ਮ: ੪, ਪੰਨਾ ੩੦੦-੦੧*

ਨਾਨਕ ਨਾਮੁ ਪਵਿਤੁ ਹਰਿ ਮੁਖਿ ਬੋਲੀ ਸਭਿ ਦੁਖ ਪਰਹਰੀ ।।੨।।੨।।
*ਗਉੜੀ ਕੀ ਵਾਰ, ਮ: ੪, ਪੰਨਾ ੩੦੧*

ਸਦਾ ਸਦਾ ਗੁਣ ਉਚਰੈ ਦੁਖੁ ਦਾਲਦੁ ਗਇਆ ਬਿਲਾਇ ।।੧।।੧੬।।
*ਗਉੜੀ ਕੀ ਵਾਰ, ਸਲੋਕ ਮ: ੫, ਪੰਨਾ ੩੨੧*

ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥੪॥੧॥੪॥੫੫॥

*ਗਉੜੀ ਕਬੀਰ ਜੀ, ਪੰਨਾ ੩੩੫*

ਮੋਹੁ ਗੁਮਾਨੁ ਗੁਰ ਸਬਦਿ ਜਲਾਏ ॥ ਪੂਰੇ ਗੁਰ ਤੇ ਸੋਝੀ ਪਾਏ ॥੨॥੪੯॥

*ਆਸਾ ਮ: ੩, ਪੰਨਾ ੩੬੪*

ਦੂਖ ਰੋਗ ਭਏ ਗਤੁ ਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥
ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤ ਹੀ ਨ ਜਾਇ ॥੧॥
ਤਪਤਿ ਬੁਝੀ ਗੁਰ ਸਬਦੀ ਮਾਇ ॥
ਬਿਨਸਿ ਗਇਓ ਤਾਪ ਸਭ ਸਹਸਾ ਗੁਰੁ ਸੀਤਲੁ ਮਿਲਿਓ ਸਹਜਿ ਸੁਭਾਇ ॥੧॥ਰਹਾਉ॥

*ਆਸਾ ਮ: ੫, ਪੰਨਾ ੩੭੩*

ਤਾ ਜਗਿ ਆਇਆ ਜਾਣੀਐ ਸਾਚੇ ਲਿਵ ਲਾਏ ॥
ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ ॥੭॥੧੯॥

*ਆਸਾ ਮ: ੧, ਪੰਨਾ ੪੨੧*

ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥
ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥੨੦॥

*ਆਸਾ ਕਬੀਰ ਜੀ, ਪੰਨਾ ੪੮੧*

ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥
ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ॥੧॥੩॥

*ਗੂਜਰੀ ਮ: ੪, ਪੰਨਾ ੪੯੩*

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥੬॥

*ਗੂਜਰੀ ਮ: ੪, ਪੰਨਾ ੪੯੪*

ਮਨ ਹਰਿ ਕੀਰਤਿ ਕਰਿ ਸਦਹੂੰ ॥
ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ ॥੧॥੪॥

*ਦੇਵਗੰਧਾਰੀ ਮ: ੫, ਪੰਨਾ ੫੨੯*

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥
ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ ॥੧॥੨॥

*ਬਿਹਾਗੜਾ ਮ: ੪, ਪੰਨਾ ੫੩੮*

ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥੨॥੮੧॥

*ਸੋਰਠਿ ਮ: ੫, ਪੰਨਾ ੬੨੯*

ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥੩॥੨॥

*ਸੋਰਠਿ ਮ: ੩, ਪੰਨਾ ੬੩੮*

**ਗੁਰਬਾਣੀ ਸੁਣਿ ਮੈਲੁ ਗਵਾਏ ॥**
**ਸਹਜੇ ਹਰਿ ਨਾਮੁ ਮੰਨਿ ਵਸਾਏ ॥੧॥ਰਹਾਉ॥੫॥**

*ਧਨਾਸਰੀ ਮ: ੩, ਪੰਨਾ ੬੬੫*

**ਉਰਧਾਰਿ ਬੀਚਾਰਿ ਮੁਰਾਰਿ ਰਮੋ ਰਮੁ ਮਨਮੋਹਨ ਨਾਮੁ ਜਪੀਨੇ ॥**
**ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ ਗੁਰਿ ਪੂਰੈ ਪ੍ਰਗਟ ਕਰਿ ਦੀਨੇ ॥੧॥**
**ਰਾਮ ਪਾਰਸ ਚੰਦਨ ਹਮ ਕਾਸਟ ਲੋਸਟ ॥**
**ਹਰਿ ਸੰਗਿ ਹਰੀ ਸਤਿਸੰਗੁ ਭਏ ਹਰਿ ਕੰਚਨੁ ਚੰਦਨੁ ਕੀਨੇ ॥੧॥ਰਹਾਉ॥**
**ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ ॥**
**ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਇਉ ਹਰਿ ਪ੍ਰਭੁ ਮੇਰਾ ਭੀਨੇ ॥੨॥੧॥੭॥**

*ਧਨਾਸਰੀ ਮ: ੪, ਪੰਨਾ ੬੬੮*

**ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥**
**ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥**
**ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥**
**ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥**
**ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥**
**ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ॥੨॥੬॥**

*ਸੂਹੀ ਮ: ੫ ਛੰਤ, ਪੰਨਾ ੭੮੦-੮੧*

ਪ੍ਰੀਤਮ ਪ੍ਰਭੂ ਦੇ ਅਬਿਨਾਸ਼ੀ ਅਖੰਡ ਗੁਣਾਂ ਦੇ ਸੁਣਨ ਲਈ ਦੋ ਕੰਨ ਨਹੀਂ, ਜੇ ਕੋਟਾਨ ਕੋਟ ਕੰਨਾਂ ਦੀ ਲੋੜ ਹੋਵੇ ਤਦ ਭੀ ਥੋੜੇ ਹਨ। ਏਵਡ ਮਹਿਮਾ ਮਹਾਤਮ ਹੈ ਗੁਰਬਾਣੀ ਦੇ ਅਖੰਡ ਪਾਠ ਅਤੇ ਅਖੰਡ ਕੀਰਤਨ ਸੁਣਨ ਦਾ। ਅੰਮ੍ਰਿਤ ਬਾਣੀ ਦੇ ਅਖੰਡ ਪਰਵਾਹ ਦੀ ਪਾਰਸ ਕਲਾ ਦਾ ਅਜਿਹਾ ਪ੍ਰਭਾਵ ਵਰਤਦਾ ਹੈ ਕਿ ਸ੍ਰਵਣਾਂ (ਕੰਨਾਂ) ਦੁਆਰਾ ਅਖੰਡ ਪਾਠ ਅਥਵਾ ਕੀਰਤਨ ਦਾ ਸਮੁਚਾ ਅੰਮ੍ਰਿਤੀ ਅਸਰ, ਅਰਥਾਤ, ਤਤਸਾਰ ਅੰਮ੍ਰਿਤ ਅੰਤਰ ਆਤਮੇ (ਘਟ ਅੰਤਰਿ) ਪ੍ਰਵੇਸ਼ ਕਰ ਜਾਂਦਾ ਹੈ ਅਤੇ ਜਿਉਂ ਜਿਉਂ ਇਸ ਅੰਮ੍ਰਿਤ-ਅਸਰ ਦਾ ਪ੍ਰਭਾਵ ਵਰਤਦਾ ਹੈ ਤਿਉਂ ਤਿਉਂ (ਸਹਜ ਧਿਆਨ ਵਿਖੇ) ਲਿਵ ਜੁੜਦੀ ਜਾਂਦੀ ਹੈ। ਉਪਰੋਂ ਦੂਜੀ ਕਲਾ ਇਹ ਵਰਤਦੀ ਹੈ (ਜੋ ਕਿ ਅਖੰਡ ਪਾਠ ਅਥਵਾ ਅਖੰਡ ਕੀਰਤਨ ਸੁਣਨ ਦਾ ਤਤ ਮਹਾਤਮ ਹੈ) ਕਿ ਨਾਮ ਅਭਿਆਸ ਦਾ ਅਤੁੱਟ ਪ੍ਰਵਾਹ ਆ-ਮੁਹਾਰਾ ਅਜਿਹਾ ਚਲਦਾ ਹੈ ਕਿ ਅਭਿਆਸੀ ਨੂੰ ਇਕ ਚੁੰਬਕ ਕਲਾ ਨਾਲ ਸਹਜ ਸਮਾਧ ਵਿਖੇ ਇਸਥਿਤ ਕਰ ਦਿੰਦਾ ਹੈ।

## ੩੪. ਕਲਜੁਗ ਵਿਚ ਅਖੰਡ-ਕੀਰਤਨ ਤੇ ਅਖੰਡ ਪਾਠ ਅਸਥਾਨ ਸੱਚਾ ਇਕਾਂਤ ਤੇ ਸ਼ਾਂਤਮਈ ਗੁਫਾ ਅਸਥਾਨ :

ਕਲਜੁਗ ਵਿਖੇ ਅਖੰਡ ਕੀਰਤਨ ਅਥਵਾ ਅਖੰਡ ਪਾਠ ਦੇ ਸਮਾਗਮ ਤੋਂ ਵਧ ਕੇ ਹੋਰ ਕੋਈ ਸਤਿਸੰਗ ਨਹੀਂ। ਸਤਿਸੰਗ ਹੀ ਕਲਜੁਗ ਅੰਦਰ ਸੱਚੀ ਗੁਫਾ ਹੈ, ਜਿਸ

ਵਿਚ ਨਿਵਾਸ ਕਰ ਕੇ ਸਹਜ ਸਮਾਧਿ ਲਗ ਸਕਦੀ ਹੈ, ਹੋਰਤ ਕਿਸੇ ਉਪਾਵ ਦੁਆਰਾ ਏਕਾਂਤ ਸ਼ਾਂਤਿ ਪ੍ਰਾਪਤ ਨਹੀਂ ਹੋ ਸਕਦੀ। ਜਿਥੇ ਫੁਰਨੇ ਅਤੇ ਸੰਕਲਪ ਵਿਕਲਪਾਂ ਦੀ ਧੜਖਸ ਮਚੀ ਹੋਵੇ, ਉਸ ਰਿਦੇ-ਅਸਥਾਨ ਵਿਖੇ, ਜਿਥੇ ਅਭਿਮਾਨ ਦਾ ਨਿਵਾਸ ਹੈ, ਉਥੇ ਏਕਾਂਤ ਕਿਹੀ ਅਤੇ ਸ਼ਾਂਤਿ ਕਾਹਦੀ ? ਚਾਹੇ ਕਿਸੇ ਭੀ ਏਕਾਂਤ ਗੁਫਾ ਅੰਦਰ ਚਲ ਬਸੇ, ਏਕਾਂਤ-ਸ਼ਾਂਤਿ ਤਦ ਭੀ ਪ੍ਰਾਪਤ ਨਹੀਂ ਹੋ ਸਕਦੀ, ਕਿਉਂਕਿ ਸੰਕਲਪ-ਵਿਕਲਪੀ ਫੁਰਨੇ ਜਿਥੇ ਜਾਓ ਤਿਥੇ ਹੀ ਨਾਲ ਦੇ ਨਾਲ ਜਾਣਗੇ। ਏਹਨਾਂ ਫੁਰਨਿਆਂ ਦਾ ਅਭਾਵ ਜਦ ਤਕ ਨਹੀਂ ਹੁੰਦਾ ਤਦ ਤੀਕ ਸ਼ਾਂਤਿ-ਏਕਾਂਤ-ਪ੍ਰਾਪਤੀ ਕਿਥੇ! ਅਤੇ ਸ਼ਾਂਤਿ-ਏਕਾਂਤ ਬਿਨਾਂ ਸਹਜ ਸਮਾਧ ਨਹੀਂ ਲਗ ਸਕਦੀ। ਏਹਨਾਂ ਫੁਰਨਿਆਂ ਕਫੁਰਨਿਆਂ ਦਾ ਇਕੋ ਇਲਾਜ ਸਾਧ ਸੰਗਤਿ, ਅਰਥਾਤ, ਗੁਰਬਾਣੀ ਦੇ ਅਖੰਡ ਪਾਠ ਅਥਵਾ ਅਖੰਡ ਕੀਰਤਨ ਦਾ ਗੁਰਮਤਿ ਸਮਾਗਮ ਹੈ। ਬਸ, ਏਥੇ, ਕੇਵਲ ਏਥੇ ਹੀ ਸਹਜ ਸਮਾਧਿ ਲਗ ਸਕਦੀ ਹੈ ਅਤੇ ਇਹੋ, ਕੇਵਲ ਇਹੋ ਹੀ ਏਕਾਂਤ ਸ਼ਾਂਤਮਈ ਸੱਚਾ ਗੁਫਾ-ਅਸਥਾਨ ਹੈ। ਏਥੇ ਹੀ ਬੈਸ ਕੇ (ਨਿਵਾਸ ਰਖ ਕੇ) ਅਕਾਲ ਪੁਰਖ ਦੇ ਅਬਿਨਾਸ਼ੀ ਗੁਣ ਸੁਣਨ ਦੀ ਪਰਤੱਖ ਕਲਾ ਕਮਾਈ ਦੇ ਤੁਫ਼ੈਲ 'ਮਨ ਕੀ ਦੁਰਮਤਿ' ਨਾਸ ਹੁੰਦੀ ਹੈ ਅਤੇ ਸਭ ਕਲਮਲ ਦੁਖ ਦੂਰ ਹੁੰਦੇ ਹਨ ਅਤੇ ਕਾਲ ਦੀ ਭਰਮ-ਫਾਸੀ ਕੱਟੀ ਜਾਂਦੀ ਹੈ। ਐਸਾ ਮਹਾਤਮ ਹੈ ਅਬਿਨਾਸ਼ੀ ਗੁਣਾਂ ਦੇ ਸ੍ਰਵਣ ਮਾਤਰ ਦਾ। ਹੇ ਅਕਾਲ ਪੁਰਖ ਪ੍ਰੀਤਮ ਸੁਆਮੀ ਸਤਿਗੁਰ ਜੀ! ਅਸਾਂ ਕਲਜੁਗੀ ਜੀਵਾਂ ਨੂੰ ਕੋਟਿ ਕਰਨ (ਕੰਨ) ਦੇਵੋ, ਜਿਸ ਕਰਕੇ ਅਖੰਡਾਕਾਰ ਬਿਰਤੀ ਵਿਚ ਤੇਰੇ ਅਬਿਨਾਸ਼ੀ ਗੁਣਾਂ ਦੀ ਕੀਰਤੀ ਮਹਿਮਾ ਨੂੰ ਸਦਾ ਸੁਣਦੇ ਰਹੀਏ। ਅਤੇ ਸਰੀਰ ਦੀ ਸਾਰੀ ਰੋਮਾਵਲੀ ਜਿੰਨੀਆਂ ਰਸਨਾਂ ਜਿਹਬਾਂ ਦੇਵੋ ਜਿਸ ਕਰਕੇ ਕਿ ਰੋਮ ਰੋਮ ਤੇਰੇ ਅਬਿਨਾਸ਼ੀ ਗੁਰਮਤਿ ਨਾਮ ਦਾ ਹੀ ਅਭਿਆਸ ਅਹਿਨਿਸ ਹੁੰਦਾ ਰਹੇ। ਜੈਸਾ ਕਿ ਅਗਲੇਰੇ ਗੁਰਵਾਕ ਦਾ ਪਵਿੱਤਰ ਉਚ ਭਾਵ ਹੈ। ਯਥਾ ਗੁਰ ਪ੍ਰਮਾਣ :

**ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥**
**ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥**
**ਹਰਿ ਆਰਾਧੇ ਜਮ ਪੰਥੁ ਸਾਧੇ ਦੂਖੁ ਨ ਵਿਆਪੈ ਕੋਈ ॥**
**ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ ॥**
**ਭਰਮ ਮੋਹ ਬਿਕਾਰ ਨਾਠੇ ਪ੍ਰਭੁ ਨੇਰਹੂ ਤੇ ਨੇਰਾ ॥**
**ਨਾਨਕ ਕਉ ਪ੍ਰਭ ਕਿਰਪਾ ਕੀਜੈ ਨੇਤ੍ਰ ਦੇਖਹਿ ਦਰਸੁ ਤੇਰਾ ॥੧॥੬॥**

*ਸੂਹੀ ਮ: ੫ ਛੰਤ, ਪੰਨਾ ੭੮੦*

ਏਹਨਾਂ ਉਪਰਲੇ ਸਰਬਤ੍ਰ ਗੁਰ ਪ੍ਰਮਾਣਾਂ (ਗੁਰਵਾਕ ਰੂਪੀ ਪ੍ਰਮਾਣਾਂ) ਤੋਂ ਭਲੀ ਪ੍ਰਕਾਰ ਸਿਧ ਹੋ ਗਿਆ ਕਿ ਸਿਫਤਿ-ਸਾਲਾਹ ਰੂਪੀ ਹੁਕਮ ਦੇ ਕਮਾਵਣ ਦੀ ਮਹਿਮਾ ਅਪਰ ਅਪਾਰ ਹੈ। ਜੇਵਡਾ ਉਚਾ ਇਸ ਦਾ ਮਹਾਤਮ ਅਤੇ ਪਾਰਸ-ਬੂਟੀ-ਫਲ ਸਿਧਾਂਤ ਹੈ, ਤੇਵਡ ਪਰਮ ਜ਼ਰੂਰੀ ਇਸ ਹੁਕਮ ਦਾ ਕਮਾਵਣਾ ਹੈ। ਤਾਂ ਤੇ ਸਿਫਤਿ-ਸਾਲਾਹ ਮਈ ਮੁਖ ਸਾਰ ਸਿਰਤਾਜ ਹੁਕਮ ਦਾ ਕਮਾਵਣਾ ਪਰਮ ਉੱਚਾ ਸੁੱਚਾ ਬਿਬੇਕ ਹੈ, ਜਿਸ ਦਾ ਕਮਾਵਣਾ ਗੁਰਮਤਿ ਅੰਦਰਿ ਸਿਖ ਮਾਤਰ ਦਾ ਫ਼ਰਜ਼ ਹੈ, ਜਿਸ ਹੁਕਮ ਦੇ ਕਮਾਏ ਬਿਹੂਣ ਗੁਰਸਿਖ ਦਾ ਸਿੱਖੀ ਕਰਮ ਅਧੂਰਾ ਹੈ ਤੇ ਲੇਖੇ ਨਹੀਂ ਪੈਂਦਾ।

## ੩੫. ਜਪ ਨੀਸਾਣੁ ਗੁਰਮਤਿ ਮਹਿਮਾ ਤੇ ਸਿਫਤਿ-ਸਾਲਾਹ :

ਗੁਰੂ ਕੇ ਸਿਖ ਦਾ ਮੁਖ ਕਰਮ ਹੈ ਗੁਰੂ ਕਾ ਹੁਕਮ ਮੰਨਣਾ ਅਤੇ ਹੁਕਮ ਅਨੁਸਾਰ ਚੱਲਣਾ, ਅਤੇ ਮੁਖ ਹੁਕਮ ਗੁਰੂ ਕਾ ਹੈ ਨਾਮ-ਸਿਫਤਿ-ਸਾਲਾਹ, ਜੈਸਾ ਕਿ "ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ"[1] ਆਦਿਕ ਪਿਛੇ ਦਰਸਾਏ ਗੁਰ ਪ੍ਰਮਾਣਾਂ ਤੋਂ ਸਪੱਸ਼ਟ ਸਿਧ ਹੋ ਚੁਕਾ ਹੈ। ਬਸ, ਜੋ ਇਸ ਹੁਕਮ ਨੂੰ ਮੰਨਦਾ ਹੈ ਓਸੇ ਦੀ ਗੁਰਸਿੱਖੀ ਲੇਖੇ ਪੈਂਦੀ ਹੈ। ਯਥਾ ਗੁਰਵਾਕ :

**ਮੰਨੇ ਨਾਉ ਸੋਇ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥੧੪॥**

*ਸਲੋਕੁ ਮ: ੧, ਰਾਮਕਲੀ ਕੀ ਵਾਰ ਮ: ੩, ਪੰਨਾ ੯੫੪*

ਏਸੇ ਨਾਮ ਰੂਪੀ ਹੁਕਮ ਨੂੰ ਮੁਖ ਕਰਮ ਜਣਾਵਣ ਲਈ ਸ੍ਰੀ ਜਪੁ ਜੀ ਸਾਹਿਬ ਦੇ ਅਰੰਭ ਵਿਖੇ ਜਪ ਨੀਸਾਣੀ ਹੁਕਮ ਚੜ੍ਹਿਆ ਹੋਇਆ ਹੈ ਕਿ "ਜਪੁ"! ਮੂਲ ਮੰਤ੍ਰ ਮੰਗਲਾਚਰਣ ਪਸਚਾਤ ਮੁਢ ਮੁਖੀ ਹੁਕਮ ਚੜ੍ਹਦਾ ਹੈ "ਜਪੁ"! ਇਹ ਮੁਖ ਹੁਕਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਆਦਿ ਇਹੋ 'ਜਪੁ' ਨੀਸਾਣ ਹੈ, ਜੋ ਹੁਕਮ ਦੀ ਮੁਖ ਤਾੜਨਾ ਮਈ ਸ਼ਕਲ ਵਿਚ ਮਾਨੋ ਨਗਾਰੇ ਦੀ ਚੋਟ ਲਾ ਕੇ ਦ੍ਰਿੜ੍ਹਾਇਆ ਹੈ। ਏਸੇ ਦ੍ਰਿੜ੍ਹਾਵਣ ਖ਼ਾਤਰ ਹੀ ਇਹ ਨਗਾਰਾ ਸਮੱਗਰ ਬਾਣੀ ਅੰਦਰਿ, ਵਾਕ ਵਾਕ ਅੰਦਰਿ, ਸ਼ਬਦ ਮਾਤਰ ਅੰਦਰਿ ਵਜਦਾ ਹੈ। ਏਸੇ ਹੁਕਮ ਨਗਾਰੇ ਦੀ ਚੋਟ ਬਾਣੀ ਦੇ ਆਦਿ, ਮਧ, ਅੰਤ ਵਿਖੇ (ਜਿਥੇ ਦੇਖੋ ਤਿਥੇ ਹੀ) ਪੈਂਦੀ ਹੈ। ਅਤੇ ਇਹ ਚੋਟ ਇਸ ਕਰਕੇ ਬਾਰੰਬਾਰ ਹੀ ਅਖੰਡਾਕਾਰ ਧੁਨਕਾਰ ਵਿਚ ਪੈਂਦੀ ਹੈ ਕਿ ਸਭ ਨੂੰ ਪਤਾ ਲਗ ਜਾਵੇ ਤੇ ਸਭ ਦੇ ਕੰਨ ਖੁਲ੍ਹ ਜਾਣ ਕਿ ਇਹੀ ਹੁਕਮ ਹੈ ਜਿਸ ਦਾ ਮੰਨਣਾ ਕਮਾਉਣਾ ਪ੍ਰਾਣੀ ਮਾਤ੍ਰ ਜਗਿਆਸੂ ਸਿਖ ਦਾ ਮੁਖ ਧਰਮ ਕਰਮ ਹੈ। ਇਹ ਨਗਾਰੇ ਦੀ ਚੋਟ ਏਸੇ ਕਰਕੇ ਪੈਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦਸੇ ਜਾਮਿਆਂ ਅੰਦਰਿ ਏਸੇ ਮੁਖ ਹੁਕਮ ਨੂੰ ਮਨਾਵਣ, ਦ੍ਰਿੜ੍ਹਾਵਣ ਅਤੇ ਏਸੇ ਹੁਕਮ ਉਪਰ ਸੰਸਾਰੀ ਬੰਦਿਆਂ ਨੂੰ ਚਲਾਵਣ ਆਏ। ਏਸ ਨਗਾਰੇ ਦੀ ਬਾਰੰਬਾਰੀ ਅਤੇ ਲਗਾਤਾਰੀ ਚੋਟ ਇਸ ਕਰਕੇ ਛਮਾ ਛਮ ਪੈਂਦੀ ਹੈ ਕਿ ਸੰਸਾਰ ਦੇ ਕਲਜੁਗੀ ਜੀਵਾਂ ਦੀ ਕਲਿਆਣ ਹੀ ਇਸ ਜਪ ਨੀਸਾਣੀਏ ਹੁਕਮ ਦੇ ਕਮਾਵਣ ਅੰਦਰ ਹੈ। ਏਸ ਨਗਾਰੇ ਦੀ ਚੋਟ ਇਸ ਕਰਕੇ ਦਬਾ ਦਬ ਪੈਂਦੀ ਹੈ ਕਿ ਇਸ ਹੁਕਮ ਤੋਂ ਘੁਥੇ ਹੋਏ ਸੰਸਾਰੀ ਜੀਵਾਂ ਨੂੰ ਇਸ ਹੁਕਮ ਕਮਾਵਣ ਦੀ ਸੋਝੀ (ਹੋਸ਼) ਆ ਜਾਵੇ। ਏਸ ਨਗਾਰੇ ਦੀ ਚੋਟ ਏਸ ਕਰਕੇ ਬਾਰੰਬਾਰ ਲਾਉਣੀ ਪਈ ਕਿ ਇਸ ਹੁਕਮ ਤੋਂ ਭੁਲੇ ਹੋਏ ਜੀਵ ਇਕ ਵਾਰ ਹੋਸ਼ ਵਿਚ ਆ ਕੇ ਫੇਰ ਭੁਲ ਵਿਚ ਨਾ ਜਾ ਪੈਣ। ਏਸ ਨਗਾਰੇ ਨੂੰ ਏਸ ਕਰਕੇ ਖਿਨ ਖਿਨ ਚੋਟ ਲਾਉਣ ਦੀ ਲੋੜ ਪਈ ਕਿ ਇਸ ਹੁਕਮ ਦੀ ਯਾਦ ਨੂੰ ਖਿਨ ਖਿਨ ਭੁਲਣਹਾਰ ਜੀਵ ਹਰ ਦਮ ਯਾਦ ਰਖਣ। ਇਸ ਨਗਾਰੇ ਦੀ ਇਕ-ਤਾਰ ਚੋਟ ਇਸ ਕਰਕੇ ਪੈਂਦੀ ਹੈ ਕਿ ਇਸ ਯਾਦ ਵਿਚ ਸੁਰਜੀਤ ਹੋਏ ਜਗਿਆਸੂ ਜਨ ਕਿਤੇ ਖਿਨ ਮਾਤਰ ਭੀ ਇਸ ਯਾਦ ਤੋਂ ਭੁਲ ਨਾ ਬੈਠਣ! ਗੱਲ ਕੀ, ਇਸ ਨਗਾਰੇ ਦੀ ਅਨਹਦੀ ਚੋਟ ਦਾ ਤਤ ਭਾਵ ਇਸ ਯਾਦ ਨੂੰ ਪਕਾਣ ਦ੍ਰਿੜ੍ਹਾਵਣ ਅਤੇ ਦ੍ਰਿੜ੍ਹਾਈ ਰਖਾਵਣ ਦਾ ਹੈ। ਏਸੇ ਕਰਕੇ

---

1. ਸਿਰੀਰਾਗੁ ਮ: ੧, ਅੰਕ ੫, ਪੰਨਾ ੭੨

ਹੀ ਏਸ ਹੁਕਮ ਦਾ ਢੰਡੋਰਾ ਬਾਣੀ ਦੀ ਤੁਕ ਤੁਕ ਅੰਦਰਿ ਫੇਰਿਆ ਹੈ। ਇਹ ਗਗਨ ਦਮਾਮਾ ਜਪੁ ਨੀਸਾਣ ਦਾ ਸਰੂਪ ਹੋ ਕੇ ਅਤੇ ਹੁਕਮ ਦੇ ਝੰਡੇ ਨੂੰ ਲੈ ਕੇ ਸਮੱਗਰ ਬਾਣੀ ਦੇ ਆਦਿ, ਮਧ, ਅੰਤ ਵਿਖੇ ਸਰਬਦਾ ਵਜਦਾ ਗਜਦਾ ਹੈ। ਐਥੋਂ ਤੀਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁਢ ਅਰੰਭਕ ਬਾਣੀ ਸ੍ਰੀ ਜਪੁ ਜੀ ਸਾਹਿਬ ਦੇ ਆਦਿ ਵਿਖੇ ਜਪੁ ਨੀਸਾਣ ਦੀ ਘਨਘੋਰ ਜਿਉਂ ਅਰੰਭ ਹੋਈ ਹੈ ਕਿ ਸੰਪੂਰਨ ਗੁਰਬਾਣੀ ਅੰਦਰਿ ਅਨਿਕ ਪ੍ਰਕਾਰੀ ਚੋਟਾਂ, ਗੂੰਜਾਂ, ਅਤੇ ਗੜਗੱਜਾਂ ਦੀ ਸ਼ਕਲ ਵਿਚ ਧੁਰ ਹੁੰਦੀ ਹੀ ਚਲੀ ਗਈ। ਸ੍ਰੀ ਜਪੁਜੀ ਸਾਹਿਬ ਦੇ ਭੋਗ ਦੀ ਤੁਕ ਉਤੇ ਜਦ ਭੋਗ ਪਿਆ, ਤਦ ਭੀ ਅਸੀਂ ਕੀ ਡਿਠਾ ਸੁਣਿਆ ਕਿ "ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥"[1] ਰੂਪੀ ਗੁਰ ਹੁਕਮ ਦੇ ਓਸੇ ਨਗਾਰੇ ਵਾਲੀ ਗੂੰਜ ਅਸਾਡੇ ਕੰਨਾਂ ਅੰਦਰ ਅਨਹਦ ਝੁੰਨਕਾਰ ਦੀ ਸ਼ਕਲ ਵਿਚ ਪੈਂਦੀ ਹੈ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਭੋਗ ਵਾਲੀ ਅੰਤਲੀ ਤੁਕ ਭੀ 'ਨਾਮੁ'-ਹੁਕਮ ਦੀਆਂ ਗੂੰਜਾਂ ਵਾਲੀ ਸਦਾ ਯਾਚਨਾ ਮਈ ਮਧੁਰ ਧੁਨੀ ਵਿਚ ਇਸ ਬਿਧਿ ਗੂੰਜਦੀ ਹੈ:

**ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥**

*ਸਲੋਕ ਮ: ੫, ਪੰਨਾ ੧੪੨੯*

## ੩੬. ਸਚਿਆਰ ਸਿਖ ਬਿਬੇਕੀ ਦੀ ਪੂਰਨ ਪਛਾਣ:

ਸੋ ਗੁਰੂ ਕੇ ਐਸੇ ਅਪਰ ਅਪਾਰ ਅਤੇ ਤਤ ਸਾਰ ਹੁਕਮ ਦਾ ਪਾਲਣਾ ਅਤੇ ਤਿਆਰ-ਬਰ-ਤਿਆਰ ਹੋ ਕੇ ਕਮਾਉਣਾ ਸਚਿਆਰ ਸਿਖ ਦਾ ਪਰਮ ਧਰਮ ਹੈ ਅਤੇ ਉਹੀ ਸੱਚਾ ਬਿਬੇਕੀ ਜਨ ਹੈ ਜੋ ਇਸ ਪਰਮ ਧਰਮ ਨੂੰ ਹਰ ਦਮ ਕਮਾਵਣਹਾਰਾ ਹੈ। ਜੋ ਸਿਖ ਗੁਰੂ ਕੇ ਇਸ ਹੁਕਮ ਕਮਾਵਣ ਨੂੰ ਆਪਣਾ ਪਰਮ ਧਰਮ ਨਹੀਂ ਸਮਝਦਾ ਉਹ ਗੁਰੂ ਕਾ ਸਚਿਆਰ ਸਿਖ ਕਹਾਵਣ ਦਾ ਅਧਿਕਾਰੀ ਨਹੀਂ, ਕਿਉਂਕਿ ਅਸਲ ਸਿਖ ਦੀ, ਅਰਥਾਤ, ਸਚਿਆਰ ਸਿਖ ਬਿਬੇਕੀ ਜਨ ਦੀ ਪੂਰਨ ਪਛਾਣ ਇਸ ਗੁਰ ਵਾਕ ਅੰਦਰ ਹੈ:

**ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥**
**ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥...੧॥੬॥**

*ਸੋਰਠਿ ਮ: ੩, ਪੰਨਾ ੬੦੧*

ਗੁਰੂ ਸਾਹਿਬ ਉਸ ਗੁਰ-ਜਨ ਨੂੰ ਕਿੱਡੀ ਵਡਿਆਈ ਦਿੰਦੇ ਹਨ ਜੋ ਕਿ ਗੁਰੂ ਕੇ ਭਾਣੇ ਅੰਦਰ ਕਾਰ ਕਮਾਵਣਹਾਰਾ ਹੈ। ਗੁਰੂ ਕੇ ਭਾਣੇ ਅੰਦਰ ਆਉਣ ਵਾਲੇ, ਅਰਥਾਤ, ਗੁਰੂ ਦੇ ਹੁਕਮਾਂ ਅੰਦਰ ਕਾਰ ਕਮਾਵਣਹਾਰੇ, ਗੁਰੂ ਦੇ ਹੁਕਮ ਰਜਾਈ ਚਲਣ-ਹਾਰੇ ਜਗਿਆਸੂ ਜਨ ਨੂੰ ਗੁਰੂ ਸਾਹਿਬ ਅਸਲ ਸਚਿਆਰ ਸਿਖ ਦਾ ਮਰਤਬਾ ਦਿੰਦੇ ਹਨ। ਅਤੇ ਪ੍ਰੇਮ ਹਿਤਕਾਰ ਭਰੇ ਪਦਾਂ ਵਿਚ ਆਖਦੇ ਹਨ ਕਿ ਜੋ ਗੁਰੂ ਕੇ ਭਾਣੇ ਅੰਦਰ

1. ਜਪੁ ਜੀ, ਸਲੋਕ, ਪੰਨਾ ੮

ਆਉਣਹਾਰਾ ਹੈ ਉਹੀ ਅਸਾਡਾ ਪਿਆਰਾ ਦੁਲਾਰਾ ਸੱਚਾ ਸਿਖ ਹੈ, ਸਿਰਫ਼ ਸਿਖ ਹੀ ਨਹੀਂ, ਸੱਜਣ ਭੀ ਉਹੀ ਹੈ ਅਤੇ ਉਹੀ ਸੱਚਾ ਸਨਬੰਧੀ (ਰਿਸ਼ਤੇਦਾਰ) ਹੈ ਅਤੇ ਉਹੀ ਅਸਾਡਾ ਭਾਈ (ਭਰਾਤਾ) ਹੈ। ਗੁਰੂ ਸਾਹਿਬ ਗੁਰ ਭਾਣੇ ਅੰਦਰ ਆਵਣਹਾਰੇ ਗੁਰਸਿਖ ਨੂੰ ਕੇਵਡ ਵੱਡਾ ਮਰਤਬਾ ਦੇ ਕੇ ਵਡੀਰਦੇ ਹਨ। ਸਖਾ, ਬੰਧਪ, ਭਾਈ ਦੀ ਵਡਿਆਈ ਦੇਣ ਤਾਈਂ ਭੀ ਜਾਂਦੇ ਹਨ, ਪਰ ਉਸ ਸਚਿਆਰ ਸਿਖ ਨੂੰ, ਜਿਹੜਾ ਕਿ ਗੁਰੂ ਕੇ ਭਾਣੇ ਅੰਦਰ ਆ ਗਿਆ ਹੈ। ਅਤੇ ਜਿਹੜੇ ਗੁਰੂ ਤੋਂ ਬੇਮੁਖ ਹੋ ਕੇ ਆਪਣੇ ਮਨ-ਮੰਨੇ (ਮਨ ਦੀ ਮਤਿ ਵਾਲੇ) ਭਾਣੇ (ਮਨਮਤੇ) ਅਨੁਸਾਰ ਚਲਦਾ ਹੈ ਓਸ ਨੂੰ ਆਖਦੇ ਹਨ ਕਿ ਓਹ ਅਸਾਥੋਂ ਵਿਛੜਿਆ ਹੋਇਆ ਹੈ। ਅਤੇ ਇਸ ਬਿਧਿ ਵਿਛੜ ਕੇ (ਵਿਛੜਿਆ ਹੋਇਆ) ਚੋਟਾਂ ਖਾਂਦਾ ਹੈ ਤੇ ਖਾਵੇਗਾ। 'ਗੁਰ ਕੇ ਭਾਣੇ' ਦਾ ਭਾਵ ਏਥੇ ਗੁਰੂ ਕਾ ਹੁਕਮ ਹੈ। ਅਤੇ 'ਗੁਰ ਕੇ ਭਾਣੇ ਅੰਦਰ ਆਉਣ' ਦਾ ਭਾਵ ਗੁਰੂ ਕਾ ਹੁਕਮੀ ਬੰਦਾ ਹੋ ਕੇ ਗੁਰੂ ਦੀ ਹੁਕਮ ਕੀਤੀ (ਹੁਕਮ ਅਨੁਸਾਰ) ਕਾਰ ਕਮਾਵਣ ਦਾ ਹੈ।

## ੩੭. ਗੁਰੂ ਕੇ ਭਾਣੇ ਵਿਚ ਚਲਣਾ ਤੇ ਹੁਕਮ ਮੰਨਣਾ ਇਕੋ ਭਾਵ ਹੈ : ਭਾਣਾ, ਹੁਕਮ, ਤੇ ਨਾਮ ਇਕੋ ਭਾਵ ਅਰਥ ਰਖਦੇ ਹਨ :

ਗੁਰੂ ਕਾ ਭਾਣਾ ਸੋ ਹੈ ਜੋ ਗੁਰੂ ਨੂੰ ਭਾਵੇ। ਜੋ ਕੁਛ ਗੁਰੂ ਨੂੰ ਭਾਉਂਦਾ ਹੈ ਓਹੋ ਗੁਰੂ ਹੁਕਮ ਕਰਦਾ ਹੈ ਕਿ ਕਮਾਓ। ਕਮਾਉਣ ਯੋਗ ਕਾਰ (ਜੋ ਗੁਰੂ ਨੂੰ ਭਾਉਂਦੀ ਹੈ) ਨਾਮ ਸਿਫਤਿ-ਸਾਲਾਹ ਹੈ। ਤਾਂ ਤੇ ਨਾਮ ਦਾ ਜਪਣਾ ਅਰਥਾਤ ਨਾਮ ਜਪਣ ਰੂਪੀ ਕਾਰ ਕਮਾਈ ਦਾ ਕਰਨਾ, ਭਾਵ, ਨਾਮ ਦਾ ਕਮਾਵਣਾ ਹੀ ਗੁਰੂ ਕੇ ਭਾਣੇ ਵਿਚ ਆਵਣਾ (ਗੁਰੂ ਕੇ ਭਾਣੇ ਅੰਦਰ ਚਲਣਾ) ਹੈ। ਗੱਲ ਕੀ, ਗੁਰੂ ਕੇ ਭਾਣੇ ਅਤੇ ਹੁਕਮ ਦਾ ਗੁਰਮਤਿ ਅੰਦਰ ਇਕੋ ਹੀ ਭਾਵ-ਅਰਥ ਹੈ। 'ਭਾਣਾ', 'ਹੁਕਮ', 'ਨਾਮ' ਤਿੰਨੇ ਹੀ ਗੁਰਮਤਿ ਅੰਦਰ (ਭਾਵ, ਗੁਰਬਾਣੀ ਅੰਦਰ) ਸਮਵਰਤੀ ਬਿਵਸਥਾ ਵਾਲੇ ਸਮਭਾਵੀ ਪਦ ਹਨ। ਇਸ ਦੀ ਪ੍ਰੋੜ੍ਹਤਾ ਲਈ ਅਨੇਕਾਂ ਗੁਰ-ਪ੍ਰਮਾਣ ਮਿਲ ਸਕਦੇ ਹਨ। ਪ੍ਰੰਤੂ ਵੰਨਗੀ ਮਾਤਰ ਕੁਛ ਪ੍ਰਮਾਣ ਹੇਠਾਂ ਦਿਤੇ ਜਾਂਦੇ ਹਨ। ਅਤੇ ਏਹਨਾਂ ਪ੍ਰਮਾਣਾਂ ਦੀ ਸੰਖੇਪ ਵਿਆਖਿਆ ਭੀ ਸਾਥ ਲਿਖੀ ਜਾਂਦੀ ਹੈ। ਯਥਾ :

(ੳ) **ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥**
**ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥...**
**ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥੧੯॥**

*ਸਿਰੀਰਾਗੁ ਮ: ੩ ਅਸਟ:, ਪੰਨਾ ੬੫*

ਏਥੇ ਸਾਫ਼ ਸਪੱਸ਼ਟ ਹੈ ਕਿ ਸਤਿਗੁਰ ਕਾ ਭਾਣਾ ਕਮਾਵਣਾ, ਨਾਮ ਜਪਣਾ (ਸਿਫਤਿ-ਸਾਲਾਹ ਕਰਨਾ) ਅਥਵਾ ਗੁਰ ਕਾ ਸ਼ਬਦ ਕਮਾਵਣਾ ਹੈ। ਇਹੋ ਸਤਿਗੁਰ ਦਾ ਹੁਕਮ ਹੈ। ਅਰਥਾਤ, ਹੁਕਮ ਅਤੇ ਭਾਣਾ ਇਕੋ ਗੁਰ-ਸ਼ਬਦ (ਨਾਮ) ਦਾ ਕਮਾਵਣਾ ਹੈ। ਐਸੇ ਸ਼ਬਦ ਕਮਾਈ ਵਾਲੇ, ਸਿਫਤਿ-ਸਾਲਾਹੀ ਹੁਕਮ ਰਜ਼ਾ ਦਾ ਭਾਣਾ ਕਮਾਵਣਹਾਰੇ ਪ੍ਰੇਮੀ ਜਨਾਂ ਦਾ ਹੀ ਸਤਿਗੁਰ ਨਾਲ ਸੱਚਾ ਪ੍ਰੇਮ ਪਿਆਰ ਹੈ ਅਤੇ ਸੋਈ

ਸਤਿਗੁਰ ਦੇ ਸੱਚੇ ਸਿਖ ਹੈਨ। ਤਿਨ੍ਹਾਂ ਸਿੱਖਾਂ ਦਾ ਨਾਉਂ ਹੀ ਸਾਰ ਅਤੇ ਸਚਿਆਰ ਬਿਬੇਕੀ ਸਿਖ ਹੈ।

**(ਅ) ਮਨ ਰੇ ਗੁਰ ਕੀ ਕਾਰ ਕਮਾਇ ॥**
**ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ਰਹਾਉ॥੨੦॥**
*ਸਿਰੀਰਾਗੁ ਮ: ੩ ਅਸਟ:, ਪੰਨਾ ੬੬*

ਏਥੇ ਭੀ ਸਾਫ਼ ਸਪੱਸ਼ਟ ਤੌਰ ਪਰ 'ਗੁਰ ਕੀ ਕਾਰ ਕਮਾਵਣ', 'ਗੁਰ ਕੈ ਭਾਣੈ ਚਲਣ' ਅਤੇ ਅਹਿਨਿਸ ਨਾਮ ਵਿਖੇ ਰਚੇ ਰਹਿਣ ਦੀ ਇਕੋ ਭਾਵ-ਅਰਥੀ ਬਿਵਸਥਾ ਵਰਣਨ ਕੀਤੀ ਗਈ ਹੈ। ਗੁਰ ਕੀ ਕਾਰ ਤੋਂ ਭਾਵ ਗੁਰੂ ਫ਼ੁਰਮਾਈ ਗੁਰ-ਭਗਤੀ ਰੂਪੀ ਕਾਰ ਹੈ। ਅਤੇ 'ਗੁਰ ਕੀ ਕਾਰ ਕਮਾਇ' ਤੋਂ ਭਾਵ ਗੁਰਮਤਿ ਭਗਤਿ-ਕਮਾਈ, ਅਰਥਾਤ, ਗੁਰ ਦਰਸਾਈ ਭਗਤੀ ਦਾ ਕਮਾਉਣਾ ਹੈ ਅਤੇ 'ਗੁਰ ਕੈ ਭਾਣੈ ਚਲਣ' ਦੀ ਪੱਕੀ ਪਛਾਣ ਦਿਨ ਰਾਤ ਨਾਮ ਅਭਿਆਸ ਅੰਦਰ ਰਚੇ ਰਹਿਣਾ ਹੈ। ਇਹੋ ਗੁਰੂ ਕਾ ਸਾਰ ਹੁਕਮ, ਹੁਕਮਨ ਸਿਰ ਹੁਕਮ ਹੈ, ਜੋ ਸਭ ਤੋਂ ਵਧ ਕੇ ਗੁਰੂ ਨੂੰ ਭਾਉਂਦਾ ਹੈ। ਗੁਰੂ ਚਾਹੁੰਦਾ ਹੈ ਕਿ ਗੁਰੂ ਕੇ ਸਿਖ ਸਦਾ ਇਸ ਹੁਕਮ ਨੂੰ ਕਮਾਉਣ ਅਤੇ ਕਮਾਉਂਦੇ ਹੋਏ ਸੁਆਸ ਸੁਆਸ ਨਾਮ ਨੂੰ ਧਿਆਉਣ। ਨਾਮ ਧਿਆਵਣ ਦੀ ਸੱਚੀ ਕਾਰ ਵਿਖੇ ਰਚੇ ਰਹਿਣਾ ਹੀ ਗੁਰੂ ਕਾ ਸਭ ਤੋਂ ਵਧ ਕੇ ਹੁਕਮ ਮੰਨਣਾ ਹੈ ਅਤੇ ਗੁਰੂ ਕੇ ਭਾਣੇ ਵਿਚ ਚਲਣਾ ਹੈ।

**(ੲ) ਪ੍ਰਭ ਮਿਲਣੈ ਕੀ ਏਹ ਨੀਸਾਣੀ ॥ ਮਨਿ ਇਕੋ ਸਚਾ ਹੁਕਮੁ ਪਛਾਣੀ ॥**
**ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥੪੨॥**
*ਮਾਝ ਮ: ੫, ਪੰਨਾ ੧੦੬*

ਭਾਵ—ਪ੍ਰਭੂ ਪਰਮਾਤਮਾ ਨੂੰ ਮਿਲਣ ਦੀ ਅਸਲ ਨੀਸਾਣੀ ਇਹ ਹੈ ਕਿ "ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ"[1] ਦੇ ਗੁਰਵਾਕ ਅਨੁਸਾਰ ਇਕੋ (ਕੇਵਲ) ਗੁਰਮਤਿ ਨਾਮ ਨੂੰ ਹੀ ਗੁਰੂ ਕਾ ਸੱਚਾ ਅਤੇ ਸਰਬ ਸ੍ਰੇਸ਼ਟ ਕਮਾਵਣ ਜੋਗ ਹੁਕਮ ਮੰਨ ਕਰਕੇ (ਅਰਥਾਤ, ਸੱਚੇ ਰਿਦਿਓਂ) ਸਮਝਿਆ ਪਛਾਣਿਆ ਜਾਵੇ। ਸੱਚੇ ਹੁਕਮ ਦੀ ਸੱਚੀ ਸਮਝ ਪਛਾਣ ਦਾ ਸਬੂਤ ਉਸ ਤੋਂ ਵਧ ਕੇ ਹੋਰ ਕੀ ਹੋ ਸਕਦਾ ਹੈ ਕਿ ਨਾਮ ਦੀ ਕਮਾਈ ਕੀਤੀ ਜਾਵੇ ਅਤੇ ਇਸ ਕਮਾਈ ਵਿਖੇ ਤਤਪਰ ਹੋਇਆ ਜਾਵੇ। ਨਾਮ ਦੀ ਕਮਾਈ ਅੰਦਰ ਤਤਪਰ ਹੋਣਾ ਖਸਮ ਦੇ ਭਾਣੇ ਅੰਦਰ ਮਸਤ ਰਹਿਣਾ ਹੈ, ਨਾਮ ਵਿਖੇ ਤ੍ਰਿਪਤਾਸੇ, ਸਹਜ ਸੰਤੋਖੇ ਰਹਿਣਾ, ਖਸਮ ਕੇ ਭਾਣੇ ਅੰਦਰ ਅਨਦ ਕੇਲ ਕਰਨਾ ਹੈ। ਤਾਂ ਤੇ ਨਾਮ, ਭਾਣੇ ਅਤੇ ਹੁਕਮ ਦੀ ਬਿਵਸਥਾ (ਸੰਭਾਵਨਾ) ਇਕੋ ਹੀ ਹੈ। 'ਏਕੋ ਨਾਮੁ ਹੁਕਮੁ ਹੈ' ਰੂਪੀ ਸਤਿਗੁਰ ਬਚਨ ਨੂੰ ਕਮਾਵਣਾ ਅਤੇ 'ਮਨਿ ਇਕੋ ਸਚਾ ਹੁਕਮੁ ਪਛਾਣੀ' ਦਾ ਭਾਵ ਇਕ-ਮਿਕ ਹੈ। ਸੱਚੇ ਹੁਕਮ ਦੀ ਕਮਾਈ ਵਿਖੇ ਤਤਪਰ ਹੋਇਆ ਜਾਵੇ, ਕਿਉਂਕਿ ਨਾਮ ਦਾ ਕਮਾਵਣਾ ਹੀ ਸੱਚਾ ਹੁਕਮ ਹੈ (ਸਤਿਗੁਰ ਬਚਨ ਰੂਪੀ ਹੁਕਮ ਹੈ)। ਅਤੇ ਇਹੋ ਸੱਚਾ ਵਿਚਾਰ ਵਿਵੇਕ ਹੈ ਕਿ "ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ"[2] ਦੇ ਭਾਵ ਅਨੁਸਾਰ ਸਤਿਗੁਰ ਦੇ ਭਾਣੇ ਅੰਦਰ

1. ਸਿਰੀਰਾਗੁ ਮ: ੧, ਅੰਕ ੫, ਪੰਨਾ ੭੨ 2. ਸਿਰੀਰਾਗੁ ਮ: ੧, ॥੧॥੯੯॥ ਪੰਨਾ ੫੨

ਆਇਆ ਜਾਵੇ ਅਤੇ ਇਸ ਭਾਣੇ ਦੇ ਅਨੰਦ ਕੇਲੀ ਆਤਮ ਰਸਾਂ ਵਿਚ ਮਸਤੂਲ ਮਸਤ ਰਿਹਾ ਜਾਵੇ।

(ਸ) **ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥**
**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿਨਾਮਾ ਮੁਖਿ ਰਾਮੁ ਕਹਿਆ॥**
**ਧੰਨੁ ਧਨੁ ਸੋ ਗੁਰਸਿਖੁ ਕਹੀਐ ਜਿਸੁ ਹਰਿਨਾਮਿ ਸੁਣਿਐ ਮਨਿ ਅਨਦੁ ਭਇਆ॥**
**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿਨਾਮੁ ਲਇਆ॥**
**ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ**
**ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥ਪਉੜੀ ੧੮॥**

*ਵਡਹੰਸ ਕੀ ਵਾਰ ਮ: ੪, ਪੰਨਾ ੫੯੩*

ਏਥੇ ਸਤਿਗੁਰ ਚਰਨੀ ਪਰਨਹਾਰੇ ਗੁਰਸਿਖ ਨੂੰ, ਮੁਖੋਂ ਗੁਰਮਤਿ ਨਾਮ ਉਚਰਨਹਾਰੇ ਗੁਰਸਿਖ ਨੂੰ, ਹਰਿਨਾਮ ਦੀ ਮਹਿਮਾ (ਗੁਰਬਾਣੀ ਅੰਮ੍ਰਿਤ ਬਾਣੀ) ਸੁਣ ਕੇ ਅਨੰਦ-ਚਿਤ ਹੋਣ ਵਾਲੇ ਗੁਰਸਿਖ ਨੂੰ, ਸਤਿਗੁਰ ਸੇਵਾ ਕਰਿ ਨਾਮ ਪ੍ਰਾਪਤ ਕਰਨਹਾਰੇ ਗੁਰਸਿਖ ਨੂੰ ਗੁਰ ਕੈ ਭਾਣੈ ਅੰਦਰ ਚਲਣਹਾਰਾ ਗੁਰਸਿਖ ਦਸਿਆ ਹੈ। ਭਾਵ, ਗੁਰੂ ਕੇ ਭਾਣੇ ਅੰਦਰ ਚੱਲਣ ਵਾਲਾ ਗੁਰਸਿਖ ਓਹੀ ਹੈ ਜੋ ਪਹਿਲੀਆਂ ਚਹੁੰਆਂ ਤੁਕਾਂ ਅੰਦਰ ਗੁਰਮਤਿ ਨਾਮ ਦੀ ਕਮਾਈ ਕਰਨਹਾਰਾ ਗੁਰਸਿਖ ਬਿਬੇਕੀ ਹੈ। ਗੁਰਮਤਿ ਨਾਮ ਦੀ ਚਹੁੰਆਂ ਤੁਕਾਂ ਅੰਦਰ ਵਖੋ ਵਖ ਦੱਸੀ ਬਿਬੇਕ-ਕਮਾਈ ਦੇ ਕਮਾਵਣਹਾਰੇ ਗੁਰਸਿਖ ਨੂੰ ਗੁਰੂ ਸਾਹਿਬ ਧੰਨਤਾ ਯੋਗ ਆਖਦੇ ਹਨ ਅਤੇ ਧੰਨੁ ਧੰਨੁ ਆਖ ਕੇ ਵਡਿਆਉਂਦੇ ਹਨ। ਅਤੇ ਚਹੁੰਆਂ ਤੁਕਾਂ ਅੰਦਰ ਦਰਸਾਈ ਸਾਂਝੀ ਅਤੇ ਸਮੁੱਚੀ ਕਮਾਈ ਵਾਲੇ ਗੁਰਸਿਖ ਬਿਬੇਕੀ ਨੂੰ, ਪਿਛਲੀ (ਭੋਗ ਵਾਲੀ) ਪੰਜਵੀਂ ਤੁਕ ਅੰਦਰ ਗੁਰ ਕੇ ਭਾਣੇ ਅੰਦਰ ਚਲਣਹਾਰੇ ਸੁਚਿਆਰ ਸਿਖ ਦੀ ਪਦਵੀ ਦੇ ਕੇ ਐਥੋਂ ਤਾਈਂ ਵਡਿਆਉਂਦੇ ਹਨ ਕਿ ਐਸੇ ਗੁਰੂ ਕੇ ਭਾਣੇ ਅੰਦਰ ਚਲਣ ਵਾਲੇ ਗੁਰਸਿਖ ਨੂੰ ਅਸਾਡੀ ਸਦਾ ਸਦਾ ਨਮਸਕਾਰ ਜੋਹਾਰ ਹੈ। ਧੰਨ ਗੁਰੂ! ਜੋ ਆਪਣੇ ਗੁਰਸਿੱਖਾਂ ਨੂੰ ਏਵਡ ਉਚੀਆਂ ਪਦਵੀਆਂ ਵਾਲੀ ਵਡਿਆਈ ਦੇਂਦੇ ਸਨਮਾਨਦੇ ਹਨ। ਪ੍ਰੰਤੂ ਇਹ ਸਾਰੀ ਮਹਿਮਾ ਵਡਿਆਈ ਸਧੰਨ ਸਨਮਾਨ ਨਾਮ ਦੀ ਗੁਰਮਤਿ-ਕਮਾਈ ਨੂੰ ਹੈ, ਜੋ ਕੇਵਲ ਗੁਰੂ ਕੀ ਹੁਕਮ ਰਜ਼ਾ ਵਿਚ ਚੱਲਣ ਕਰਕੇ, ਅਥਵਾ, ਗੁਰੂ ਕੇ ਭਾਣੇ ਵਿਚ ਆਉਣ ਕਰਕੇ ਹੀ ਗੁਰਸਿੱਖਾਂ ਪਾਸੋਂ ਹੋਣੀ ਸੰਭਵ ਹੈ।

(ਹ) **ਹੁਕਮੁ ਜਿਨਾ ਨੋ ਮਨਾਇਆ॥ ਤਿਨ ਅੰਤਰਿ ਸਬਦੁ ਵਸਾਇਆ॥**
**ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ॥੯॥**
**ਜਿਨਾ ਭਾਣੇ ਕਾ ਰਸੁ ਆਇਆ॥ ਤਿਨ ਵਿਚਹੁ ਭਰਮੁ ਚੁਕਾਇਆ॥**
**ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥੧੦॥**

*ਸਿਰੀਰਾਗੁ ਮ: ੧, ਪੰਨਾ ੭੨*

ਭਾਵ—ਜਿਨ੍ਹਾਂ ਨੂੰ 'ਹੁਕਮ' ਮਨਾਇਆ ਹੈ ਤਿਨ੍ਹਾਂ ਦੇ ਅੰਤਰਿ ਸਬਦੁ (ਨਾਮ) ਵਸਾਇਆ ਹੈ। ਕਿਉਂਕਿ 'ਏਕੋ ਨਾਮੁ ਹੁਕਮੁ ਹੈ।' ਇਸ ਕਰਕੇ 'ਨਾਮ' ਤੋਂ ਵਧ ਕੇ ਹੋਰ ਕੋਈ ਹੁਕਮ ਮੰਨਣ ਯੋਗ ਨਹੀਂ। ਤਾਂ ਤੇ ਜਿਸ ਜਨ ਦੇ ਅੰਦਰਿ ਨਾਮ ਵਸ ਗਿਆ,

ਮਾਨੋ ਉਸ ਨੇ ਸਭ ਹੁਕਮ ਮੰਨ ਲਏ। ਭਾਵ 'ਨਾਮ' ਰੂਪੀ ਸਾਰ ਅਤੇ ਅਪਾਰ ਹੁਕਮ ਮੰਨਣ ਵਾਲਿਆਂ ਲਈ ਸਤਿਗੁਰੂ ਦੇ ਹਰੇਕ ਹੁਕਮ ਰਜ਼ਾ ਅੰਦਰ ਚਲਣਾ ਗੁਰਸਿਖ ਬਿਬੇਕੀ ਜਨ ਦੇ ਗੁਰਮੁਖਿ ਸੁਭਾਵ ਦੀ ਸੁਤੇ ਸਿਧ ਗੁਰਮਤਿ ਰਹਿਣੀ ਹੈ। ਗੁਰੂ ਕਰਤਾਰ ਦਾ ਸਦਾ ਆਗਿਆਕਾਰੀ ਅਤੇ ਹੁਕਮੀ ਬੰਦਾ ਰਹਿਣਾ ਉਸ ਦਾ ਸਹਜ ਗੁਰਮਤਿ ਕਰਤੱਵ ਹੈ। ਓਹ ਗੁਰੂ ਦੇ ਕਿਸੇ ਹੁਕਮ ਨੂੰ ਭੀ ਉਲੰਘਣ ਨਹੀਂ ਕਰ ਸਕਦਾ।

## ੩੮. ਭਾਣੇ ਦਾ ਰਸ ਤੇ ਭਾਣੇ ਦੀ ਰਜ਼ਾ :

ਜੈਸੇ ਕਿ ਜੋ ਭੀ ਸੁਹਾਗਵੰਤੀ ਸੁਹਾਗਣ ਪਤਿਬ੍ਰਤ ਇਸਤ੍ਰੀ ਹੈ, ਜਿਸ ਦਾ ਕਿ ਆਪਣੇ ਸਹੁ (ਪਤੀ) ਨਾਲ ਸੱਚਾ ਪ੍ਰੇਮ ਪਿਆਰ ਹੈ, ਓਹ ਆਪਣੇ ਪ੍ਰੀਤਮ ਪਿਆਰੇ ਦੀ ਇਸ਼ਾਰੇ ਮਾਤਰ ਆਗਿਆ ਮੰਨਣ ਨੂੰ ਹਰ ਵਕਤ ਤਿਆਰ-ਬਰ-ਤਿਆਰ ਹੈ ਅਤੇ ਸਦੀਵ ਆਗਿਆਵੰਤੀ ਹੋ ਕੇ ਅਤੇ ਆਗਿਆਕਾਰ ਰਹਿ ਕੇ ਆਗਿਆ ਪਾਲਣ ਕਰਦੀ ਹੈ, ਤੈਸੇ ਹੀ ਤਿਸ ਪਤਿਬ੍ਰਤ ਆਗਿਆਵੰਤ ਇਸਤ੍ਰੀ ਦੇ ਸਦਰਸ ਜੋ ਭੀ ਪ੍ਰਮਾਰਥ ਜਗਿਆਸਾ ਦੀ ਪ੍ਰੇਮ-ਸੋਹਾਗਣ ਪ੍ਰੀਤਮ ਅਕਾਲ ਪੁਰਖ ਪਰਮਾਤਮਾ ਦੀ ਸੱਚੀ ਪ੍ਰੇਮਣ (ਆਸ਼ਕ) ਇਸਤ੍ਰੀ ਹੈ, ਓਹ ਆਪਣੇ ਪਿਆਰੇ ਦੇ ਪ੍ਰੇਮ ਦੀ ਲੋਰ ਵਿਚ ਰਤੀ ਮਤੀ ਹੋਈ, ਪ੍ਰੀਤਮ ਦੀ ਰਮਜ਼ ਮਾਤਰ ਆਗਿਆ ਭੀ ਕਦੇ ਉਲੰਘਣ ਨਹੀਂ ਕਰ ਸਕਦੀ। ਕਿਉਂਕਿ ਉਸ ਨੂੰ ਭਾਣੇ ਕਾ ਸੱਚਾ ਰਸੁ ਆਇਆ ਹੈ। ਇਸ ਰਸ ਵਿਚ ਰਤੀ ਨੂੰ ਰਸਕ ਪੁਰਖ ਪ੍ਰੀਤਮ ਦੀ ਹਰੇਕ ਆਗਿਆ (ਭਾਣਾ) ਮੰਨਣ ਅਤੇ ਕਮਾਉਣ ਵਿਚ ਰਸ ਹੈ। "ਭਾਣੇ ਕਾ ਰਸੁ" ਪੰਗਤੀ ਦਾ ਭਾਵ ਐਥੇ ਸਪੱਸ਼ਟ 'ਨਾਮ ਮਹਾਂ ਰਸ' ਦਾ ਹੈ। ਇਹੋ ਪਰਮ ਭਾਣਾ ਹੈ। ਪ੍ਰੀਤਮ ਦੀ ਆਗਿਆ ਵਿਚ ਹਰ ਵਕਤ, ਹਰ ਛਿਨ ਰਸ-ਲੀਨ ਰਹਿਣਾ ਇਹ ਮਾਨੋ ਭਾਣੇ ਦੀ ਰਜ਼ਾ ਵਿਚ ਖਿੜੇ ਮੱਥੇ ਰਾਜ਼ੀ ਰਹਿਣਾ ਹੈ। ਇਹ ਉਦੋਂ ਤਕ ਹੋਣਾ ਅਸੰਭਵ ਹੈ ਜਦ ਤੀਕ ਕਿ ਨਾਮ ਮਹਾਂ ਰਸ ਰੂਪੀ ਭਾਣੇ ਦੇ ਰਸ ਵਿਚ ਮਸਤੂਲ ਮਸਤ ਨਾ ਹੋ ਜਾਵੇ। ਜਿਨ੍ਹਾਂ ਦੀ ਲਿਵਤਾਰ ਪੱਕ ਚੁਕੀ ਹੈ, ਉਹੀ, ਕੇਵਲ ਉਹੀ ਭਾਣੇ ਤੋਂ ਬੇਮੁਖ ਨਹੀਂ ਹੋਣਗੇ। ਛਿਨ ਮਾਤਰ ਭੀ ਇਸ ਲਿਵਤਾਰ ਤੋਂ ਲਾਂਭੇ ਹੋਣਾ ਭਾਣੇ ਤੋਂ ਬੇਮੁਖ ਹੋਣਾ ਹੈ। ਗੁਰ ਕੇ ਭਾਣੇ ਵਿਚ ਉੱਕਾ ਹੀ ਆਉਣਾ ਯਾ ਨਾ ਆ ਸਕਣਾ ਨਾਮ ਮਹਾਂ ਰਸ ਤੋਂ ਸਖਣਾ ਹੋਣ ਦੀ ਨਿਸ਼ਾਨੀ ਹੈ। ਭਾਣਾ ਮੰਨਣਹਾਰੇ ਬਿਬੇਕੀ ਜਨ ਦੀ ਅੰਤਰਲੀ ਲਿਵਤਾਰ ਕਦੇ ਨਹੀਂ ਟੁਟਦੀ। ਉਹ ਨਿਮਖ ਭਰ ਭੀ ਨਾਮ ਮਹਾਂ ਰਸ ਤੋਂ ਸਖਣਾ ਨਹੀਂ ਹੁੰਦਾ। ਸਰੀਰਕ ਪ੍ਰਾਰਬਧੀ ਦੁਖ ਸੁਖਾਂ ਦੀ ਉਸ ਨੂੰ ਪਰਵਾਹ ਨਹੀਂ ਹੁੰਦੀ। ਦੁਖ ਸੁਖ ਦੋਹਾਂ ਵਿਖੇ ਉਹ ਸਮਾਨ ਹੀ ਅੰਤਰ-ਧਿਆਨੀ ਰਸੀਆ ਨਾਮ ਮਹਾਂ ਰਸ ਦਾ ਬਣਿਆ ਰਹਿੰਦਾ ਹੈ। ਮਹਾਂ ਕਸ਼ਟ ਅਤੇ ਬਿਪਤ ਕਾਲ ਤੇ ਤਸੀਹੇ ਉਸ ਦੀ ਨਾਮ-ਲਿਵਤਾਰ ਨੂੰ ਨਹੀਂ ਤੋੜ ਸਕਦੇ ਅਤੇ ਨਾ ਹੀ ਉਸ ਦੀ ਬਿਰਤੀ ਕਿਸੇ ਸੰਸਾਰਕ ਸੁਖ ਸੰਪਤ ਵਿਖੇ ਖਚਤ ਯਾ ਲਿਪਾਇਮਾਨ ਹੁੰਦੀ ਹੈ (ਯਾ ਹੋ ਸਕਦੀ ਹੈ), ਇਸ ਕਰਕੇ ਉਹ ਹਰ ਹਾਲਤ ਵਿਚ ਇਸੇ ਤਰ੍ਹਾਂ ਨਾਮ ਵਿਖੇ ਲਿਵਲੀਨ ਰਹਿੰਦਾ ਹੈ। ਜਿਨ੍ਹਾਂ ਨੂੰ ਇਹ ਲਿਵਲੀਨਤਾ ਪ੍ਰਾਪਤ ਨਹੀਂ ਹੋਈ, ਪ੍ਰੰਤੂ ਭੈ ਭਾਵ ਭਾਵਨੀ ਸਹਿਤ ਸਤਿਗੁਰਾਂ ਦਾ ਹਰੇਕ ਹੁਕਮ ਕਮਾਂਵਦੇ ਹਨ, ਉਹ ਭੀ 'ਗੁਰ ਕੈ ਭਾਣੈ ਅੰਦਰ' ਆਏ ਹੋਏ ਹਨ। ਚਾਹੇ ਉਚ ਕਲਾ ਦੇ ਬਿਬੇਕੀ ਜਨਾਂ ਵਾਲਾ ਰਸ-ਲੀਨ ਭਾਣਾ ਅਜੇ ਉਨ੍ਹਾਂ

ਨੂੰ ਪ੍ਰਾਪਤ ਨਹੀਂ। ਪ੍ਰੰਤੂ ਉਹਨਾਂ ਦਾ ਭੈ ਭਾਵਨੀ ਸਹਿਤ ਭਾਣੇ ਅੰਦਰਿ ਆਉਣਾ—ਆਉਣ ਦਾ ਯਤਨ ਕਰਨਾ ਭੀ—ਉਹਨਾਂ ਨੂੰ ਇਕ ਦਿਨ ਪਰਮ ਭਾਣੇ ਵਿਚ ਰਸ-ਲੀਨ ਜਾ ਕਰੇਗਾ। ਇਕ-ਦਮ ਤਾਂ ਹਰੇਕ ਹੀ ਜਗਿਆਸੂ ਸਿਖ ਗੁਰਸਿੱਖੀ ਦੀ ਧੁਰ ਟੀਸੀ (ਸਿਖਰ ਮੰਜ਼ਲ) ਤੇ ਤਾਂ ਨਹੀਂ ਜਾ ਚੜ੍ਹਦਾ। ਜਿਉਂ ਜਿਉਂ ਹੁਕਮ ਕਮਾਉਂਦਾ ਹੈ ਤਿਉਂ ਤਿਉਂ ਚੜ੍ਹਦੀ ਕਲਾ ਵਿਚ ਉਚੇਰੇ ਤੋਂ ਉਚੇਰਾ ਉਪਰ ਚੜ੍ਹਦਾ ਜਾਂਦਾ ਹੈ। ਇਸ ਚੜ੍ਹਾਈ ਅੰਦਰ ਭੀ ਓਹ ਹੁਕਮ ਰੂਪੀ ਗੁਰਮਤਿ ਸਿਧੌਰੇ ਨੂੰ ਹੱਥ ਵਿਚ ਲੈ ਕੇ ਚੜ੍ਹਦਾ ਹੈ। ਮਨ ਦੀ ਮਤਿ ਦਾ ਕਿਤੇ ਦਖ਼ਲ ਨਹੀਂ। ਜਿਥੇ ਭੀ ਇਸ ਗੁਰਮਤਿ ਸਿਧੌਰੇ ਤੋਂ ਹੱਥ ਛੁੜਕਿਆ, ਓਥੇ ਹੀ ਛੁਟੜ ਹੋਇਆ ਤੇ ਪੈਰ ਖਿਸਕਿਆ। ਗੁਰਮਤਿ ਮਾਰਗ ਤੇ ਚਲਣਹਾਰੇ ਹੁਕਮੀ ਬੰਦੇ ਸਦਾ ਗੁਰਮਤਿ ਦ੍ਰਿੜ੍ਹਾਏ ਹੁਕਮਾਂ ਦੇ ਪੱਕੇ ਪਾਬੰਦ ਰਹਿੰਦੇ ਹਨ। ਕਦੇ ਥੁੜਦੇ ਥਿੜਕਦੇ ਨਹੀਂ।

## ੩੯. ਸਤਿਗੁਰ ਦੇ ਸਮੂਹ ਬਚਨ ਰੂਪੀ ਹੁਕਮ ਕਮਾਵਣਾ ਗੁਰਮਤਿ ਬਿਬੇਕ ਹੈ : ਸਿਫਤਿ-ਸਾਲਾਹ ਰੂਪੀ ਊਚ ਅਤੇ ਸਾਰ ਗੁਰਮਤਿ ਬਿਬੇਕ ਦੇ ਸੰਗ ਸਾਥ ਆਨ ਗੁਰ-ਬਚਨਾਂ, ਅਰਥਾਤ, ਸਤਿਗੁਰੂ ਦੇ ਸਰਬੱਤ੍ਰ ਹੁਕਮਾਂ ਦਾ ਕਮਾਵਣਾ ਭੀ ਗੁਰਮਤਿ ਬਿਬੇਕ ਹੈ :

ਏਥੋਂ ਤੀਕ ਤਾਂ ਇਹ ਸਿਧ ਹੋਇਆ ਹੈ ਕਿ ਸਤਿਗੁਰ ਦੇ ਮੁਖ ਬਚਨ ਸਾਰ ਹੁਕਮ—ਨਾਮ-ਸਿਫਤਿ-ਸਾਲਾਹ ਦਾ ਕਮਾਵਣਾ ਪਰਮ ਉੱਚਾ ਸੁੱਚਾ ਅਰਥਾਤ ਤਤ ਬਿਬੇਕ ਹੈ, ਪ੍ਰੰਤੂ "ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ"[1] ਦਾ ਪਾਰਖੂ ਹੁਕਮ ਰੂਪੀ ਗੁਰਵਾਕ ਇਹ ਸੂਚਨਾ ਕਰਾਉਂਦਾ ਹੈ ਕਿ ਜਿਤਨੇ ਭੀ ਸਤਿਗੁਰ ਦੇ ਬਚਨ ਰੂਪੀ ਹੁਕਮ ਹਨ ਓਹਨਾਂ ਸਾਰਿਆਂ ਹੁਕਮਾਂ ਦਾ ਕਮਾਵਣਾ ਭੀ ਗੁਰਮਤਿ ਬਿਬੇਕ ਹੈ। ਨਾਮ ਸਿਫਤਿ-ਸਾਲਾਹ ਦੀ ਉਚ ਬਿਵਸਥਾ ਨੂੰ ਅਪੜਨ ਲਈ ਓਹਨਾਂ ਗੁਰ-ਬਚਨਾਂ ਦਾ ਕਮਾਵਣਾ, ਅਰਥਾਤ, ਓਹਨਾਂ ਗੁਰਮਤਿ ਹੁਕਮਾਂ ਉਤੇ ਚਲਣਾ ਅਤੀਅੰਤ ਜ਼ਰੂਰੀ ਹੈ, ਜਿਨ੍ਹਾਂ ਹੁਕਮਾਂ ਦੇ ਅਨੁਸਾਰੀ ਕਰਮ ਬਿਬੇਕ ਧਾਰਨ ਕੀਤਿਆਂ ਅਰੰਭ ਅਤੇ ਉਰਾਰ ਅਵਸਥਾ ਦੀ ਸਿਫਤਿ-ਸਾਲਾਹ ਨੂੰ ਸਹਾਇਤਾ ਮਿਲਦੀ ਹੈ।

## ੪੦. ਗੁਰਮਤਿ ਬਚਨਾਂ ਦੇ ਅਨੁਸਾਰੀ ਅਰਥਾਤ ਗੁਰਮਤਿ ਬਚਨਾਂ ਰੂਪੀ ਹੁਕਮਾਂ ਦੇ ਅਨੁਕੂਲ ਸਮੂਹ ਗੁਰਮਤਿ ਕਰਮ ਸਿਫਤਿ-ਸਾਲਾਹ ਦੇ ਸਹਾਈ ਅਥਵਾ ਸਾਧਨ ਸੰਪੰਨ ਕਰਮ ਹਨ :

ਇਹ ਗੁਰਮਤਿ ਕਰਮ, ਸਿਫਤਿ-ਸਾਲਾਹ ਦੇ ਕਮਾਵਣ ਸਾਧਨ ਲਈ ਸਹਾਈ ਅਤੇ ਸਾਧਨ ਸੰਪੰਨ ਕਰਮ ਹਨ, ਕਿਉਂਕਿ ਪਹਿਲੀ, ਅਰਥਾਤ, ਜਗਿਆਸਾ ਬਿਵਸਥਾ ਵਿਖੇ ਨਾਮ ਜਪਣ ਦੀ ਘਾਸੀ ਪੈਣੀ ਅਤੇ ਨਾਮ ਨਾਲ ਜੁਟਣਾ ਅਤੀ ਅਸੰਭਵ ਹੈ,

1. ਸਿਰੀਰਾਗੁ ਮ: ੫, ॥੧॥੯੯॥ ਪੰਨਾ ੫੨

ਜਦ ਤੀਕ ਉਹ ਗੁਰਮਤਿ ਸੰਜਮ ਅਤੇ ਸਾਧਨ ਨਾ ਵਰਤੇ ਜਾਣ ਜੋ ਗੁਰਮਤਿ ਅੰਦਰਿ ਨਾਮ (ਸਿਫਤਿ-ਸਾਲਾਹ) ਦੇ ਸਹਾਈ ਰੂਪ ਹਨ। ਏਹਨਾਂ ਸੰਜਮਾਂ ਅਤੇ ਸਾਧਨਾਂ ਦੇ ਕਮਾਉਣ ਪ੍ਰਥਾਇ ਜੋ ਜੋ ਭੀ ਹੁਕਮ ਰੂਪੀ ਬਚਨ ਸਤਿਗੁਰ ਦਾ ਹੈ, ਤਿਸ ਹਰ ਇਕ ਬਚਨ ਦਾ ਮੰਨਣਾ ਭੀ ਹਰ ਇਕ ਗੁਰਸਿਖ ਦਾ ਧਰਮ ਹੈ। ਅਤੇ ਬਚਨਾਂ ਦਾ ਮੰਨਣਾ ਇਹੋ ਹੈ ਕਿ ਉਕਤ ਬਚਨਾਂ ਅੰਦਰਿ ਦਰਸਾਏ ਫ਼ੁਰਮਾਏ ਸੰਜਮਾਂ ਸਾਧਨਾਂ ਨੂੰ ਕਮਾਇਆ ਜਾਏ। ਇਸ ਬਿਧਿ ਏਹਨਾਂ ਸੰਜਮ-ਸਾਧਨਾਂ ਦਾ ਕਮਾਏ ਜਾਣਾ ਭੀ ਗੁਰਮਤਿ ਬਿਬੇਕ ਅੰਦਰ ਦਾਖ਼ਲ ਹੈ।

## ੪੧. ਸੰਜਮ ਸਾਧਨ ਸੰਯੁਕਤ ਨਾਮ ਦੇ ਹੀ ਵਿਧਾਨ ਰੂਪ ਹਨ :

ਇਸ ਬਾਤ ਦਾ ਹਰ ਸਮੇਂ ਖ਼ਿਆਲ ਰਖਣਾ ਚਾਹੀਦਾ ਹੈ ਕਿ ਉਕਤ ਸੰਜਮ ਸਾਧਨ ਰੂਪੀ ਕਰਮ, ਨਾਮ ਸਿਫਤਿ-ਸਾਲਾਹ ਰੂਪੀ ਕਰਮਨ ਸਿਰ ਕਰਮ ਦੇ ਸੰਯੁਕਤ ਕੀਤੇ ਜਾਣ, ਕਿਉਂਕਿ ਇਸ ਕਰਮਨ ਸਿਰ ਕਰਮ (ਸਿਰਤਾਜ ਕਰਮ) ਦੇ ਤਾਬੇ ਸਭ ਕਰਮ ਹਨ। ਸੋ ਇਸ ਦੇ ਤਾਬੇ ਹੀ ਸਭ ਕਰਮ ਅਸੀਂ ਕਰਨੇ ਹਨ। ਨਾਮ ਦ੍ਰਿੜ੍ਹਾਵਨ ਹਿਤ ਇਹ ਕਰਮ ਹਨ। ਜੇ ਨਾਮ—ਮੁਖ ਕਰਮ—ਲਾਂਭੇ ਹੀ ਰਹਿ ਜਾਵੇ ਅਤੇ ਅਸੀਂ ਏਹਨਾਂ ਸੰਜਮ-ਸਾਧਨ ਰੂਪੀ ਕਰਮਾਂ ਵਿਚ ਹੀ ਅਟਕ ਕੇ ਉਰਝ ਜਾਈਏ ਤਾਂ ਇਸ ਦਾ ਤਾਂ ਇਹ ਭਾਵ ਹੈ ਕਿ ਅਸੀਂ ਉਕਤ ਸੰਜਮਾਂ ਸਾਧਨਾਂ ਨੂੰ ਹੀ ਮੁਖ ਕਰਮ ਸਮਝਿਆ ਹੋਇਆ ਹੈ। ਇਹ ਲੱਛਣ ਅਧੋਗਤੀ ਦੇ ਹਨ। ਅਤੇ ਨਾ ਹੀ 'ਨਿਰਾ ਨਾਮੁ' ਏਹਨਾਂ ਸੰਜਮ ਸਾਧਨਾਂ ਬਿਹੂਣ ਬਣਿ ਆਂਵਦਾ ਹੈ। ਗੁਰਮਤਿ ਦ੍ਰਿੜ੍ਹਾਏ ਸੰਜਮ ਸਾਧਨ ਨਾ ਕੀਤੇ ਵਰਤੇ ਜਾਣ ਤਾਂ ਨਿਰਾ 'ਨਾਮ' ਜਪਣ ਨਾਲ ਨਾਮ ਦੀ ਚੜ੍ਹਦੀ ਕਲਾ ਨਹੀਂ ਹੋ ਸਕਦੀ। ਤਾਂ ਤੇ ਨਾਮ ਦੇ ਨਾਲ, ਅਰਥਾਤ, ਸਿਫ਼ਤਿ-ਸਾਲਾਹ ਦੇ ਸੰਗ ਸਾਥ ਸਾਧਨ-ਸੰਜਮੀ ਕਰਮਾਂ ਦਾ ਕਰਦੇ ਰਹਿਣਾ ਭੀ ਅਵੱਸ਼ ਜ਼ਰੂਰੀ ਹੈ। ਬਸ, ਜਿਸ ਪ੍ਰਕਾਰ ਗੁਰਮਤਿ ਅੰਦਰਿ ਸੰਜਮ-ਸਾਧਨ ਸੰਪੰਨ ਕਰਮਾਂ ਦੇ ਸੰਯੁਕਤ ਹੀ ਨਾਮ ਜਪਣ ਦਾ ਵਿਧਾਨ ਹੈ, ਤਿਸ ਪ੍ਰਕਾਰ ਨਾਮ ਦੇ ਸੰਗ ਸਾਥ ਹੀ ਸੰਜਮ-ਸਾਧਨਾ ਦਾ ਨੇਮ ਨਿਭਾਉਣਾ ਜ਼ਰੂਰੀ ਹੈ। ਉਦਾਹਰਣ ਲਈ ਦੇਖੋ, ਜੈਸੇ ਕਿ 'ਇਸ਼ਨਾਨ', 'ਨਾਮ' ਦਾ ਇਕ ਸਾਧਨ ਸੰਪੰਨ ਸਹਾਈ ਕਰਮ ਹੈ। ਪਰ ਨਿਰਾ 'ਇਸ਼ਨਾਨ' ਨਾਮ ਬਿਹੂਣ ਗੁਰਮਤਿ ਅੰਦਰਿ ਪ੍ਰਵਾਨ ਨਹੀਂ। ਤੈਸੇ 'ਨਾਮ' ਦਾ ਭੀ ਬਿਨਾਂ ਇਸ਼ਨਾਨ ਦੇ ਗੁਰਮਤਿ ਅੰਦਰ ਵਿਧਾਨ ਨਹੀਂ। ਕਿਉਂਕਿ 'ਇਸ਼ਨਾਨ' ਨਾਮ ਨੂੰ ਚੜ੍ਹਦੀ ਕਲਾ ਵਿਖੇ ਲੈ ਜਾਂਦਾ ਹੈ। ਦਸੇ ਸਤਿਗੁਰੂ ਸਾਹਿਬਾਨ ਨਾਮ ਦੇ ਪੁੰਜ, ਨਾਮ ਦੇ ਸਰਸ਼ਾਰ ਚਸ਼ਮੇ ਹੋ ਕੇ ਭੀ ਇਸ਼ਨਾਨ ਦਾ ਨੇਮ ਨਿਤਾਪ੍ਰਤੀ ਨਿਭਾਉਂਦੇ ਰਹੇ। ਸਤਿਗੁਰਾਂ ਨੇ ਜੋ ਉਪਦੇਸ਼ ਕੀਤਾ ਸੋ ਕਰ ਕੇ ਭੀ ਦਿਖਾਇਆ, ਅਰਥਾਤ, ਜਿਸ ਰਹਿਣੀ ਰਹਿਤ ਗੁਰਮਤਿ ਬਿਬੇਕ ਕਰਮ ਨੂੰ ਗੁਰਸਿੱਖਾਂ ਪ੍ਰਤੀ ਦ੍ਰਿੜ੍ਹਾਵਣ ਲਈ ਉਪਦੇਸ਼ਿਆ, ਓਸ ਉਤੇ ਪਹਿਲਾਂ ਆਪ ਅਮਲ ਕੀਤਾ ਅਤੇ ਇਸ ਬਿਧਿ "ਗੁਰਸਿਖ ਮੀਤ ਚਲਹੁ ਗੁਰ ਚਾਲੀ"[1] ਦੇ ਹੁਕਮ ਵਾਲਾ ਬਿਬੇਕ-ਮਾਰਗ ਗੁਰਸਿੱਖਾਂ ਪ੍ਰਤੀ ਦ੍ਰਿੜ੍ਹਾਇਆ। ਤਾਂ ਤੇ ਸਤਿਗੁਰ ਦੇ ਉਪਦੇਸ਼ ਅਤੇ ਨਮੂਨਾ ਬਣ ਕੇ

1. ਧਨਾਸਰੀ ਮ: ੪, ।ਰਹਾਉ।।੪।। ਪੰਨਾ ੬੬੭

ਖ਼ੁਦ ਕਮਾਏ ਕਰਮਾਂ ਦਾ ਕਰਨਾ ਸਤਿਗੁਰੂ ਦੇ ਸਿੱਖਾਂ ਦਾ ਅਵੱਸ਼ ਜ਼ਰੂਰੀ ਧਰਮ (ਫ਼ਰਜ਼) ਹੈ।

## ੪੨. ਗੁਰਮਤਿ ਪ੍ਰਵਾਨਤ ਕਰਮ ਤੇ ਗੁਰਮਤਿ ਬਿਬਰਜਤ ਕਰਮ : ਸਿਫਤਿ-ਸਾਲਾਹ ਦੇ ਸਾਧਨ ਸੰਪੰਨ (ਨਾਮ ਦੀ ਸਾਧਨਾ ਦੇ ਸਹਾਈ) ਕਰਮ ਦੋ ਪ੍ਰਕਾਰ ਦੇ ਹਨ :

ਗੁਰਮਤਿ ਅੰਦਰ ਨਾਮ ਦੀ ਸਾਧਨਾ ਸਹਾਈ ਰੂਪ ਸਾਧਨ ਸੰਪੰਨ ਕਰਮ ਦੋ ਪ੍ਰਕਾਰ ਦੇ ਹਨ : (੧) ਇਕ ਤਾਂ ਗੁਰਮਤਿ ਪ੍ਰਵਾਣਤ ਕਰਮ। (੨) ਦੂਜੇ ਗੁਰਮਤਿ ਬਿਬਰਜਤ ਕਰਮ। ਗੁਰਮਤਿ ਸ਼ਲਾਘਤ (ਪ੍ਰਵਾਣਤ) ਕਰਮ ਉਹ ਹਨ ਜੋ ਗੁਰਮਤਿ ਅਨੁਸਾਰ ਸੰਗ੍ਰਹਿਣ (ਗ੍ਰਹਿਣ) ਕਰਨ ਦੇ ਯੋਗ ਹਨ। ਜਿਨ੍ਹਾਂ ਦੇ ਗ੍ਰਹਿਣ ਕਰਨ ਦੀ ਵਿਧੀ ਪੂਰਬਕ ਗੁਰਮਤਿ ਅੰਦਰ ਆਗਿਆ, ਅਰਥਾਤ, ਸ਼ਲਾਘਾ ਰੂਪ ਵਿਧਾਨ ਹੈ ਅਤੇ ਗੁਰਮਤਿ ਬਿਬਰਜਤ ਕਰਮ ਉਹ ਹਨ ਜਿਨ੍ਹਾਂ ਦੇ ਕਰਨ ਤੋਂ ਗੁਰਮਤਿ ਬਰਜਦੀ ਹੈ। ਅਰਥਾਤ, ਜਿਨ੍ਹਾਂ ਦੇ ਕਰਨ ਦਾ ਗੁਰਮਤਿ ਅੰਦਰਿ ਨਿਖੇਧ ਹੈ, ਭਾਵ, ਜਿਨ੍ਹਾਂ ਕਰਮਾਂ ਦੇ ਤਿਆਗ ਕਰਨ ਦੀ ਗੁਰਮਤਿ ਅੰਦਰਿ ਆਗਿਆ ਹੈ ਉਹ ਗੁਰਮਤਿ ਬਿਬਰਜਤ ਕਰਮ ਹਨ। ਉਦਾਹਰਣ ਦੋਹਾਂ ਸ੍ਰੇਣੀਆਂ ਦੇ ਕਰਮਾਂ ਦੇ ਗੁਰ ਪ੍ਰਮਾਣਾਂ ਅਨੁਸਾਰ :

*(੧) ਸ਼ਲਾਘਤ ਕਰਮ ਦਾ ਉਦਾਹਰਣ :*

**ਭਾਈ ਰੇ ਇਕ ਮਨਿ ਨਾਮੁ ਧਿਆਇ ॥...॥੧॥ਰਹਾਉ॥**
**ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰਧਾਰਿ ॥**
**ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥**
**ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ ॥੨॥੪੬॥**

*ਸਿਰੀਰਾਗੁ ਮ: ੩, ਪੰਨਾ ੩੧*

ਏਥੇ ਮਿੱਠਾ ਬੋਲਣਾ ਤੇ ਨਿਵ ਚਲਣਾ ਗੁਰਮਤਿ ਪ੍ਰਵਾਣਤ ਅਰਥਾਤ ਸ਼ਲਾਘਤ ਕਰਮ ਹਨ, ਜਿਨ੍ਹਾਂ ਦੇ ਸੰਗ੍ਰਹਿਣ ਕਰਨ ਦੀ ਬਿਬੇਕੀ ਜਨ ਲਈ ਗੁਰਮਤਿ ਵਲੋਂ ਵਿਧਾਨ ਰੂਪ ਆਗਿਆ ਹੈ।

*(੨) ਬਿਬਰਜਤ ਕਰਮ ਦਾ ਉਦਾਹਰਣ :*

**ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥**
**ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥੧॥ਰਹਾਉ॥੪੨॥**

*ਸਿਰੀਰਾਗੁ ਮ: ੩, ਪੰਨਾ ੨੯-੩੦*

ਏਥੇ 'ਨਿੰਦਾ ਕਰਨਾ', 'ਹਉਮੈ ਅਹੰਕਾਰ ਦਾ ਧਾਰਨਾ' ਗੁਰਮਤਿ ਅੰਦਰ ਬਿਬਰਜਤ ਕਰਮ ਹਨ। ਅਰਥਾਤ, 'ਨਿੰਦਾ ਕਰਨ', 'ਹਉਮੈ ਹੰਕਾਰ ਧਾਰਨ' ਦੀ ਗੁਰਮਤਿ ਅਨੁਸਾਰ ਆਗਿਆ ਨਹੀਂ, ਏਹਨਾਂ ਨਿੰਦਤ ਕਰਮਾਂ ਦਾ ਨਿਸ਼ੇਧ ਹੈ। ਤਾਂ

ਤੇ ਏਹਨਾਂ ਦਾ ਪ੍ਰੀਤਿਆਗ ਕਰਨਾ ਭੀ ਬਿਬੇਕੀ ਜਨ ਲਈ ਉਤਨਾ ਹੀ ਜ਼ਰੂਰੀ ਹੈ ਜਿਤਨਾ ਕਿ 'ਮਿੱਠਾ ਬੋਲਣ', 'ਨਿਵ ਚਲਣ' ਆਦਿਕ ਸ਼ਲਾਘਤ ਕਰਮਾਂ ਦਾ ਗ੍ਰਹਿਣ ਕਰਨਾ ਜ਼ਰੂਰੀ ਹੈ। ਇਨ੍ਹਾਂ ਉਦਾਹਰਣਾਂ ਤੋਂ ਸਪੱਸ਼ਟ ਹੋਇਆ ਕਿ ਬਿਬੇਕੀ ਜਨ ਲਈ ਗੁਰਮਤਿ ਸ਼ਲਾਘਤ ਕਰਮਾਂ ਦਾ ਗ੍ਰਹਿਣ ਕਰਨਾ ਅਤੇ ਗੁਰਮਤਿ ਬਿਬਰਜਤ ਕਰਮਾਂ ਦਾ ਪ੍ਰੀਤਿਆਗ ਕਰਨਾ ਭੀ 'ਗੁਰਮਤਿ ਬਿਬੇਕ ਧਾਰਨਾ' ਦਾ ਅੰਗ ਪਾਲਣਾ ਹੈ। ਅਤੇ ਇਹ ਭੀ ਨਿਰਣੇ ਪੂਰਬਕ ਨਿਰੂਪਨ ਹੁੰਦਾ ਹੈ ਕਿ ਦੋਹਾਂ ਉਦਾਹਰਣਾਂ ਵਾਲੇ ਗੁਰ ਪ੍ਰਮਾਣਾਂ ਅੰਦਰ ਸਿਫਤਿ-ਸਾਲਾਹ ਰੂਪੀ ਕਰਮ ਨੂੰ ਮੁਖ ਬਿਬੇਕ ਕਰਮ ਰਖਿਆ ਗਿਆ ਹੈ ਅਤੇ ਸ਼ਲਾਘਤ ਅਤੇ ਬਿਬਰਜਤ ਕਰਮਾਂ ਨੂੰ ਸਿਫਤਿ-ਸਾਲਾਹ ਦੇ ਸਾਧਨ ਸੰਪੰਨ (ਨਾਮ ਦੇ ਸਹਾਈ ਰੂਪ) ਕਰਮ ਪ੍ਰਗਟ ਕੀਤਾ ਹੈ। ਮੁਖ ਕਰਮ ਮੁਖ ਕਰਕੇ ਸਿਫਤਿ-ਸਾਲਾਹ ਨੂੰ ਦ੍ਰਿੜ੍ਹਾਇਆ ਹੈ ਅਤੇ ਉਸ ਦੇ ਸਹਾਈ ਸਾਧਨ-ਸੰਪੰਨ ਕਰਮਾਂ ਨੂੰ ਭੀ ਸਾਥ ਹੀ ਸੂਚਨ ਕਰਾਇਆ ਹੈ। ਪਹਿਲੀ ਉਦਾਹਰਣ ਵਾਲੇ ਗੁਰ ਪ੍ਰਮਾਣ ਅੰਦਰ ਦੇਖੋ ਕਿ "ਭਾਈ ਰੇ ਇਕ ਮਨਿ ਨਾਮੁ ਧਿਆਇ" ਰੂਪੀ ਮੁਖ ਬਿਬੇਕ ਕਰਮ ਦੀ ਦੀਖਿਆ ਨੂੰ ਦ੍ਰਿੜ੍ਹਾ ਕੇ ਇਸ ਦੇ ਸੰਗ ਸਾਥ ਹੀ ਮਿੱਠਾ ਬੋਲਣ ਨਿਵ ਚਲਣ ਰੂਪੀ ਸ਼ਲਾਘਤ ਕਰਮਾਂ ਦੇ ਗ੍ਰਹਿਣ ਕਰਨ ਦਾ ਹੁਕਮ ਭੀ ਫ਼ੁਰਮਾਇਆ ਹੈ। ਏਸੇ ਤਰ੍ਹਾਂ ਦੂਜੀ ਸ੍ਰੇਣੀ ਦੇ ਉਦਾਹਰਣ ਵਾਲੇ ਗੁਰ ਪ੍ਰਮਾਣ ਵਿਖੇ ਮੁਖ ਉਪਦੇਸ਼ ਤਾਂ ਇਹ ਹੈ: "ਹਰਿ ਜੀਉ ਸਦਾ ਧਿਆਇ ਤੂੰ ਗੁਰਮੁਖਿ ਏਕੰਕਾਰੁ ॥" ਪ੍ਰੰਤੂ ਇਸ ਦੇ ਸੰਗ ਸਾਥ ਨਿੰਦਾ ਹਉਮੈ ਹੰਕਾਰ ਰੂਪੀ ਬਿਬਰਜਤ ਕਰਮਾਂ ਦੇ ਤਜਣ ਤਿਆਗਣ ਦਾ ਭੀ ਫ਼ੁਰਮਾਨ (ਹੁਕਮ) ਹੈ। ਇਹ ਜ਼ਰੂਰੀ ਨਹੀਂ ਕਿ ਹਰੇਕ ਗੁਰਵਾਕ ਅੰਦਰਿ ਮੁਖ ਕਰਮ ਅਤੇ ਸਾਧਨ-ਸੰਪੰਨ ਕਰਮ ਇਕੱਠੇ ਹੀ ਉਪਦੇਸ਼ੇ ਜਾਣ। ਅਤੇ ਕਈ ਜਗ੍ਹਾ ਇੱਕੇ ਗੁਰ ਪ੍ਰਮਾਣ ਅੰਦਰ ਸ਼ਲਾਘਤ ਅਤੇ ਬਿਬਰਜਤ ਕਰਮ ਇਕੱਠੇ ਹੀ ਆ ਜਾਂਦੇ ਹਨ, ਕਿਤੇ ਵਖੋ ਵਖ। ਏਸ ਕਰਕੇ ਸ੍ਰੇਣੀ ਦੇ ਕਰਮ ਅਨੁਸਾਰ ਗੁਰਵਾਕਾਂ ਦੇ ਪ੍ਰਮਾਣ ਦੇਵਣੇ ਅਸੀਂ ਜ਼ਰੂਰੀ ਨਹੀਂ ਸਮਝਦੇ। ਪ੍ਰੰਤੂ ਇਤਨੇ ਗੁਰ ਪ੍ਰਮਾਣਾਂ ਦੇ ਦੇਣ ਦਾ ਅਵੱਸ਼ ਯਤਨ ਕਰਾਂਗੇ ਕਿ ਜਿਨ੍ਹਾਂ ਅੰਦਰ ਅਵੱਸ਼ ਕਰਕੇ ਕਰਨ ਯੋਗ ਸਾਧਨ ਸੰਪੰਨ ਕਰਮ ਭਿੰਨ ਭਿੰਨ ਗੁਰਵਾਕਾਂ ਦੇ ਪ੍ਰਮਾਣਾਂ ਵਿਖੇ ਆ ਸਕਣ।

ਉਤਰਾਰਧ

# ਰਹਿਤ ਬਿਬੇਕ

# ਰਹਿਤ ਬਿਬੇਕ

'ਅਥਿ ਨਾਮ ਸੰਯੁਕਤੀ ਸੰਜਮ ਸਾਧਨ ਰੂਪੀ ਗੁਰਮਤਿ ਬਿਬੇਕ ਕਰਮਾਂ ਪ੍ਰਥਾਇ ਗੁਰ ਪ੍ਰਮਾਣਾਂ ਸੰਯੁਕਤ ਨਿਰਣੈ ਪੂਰਬਕ ਪੜਤਾਲ ਦਾ ਵਰਣਨ ਅਰੰਭਿਅਤੇ ।'

## ੧. ਗੁਰਸਿਖ ਦੇ ਨਿਤ ਕਰਮ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥੧੧॥

*ਵਾਰ ਗਉੜੀ ਮ: ੪, ਪੰਨਾ ੩੦੫*

ਵਿਆਖਿਆ ਭਾਵ—ਸਤਿਗੁਰ ਦੇ ਸੱਚੇ ਸਿਖ ਦੀ ਬਿਸੇਖ ਕਿਰਿਆ ਸੰਜਮੀ ਕਾਰ ਦਾ ਨਿਤਾਪ੍ਰਤੀ ਬਿਬੇਕ ਕਰਮ ਨੇਮ (ਧਾਰਨਾ) ਇਹ ਹੈ ਕਿ ਨਿਤ ਸਵੇਰੇ ਉਠ ਕੇ ਬਿਧੀ ਪੂਰਬਕ ਨਾਮ ਧਿਆਵੈ । ਦੂਜੀ ਪੰਗਤੀ (ਤੁਕ) ਤੋਂ ਨਾਮ ਧਿਆਵਣ ਦੀ ਸੰਜਮ-ਬਿਧੀ ਅਰੰਭ ਹੁੰਦੀ ਹੈ । ਉਦਮ ਕਰ ਕੇ ਵੱਡੇ ਤੜਕੇ ਉਠੇ (ਸਾਵਧਾਨ ਹੋਵੇ) ਅਤੇ ਇਸ਼ਨਾਨ ਕਰੇ ਅਤੇ ਇਸ਼ਨਾਨ ਸਮੇਂ ਅੰਮ੍ਰਿਤ ਬਾਣੀ ਦਾ ਪਾਠ ਕਰਦਾ ਹੋਇਆ ਅੰਮ੍ਰਿਤ ਸਰੋਵਰ ਦਾ ਮਜਨ ਕਰਨਹਾਰਾ ਬਣੇ । ਫੇਰ ਗੁਰ ਉਪਦੇਸ਼ੀ ਨਿਤਨੇਮ ਬਾਣੀ ਦਾ ਪਾਠ ਕਰਦਾ ਹੋਇਆ ਗੁਰਮਤਿ ਨਾਮ ਦਾ ਜਾਪ ਕਰੇ, ਜਿਸ ਦੇ ਕਰਨ ਕਰਕੇ ਕਮਾਤੇ ਪਾਪ ਦੋਖ ਸਭ ਲਹਿ ਜਾਂਦੇ ਹਨ । ਫੇਰ ਦਿਨ ਚੜ੍ਹੇ (ਸੂਰਜ ਉਦੇ ਹੋਣ ਸਾਰ) "ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ"[1] ਗੁਰਵਾਕ ਦੇ ਭਾਵ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਦਿਦਾਰੇ ਕਰਦਾ ਹੋਇਆ ਮਧਰ ਸੁਰ ਨਾਲ ਗੁਰਬਾਣੀ ਦਾ ਕੀਰਤਨ ਪਾਠ ਕਰੇ । ਫੇਰ ਕਾਰ ਬਿਹਾਰ ਕਰਦਿਆਂ ਹੋਇਆਂ ਭੀ ਉਠਦਿਆਂ ਬਹਿੰਦਿਆਂ ਤੁਰਦਿਆਂ ਫਿਰਦਿਆਂ ਸਾਸਿ ਗਿਰਾਸਿ ਨਾਮ ਅਭਿਆਸ ਵਿਚ ਹੀ ਹਰ-ਦਮ ਜੁਟਿਆ ਰਹੇ । ਜੋ ਇਸ ਬਿਧਿ ਸਾਸਿ ਗਿਰਾਸਿ ਪ੍ਰੀਤਮ ਹਰੀ ਪਰਮਾਤਮਾ ਨੂੰ ਆਰਾਧਨ ਕਰੇਗਾ, ਓਹੀ ਗੁਰਸਿਖ (ਬਿਬੇਕੀ ਜਨ) ਗੁਰੂ ਨੂੰ ਭਾਵੇਗਾ । ਪ੍ਰੰਤੂ ਇਸ ਪ੍ਰਕਾਰ ਦਾ ਉਪਦੇਸ਼

1. ਮ: ੩, ਬਿਹਾਗੜੇ ਕੀ ਵਾਰ, ॥੨॥੧੫॥ ਪੰਨਾ ੫੫੪

(ਨਾਮ ਧਿਆਵਣ ਦੀ ਸੰਜਮ-ਕਿਰਿਆ ਰੂਪੀ ਬਿਬੇਕ ਬਿਰਤੀ ਦੇ ਧਾਰਨ ਦਾ) ਉਸੇ ਅਧਿਕਾਰੀ ਗੁਰਸਿਖ ਨੂੰ ਗੁਰੂ ਸਾਹਿਬ ਸੁਣਾਵਣ ਦ੍ਰਿੜ੍ਹਾਵਣਗੇ, ਜਿਸ ਦੇ ਉਤੇ ਪੂਰਬ ਲਿਖੇ ਦੇ ਲਹਿਣੇ ਅਨੁਸਾਰ ਪ੍ਰੀਤਮ ਸੁਆਮੀ ਸਮਰੱਥ ਦਾਤਾਰ ਪ੍ਰਭੂ ਆਪ ਦਇਆਲ ਹੋਵਣਗੇ। ਗੁਰੂ ਸਾਹਿਬ ਐਸੇ ਗੁਰਸਿਖ ਦੀ ਮਹਿਮਾ ਕਰਦੇ ਹੋਏ ਉਚਾਰਦੇ ਹਨ ਕਿ ਐਸੇ ਗੁਰਸਿਖ ਪਿਆਰੇ ਦੀ ਚਰਨ ਧੂੜਿ ਬਾਂਛਣੇ ਯੋਗ ਹੈ, ਜੋ ਆਪ ਨਾਮ ਜਪਦਾ ਹੈ ਅਤੇ ਆਪਣੀ ਨੇਕ ਨਜ਼ੀਰ ਦੁਆਰਾ ਨਾਮ ਜਪਣ ਦੇ ਸ਼ੁਭ ਪੂਰਨੇ ਪਾ ਕੇ ਹੋਰਨਾਂ ਨੂੰ ਭੀ ਨਾਮ ਜਪਾਉਣ ਦਾ ਕਾਰਨ ਬਣਦਾ ਹੈ। ਇਸ ਗੁਰਵਾਕ ਅੰਦਰ ਨਾਮ ਅਭਿਆਸ (ਸਿਫਤਿ-ਸਾਲਾਹ) ਰੂਪੀ ਮੁਖ ਬਿਬੇਕ ਦੇ ਸੰਗ ਸਾਥ ਇਸ ਦੇ ਸਹਾਇਕ ਸਾਧਨਾ ਸੰਪੰਨ ਬਿਬੇਕ ਕਰਮ ਦੇ ਇਹ ਜੋ ਸੰਜਮ-ਸਾਧਨ ਦੱਸੇ ਹਨ, ਇਹ ਬਿਬੇਕੀ ਜਨ ਦੀ ਨਿਤ ਕਿਰਿਆ ਅਨੁਸਾਰ ਨਿਯਮ ਪੂਰਬਕ ਕਰੇ ਕਮਾਏ ਜਾਣੇ ਅਤਿ ਜ਼ਰੂਰੀ ਹਨ। ਕਿਉਂਕਿ ਏਹਨਾਂ ਬਿਹੂਣ ਨਾਮ ਕਮਾਈ ਦੀ ਬਿਬੇਕ ਬਿਰਤੀ ਅਰੂੜ੍ਹ ਨਹੀਂ ਹੋ ਸਕਦੀ।

## ੨. ਅੰਮ੍ਰਿਤ ਵੇਲੇ ਉਠਣ ਦਾ ਉੱਦਮ ਧਾਰਨਾ :

ਪ੍ਰਿਥਮ ਤਾਂ "ਉਦਮੁ ਕਰਿ ਹਰਿ ਜਾਪਣਾ"[1] ਦੀ ਗੁਰ-ਪੰਗਤੀ ਅਨੁਸਾਰ ਨਾਮ ਅਭਿਆਸੀ ਨੂੰ ਉੱਦਮ ਕਰ ਕੇ ਉਠਣਾ ਪੈਂਦਾ ਹੈ। ਅਤੇ ਉਠਣਾ ਭੀ ਸਵਾ ਪਹਿਰ ਰਾਤ ਰਹਿੰਦੀ, ਕਿਉਂਕਿ ਬਚਨ ਹੈ, ਯਥਾ ਗੁਰਵਾਕ :

**ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥**
**ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥੧॥੧੮॥**

*ਵਾਰ ਮਾਝ, ਸਲੋਕ ਮ: ੨, ਪੰਨਾ ੧੪੬*

ਅਤੇ ਹੁਕਮ ਹੈ ਕਿ :

**ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥**
**ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥**

*ਸਲੋਕ ਫਰੀਦ, ਪੰਨਾ ੧੩੮੩*

ਇਹ ਪਿਛਲੀ ਰਾਤਿ ਨਾ ਜਾਗਣ ਵਾਲਿਆਂ ਨੂੰ ਧ੍ਰਿਗ ਜੀਵਨ ਦੀ ਮਿਰਤਕ ਸਮਾਨ ਜੀਵਨ ਵਾਲੇ ਹੋਣ ਦੀ ਲਾਅਨਤ ਪਾ ਕੇ, ਮਾਨੋ ਪਿਛਲੀ ਰਾਤ ਜਾਗਣ ਦੀ ਪਾਬੰਦੀ ਦਾ ਅਤਿ ਜ਼ਰੂਰੀ ਹੁਕਮ ਬੜੀ ਕਰੜਾਈ ਨਾਲ ਦ੍ਰਿੜ੍ਹਾਇਆ ਗਿਆ ਹੈ। ਸੋ, ਜੋ ਸਵਾ ਪਹਿਰ ਰਾਤ ਰਹਿੰਦੀ ਅਥਵਾ ਪਿਛਲੀ ਰਾਤ "ਚਉਥੈ ਪਹਰਿ ਸਬਾਹ ਕੈ" ਨਿੰਦਰਾ ਤੋਂ ਜਾਗ ਕੇ ਉਠਣ ਦਾ ਉੱਦਮ-ਉਪਰਾਲਾ ਨਹੀਂ ਕਰਦਾ, ਅਥਵਾ, ਜਿਸ ਨੂੰ ਨਿਤਾਪ੍ਰਤਿ, ਨਿਯਮ ਅਨੁਸਾਰ ਇਸ ਬਿਧਿ ਬਲ ਧਾਰ ਕੇ (ਅਰਥਾਤ, ਉਦਮੀ ਬਣ ਕੇ) ਅੰਮ੍ਰਿਤ ਵੇਲੇ ਉਠਣ ਦਾ ਚਾਉ ਨਹੀਂ ਉਪਜਦਾ, ਉਹ ਗੁਰੂ ਕੇ ਬਚਨ ਪਾਲਣ ਕਮਾਵਣਹਾਰਾ, ਗੁਰੂ ਕੀ ਹਦਾਇਤ ਮੰਨਣਹਾਰਾ ਸਚਿਆਰਾ ਸਿਖ ਬਿਬੇਕੀ ਨਹੀਂ। ਬਿਬੇਕੀ ਸਿਖ ਸੋਈ ਹੈ ਜੋ ਇਸ ਬਚਨ ਰੂਪੀ ਹੁਕਮ ਹਦਾਇਤ ਨੂੰ ਕਮਾਵੇ, ਅਰਥਾਤ,

1. ਸਿਰੀਰਾਗੁ ਮ: ੫, ॥੧॥੮੭॥ ਪੰਨਾ ੪੮

ਸੱਚੀ ਭੈ-ਭਾਵਨੀ ਸਹਿਤ ਨਿਤਾਪ੍ਰਤਿ ਸਵਾ ਪਹਿਰ ਰਾਤ ਰਹਿੰਦੀ ਉਠਣ (ਜਾਗਣ) ਦਾ ਉਦਮ ਬਲ ਧਾਰੇ। ਤੇ ਪਿਛਲੇ ਪਹਿਰ ਵਾਲੀ ਰਾਤ ਰੂਪੀ ਅੰਮ੍ਰਿਤ ਵੇਲੇ ਦਾ ਸਾਵਧਾਨਤਾ ਸਹਿਤ ਆਨੰਦ ਮਾਣੇ। ਅਸਾਡੇ ਸੁਖ-ਰਹਿਣੀਏ ਸਿਖ ਭਰਾ ਜੇ ਆਪ ਉਦਮ ਧਾਰ ਕੇ ਨਿਤ ਸਵਾ ਪਹਿਰ ਰਹਿੰਦੀ ਰਾਤ ਸਾਵਧਾਨ ਹੋ ਕੇ ਉਠਣ ਦੇ ਨਿਯਮ ਦਾ ਹੁਕਮ (ਸਤਿਗੁਰ-ਬਚਨ) ਨਾ ਕਮਾ ਸਕਣ, ਸਗੋਂ ਇਸ ਹੁਕਮ ਕਮਾਵਣਹਾਰੇ ਰਹਿਤ-ਬਿਬੇਕੀਆਂ ਦੀ ਬਿਬੇਕ-ਰਹਿਣੀ ਉਤੇ ਕੁਤਰਕਾਂ ਕਰਨ ਅਤੇ ਅਜਿਹੇ ਸੁਚਿਆਰ ਸਿੱਖਾਂ ਨੂੰ ਸਿਰੜੀ ਆਦਿਕ ਪਦਾਂ ਨਾਲ ਸੰਕੇਤ ਕਰਨ, ਤਾਂ ਇਹ ਓਹਨਾਂ ਦੀ ਮਹਾਂ ਘਿਰਣਾ ਯੋਗ ਭੁੱਲ ਹੈ। ਜਿਸ ਅਸੂਲ ਉਤੇ ਉਹ ਖ਼ੁਦ ਨਹੀਂ ਚੱਲ ਸਕਦੇ ਓਸ ਅਸੂਲ ਨੂੰ ਮੰਨਣੋਂ ਹੀ ਮੂੰਹ ਫੇਰ ਲੈਂਦੇ ਹਨ। ਜਿਸ ਗੁਰਮਤਿ ਬਿਬੇਕ ਰੂਪੀ (ਗੁਰੂ ਕੇ) ਬਚਨ ਨੂੰ ਉਹ ਖ਼ੁਦ ਕਮਾ ਨਹੀਂ ਸਕਦੇ ਇਸ ਕਮਜ਼ੋਰੀ ਨੂੰ ਆਪਣਾ ਮਨ-ਮੰਨਿਆ ਅਸੂਲ ਬਨਾਉਣ ਲਈ, ਇਸ ਕਮਜ਼ੋਰੀ ਨੂੰ ਛੁਪਾਉਣ ਲਈ, ਇਸ ਕਮਜ਼ੋਰੀ ਦੇ ਉਪਰ ਪੜਦਾ (ਪੋਚਾ) ਪਾਉਣ ਲਈ, ਉਹ ਇਸ ਅਸੂਲ ਦੇ ਕਮਾਵਣਹਾਰਿਆਂ ਨੂੰ, ਇਸ ਅਸੂਲ ਉਤੇ ਚਲਣਹਾਰੇ ਸੁਘੜ ਸੁਜਾਨ ਬਿਬੇਕੀ ਜਨਾਂ ਨੂੰ ਉਲਟਾ ਸਿਰੜੀ ਅਤੇ ਕਰਮ-ਕਾਂਡੀ ਆਦਿ ਦਸਦੇ ਹਨ। ਇਹ ਓਹਨਾਂ ਦੀ ਮਨ ਦੀ ਮਤਿ, ਬਲਕਿ ਮਹਾਂ ਮੂੜ੍ਹ ਮਤਿ ਹੈ। ਅਸਲ ਗੱਲ ਇਹ ਹੈ ਕਿ ਉਕਤ ਮੂੜ੍ਹ-ਮਤੀਆਂ ਪਾਸੋਂ ਗੁਰਮਤਿ ਦੇ ਗੂੜ੍ਹ ਮਤੇ ਦੀਆਂ ਉਚ ਬਿਬੇਕ-ਰਹਿਣੀਆਂ ਦੀ ਰਹਿਤ ਕਮਾਈ ਦਾ ਧਾਰਨੀ ਹੋਣਾ ਔਖਾ ਹੈ ਅਤੇ ਅੰਮ੍ਰਿਤ ਵੇਲੇ ਉਠਣ ਜਾਗਣ ਵਾਲੀ ਨਿਤ ਕਿਰਿਆ ਦੀ ਧਾਰਨਾ ਕੋਈ ਮਾਮੂਲੀ ਅਤੇ ਸੌਖੀ ਗੱਲ ਨਹੀਂ। ਪਰ ਐਥੇ ਔਖ ਸੌਖ ਦਾ ਸਵਾਲ ਨਹੀਂ। ਗੁਰਸਿੱਖੀ ਦੇ ਅਸੂਲਾਂ ਉਪਰ ਚਲਣਾ ਹਰੇਕ ਗੁਰਸਿਖ ਦਾ ਫ਼ਰਜ਼ ਹੈ। ਭਾਵੇਂ ਕੋਈ ਅਸੂਲ ਬਿਖਮ ਹੋਵੇ ਭਾਵੇਂ ਸੁਖੈਨ। ਚਾਹੇ ਅਸੂਲ ਦੀ ਕਠਨ ਕਮਾਈ ਕਰਨੀ ਪਵੇ ਚਾਹੇ ਸੁਗਮ ਅਤੇ ਸੁਖਾਲੀ ਹੀ ਸਾਧਨਾ ਪਵੇ, ਪਰ ਹਰ ਸੂਰਤ ਵਿਚ ਹਰ ਇਕ ਸਿਖ ਨੂੰ (ਜੋ ਸਿਖ ਸਦਾਵਣ ਦਾ ਅਧਿਕਾਰ ਰਖਦਾ ਹੈ) ਹਰ ਇਕ ਅਸੂਲ ਹੁਕਮ ਨੂੰ ਕਮਾਉਣਾ ਪਵੇਗਾ। ਗੁਰੂ ਕੇ ਹੁਕਮਾਂ ਉਪਰ ਚਲਣਾ ਸਿਖ ਮਾਤਰ ਦਾ ਧਰਮ ਹੈ।

## ੩. ਅੰਮ੍ਰਿਤ ਵੇਲੇ ਗੁਰਮਤਿ ਇਸ਼ਨਾਨ : ਅੰਮ੍ਰਿਤਸਰ ਇਸ਼ਨਾਨ :

ਇਕ ਇਕ ਗੁਰ-ਬਚਨ ਰੂਪੀ ਗੁਰੂ ਕਾ ਹੁਕਮ ਮੰਨਣਹਾਰਾ ਸਿਖ ਹੀ ਸੱਚਾ ਸਚਿਆਰ ਸਿੰਘ ਬਿਬੇਕੀ ਕਹਾ ਸਕਦਾ ਹੈ। ਹਾਂ, ਜੇਕਰ ਕੋਈ ਸਿਖ ਉਦਮ ਮਾਤਰ ਹੀ ਧਾਰਦਾ ਹੈ ਅਤੇ ਉਦਮ ਧਾਰ ਕੇ ਸਵਾ ਪਹਿਰ ਰਾਤ ਰਹਿੰਦੀ ਉਠ ਭੀ ਬਹਿੰਦਾ ਹੈ, ਪਰ ਇਸ਼ਨਾਨ ਨਹੀਂ ਕਰਦਾ ਅਤੇ ਨਾ ਹੀ ਨਾਮ ਜਪਦਾ ਹੈ, ਤਾਂ ਉਸ ਦਾ ਇਸ ਪ੍ਰਕਾਰੀ ਨਿਰੇ ਉਠ ਬੈਠਣ ਦਾ ਅਤੇ ਮਿੱਟੀ ਦਾ ਮਟੁੰਨ ਹੋ ਕੇ ਬਹਿ ਰਹਿਣ ਦਾ ਉਦਮ ਮਹਿਜ਼ (ਕੋਰਾ) ਪਖੰਡ—ਹਠ ਹੈ, ਜੋ ਕਲਿਆਣ-ਕਾਰਕ ਨਹੀਂ ਅਤੇ ਨਾ ਹੀ ਇਸ ਦਾ ਗੁਰਮਤਿ ਅੰਦਰਿ ਵਿਧਾਨ ਹੈ। ਹਾਂ, ਜੇਕਰ ਉਹ ਉਦਮ ਕਰ ਕੇ ਅੰਮ੍ਰਿਤ ਵੇਲੇ ਉਠਦਾ ਹੈ ਅਤੇ ਉਠ ਕੇ ਤੇ ਫੇਰ ਇਸ਼ਨਾਨ ਕਰਨ ਦਾ ਉਦਮੀ ਬਣਦਾ ਹੈ ਤਾਂ ਮਾਨੋ ਕਿ ਉਹ ਇਉਂ ਉਦਮੀ ਬਣ ਕੇ ਨਿਰਾ ਨਿੰਦਰਾ ਦੇ ਆਲਸ ਭਾਰ ਨੂੰ ਹੀ ਦੂਰ ਨਹੀਂ

ਕਰ ਲੈਂਦਾ, ਸਗੋ ਸਾਵਧਾਨ ਹੋ ਕੇ ਨਾਮ ਬਾਣੀ ਦੀ ਧਿਆਨ-ਕਮਾਈ ਵਿਖੇ ਤੱਤਪਰ ਹੋ ਜਾਂਦਾ ਹੈ, ਤਦ ਉਸ ਦੇ ਉਦਮ ਇਸ਼ਨਾਨ ਦੇ ਸਭੇ ਟੋਲ ਸੁਹਾਵਣੇ ਹੋ ਜਾਂਦੇ ਹਨ। ਤਦ ਤੋਂ ਉਹ ਸੁਤੇ ਸਿਧ ਹੀ ਅੰਮ੍ਰਿਤ ਵੇਲੇ ਦੇ ਉਦਮ ਇਸ਼ਨਾਨ ਧਿਆਨ ਦਾ ਸੁਰਤਾ ਬਣ ਜਾਂਦਾ ਹੈ। ਐਸੇ ਸੁਰਤਿਆਂ ਨੂੰ ਹੀ "ਦਰੀਆਵਾ ਸਿਉ ਦੋਸਤੀ" ਵਾਲੇ ਇਕਾਂਤ ਇਸ਼ਨਾਨ ਦਾ ਚਾਉ ਉਪਜਦਾ ਹੈ; ਐਸੇ ਸੁਰਤਿਆਂ ਨੂੰ ਹੀ "ਚਉਥੈ ਪਹਰਿ ਸਬਾਹ ਕੈ" ਇਸ਼ਨਾਨ ਕਰਨ ਦਾ ਚਾਇ ਚਈਲਾ ਉਦਮ ਫੁਰਦਾ ਹੈ। ਐਸੇ ਸੁਰਤਿਆਂ ਪਰਥਾਇ ਹੀ, "ਸੇਵਕ ਸੇਵਹਿ ਕਰਮਿ ਚੜਾਉ ॥ ਭਿੰਨੀ ਰੈਣਿ ਜਿਨਾ ਮਨਿ ਚਾਉ ॥"[1] ਵਾਲਾ ਗੁਰਵਾਕ ਘਟਦਾ ਹੈ। ਐਸੇ ਸੁਰਤੇ ਸਿੱਖਾਂ ਉਪਰ ਹੀ "ਸਿਖੀ ਸਿਖਿਆ ਗੁਰ ਵੀਚਾਰਿ"[1] ਵਾਲੀ ਤੁਕ ਫਬਦੀ ਹੈ ਅਤੇ ਐਸੇ ਸੁਰਤੇ ਸਿੱਖਾਂ ਨੂੰ ਹੀ "ਨਦਰੀ ਕਰਮਿ ਲਘਾਏ ਪਾਰਿ" ਵਾਲੀ ਅਪਾਰ ਦਾਤਿ ਮਿਲਦੀ ਹੈ। ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਅਤੇ ਇਸ਼ਨਾਨ ਕਰਦੇ ਹੋਏ ਅੰਮ੍ਰਿਤ ਬਾਣੀ ਦਾ ਪਾਠ ਕਰਨਾ ਅਤੇ ਅੰਮ੍ਰਿਤ ਨਾਮ ਵਿਖੇ ਸੁਰਤ ਜੋੜਨਾ ਅਤੇ ਇਸ ਬਿਧਿ ਅੰਮ੍ਰਿਤ ਲਹਿਰਿਆਂ ਦਾ ਗਟਾਕ ਰਸੀਆ (ਰਸ ਮਾਨਣਹਾਰਾ) ਬਣਨਾ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਦੇ ਸਮਾਨ ਹੈ। ਇਕ ਤਾਂ ਉਹ ਸਮਾਂ ਹੀ ਅੰਮ੍ਰਿਤੀ ਸਮਾਂ ਹੁੰਦਾ ਹੈ। ਦੂਜੇ ਅੰਮ੍ਰਿਤ ਇਸ਼ਨਾਨ ਅੰਮ੍ਰਿਤ ਨਾਮ ਦੇ ਸੁਰਤਿਆਂ ਵਾਲੀ ਸੁਰਤੀ ਬਿਰਤੀ ਵਿਚ ਹੁੰਦਾ ਹੈ। ਤੀਜੇ ਇਸ ਅੰਮ੍ਰਿਤ ਬਿਰਤੀ ਦੇ ਅੰਮ੍ਰਿਤ ਪ੍ਰਭਾਵ ਨਾਲ ਬਿਖ ਮਾਇਆਵੀ ਤੇ ਕੂੜਾਵੀ ਭਰਮ-ਪਾਲ ਤੁਟ ਜਾਣ ਕਰਕੇ ਅਰਸ਼ਾਂ ਕੁਰਸਾਂ ਦੀ ਸਦਾ ਹੋ ਰਹੀ ਅਮਰੀ ਤੇ ਕੁਦਰਤੀ ਅੰਮ੍ਰਿਤ ਬਰਖਾ ਦਾ "ਪਾਲਿ ਸਮੁਹਾ ਸਰਵਰੁ ਭਰਾ"[2] ਐਉਂ ਚਾਰ ਚੁਫੇਰੇ ਖੰਡਾਂ ਬ੍ਰਹਮੰਡਾਂ ਵਿਚ ਭਰਪੂਰ ਅਤੇ ਸਰਸ਼ਾਰ ਲਹਿਲਹਾਉਂਦਾ ਪਰਤੱਖ ਨਦਰੀ ਆਉਂਦਾ ਹੈ ਮਾਨੋ ਅੰਮ੍ਰਿਤ ਦੇ ਅਥਾਹ ਲਹਿ ਲਹਿ ਕਰਦੇ ਸਰੋਵਰ ਵਿਚ ਗੋਤੇ ਲਗਾਈਦੇ ਹਨ। ਇਸ ਕਰਕੇ ਇਹ ਇਸ਼ਨਾਨ ਸਚ ਮੁਚ ਹੀ ਪਰਤੱਖ ਅੰਮ੍ਰਿਤਸਰ (ਸੁਧਾਸਰ) ਦਾ ਇਸ਼ਨਾਨ ਹੋ ਜਾਂਦਾ ਹੈ। ਜਿਹੜੇ ਵਡਭਾਗੇ ਬਿਬੇਕੀ ਸੁਰਤੇ ਸ੍ਰੀ ਅੰਮ੍ਰਿਤਸਰ (ਰਾਮਦਾਸ ਸਰੋਵਰ) ਜੀ ਦੇ ਅੰਮ੍ਰਿਤ ਇਸ਼ਨਾਨੀ ਹੰਸਲੇ ਹਨ, ਓਹਨਾਂ ਦਾ ਤਾਂ ਕਹਿਣਾ ਹੀ ਕੀ ਹੈ। ਪਰ ਗੁਰਸਿਖ ਭਾਵੇਂ ਕਿਤੇ ਹੋਵੇ, ਅੰਮ੍ਰਿਤ ਵੇਲੇ ਉਠ ਕੇ ਗੁਰਮਤਿ ਬਿਬੇਕ ਬਿਧੀ ਅਨੁਸਾਰ ਇਸ਼ਨਾਨ ਕਰਨ ਦਾ ਪ੍ਰੇਮ-ਨਿਯਮੀ ਹੁੰਦਾ ਹੈ, ਭਾਵੇਂ ਕੂਪ ਜਲ ਦੇ ਖੁਲ੍ਹੇ ਇਸ਼ਨਾਨ ਕਰਨਹਾਰਾ ਹੈ; ਭਾਵੇਂ ਨਦੀ ਨਹਿਰ ਤੇ ਤਾਰੀਆਂ ਲਾਵਣਹਾਰਾ ਹੈ ਅਤੇ ਭਾਵੇਂ "ਦਰੀਆਵਾ ਸਿਉ ਦੋਸਤੀ" ਰਖਣਹਾਰਾ ਹੈ। ਪ੍ਰੰਤੂ ਅੰਮ੍ਰਿਤ ਵੇਲੇ ਦਾ ਅੰਮ੍ਰਿਤ ਇਸ਼ਨਾਨੀ ਹੋਣ ਕਰਕੇ ਉਹ ਹਰ ਜਗ੍ਹਾ ਹਰ ਅਸਥਾਨ ਸ੍ਰੀ ਅੰਮ੍ਰਿਤਸਰ ਜੀ (ਰਾਮਦਾਸ ਪੁਰੇ) ਤੋਂ ਦੂਰ ਨੇੜੇ ਵਸਣਹਾਰਾ ਹੋਣ ਕਰਿ ਭੀ 'ਅੰਮ੍ਰਿਤਸਰਿ ਨਾਵੈ' ਦੇ ਹੁਕਮ ਉਤੇ ਚਲਣਹਾਰਾ ਸਚਿਆਰ ਬਿਬੇਕੀ ਜਨ ਹੈ। ਸੋ ਉਪਰਲੇ ਗੁਰ ਪ੍ਰਮਾਣ ਅਨੁਸਾਰ ਅੰਮ੍ਰਿਤ ਵੇਲੇ ਅੰਮ੍ਰਿਤ ਇਸ਼ਨਾਨ ਕਰਨਾ ਹਰੇਕ ਗੁਰਸਿਖ ਸੁਜਾਨ ਦਾ ਪਰਮ ਧਰਮ ਹੈ। ਭਾਵੇਂ ਹੁਨਾਲ (ਹਾੜ) ਹੋਵੇ ਭਾਵੇਂ ਸਿਆਲ, ਠੱਕਾ ਵਗਦਾ ਹੋਵੇ, ਬਰਫ਼ ਵਰਸਦੀ ਹੋਵੇ, ਹਰ ਪ੍ਰਕਾਰ ਦੇ ਮੀਂਹ ਹਨੇਰੀ ਗੜਿਆਂ ਦੇ ਝਖੜ ਝਾਗ ਕੇ ਭੀ ਅੰਮ੍ਰਿਤ ਇਸ਼ਨਾਨ ਦੇ ਨੇਮੀ ਪ੍ਰੇਮੀ, ਅੰਮ੍ਰਿਤ ਸਾਵਧਾਨੀ ਸਿਖ ਸੂਰਮੇ (ਵਖਤੇ ਉਪਰ ਲੜਿ ਮਰਨ ਵਾਲੇ) ਇਸ ਇਸ਼ਨਾਨ ਦੇ ਨੇਮ ਪ੍ਰੇਮ ਨੂੰ ਨਿਭਾਉਂਦੇ

1. ਵਾਰ ਆਸਾ, ਮ: ੧, ॥੨॥੫॥ ਪੰਨਾ ੪੬੫
2. ਸਲੋਕ ਕਬੀਰ ਜੀ, ਅੰਕ ੧੭੦, ਪੰਨਾ ੧੩੭੩

ਹਨ। ਕਿਉਂਕਿ ਓਹਨਾਂ ਨੂੰ ਗੁਰੂ ਕੇ ਹੁਕਮ ਕਮਾਵਣ ਦੀ ਸਾਵਧਾਨਤਾ ਸਫੁਰਨੀ ਅਤੇ ਸ਼ਰਧਾ ਸਿਦਕ ਭਿੰਨੀ ਪਰਵਾਹ ਹਰਦਮ ਹੁੰਦੀ ਹੈ। ਜਿਨ੍ਹਾਂ ਸੁਖ-ਰਹਿਣੀਏ ਸਿੱਖਾਂ (ਗੁਰੂ ਕੇ ਸਿਖ ਸਦਾਵਣ ਵਾਲਿਆਂ) ਨੂੰ ਅਜਿਹੀ ਪਰਵਾਹ ਨਹੀਂ, ਓਹ ਨੀਂਦ ਦੇ ਆਲਸੀ ਸੁਖ ਵਿਚ ਪਏ ਹੋਏ ਦਿਨ ਚੜ੍ਹਦੇ ਤੀਕ ਬਿਸਤਰੇ ਉਪਰ ਹੀ ਉਸਲਵੱਟੇ ਲੈਂਦੇ ਰਹਿੰਦੇ ਹਨ ਅਤੇ ਗੁਰ-ਆਗਿਆ ਉਲਟ ਆਪਣੀ ਕਰਮ ਕਰਤੂਤ—ਸੁਖ ਰਹਿਣੀ ਰਹਿਤ—ਨੂੰ ਆਪਣਾ ਮਨ-ਮੰਨਿਆ ਅਸੂਲ ਬਣਾ ਲੈਂਦੇ ਹਨ। ਆਪਣੇ ਮਨ ਦਾ ਮੰਨਿਆ ਅਸੂਲ ਮਨਮਤਿ ਹੈ।

## ੪. ਪਾਖੰਡ ਇਸ਼ਨਾਨ ਦਾ ਖੰਡਨ :

ਇਕ ਚੁੰਚ ਗਿਆਨੀ ਨੂੰ ਅਸੀਂ ਪੁਛਿਆ (ਜੋ ਕਿ ਗੁਰੂ ਕੇ ਦੀਵਾਨ ਵਿਖੇ ਕਥਾ ਵਾਰਤਾ ਅਤੇ ਉਪਦੇਸ਼ ਭੀ ਕਰਿਆ ਕਰਦਾ ਸੀ) ਕਿ ਜੀ, ਤੁਸੀਂ ਕਥਾ ਉਪਦੇਸ਼ ਤਾਂ ਬੜੀ ਘੋਖ ਘੋਖ ਕੇ ਸੁਣਾਉਂਦੇ ਹੋ ਪ੍ਰੰਤੂ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਬਾਣੀ ਦਾ ਨਿਤਨੇਮ ਕਰਦੇ ਤੁਹਾਨੂੰ ਕਦੇ ਨਹੀਂ ਦੇਖਿਆ। ਉਸਨੇ ਕਿਹਾ ਕਿ ਏਡੇ ਵੱਡੇ ਤੜਕੇ ਉਠ ਕੇ ਇਸ਼ਨਾਨ ਕਰਨਾ ਮੁਫ਼ਤ ਹੀ ਤਤਿਛਿਆ (ਸਰੀਰਕ ਕਸ਼ਟ ਦੇਣ) ਵਿਚ ਪੈਣਾ ਹੈ, ਅਸੀਂ ਨਿਤਨੇਮ ਬਾਣੀ ਦਾ ਪਾਠ ਐਵੇਂ ਸੁੱਕੇ ਪਿੰਡੇ ਹੀ ਕਰ ਲੈਂਦੇ ਹਾਂ। ਦਿਨ ਚੜ੍ਹੇ ਪ੍ਰਸ਼ਾਦਾ ਛਕਣ ਤੋਂ ਪਹਿਲਾਂ ਪਹਿਲਾਂ ਇਸ਼ਨਾਨ ਕਰ ਲੈਣ ਦਾ ਗੁਰਮਤਿ ਅਸੂਲ ਅਨੁਸਾਰ ਨਿਯਮ ਹੈ, ਸੋ ਅਸੀਂ ਜਿਵੇਂ ਕਿਵੇਂ ਪੂਰਾ ਕਰ ਲੈਦੇ ਹਾਂ। ਫੇਰ ਜਦ ਓਹਨਾਂ ਨੂੰ ਏਸ ਅਸੂਲ ਨਿਯਮ ਦੀ ਪ੍ਰੋੜ੍ਹਤਾ ਲਈ ਗੁਰਮਤਿ ਪ੍ਰਮਾਣਾਂ ਦੇ ਦੇਣ ਲਈ ਵੰਗਾਰਿਆ ਗਿਆ ਤਾਂ, ਬਸ, ਗਿਆਨੀ ਜੀ ਨੂੰ ਠੂਠੂ ਹੋਣਾ ਪਿਆ। ਅਤੇ ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਰਹਿੰਦੀ ਤੋਂ ਇਸ਼ਨਾਨ ਕਰਨਾ ਗੁਰਮਤਿ ਅਸੂਲਾਂ ਅਨੁਸਾਰ ਜਦ ਓਹਨਾਂ ਨੂੰ ਸਿਧ ਕੀਤਾ ਗਿਆ ਤਾਂ ਉਸਦੇ ਸ਼ੁਸ਼ਕ ਤੇ ਚੁੰਚ ਗਿਆਨ ਦੀ ਕਲੀ ਖੁਲ੍ਹੀ। ਅਤੇ ਤਾਂ ਜਾ ਕੇ ਕਿਤੇ ਓਸ ਨੇ ਮੰਨਿਆ ਕਿ ਠੀਕ ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਗੁਰਮਤਿ ਬਿਬੇਕ ਸੰਦਾ ਅਸੂਲ ਹੈ। ਹਾਂ, ਜੇਕਰ ਕੋਈ ਕੇਵਲ (ਮਹਿਜ਼) ਦਿਖਾਵੇ ਮਾਤ੍ਰ ਇਸ਼ਨਾਨ ਕਰਦਾ ਹੈ ਅਤੇ ਨਾਮ ਨਹੀਂ ਜਪਦਾ, ਕਿੰਤੂ ਇਸ਼ਨਾਨ ਕਰ ਕੇ ਐਵੇਂ ਹੀ ਬਗਲ-ਸਮਾਧੀ ਲਾ ਕੇ ਬਹਿ ਜਾਂਦਾ ਹੈ, ਉਸ ਦਾ ਇਸ਼ਨਾਨ ਕਰਨਾ ਪਾਖੰਡ ਰੂਪ ਹੀ ਹੈ, ਕਿਸੇ ਲੇਖੇ ਨਹੀਂ। ਯਥਾ ਗਰਵਾਕ :

> **ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥**
> **ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥....੫॥੫੩॥**
>
> *ਸਿਰੀਰਾਗੁ ਮ: ੩, ਪੰਨਾ ੩੪*

ਅਜਿਹੇ ਉਦਕ-ਇਸ਼ਨਾਨੀਆਂ ਦੇ ਪਾਖੰਡ ਇਸ਼ਨਾਨ ਪ੍ਰਥਾਇ ਹੀ "ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ"[1] ਆਦਿਕ ਗੁਰਵਾਕ ਗੁਰਬਾਣੀ ਅੰਦਰ ਆਉਂਦੇ ਹਨ। ਪਾਖੰਡ-ਇਸ਼ਨਾਨ ਦਾ ਗੁਰਮਤਿ ਵਿਖੇ ਨਿਸ਼ੇਧ ਹੈ। ਪ੍ਰੰਤੂ ਨਾਮ

1. ਆਸਾ ਕਬੀਰ ਜੀ, ॥੨॥੩੭॥ ਪੰਨਾ ੪੮੪

ਦਾ ਸਾਧਕ ਸਹਾਈ ਰੂਪ ਸਾਧਨ ਸੰਪੰਨ ਇਸ਼ਨਾਨ, ਸੰਜਮ ਸਾਧਨੀ ਗੁਰਮਤਿ ਬਿਬੇਕ ਦਾ ਇਕ ਭਾਰੀ ਅੰਗ ਹੈ।

## ੫. ਮਨ ਦਾ ਇਸ਼ਨਾਨ :

ਗੁਰਮਤਿ ਇਸ਼ਨਾਨ ਦੇ ਵਿਧਾਨ ਪ੍ਰਥਾਇ ਅਨੇਕਾਂ ਹੀ ਗੁਰ ਪ੍ਰਮਾਣ ਗੁਰਬਾਣੀ ਅੰਦਰ ਵਿਦਮਾਨ ਹਨ। ਜਿਨ੍ਹਾਂ ਵਿਚੋਂ ਵੰਨਗੀ ਮਾਤ੍ਰ ਹੇਠ ਲਿਖੇ ਗੁਰ ਪ੍ਰਮਾਣ ਦ੍ਰਿਸ਼ਟੀ ਗੋਚਰ ਕਰਾਏ ਜਾਂਦੇ ਹਨ। ਯਥਾ ਗੁਰ ਪ੍ਰਮਾਣ :

(ੳ) **ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥**
**ਬਿਘੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥੧੯॥**
*ਬਸੰਤੁ ਮ: ੫, ਪੰਨਾ ੧੧੮੫*

(ਅ) **ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥੩੬॥**
*ਸਿਧ ਗੋਸਟਿ ਰਾਮਕਲੀ ਮ: ੧, ਪੰਨਾ ੯੪੨*

(ੲ) **ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥**
**ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥੧੧॥**
*ਸੋਰਠਿ ਮ: ੫, ਪੰਨਾ ੬੧੧*

(ਸ) **ਪਰਤਾਪੁ ਸਦਾ ਗੁਰ ਕਾ ਘਟਿ ਘਟਿ ਪਰਗਾਸੁ ਭਯਾ ਜਸੁ ਜਨ ਕੈ ॥**
**ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ੍ਨਾਨੁ ॥**
**ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ ॥**
**ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯਾਨੁ ਧਰੰ ॥**
**ਜਗ ਜੀਵਨੁ ਜਗੰਨਾਥੁ ਜਲ ਥਲ ਮਹਿ ਰਹਿਆ ਪੂਰਿ ਬਹੁ ਬਿਧਿ ਬਰਨੰ ॥**
**ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥੪॥**
*ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੨*

(ਹ) **ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥**
**ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥੨॥**
**ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥**
**ਗੁਰ ਕਾ ਸਬਦੁ ਨ ਚੀਨਹੀ ਤਤੁ ਸਾਰੁ ਨਿਰੰਤਰ ॥੩॥**
**ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥**
**ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ ॥੪॥**
**ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥**
**ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥੫॥**
**ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥**
**ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥੬॥**

**ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥**
**ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ ॥੭॥**
**ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਵਾਣੈ ॥**
**ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ॥੮॥੧੪॥**

*ਆਸਾ ਮ: ੧, ਪੰਨਾ ੪੧੮-੧੯*

(ਕ) **ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥ ਰਸਨਾ ਜਾਪੁ ਜਪਉ ਬਨਵਾਰੀ ॥੧॥**
**ਸਫਲ ਮੂਰਤਿ ਦਰਸਨ ਬਲਿਹਾਰੀ ॥ ਚਰਣ ਕਮਲ ਮਨ ਪ੍ਰਾਣ ਅਧਾਰੀ ॥੧॥ ਰਹਾਉ ॥**
**ਸਾਧ ਸੰਗਿ ਜਨਮ ਮਰਣ ਨਿਵਾਰੀ ॥ ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥੨॥**
**ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥**
**ਕਹੁ ਨਾਨਕ ਇਹੁ ਤਤੁ ਬੀਚਾਰੀ ॥ ਰਾਮ ਨਾਮ ਜਪਿ ਪਾਰਿ ਉਤਾਰੀ ॥੪॥੧੨॥੧੮॥**

*ਸੂਹੀ ਮ: ੫, ਪੰਨਾ ੭੪੦*

(ਖ) **ਸੁਣਿ ਗਲਾ ਗੁਰ ਪਹਿ ਆਇਆ ॥ ਨਾਮੁ ਦਾਨੁ ਇਸਨਾਨੁ ਦਿੜਾਇਆ ॥**
**ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥**

*ਸਿਰੀਰਾਗੁ ਮ: ੫, ਪੰਨਾ ੭੩-੭੪*

(ਗ) **ਦੁਆਦਸੀ ਦਾਨੁ ਨਾਮੁ ਇਸਨਾਨੁ ॥**
**ਹਰਿ ਕੀ ਭਗਤਿ ਕਰਹੁ ਤਜਿ ਮਾਨੁ ॥੧੨॥**

*ਥਿਤੀ ਗਉੜੀ ਮ: ੫, ਪਉੜੀ, ਪੰਨਾ ੨੯੯*

ਇਸ਼ਨਾਨ ਦਾ ਪ੍ਰਭਾਵ ਮਨ ਉਤੇ :—ਸਰੀਰਕ ਇਸ਼ਨਾਨ ਕਰਨ ਕਰਕੇ ਨਾ-ਕੇਵਲ ਆਲਸ ਅਤੇ ਸੁਸਤੀ ਹੀ ਦੂਰ ਹੁੰਦੀ ਹੈ, ਬਲਕਿ ਚੈਤੰਨਤਾ ਉਪਜ ਆਵਣ ਕਰਕੇ ਭਜਨ ਕਰਨ ਲਈ ਇਕ ਅਮਰੀ ਸਾਵਧਾਨਤਾ ਪੈਦਾ ਹੋ ਜਾਂਦੀ ਹੈ ਅਤੇ ਮਨ ਵਿਖੇ ਸ਼ਾਂਤੀ, ਸੁਚੇਤ-ਤਾਈ ਅਤੇ ਸਤੋਗੁਣ ਦਾ ਪ੍ਰਭਾਵ ਵਰਤ ਜਾਂਦਾ ਹੈ ਅਤੇ ਇਸ ਪ੍ਰਭਾਵ ਵਰਤਾਰੇ ਦੇ ਅਸਰ ਤਲੇ ਬਿਬੇਕੀ ਜਨ ਨੂੰ ਮਨ ਦੇ ਇਸ਼ਨਾਨ ਦਾ ਸਮਾਂ ਗਹਿ ਕਰਕੇ ਸਮ੍ਹਾਲ ਲੈਣਾ ਚਾਹੀਦਾ ਹੈ। ਇਕ ਤਾਂ ਅੰਮ੍ਰਿਤ ਵੇਲੇ ਦਾ ਅੰਮ੍ਰਿਤੀ ਪ੍ਰਭਾਵ, ਦੂਸਰੇ ਸ਼ਾਂਤ-ਏਕਾਂਤ ਪੂਰੀ ਬਣੀ ਹੋਈ ਅਤੇ ਤੀਸਰੇ ਇਸ਼ਨਾਨ (ਸਰੀਰਕ ਇਸ਼ਨਾਨ) ਦੇ ਤੁਫ਼ੈਲ ਸਤੋਗੁਣੀ ਸਾਵਧਾਨਤਾ ਤੇ ਚੈਤੰਨਤਾ ਵਰਤੀ ਹੋਈ। ਬਸ, ਥੋੜੀ ਜਿਹੀ ਚੌਕਸੀ ਹੋਰ ਰਖਣ ਦੀ ਲੋੜ ਹੈ। ਮਨ ਨੂੰ ਮੈਲਾ ਕਰਨ ਵਾਲੇ ਮਲੀਨ ਸੰਕਲਪ, ਫੁਰਨੇ ਕੁਫੁਰਨੇ, ਵਾਸ਼ਨਾ ਕੁਵਾਸ਼ਨਾ ਅਤੇ ਆਸਾ ਮਨਸਾ ਤ੍ਰਿਸ਼ਨਾ-ਵੇੜ੍ਹੇ ਸੰਕਲਪਾਂ ਨੂੰ ਨੇੜੇ ਨਾ ਆਉਣ ਦੇਣਾ, ਜੇ ਆਉਣ ਤਾਂ ਬਹੁੜ ਬਹੁੜ ਰੋਕਣਾ ਅਤੇ ਰੋਕ ਕੇ ਸੁਰਤੀ ਨੂੰ ਨਾਮ ਵਲ ਲਾਉਣ ਦਾ ਯਤਨ ਕਰਨਾ, ਇਹ ਮਨ ਦਾ ਇਸ਼ਨਾਨ ਹੈ। ਅੱਵਲ ਤਾਂ ਇਹ ਮਨ ਦਾ ਇਸ਼ਨਾਨ, ਤਨ ਦੇ ਇਸ਼ਨਾਨ ਦੇ ਪ੍ਰਭਾਵ ਕਰਕੇ ਸੁਤੇ ਹੀ ਬਣਿ ਆਂਵਦਾ ਹੈ, ਕਿਉਂਕਿ ਇਸ਼ਨਾਨ ਕਰਦੇ ਹੋਏ ਅੰਮ੍ਰਿਤ ਬਾਣੀ ਦਾ ਪ੍ਰਵਾਹ ਨਾਲੋਂ ਨਾਲ ਚਲਾਈ ਰਖਣ ਕਰਕੇ ਸ਼ਾਂਤਮਈ ਸਤੋਗੁਣੀ ਵਰਤਾਰਾ ਮਨ ਦੀ ਬਿਵਸਥਾ ਉਤੇ ਅਵੱਸ਼ਮੇਵ ਹੀ ਵਰਤ ਜਾਂਦਾ ਹੈ। ਜੇ ਕਿਤੇ ਬਿਘਨ ਪਵੇ ਭੀ ਤਾਂ ਬਸ ਕੇਵਲ ਏਤਨੇ ਯਤਨ ਦੀ ਲੋੜ ਹੈ ਕਿ ਉਕਤ ਛਿਨ ਭੰਗਰੀ ਬਿਘਨ ਦੁਆਰਾ ਉੱਖੜੀ ਬਿਰਤੀ ਸੁਰਤੀ ਨੂੰ ਹੋੜ ਕੇ ਬਾਣੀ ਵਲ ਲਾਇਆ ਜਾਵੇ। ਇਸ ਛਿਨ ਭੰਗਰੀ ਨਿਮਖ ਭਰ ਦੇ ਯਤਨ

ਸੇਤੀ ਸੁਰਤੀ ਨੂੰ ਗੁਰਬਾਣੀ ਨਾਲ ਜੋੜਨ ਦਾ ਪਰਤੱਖ ਪੈਰ ਪ੍ਰਤਮ (ਪ੍ਰਤਾਵਾ) ਦੇਖਣ ਵਾਲਾ ਫਲ ਬਿਬੇਕੀ ਜਨ ਨੂੰ ਇਹ ਮਿਲਦਾ ਹੈ ਕਿ ਗੁਰੂ ਰੂਪ ਬਾਣੀ ਕੋਟ ਪੈਂਡਾ ਅਗੇ ਹੋਇਕੇ ਸੁਰਤੀ ਨੂੰ ਆਪਣੀ ਬੁੱਕਲ ਵਿਚ ਆ ਲੈਂਦੀ ਹੈ। ਇਸ ਬਿਧਿ ਸਣੇ ਸਣੇ ਇਕਤਾਰ ਅਤੇ ਅਤੁਟ ਲਿਵ ਜੁੜਨਾ ਬਿਬੇਕੀ ਜਨ ਨੂੰ ਪ੍ਰਾਪਤ ਹੋ ਜਾਂਦਾ ਹੈ। ਫੇਰ ਉਪਰੋਂ ਲਗਾਤਾਰ ਨਾਮ ਅਭਿਆਸ, ਅਰਥਾਤ, ਗੁਰਮੰਤ੍ਰ ਦੇ ਅਜਪਾ ਜਾਪ ਦਾ ਜੋ ਪਾਰਸ-ਪ੍ਰਤਾਪ ਵਰਤਦਾ ਹੈ, ਇਸ ਦਸ਼ਾ ਦਾ ਤਾਂ ਕਹਿਣਾ ਹੀ ਕੀ ਹੈ। ਇਸ ਸਮੇਂ ਦੀ ਇਕ ਘਟਨਾ ਤੋਂ ਹਮੇਸ਼ਾ ਅਭਿਆਸੀ ਜਨ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਫੁਰਨੇ ਸੰਕਲਪ ਵਿਕਲਪਾਂ ਦੀ ਕਲਪਣਾ ਜਦ ਮਿਟ ਜਾਂਦੀ ਹੈ ਤਾਂ ਸੁਰਤੀ ਦੇ ਸ਼ਾਂਤ ਘਰ ਵਿਚ ਆਉਣ ਕਰਕੇ ਬਿਰਤੀ ਨੂੰ ਇਕ ਸੁਖ ਜਿਹਾ ਪ੍ਰਤੀਤ ਹੁੰਦਾ ਹੈ ਜੋ ਅਭਿਆਸੀ ਦੇ ਅਭਿਆਸ ਨੂੰ ਚੜ੍ਹਦੀ ਕਲਾ ਵਿਖੇ ਜਾਣੋਂ ਰੋਕਦਾ ਹੈ। ਜੇ ਇਹ ਸੁਖ, ਬਿਰਤੀ ਉਤੇ ਪ੍ਰਬਲ ਪੈ ਜਾਵੇ ਤਾਂ ਸੁਰਤੇ ਦੀ ਸੁਰਤੀ ਊਣਮ ਝੂਣੀ ਜਿਹੀ ਹੋ ਜਾਂਦੀ ਹੈ[1] ਅਤੇ ਅਸਲ ਸਾਵਧਾਨਤਾ ਤੇ ਨਾਮ ਲਿਵ ਦੀ ਏਕਾਗਰਤਾ ਨਹੀਂ ਰਹਿੰਦੀ, ਜੋ ਕਿ ਹਰ-ਦਮ ਰਹਿਣੀ ਚਾਹੀਦੀ ਹੈ। ਕਿਉਂਕਿ ਇਸ ਬਿਹੂਣ ਪ੍ਰੇਮ ਪ੍ਰਾਇਣੀ ਸਿਫਤਿ-ਸਾਲਾਹ ਨਹੀਂ ਹੋ ਸਕਦੀ। ਜੈਸੇ ਕਿ ਸੁਖਮਨੀ ਸਾਹਿਬ ਵਿਖੇ ਇਹ ਉਤਸ਼ਾਹੀ ਬਚਨ (ਹੁਕਮ) ਹੈ। ਯਥਾ :

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥੫॥੨੪॥**

*ਗਉੜੀ ਸੁਖਮਨੀ ਮ: ੫, ਪੰਨਾ ੨੯੫*

ਇਸ ਤੋਂ ਬਚਣ ਦਾ ਸਭ ਤੋਂ ਵਧੀਆ ਉਪਾਉ ਇਹ ਹੈ ਕਿ ਪਹਿਲੀ ਅਵਸਥਾ ਤੋਂ ਹੀ ਨਾਮ ਬਾਣੀ ਦਾ ਅਭਿਆਸ ਇਕੱਠਾ ਹੀ ਕੀਤਾ ਜਾਵੇ[2]। ਅਤੇ ਬਾਣੀ, ਖ਼ਾਸ ਕਰਿ ਸੁਖਮਨੀ ਸਾਹਿਬ ਦੀ ਬਾਣੀ ਦਾ ਅਭਿਆਸ, ਨਾਮ ਅਭਿਆਸ ਦੇ ਨਾਲ ਅਤਿ ਗੁਣਕਾਰੀ ਹੈ। ਬਾਣੀ ਪ੍ਰੀਤਮ (ਨਾਮੀ, ਜਿਸ ਦਾ ਕਿ ਨਾਮ ਜਪੀਦਾ ਹੈ) ਦੇ ਪ੍ਰੇਮ ਚਾਬਕ ਮਾਰ ਕੇ ਪ੍ਰੇਮੀ (ਅਭਿਆਸੀ ਜਨ) ਨੂੰ ਨਾਮ ਅਭਿਆਸ ਵਲ ਸਾਵਧਾਨ ਰਖਦੀ ਹੈ ਅਤੇ ਨਾਮ ਦੀ ਮਹਿਮਾ ਦੇ ਗੁਣਾਨਵਾਦ ਕਹਿ ਕਹਿ ਕੇ ਨਾਮ ਦਾ ਪ੍ਰੇਮ ਪਿਆਰ ਉਪਜਾਉਂਦੀ ਹੈ। ਇਹ ਪ੍ਰੇਮ ਹੀ ਸਾਵਧਾਨਤਾ ਦਾ ਸੰਜਮ ਹੈ, ਇਹ ਪ੍ਰੇਮ ਹੀ ਸੁਰਤੀ ਬਿਰਤੀ ਦੇ ਉਚੇਰਾ ਰੱਖਣ ਦੀ ਔਖਧੀ ਹੈ, ਅਤੇ ਇਹ ਪ੍ਰੇਮ ਹੀ ਸਰਬੱਤਰ ਫੁਰਨਿਆਂ ਕੁਫੁਰਨਿਆਂ ਦੇ ਮਾਰਨ ਦਾ ਮਾਰਣ (ਦਾਰੂ) ਹੈ। ਗੱਲ ਕੀ, ਇਹ ਪ੍ਰੇਮ ਹੀ ਨਾਮ ਅਭਿਆਸ ਦੀ ਜੁਗਤੀਆਂ ਸਿਰ ਮੁਖ ਜੁਗਤੀ ਹੈ। ਯਥਾ ਗੁਰਵਾਕ :

**ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥**
**ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥**
**ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥੩੯॥**

*ਸਿਰੀਰਾਗੁ ਮ: ੩, ਪੰਨਾ ੨੮*

---

1. ਇਸ ਦਸ਼ਾ ਦਾ ਨਾਉਂ ਤੰਦਰਾ ਹੈ। ਨਿੰਦ੍ਰਾ ਤੋਂ ਇਹ ਭਿੰਨ ਹੈ। ਹਿਤ ਅਲਸਾਈ ਗਨੂੰਦਗੀ ਵਰਗੀ ਹਾਲਤ ਤਾਰੀ ਹੋ ਜਾਂਦੀ ਹੈ।
2. ਇਸ ਭੇਦ ਦਾ ਨਿਰਣਾ "ਗੁਰਮਤਿ ਨਾਮ" ਪੁਸਤਕ ਵਿਖੇ ਖੋਲ੍ਹ ਕੇ ਕੀਤਾ ਜਾਵੇਗਾ।

ਗੁਰਮਤਿ ਭਗਤੀ ਰੂਪੀ ਬਿਬੇਕ (ਬੀਚਾਰ) ਦਾ ਨਿਰਭਰ ਪ੍ਰੇਮ ਪਿਆਰ ਉਤੇ ਹੀ ਹੈ। ਯਥਾ ਗੁਰਵਾਕ :

**ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥੩॥੫੧॥**

*ਆਸਾ ਮ: ੩, ਪੰਨਾ ੩੬੪*

ਭਗਵੰਤ ਭਗਤੀ ਰੂਪੀ ਪ੍ਰੇਮ ਬਿਬੇਕ ਦੀ ਇਸ ਪ੍ਰੀਤ-ਕਣੀ ਬਿਹੂਣ ਬੜੇ ਬੜੇ ਚਤੁਰ ਤੋਂ ਚਤੁਰ ਚੁੰਚ ਗਿਆਨੀ ਅਤੇ ਚੰਮ ਚੋਪੜੀ ਸੁੰਦਰਤਾ ਦੇ ਅਭਿਮਾਨੀ ਧਨਵੰਤ ਕੁਲਵੰਤ ਭੀ ਮਿਰਤਕ ਰੂਪ ਹਨ। ਯਥਾ ਗੁਰਵਾਕ :

**ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥੧੬॥**

*ਗਉੜੀ ਬਾਵਨ ਅਖਰੀ ਮ : ੫, ਪੰਨਾ ੨੫੩*

ਸੋ, ਜਿਸ ਗੁਰਮੁਖਿ ਬਿਬੇਕੀ ਜਨ ਦੇ ਅੰਦਰਿ ਪ੍ਰੀਤ ਪਿਆਰ ਹੈ, ਉਹ ਨਾਮ ਤੋਂ ਬਿਹੂਣ ਜਿਤੀ ਹੋਰ ਖ਼ਿਆਲ ਹਨ, ਸਭ ਨੂੰ ਅਲੂਦਿਆ ਸਮਝ ਕੇ ਭਗਤਿ ਪ੍ਰਾਇਣ ਹੁੰਦਾ ਹੋਇਆ, ਨੇੜੇ ਨਹੀਂ ਢੁੱਕਣ ਦਿੰਦਾ। ਜੇ ਉਕਤ ਖ਼ਿਆਲ (ਨਾਮ ਸੱਖਣੇ ਖ਼ਿਆਲ) ਬਿਬੇਕੀ ਜਨ ਦੀ ਬਿਰਤੀ ਅੰਦਰ ਮੱਲੋ ਮੱਲੀ ਘੁਸੜ ਕੇ ਆ ਭੀ ਵੜਨ ਤਾਂ ਗੁਰਮੁਖਿ ਬਿਬੇਕੀ ਜਨ ਨਾਮ ਦਾ ਖੰਡਾ ਖੜਕਾ ਕੇ ਉਕਤ ਹੋਛੇ ਖ਼ਿਆਲਾਂ ਨੂੰ ਬਾਹਰ ਕਢ ਮਾਰਦਾ ਹੈ, ਕਿਉਂਕਿ ਪ੍ਰੇਮਾ ਭਗਤੀ ਦੇ ਮਾਰਗ ਵਿਚ ਨਾਮ ਦੇ ਪ੍ਰਮਾਰਥੀ ਖ਼ਿਆਲਾਂ ਬਾਝੋਂ ਪ੍ਰੇਮੀ ਨੂੰ ਹੋਰ ਖ਼ਿਆਲ ਸੁਖਾਂਦੇ ਹੀ ਨਹੀਂ। ਸੋ ਇਸ ਬਿਧਿ ਮਨ ਨੂੰ ਪ੍ਰਮਾਰਥੀ ਰੰਗ ਦੇ ਖ਼ਿਆਲਾਂ ਤੋਂ ਛੁਟ ਹੋਰ ਹੋਛੇ ਅਤੇ ਮਲੀਨ ਖ਼ਿਆਲਾਂ ਤੋਂ ਪਾਕ ਰਖਣਾ ਮਨ ਦਾ ਉਤਮ ਇਸ਼ਨਾਨ ਹੈ, ਜੋ ਤਨ ਦੇ (ਸਰੀਰਕ) ਇਸ਼ਨਾਨ ਦੇ ਨਾਲੋ ਨਾਲ ਹੀ ਬਣਿ ਆਂਵਦਾ ਹੈ। ਅਤੇ ਏਸ ਸਰੀਰਕ ਇਸ਼ਨਾਨ ਰੂਪੀ ਕਰਮ ਬਿਬੇਕ ਨੂੰ ਬਿਬੇਕੀ ਜਨ ਗੁਰਮਤਿ ਹੁਕਮੁ ਸਮਝ ਕੇ ਕਮਾਂਵਦੇ ਹਨ। ਅਤੇ ਗੁਰਮਤਿ ਹੁਕਮ ਅਨੁਸਾਰ ਕਮਾਏ ਜਾਣ ਕਰਕੇ ਹੀ ਇਹ ਆਤਮ ਬਰਕਤਾਂ ਵਾਲਾ ਇਸ਼ਨਾਨ ਬਿਬੇਕ ਹੈ, ਮਨ ਦੀ ਮਤਿ ਵਾਲਾ ਡਿੰਭ-ਇਸ਼ਨਾਨ ਨਹੀਂ ਹੈ। ਜੋ ਗੁਰਸਿਖ ਗੁਰੂ ਦਾ ਹੁਕਮ ਸਮਝ ਕੇ ਇਸ ਇਸ਼ਨਾਨ ਦੇ ਨਿਤਾਪ੍ਰਤੀ ਪ੍ਰੇਮ ਨਿਯਮ ਨੂੰ ਪਾਲਦੇ ਹਨ, ਓਹ ਸ਼ਰਧਾਵਾਨ ਬਿਬੇਕੀ ਜਨ ਸਨਮਾਨ ਯੋਗ ਹਨ, ਪ੍ਰੰਤੂ ਜੋ ਕੇਵਲ ਲੋਕ-ਦਿਖਾਵੇ ਮਾਤ੍ਰ ਹੀ ਇਸ਼ਨਾਨ ਦਾ ਡਿੰਭ ਧਾਰਦੇ ਹਨ, ਓਹਨਾਂ ਦਾ ਇਸ਼ਨਾਨ-ਧਿਆਨ ਗੁਰਮਤਿ ਅੰਦਰਿ ਪ੍ਰਮਾਣ ਨਹੀਂ। 'ਸਰੀਰ ਦੀ ਸ਼ੁੱਧੀ' ਇਸ ਨਿਤਾ-ਨਿਯਮੀ ਇਸ਼ਨਾਨ-ਬਿਬੇਕ ਧਾਰਨਾ ਦਾ ਇਕ ਸੁਤੇ ਸਿਧੀ ਸਿੱਟਾ ਹੈ। ਜਿਸ ਧਾਰਨਾ ਦੇ ਧਾਰਨ ਕਰਕੇ ਦੇਹ ਅਰੋਗਤਾ ਭੀ ਸੁਤੇ ਹੀ ਬਣੀ ਰਹਿੰਦੀ ਹੈ। ਪ੍ਰੰਤੂ ਨਿਰੀ ਸਰੀਰਕ ਸ਼ੁੱਧੀ ਹੀ ਇਸ਼ਨਾਨ ਦਾ ਸਿਧਾਂਤ ਨਿਸ਼ਾਨਾ ਨਹੀਂ (ਜੈਸਾ ਕਿ ਕਈ ਇਕ ਸਫ਼ਾਈ-ਪਸੰਦ ਉਦਕ-ਇਸ਼ਨਾਨੀਆਂ ਦਾ ਖ਼ਿਆਲ ਹੈ)। ਗੁਰਮਤਿ ਇਸ਼ਨਾਨ ਬਿਬੇਕ ਨੂੰ ਸਰੀਰਕ ਸ਼ੁੱਧੀ, ਮਾਨਸਕ ਸ਼ੁੱਧੀ ਅਤੇ ਆਤਮਕ ਸ਼ੁੱਧੀ ਦੇ ਅਮਰ ਫਲ ਸਿੱਟੇ ਸੁਤੇ ਸਿਧ ਹੀ ਲਗਦੇ ਹਨ। ਗੁਰਸਿੱਖਾਂ ਨੇ ਤਾਂ ਇਸ ਬਿਬੇਕ ਨੂੰ ਕੇਵਲ ਹੁਕਮ ਸਮਝ ਕੇ ਕਮਾਉਣਾ ਹੈ, ਨਾਮ ਰੂਪੀ ਸਾਰ ਬਿਬੇਕ ਦਾ ਸੰਜਮ ਸਾਧਨੀ ਹੁਕਮ ਸਮਝ ਕੇ ਇਸ ਇਸ਼ਨਾਨ ਬਿਬੇਕ ਨੂੰ ਕਮਾਵਣਾ ਹੈ, ਆਤਮ ਅਨੰਦ ਦੀ ਬਿਰਧੀ ਨਮਿਤ ਨਾਮ ਕਮਾਈ ਦਾ ਸਹਾਇਕ ਸਮਝ ਕੇ ਕਮਾਵਣਾ ਹੈ। ਦਲਿਦਰੀ ਮਨ ਨੂੰ,ਆਲਸ-ਗ੍ਰਸੇ ਤਨ ਮਨ

ਨੂੰ ਨਾਮ-ਸਾਵਧਾਨੀ ਹੋਣ ਲਈ ਕਮਾਵਣਾ ਹੈ। ਡਿੰਭ-ਇਸ਼ਨਾਨੀਆਂ ਦੀ ਨਿਆਈਂ ਮਾਇਕ ਫੰਧ ਰਚਣ ਲਈ, ਮਾਇਆ ਜਾਲ ਫਾਥੇ ਸੰਸਾਰੀਆਂ ਨੂੰ ਰੀਝਾਵਣ ਅਤੇ ਰੀਝਾਇ ਕੇ ਓਹਨਾਂ ਪਾਸੋਂ ਮਾਇਕ ਲਾਹੇ ਉਠਾਵਣ ਦੀ ਮਨੋਰਥ-ਸਿਧੀ ਲਈ ਨਹੀਂ ਕਮਾਵਣਾ, ਮਾਇਕ ਮਨੋਰਥਾਂ ਦੀ ਮੈਲ ਮਨ ਵਿਚ ਰਖ ਕੇ ਨਾਹੀਂ ਕਮਾਉਣਾ। ਇਸ ਮੈਲ ਨਾਲ ਮਲੀਨ (ਮੈਲੇ) ਹੋਏ ਮਨ ਨੂੰ ਲੈ ਕੇ (ਅਰਥਾਤ, ਮਾਇਕ ਮਨੋਰਥ ਸਿਧੀ ਦੀ ਮਲੀਨ ਵਾਸ਼ਨਾ ਸੇਤੀ ਲਿਬੜੇ ਹੋਏ ਮਨ ਦੇ ਨਾਲ) ਨਾਮ ਮਹਾਂ ਬਿਬੇਕ ਦੇ ਉਚ ਮੰਤਵ ਨੂੰ ਮੁਖ ਰਖੇ ਬਿਹੂਣ ਅਤੇ ਨਾਮ ਮਹਾਂ ਰਸ ਦੇ ਚੱਖੇ ਬਿਹੂਣ ਨਿਰੇ ਤਨ ਧੋਵਣ ਕਰਕੇ, ਨਾ ਹੀ ਮਨ ਦੀ ਸ਼ੁੱਧੀ ਹੁੰਦੀ ਹੈ ਅਤੇ ਨਾ ਹੀ ਤਨ ਧੋਵਣਾ ਕਿਸੇ ਲੇਖੇ ਪੈਂਦਾ ਹੈ। ਇਸੇ ਪ੍ਰਥਾਇ ਇਹ ਗੁਰਵਾਕ ਹੈ:

**ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥੧॥੧॥**

*ਵਡਹੰਸ ਮ: ੩, ਪੰਨਾ ੫੫੮*

ਅਤੇ ਅਜਿਹੇ ਬੱਗ-ਇਸ਼ਨਾਨੀਆਂ, ਬਗ-ਧਿਆਨੀਆਂ, ਬਗ-ਗਿਆਨੀਆਂ ਪ੍ਰਥਾਇ ਹੀ ਇਹ ਅਗਲੇਰੇ ਗੁਰ ਪ੍ਰਮਾਣ ਹਨ। ਯਥਾ:

**ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥੫॥੪॥**

*ਗਉੜੀ ਸੁਖਮਨੀ ਮ: ੫, ਪੰਨਾ ੨੬੭*

**ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ ਪੂਜਾ ਕਰਹਿ, ਬਹੁਤੁ ਬਿਸਥਾਰਾ ॥**
**ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ ਅੰਤਰ ਕੀ ਮਲੁ ਕਬ ਹੀ ਨ ਜਾਏ ॥੧॥੨॥**

*ਪ੍ਰਭਾਤੀ ਮ: ੫, ਪੰਨਾ ੧੩੪੭-੪੮*

ਇਸ ਪ੍ਰਕਾਰ ਦੇ ਡਿੰਭ-ਇਸ਼ਨਾਨ ਪ੍ਰਥਾਇ ਹੋਰ ਭੀ ਬਥੇਰੇ ਗੁਰਵਾਕ ਹਨ, ਜਿਨ੍ਹਾਂ ਤੋਂ ਸਿਧ ਹੁੰਦਾ ਹੈ ਕਿ ਡਿੰਭ-ਇਸ਼ਨਾਨ ਦਾ ਗੁਰਮਤਿ ਅੰਦਰ ਉੱਕਾ ਹੀ ਵਿਧਾਨ ਨਹੀਂ। ਇਹ ਕੇਵਲ ਗੁਰਮਤਿ-ਇਸ਼ਨਾਨ ਹੀ ਹੈ, ਭਾਵ ਗੁਰਮਤਿ-ਬਿਬੇਕ-ਬਿਧੀ ਅਨੁਸਾਰ ਸਨਮਾਨਿਆ ਇਸ਼ਨਾਨ ਹੀ ਹੈ, ਜਿਸ ਨੂੰ ਕੀਤਿਆਂ, "ਮਨ ਤਨ ਭਏ ਅਰੋਗਾ"[1] ਦੀਆਂ ਸ਼ੁਧਤਾਈਆਂ ਸੁਤੇ ਹੀ ਬਣ ਆਂਵਦੀਆਂ ਹਨ। ਅਤੇ ਸੁਰਤੇ ਜਨਾਂ ਦੀਆਂ ਸੁਰਤੀਆਂ ਬਿਰਤੀਆਂ ਨਾਮ ਦੀ ਚੜ੍ਹਦੀ ਕਲਾ ਵਿਚ ਜਾ ਖੇਡਦੀਆਂ ਹਨ।

## ੬. ਸਕੇਸ਼ ਇਸ਼ਨਾਨ:

ਕਈ ਸੱਜਣ ਇਹ ਸਵਾਲ ਉਠਾਉਂਦੇ ਹਨ ਕਿ ਭਲਾ ਜੀ, ਸਰੀਰ ਦਾ ਇਸ਼ਨਾਨ-ਨੇਮ ਤਾਂ ਹੋਇਆ, ਕੀ ਸਕੇਸ਼ ਇਸ਼ਨਾਨ ਦੇ ਨਿਯਮ ਪੂਰਬਕ ਨਿਭਾਉਣ ਦਾ ਭੀ ਹੁਕਮ ਹੈ? ਇਸ਼ਨਾਨ ਦਾ ਸਿਧਾ ਪਧਰਾ ਸਪੱਸ਼ਟ ਉਤਰ ਤਾਂ ਇਹ ਹੈ ਕਿ ਜਦ ਸਰੀਰਕ ਇਸ਼ਨਾਨ ਦਾ ਹੁਕਮ ਹੋਣਾ ਗੁਰਮਤਿ ਅਨੁਸਾਰ ਮੰਨਿਆ ਗਇਆ ਤਾਂ ਸਕੇਸ਼ ਇਸ਼ਨਾਨ ਤਾਂ ਆਪੇ ਸਿਧ ਹੋ ਗਿਆ, ਕਿਉਂਕਿ ਸਰੀਰ ਦਾ ਸ਼ਿਰੋਮਣੀ ਹਿੱਸਾ ਤਾਂ ਸੀਸ ਹੀ ਹੈ। ਜਦ ਸੀਸ ਦਾ ਇਸ਼ਨਾਨ ਨਾ ਹੋਇਆ ਤਾਂ ਸਰੀਰਕ ਇਸ਼ਨਾਨ

1. ਸੋਰਠਿ ਮ: ੫, ॥੧॥੧੧॥ ਪੰਨਾ ੬੧੧

ਅਧੂਰਾ ਹੈ। ਪੂਰਾ ਇਸ਼ਨਾਨ ਸੀਸ ਦੇ ਇਸ਼ਨਾਨ ਸੰਯੁਕਤ ਹੈ। ਜਦ ਸੀਸ ਇਸ਼ਨਾਨ ਬਿਨਾਂ ਪੂਰਾ ਇਸ਼ਨਾਨ ਬਣਦਾ ਹੀ ਨਹੀਂ ਤਾਂ ਸੀਸ ਦਾ ਇਸ਼ਨਾਨ ਪਰਮ ਜ਼ਰੂਰੀ ਇਸ਼ਨਾਨ ਹੈ। ਤੇ ਜਦ ਸੀਸ ਦਾ ਇਸ਼ਨਾਨ ਸਿਧ ਹੋ ਗਿਆ ਤਾਂ ਸਕੇਸ਼ ਇਸ਼ਨਾਨ ਆਪੇ ਸਿਧ ਹੋ ਗਿਆ, ਕਿਉਂਕਿ ਕੇਸਾਂ ਦੇ ਇਸ਼ਨਾਨ ਕੀਤੇ ਬਿਨਾਂ ਸੀਸ ਦਾ ਇਸ਼ਨਾਨ ਬਣਦਾ ਹੀ ਨਹੀਂ। ਦੂਸਰੇ ਚੈਤੰਨਤਾ ਪੂਰਤ ਪੂਰਨ ਸਾਵਧਾਨਤਾ ਸਕੇਸ਼ ਇਸ਼ਨਾਨ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ। ਸਕੇਸ਼ ਇਸ਼ਨਾਨ ਦੇ ਲਹਿਰ ਅਨੰਦ ਦਾ ਅਨਭਵ ਅਭਿਆਸੀ ਜਨ ਹੀ ਕਰ ਸਕਦੇ ਹਨ, ਅਤੇ ਓਹੀ ਇਸਦੀ ਕਦਰ ਪਛਾਣ ਸਕਦੇ ਹਨ। ਓਹਨਾਂ ਨੂੰ ਕੀ ਕਦਰ, ਜਿਹੜੇ ਇਸ਼ਨਾਨ ਨੂੰ ਤਤਿਛਿਆ ਸਮਝਦੇ ਹਨ? ਓਹਨਾਂ ਨੂੰ ਕੀ ਕਦਰ, ਜਿਨ੍ਹਾਂ ਨੂੰ ਇਸ਼ਨਾਨ-ਬਿਬੇਕ ਰੂਪੀ ਹੁਕਮ ਦੇ ਕਮਾਵਣ ਦੀ ਪਰਵਾਹ ਹੀ ਨਹੀਂ? ਓਹਨਾਂ ਨੂੰ ਕੀ ਕਦਰ, ਜਿਹੜੇ ਇਸ਼ਨਾਨ ਨੂੰ ਨਾਮ ਦਾ ਸਹਾਈ ਰੂਪ ਸਾਧਨ ਸੰਪੰਨ ਕਰਮ ਬਿਬੇਕੀ ਅੰਗ ਨਹੀਂ ਜਾਣਦੇ? ਓਹਨਾਂ ਨੂੰ ਕੀ ਕਦਰ, ਜਿਨ੍ਹਾਂ ਨੂੰ ਨਾਮ ਦੀਆਂ ਉਚੀਆਂ ਆਤਮ-ਅਟਾਰੀਆਂ ਵਿਖੇ ਖੇਲਣ ਦੀ ਤਾਂਘ ਲਗਨ ਨਹੀਂ? ਜਿਨ੍ਹਾਂ ਨੂੰ ਇਹ ਸੱਚੀ ਲਗਨ ਹੈ, ਓਹਨਾਂ ਨੂੰ ਹੀ ਇਸ ਇਸ਼ਨਾਨ, ਸਕੇਸ਼ ਇਸ਼ਨਾਨ ਦੀ ਕਦਰ ਹੈ। ਜਿਨ੍ਹਾਂ ਦੀ ਲਗਨ ਪ੍ਰੀਤਮ ਰਾਉ ਦੇ ਮਿਲਣ ਦੀ ਅਤਿ ਪ੍ਰਬਲ ਹੈ, ਓਹ ਕੀ ਕੀ ਪ੍ਰੇਮ-ਅਡੰਬਰੀ-ਸੀਗਾਰ ਨਹੀਂ ਕਰਦੇ? ਜਿਨ੍ਹਾਂ ਨੂੰ ਸੱਚੀ ਲਗਨ ਲਗੀ ਹੈ, ਓਹ ਭੈ-ਭਾਵਨੀ ਸਹਿਤ ਸੋਈ ਸੋਈ ਸੰਜਮ ਸੀਗਾਰ ਕਰਨਗੇ, ਜੋਈ ਜੋਈ ਗੁਰਮਤਿ ਅੰਦਰ ਦਰਸਾਏ ਫ਼ੁਰਮਾਏ ਹੁਕਮਾਏ ਗਏ ਹਨ। ਓਹਨਾਂ ਲਈ ਇਹ ਸੀਗਾਰ ਬੰਧਨ ਰੂਪ ਨਹੀਂ। ਬੰਧਨ ਰੂਪ ਓਹਨਾਂ ਲਈ ਹਨ, ਜੋ ਬੱਧੇ ਚੱਟੀ ਭਰਦੇ ਹਨ, ਅਤੇ ਜੋ ਬੱਧੇ ਭਰਦੇ ਹਨ ਓਹਨਾਂ ਲਈ ਉਕਤ ਸੀਗਾਰ ਗੁਣਕਾਰੀ ਨਹੀਂ। ਯਥਾ ਗੁਰਵਾਕ:

> **ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥**
> **ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥੩॥੭॥**

*ਮ: ੨, ਵਾਰ ਸੂਹੀ, ਪੰਨਾ ੭੮੭*

ਅਤੇ ਜੋ ਖ਼ੁਸ਼ੀ ਸੇਤੀ ਗੁਰੂ ਦੇ ਹੁਕਮਾਂ ਦੀ ਕਾਰ ਕਮਾਉਂਦੇ ਹਨ ਓਹਨਾਂ ਨੂੰ ਸੱਚਾ ਪ੍ਰੇਮ ਪਿਆਰ ਹੁੰਦਾ ਹੈ। ਇਸ ਪ੍ਰੇਮ ਪਿਆਰ ਦੇ ਬੱਧੇ ਹੋਏ ਹਰ ਪ੍ਰਕਾਰ ਦੇ ਸੀਗਾਰ ਕਰਨ ਨੂੰ ਤਿਆਰ ਰਹਿੰਦੇ ਹਨ। ਭਾਵੇਂ ਕਿਤਨੀ ਭੀ ਕਠਨ ਕਾਰ ਹੋਵੇ, ਪਰ ਹੋਵੇ ਗੁਰ ਕੀ ਕਾਰ, ਗੁਰੂ ਦੇ ਹੁਕਮੀ ਬੰਦੇ ਹੁੰਦੇ ਹੋਏ ਕਠਨ ਤੋਂ ਕਠਨ ਕਾਰ ਗੁਰੂ ਕੀ ਕਮਾਵਣਗੇ। ਪ੍ਰੇਮ-ਮਾਰਗੀਆਂ ਨੂੰ ਇਸ਼ਨਾਨ, ਸਕੇਸ਼ ਇਸ਼ਨਾਨ ਦੀ ਸੀਗਾਰ-ਕਾਰ ਕੋਈ ਬਿਖਮ ਨਹੀਂ। ਹਾਂ, ਸਰੀਰਕ ਸੁਖਾਂ ਵਿਚ ਪਏ ਹੋਏ ਸੁਖ-ਰਹਿਣੀ ਰਹਿਤ ਦੇ ਆਦੀ ਹੋ ਚੁਕੇ ਵਹਿਬਤੀਆਂ ਨੂੰ ਇਹ ਇਸ਼ਨਾਨ, ਸਕੇਸ਼ ਇਸ਼ਨਾਨ ਇਕ ਬੜੀ ਭਾਰੀ ਮੁਸੀਬਤ ਵਿਚ ਪੈਣਾ ਹੈ। ਓਹਨਾਂ ਦੀ ਆਦਤ ਵਹਿਬਤ ਹੋ ਚੁੱਕੀ ਹੈ ਮਨ ਨੂੰ ਸੁਖਾਂਦੀ, ਸਰੀਰ ਨੂੰ ਸੁਖਾਂਦੀ ਰਹਿਤ ਵਿਚ ਰਹਿਣਾ। ਸੋ ਇਸ ਸੁਖ ਰਹਿਣੀ ਵਹਿਬਤ ਨੂੰ ਹੀ ਓਹ ਆਪਣਾ ਅਸੂਲ ਬਣਾ ਲੈਂਦੇ ਹਨ ਅਤੇ ਗੁਰਮਤਿ ਅਸੂਲ ਨੂੰ ਆਪਣੀ ਮਨ ਦੀ ਮਤਿ ਦੇ ਸੰਚੇ ਵਿਚ ਢਾਲਣ ਦਾ ਬਿਰਥਾ ਯਤਨ ਕਰਨ ਲਗ ਪੈਂਦੇ ਹਨ। ਜੇ ਕੋਈ ਸਿਖ ਕਿਸੇ ਗੁਰਮਤਿ ਅਸੂਲ ਉਤੇ ਚਲ ਨਹੀਂ ਸਕਦਾ, ਅਥਵਾ, ਚਲਣ ਦੀ ਸਮਰੱਥਾ ਨਹੀਂ ਰਖਦਾ ਤਾਂ ਓਹ ਇਸ ਨੂੰ ਆਪਣੀ ਕਮਜ਼ੋਰੀ ਮੰਨੇ, ਨਾ ਕਿ ਅਸੂਲ ਨਾਲ ਹੀ

ਆਢਾ ਬੰਨ੍ਹ ਬੈਠੇ ਅਤੇ ਮਨ-ਮੰਨੇ ਹਮਲੇ (attack) ਗੁਰਮਤਿ ਅਸੂਲ ਉਤੇ ਕਰੀ ਜਾਵੇ। ਕਈ ਮਨ-ਮਤੀਏ ਆਖਿਆ ਕਰਦੇ ਹਨ ਕਿ ਧਾਰਮਕ ਅਸੂਲ ਓਹ ਹੋਣੇ ਚਾਹੀਦੇ ਹਨ ਜਿਨ੍ਹਾਂ ਉਤੇ ਪ੍ਰਾਣੀ ਮਾਤਰ ਚਲ ਸਕੇ। ਜਿਨ੍ਹਾਂ ਅਸੂਲਾਂ ਤੇ ਹਰ ਕੋਈ ਚਲ ਨਹੀਂ ਸਕਦਾ ਓਹ ਅਸੂਲ ਹੀ ਧਾਰਨ ਕਰਨ ਯੋਗ ਨਹੀਂ। ਦੇਖੋ ਕੈਸੀ ਕੁਹਜੀ ਕਸੌਟੀ ਹੈ ਧਾਰਮਕ ਅਸੂਲਾਂ ਦੇ ਪਰਖਣ ਦੀ। ਇਸ ਦਾ ਤਾਂ ਇਹ ਭਾਵ ਹੈ ਕਿ ਜਿੰਨੀਆਂ ਮਨ ਦੀਆਂ ਮਤਾਂ ਉਤਨੇ ਹੀ ਅਸੂਲ ਹੋਣੇ ਚਾਹੀਦੇ ਹਨ। ਤਦ ਤਾਂ ਅਸੂਲ ਕੋਈ ਰਿਹਾ ਹੀ ਨਾ, ਮਨ ਦੀਆਂ ਮਤਾਂ ਹੀ ਰਹਿ ਗਈਆਂ। ਜਿਹੀ ਕਿਸੇ ਦੇ ਮਨ ਦੀ ਮਤਿ ਤਿਹਾ ਉਸਦਾ ਅਸੂਲ। ਮਨ ਦੀ ਮਤਿ ਦੇ ਮਗਰ ਲਗ ਕੇ ਨਿਸਤਾਰਾ ਪਾਰ-ਉਤਾਰਾ ਹੋਣੋਂ ਰਿਹਾ। ਮਨ ਕੀ ਮਤੀਂ ਖਿੰਡੀਆਂ ਤਾਂ ਸੰਸਾਰ ਵਿਖੇ ਹਨੇਰ-ਗਰਦੀ ਛਾਈ। ਇਸ ਹਨੇਰ-ਗੁਬਾਰ ਨੂੰ ਚਾਨਣਾ ਮਿਲੇ ਤਾਂ ਕਿਵੇਂ ਮਿਲੇ? ਚਾਨਣ ਦੇ ਚਸ਼ਮੇ ਜੋਤਿ ਨਿਰੰਜਨੀ ਤੋਂ, ਜਿਸ ਨੇ ਨਿਰੰਕਾਰ ਦੇ ਨੂਰੀ ਦੇਸ ਚੋਂ ਆ ਕੇ, ਪ੍ਰਗਟ ਹੋ ਕੇ ਸਾਡੇ ਸਮੀਪ ਤੋਂ ਸਮੀਪ ਆ ਕੇ, ਅਸਾਡੇ ਵਿਚ ਰਹਿ ਕੇ, ਅਤੇ ਅਸਾਡੇ ਵਰਗੇ ਹੋ ਕੇ, ਅਰਥਾਤ, ਸਾਡੇ ਵਰਗੇ ਜਾਮੇ ਵਾਲੇ ਹੋ ਕੇ, ਅਸਾਨੂੰ ਅਰਸ਼ੀ ਅਸੂਲਾਂ ਦਾ ਜਾਗਤ ਜੋਤਿ ਵਿਚ ਜਗੰਦਾ ਸੁਮਾਰਗ ਦਸਿਆ। ਹੁਣ ਓਹਨਾਂ ਅਸੂਲਾਂ ਤੋਂ ਬੇਮੁਖ ਹੋ ਜਾਣਾ ਅਸਾਡੀ ਕਿਤਨੀ ਕੁ ਅਕ੍ਰਿਤਘਣਤਾ ਹੈ। ਇਕ ਇਸ਼ਨਾਨ, ਸਕੇਸ਼ ਇਸ਼ਨਾਨ ਦਾ ਅਸੂਲ ਕੀ? ਅਸਾਨੂੰ ਗੁਰ ਦਰਸਾਏ ਇਸ ਤੋਂ ਭੀ ਅਧਿਕ ਬਿਖਮ ਅਸੂਲਾਂ, ਨਹੀਂ ਨਹੀਂ, ਇਕ ਇਕ ਅਸੂਲ ਤੇ ਚਲਣਾ ਪਏਗਾ। ਤਾਂ ਹੀ ਤੇ ਅਸੀਂ ਸੁਚਿਆਰ ਸਿਖ, ਗੁਰੂ ਕੇ ਆਗਿਆਕਾਰ ਸਿਖ, ਗੁਰੂ ਦਰਸਾਈ ਰਹਿਣੀ ਦੇ ਧਾਰਨਹਾਰ ਸਿਖ ਬਿਬੇਕੀ ਕਹਾ ਸਕਾਂਗੇ। ਸਿਖ ਦਾ ਨਾਮ ਹੀ ਦਸਦਾ ਹੈ ਕਿ ਗੁਰੂ ਦੀ ਸਿਖ ਮਤਿ (ਸਿਖਿਆ) ਨੂੰ ਸਿਖਣਹਾਰ ਜੋ ਹੈ ਸੋਈ ਸਿੱਖ ਹੈ, ਅਤੇ ਏਹੀ "ਸਿਖੀ ਸਿਖਿਆ ਗੁਰ ਵੀਚਾਰ"[1] ਦਾ ਭਾਵ ਹੈ। ਸਿਖੀ ਸਿਖਿਆ ਦੇ ਬਿਬੇਕ ਬੀਚਾਰ ਨੂੰ ਜਿਸ ਨੇ ਨਹੀਂ ਕਮਾਇਆ, ਪਰ ਕਮਾਉਣਾ ਸਿਖਦਾ ਹੈ, ਤਿਸ ਸਿਖਣਹਾਰ ਦਾ ਨਾਉਂ ਭੀ ਸਿਖ ਹੈ। ਪ੍ਰੰਤੂ ਜਿਸ ਸਿਖ ਨੇ ਸਿਖਿਆ ਨੂੰ ਕਮਾਇਆ ਹੈ, ਸੁਚਿਆਰ ਸਿਖ ਓਹੀ ਹੈ। ਗੁਰਸਿੱਖੀ ਦੇ ਸਿਖਣਹਾਰ ਸਿਖ ਨੂੰ ਚਾਹੀਦਾ ਹੈ ਕਿ ਕਮਾਈ ਵਾਲੇ ਸੁਚਿਆਰ ਸਿਖ ਦੀ ਕਮਾਈ ਦੀ ਕਦਰ ਕਰਦਾ ਹੋਇਆ ਉਸ ਦੇ ਪੂਰਨਿਆਂ ਉਤੇ ਚਲਣ ਦਾ ਯਤਨ ਕਰੇ, ਨਾ ਕਿ ਉਲਟੀਆਂ ਨਘੋਚਾਂ ਕਢੇ, ਅਤੇ ਗੁਰਸਿੱਖੀ ਦੇ ਗੁਰਮਤਿ ਅਸੂਲਾਂ ਉਤੇ (ਜਿਨ੍ਹਾਂ ਨੂੰ ਉਹ ਕਮਾ ਨਹੀਂ ਸਕਿਆ) ਕੁਤਰਕਾਂ ਕਰੇ। ਜੇ ਕੋਈ ਸਿਖ ਕਿਸੇ ਕਮਜ਼ੋਰੀ ਦੇ ਕਾਰਨ ਅਜੇ ਸਕੇਸ਼-ਇਸ਼ਨਾਨ ਦੇ ਗੁਰਮਤਿ ਅਸੂਲ ਉਤੇ ਚਲ ਨਹੀਂ ਸਕਦਾ ਤਾਂ ਅਸੂਲ ਨੂੰ ਤਾਂ ਮੰਨੇ ਅਤੇ ਆਪਣੀ ਕਮਜ਼ੋਰੀ ਨੂੰ ਮੰਨੇ, ਨਾ ਕਿ ਸਕੇਸ਼ ਇਸ਼ਨਾਨ ਕਰਨਹਾਰੇ, ਸਕੇਸ਼ ਇਸ਼ਨਾਨ ਗੁਰਮਤਿ ਦੇ ਅਸੂਲ ਨੂੰ ਮੰਨਣ ਕਮਾਵਣਹਾਰੇ ਸੁਚਿਆਰ ਸਿੱਖਾਂ ਉਤੇ ਮਨ-ਮੰਨੀਆਂ ਕੁਤਰਕਾਂ ਕਰੇ। ਅਤੇ ਸਕੇਸ਼ ਇਸ਼ਨਾਨ ਦੇ ਅਸੂਲ ਉਤੇ ਚਲਣਹਾਰੇ ਸੁਚਿਆਰ ਸਿਖ ਦਾ ਪਰਮ ਧਰਮ ਹੈ ਕਿ ਆਪਣੀ ਕਮਾਈ ਦਾ, ਅਸੂਲ ਕਮਾਈ ਦਾ, ਬਿਬੇਕ ਕਮਾਈ ਦਾ ਰੰਚਕ ਮਾਤ੍ਰ ਭੀ ਸੂਖਮ ਤੋਂ ਸੂਖਮ ਅਹੰਕਾਰ ਨਾ ਕਰੇ ਅਤੇ ਸਕੇਸ਼ ਇਸ਼ਨਾਨ ਦੇ ਨਾ ਧਾਰਨ ਕਰ ਸਕਣ ਵਾਲੇ ਸਿਖ ਨੂੰ ਭੀ ਆਪਣਾ ਸਿਖ ਵੀਰ ਸਮਝੇ ਤੇ ਰੰਚਕ ਭੀ ਨਫ਼ਰਤ (ਘਿਰਣਾ)

1. ਵਾਰ ਆਸਾ, ਮ: ੧, ॥੨॥੫॥ ਪੰਨਾ ੪੬੫

ਦੀ ਨਜ਼ਰ ਨਾਲ ਉਸ ਨੂੰ ਨਾ ਦੇਖੇ। ਸਗੋਂ ਹਿਤਕਾਰ ਪਿਆਰ ਨਾਲ ਪ੍ਰੀਤੀ ਪ੍ਰੇਰਨਾ ਕਰਦਾ ਹੋਇਆ ਆਪਣੀ ਸੁਚਿਆਰਤਾ ਦੇ ਪੂਰਨੇ ਪਾਉਂਦਾ ਰਹੇ। ਅਸਲ ਵਿਚ ਸਕੇਸ਼ ਇਸ਼ਨਾਨ ਦੇ ਵਿਰੁੱਧ ਕੋਈ ਸਿਖ ਨਹੀਂ, ਸਭ ਕੇਸੀ ਇਸ਼ਨਾਨ ਕਰਦੇ ਹਨ। ਕੋਈ ਸਪਤਾਹਕ ਕੇਸੀ ਇਸ਼ਨਾਨ ਕਰਦਾ ਹੈ, ਕੋਈ ਸਪਤਾਹ ਅੰਦਰ ਦੋ ਵਾਰ। ਇਤਨਾ ਹੈ, ਨਿਤ ਨਿਯਮ ਅਨੁਸਾਰ ਨਿਤਾਪ੍ਰਤਿ ਕਰਨ ਵਾਲੇ ਵਿਰਲੇ ਥੋੜੇ ਹਨ। ਇਹ ਹੋਰ ਗੱਲ ਹੈ ਕਿ ਕਾਰੀ ਵਿਹਾਰੀ ਸੱਜਣਾਂ ਤੋਂ ਵੇਹਲ ਨਾ ਮਿਲਣ ਕਰਕੇ ਰੋਜ਼ ਕੇਸੀ ਇਸ਼ਨਾਨ ਨਾ ਹੋ ਸਕਦਾ ਹੋਵੇ, ਪ੍ਰੰਤੂ ਵਾਸਤਵ ਵਿਚ ਓਹ ਸਕੇਸ਼ ਇਸ਼ਨਾਨ ਦੇ ਵਿਰੋਧੀ ਨਹੀਂ। ਤਾਂ ਤੇ ਓਹਨਾਂ ਵੀਰਾਂ ਨੂੰ ਘਿਰਣਾ ਨਾਲ ਕਿਉਂ ਦੇਖਣਾ, ਅਤੇ ਓਹਨਾਂ ਨੂੰ ਤੁੱਖਣੇ ਮੇਹਣੇ ਕਿਉਂ ਦੇਣੇ! ਸਕੇਸ਼ ਇਸ਼ਨਾਨ ਦੇ ਨਿਤਨੇਮੀ ਹੋ ਕੇ ਜੋ ਇਸ ਪ੍ਰਕਾਰ ਦੀ ਹਕਾਰਤ ਵਾਲੀ ਨਿਗਾਹ ਆਪਣੇ ਵੀਰ ਭਰਾਵਾਂ ਨਾਲ ਰਖਦੇ ਹਨ, ਓਹਨਾਂ ਨੂੰ ਆਪਣੀ ਨਿਜ ਕਿਰਿਆ ਦਾ ਸੂਖਸ਼ਮ ਅਹੰਕਾਰ ਬਫਾਵਾ ਹੋ ਗਿਆ ਹੋਣਾ ਬੁਝਿਆ ਜਾ ਸਕਦਾ ਹੈ। ਨਹੀਂ ਤਾਂ ਹੁਕਮੀ ਬੰਦੇ ਬਿਬੇਕੀ ਜਨਾਂ ਨੂੰ ਇਸ ਨਿਖੜਵੇਂ ਉਤਾਰ ਚੜ੍ਹਾਉ ਵਿਚ ਪੈਣ ਦੀ ਕੀ ਲੋੜ ਹੈ? ਹਾਂ, ਹੁਕਮ ਅਸੂਲ ਦੀ ਦ੍ਰਿੜ੍ਹਤਾ ਕਰਾਉਣ ਲਈ ਓਹ ਆਪਣੇ ਵੀਰਾਂ ਨੂੰ ਪ੍ਰੀਤੀ ਪ੍ਰੇਰਨਾ ਦੁਆਰਾ ਖਿਚ ਲੈਣਗੇ, ਅਥਵਾ, ਓਹਨਾਂ ਦੇ ਨਿਜ ਪੂਰਨੇ ਹੀ ਦੂਜਿਆਂ ਨੂੰ ਉਭਾਰਨ ਲਈ ਪ੍ਰੇਰਕ ਹੋਣਗੇ। ਹਰੇਕ ਗੁਰਮਤਿ ਅਸੂਲ ਦੀ ਦ੍ਰਿੜ੍ਹਤਾ ਦਾ ਨਿਰਭਰ ਕੇਵਲ ਗੁਰ ਪ੍ਰਮਾਣਾਂ ਉਪਰ ਹੀ ਨਹੀਂ। ਇਹ ਕਹਿਣਾ ਠੀਕ ਨਹੀਂ, ਜੈਸਾ ਕਿ ਅਕਸਰ ਹਠ-ਧਰਮੀ ਆਖਿਆ ਕਰਦੇ ਹਨ ਕਿ ਜੇਕਰ ਅਮਕੇ ਅਸੂਲ ਦੀ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਉਕਤ ਅਸੂਲ ਦੀ ਪ੍ਰੋੜ੍ਹਤਾ ਪ੍ਰਥਾਇ ਠੀਕ ਠੀਕ ਘਟਦੇ ਪ੍ਰਮਾਣ ਨਾ ਮਿਲ ਸਕਣ, ਤਦ ਓਹ ਅਸੂਲ ਹੀ ਮੰਨਣ ਯੋਗ ਨਹੀਂ।

## ੭. ਸੀਨਾ ਬਸੀਨਾ ਚਲੇ ਆ ਰਹੇ ਗੁਰਮਤਿ ਅਸੂਲ : ਖੰਡੇ ਦਾ ਅੰਮ੍ਰਿਤ ਛਕਣਾ :

ਗੁਰਮਤਿ ਦੇ ਅਨੇਕ ਅਸੂਲ ਹਨ ਅਤੇ ਅਨੇਕਾਂ ਗੁਰੂ ਘਰ ਦੇ ਧਾਰਮਕ ਨਿਯਮ ਹਨ ਜੋ ਕੇਵਲ ਸੀਨਾ ਬਸੀਨਾ ਹੀ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਗੁਰੂ ਪੰਥ ਅੰਦਰ, ਗੁਰਸਿੱਖਾਂ ਅੰਦਰ, ਗੁਰੂ ਦੀਆਂ ਸੰਗਤਾਂ ਅੰਦਰ ਪ੍ਰਚਲਤ ਚਲੇ ਆਉਂਦੇ ਹਨ, ਜਿਨ੍ਹਾਂ ਪ੍ਰਥਾਇ ਗੁਰਬਾਣੀ ਅੰਦਰ ਕੋਈ ਗੁਰ ਪ੍ਰਮਾਣ ਨਹੀਂ ਮਿਲਦਾ। ਇਸ ਤੋਂ ਇਹ ਸਿਧਾਂਤ ਕਢ ਲੈਣਾ ਠੀਕ ਨਹੀਂ ਕਿ ਸਦੀਆਂ ਤੋਂ ਗੁਰ ਘਰ ਵਿਖੇ ਪ੍ਰਚਲਤ ਚਲੇ ਆਉਂਦੇ ਗੁਰਮੁਖਾਂ ਦੇ ਮੰਨੇ-ਪ੍ਰਮੰਨੇ ਉਕਤ ਗੁਰਮਤਿ ਅਸੂਲ ਹੁਣ ਪ੍ਰਮਾਣੀਕ ਹੀ ਨਹੀਂ ਹੋ ਸਕਦੇ। ਹਾਂ, ਇਹ ਹੋ ਸਕਦਾ ਹੈ ਕਿ ਸਮੇਂ ਸਮੇਂ ਉਕਤ ਅਸੂਲਾਂ ਦੀ ਧਾਰਨਾ ਬਿਧੀ ਅੰਦਰ ਕੁਛ ਗੜ ਬੜ ਹੋ ਗਈ ਹੋਵੇ (ਜਿਸ ਦੀ ਸੋਧ ਯਥਾ ਯੋਗ ਸੁਧਾਈ ਕਰ ਲੈਣ ਦਾ ਗੁਰੂ ਖਾਲਸੇ ਨੂੰ ਅਧਿਕਾਰ ਅਖ਼ਤਿਆਰ ਹੈ)। ਪ੍ਰੰਤੂ ਮੁਖ ਅਸੂਲ, ਮਰਯਾਦਾ ਰੀਤੀ ਅੰਦਰ ਭੀ, ਅੰਸ਼ ਮਾਤਰ ਕਾਇਮ ਰਹਿ ਜਾਂਦੇ ਹਨ। ਉਦਾਹਰਣ ਲਈ 'ਖੰਡੇ ਦੇ ਅੰਮ੍ਰਿਤ' ਦਾ ਅਸੂਲ ਹੀ ਲਓ। ਇਸ ਅਸੂਲ ਦੀ ਪ੍ਰੋੜ੍ਹਤਾ ਪ੍ਰਥਾਇ ਅਸਾਨੂੰ ਗੁਰਬਾਣੀ ਅੰਦਰ

ਕਿਤੇ ਭੀ ਕੋਈ ਗੁਰ ਪ੍ਰਮਾਣ ਨਹੀਂ ਮਿਲਦਾ (ਵਿਦਿਆ ਗਿਆਨੀ ਜਨ ਖਿਚ ਧਾੜ ਕੇ ਭਾਵੇਂ ਕਿਸੇ ਗੁਰ ਪ੍ਰਮਾਣ ਤੋਂ ਇਹ ਆਸ਼ਾ ਸਿਧ ਕਰ ਲੈਣ)। ਵਾਸਤਵ ਵਿਚ ਗੁਰਬਾਣੀ ਅੰਦਰ ਕੇਵਲ ਅੰਮ੍ਰਿਤ ਪਦ ਦੀ ਮਉਜੂਦਗੀ ਤੋਂ ਸਿਰਫ਼ ਬਾਣੀ ਅਥਵਾ ਨਾਮ ਦਾ ਹੀ ਅੰਮ੍ਰਿਤ ਸਰੂਪ ਹੋਣਾ ਸਿਧ ਹੁੰਦਾ ਹੈ, ਖੰਡੇ ਦਾ ਅੰਮ੍ਰਿਤ ਕਿਤੇ ਸਿਧ ਨਹੀਂ ਹੁੰਦਾ। ਕੀ ਇਸ ਤੋਂ ਇਹ ਭਾਵ ਕੱਢ ਲੈਣਾ ਉਚਿਤ ਹੈ ਕਿ 'ਖੰਡੇ ਦਾ ਅੰਮ੍ਰਿਤ ਛਕਣਾ', ਗੁਰੂ ਖਾਲਸਾ ਜੀ ਕਾ ਗੁਰਮਤਿ ਅਸੂਲ ਨਹੀਂ ? ਬਲਕਿ ਖਾਲਸਾ ਜੀ ਦੀ, ਖਾਲਸਾ ਪੰਥ ਦੀ, ਪੰਥ ਦੇ ਸਾਰੇ ਨਿਗਰ ਨਿਯਮਾਂ ਦੀ ਨੀਂਹ ਏਸੇ ਅਸੂਲ ਉਤੇ ਹੈ। 'ਖੰਡੇ ਦਾ ਅੰਮ੍ਰਿਤ ਛਕਣ' ਦੇ ਅਸੂਲ ਧਾਰੇ ਬਿਹੂਣ ਕੋਈ ਪ੍ਰਾਣੀ ਅੰਮ੍ਰਿਤਧਾਰੀ ਸਿੰਘ ਹੀ ਨਹੀਂ ਸਦਾ ਸਕਦਾ।'ਖੰਡੇ ਦਾ ਅੰਮ੍ਰਿਤ ਛਕਣ' ਵਾਲੀ ਗੁਰਮਤਿ ਮਰਯਾਦਾ ਅਸੂਲ ਦਾ ਪ੍ਰਮਾਣੀਕ ਹੋਣਾ ਗੁਰੂ ਪੰਥ ਅੰਦਰ ਇਕ ਮੰਨੀ ਪ੍ਰਮੰਨੀ ਗੱਲ ਹੈ। ਇਸ ਪਰਮ ਪ੍ਰਮਾਣੀਕ ਅੰਮ੍ਰਿਤ ਮਰਯਾਦਾ ਅੰਦਰ ਬਹੁਤ ਸਾਰੇ ਗੁਰਮਤਿ ਅਸੂਲ ਜੋ ਅੰਮ੍ਰਿਤਧਾਰੀਆਂ ਨੂੰ ਅੰਮ੍ਰਿਤ ਛਕਣ ਸਮੇਂ ਦ੍ਰਿੜ੍ਹਾਏ ਜਾਂਦੇ ਹਨ, ਉਹ ਕੇਵਲ ਸੀਨਾ ਬਸੀਨਾ ਹੀ ਗੁਰੂ ਘਰ ਅੰਦਰ ਪ੍ਰਚਲਤ ਚਲੇ ਆਉਂਦੇ ਹਨ। ਅੰਮ੍ਰਿਤ ਛਕਾਣ ਦੀ ਪਵਿੱਤਰ ਮਰਯਾਦਾ ਸਮੇਂ ਹੀ ਸਰਬੱਤ ਗੁਰਮਤਿ ਅਸੂਲਾਂ ਦਾ ਪੱਕਾ ਧੁਰਵਾ ਬੱਝਦਾ ਹੈ। ਅਤੇ ਇਹਨਾਂ ਅਸੂਲਾਂ ਦੀ ਪਰਤੱਖ ਧਾਰਨਾ ਦੇ ਪ੍ਰਗਟ ਪੂਰਨੇ ਪਾ ਕੇ ਉਸ ਸਮੇਂ ਦਿਖਾਏ ਦ੍ਰਿੜ੍ਹਾਏ ਜਾਂਦੇ ਹਨ। ਜਿਸ ਦਾ ਸਪੱਸ਼ਟ ਇਹ ਭਾਵ ਹੁੰਦਾ ਹੈ ਕਿ ਜੋ ਜੋ ਗੁਰਮਤਿ ਅਸੂਲ ਨਿਯਮ ਇਸ ਪਵਿੱਤਰ ਅੰਮ੍ਰਿਤ ਸੰਸਕਾਰ ਸਮੇਂ ਧਾਰਨ ਕਰਾਏ ਜਾਂਦੇ ਹਨ, ਉਸ ਧਾਰਨਾ ਦਾ ਧਾਰਨੀ ਹੋਣਾ ਸਿਖ ਮਾਤਰ ਨੂੰ ਪਰਮ ਲਾਜ਼ਮੀ ਅਤੇ ਜ਼ਰੂਰੀ ਹੈ, ਅਤੇ ਉਹਨਾਂ ਅਸੂਲਾਂ ਦੀ ਧਾਰਨਾ ਅਨੁਸਾਰ ਸਦਾ ਲਈ ਚਲਣਾ, ਅਰਥਾਤ, ਰਹਿਣੀ ਰਹਿਤ ਦਾ ਰਖਣਾ ਹਰੇਕ ਸਿੰਘ ਸੁਜਾਨ ਦਾ ਧਰਮ ਅਤੇ ਜ਼ਰੂਰੀ ਫ਼ਰਜ਼ ਹੈ। ਅੰਮ੍ਰਿਤ ਸਮੇਂ ਦੇ ਦ੍ਰਿੜ੍ਹਾਏ ਉਕਤ ਅਸੂਲਾਂ ਵਿਚੋਂ ਇਕ ਅਸੂਲ 'ਸਕੇਸ਼ ਇਸ਼ਨਾਨ' ਹੈ, ਜੋ ਨਿਖੜਵੀਂ ਨਿਰਾਲੀ ਅਤੇ ਪ੍ਰਗਟ ਪਾਹਾਰੇ ਜਾਪਦੀ ਪੋੜ੍ਹਤਾ ਵਿਚ ਉਸ ਸਮੇਂ ਦ੍ਰਿੜ੍ਹਾਇਆ ਜਾਂਦਾ ਹੈ। ਸਮੂਹ ਅੰਮ੍ਰਿਤ ਅਧਿਕਾਰੀ ਅੰਮ੍ਰਿਤ ਛਕਣਹਾਰੇ ਅਤੇ ਅੰਮ੍ਰਿਤ ਛਕ ਕੇ ਖ਼ਾਲਸਾ ਸਜਣਹਾਰੇ ਖ਼ਾਲਸਾ ਧਰਮ ਦੇ ਧਾਰਨ ਕਰਨਹਾਰੇ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਣ ਸਮੇਂ (ਅਰਥਾਤ, ਖਾਲਸਾ ਧਰਮ ਧਾਰਨ ਕਰਾਉਣ ਸਮੇਂ) ਸੁਧੇ ਕੇਸਾਂ ਦੇ ਇਸ਼ਨਾਨ ਕਰਾਇਆ ਜਾਂਦਾ ਹੈ, ਜਿਸ ਤੋਂ ਸਪੱਸ਼ਟ ਇਹ ਸਿਖਿਆ ਦ੍ਰਿੜ੍ਹ ਕਰਾਈ ਜਾਂਦੀ ਹੈ ਕਿ ਖਾਲਸਾ ਸਜ ਕੇ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" ਦੇ ਭਾਵ ਵਾਲੇ ਨਵ ਜੀਵਨ ਬਾਲਿਆਂ ਦਾ ਆਮ ਸੰਸਾਰੀਆਂ ਤੋਂ ਵਿਲੱਖਣ ਇਸ਼ਨਾਨ ਸਕੇਸ਼ ਇਸ਼ਨਾਨ ਹੈ। ਅਰਥਾਤ, ਗੁਰਮਤਿ ਅੰਦਰ ਖਾਲਸਾ ਜਨਾਂ ਨੂੰ ਇਸ਼ਨਾਨ ਸੋਈ ਪ੍ਰਮਾਣ ਹੈ, ਜੋ ਸੁਧੇ ਕੇਸਾਂ ਦੇ ਕੀਤਾ ਜਾਵੇ। ਇਹ ਧੁਰਵਾ ਪਰਤੱਖ ਅੰਮ੍ਰਿਤ ਸੰਸਕਾਰ ਸਮੇਂ ਹੀ ਬੰਨ੍ਹ ਕੇ ਦਿਖਾਇਆ ਜਾਂਦਾ ਹੈ ਕਿ ਤਤਕਾਲ ਹੁਣੇ ਤੋਂ ਹੀ ਦ੍ਰਿੜ੍ਹ ਹੋ ਜਾਵੇ। ਅਤੇ ਸਕੇਸ਼ ਇਸ਼ਨਾਨ ਦੀ ਪਵਿੱਤ੍ਰਤਾ ਅਤੇ ਪ੍ਰਵਾਣਤਾ ਦਾ ਪੂਰਨ ਨਮੂਨੇ ਦਾ ਦ੍ਰਿਸ਼ ਦਿਖਾਇਆ ਜਾਵੇ। ਇਸ ਪਵਿੱਤਰ ਦ੍ਰਿਸ਼ ਅੰਦਰ ਨਾ ਕੇਵਲ ਅੰਮ੍ਰਿਤ-ਅਭਿਲਾਖੀਆਂ ਨੂੰ ਸਕੇਸ਼ ਇਸ਼ਨਾਨੀ ਦੇਖਿਆ ਜਾਂਦਾ ਹੈ, ਕਿੰਤੂ ਅੰਮ੍ਰਿਤ ਛਕਾਉਣਹਾਰੇ ਪੰਜਾਂ ਪਿਆਰਿਆਂ ਨੂੰ ਭੀ ਇਸ ਪਵਿੱਤ੍ਰਤਾ ਦਾ ਧਾਰਨੀ ਪਾਇਆ ਜਾਂਦਾ ਹੈ। ਇਸ ਤੋਂ ਸਾਫ਼ ਸਿਧ ਹੈ ਕਿ ਅੰਮ੍ਰਿਤ ਛਕਾਉਣਹਾਰੇ ਪੰਜ ਪਿਆਰੇ ਭੀ ਸਕੇਸ਼ ਇਸ਼ਨਾਨ ਕੀਤੇ ਬਿਨਾਂ ਪਿਆਰਿਆਂ

ਵਿਚ ਸ਼ਾਮਲ ਨਹੀਂ ਕੀਤੇ ਜਾਂਦੇ । ਜਦ ਪੰਜ ਪਿਆਰਿਆਂ ਨੂੰ ਸਕੇਸ਼ ਇਸ਼ਨਾਨ ਕੀਤੇ ਬਿਹੂਣ ਪਿਆਰਿਆਂ ਵਿਚ ਸ਼ਾਮਲ ਹੋਣ ਦਾ ਅਧਿਕਾਰ ਨਹੀਂ ਅਤੇ ਨਾ ਹੀ ਅੰਮ੍ਰਿਤ-ਅਭਿਲਾਖੀ ਹੀ ਸਕੇਸ਼ ਇਸ਼ਨਾਨ ਕੀਤੇ ਬਿਹੂਣ ਅੰਮ੍ਰਿਤ-ਮੰਡਲ ਵਿਚ ਅੰਮ੍ਰਿਤ ਛਕਣ ਲਈ ਆ ਸਕਦੇ ਹਨ, ਤਦ ਇਸ ਤੋਂ ਸਪੱਸ਼ਟ ਸਿਧਾਂਤ ਇਹੀ ਨਿਕਲਿਆ ਕਿ ਸਕੇਸ਼ ਇਸ਼ਨਾਨ ਕਰਨਾ ਨਾ-ਸਿਰਫ਼ ਰਸਮ ਪੂਰਬਕ ਰਿਵਾਜ ਹੀ ਹੈ, ਬਲਕਿ ਸਿਖ ਮਾਤਰ ਦੇ ਧਾਰਨ ਯੋਗ ਇਕ ਪਵਿੱਤਰ ਗੁਰਮਤਿ ਅਸੂਲ ਹੈ ਅਤੇ ਗੁਰੂ ਕਾ ਹੁਕਮ ਹੈ, ਜਿਸ ਨੂੰ ਨਿਤਾਪ੍ਰਤੀ ਨਿਯਮ ਅੰਦਰ ਕਮਾਵਣਾ ਹਰੇਕ ਸਿੰਘ ਸੁਜਾਨ ਦਾ ਧਰਮ ਹੈ । ਅੰਮ੍ਰਿਤ ਸੰਸਕਾਰ ਸਮੇਂ ਦਾ ਪੂਰਨ ਦ੍ਰਿਸ਼ਯ ਸਕੇਸ਼ ਇਸ਼ਨਾਨ ਦੇ ਅਸੂਲ ਦੀ ਪਵਿੱਤ੍ਰਤਾਈ ਦਾ ਪੱਕਾ ਸਬੂਤ ਦਿੰਦਾ ਹੈ, ਜਿਸ ਤੋਂ ਵਧ ਕੇ ਹੋਰ ਕੋਈ ਪ੍ਰਮਾਣ ਸਕੇਸ਼ ਇਸ਼ਨਾਨ ਦੇ ਅਸੂਲ ਦੀ ਪ੍ਰੋੜ੍ਹਤਾ ਪ੍ਰਥਾਇ ਨਹੀਂ ਮਿਲ ਸਕਦਾ, ਜੋ ਕਿ ਸੀਨਾ ਬਸੀਨਾ ਅੰਮ੍ਰਿਤ ਛਕਾਉਣ ਲਈ ਰਸਮ ਦੇ ਸਾਥ ਸਾਥ ਹੀ ਪਰੰਪਰਾ ਤੋਂ ਪੰਥ ਅੰਦਰ ਮੰਨਿਆ ਪ੍ਰਮੰਨਿਆ ਚਲਿਆ ਆਉਂਦਾ ਹੈ । ਜੇਕਰ ਅੰਮ੍ਰਿਤ ਛਕਾਉਣ ਦੇ ਅਸੂਲ ਲਈ ਭੀ ਕਿਸੇ ਪ੍ਰਮਾਣ ਦੀ ਲੋੜ ਹੈ, ਤਦ ਤਾਂ ਸਾਨੂੰ ਸਕੇਸ਼ ਇਸ਼ਨਾਨ ਦੇ ਅਸੂਲ ਪ੍ਰਥਾਇ ਭੀ ਹੋਰਸ ਪ੍ਰਮਾਣ ਦੀ ਤਾਂਘ ਰਖਣੀ ਚਾਹੀਏ । ਅਤੇ ਜੇ ਅੰਮ੍ਰਿਤ ਦਾ ਅਸੂਲ, ਖਾਲਸਾ ਪੰਥ ਦਾ ਇਕ ਮੰਨਿਆ ਪ੍ਰਮੰਨਿਆ ਅਸੂਲ ਹੈ, ਤਦ ਸਕੇਸ਼ ਇਸ਼ਨਾਨ ਭੀ ਨਿਰਸੰਦੇਹ ਪੰਥ ਦਾ ਇਕ ਮੰਨਿਆ ਪ੍ਰਮੰਨਿਆ ਅਤੇ ਗੁਰਮਤਿ ਪ੍ਰਮਾਣੀਕ ਅਤੇ ਸਿੰਘ ਮਾਤਰ ਦੇ ਧਾਰਨ ਕਰਨ ਯੋਗ ਪੱਕਾ ਅਤੇ ਪਵਿੱਤਰ ਅਸੂਲ ਹੈ । ਪਿਛੇ ਦੱਸੇ ਅਨੁਸਾਰ ਗੁਰਮਤਿ ਬਿਬੇਕ ਇਸ਼ਨਾਨ ਅੰਮ੍ਰਿਤ ਇਸ਼ਨਾਨ ਹੈ । ਅਤੇ ਏਸ ਅੰਮ੍ਰਿਤ ਇਸ਼ਨਾਨ ਦੀ ਨੀਂਹ ਵੀ ਅੰਮ੍ਰਿਤ ਛਕਣ ਦੇ ਸਮੇਂ ਹੀ ਰਖੀ ਜਾਂਦੀ ਹੈ, ਜਦ ਕਿ ਉਸ ਸਮੇਂ ਅੰਮ੍ਰਿਤ ਦਾ ਖ਼ਾਸ ਵਿਸ਼ੇਸ਼ਤਾ ਸਹਿਤ ਕੇਸਾਂ ਵਿਖੇ ਪ੍ਰਵੇਸ਼ ਕਰਨਾ ਸਿਧ ਕਰਦਾ ਹੈ ਕਿ ਸਦੀਵੀ, ਨਿਯਮੀ ਧਾਰਨਾ ਦਾ ਗੁਰਮਤਿ ਅੰਮ੍ਰਿਤ ਇਸ਼ਨਾਨ ਸਕੇਸ਼ ਇਸ਼ਨਾਨ ਬਿਨਾਂ ਅਧੂਰਾ ਹੈ । ਏਸੇ ਅਧੂਰਾਪਨ ਦੇ ਦੂਰ ਕਰਨ ਲਈ ਹੀ ਸ੍ਰੀ ਅੰਮ੍ਰਿਤ ਸਰੋਵਰ ਵਿਖੇ ਚੁਭੇ ਲਗਾਉਣ ਸਮੇਂ (ਇਸ਼ਨਾਨ ਕਰਨ ਸਮੇਂ) ਹੁਕਮਨ ਸੀਸ ਉਪਰੋਂ ਦਸਤਾਰਾ ਲਹਾਇਆ ਜਾਂਦਾ ਹੈ । ਜਿਸ ਦਾ ਸਪੱਸ਼ਟ ਭਾਵ ਇਹੋ ਹੁੰਦਾ ਹੈ ਕਿ ਸਕੇਸ਼ ਇਸ਼ਨਾਨ ਭੀ ਹੋ ਜਾਵੇ ਅਤੇ ਕੇਸਾਂ ਅਤੇ ਸੀਸ ਅੰਦਰ ਅੰਮ੍ਰਿਤ ਜਲ ਦਾ ਪ੍ਰਵੇਸ਼ ਹੋ ਜਾਵੇ ਅਤੇ ਸੁਧੇ ਸੀਸ ਅਤੇ ਕੇਸਾਂ ਦੇ ਅੰਮ੍ਰਿਤ ਸਰੋਵਰ ਵਿਖੇ ਚੁਭੇ ਲਾਏ ਜਾਣ । ਅੰਮ੍ਰਿਤ ਸਰੋਵਰ ਵਿਖੇ ਇਸ਼ਨਾਨ ਕਰਦਿਆਂ ਸੁਧੇ ਸੀਸ ਕੇਸਾਂ ਦੇ ਇਸ਼ਨਾਨ ਕਰਨਾ ਏਤਨਾ ਪਰਮ ਜ਼ਰੂਰੀ ਸਮਝਿਆ ਗਿਆ ਹੈ ਕਿ ਸੀਸ ਤੋਂ ਦਸਤਾਰਾ ਉਤਾਰੇ ਬਿਨਾਂ ਭਾਵ ਸਕੇਸ਼ ਇਸ਼ਨਾਨ ਦੇ ਨਮਿਤ ਕੇਸਾਂ ਨੂੰ ਨੰਗੇ ਕੀਤੇ ਬਿਨਾਂ ਅੰਮ੍ਰਿਤ ਸਰੋਵਰ ਵਿਖੇ ਅੰਮ੍ਰਿਤ ਇਸ਼ਨਾਨ ਨਮਿਤ ਪ੍ਰਵੇਸ਼ ਕਰਨ ਹੀ ਨਹੀਂ ਦਿਤਾ ਜਾਂਦਾ । ਸੁਖ ਰਹਿਣੀ ਰਹਿਤ ਦੇ ਆਲਸੀ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਸਮੇਂ ਦਸਤਾਰਾ ਉਤਾਰ ਦਿੰਦੇ ਹਨ (ਕਿਉਂਕਿ ਹੁਕਮਨ ਓਹਨਾਂ ਨੂੰ ਉਤਾਰਨਾ ਪੈਂਦਾ ਹੈ) ਪਰ ਸੁਧੇ ਕੇਸਾਂ ਚੁਭਾ ਫੇਰ ਭੀ ਨਹੀਂ ਲਾਉਂਦੇ ਅਤੇ ਗਹਿਗਚ ਅੰਮ੍ਰਿਤ ਜਲ ਪ੍ਰਵੇਸ਼ੀ ਸਕੇਸ਼ੀ ਇਸ਼ਨਾਨ ਨਹੀਂ ਕਰਦੇ, ਪਰ ਨਹੀਂ ਕਰਦੇ । ਕਈ ਅੰਸ਼ ਮਾਤਰ ਭੈ-ਭਾਵਨੀ ਦੇ ਪ੍ਰੇਮੀ ਅੰਮ੍ਰਿਤ ਜਲ ਦੇ ਛਿੱਟੇ ਤਾਂ ਕੇਸਾਂ ਵਿਖੇ ਮਾਰ ਲੈਂਦੇ ਹਨ ਅਤੇ ਕਈ ਅੰਮ੍ਰਿਤ ਜਲ ਦੇ ਚੁਲੇ ਭੀ ਕੇਸਾਂ ਸਜਾ ਲੈਂਦੇ ਹਨ ਪਰ ਸਮੁੱਚਾ ਸਕੇਸ਼ ਇਸ਼ਨਾਨ ਕਰਨੋਂ ਸੰਕੋਚਦੇ ਹੀ ਰਹਿੰਦੇ ਹਨ । ਅੰਮ੍ਰਿਤ ਸਰੋਵਰ ਵਿਖੇ ਸਕੇਸ਼ ਇਸ਼ਨਾਨ ਦੀ ਪਾਬੰਦੀ ਭੀ ਗੁਰਮਤਿ ਅੰਦਰ, ਖਾਲਸਾ

ਪੰਥ ਅੰਦਰ ਸਕੇਸ਼ ਇਸ਼ਨਾਨ ਦੇ ਨਿਤ ਨਿਯਮੀ ਅਸੂਲ ਦੇ ਪਰਪੱਕ ਹੋਣ ਦਾ ਪੱਕਾ ਸਬੂਤ ਹੈ। ਇਸ ਤੋਂ ਅਧਿਕ ਸਕੇਸ਼ ਇਸ਼ਨਾਨ ਦੀ ਪ੍ਰੋੜ੍ਹਤਾ ਲਈ ਹੋਰ ਪ੍ਰਮਾਣ ਦੇਣ ਦੀ ਲੋੜ ਨਹੀਂ ਭਾਸਦੀ। ਬਸ, ਸਕੇਸ਼ ਇਸ਼ਨਾਨ ਹੀ ਅਸਲ ਗੁਰਮਤਿ ਇਸ਼ਨਾਨ ਹੈ। ਸੀਸ ਕੇਸਾਂ ਦੇ ਇਸ਼ਨਾਨ ਤੋਂ ਬਿਨਾਂ, ਸਿਰਫ਼ ਸਰੀਰ ਦੇ ਹੇਠਲੇ ਧੜ ਦਾ ਇਸ਼ਨਾਨ ਅਧੂਰਾ ਇਸ਼ਨਾਨ ਹੈ, ਪੂਰਾ ਇਸ਼ਨਾਨ ਨਹੀਂ। ਜਦ ਕਿ ਸਰੀਰ ਦਾ ਸ਼ਿਰੋਮਣੀ ਹਿੱਸਾ ਬੇ-ਇਸ਼ਨਾਨਾ ਰਹਿ ਗਿਆ ਤਾਂ ਨਿਰੇ ਹੇਠਲੇ ਧੜ ਦਾ ਇਸ਼ਨਾਨ ਪੂਰਨ ਗੁਰਮਤਿ ਇਸ਼ਨਾਨ ਕਿਸ ਤਰ੍ਹਾਂ ਬਣ ਸਕਦਾ ਹੈ ? ਕਦਾਚਿੱਤ ਨਹੀਂ। ਹਾਂ, ਬੁੱਤਾ ਪੂਰਾ ਇਉਂ ਭੀ (ਇਸ ਅਧੂਰੇ ਇਸ਼ਨਾਨ ਨਾਲ) ਹੋ ਸਕਦਾ ਹੈ। ਚਾਹੇ "ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ ॥"[1] ਗੁਰਵਾਕ ਦੇ ਭਾਵ ਅਨੁਸਾਰ ਕੋਈ ਗੁਰਸਿਖ ਨਿਤਾਪ੍ਰਤਿ ਕੇਸਾਂ ਵਿਖੇ, ਭਾਵ, ਸੀਸ ਵਿਖੇ ਜਲ ਪ੍ਰਵੇਸ਼ ਕਰਨ ਦਾ ਧਾਰਨੀ ਕਿਤਨਾ ਭੀ ਹੋਵੇ, ਪ੍ਰੰਤੂ ਇਸ ਧਾਰਨਾ ਦੇ ਸੰਗ ਸਾਥ ਜੇ ਓਹ (ਗੁਰਸਿਖ) ਮੁਖ ਮੰਤਵ ਸਿਫਤਿ-ਸਾਲਾਹ ਰੂਪੀ ਬਿਬੇਕ ਧਾਰਨਾ ਦੀ ਕਮਾਈ ਨਹੀਂ ਕਰਦਾ ਤਾਂ ਕੇਵਲ ਸਕੇਸ਼ ਇਸ਼ਨਾਨ ਦੀ ਬਿਬੇਕ-ਕਿਰਿਆ ਦੁਆਰਾ ਹੀ ਨਿਰਾ ਪੁਰਾ ਓਹ ਗਤੀ ਅਥਵਾ ਕਲਿਆਣ ਨੂੰ ਪ੍ਰਾਪਤ ਨਹੀਂ ਹੋ ਸਕਦਾ। ਹਾਂ, ਜਿਨ੍ਹਾਂ ਨੇ ਸਿਫਤਿ-ਸਾਲਾਹ ਨੂੰ ਮੁਖ ਮੰਤਵ ਸਨਮੁਖ ਰਖਿਆ ਹੈ, ਜਿਨ੍ਹਾਂ ਨੇ ਮਨੁੱਖਾ ਜਨਮ ਦਾ ਪਰਮ ਪ੍ਰਯੋਜਨੀ ਲਾਹਾ ਗੋਬਿੰਦ ਭਜਨ ਨੂੰ ਹੀ ਜਾਣਿਆ ਹੈ, ਜਿਨ੍ਹਾਂ ਨੇ ਪ੍ਰੇਮਾ ਭਗਤੀ ਨੂੰ ਹੀ ਗੁਰਮਤਿ ਦਾ ਉਚ ਆਦਰਸ਼ ਪਛਾਣਿਆ ਹੈ, ਓਹ ਗੁਰਮਤਿ ਦਰਸਾਏ ਭਾਉ ਭਗਤੀ ਦੇ ਦ੍ਰਿੜ੍ਹਾਵਣਹਾਰੇ ਹਰੇਕ ਅਸੂਲ ਨੂੰ ਸਿਰ ਮੱਥੇ ਤੇ ਮੰਨਦੇ ਹੋਏ ਹਿਤੋਂ ਚਿਤੋਂ ਅਤੇ ਜਾਨੋਂ ਪ੍ਰੰਦ ਹੋ ਕੇ ਭੀ ਕਮਾਉਣਗੇ। ਅਤੇ ਅਜਿਹੇ ਸਕੇਸ਼ ਇਸ਼ਨਾਨ ਬਿਬੇਕੀਆਂ ਦੀ ਹੀ "ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ ॥" ਦੇ ਭਾਵ ਅਨੁਸਾਰੀ ਸਕੇਸ਼ ਇਸ਼ਨਾਨ ਬਿਬੇਕ ਦੀ ਧਾਰਨਾ ਸੰਦੀ ਨਿਯਮ ਨਿਬਾਹੁਣ ਵਾਲੀ ਘਾਲ ਥਾਇ ਪਵੇਗੀ ਅਤੇ ਗੁਰਮਤਿ ਲੇਖੇ ਲਗੇਗੀ।

## ੮. ਸਕੇਸ਼ ਇਸ਼ਨਾਨ ਦੇ ਨਿਤਨੇਮੀ ਸਿੰਘ ਦੇ ਧਿਆਨ ਯੋਗ ਖ਼ਾਸ ਜ਼ਰੂਰੀ ਗੱਲਾਂ :

ਸਕੇਸ਼ ਇਸ਼ਨਾਨ ਦੇ ਨਿਤਨੇਮੀ ਨੂੰ ਖ਼ਾਸ ਖ਼ਾਸ ਗੱਲਾਂ ਦਾ ਜ਼ਰੂਰੀ ਧਿਆਨ ਰਖਣਾ ਚਾਹੀਦਾ ਹੈ। ਪਹਿਲਾਂ ਤਾਂ ਇਹ ਕਿ ਕੇਸ ਸਾਫ਼ ਸੁਥਰੇ ਤੇ ਮੁਲਾਇਮ ਰਹਿਣ ਅਤੇ ਰੁੱਖੇ ਨਾ ਹੋਣੇ ਪਾਉਣ। ਇਸਦਾ ਇਲਾਜ ਇਹ ਹੈ ਕਿ ਤੀਸਰੇ ਚੌਥੇ ਦਿਨ ਘਟ ਤੋਂ ਘੱਟ ਹਫ਼ਤੇ ਵਿਚ ਦੋ ਵਾਰ ਖਾਰ ਆਦਿਕ ਨਾਲ ਇਸ਼ਨਾਨ ਕਰ ਕੇ ਛੇਵਾਂ, ਕੇਸਾਂ ਨੂੰ ਸਜਾਉਣਾ (ਲਗਾਉਣਾ) ਚਾਹੀਦਾ ਹੈ। ਛੇਵਾਂ ਖਾਲਸ ਸਰਸੋਂ ਦਾ ਹੋਵੇ ਤਾਂ ਕਹਾਂ ਪਾਈਐ, ਨਹੀਂ ਤਾਂ ਕੇਸਾਂ ਨੂੰ ਮੁਲਾਇਮ ਅਤੇ ਮਜ਼ਬੂਤ ਰਖਣ ਵਾਲਾ ਕੋਈ ਭੀ ਛੇਵਾਂ ਹੋਵੇ ਤਾਂ ਭੀ ਠੀਕ ਹੈ। ਪ੍ਰੰਤੂ ਇਤਰ ਫੁਲੇਲੀ ਸੁਗੰਧੀ-ਦਾਰ ਤੇਲ, ਜਿਸ ਤੋਂ ਕਿ ਕੇਸ ਕਮਜ਼ੋਰ ਪੈ ਜਾਣ ਦਾ ਅਥਵਾ ਸ਼ੁਕੀਨੀ ਦਾ ਭੁਸ ਪੈਣ ਦਾ ਖ਼ਤਰਾ ਹੋਵੇ, ਜਿਥੋਂ ਤਕ

---

1. ਵਾਰ ਮਾਝ, ਸਲੋਕ ਮ: ੧, ॥੧॥੨੬॥, ਪੰਨਾ ੧੫੦

ਹੋ ਸਕੇ, ਨਾ ਹੀ ਵਰਤਿਆ ਜਾਵੇ। ਜੈਸੀ ਤਾਕਤ ਅਤੇ ਚਿਕਣਤ ਖਾਲਸ ਛੇਵਾਂ ਕੇਸਾਂ ਨੂੰ ਦੇਵੇਗਾ, ਹੋਰ ਕੋਈ ਮਿਲਗੋਭਾ ਛੇਵਾਂ ਨਹੀਂ ਦੇ ਸਕਦਾ। ਖ਼ਾਸ ਕਰ ਸਰਸੋਂ ਦਾ ਛੇਵਾਂ ਬਹੁਤ ਗੁਣਕਾਰੀ ਹੈ। ਨਿਤਾਪ੍ਰਤਿ ਕੇਸਾਂ ਵਿਖੇ ਜਲ ਪ੍ਰਵੇਸ਼ ਕਰਨ ਨਾਲ, ਜੇ ਦੂਜੇ ਤੀਜੇ ਛੇਵਾਂ ਨਾ ਵਰਤਿਆ ਜਾਵੇ ਤਾਂ ਰੁਖਾਸਣਾਪਣ ਵਰਤਣ ਲਗ ਜਾਂਦਾ ਹੈ। ਅਤੇ ਕੇਸ ਭੁਰਨ ਟੁਟਣ ਲਗ ਪੈਂਦੇ ਹਨ। ਕੇਸਾਂ ਨੂੰ ਸਾਫ਼ ਰਖਣ ਲਈ ਦੋਨੋਂ ਵਕਤ ਕੰਘਾ ਕਰਨ ਦਾ ਅਵੱਸ਼ ਜ਼ਰੂਰੀ ਨਿਯਮ ਪਾਲਣਾ ਸਿਖ ਮਾਤਰ ਦਾ ਧਰਮ ਹੈ। ਦੂਸਰੇ ਕੇਸਾਂ ਵਿਚ ਦੁਰਗੰਧ ਕਦੇ ਨਾ ਆਉਣੀ ਪਾਵੇ। ਜਿਸ ਦਾ ਸੰਜਮ ਇਹ ਹੈ ਕਿ ਕੇਸ ਹਰੇ ਕੀਤੇ ਬਿਨਾਂ ਦਸਤਾਰਾ ਨਾ ਸਜਾਇਆ ਜਾਵੇ। ਜੋ ਸਵਾ ਪਹਿਰ ਰਾਤ ਰਹਿੰਦੀ ਉਠਣ ਦੇ ਨੇਮੀ ਅਤੇ ਉਦਮੀ ਹਨ, ਸਕੇਸ਼ ਇਸ਼ਨਾਨ ਕਰਦੇ ਸਾਰ ਨਾਮ ਬਾਣੀ ਦੇ ਅਭਿਆਸ ਵਿਚ ਜੁਟ ਜਾਂਦੇ ਹਨ ਅਤੇ ਕੇਸ ਭੀ ਹਰੇ ਕਰਨ ਲਗ ਪੈਂਦੇ ਹਨ। ਕੇਸ ਹਰੇ ਹੁੰਦੇ ਰਹਿੰਦੇ ਹਨ। ਅੰਮ੍ਰਿਤ ਵੇਲੇ ਖੁਲ੍ਹੇ ਆਕਾਸ਼ ਅਤੇ ਖੁਲ੍ਹੀ ਪਉਣ ਵਿਚ ਬੈਠਿਆਂ ਹੋਇਆਂ ਅਤੇ ਕੇਸ ਹਰੇ ਕਰਦਿਆਂ ਹੋਇਆਂ ਅਭਿਆਸ ਦਾ ਉਹ ਅਨੰਦ ਖਿੜਦਾ ਹੈ ਕਿ ਅਭਿਆਸੀ ਜਨ ਹੀ ਜਾਣਦੇ ਹਨ। ਕੰਠਾਗਰ ਬਾਣੀ ਦਾ ਪਾਠ ਅਤੇ ਨਾਮ ਅਭਿਆਸ ਏਕਾਂਤ ਵਿਚ ਬੈਠ ਕੇ ਕਰਦੇ ਹੋਏ ਅਸੀਂ ਨਿਸੰਗ ਕੇਸ ਖੁਲ੍ਹੇ ਰਖ ਕੇ ਪਿਛੇ ਛਡ ਸਕਦੇ ਹਾਂ। ਕੇਸਾਂ ਦਾ ਖੁਲ੍ਹੇ ਰਖਣਾ ਕੇਵਲ ਹਰੇ ਕਰਨ ਦੇ ਨਮਿਤ ਮਾਤਰ ਹੈ। ਮਤੇ ਐਵੇਂ ਖੁਲ੍ਹੇ ਅਤੇ ਨੰਗੇ ਰਖਣ ਦਾ ਸੁਭਾਵ ਹੀ ਪੈ ਜਾਵੇ, ਪ੍ਰੰਤੂ ਜੇ ਪੋਥੀ ਗੁਟਕੇ ਉਪਰੋਂ ਬਾਣੀ ਦਾ ਪਾਠ ਨਿਤਨੇਮ ਕਰਨਾ ਹੋਵੇ ਤਦ ਅਸੀਂ ਨਗਨ ਸੀਸ ਪਾਠ ਨਹੀਂ ਕਰ ਸਕਦੇ। ਇਹ ਬੇਅਦਬੀ ਵਿਚ ਦਾਖ਼ਲ ਹੈ। ਅਰਥਾਤ, "ਪੋਥੀ ਪਰਮੇਸਰ ਕਾ ਥਾਨੁ"[1] ਹੋਣ ਕਰਕੇ ਪੋਥੀ ਦਾ ਅਦਬ ਜ਼ਰੂਰੀ ਹੈ ਅਤੇ ਨਾ ਹੀ ਖ਼ਾਸ ਸਤਿਸੰਗ ਸਮਾਗਮ ਕਰਦਿਆਂ ਹੋਇਆਂ ਕੇਸ ਖੁਲ੍ਹੇ ਰਖ ਸਕਦੇ ਹਾਂ ਯਾ ਨੰਗੇ ਕਰ ਸਕਦੇ ਹਾਂ। ਹਾਂ, ਅਭਿਆਸੀ ਜਨ ਅੰਮ੍ਰਿਤ ਵੇਲੇ ਏਕਾਂਤ ਵਿਚ ਇਕੱਠੇ ਬੈਠੇ ਅਭਿਆਸ ਦਾ ਨਿਸੰਗ ਅਨੰਦ ਲਹਿਰਾ ਲੈਣ। ਹਾੜ (ਹੁਨਾਲ) ਦੇ ਦਿਨਾਂ ਵਿਚ ਤਾਂ ਤਾਬੜ-ਤੋੜ ਹੀ ਕੇਸ ਹਰੇ ਹੋ ਜਾਂਦੇ ਹਨ। ਜਦੋਂ ਹਰੇ ਹੋਏ ਓਦੋਂ ਹੀ ਸਜਾਇ ਲਏ। ਜੇ ਕਿਤੇ ਝਬਦੇ ਆਸਾ ਦੀ ਵਾਰ ਦੇ ਕੀਰਤਨ ਸਮਾਗਮ ਵਿਚ ਹਾਜ਼ਰ ਹੋਣਾ ਹੋਵੇ ਤਾਂ ਥੋੜੀ ਜਿਹੀ ਪਉਣ (ਹਵਾ) ਕੇਸਾਂ ਨੂੰ ਲੁਆ ਕੇ ਕੇਸ ਸਜਾ ਲਏ ਅਤੇ ਖੱਦਰ ਦਾ ਦੁਮਾਲਾ ਘੁਟ ਕੇ ਉਪਰ ਦੀ ਸਜਾ ਲਵੇ, ਰਹੀ ਸਹੀ ਕੇਸਾਂ ਦੀ ਨਮੀ ਨੂੰ ਇਹ ਦੁਮਾਲਾ ਸੋਖ ਲਏਗਾ ਅਤੇ ਕੇਸ ਸਿਲ੍ਹੇ ਨਹੀਂ ਰਹਿਣੇ ਪਾਵਣਗੇ। ਅਤੇ ਸਿਆਲ ਦੇ ਮਹੀਨੇ ਅੱਵਲ ਤਾਂ ਦਿਨ ਚੜ੍ਹਦੇ ਤਾਈਂ ਕੇਸ ਹਰੇ ਹੋ ਜਾਂਦੇ ਹਨ, ਪਰ ਜਿਨ੍ਹਾਂ ਦੇ ਕੇਸ ਭਾਰੇ ਹੁੰਦੇ ਹਨ, ਉਹਨਾਂ ਦੇ ਜੇ ਥੋੜੇ ਘਣੇ ਹਰੇ ਹੋਣੋਂ ਰਹਿ ਭੀ ਜਾਣ ਤਾਂ ਦਿਨੇ ਧੁੱਪ ਵਿਚ ਕਦੇ ਦਸ ਪੰਦਰਾਂ ਮਿੰਟ ਮਾਤਰ ਹਰੇ ਕਰ ਲਏ। ਸਿਆਲ ਦੀਆਂ ਰਾਤਾਂ ਹੁਨਾਲ ਦੀਆਂ ਰਾਤਾਂ ਨਾਲੋਂ ਵੱਡੀਆਂ ਹੁੰਦੀਆਂ ਹਨ, ਨੇਮੀਆਂ ਦੇ ਜਾਗਣ ਦੇ ਨੇਮ ਪ੍ਰੇਮ ਦੀ ਸੁਵਖਤੀ ਘੜੀ ਉਹੀ ਇਕਸਾਰ ਰਹਿੰਦੀ ਹੈ। ਇਸ ਕਰਕੇ ਦਿਨ ਚੜ੍ਹਦੇ ਤੀਕ ਅੱਵਸ਼ੋਂ ਹੀ ਕੇਸ ਹਰੇ ਹੋ ਸਕਦੇ ਹਨ। ਜੇ ਭਲਾ ਅੰਮ੍ਰਿਤ ਵੇਲੇ ਦੇ ਕਿਸੇ ਸਮਾਗਮ ਵਿਖੇ ਸ਼ਾਮਲ ਹੋਣਾ ਹੋਵੇ ਤਾਂ ਕੰਬਲ ਦਾ ਦੁਮਾਲਾ ਘੁਟ ਕੇ ਕੇਸਾਂ ਉਤੇ ਸਜਾ ਲੈਣ ਕਰਿ ਦਿਨ ਚੜ੍ਹਦੇ ਤਾਈਂ ਉੱਕੇ ਹੀ ਸਿੱਲ੍ਹੇ ਨਹੀਂ ਰਹਿਣਗੇ ਅਤੇ ਗਰਮ ਦੁਮਾਲੇ ਅੰਦਰ

1. ਸਾਰੰਗ ਮ: ੫, ॥੧॥੧੧੩॥ ਪੰਨਾ ੧੨੨੬

ਸਜੇ ਸਜਾਏ ਹੀ ਹਰੇ ਹੋ ਜਾਣਗੇ ਅਤੇ ਬੋ ਨਹੀਂ ਪਕੜਨਗੇ। ਜੋ ਸਿੰਘ ਸੱਜਣ ਬਦੇਸ਼ਾਂ ਅਤੇ ਬਰਫ਼ਾਨੀ ਮੁਲਕਾਂ ਵਿਚ ਚੱਤੋ ਪਹਿਰ ਦਸਾਂ ਨਹੁੰਆਂ ਦੀ ਕਮਾਈ ਕਰਦੇ ਹੋਏ ਭੀ ਸਕੇਸ਼ ਇਸ਼ਨਾਨ ਦਾ ਨਿਯਮ ਨਿਬਾਹੁੰਦੇ ਹਨ, ਓਹ ਧੰਨ ਹਨ। ਓਹਨਾਂ ਸੱਜਣਾਂ ਨਾਲ ਗੋਸ਼ਟ ਕੀਤਿਆਂ ਪਾਠਕ ਜਨਾਂ ਨੂੰ ਪਤਾ ਲਗ ਸਕਦਾ ਹੈ ਕਿ ਕਿਸ ਤਰ੍ਹਾਂ ਉਹ ਸੱਜਣ ਕਾਰ ਵਿਹਾਰ ਕਰਦਿਆਂ ਭੀ ਇਸ਼ਨਾਨ ਬਾਣੀ ਦਾ ਨੇਮ ਨਹੀਂ ਖੁੰਝਣ ਦਿੰਦੇ ਅਤੇ ਕੇਸ ਭੀ ਹਰੇ ਕਰ ਲੈਂਦੇ ਹਨ ਤੇ ਦੁਰਗੰਧੀ ਨੇੜੇ ਨਹੀਂ ਆਉਣ ਦਿੰਦੇ। ਗੁਰਮਤਿ ਇਸ਼ਨਾਨ ਬਿਬੇਕ ਦੀ ਪਰਵਾਹ ਰਖਣ ਵਾਲੇ ਸਕੇਸ਼ ਇਸ਼ਨਾਨੀ ਗਰਮ ਅੰਗੀਠੀਆਂ ਦੀ ਗਰਮਾਈ ਵਾਲੇ ਕਮਰਿਆਂ ਵਿਚ ਅਥਵਾ ਅੰਗੀਠੀ ਦੇ ਸਨਮੁਖ ਬੈਠ ਕੇ ਕੇਸ ਹਰੇ ਕਰਦੇ ਹਨ। ਨਹੀਂ ਤਾਂ ਜਲ ਨਿਚੋੜ ਕੇ ਅਤੇ ਆਠਰੇ ਜਿਹੇ ਕੇਸ ਕਰ ਕੇ, ਕਸ ਕੇ ਦੁਮਾਲੇ ਸੀਸ ਤੇ ਸਜਾ ਲੈਂਦੇ ਹਨ, ਆਪੇ ਅੰਦਰਲੀ ਗਰਮਾਈ ਨਾਲ ਕੇਸ ਹਰੇ ਹੋ ਜਾਂਦੇ ਹਨ। ਏਸ ਪ੍ਰਕਾਰ ਦੇ ਹੋਰ ਭੀ ਸੰਜਮ ਹਨ, ਜੋ ਕਿ ਸਕੇਸ਼ ਇਸ਼ਨਾਨੀ ਬਿਬੇਕੀਆਂ ਦੀ ਸੰਗਤ ਵਿਚ ਰਹਿ ਕੇ ਆਪਣੇ ਆਪ ਹੀ ਸਿਖ ਲਈਦੇ ਹਨ। ਸਕੇਸ਼ ਇਸ਼ਨਾਨੀ ਹੁੰਦੇ ਹੋਏ ਕੇਸਾਂ ਨੂੰ ਸਾਫ਼ ਸੁਥਰੇ ਅਤੇ ਦੁਰਗੰਧੀ ਤੋਂ ਪਾਕ ਨਾ ਰਖਣਾ, ਨਾ-ਸਿਰਫ਼ ਇਹ ਕੇਸਾਂ ਦੀ ਬੇਅਦਬੀ ਕਰਨਾ ਹੀ ਹੈ ਬਲਕਿ ਸਕੇਸ਼ ਇਸ਼ਨਾਨੀ ਬਿਬੇਕੀਆਂ ਨੂੰ ਬਦਨਾਮ ਕਰਨਾ ਅਤੇ ਸਕੇਸ਼ ਇਸ਼ਨਾਨ ਦੇ ਨਾਮ ਨੂੰ ਵੱਟਾ ਲਾਉਣਾ ਹੈ। ਜਿਸ ਉੱਦਮ ਨਾਲ ਬਿਬੇਕੀ ਜਨ ਨਿਤਾਪ੍ਰਤਿ ਅੰਮ੍ਰਿਤ ਵੇਲੇ ਉਠਦੇ ਹਨ ਅਤੇ ਜਿਸ ਉੱਦਮ ਨਾਲ ਉਠ ਕੇ ਇਸ਼ਨਾਨ ਸੋਧਦੇ ਹਨ ਅਤੇ ਸਕੇਸ਼ ਇਸ਼ਨਾਨ ਦੇ ਪੁਰਸ਼ਾਰਥੀ ਬਣਦੇ ਹਨ, ਤਿਸੇ ਉੱਦਮ ਨਾਲ ਉਸ ਤੋਂ ਅਤਿ ਥੋੜੇ ਜਿਹੇ ਰੂੰਗੇ ਮਾਤ੍ਰ ਦੇ ਉੱਦਮ ਨਾਲ ਕੇਸਾਂ ਨੂੰ ਸੁਧ ਅਤੇ ਸਾਫ਼ ਰਖਣ ਦੀ ਚੌਂਪ ਆਦਤ ਪੈ ਸਕਦੀ ਹੈ। ਸੁਚੇਤ ਸਿਖ ਉਹੀ ਹੈ ਜਿਸ ਨੂੰ ਆਪਣੀ ਸਰੀਰਕ ਕਿਰਿਆ ਦੇ ਸੋਧ ਰਖਣ ਦੀ ਭੀ ਚੌਂਪ ਚੌਕਸਤਾਈ ਹੋਵੇ। ਇਸ ਤੋਂ ਅੱਗੇ ਉਕਤ ਵਿਆਖਿਆ ਵਾਲੇ ਗੁਰ ਪ੍ਰਮਾਣ ਅੰਦਰ, "ਗੁਰ ਸਤਿਗੁਰ ਕਾ ਜੋ ਸਿਖੁ ਅਖਾਏ......॥" ਜਿਸ ਦੀ ਕਿ ਅਸੀਂ ਵਿਆਖਿਆ ਕਰ ਰਹੇ ਹਾਂ, ਨਾਮ ਦੀ ਕਮਾਈ ਧਿਆਨ ਦਾ ਹੀ ਨਿਰਣਾ ਹੈ ਜੋ ਧਿਆਨ-ਕਮਾਈ ਰੂਪੀ ਮੁਖ ਮੰਤਵੀ ਬਿਬੇਕ, ਉਪਰ ਵਿਆਖਿਆ ਕੀਤੀ ਉਦਮ ਧਾਰਨਾ ਦੀ ਸਹਾਇਤਾ ਨਾਲ ਹੀ ਸਿਰੇ ਚੜ੍ਹ ਸਕਦਾ ਹੈ। ਇਸ ਧਿਆਨ-ਕਮਾਈ ਦੇ ਉੱਦਮ ਪ੍ਰਥਾਇ ਹੇਠ ਲਿਖੇ ਗੁਰ ਪ੍ਰਮਾਣ ਖ਼ੂਬ ਫਬਦੇ ਹਨ। ਯਥਾ :

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥੧੭॥**

*ਸਲੋਕ ਮ: ੫, ਗੂਜਰੀ ਵਾਰ, ਪੰਨਾ ੫੨੨*

**ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥**
**ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥੧॥੧੭॥**

*ਸਲੋਕੁ ਮ: ੧, ਵਾਰ ਮਾਝ, ਪੰਨਾ ੧੪੫*

**ਵਖਤੈ ਉਪਰਿ ਲੜਿ ਮਰੈ ਅੰਮ੍ਰਿਤ ਵੇਲੇ ਸਬਦ ਅਲਾਪੈ ॥**
**ਸਾਧ ਸੰਗਤਿ ਵਿਚਿ ਜਾਇਕੈ ਹਉਮੈ ਮਾਰਿ ਮਰੈ ਆਪੁ ਆਪੈ ॥**
**ਲੜਿ ਮਰਣਾ ਤੈ ਸਤੀ ਹੋਣੁ ਗੁਰਮੁਖਿ ਪੰਥੁ ਪੂਰਣ ਪਰਤਾਪੈ ॥**

*ਭਾਈ ਗੁਰਦਾਸ ਜੀ, ਵਾਰ ੩੦, ਪਉੜੀ ੧੪*

"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ....॥" ਵਾਲੇ ਸਮੂਹ ਗੁਰਵਾਕ ਦੇ ਭਾਵ ਨਾਲ ਲਗਦਾ ਹੀ ਉਕਤ ਭਾਵ ਨੂੰ ਦ੍ਰਿੜ੍ਹਾਵਣਹਾਰਾ ਭਾਈ ਗੁਰਦਾਸ ਜੀ ਦਾ ਹੇਠ ਲਿਖਿਆ ਮਹਾਂ ਵਾਕ ਹੈ:

**ਕੁਰਬਾਣੀ ਤਿਨਾ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ ॥**
**ਕੁਰਬਾਣੀ ਤਿਨਾ ਗੁਰਸਿਖਾਂ ਅੰਮ੍ਰਿਤ ਵੇਲੇ ਸਰਿ ਨਾਵੰਦੇ ॥**
**ਕੁਰਬਾਣੀ ਤਿਨਾ ਗੁਰਸਿਖਾਂ ਇਕ ਮਨ ਹੋ ਗੁਰੁ ਜਾਪੁ ਜਪੰਦੇ ॥**
**ਕੁਰਬਾਣੀ ਤਿਨਾ ਗੁਰਸਿਖਾਂ ਸਾਧ ਸੰਗਤਿ ਚਲਿ ਜਾਇ ਜੁੜੰਦੇ ॥**
**ਕੁਰਬਾਣੀ ਤਿਨਾ ਗੁਰਸਿਖਾਂ ਗੁਰਬਾਣੀ ਨਿਤ ਗਾਇ ਸੁਣੰਦੇ ॥**
**ਕੁਰਬਾਣੀ ਤਿਨਾ ਗੁਰਸਿਖਾਂ ਮਨ ਮੇਲੀ ਕਰਿ ਮੇਲਿ ਮਿਲੰਦੇ ॥**
**ਕੁਰਬਾਣੀ ਤਿਨਾ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ ॥**
**ਗੁਰ ਸੇਵਾ ਫਲੁ ਸੁਫਲੁ ਫਲੰਦੇ ॥**

*ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੨*

## ੯. ਗੁਰਮਤਿ ਦਾਨ :

ਇਸ਼ਨਾਨ ਦੇ ਨਾਲ ਲਗਦਾ ਦੂਤੀ ਸਾਧਨ ਸੰਪੰਨ (ਨਾਮ ਦਾ ਸਹਾਈ) ਕਰਮ ਬਿਬੇਕ 'ਦਾਨ' ਹੈ, ਜੈਸੇ ਕਿ ਉਪਰ ਪ੍ਰਮਾਣੇ ਗੁਰਵਾਕਾਂ ਅੰਦਰ "ਗੁਰਮੁਖਿ ਨਾਮੁ ਦਾਨੁ ਇਸਨਾਨੁ"[1] ਵਾਲੀ ਪੰਗਤੀ ਦੇ ਭਾਵ ਵਿਚ ਪ੍ਰਤਿਪਾਦਨ ਹੋ ਚੁਕਾ ਹੈ। ਆਪਣੀ ਘਾਲ ਕਮਾਈ (ਸੁਕ੍ਰਿਤ ਕਮਾਈ) ਵਿਚੋਂ ਦਸਵੰਧ ਮਾਤਰ ਦਾ ਦੇਣਾ ਤਾਂ ਹਰ ਇਕ ਸਿਖ ਮਾਤਰ ਦਾ ਧਰਮ ਹੈ, ਇਸ ਤੋਂ ਵਧ ਕੇ ਆਪਣੇ ਵਿਤ ਅਨੁਸਾਰ ਜਿਤਨਾ ਭੀ ਕੋਈ ਆਪਣੀ ਕਿਰਤ ਕਮਾਈ ਵਿਚੋਂ ਦਾਨ ਕਰ ਸਕੇ ਸੋ ਉਸਦੀ ਉਛਲ ਹੈ, ਉਸ ਨੂੰ ਰੋਕ ਨਹੀਂ। ਪ੍ਰੰਤੂ ਇਹ ਦਾਨ ਗੁਰੂ ਕੇ ਸਿਖ ਗੁਰੂ ਨਮਿਤ ਗੁਰੂ ਕਾ ਹੁਕਮ ਸਮਝ ਕੇ ਕਰਦੇ ਹਨ। ਹੁਕਮ ਅੰਦਰ ਜੇ ਸਰਬੰਸ ਦਾਨ ਕਰਨ ਦੀ ਲੋੜ ਪਵੇ ਤਾਂ ਸਰਬੰਸ ਅਰਪਨ ਕਰਨੋਂ ਭੀ ਕਦੇ ਫ਼ਰਕ ਨਹੀਂ ਕਰਨਗੇ। ਗੁਰੂ ਕੇ ਸਿਖ ਦਾ ਜੋ ਕੁਛ ਭੀ ਹੈ, ਓਹ ਉਸ ਦਾ ਆਪਣਾ ਨਹੀਂ ਹੈ। ਉਸ ਦੇ ਪਾਸ ਜੋ ਕੁਛ ਹੈ ਸੋ ਗੁਰੂ ਕੀ ਅਮਾਨਤ ਹੈ, ਇਸ ਵਿਚ ਉਸ ਦੀ ਮੇਰ ਮਮਤਾ ਕੁਛ ਨਹੀਂ। ਸੋ ਜੋ ਕੁਛ ਭੀ ਗੁਰੂ ਕੇ ਸਿੰਘ (ਬਿਬੇਕੀ) ਦਾਨ ਪੁੰਨ ਕਰਦੇ ਹਨ, ਉਸ ਵਿਚ ਮੋਹ ਮਮਤਾ ਦੀ ਰਾਈ ਰਤੀ ਨਹੀਂ ਹੁੰਦੀ। ਬਿਬੇਕੀ ਸਿੰਘ ਕਦੇ ਭੀ ਇਹ ਸੂਖਮ ਤੇ ਸੂਖਮ ਹੰਕਾਰ ਨਹੀਂ ਧਾਰਨਗੇ ਕਿ ਅਸੀਂ ਫਲਾਣਾ ਦਾਨ ਕੀਤਾ ਹੈ, ਫਲਾਣਾ ਪੁੰਨ ਕੀਤਾ ਹੈ।

## ੧੦. ਆਪਾ ਅਰਪਣ, ਅਰਥਾਤ, ਤਨ ਮਨ ਧਨ ਵਾਰਨਾ ਅਸਲ ਗੁਰਮਤਿ ਦਾਨ :

ਜੋ ਵਸਤੂ, ਜੋ ਪਦਾਰਥ ਉਹ ਗੁਰੂ ਅਰਪਣ ਕਰ ਚੁਕੇ, ਜੋ ਕੁਛ ਭੀ ਉਹ ਗੁਰੂ ਦੀ ਨਮਿਤ ਦੇ ਚੁਕੇ, ਉਸ ਦੇ ਵਿਚ ਉਹਨਾਂ ਦੀ ਮੋਹ ਮਮਤਾ ਕੀ ? ਓਹਨਾਂ ਤਾਂ ਗੁਰੂ

1. ਰਾਮਕਲੀ ਮ: ੧ ਸਿਧ ਗੋਸਟਿ, ਅੰਕ ੩੬, ਪੰਨਾ ੯੪੨

ਦੀ ਅਮਾਨਤ ਅਦਾ ਕੀਤੀ ਹੈ ਅਤੇ ਗੁਰੂ ਕੇ ਹੁਕਮ ਅਨੁਸਾਰ ਟਹਿਲ ਸੇਵਾ ਕੀਤੀ ਹੈ ਅਤੇ ਟਹਿਲ ਸੇਵਾ ਗੁਰੂ ਦੇ ਸਿੰਘਾਂ ਦਾ ਫ਼ਰਜ਼ ਹੈ। ਫ਼ਰਜ਼ ਨੂੰ ਪੂਰਾ ਕਰਦਿਆਂ, ਗੁਰੂ ਕੀ ਵਸਤ ਨੂੰ ਗੁਰੂ ਅਗੇ ਰਖਦਿਆਂ ਹੋਇਆਂ ਉਹਨਾਂ ਦੇ ਅੰਦਰ ਰੰਚਕ ਹਉਮੈ ਬਿਆਪ ਹੀ ਨਹੀਂ ਸਕਦੀ। ਅਤੇ ਨਾ ਹੀ ਉਹ ਕਿਸੇ ਉਪਰ ਕੋਈ ਅਹਿਸਾਨ ਜਣਾਉਂਦੇ ਹਨ। ਸਗੋਂ ਜੇ ਕੋਈ ਸ਼ੁਭ ਅਵਸਰ ਉਹਨਾਂ ਨੂੰ ਦਾਨ ਪੁੰਨ ਦਾ ਮਿਲਦਾ ਭੀ ਹੈ ਤਾਂ ਉਹ ਗੁਰੂ ਨਮਿਤ ਸੇਵਾ ਭੇਟਾ ਤੁਛ ਮਾਤਰ ਅਰਪਣ ਕਰ ਕੇ ਆਪਣੀ ਸੁਫਲ ਕਮਾਈ ਸਮਝਦੇ ਹਨ ਅਤੇ ਅਮਾਨਤ ਅਦਾ ਕਰ ਕੇ ਨਿਰਭਾਰ ਹੋ ਜਾਂਦੇ ਹਨ। ਉਹਨਾਂ ਦਾ ਰੋਮ ਰੋਮ ਸ਼ੁਕਰ ਅੰਦਰ ਲੀਨ ਹੁੰਦਾ ਹੈ, ਕਿ ਸੁਫਲ ਕਮਾਈ ਲੇਖੇ, ਗੁਰੂ ਲੇਖੇ ਲਗ ਗਈ, ਕਿਉਂਕਿ ਉਹ ਸਦਾ ਇਸ ਪ੍ਰਕਾਰ ਮਨ ਬਚ ਕਰਮ ਕਰਕੇ ਸਮਝਦੇ ਹਨ ਕਿ :

**ਮਨੁ ਤਨੁ ਤੇਰਾ ਧਨੁ ਭੀ ਤੇਰਾ॥ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ॥**
**ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ ॥੧॥**
**ਸਦਾ ਸਦਾ ਤੂੰ ਹੈ ਸੁਖਦਾਈ॥ ਨਿਵਿ ਨਿਵਿ ਲਾਗਾ ਤੇਰੀ ਪਾਈ॥**
**ਕਾਰ ਕਮਾਵਾ ਜੇ ਤੁਧੁ ਭਾਵਾ॥ ਜਾ ਤੂੰ ਦੇਹਿ ਦਇਆਲਾ ਜੀਉ ॥੨॥੪੦॥**

*ਮਾਝ ਮਹਲਾ ੫, ਪੰਨਾ ੧੦੬*

**ਇਹੁ ਤਨੁ ਮਨੁ ਤੇਰਾ ਸਭਿ ਗੁਣ ਤੇਰੇ॥ ਖੰਨੀਐ ਵੰਞਾ ਦਰਸਨ ਤੇਰੇ ॥੨॥੧੧॥**

*ਤੁਖਾਰੀ ਛੰਤ ਮ: ੫, ਪੰਨਾ ੧੧੧੭*

ਗੁਰੂ ਕਾ ਸਭ ਕੁਛ ਸਮਝਦੇ ਹੋਏ ਗੁਰੂ ਕੇ ਲੇਖੇ ਸਰਬੰਸ ਲਾਉਂਦਿਆਂ ਓਹ ਬਫਾਉਂਦੇ ਨਹੀਂ। ਨਿਰਮਾਣ ਸੇਵਾ ਸਮਝ ਕੇ ਸਭ ਕੁਛ ਗੁਰੂ ਦੇ ਨਮਿਤ ਅਰਪਣ ਕਰੀ ਜਾਂਦੇ ਹਨ। ਅਤੇ ਇਸ ਅਰਪਣ ਕਰਨ ਦੀ ਸੇਵਾ ਘਾਲਣਾ ਵਿਚ ਭੀ ਓਨ੍ਹਾਂ ਨੂੰ ਅੰਤ੍ਰੀਵੀ ਰਸ ਹੁੰਦਾ ਹੈ। ਜਿਉਂ ਜਿਉਂ ਇਹ ਸੇਵਾ ਸਮਰਪਣ ਦਾ ਵਾਧਾ ਵਧਦਾ ਜਾਂਦਾ ਹੈ, ਤਿਉਂ ਤਿਉਂ ਓਹ ਹੋਰ ਤੇ ਹੋਰ ਆਤਮ ਰਸ ਵਿਚ ਲਿਵ-ਮਗਨ ਅਤੇ ਮਸਤ ਅਲਮਸਤ ਹੁੰਦੇ ਜਾਂਦੇ ਹਨ। ਅਤੇ ਇਸ ਬਿਧਿ ਇਹ ਦਾਨ ਭੀ ਇਸ਼ਨਾਨ ਦੀ ਨਿਆਈਂ ਨਾਮ ਸਿਫਤਿ-ਸਾਲਾਹ ਦੀ ਚੜ੍ਹਦੀ ਕਲਾ ਵਿਚ ਸਹਾਈ ਹੁੰਦਾ ਹੈ ਅਤੇ ਏਸੇ ਕਰਕੇ ਹੀ ਇਹ ਨਾਮ ਦੇ ਸੰਗ ਸਾਥ ਸਾਧਨ ਸੰਪੰਨ ਸੁਕ੍ਰਿਤ ਕਰਮ ਬਿਬੇਕ ਹੈ, ਜਿਸ ਦਾ ਧਾਰਨ ਕਰਨਾ ਹਰ ਇਕ ਸੁਚਿਆਰ ਸਿਖ ਲਈ ਅਤੀ ਜ਼ਰੂਰੀ ਹੈ, ਜੋ ਕਿ ਸਦਾ ਨਾਮ ਮਹਾਂ ਰਸ ਦੀਆਂ ਚੜ੍ਹਦੀਆਂ ਕਲਾਂ ਵਾਲੀਆਂ ਰੰਗ ਰਲੀਆਂ ਮਾਨਣਾ ਲੋਚਦਾ ਹੈ। ਪਰਮ ਹੁਕਮ ਨਾਮ ਬਿਬੇਕ ਦੀ ਪਾਲਣਾ ਲਈ ਆਪਾ ਅਰਪਣ ਕਰਨਾ ਪੈਂਦਾ ਹੈ, ਕਿਉਂਕਿ ਆਪਾ ਅਰਪਣ ਕਰਨਾ ਭੀ ਗੁਰੂ ਕਾ ਹੁਕਮ ਹੈ, ਜਿਸ ਪਰਮ ਹੁਕਮ ਦੇ ਕਮਾਵਣ ਦੀ ਸਦਾ ਲੋੜ ਹੈ। ਆਪਣੇ ਪਾਸ ਜੋ ਕੁਛ ਭੀ ਹੈ, ਭਾਵ, ਆਪਣਾ ਸਮੁੱਚਾ ਆਪਾ ਭੀ ਗੁਰੂ ਨਮਿਤ ਅਰਪਣ ਕਰ ਦੇਣਾ ਗੁਰਮਤਿ ਦਾਨ ਹੈ। ਗੁਰੂ ਘਰ ਵਿਖੇ ਸਭ ਤੋਂ ਸ੍ਰੇਸ਼ਟ ਸੇਵਾ ਸਮਰਪਣ ਅਤੇ ਆਪਾ ਅਰਪਣ ਦਾ ਪਰਤੱਖ ਨਮੂਨਾ ਗੁਰ ਦਸਮੇਸ਼ ਜੀ ਦੇ ਉਚਾਰੇ ਇਸ ਗੁਰਵਾਕ ਤੋਂ ਵਿਦਮਾਨ ਹੈ। ਸ੍ਵੈਯਾ :

**ਸੇਵ ਕਰੀ ਇਨ ਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ॥**
**ਦਾਨ ਦਯੋ ਇਨ ਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ॥**

**ਆਗੈ ਫਲੈ ਇਨ ਹੀ ਕੇ ਦਯੋ ਜਗ ਮੈ ਜਸੁ ਅਉਰ ਦਯੋ ਸਭ ਛੀਕੋ ॥**
**ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥੩॥**

*ਗਿਆਨ ਪ੍ਰਬੋਧ, ਅੰਤਲੇ ਸਵਯੇ*

ਜੋ ਓਹਨਾਂ ਨੇ ਪਰਤੱਖ ਕਮਾ ਕੇ ਦਿਖਾਇਆ ਅਤੇ ਸਿਖ ਬਿਬੇਕੀ ਜਨਾਂ ਲਈ ਆਪਾ ਅਰਪਣ ਕਰਨ ਦੇ ਅਸਲ ਪੂਰਨੇ ਪਾਏ। ਤਨ ਕਰਕੇ ਅਤੇ ਧਨ ਸਮੇਤ ਸਭ ਕੁਛ ਗੁਰੂ ਵਿਟਹੁ, ਗੁਰੂ ਪੰਥ ਵਿਟਹੁ, ਗੁਰਸਿੱਖਾਂ ਵਿਟਹੁ ਅਰਪਣ ਕਰ ਦੇਣਾ ਗੁਰੂ ਘਰ ਦਾ ਸ੍ਰੇਸ਼ਟ ਦਾਨ ਬਿਬੇਕ ਹੈ। ਅਤੇ ਇਸ ਦਾਨ ਅਰਪਣ ਬਿਬੇਕ ਅੰਦਰ ਇਕ ਪ੍ਰੇਮ ਦਾ ਉਮਾਹ ਹੈ, ਇਕ ਇਸ਼ਕ ਦਾ ਉਛਾਲਾ (ਜਜ਼ਬਾ) ਹੈ, ਇਕ ਭਾਉ ਭਗਤੀ ਦਾ ਵਲਵਲਾ ਹੈ, ਜਿਸ ਦੀ ਮਸਤੀ ਵਿਚ ਬੇਧੇ ਤਾਣ-ਪ੍ਰਵੇਧੇ ਹੋਏ ਉਹ ਸਭ ਕੁਛ ਅਰਪਣ ਕਰੀ ਜਾਂਦੇ ਹਨ। ਜਿਵ ਜਿਵ ਕਿ ਉਨ੍ਹਾਂ ਨੂੰ ਹੁਕਮ ਰਜ਼ਾ ਅਨੁਸਾਰ ਪ੍ਰੇਰਨਾ ਹੁੰਦੀ ਹੈ। ਹਰਿ ਦਰਸਨ ਕੈ ਜਨ, ਪ੍ਰੀਤਮ-ਪ੍ਰਾਪਤੀ ਦੇ ਪ੍ਰੇਮ ਪਿੜ ਦੇ ਖਿਡਾਰੀ ਅਨੰਦ ਸਾਹਿਬ ਦੀ ਬਾਣੀ ਦਾ, ਨਿਤਨੇਮ ਦੀ ਅੰਮ੍ਰਿਤ ਬਾਣੀ ਦਾ ਪਾਠ ਕਰਦੇ ਹੋਏ ਨਿਤ ਇਸ ਹੁਕਮ ਰਜ਼ਾ ਵਿਚ ਦੀ ਲੰਘਦੇ ਹਨ ਕਿ :

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥੯॥**

*ਰਾਮਕਲੀ ਮ: ੩ ਅਨੰਦੁ, ਪੰਨਾ ੯੧੮*

ਓਹ ਆਪਣੀ ਸੁਚਿਆਰਤਾ ਦੀ ਰੌਸ਼ਨੀ ਦੇ ਪ੍ਰਭਾਵ ਤਲੇ ਪਰਤੱਖ ਅਨੁਭਵ ਕਰਦੇ ਹਨ ਕਿ ਤਨ, ਮਨ, ਧਨ, ਸਰਬੰਸ (ਸਭ ਕੁਛ) ਗੁਰੂ ਨਮਿਤ ਗੁਰੂ ਉਪਰੋਂ ਵਾਰ ਦੇਣਾ, ਗੁਰੂ ਪੰਥ ਉਪਰ ਦੀ ਕੁਰਬਾਨ ਕਰ ਸੁਟਣਾ ਅਤੇ ਗੁਰਸਿੱਖਾਂ ਦੇ ਸਦਕੇ ਵਾਰਨੇ ਬਲਿਹਾਰਨੇ ਕਰ ਦੇਣਾ ਹੁਕਮ ਹੈ ਅਤੇ ਗੁਰੂ ਕਾ ਹੁਕਮ, ਅਟੱਲ ਪ੍ਰਤਾਪੀ ਹੁਕਮ ਹੈ। ਅਤੇ ਇਸ ਹੁਕਮ ਦੇ ਨਿਤ ਪੜ੍ਹਨ, ਪਾਠ ਕਰਨ ਦਾ ਅਸਲ ਲਾਭ ਇਹ ਹੈ ਕਿ ਇਸ ਨੂੰ ਕਮਾਇਆ ਭੀ ਜਾਵੇ। ਸੋ ਜੋ ਕਮਾਉਂਦੇ ਹਨ ਸੋ ਅਸਲੀ ਬਿਬੇਕੀ ਸਿੰਘ ਸੁਜਾਨ ਹਨ। ਜਿਨ੍ਹਾਂ ਨੇ ਇਸ ਬਿਧਿ ਆਪਾ ਅਰਪਣ ਕਰਕੇ ਆਪਣਾ ਆਪਾ ਗਵਾਇਆ ਹੈ ਤਿਨ੍ਹਾਂ ਨੇ ਹੀ ਪ੍ਰੀਤਮ ਨੂੰ ਪਾਇਆ ਹੈ। ਉਹਨਾਂ ਨੂੰ ਭਾਵੇਂ ਲੋਕੀ ਕੰਗਲਾ ਕਹੇ, ਗਰੀਬ ਕਹੇ, ਨਿਮਾਣਾ ਕਹੇ, ਨਿਥਾਵਾਂ ਕਹੇ, ਘਰ ਘਾਟੋਂ ਹੀਣਾ ਕਹੇ, ਪਰ ਲੋਕਾਂ ਦੇ ਕਹੇ ਤੇ ਕੀ ਬਣਦਾ ਹੈ। ਉਹਨਾਂ ਦੇ ਏਸ ਕੰਗਲਾਪਣ ਨੇ ਹੀ, ਉਨ੍ਹਾਂ ਦੀ ਏਸ ਗਰੀਬੀ ਨੇ ਹੀ ਉਹਨਾਂ ਦਾ ਮਨ ਨੀਵਾਂ ਕੀਤਾ ਹੈ ਤੇ ਮਤਿ ਉਚੀ ਕੀਤੀ ਹੈ। ਇਸ ਬਿਧਿ ਨੀਵੇਂ ਹੋਣ ਕਰਕੇ ਹੀ ਉਹ ਨਾਮ ਦੇ ਰੰਗਾਂ ਵਿਚ ਰਤੇ ਗਏ ਹਨ। ਅਤੇ ਅਤਿ ਉਚੀ ਮਤਿ ਵਾਲੇ, ਉਚੀਆਂ ਤੇ ਉਚੀ ਗੁਰਮਤਿ ਮਤਿ ਵਾਲੇ ਹੋ ਗਏ ਹਨ। ਅਤੇ "ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ।"[1] ਇਹ ਅਚੱਲ ਉਚੀ ਗੁਰਮਤਿ ਮਤਿ ਨਾਮ ਰਤੇ ਰੰਗਾਂ ਵਾਲੀ ਬਿਰਤੀ ਹੈ, ਜਿਸ ਥੋਂ ਚਲਾਇਮਾਨ ਕੋਈ ਨਹੀਂ ਕਰ ਸਕਦਾ। ਐਸੇ ਨਾਇ-ਰਸੀਅੜੇ, ਨਾਮ ਰੰਗਾਂ ਵਿਚ ਰਤੇ ਗੁਰਮੁਖ ਜਨਾਂ ਦੇ ਪ੍ਰਤਾਪ ਕਰਕੇ ਹੀ ਸੰਸਾਰਕ ਗਰੀਬੀ, ਮਾਇਕ ਕੰਗਲਾਪਣ ਵਿਚ ਗ਼ਰਕ ਹੋਣੋਂ ਸਾਰਾ ਸੰਸਾਰ ਬਚਿਆ ਹੋਇਆ ਹੈ। ਐਸੇ :

---

1. ਸਲੋਕ ਮ: ੩, ਬਿਹਾਗੜੇ ਕੀ ਵਾਰ, ਪੰਨਾ ੫੪੮-੪੯

**ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥....੧॥੮੦॥**

*ਸੋਰਠਿ ਮ: ੫, ਪੰਨਾ ੬੨੮*

ਵਾਲੀ ਬਿਵਸਥਾ ਦੇ ਗੁਰਮੁਖ ਗਰੀਬਾਂ, ਨਾਇ-ਰਤੜੇ ਨਿਮਾਣਿਆਂ ਦੀ ਬਦੌਲਤ ਹੀ ਸਾਰਾ ਜਗ ਖਾਂਦਾ ਪੀਂਦਾ, ਰਸਦਾ ਵਸਦਾ ਅਤੇ ਖੜਾ ਕਾਇਮ ਦਿਸਦਾ ਹੈ। ਜੈਸੇ ਕਿ ਗੁਰਵਾਕ ਹੈ:

**ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ ॥੨॥੧੨॥**

*ਸੋਰਠਿ ਵਾਰ, ਮ: ੩, ਪੰਨਾ ੬੪੭*

ਪੁਨਾ: **ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥
ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥**

*ਪਉੜੀ ੧੧, ਗਉੜੀ ਕੀ ਵਾਰ ਮ: ੪, ਪੰਨਾ ੩੦੬*

ਐਸੇ ਗਰੀਬਾਂ, ਗੁਰਮੁਖ ਗਰੀਬਾਂ ਦੀ ਰਸਨਾ ਹੀ ਗੁਰੂ ਕੀ ਗੋਲਕ ਹੈ। ਐਸੇ ਹੀ ਗੁਰਮੁਖ ਗਰੀਬਾਂ ਨੂੰ ਜੇ ਛਾਦਨ ਭੋਜਨ ਨਿਸ਼ਕਾਮ ਭਾਵਨਾ ਨਾਲ ਅਰਪਣ ਕੀਤਾ ਜਾਏ ਤਾਂ ਇਸ ਪੁੰਨ ਦੀ ਕਦੀ ਤੋਟ ਨਹੀਂ ਆਉਂਦੀ। ਇਹ ਗਰੀਬੀ ਕੰਗਾਲਤਾ ਨਹੀਂ, ਕਿੰਤੂ ਕੰਗਲਿਆਂ ਨੂੰ ਨਵ ਨਿਧਾਨ ਉਪਜਾਉਣਹਾਰੀ "ਗੁਰਮਤਿ ਰਿਦੇ ਗਰੀਬੀ" ਹੈ, ਜਿਥੇ ਜਿਸ ਰਿਦੇ ਵਿਖੇ ਏਸ ਗਰੀਬੀ ਦਾ ਵਾਸ ਹੈ, ਓਥੇ ਹਉਮੈ (ਬਿਪਤਾ-ਦਲਿਦਰ) ਦਾ ਨਾਸ ਹੈ। ਇਹਨਾਂ ਗਰੀਬਾਂ ਦੀ ਘਾਲ ਕਮਾਈ ਤੋਂ ਸੁਰਜੀਤ (ਪ੍ਰਚੁਰ ਹੋਏ) ਗੁਰੂ ਕੇ ਲੰਗਰ ਤੋਂ ਅਨੇਕ ਖੁਧਿਆਵੰਤ ਗਰੀਬ ਅਤੇ ਕਰੋੜਾਂ ਕੰਗਲੇ ਵਰੋਸਾਉਂਦੇ ਹਨ। ਹਉਮੈ ਹੈਂਕੜ ਵਾਲੇ ਕੰਗਲੇ ਭੀ ਏਸ ਲੰਗਰ ਤੋਂ ਵਰੋਸਾਏ ਜਾਣ ਕਰਕੇ ਗੁਰਮੁਖ ਰਿਦੇ ਗਰੀਬੀ ਵਾਲੇ ਹੋ ਜਾਂਦੇ ਹਨ। ਕਿਉਂਕਿ ਗੁਰੂ ਕੇ ਲੰਗਰ ਦੇ ਸੇਵਾਦਾਰ ਅਜਿਹੇ ਗੁਰਮੁਖ ਸਿੰਘ ਬਿਬੇਕੀ ਹੁੰਦੇ ਹਨ, ਜਿਨ੍ਹਾਂ ਨੇ ਆਪਣਾ ਆਪ ਸਭ ਨਿਛਾਵਰ ਕਰਕੇ ਨਾਮ ਮਹਾਂ ਰਸ ਵਿਚ ਸੰਤੁਸ਼ਟਤਾ ਪਾਈ ਹੋਈ ਹੁੰਦੀ ਹੈ, ਉਹਨਾਂ ਦੇ ਨਿਕਟ ਸੰਸਾਰਕ ਪਦਾਰਥਾਂ ਦੀ ਤ੍ਰਿਸ਼ਨਾ ਕਾਮਨਾ ਭਟਕਣੀ ਨਹੀਂ ਪਾਉਂਦੀ। ਸਤਿ ਸੰਤੋਖ ਦੇ ਉਚ ਪਦ ਵਿਚ ਵਸਦੇ ਹੋਏ ਲੋਭ ਲਹਿਰ ਦੀ ਵਾਸ਼ਨਾ ਤੋਂ ਸਦਾ ਨਿਰਵਾਸ ਰਹਿੰਦੇ ਹਨ। ਨਿਸ਼ਕਾਮ ਸੇਵਾ ਓਹਨਾਂ ਦਾ ਨਿਮਰੀ ਆਹਾਰ ਹੁੰਦਾ ਹੈ। ਅਜਿਹੇ ਉਚ ਪਦ ਵਿਚ ਵਸਣ ਵਾਲੇ ਜਿਸ ਲੰਗਰ ਦੇ ਸੇਵਾਦਾਰ ਹੋਣ, ਉਥੇ ਅਗੰਮੀ ਕਲਾ ਲੰਗਰ ਭੁੰਚਣਹਾਰਿਆਂ ਉਤੇ ਕਿਉਂ ਨ ਵਰਤੇ! ਇਹੀ ਕਾਰਨ ਹੈ ਕਿ ਗੁਰੂ ਕੇ ਲੰਗਰ ਦੇ ਭੋਜਨ ਭੁੰਚਣਹਾਰਿਆਂ ਦੇ ਜੀਵਨ ਪਲਟ ਜਾਂਦੇ ਹਨ, ਇਹ ਕਲਾਧਾਰੀ ਗੁਰਮੁਖ ਗਰੀਬਾਂ ਦੀ ਸੇਵਾ ਘਾਲਣਾ ਦੇ ਕਾਰਨਾਮੇ ਹਨ। ਹੈਂਕੜ ਵਾਲਿਆਂ ਸਿਕਦਾਰਾਂ ਦੀ ਗੁਰੂ ਕੇ ਲੰਗਰ ਤੋਂ ਗਫੇ ਲਗਾਇਆਂ ਕਾਇਆਂ ਪਲਟ ਜਾਂਦੀ ਹੈ ਅਤੇ ਉਹਨਾਂ ਦੇ ਹੈਂਕੜ ਹੰਕਾਰ ਦੂਰ ਹੋ ਕੇ ਅੰਦਰ ਗਰੀਬੀ ਆ ਜਾਂਦੀ ਹੈ। ਇਸ ਬਿਧਿ ਰਿਦਾ ਸ਼ੁਧ ਹੋਣ ਕਰਿ ਉਹਨਾਂ ਦੇ ਅੰਤਰਿ ਆਤਮੇ ਸ਼ੁਧ ਪਰਮਾਤਮਾ ਦੀ ਝਲਕ ਵਜ ਸਕਦੀ ਹੈ। ਇਹੀ ਕਾਰਨ ਸੀ ਕਿ ਸ੍ਰੀ ਗੁਰੂ ਅਮਰ ਦੇਵ ਜੀ ਤੀਜੀ ਪਾਤਸ਼ਾਹੀ ਨੇ ਇਹ ਹੁਕਮ ਦੇ ਰਖਿਆ ਸੀ ਕਿ ਪਹਿਲਾ ਗੁਰੂ ਕੇ ਲੰਗਰ ਵਿਖੇ ਜਾ ਕੇ ਜੋ ਗਫੇ ਲਗਾਵੇਗਾ ਉਹੀ ਗੁਰੂ ਕੇ ਦੀਵਾਨ ਵਿਚ ਆ ਕੇ ਗੁਰੂ ਕਾ ਦਰਸ਼ਨ ਪਾਵੇਗਾ। ਪ੍ਰਕਾਸ਼ ਰੂਪ ਪਰਮਾਤਮਾ ਜੋਤਿ ਬਿਗਾਸ ਗੁਰੂ

ਦਰਸ਼ਨਾਂ ਦਾ ਅਕਸ ਸ਼ੁਧ ਰਿਦੇ, ਗੁਰਮੁਖ ਗਰੀਬੀ ਵਾਲੇ ਰਿਦੇ ਵਿਚ ਹੀ ਪੈ ਸਕਦਾ ਹੈ। ਅੰਮ੍ਰਿਤ ਨਾਮ ਦਾ ਨਿਧਾਨ ਇਹ ਗੁਰਮੁਖ ਗਰੀਬੀ ਹੈ। ਨਾਮ ਦੇ ਨਿਧਾਨ ਨੂੰ ਉਪਜਾਉਣ ਪ੍ਰਾਪਤ ਕਰਾਉਣਹਾਰੀ ਇਹ ਗਰੀਬੀ ਹੈ। ਤਾਹੀਓਂ ਤਾਂ ਏਸ ਦਾ ਨਾਮ ਨੌਂ ਨਿਧਿ ਨਾਮ ਗਰੀਬੀ ਹੈ। ਇਹੋ ਨੌਂ ਨਿਧਿ ਨਾਮ ਗਰੀਬੀ ਦੀ ਦਾਤਿ ਇਲਾਹੀ ਹੈ ਜੋ ਸਚਖੰਡ ਪਹੁੰਚ ਕੇ ਗੁਰੂ ਬਾਬੇ ਨੇ ਪਾਈ ਹੈ। ਅਤੇ ਗੁਰਸਿੱਖਾਂ ਦੇ ਗੁਰਮੁਖ ਪੰਥ ਵਿਚ ਆਨ ਵਰਤਾਈ ਹੈ। ਵਾਕ ਭਾਈ ਗੁਰਦਾਸ ਜੀ : "ਬਾਬਾ ਪੈਧਾ ਸਚ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ ॥"[1] ਤਥਾ : "ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ॥"[2] ਸੋ ਆਪਾ ਅਰਪਣ ਦਾ ਉਤਮ ਫਲ ਇਹੀ ਗਰੀਬੀ ਹੈ ਅਤੇ ਗੁਰਮਤਿ ਦਾਨ ਦਾ ਉਤਮ ਅੰਗ ਆਪਾ ਅਰਪਣ ਹੈ। ਜਿਸ ਨੇ ਆਪਾ ਅਰਪ ਦਿਤਾ, ਉਸਨੇ ਸਭ ਕੁਝ ਅਰਪ ਦਿਤਾ, ਤਨ ਭੀ ਮਨ ਭੀ ਅਤੇ ਧਨ ਭੀ। ਏਸੇ ਆਪਾ ਅਰਪਣ, ਆਪਾ ਤਜਣ ਦਾ ਗੁਰਮਤਿ ਦਾਨ ਬਿਬੇਕ ਧਾਰਨ ਕਰਕੇ ਇਨ੍ਹਾਂ ਗੁਰਮਤਿ ਦੇ ਬਿਬੇਕੀ ਭਗਤ ਜਨਾਂ ਦੀ ਰਹਿਣੀ ਬਹਿਣੀ ਦੀ ਚਾਲ ਨਿਰਾਲੀ ਹੈ। ਜੈਸਾ ਕਿ ਅਨੰਦ ਸਾਹਿਬ ਦੀ ਚੌਧਵੀਂ ਪਉੜੀ ਦਾ ਗੁਰਮਤਿ ਭਾਵ ਹੈ। ਯਥਾ :

> **ਭਗਤਾ ਕੀ ਚਾਲ ਨਿਰਾਲੀ ॥**
> **ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥**
> **ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥**
> **ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥**
> **ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥**
> **ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥**

*ਰਾਮਕਲੀ ਮ: ੩ ਅਨੰਦੁ, ਪੰਨਾ ੯੧੮*

ਇਸ ਗੁਰਵਾਕ ਰੂਪੀ ਹੁਕਮ ਤੋਂ ਵਿਦਤ ਹੈ ਕਿ ਲਬੁ ਲੋਭੁ ਹੰਕਾਰੁ ਅਤੇ ਤ੍ਰਿਸ਼ਨਾ ਦੇ ਤਜਣ ਤਿਆਗਣ ਤੋਂ ਆਪਾ ਤਜਣ ਤਿਆਗਣ ਦਾ ਗੁਰਮਤਿ ਦਾਨ ਬਿਬੇਕ ਬਣਿ ਆਉਂਦਾ ਹੈ। ਐਥੋਂ ਤਕ ਕਿ ਇਸ ਗੁਰਮਤਿ ਆਪਾ ਤਿਆਗ ਦੇ ਦਾਨ ਅਰਪਣ ਕਰਮ ਬਿਬੇਕ ਅੰਦਰਿ "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥"[3] ਗੁਰਵਾਕ ਦੇ ਭਾਵ ਅਨੁਸਾਰ ਗੁਰ ਦਰਸਾਏ ਹੁਕਮਾਂ ਤੋਂ ਫ਼ਾਲਤੂ ਬੋਲ ਬੋਲਣ ਦੀ ਭੀ ਜਾ ਨਹੀਂ। ਇਕੋ ਹਰੀ ਨਾਮ ਦੀ ਵਾਸ਼ਨਾ ਹੀ, ਗੁਰਮਤਿ ਬਿਬੇਕ ਅਨੁਸਾਰੀ ਦਾਨੀਆਂ (ਆਪਾ ਦਾਨ ਕਰਨਹਾਰਿਆਂ) ਦੇ ਅੰਤਰਿ ਆਤਮੇ ਸਮਾ ਜਾਂਦੀ ਹੈ। ਨਾਮ ਵਾਸ਼ਨਾ ਸੰਦੀ ਪ੍ਰਮਾਰਥੀ ਵਾਸ਼ਨਾ ਤੋਂ ਛੁੱਟ ਦੂਤੀ ਹੋਰ ਹਰ ਪ੍ਰਕਾਰੀ ਵਾਸ਼ਨਾ ਭੀ ਅਰਪ ਦੇਣੀ ਪੈਂਦੀ ਹੈ। ਇਹ ਮਨ ਅਰਪਣ ਦਾ ਪੂਰਨ ਦਾਨ ਹੈ। ਸੋ "ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਾਚਾ ਨਾਉ ॥"[4] ਦੇ ਪੂਰਨ ਤਨ ਅਰਪਣੀ ਦਾਨ ਦੇ ਨਾਲ : "ਮਨੁ ਅਰਪਉ ਧਨੁ ਰਾਖਉ

---

1. ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੪
2. ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੪
3. *ਸੂਹੀ ਮ: ੫, ਪੰਨਾ ੭੬੩*
4. *ਸੂਹੀ ਮ: ੧, ॥੪॥੫॥੭॥ ਪੰਨਾ ੭੩੦*

ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥"[1] ਦਾ ਪੂਰਨ ਮਨ ਅਰਪਣੀ ਤੇ ਆਪਾ ਧਨ ਵਾਰਨੀ ਦਾਨ ਜੁੜਦਾ ਹੈ, ਤਦ ਪੂਰਨ ਆਪਾ ਅਰਪਣੀ ਗੁਰਮਤਿ ਬਿਬੇਕ ਦਾਨ ਬਣਦਾ ਹੈ।

## ੧੧. ਗੁਰਮਤਿ ਬਿਬੇਕ ਦਾਨ ਬਿਬੇਕੀ ਦੀ ਉਚ ਅਵਸਥਾ ਪਰਉਪਕਾਰ :

ਇਸ ਅਵਸਥਾ ਤੇ ਅਪੜ ਕੇ ਗੁਰਮਤਿ ਬਿਬੇਕ ਦਾਨ ਪੂਰਨ ਪਰਉਪਕਾਰ ਦੇ ਸਰੂਪ ਵਿਚ ਬਦਲ ਜਾਂਦਾ ਹੈ। ਅਤੇ ਪਰਉਪਕਾਰੀ ਬਿਬੇਕੀ ਜਨ ਪਰਉਪਕਾਰ ਕਮਾਉਂਦੇ ਹੋਏ ਇਸ ਬਿਧਿ ਆਪਣਾ ਆਪ ਗਵਾਇ ਕੇ (ਆਪਾ ਅਰਪਣ ਕਰ ਕੇ) ਭੀ ਆਪਾ ਨਹੀਂ ਜਣਾਉਂਦੇ, ਜੈਸੇ ਕਿ "ਆਪੁ ਗਵਾਇ ਨ ਆਪੁ ਗਣਾਇਆ"[2] ਦਾ ਮਹਾਂ ਵਾਕ ਹੈ। ਕਿਉਂਕਿ ਉਕਤ ਪਰਉਪਕਾਰੀ ਬਿਬੇਕੀ ਜਨ ਪਰਉਪਕਾਰੀ ਕਰਮ ਕਮਾਉਂਦੇ ਹੋਏ ਭੀ ਨਿਹਕਰਮੀ ਹੁੰਦੇ ਹਨ, ਜੈਸੇ ਕਿ ਇਸ ਗੁਰਵਾਕ ਦਾ ਆਸ਼ਾ ਹੈ : "ਕਰਮ ਕਰਤ ਹੋਵੈ ਨਿਹਕਰਮ ॥"[3] ਨਿਹਕਰਮੀਆਂ ਦੇ ਕਮਾਵਣ ਰੂਪੀ ਬਿਬੇਕ ਅੰਦਰਿ ਹਉਮੈ ਦੀ ਕਾਈ ਨਹੀਂ ਹੁੰਦੀ। ਇਸ ਕਰਕੇ ਉਹਨਾਂ ਦੇ ਰਿਦੰਤਰਿ ਆਪਾ ਜਣਾਉਣ ਦੀ ਰਾਈ ਭੀ ਨਹੀਂ ਰਹਿੰਦੀ। ਜੇ ਹਉਮੈ ਅਪਣੱਤ ਦੀ ਕਾਈ ਰਾਈ ਰਹਿ ਜਾਵੇ ਤਾਂ ਨਿਹਕਰਮੀ ਕਾਹਦੇ ? ਜੈਸਾ ਕਿ ਗੁਰਵਾਕ ਹੈ :

**ਹਉਮੈ ਕਰੈ ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ ਹਉਮੈ ਖੋਵੈ ॥**
**ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ॥ ਗੁਰ ਸਬਦੀ ਗੁਣ ਗਾਵਣਿਆ ॥੩॥੩੨॥**
*ਮਾਝ ਮ: ੩, ਪੰਨਾ ੧੨੮*

## ੧੨. ਗੁਰਮਤਿ ਪਰਉਪਕਾਰ-ਬਿਬੇਕ :

ਐਸੇ ਹਉਮੈ ਰਹਿਤ ਨਿਹਕਰਮ-ਪਰਉਪਕਾਰੀ ਜਨ ਪਰਉਪਕਾਰ-ਬਿਬੇਕ ਕਰਮ ਕਮਾਉਂਦੇ ਹੋਏ ਪਰਾਏ ਅਉਗਣ ਭੀ ਨਹੀਂ ਚਿਤਾਰਦੇ। ਜੈਸਾ ਕਿ ਹੁਕਮ ਹੈ : "ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ"[4]। ਜੋ ਕੋਈ ਇਸ ਪਰਉਪਕਾਰ ਦੇ ਬਦਲੇ ਉਹਨਾਂ ਦਾ ਉਲਟਾ ਬੁਰਾ ਹੀ ਕਰੇ ਯਾ ਬੁਰਾ ਹੀ ਚਿਤਵੇ, ਤਦ ਭੀ ਉਹ ਉਸ ਬੁਰੇ ਦਾ ਭਲਾ ਹੀ ਲੋਚਦੇ ਹਨ ਅਤੇ ਉਸਦਾ ਭਲਾ ਹੀ ਕਰਦੇ ਹਨ। ਕਿਉਂਕਿ ਹੁਕਮ ਹੈ : "ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ"[5] ਅਤੇ ਆਪਾ ਗਵਾ ਚੁਕੇ ਪਰਉਪਕਾਰੀ ਜਨ ਮਨ ਦੇ ਕਾਮ ਕ੍ਰੋਧ ਆਦਿਕ ਪੰਜ ਵਿਕਾਰਾਂ ਤੋਂ ਰਹਿਤ ਹੋ ਚੁਕੇ ਹੋਏ ਹੁੰਦੇ ਹਨ। ਅਤੇ ਇਨ੍ਹਾਂ ਪੰਜੇ ਵਿਕਾਰਾਂ ਤੋਂ ਬਚੇ ਬਿਨਾਂ ਪਰਉਪਕਾਰ-ਬਿਬੇਕ ਨਹੀਂ ਕਮਾ ਹੁੰਦਾ

1. ਗਉੜੀ ਮ: ੫, ॥੧॥੧੧੯॥ ਪੰਨਾ ੨੦੪
2. ਭਾਈ ਗੁਰਦਾਸ ਜੀ, ਵਾਰ ੫, ਪਉੜੀ ੧੩
3. ਗਉੜੀ ਸੁਖਮਨੀ ਮ: ੫, ॥੨॥੯॥ ਪੰਨਾ ੨੭੪
4. ਗਉੜੀ ਮਾਝ ਮ: ੫, ॥੩॥੧੭੨॥ ਪੰਨਾ ੨੧੮
5. ਸਲੋਕ ਫਰੀਦ ਜੀ, ਅੰਕ ੭੮, ਪੰਨਾ ੧੩੮੨

ਤਾਂ ਹੀ ਤੇ ਇਹਨਾਂ ਬਿਬਰਜਤ ਪੰਜ ਵਿਕਾਰਾਂ ਤੋਂ ਬਰਜੇ ਰਹਿਣ ਦਾ ਗੁਰਮਤਿ ਅੰਦਰ ਅਤੀਅੰਤ ਤਾੜਨਾ ਅਤੇ ਪ੍ਰੌੜ੍ਹਤਾ ਸਹਿਤ ਬਾਰੰਬਾਰ ਹੁਕਮ ਹੈ। ਯਥਾ:

**ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥੨॥੫੨॥**

*ਸਿਰੀਰਾਗੁ ਮ: ੩, ਪੰਨਾ ੩੩*

**ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥**
**ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥੧॥੫॥**

*ਸਲੋਕ ਮ: ੫, ਵਾਰ ਗੂਜਰੀ, ਪੰਨਾ ੫੧੯*

**ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥**
**ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧ ਲੋਭੁ ਮੀਤ ॥**
**ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥**
**ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥੨॥**

*ਪਉੜੀ, ਥਿਤੀ ਗਉੜੀ ਮ: ੫, ਪੰਨਾ ੨੯੬-੯੭*

ਇਸ ਪਿਛਲੇਰੇ ਗੁਰਵਾਕ ਦੇ ਆਰੂੜ ਕੀਤੇ ਹੁਕਮ "ਤਜਿ ਕਾਮੁ ਕ੍ਰੋਧ ਲੋਭੁ ਮੀਤ" ਦੇ ਕਮਾਏ ਤੋਂ "ਰਾਮ ਰਤਨੁ" ਬਿਬੇਕੀ ਜਨ ਦੇ ਤਨ ਮਨ ਅੰਦਰਿ ਵਸ ਜਾਂਦਾ ਹੈ, ਜਿਸ ਦਾ ਫਲ ਕੀ ਹੁੰਦਾ ਹੈ? ਇਹ ਕਿ (੧) "ਮਰਣੁ ਮਿਟੈ", (੨) "ਜੀਵਨੁ ਮਿਲੈ" ਅਤੇ (੩) "ਬਿਨਸਹਿ ਸਗਲ ਕਲੇਸ" ॥ ਫੇਰ ਹੁਕਮ ਹੁੰਦਾ ਹੈ: "ਆਪੁ ਤਜਹੁ" ਅਤੇ ਆਪ ਤਜ ਕੇ ਫੇਰ ਜਦ "ਗੋਬਿੰਦ ਭਜਹੁ" ਦਾ ਹੁਕਮ ਤਤਸਾਰ ਬਿਬੇਕ ਕਮਾਇਆ ਜਾਂਦਾ ਹੈ ਤਦ ਜਾ ਕੇ ਭਾਉ ਭਗਤਿ ਵਿਖੇ ਲੀਨਤਾ ਪੂਰਬਕ ਪ੍ਰਵੇਸ਼ ਹੁੰਦਾ ਹੈ। ਤਾਂ ਤੇ ਪਰਉਪਕਾਰ ਦੇ ਪਉੜੇ ਨੂੰ ਪ੍ਰਾਪਤ ਕਰਨ ਨਮਿਤ ਕਾਮ ਕ੍ਰੋਧ ਲੋਭ ਹੰਕਾਰ ਆਦਿਕ ਦਾ ਤਜਣਾ ਭੀ ਗੁਰਮਤਿ ਬਿਬੇਕ ਦਾ ਜ਼ਰੂਰੀ ਅੰਗ ਹੈ। ਪੁਨਾ:

**ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥**
**ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥**
**ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥**
**ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ਰਹਾਉ॥**
**ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥**
**ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥**
**ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਾਰੀ ॥**
**ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੮॥**

*ਆਸਾ ਮ: ੫, ਪੰਨਾ ੩੭੭-੭੮*

ਤਾਤਪਰਜ ਇਸ ਗੁਰਵਾਕ ਦਾ ਇਹ ਹੈ ਕਿ ਜਗਿਆਸੂ ਰੂਪ ਇਸਤ੍ਰੀ ਤਦੇ ਹੀ ਪ੍ਰੀਤਮ ਪਰਮਾਤਮਾ ਨੂੰ ਪਿਆਰੀ ਹੋ ਸਕਦੀ ਹੈ ਅਤੇ ਤਦੇ ਹੀ ਉਸ ਦੇ ਦੁਆਰੇ ਪ੍ਰਵਾਣ ਪੈ ਕੇ ਸੋਭਾ ਪਾਉਣਹਾਰੀ ਹੋ ਸਕਦੀ ਹੈ ਜੇ ਏਸ ਪ੍ਰਕਾਰ ਗੁਰਮਤਿ-ਹੁਕਮਾਂ ਨੂੰ ਕਮਾਉਂਦੀ ਹੋਈ, ਉਕਤ ਹੁਕਮਾਂ ਅਨੁਸਾਰ ਗੁਰਮਤਿ ਬਿਬੇਕ ਕਰਮ ਕਰੇ: (੧) "ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ", (੨) ਉਸਦੀ ਆਪਣੀ ਧਾਰੀ ਹੋਈ ਦੁਰਮਤਿ ਛੁਟਕ

ਜਾਏ (ਦੂਰ ਹੋ ਜਾਏ), (੩) "ਹੋਇ ਨਿਮਾਣੀ ਸੇਵ ਕਮਾਵਹਿ"। ਅਤੇ ਇਸ ਪਿਛਲੀ ਨਿਰਮਾਣ ਸੇਵਾ ਦੀ ਸਰੂਪ ਵਿਆਖਿਆ ਕਰਦੇ ਹੋਏ ਦ੍ਰਿੜ੍ਹਾਇਆ ਗਿਆ ਹੈ ਕਿ ਗੁਰੂ ਕੇ ਚਰਨ ਪਖਾਰਨਹਾਰੇ ਦਾਸਾਂ ਕੇ ਦਾਸਨ ਦੀ ਭੀ ਦਾਸਰੀ ਹੋਇ ਕੇ ਰਹੇ ਵਰਤੇ। ਅਤੇ ਸਾਰੇ ਆਚਾਰਾਂ ਸਿਰ ਆਚਾਰ ਅਤੇ ਬਿਉਹਾਰਾਂ ਸਿਰ ਬਿਉਹਾਰ ਸੱਚਾ ਆਚਾਰ ਬਿਉਹਾਰ ਇਹੀ ਹੈ ਕਿ ਗੁਰੂ ਕੀ ਹਰ ਪ੍ਰਕਾਰੀ ਆਗਿਆ ਮੰਨਦੀ ਹੋਈ (ਅਰਥਾਤ, ਹੁਕਮ ਰਜਾਈ ਚਲਦੀ ਹੋਈ) ਪ੍ਰੇਮਾ-ਭਗਤੀ ਕਮਾਵੇ। ਕਿਉਂਕਿ ਆਗਿਆਕਾਰੀ ਜਗਿਆਸੂ ਇਸਤ੍ਰੀ ਓਹੀ ਹੈ ਜੋ ਭਾਈ ਗੁਰਦਾਸ ਜੀ ਦੇ ਇਸ ਬਚਨ: "ਜੋਈ ਜੋਈ ਆਗਿਆ ਹੋਇ ਸੋਈ ਸੋਈ ਮਾਨਿ ਜਾਨਿ ਹਾਥ ਜੋਰੈ ਅਗ੍ਰਭਾਗਿ ਹੋਇ ਆਗਿਆਕਾਰੀ ਹੈ"[1] ਅਨੁਸਾਰ ਹਰ ਪ੍ਰਕਾਰ ਦੀ ਆਗਿਆ ਮੰਨਣ ਕਮਾਵਣ ਨੂੰ ਹਰ ਵਕਤ ਹੱਥੀਂ ਬੱਧੀ ਤਿਆਰ ਰਹੇ, ਇਸ ਪ੍ਰੇਮ ਪ੍ਰਵੇਧੀ ਆਗਿਆਕਾਰੀ ਕਾਰ ਕਮਾਵਣ ਕਰਿ ਸੇਵਕ ਜਨ ਦੇ ਅੰਦਰਿ ਪਰਲੇ ਦਰਜੇ ਦੀ ਨਿਮਰਤਾ-ਭਾਵਨੀ ਹੁੰਦੀ ਹੈ। ਅਤੇ ਇਹ ਨਿਮਰਤਾ-ਭਾਵਨੀ ਸੇਵਕ ਜਨ ਨੂੰ ਹਰ ਵਕਤ ਸੇਵਾ ਰੱਤੇ ਮੱਤੇ ਰਖਦੀ ਹੈ। ਇਸ ਦਸ਼ਾ ਵਿਚ ਸੇਵਾ ਸੇਵਕ ਜਨ ਦਾ ਅਮਲ (ਨਸ਼ਾ) ਅਤੇ ਸੁਤੇ ਅਹਾਰੀ ਗਿਜ਼ਾ ਬਣ ਜਾਂਦੀ ਹੈ, ਜਿਸ ਦੇ ਬਾਝੋਂ ਉਹ ਰਹਿ ਨਹੀਂ ਸਕਦਾ। ਜੋ ਭੀ ਕਾਰ ਉਹ ਕਮਾਂਵਦਾ ਹੈ, ਇਸ ਰੱਤੀ ਮੱਤੀ ਦਸ਼ਾ ਵਿਚ ਹੀ ਖਿੜੇ ਮਥੇ ਹਸੂੰ ਹਸੂੰ ਕਰਦਾ ਸਿਰੇ ਚੜ੍ਹਾਂਵਦਾ ਹੈ। "ਸੇਵਕ ਕਉ ਸੇਵਾ ਬਨਿ ਆਈ" ਅਤੇ "ਹੁਕਮੁ ਬੂਝਿ ਪਰਮ ਪਦੁ ਪਾਈ"[2] ਦੇ ਮਰਾਤਬੇ ਏਥੇ ਪਹੁੰਚ ਕੇ ਹੀ ਮਿਲਦੇ ਹਨ ਅਤੇ ਏਥੋਂ ਹੀ ਸੇਵਾ ਪਰਉਪਕਾਰ ਦੇ ਸਰੂਪ ਵਿਚ ਬਦਲਦੀ ਹੈ। ਗੁਰਮਤਿ ਦੀ ਏਸ ਸੇਵਾ ਕਾਰ ਅਤੇ ਗੁਰਮਤਿ ਪਰਉਪਕਾਰ ਦੀ ਬੜੀ ਅਨੋਖੀ ਚਾਲ ਹੈ, ਪਰਉਪਕਾਰੀ ਸੇਵਕ ਜਨਾਂ ਨੂੰ ਆਪਣਾ ਨਾਮਣਾ ਪ੍ਰਸਿਧੀ ਕਰਨ ਦੀ ਕੋਈ ਚਾਹ ਨਹੀਂ, ਲੋਕਾਂ ਦੀ ਵਡਿਆਈ ਉਪਮਾ ਦੀ ਕੋਈ ਪਰਵਾਹ ਨਹੀਂ। ਅਤੇ ਨਾ ਹੀ ਆਮ ਸੰਸਾਰੀਆਂ ਵਾਲੀ ਚਤੁਰਾਈ ਸਿਆਣਪ ਉਨ੍ਹਾਂ ਨੂੰ ਪੋਹ ਸਕਦੀ ਹੈ। ਕੋਈ ਉਨ੍ਹਾਂ ਨੂੰ ਬੁਰਾ ਆਖੇ ਭਾਵੇਂ ਭਲਾ ਆਖੇ, ਉਹ ਆਪਣੀ ਸੇਵਾ ਉਪਕਾਰ ਦੀ ਲਗਨ ਵਿਚ ਉਸੇ ਤਰ੍ਹਾਂ ਹੀ ਇਕ-ਤਾਰ ਮਗਨ ਰਹਿੰਦੇ ਹਨ। ਮਾਨੋ, ਉਹਨਾਂ ਸੇਵਾ ਦੀ ਕੁਠਾਲੀ ਵਿਚ ਹੀ ਆਪਣਾ ਆਪ ਢਾਲ ਦਿਤਾ ਹੁੰਦਾ ਹੈ। ਉਹਨਾਂ ਦੀ ਏਸ ਦਸ਼ਾ ਤੇ ਇਹ ਗੁਰਵਾਕ ਰੂਪੀ ਬਚਨ ਕੈਸੇ ਸੁੰਦਰ ਘਟਦੇ ਅਤੇ ਫਬਦੇ ਹਨ, ਯਥਾ:

**ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥**
**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥੧॥੪॥**

*ਦੇਵਗੰਧਾਰੀ ਮ: ੪, ਪੰਨਾ ੫੨੮*

ਸੇਵਾ ਸਰੂਪ ਹੋਏ ਵੇ ਸੇਵਕ ਜਨ ਪਰਉਪਕਾਰ ਦੀ ਕਾਰ ਕਮਾਂਵਦੇ ਹੋਏ ਮਾਨੋ ਕਿ ਸੁਤੇ ਸੁਭਾਵ ਹੀ ਇਸ ਦੁਤੁਕੀ ਅੰਦਰ ਦਰਸਾਈ ਸੇਵਾ ਘਾਲ-ਕਮਾਈ ਵਾਲੇ ਹੁਕਮਾਂ ਉਪਰ ਚਲਦੇ ਹਨ। ਲੋਗਾਂ ਦੀਆਂ ਵਡਿਆਈਆਂ ਨੂੰ ਸੱਚ ਮੁੱਚ ਹੀ ਉਹਨਾਂ ਨੇ ਬੈਸੰਤਰ ਵਿਚ ਜਾਲ ਕੇ ਸੁਆਹ ਕਰ ਦਿਤਾ ਹੁੰਦਾ ਹੈ। ਵਾਹੁ! ਵਾਹੁ!!

---

1. ਭਾਈ ਗੁਰਦਾਸ ਜੀ, ਕਬਿਤ ੨੧੨
2. ਗਉੜੀ ਸੁਖਮਨੀ ਮ: ੫, ॥੪॥੨੨॥ ਪੰਨਾ ੨੯੨

**ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥**
**ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥੧॥੩੨॥**

*ਬਿਲਾਵਲੁ ਮ: ੫, ਪੰਨਾ ੮੦੮*

ਇਸ ਗੁਰ-ਹੁਕਮ ਦੀ ਕੈਸੀ ਸੁੰਦਰ ਆਗਿਆ ਪਾਲਣ ਹੁੰਦੀ ਹੈ। "ਆਪੁ ਗਵਾਇ ਨ ਆਪੁ ਗਣਾਇਆ"[1] ਦੀ ਏਥੇ ਮੁਸ਼ਕ ਮਾਤਰ, ਰੁਮਕ ਭਰ ਵਾਸ਼ਨਾ ਨਹੀਂ ਰਹਿੰਦੀ। ਕੈਸਾ ਵਿਲੱਖਣ ਗੁਰਮਤਿ-ਪਰਉਪਕਾਰ-ਬਿਬੇਕ ਹੈ। ਗੁਰਮਤਿ ਸੇਵਾ ਦੇ ਪ੍ਰੇਮ-ਪਿੜ ਵਿਚ ਆ ਕੇ ਪਰਉਪਕਾਰ ਦੇ ਪਤੰਗਿਆਂ ਦੀ ਸਿਰਾਂ ਧੜਾਂ ਦੀ ਬਾਜ਼ੀ ਲਗੀ ਹੋਈ ਹੁੰਦੀ ਹੈ। ਪ੍ਰੰਤੂ ਪਰਉਪਕਾਰੀ ਮਰਜੀਵੜਿਆਂ ਨੇ ਤਾਂ "ਹਮ ਤਨੁ ਦੀਓ ਹੈ ਢਾਰਿ" ਦੇ ਹੀ ਪੂਰਨੇ ਪਾਉਣੇ ਹਨ। ਸੱਚ ਹੈ: "ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥ ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੇ ਉਰਧਾਰਿ ॥"[2] ਸੇਵਕ ਪਰਉਪਕਾਰੀ ਸੋ ਹੈ ਜੋ "ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ ॥[3] ਵਾਲੇ ਗੁਰਵਾਕ ਦੇ ਭਾਵ ਵਾਲੀ ਕਮਾਈ ਹੋਈ ਜੀਵਨ ਬਿਵਸਥਾ ਵਾਲਾ ਬਿਬੇਕੀ ਜਨ ਹੁੰਦਾ ਹੈ। ਪ੍ਰੰਤੂ ਹੁੰਦਾ ਜੀਵਤਿਆਂ ਮਰ ਕੇ ਹੈ। ਜੋ ਜੀਉਂਦਾ ਨਹੀਂ ਮਰ ਗਿਆ, ਜੋ ਜੀਵਤ ਭਾਵ ਤੋਂ ਮਿਰਤਕ ਹੋ ਕੇ ਫੇਰ ਅਮਰ ਨਹੀਂ ਹੋ ਗਿਆ, ਜਿਸ ਨੇ: "ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ"[4] ਦੇ ਭਾਵ ਅਨੁਸਾਰ ਆਪਣਾ ਆਪ ਨਹੀਂ ਸੋਧ ਪ੍ਰਬੋਧ ਲਿਆ, ਉਹ ਹੋਰਨਾਂ ਨੂੰ ਰੀਝਾ ਕੀ ਸਕਦਾ ਹੈ? ਉਹ ਦੂਜਿਆਂ ਨੂੰ ਕੀ ਮਾਰਗ ਪਾ ਸਕਦਾ ਹੈ? ਜਿਸ ਨੇ ਆਪਣਾ ਜੀਵਨ ਨਹੀਂ ਸੁਧਾਰਿਆ, ਉਹ ਕਿਸੇ ਤੇ ਕੀ ਪਰਉਪਕਾਰ ਕਰ ਸਕਦਾ ਹੈ? ਅਤੇ ਜਿਸ ਦਾ ਆਪਣਾ ਜੀਵਨ ਸ਼ੁਧ ਅਤੇ ਪਵਿੱਤਰ ਹੈ, ਜਿਸ ਨੇ ਆਪਣਾ ਆਪ ਪ੍ਰਬੋਧ ਸੋਧ ਲਿਆ ਹੈ, ਉਸ ਨੂੰ ਕਿਸੇ ਪ੍ਰਤੀ ਉਪਦੇਸ਼ ਕਰਨ ਦੀ ਲੋੜ ਨਹੀਂ। ਉਸ ਦੀ ਪਰਤੱਖ ਨਜ਼ੀਰ ਹੀ ਆਪਣੇ ਆਪ ਦੂਜਿਆਂ ਨੂੰ ਰੀਝਾਵੇਗੀ। ਉਸ ਦੀ ਜ਼ਿੰਦਗੀ ਦਾ ਨੇਕ ਨਮੂਨਾ ਹੀ, ਉਸਦਾ ਪਵਿੱਤਰ ਜੀਵਨ ਹੀ ਚੰਦਨ ਬਿਰਖ ਦੀ ਨਿਆਈਂ ਹੋਵੇਗਾ, ਜਿਸ ਤੋਂ ਕਿ ਆਸ ਪਾਸ ਦੇ ਹੋਣਹਾਰ ਜੀਵਨ ਬਿਰਵੇ ਸੁਤੇ ਹੀ ਸੁਗੰਧਤ ਹੋਣਗੇ।

## ੧੩. ਰਾਜ ਜੋਗ ਪਰਵਾਣ ਗ੍ਰਿਹਸਤ ਉਦਾਸ:

ਉਪਰ ਪ੍ਰਮਾਣੇ ਗੁਰਵਾਕਾਂ ਅੰਦਰਿ ਦਰਸਾਏ ਸਮੂਹ ਹੁਕਮਾਂ ਦਾ ਕਮਾਵਣਾ ਗੁਰਮਤਿ-ਦਾਨ-ਬਿਬੇਕ ਦਾ ਹੀ ਅੰਗ ਪਾਲਣਾ ਹੈ, ਕਿਉਂਕਿ ਗੁਰਮਤਿ-ਇਸ਼ਨਾਨ-ਬਿਬੇਕ ਸੰਬੰਧੀ ਸਰਬੱਤਰ ਗੁਰ-ਹੁਕਮਾਂ ਦੀ ਕਮਾਈ ਦੇ ਬਰਾਬਰ ਦੀ, ਬਲਕਿ ਵਧਵੀਂ ਕਮਾਈ ਗੁਰਮਤਿ ਦਾਨ ਬਿਬੇਕ ਸੰਦੀ ਕਮਾਈ ਹੈ, ਜੋ ਕਿ ਨਾਮ (ਸਿਫਤਿ-ਸਾਲਾਹ) ਦੀ ਸਾਰ ਮੁਖ ਕਮਾਈ ਦੇ ਸੰਗ ਸਾਥ ਬਿਬੇਕੀ ਜਨ ਨੂੰ ਕਰਨੀ ਅਤੇ ਕਰੀ ਜਾਣੀ ਅਤਿ ਜ਼ਰੂਰੀ ਹੈ ਅਤੇ ਗੁਰਮਤਿ-ਇਸ਼ਨਾਨ-ਬਿਬੇਕ, ਅਥਵਾ, ਗੁਰਮਤਿ-ਦਾਨ-

1. ਭਾਈ ਗੁਰਦਾਸ ਜੀ, ਵਾਰ ੫, ਪਉੜੀ ੧੩
2. ਸਲੋਕ ਮ: ੩, ਸਾਰੰਗ ਕੀ ਵਾਰ, ॥੧॥੨੭॥ ਪੰਨਾ ੧੨੪੭
3. ਸੂਹੀ ਮ: ੫, ॥੨॥੫੮॥ ਪੰਨਾ ੭੫੦
4. ਆਸਾ ਮ: ੫, ॥੨॥੪੩॥ ਪੰਨਾ ੩੮੧

ਬਿਬੇਕ ਸੰਬੰਧੀ ਜਿਤਨੇ ਭੀ ਉਪਰ ਦਰਸਾਏ ਗੁਰਵਾਕਾਂ (ਪ੍ਰਮਾਣਾਂ) ਦੇ ਅੰਦਰ ਹੁਕਮਾਏ (ਫ਼ੁਰਮਾਏ) ਕਰਮ ਹਨ, ਸਭ ਨਾਮ (ਸਿਫਤਿ-ਸਾਲਾਹ) ਦੇ ਸਹਾਇਕ ਸਾਧਨ ਸੰਪੰਨ ਕਰਮ ਹਨ, ਜਿਨ੍ਹਾਂ ਦਾ ਕਮਾਇਆ ਜਾਣਾ ਭੀ ਗੁਰਮਤਿ ਬਿਬੇਕ ਅੰਦਰਿ ਦਾਖ਼ਲ ਹੈ। ਏਸੇ ਤਰ੍ਹਾਂ ਹੁਣ ਹੋਰ ਭੀ ਨਾਮ ਸੰਯੁਕਤੀ ਸੰਜਮ ਸਾਧਨ ਰੂਪੀ ਜ਼ਰੂਰੀ ਬਿਬੇਕ ਕਰਮ ਗੁਰ ਪ੍ਰਮਾਣਾਂ ਸੰਯੁਕਤ ਵਰਣਨ ਕੀਤੇ ਜਾਂਦੇ ਹਨ:

**ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥**
**ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ਰਹਾਉ॥**
**ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥**
**ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ[1] ॥੨॥**
**ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ ਰਾਜੁ ਕਮਾਹਿ ॥**
**ਬਿਨੁ ਸਤਿਗੁਰ ਸੁਖੁ ਨ ਪਾਵਹੀ ਫਿਰਿ ਫਿਰਿ ਜੋਨੀ ਪਾਹਿ ॥੩॥੩੫॥**

*ਸਿਰੀਰਾਗੁ ਮ: ੩, ਪੰਨਾ ੨੬*

ਇਸ ਗੁਰ ਪ੍ਰਮਾਣ ਅੰਦਰ ਪ੍ਰਿਥਮ ਤਾਂ 'ਪ੍ਰਵਾਣ ਗ੍ਰਿਹਸਤ ਉਦਾਸ' ਦਾ ਹੁਕਮ ਹੈ, ਅਰਥਾਤ, ਘਰ ਅੰਦਰ ਰਹਿਣਾ, ਗ੍ਰਿਹਸਤ ਕਰਨਾ ਅਤੇ ਫੇਰ ਅਲੇਪ ਰਹਿਣਾ ਹੈ। ਦੂਜੇ ਗ੍ਰਿਹਸਤ ਅੰਦਰ ਰਹਿ ਕੇ ਸਚੁ ਸੰਜਮੁ ਕਰਣੀ ਕਰਨ ਕਮਾਵਣ ਦਾ ਹੁਕਮ ਹੈ। ਤੀਜੇ ਘਰ ਅੰਦਰ ਵਸਦੇ ਹੋਏ ਅਤੇ ਇਹ ਕਰਣੀ ਕਮਾਉਂਦੇ ਹੋਏ ਗੁਰ-ਸ਼ਬਦ (ਗੁਰਮੰਤ੍ਰ—ਨਾਮ ਅਭਿਆਸ) ਦੇ ਪ੍ਰਤਾਪ ਨਾਲ ਮਨ ਨੂੰ ਜਿਤਣੇ ਦਾ ਹੁਕਮ ਹੈ। ਚੌਥੇ ਇਸ ਬਿਧਿ ਮਨ ਨੂੰ ਜਿੱਤ ਕੇ "ਗਤਿ ਮੁਕਤਿ ਘਰੈ ਮਹਿ" ਹੀ ਪਾਉਣ ਦਾ ਹੁਕਮ ਹੈ, ਜੈਸੇ ਕਿ ਹੇਠ ਦਿਤੇ ਏਹਨਾਂ ਦੋਹਾਂ ਗੁਰ-ਪ੍ਰਮਾਣਾਂ ਦਾ ਭਾਵ ਹੈ, ਯਥਾ:

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**
**ਸੁਰਤਿ ਸਬਦਿ ਭਵਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥**
**ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥**
**ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥**

*ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੩੮*

ਤਥਾ—**ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥੧॥੧੨॥**

*ਮਾਰੂ ਮ: ੫, ਪੰਨਾ ੧੦੦੨*

ਪੰਜਵੇਂ ਸਤਸੰਗਤਿ ਦੇ ਮੇਲ ਵਿਚ ਸਦਾ ਮਿਲੇ ਰਹਿਣ ਦਾ ਹੁਕਮ ਹੈ। ਕਿਉਂਕਿ ਸਤਸੰਗਤਿ ਵਿਚ ਹੀ ਨਾਮ ਅਭਿਆਸ ਰੂਪੀ ਭਾਉ ਭਗਤੀ ਦਾ ਵਿਸ਼ੇਸ਼ ਅਨੰਦ ਆਉਂਦਾ ਹੈ। ਫੇਰ ਅੰਤ ਵਿਚ ਉਪਦੇਸ਼ ਮਿਲਦਾ ਹੈ ਕਿ ਗੁਰੂ ਦਰਸਾਏ ਸੰਜਮ ਸਾਧਨ ਵਿਹੂਣ ਚਾਹੇ ਨਵਖੰਡਾਂ ਦਾ ਭੀ ਰਾਜ ਕਮਾਇਆ ਜਾਵੇ ਅਤੇ ਲੱਖਾਂ ਇਸਤ੍ਰੀਆਂ ਦੇ ਨਾਲ ਭੋਗ ਬਿਲਾਸ ਕੀਤਾ ਜਾਵੇ, ਪ੍ਰੰਤੂ ਸੁਖ ਸੰਤੁਸ਼ਟਤਾ ਕਦਾਂਤ ਵੀ ਪ੍ਰਾਪਤ ਨਹੀਂ ਹੋ ਸਕਦੀ ਅਤੇ ਬਾਰੰਬਾਰ ਅਨਿਕ ਪ੍ਰਕਾਰ ਦੀਆਂ ਜਨਮ ਜੂਨੀਆਂ ਵਿਚ ਭਰਮਣਾ

1. ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥
ਜਿਨਿ ਕੀਤੇ ਤਿਸੈ ਨ ਜਾਣਨੀ ਬਿਨੁ ਨਾਵੈ ਸਭਿ ਚੋਰ ॥੬॥੩੧॥

*ਆਸਾ ਮ: ੩, ਪੰਨਾ ੪੨੭*

ਪੈਂਦਾ ਹੈ। ਪ੍ਰਵਾਣ ਗ੍ਰਿਹਸਤ ਉਦਾਸ, ਭਾਵ ਗ੍ਰਿਹਸਤ ਵਿਖੇ ਰਹਿ ਕੇ ਹੀ ਰਾਜ ਜੋਗ ਕਮਾਵਣ ਦੇ ਹੁਕਮਾਂ ਸੰਬੰਧੀ ਗੁਰ-ਪ੍ਰਮਾਣ ਹੋਰ ਭੀ ਅਨੇਕ ਹਨ, ਜਿਨ੍ਹਾਂ ਵਿਚੋਂ ਵੰਨਗੀ ਮਾਤਰ ਕੁਝ ਕੁ ਦਿਤੇ ਜਾਂਦੇ ਹਨ:

**(ੳ) ਏਕੋ ਸਬਦੁ ਵਿਚਾਰੀਐ[1] ਅਵਰ ਤਿਆਗੈ ਆਸ ॥੪॥੧੨॥**

*ਸਿਰੀਰਾਗੁ ਮ: ੧, ਪੰਨਾ ੧੮*

**(ਅ) ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥**
**ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥**
**ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥੧॥**
**ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ॥**
**ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ ॥੧॥ਰਹਾਉ॥**
**ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥**
**ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥੨॥੪੧॥**

*ਸ੍ਰੀਰਾਗੁ ਮ: ੩, ਪੰਨਾ ੨੯*

ਭਾਵ—ਜਿਹੜੇ ਮਨੁੱਖ ਨਿਗੁਰੇ ਗੁਰਮਤਿ-ਹੀਣ ਹਨ, ਗ੍ਰਿਹਸਤ ਕੁਟੰਬ ਦੀ ਮੋਹ ਮਮਤਾ ਵਿਚ ਖੱਚਤ ਅਤੇ ਲੱਥ ਪੱਥ ਹੋਏ ਪਏ ਹਨ, ਇਸ ਕਰਕੇ ਓਹਨਾਂ ਨੂੰ ਸੱਚੀ ਬੈਰਾਗ ਉਦਾਸੀ ਹੁੰਦੀ ਹੀ ਨਹੀਂ। ਇਕ ਤਾਂ ਉਹ ਇਸ ਬਿਧਿ ਮੋਹ ਗ੍ਰਸਤ ਅਤੇ ਬਿਖੈ ਲੰਪਤ ਹਨ। ਦੂਜੇ ਓਹ ਗੁਰਮੰਤ੍ਰ ਹੀਣ ਹੋਣ ਕਰਕੇ ਸੱਚਾ ਨਾਮ ਅਭਿਆਸੀ ਸ਼ਬਦ ਨਹੀਂ ਚੀਨਦੇ। ਇਸ ਕਰਕੇ ਓਹ ਸਦਾ ਮੁਜੱਸਮ ਦੁਖ, ਅਰਥਾਤ, ਦੁਖ ਦਾ ਸਰੂਪ ਹੀ ਬਣੇ ਰਹਿੰਦੇ ਹਨ ਅਤੇ ਅਕਾਲ ਪੁਰਖ ਦੀ ਦਰਗਾਹ ਵਿਚ ਉਹਨਾਂ ਦੀ ਪਤਿ ਪ੍ਰਤੀਤ ਕੋਈ ਨਹੀਂ ਰਹਿੰਦੀ। ਅਤੇ ਜਿਹੜੇ ਗੁਰਮੁਖਿ ਹਨ, ਉਹਨਾਂ ਨੇ ਹਉਮੈ ਮਮਤਾ ਨੂੰ ਖੋ ਦਿਤਾ ਹੋਇਆ ਹੁੰਦਾ ਹੈ। ਅਤੇ ਉਹ ਨਾਮ-ਰੱਤੇ ਰਹਿੰਦੇ ਹਨ, ਇਸ ਕਰਕੇ ਸੱਚੇ ਸੁਖ ਦੀ ਪ੍ਰਾਪਤੀ ਉਹਨਾਂ ਨੂੰ ਹੁੰਦੀ ਹੈ। ਤਾਂ ਤੇ ਪ੍ਰਾਣੀ ਮਾਤ੍ਰ ਦੇ ਮਨ ਵਿਖੇ ਰਾਤ ਦਿਨ ਅਤੇ ਨਿਤਾਪ੍ਰਤਿ ਏਸੇ ਸੱਚੇ ਗੁਰਮੁਖੀ ਸੁਖ ਦੀ ਪਵਿੱਤਰ ਆਸਾ ਭਰਪੂਰ ਰਹਿਣੀ ਚਾਹੀਦੀ ਹੈ। ਸਤਿਗੁਰ ਦਾ ਸੇਵਾਦਾਰ (ਅਰਥਾਤ, ਸਤਿਗੁਰ ਦੇ ਹੁਕਮਾਂ ਦਾ ਅਗਿਆਕਾਰੀ ਅਤੇ ਕਮਾਵਣਹਾਰ) ਹੋਣ ਕਰਕੇ ਮੋਹ ਮਮਤਾ ਦਾ ਉੱਕਾ ਹੀ ਅਭਾਵ ਹੋ ਜਾਂਦਾ ਹੈ ਅਤੇ ਗ੍ਰਿਹਸਤ ਅੰਦਰ ਰਹਿ ਕੇ ਹੀ ਉਦਾਸ (ਮਾਇਆ ਤੋਂ ਉਪਰਾਮ ਅਤੇ ਸਹਜ ਜੋਗ ਵਿਚ ਜੁੜਿਆ) ਰਹਿੰਦਾ ਹੈ ਅਤੇ ਇਸ ਬਿਧਿ ਪ੍ਰਵਾਣ ਗ੍ਰਿਹਸਤ-ਉਦਾਸ ਹੋ ਕੇ, ਪ੍ਰੰਤੂ ਗ੍ਰਿਹਸਤ ਅੰਦਰ ਰਹਿ ਕੇ ਹੀ ਗੁਰਮੁਖਿ ਬਿਬੇਕੀ ਜਨ ਗੁਰਮਤਿ ਆਗਿਆਕਾਰੀ ਅਤੇ ਪਰਉਪਕਾਰੀ ਕਰਮ ਕਮਾਵੰਦਾ ਹੈ। ਅਤੇ ਕਮਾ ਕਮਾ ਕੇ ਵਿਗਸਦਾ ਹੈ (ਖਿੜਿਆ ਰਹਿੰਦਾ ਹੈ)। ਉਸ ਦਾ ਇਸ ਪ੍ਰਕਾਰ ਦਾ ਹਰੇਕ ਕਰਮ 'ਗੁਰਮਤਿ ਹਰਿ ਬੈਰਾਗ' ਹੈ। ਅਤੇ ਹਰਿ ਬੈਰਾਗ ਆਨੰਦ ਸਰੂਪ ਹੈ। ਅਤੇ ਆਨੰਦ ਬੈਰਾਗ ਵਿਚ ਮੱਤਾ ਹੋਇਆ ਰਾਤ ਦਿਨ ਪ੍ਰੇਮਾ ਭਗਤੀ ਵਿਚ ਲੀਨ ਰਹਿੰਦਾ ਹੈ।

---

1. 'ਵਿਚਾਰੀਐ ਦਾ ਭਾਵ-ਅਰਥ 'ਕਮਾਈਐ' ਦਾ ਹੈ ਅਤੇ ਵਿਚਾਰ ਪੂਰਬਕ ਧਿਆਏ ਦਾ ਹੈ, ਕਿਉਂਕਿ 'ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ" (੫੨) ਦੇ ਭਾਵ ਅਨੁਸਾਰ ਨਾਮ ਦੀ ਕਮਾਈ ਹੀ ਸੱਚਾ ਗੁਰਮਤਿ-ਵਿਚਾਰ-ਬਿਬੇਕ ਹੈ।

ਅਤੇ ਅਠੋ ਪਹਿਰ ਹਉਮੈ ਉਤੇ ਅਸਵਾਰ ਰਹਿ ਕੇ (ਹਉਮੈ ਨੂੰ ਮਾਰ ਕੇ) ਨਿਸਚਿੰਤ ਸੰਸਾਰ ਵਿਖੇ ਵਿਚਰਦਾ ਹੈ।

(ੲ) **ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥**
**ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥੨॥੭੦॥**

*ਸਿਰੀਰਾਗੁ ਮ: ੪, ਪੰਨਾ ੪੧-੪੨*

ਭਾਵ—ਗੁਰਮਤਿ ਹਰਿ ਲਿਵਧਾਰੀਆਂ ਦਾ ਭੀ ਉਧਾਰ ਹੈ। ਐਸੇ ਲਿਵਧਾਰੀਆਂ ਵਤ ਜਿਸ ਨੇ ਆਪਣਾ ਭੀ ਉਧਾਰ ਕਰਨਾ ਹੋਵੇ, ਓਹ ਗੁਰਮਤਿ ਦੁਆਰਾ ਹਰਿ-ਲਿਵ ਧਾਰੇ। ਅਤੇ ਲਿਵ ਧਾਰ ਕੇ ਸੰਸਾਰ ਤੋਂ ਅਲੇਪ ਰਹਿ ਕੇ ਅਲਿਪਤ ਵਰਤੇ ਅਤੇ ਸ਼ਰਨਾਗਤ ਸਮਾਏ ਰਹਿਣ ਦਾ ਸਾਪੇਖਸ਼ ਅਨੰਦ ਮਾਣੇ। ਐਸੇ ਸਾਪੇਖਸ਼ ਅਨੰਦੀ ਗੁਰਮੁਖਾਂ ਨੇ ਸਦਾ ਹੀ ਚੱਲਣ (ਇਸ ਅਸਾਰ ਸੰਸਾਰ ਵਿਚੋਂ ਪਰਲੋਕ ਵਿਖੇ ਚਲ ਬਸਣ) ਨੂੰ ਸਾਂਗੋ ਪਾਂਗ ਪੇਖਿਆ ਤੇ ਪਰਤੱਖ ਪ੍ਰਤੀਤ ਕੀਤਾ ਹੈ ਅਤੇ ਹਰੀ ਨਾਮ ਦੀ ਪੂੰਜੀ ਪੋਤੇ (ਪੰਨੇ) ਪਾ ਲਈ ਹੈ। ਏਸੇ ਗੁਰਵਾਕ ਰੂਪੀ ਹੁਕਮਾਂ ਤੋਂ ਗੁਰਮਤਿ ਬਿਬੇਕੀਆਂ ਨੂੰ ਸੰਸਾਰ ਅੰਦਰ ਮਿਹਮਾਨਾਂ (ਪ੍ਰਾਹੁਣਿਆਂ) ਵਤ ਰਹਿੰਦੇ ਹੋਏ, ਕਾਲ ਨੂੰ ਸਦਾ ਸਿਰ ਤੇ ਜਾਣਦੇ ਹੋਏ, ਮੋਹ ਮਮਤਾ ਤੋਂ ਅਲੇਪ ਪ੍ਰੰਤੂ ਪੂਰਨ ਲਿਵਧਾਰੀ ਰਹਿ ਕੇ ਗ੍ਰਿਹਸਤ (ਸੰਸਾਰ) ਵਿਖੇ ਵਿਚਰਨ ਦਾ ਉਪਦੇਸ਼ ਅਰੂੜ੍ਹ ਹੁੰਦਾ ਹੈ, ਜਿਸ ਦਾ ਕਮਾਵਣਾ ਹਰੇਕ ਉਤਮ ਬਿਬੇਕੀ ਜਨ ਦਾ ਫ਼ਰਜ਼ (ਧਰਮ) ਹੈ।

(ਸ) **ਪੂਰਨ ਭਾਗ ਭਏ ਜਿਸੁ ਪ੍ਰਾਣੀ ॥ ਸਾਧ ਸੰਗਿ ਮਿਲੇ ਸਾਰੰਗਪਾਣੀ ॥**
**ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ ॥੪॥੪੦॥੪੭॥**

*ਮਾਝ ਮ: ੫, ਪੰਨਾ ੧੦੮*

(ਹ) **ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ ॥**
**ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ...॥੪॥੩॥**

*ਵਡਹੰਸ ਮ: ੩, ਪੰਨਾ ੫੬੯*

ਉਪਰਲੇ ਦੋਹਾਂ ਗੁਰ ਪ੍ਰਮਾਣਾਂ ਦੇ ਸਿਧਾਂਤ ਤੋਂ ਸਿਧ ਹੁੰਦਾ ਹੈ ਕਿ ਗੁਰਮਤਿ ਅੰਦਰ ਪੁਰਖ ਬੈਰਾਗੀ ਸੋ ਹਨ, ਜੋ ਗ੍ਰਿਹਸਤ ਅੰਦਰਿ ਰਹਿੰਦੇ ਹੋਏ ਅਤੇ ਸਤਿਸੰਗ ਕਰਦੇ ਹੋਏ ਆਪਣਾ ਮਨ ਮਾਰਦੇ ਹਨ ਅਤੇ ਨਾਮ ਨੂੰ ਅੰਤਰ ਆਤਮੇ ਵਸਾਉਂਦੇ ਹਨ। ਗ੍ਰਿਹਸਤ ਤਿਆਗ ਕੇ ਜੋ ਬੈਰਾਗੀ ਤਿਆਗੀ ਬਣਦੇ ਹਨ, ਓਹਨਾਂ ਦਾ ਬੈਰਾਗ ਤਿਆਗ ਕਾਹਦਾ, ਜੇ ਮਨ ਨਹੀਂ ਮਾਰਿਆ ? ਮਨ ਦੇ ਪੰਜੇ ਵਿਕਾਰ ਅਤੇ ਇਹਨਾਂ ਵਿਕਾਰਾਂ ਤੋਂ ਉਪਜੇ ਸਾਰੇ ਸੰਸਕਾਰ ਉਹਨਾਂ ਦੇ ਨਾਲੇ ਹੀ ਜਾਂਦੇ ਹਨ, ਭਾਵੇਂ ਉਹ ਸੰਸਾਰ ਨੂੰ ਤਿਆਗ ਕੇ ਕਿਸੇ ਭੀ ਕੰਦਰਾ ਗੁਫਾ ਆਦਿਕ ਉਦਿਆਨ-ਅਸਥਾਨ ਵਿਖੇ ਚਲੇ ਜਾਣ। ਉਹਨਾਂ ਨੂੰ ਉਥੇ ਭੀ ਏਕਾਂਤ-ਸ਼ਾਂਤ ਪ੍ਰਾਪਤ ਨਹੀਂ ਹੁੰਦੀ, ਕਿਉਂਕਿ ਸੱਚੀ ਅਤੇ ਅਸਲ ਏਕਾਂਤ-ਸ਼ਾਂਤ ਤਾਂ ਮਨ ਦੇ ਮਾਰੇ ਅਤੇ ਹਿਰਦੇ ਅੰਦਰ ਨਾਮ ਵਸਾਏ ਤੋਂ ਪ੍ਰਾਪਤ ਹੁੰਦੀ ਹੈ। ਜੈਸੇ ਕਿ ਗੁਰਵਾਕ ਹੈ:

**ਸੋ ਇਕਾਂਤੀ ਜਿਸੁ ਰਿਦਾ ਥਾਇ ॥...੩॥੩॥**

*ਬਸੰਤੁ ਮ: ੫, ਪੰਨਾ ੧੧੮੦*

ਵਾ—ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ ਸੋਈ ਭਗਤੁ ਇਕਾਤੀ ਜੀਉ ॥੩॥੧੩॥
*ਮਾਝ ਮ: ੫, ਪੰਨਾ ੯੮*

ਤਾਂ ਤੇ ਗ੍ਰਿਹਸਤ ਵਿਚ ਰਹਿ ਕੇ ਹੀ ਸਤਿਸੰਗ ਕਰਨਾ ਅਤੇ ਸਤਿਸੰਗ ਕਰ ਕੇ ਮਨ ਮਾਰਨਾ ਅਤੇ ਨਾਮ-ਨਿਰਬਾਣ ਰਹਿਣਾ, ਗ੍ਰਿਹਸਤ-ਉਦਾਸੀ ਗੁਰਮੁਖਾਂ ਦਾ ਸੱਚਾ ਸੰਨਿਆਸ-ਗੁਰਮਤਿ ਬਿਬੇਕ ਹੈ।

(ਕ) ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥
ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ਰਹਾਉ॥
ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ ॥
ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ ॥
ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ ॥
ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥੨॥...
ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥
ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ ॥੩॥
ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ ॥...੪॥੧॥
*ਸੋਰਠਿ ਮ: ੧ ਅਸਟ:, ਪੰਨਾ ੬੩੪*

ਏਸ ਗੁਰ-ਪ੍ਰਮਾਣ ਅੰਦਰ ਪਹਿਲਾਂ ਤਾਂ ਗੁਰਮਤਿ-ਗ੍ਰਿਹਸਤ ਉਦਾਸ-ਬੈਰਾਗੀ ਦੇ ਲੱਛਣ ਦੱਸੇ ਗਏ ਹਨ। ਫੇਰ ਬੈਰਾਗੀ ਦੀ ਬੈਰਾਗ-ਕਰਮ-ਬਿਬੇਕ-ਬਿਵਸਥਾ ਵਰਣਨ ਕੀਤੀ ਗਈ ਹੈ, ਕਿ ਬੈਰਾਗੀ ਸੋ ਹੈ ਜਿਸ ਦਾ ਮਨ ਬੈਰਾਗ ਸੇਤੀ ਰਤਿਆ ਹੋਇਆ ਹੁੰਦਾ ਹੈ, ਅਤੇ ਨਾਮ ਬਾਣੀ ਦੇ ਹਿਰਦੇ ਅੰਦਰ ਧਾਰਨ ਕਰਕੇ ਜਿਸ ਦੇ ਅੰਤਰ-ਆਤਮੇ (ਰਿਦੰਤਰੀ ਅਸਥਾਨ ਦੇ ਭੀ ਅਗਾਹਾਂ ਅੰਦਰ ਲੰਘ ਕੇ) ਜਗਮਗੀ ਜੋਤਿ ਦਾ ਪ੍ਰਕਾਸ਼ ਹੁੰਦਾ ਹੈ ਅਤੇ ਜਿਸ ਨੇ ਇਸ ਪ੍ਰਕਾਸ਼ ਦੇ ਪ੍ਰਭਾਵ ਕਰਕੇ "ਸਾਚੇ ਸਾਹਿਬ ਸਿਉ ਲਿਵ ਲਾਈ" ਹੋਈ ਹੁੰਦੀ ਹੈ। ਇਹ ਹਨ ਸੱਚੇ ਗੁਰਮਤਿ ਬੈਰਾਗੀ ਦੇ ਗੁਰਮੁਖੀ ਲੱਛਣ। ਨਹੀਂ ਤਾਂ ਭਾਵੇਂ ਅਸੰਖ ਬੈਰਾਗੀ ਬੈਰਾਗ ਕਰਦੇ ਫਿਰਨ, ਪਰ ਅਸਲ ਬੈਰਾਗੀ ਸੋ ਹੈ ਜੋ ਖਸਮ (ਪਤੀ-ਪਰਮੇਸ਼ਰ) ਨੂੰ ਭਾਉਂਦਾ ਹੈ। ਅਤੇ ਖਸਮ ਨੂੰ ਕਿਹੜਾ ਬੈਰਾਗੀ ਭਾਉਂਦਾ ਹੈ ? ਉਹ ਜੋ ਅਗੇ ਦੱਸੇ ਗੁਰਮਤਿ ਕਰਮ ਕਮਾਉਂਦਾ ਹੈ : (੧) ਜਿਸ ਦੇ ਹਿਰਦੇ ਵਿਖੇ ਸ਼ਬਦੁ (ਗੁਰਮੰਤ੍ਰ) ਪ੍ਰੋਤਾ ਹੋਇਆ ਹੁੰਦਾ ਹੈ, (੨) ਜਿਹੜਾ ਸਦਾ ਅਕਾਲ ਪੁਰਖ ਦੇ ਨਿਰੰਜਨੀ ਭੈ ਵਿਚ ਰਚਿਆ ਰਹਿੰਦਾ ਹੈ, ਅਤੇ (੩) ਜਿਹੜਾ ਇਸ ਬਿਧਿ ਰਚਿਆ ਹੋਇਆ ਗੁਰੂ ਘਰ ਦੀ ਸੇਵਾ ਮਈ ਪਰਉਪਕਾਰ ਘਾਲਣਾ ਕਰਦਾ ਕਮਾਵੰਦਾ ਹੈ, ਅਤੇ (੪) ਜੋ ਕੇਵਲ ਇਕੋ ਅਕਾਲ ਪੁਰਖ ਦੀ ਅਰਾਧਨਾ ਕਰਦਾ ਹੈ, ਤੇ (੫) ਮਨ ਹੋਰਤ ਵਲ ਨਹੀਂ ਡੁਲਾਉਂਦਾ, ਅਤੇ ਜੋ (੬) ਇਸ ਸਦਾ ਡੋਲਣ ਅਤੇ ਧਾਵਣ (ਵਸੀਕਾਰ ਤੋਂ ਨਿਕਲ ਕੇ ਬਹੁੜ ਬਹੁੜ ਭਜ ਜਾਣ) ਵਾਲੇ ਮਨ ਨੂੰ ਵਰਜ ਕੇ ਰਖਦਾ ਹੈ, ਅਤੇ ਜੋ (੭) ਇਸ ਬਿਧਿ ਮਨ ਵਸਿ ਆਉਣ ਵਾਲੀ ਸਹਜ ਬਿਵਸਥਾ ਵਿਚ ਮੱਤਿਆ ਹੋਇਆ ਅਤੇ ਸਦਾ ਹੀ ਪ੍ਰੇਮ-ਆਤਮੀ-ਰੰਗਾਂ ਵਿਚ ਰਤਿਆ ਹੋਇਆ ਸੱਚੇ ਸਿਰਜਣਹਾਰ ਦੇ ਗੁਣ ਗਾਉਂਦਾ ਹੈ। ਫੇਰ (੮) ਹਰਿ ਪ੍ਰਕਾਰ ਦੀ ਸੰਸਾਰੀ ਆਸਾ ਤੋਂ ਨਿਰਾਸ ਹੁੰਦਾ ਹੋਇਆ ਜੋ (੯) ਬੈਰਾਗਮਾਨ ਰਹਿੰਦਾ ਹੈ ਅਤੇ (੧੦) ਘਟ ਅੰਤਰਿ

(ਨਿਰੰਤਰਿ ਆਤਮੇ) ਸਹਜ-ਸਮਾਧ ਲਾਈ ਰਖਦਾ ਹੈ। ਫੇਰ ਦਸਦੇ ਹਨ ਕਿ ਜੋ ਨਾਮ ਦੀ ਭਿਖਿਆ (ਦਾਤਿ-ਇਲਾਹੀ) ਲੈ ਕੇ ਰੱਜੇ (ਸੰਤੁਸ਼ਟ ਹੋਏ ਵੇ) ਹਨ, ਸੋਈ ਸੱਚੇ ਸੰਤੋਖੀ ਹਨ ਅਤੇ ਓਹੀ ਅੰਮ੍ਰਿਤ ਭੋਜਨ ਭੁੰਚ ਕੇ ਸਹਜੇ ਹੀ ਤ੍ਰਿਪਤਾਸੇ ਹੋਏ ਹਨ। ਦੁਬਿਧਾ ਵਿਚ ਅਸਲ ਤੇ ਸੱਚਾ ਬੈਰਾਗ ਕਦੇ ਨਹੀਂ ਹੁੰਦਾ, ਜਦ ਤਾਈਂ ਕਿ ਦੁਤੀਆ ਭਾਵ ਦੀ ਰਾਈ ਮਾਤਰ ਭੀ ਅੰਦਰ ਹੈ। ਦੂਜੇ ਭਾਵ ਦੇ ਅਭਾਵ ਹੋਏ ਬਿਹੂਣ ਵੈਰਾਗ ਤਿਆਗ ਕਾਹਦਾ ? ਗੁਰਮਤਿ-ਰਾਜ-ਯੋਗ-ਬਿਬੇਕ ਦੀ ਕਮਾਈ ਕਰਦਿਆਂ ਗ੍ਰਿਹਸਤ ਵਿਖੇ ਹੀ ਰਹਿ ਕੇ ਪੂਰਨ ਅਤੇ ਸੱਚਾ ਵੈਰਾਗ ਤਿਆਗ ਸੁਤੇ ਸਿਧ ਹੀ ਬਣਿ ਆਵੰਦਾ ਹੈ ਅਤੇ ਇਸ ਕਮਾਈ ਦੁਆਰਾ ਬਿਬੇਕੀ ਜਨ ਨੂੰ ਪ੍ਰਵਾਣ ਗ੍ਰਿਹਸਤ ਉਦਾਸ ਦਾ ਮਰਤਬਾ ਸੁਤੇ ਹੀ ਪ੍ਰਾਪਤ ਹੋ ਜਾਂਦਾ ਹੈ।

(ਖ) **ਇਕਿ ਕੰਦ ਮੂਲੁ ਚੁਣਿ ਖਾਹਿ ਵਣਖੰਡਿ ਵਾਸਾ ॥**
**ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥**
**ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ ॥**
**ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ ॥**
**ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ ॥**
**ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ॥**
**ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ ॥**
**ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ ॥੫॥**

*ਵਾਰ ਮਾਝ ਕੀ ਮ: ੧, ਪੰਨਾ ੧੪੦*

(ਗ) **ਰਸਨਾ ਜਪੀਐ ਏਕੁ ਨਾਮੁ ॥**
**ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ ॥੧॥ਰਹਾਉ॥**
**ਕਟੀਐ ਤੇਰਾ ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥੧॥**
**ਹਰਿ ਰਸੁ ਜਿਨਿ ਜਨਿ ਚਾਖਿਆ ॥ ਤਾ ਕੀ ਤ੍ਰਿਸਨਾ ਲਾਥੀਆ ॥੨॥**
**ਹਰਿ ਬਿਸ੍ਰਾਮ ਨਿਧਿ ਪਾਇਆ ॥ ਸੋ ਬਹੁਰਿ ਨ ਕਤਹੀ ਧਾਇਆ ॥੩॥**
**ਹਰਿ ਹਰਿ ਨਾਮੁ ਜਾ ਕਉ ਗੁਰਿ ਦੀਆ ॥**
**ਨਾਨਕ ਤਾ ਕਾ ਭਉ ਗਇਆ ॥੪॥੮॥੧੪੬॥**

*ਗਉੜੀ ਮ: ੫, ਪੰਨਾ ੨੧੧*

(ਘ) **ਸਚਿ ਸਿਮਰਿਐ ਹੋਵੈ ਪਰਗਾਸੁ ॥ ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥**
**ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥੨॥੪॥**

*ਧਨਾਸਰੀ ਮ: ੩, ਪੰਨਾ ੬੬੧*

(ਙ) **ਸੰਤ ਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥**
**ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ ॥**
**ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿ ਨਾਲੇ ॥**
**ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮਾਲੇ ॥**
**ਗੁਰ ਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ ॥**
**ਨਾਨਕ ਤਿਨ ਘਰਿ ਸਦ ਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਏ ॥੩॥੫॥**

*ਸੂਹੀ ਮ: ੩, ਪੰਨਾ ੭੭੧*

(ਚ) **ਸਬਦੁ ਬੀਚਾਰਿ[1] ਭਏ ਨਿਰੰਕਾਰੀ ॥ ਗੁਰਮਤਿ ਜਾਗੇ ਦੁਰਮਤਿ ਪਰਹਾਰੀ ॥
ਅਨਦਿਨੁ ਜਾਗਿ ਰਹੇ ਲਿਵ ਲਾਈ ॥ ਜੀਵਨ ਮੁਕਤਿ ਗਤਿ ਅੰਤਰਿ ਪਾਈ॥੪॥
ਅਲਿਪਤ ਗੁਫਾ ਮਹਿ ਰਹਹਿ ਨਿਰਾਰੇ ॥ ਤਸਕਰ ਪੰਚ ਸਬਦਿ[2] ਸੰਘਾਰੇ ॥
ਪਰ ਘਰ ਜਾਇ ਨ ਮਨੁ ਡੋਲਾਏ ॥ ਸਹਜ ਨਿਰੰਤਰਿ ਰਹਉ ਸਮਾਏ ॥੫॥
ਗੁਰਮੁਖਿ ਜਾਗਿ ਰਹੇ ਅਉਧੂਤਾ ॥ ਸਦ ਬੈਰਾਗੀ ਤਤੁ ਪਰੋਤਾ ॥
ਜਗੁ ਸੂਤਾ ਮਰਿ ਆਵੈ ਜਾਇ ॥ ਬਿਨੁ ਗੁਰ ਸਬਦ ਨ ਸੋਝੀ ਪਾਇ ॥੬॥
ਅਨਹਦ ਸਬਦੁ ਵਜੈ ਦਿਨੁ ਰਾਤੀ ॥ ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥
ਤਉ ਜਾਨੀ ਜਾ ਸਬਦਿ ਪਛਾਨੀ ॥ ਏਕੋ ਰਵਿ ਰਹਿਆ ਨਿਰਬਾਨੀ ॥੭॥
ਸੁੰਨ ਸਮਾਧਿ ਸਹਜਿ ਮਨੁ ਰਾਤਾ ॥ ਤਜਿ ਹਉ ਲੋਭਾ ਏਕੋ ਜਾਤਾ ॥
ਗੁਰ ਚੇਲੇ[3] ਅਪਨਾ ਮਨੁ ਮਾਨਿਆ ॥ ਨਾਨਕ ਦੂਜਾ ਮੇਟਿ ਸਮਾਨਿਆ ॥੮॥੩॥**
*ਰਾਮਕਲੀ ਮ: ੧, ਪੰਨਾ ੯੦੪*

(ਛ) **ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥
ਸਰਬ ਸੁਖਾ ਬਨੇ ਤੇਰੈ ਓਲੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲੇ ॥੧॥ਰਹਾਉ ॥
ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥
ਜਿਨਿ ਤੂੰ ਜਾਤਾ[4] ਸੋ ਗਿਰਸਤ ਉਦਾਸੀ ਪਰਵਾਣੁ ॥
ਨਾਮਿ ਰਤਾ ਸੋਈ ਨਿਰਬਾਣੁ ॥੩॥
ਜਾ ਕਉ ਮਿਲਿਓ ਨਾਮੁ ਨਿਧਾਨਾ ॥
ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥**
*ਆਸਾ ਮ: ੫, ਪੰਨਾ ੩੮੫*

ਇਸ ਪ੍ਰਕਾਰ ਦਾ ਗੁਰਮਤਿ ਰਾਜ ਜੋਗ ਹੈ । ਜਿਸ ਵਿਚ ਪ੍ਰਵਾਣ ਗ੍ਰਿਹਸਤ ਉਦਾਸ, ਉੱਤਮ ਅਤੇ ਅਸਲ ਜੋਗ ਸੰਨਿਆਸ ਅਤੇ ਮਹਾਂ ਨਿਰਬਾਣ ਪਦ ਸੁਤੇ ਸਿਧ ਹੀ ਬਣਿ ਆਵੰਦਾ ਹੈ । ਉਪਰ ਦਿੱਤੇ ਗੁਰ-ਪ੍ਰਮਾਣ ਏਸ ਰਾਜ ਜੋਗ ਪ੍ਰਕਰਣ ਸਿਧਾਂਤ ਨੂੰ ਸਪੱਸ਼ਟ ਕਰਨ ਲਈ ਬੇਥੇਰੇ ਹੋਣਗੇ । ਹੁਣ ਅਸੀਂ ਏਥੇ ਰਾਜ ਜੋਗ ਪ੍ਰਕਰਣ ਪ੍ਰਥਾਇ ਭਾਈ ਗੁਰਦਾਸ ਜੀ ਦੇ ਭੀ ਕੁਛਕੁ ਪ੍ਰਮਾਣ ਦੇਣਾ ਲਾਭਦਾਇਕ ਸਮਝਦੇ ਹਾਂ । ਯਥਾ :

(੧) **ਗੁਰਮੁਖ ਭੈ ਵਿਚਿ ਜੰਮਣਾ ਭੈ ਵਿਚਿ ਰਹਿਣਾ ਭੈ ਵਿਚਿ ਚਲਣਾ ॥
ਸਾਧ ਸੰਗਤਿ ਭੈ ਭਾਇ ਵਿਚਿ ਭਗਤਿ ਵਛਲੁ ਕਰਿ ਅਛਲੁ ਛਲਣਾ ॥
ਜਲ ਵਿਚਿ ਕਵਲੁ ਅਲਿਪਤ ਹੋਇ ਆਸ ਨਿਰਾਸ ਵਲੇਵੈ ਵਲਣਾ ॥
ਅਹਿਰਣ ਘਣ ਹੀਰੇ ਜੁਗਤਿ ਗੁਰਮਤਿ ਨਿਹਚਲ ਅਟਲ ਨ ਟਲਣਾ ॥
ਪਰਉਪਕਾਰ ਵੀਚਾਰ ਵਿਚਿ ਜੀਅ ਦਇਆ ਮੋਮ ਵਾਂਗੀ ਢਲਣਾ ॥**

1. ਬੀਚਾਰਿ : ਕਮਾਈ, ਅਭਿਆਸ ।
2. ਸਬਦਿ : ਸ਼ਬਦ ਨੇ ।
3. ਗੁਰ ਚੇਲੇ : ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪॥ (ਪੰਨਾ ੯੪੩)
4. ਜਾਤਾ : ਜਾਣਿਆ, ਲਖਿਆ, ਪਰਤੱਖ ਪੇਖਿਆ ।

ਚਾਰਿ ਵਰਨ ਤੰਬੋਲ ਰਸੁ ਆਪੁ ਗਵਾਇ ਰਲਾਇਆ ਰਲਣਾ ॥
ਵਟੀ ਤੇਲ ਦੀਵਾ ਹੋਇ ਬਲਣਾ ॥

*ਭਾਈ ਗੁਰਦਾਸ ਜੀ, ਵਾਰ ੧੮, ਪਉੜੀ ੧੭*

(੨) ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ ॥
ਕੰਨੀ ਮੁੰਦਰਾ ਮੰਤ੍ਰ ਗੁਰ ਸੰਤਾ ਧੂੜਿ ਬਿਭੂਤ ਸੁਲਾਸੀ ॥
ਖਿੰਥਾ ਖਿਮਾ ਹੰਢਾਵਣੀ ਪ੍ਰੇਮ ਪਤ੍ਰ ਭਾਉ ਭੁਗਤਿ ਬਿਲਾਸੀ ॥
ਸਬਦ ਸੁਰਤਿ ਸਿੰਙੀ ਵਜੈ ਡੰਡਾ ਗਿਆਨੁ ਧਿਆਨੁ ਗੁਰਦਾਸੀ ॥
ਸਾਧ ਸੰਗਤਿ ਗੁਰ ਗੁਫੈ ਬਹਿ ਸਹਜਿ ਸਮਾਧਿ ਅਗਾਧਿ ਨਿਵਾਸੀ ॥
ਹਉਮੈ ਰੋਗ ਅਰੋਗ ਹੋਇ ਕਰਿ ਸੰਜੋਗੁ ਵਿਜੋਗ ਖਲਾਸੀ ॥
ਸਾਧ ਸੰਗਤਿ ਗੁਰਮਤਿ ਸਾਬਾਸੀ ॥

*ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੫*

(੩) ਗੁਰਮੁਖਿ ਸੁਖ ਫਲੁ ਸਾਧ ਸੰਗੁ ਮਾਇਆ ਅੰਦਰਿ ਕਰਨਿ ਉਦਾਸੀ ॥
ਜਿਉ ਜਲ ਅੰਦਰਿ ਕਵਲੁ ਹੈ ਸੂਰਜ ਧਿਆਨ ਅਗਾਸੁ ਨਿਵਾਸੀ ॥
ਚੰਦਨੁ ਸਪੀਂ ਵੇੜਿਆ ਸੀਤਲ ਸਾਂਤਿ ਸੁਗੰਧਿ ਵਿਗਾਸੀ ॥
ਸਾਧ ਸੰਗਤਿ ਸੰਸਾਰ ਵਿਚਿ ਸਬਦ ਸੁਰਤਿ ਲਿਵ ਸਹਜਿ ਬਿਲਾਸੀ ॥
ਜੋਗ ਜੁਗਤਿ ਭੋਗ ਭੁਗਤਿ ਜਿਣ ਜੀਵਨ ਮੁਕਤਿ ਅਛਲ ਅਬਿਨਾਸੀ ॥
ਪਾਰਬ੍ਰਹਮ ਪੂਰਣ ਬ੍ਰਹਮ ਗੁਰ ਪਰਮੇਸਰੁ ਆਸ ਨਿਰਾਸੀ ॥
ਅਕਥ ਕਥਾ ਅਬਿਗਤਿ ਪਰਗਾਸੀ ॥

*ਭਾਈ ਗੁਰਦਾਸ ਜੀ, ਵਾਰ ੧੫, ਪਉੜੀ ੨੧*

(੪) ਪਰ ਘਰ ਜਾਇ ਪਰਾਹੁਣਾ ਆਸਾ ਵਿਚਿ ਨਿਰਾਸੁ ਵਲਾਏ ॥
ਪਾਣੀ ਅੰਦਰਿ ਕਵਲ ਜਿਉ ਸੂਰਜ ਧਿਆਨੁ ਅਲਿਪਤੁ ਰਹਾਏ ॥
ਸਬਦ ਸੁਰਤਿ ਸਤਸੰਗਿ ਮਿਲਿ ਗੁਰ ਚੇਲੇ ਕੀ ਸੰਧਿ ਮਿਲਾਏ ॥
ਚਾਰਿ ਵਰਨ ਗੁਰਸਿਖ ਹੋਇ ਸਾਧ ਸੰਗਤਿ ਸਚਖੰਡ ਵਸਾਏ ॥
ਆਪੁ ਗਵਾਇ ਤੰਬੋਲ ਰਸੁ ਖਾਇ ਚਬਾਇ ਸੁਰੰਗ ਚੜ੍ਹਾਏ ॥...
ਸਿਵ ਸਕਤੀ ਨੂੰ ਲੰਘਿ ਕੈ ਗੁਰਮੁਖਿ ਇਕ ਮਨਿ ਇਕੁ ਧਿਆਏ ॥...

*ਭਾਈ ਗੁਰਦਾਸ ਜੀ, ਵਾਰ ੬, ਪਉੜੀ ੬*

(੫) ਗੁਰਮੁਖਿ ਸਫਲੁ ਜਨੰਮੁ ਸਤਿਗੁਰੁ ਪਾਇਆ ॥
ਗੁਰਮੁਖਿ ਪੂਰ ਕਰੰਮੁ ਸਰਣੀ ਆਇਆ ॥
ਸਤਿਗੁਰ ਪੈਰੀ ਪਾਇ ਨਾਉ ਦਿੜਾਇਆ ॥
ਘਰ ਹੀ ਵਿਚਿ ਉਦਾਸੁ ਨ ਵਿਆਪੈ ਮਾਇਆ ॥
ਗੁਰ ਉਪਦੇਸੁ ਕਮਾਇ ਅਲਖੁ ਲਖਾਇਆ ॥
ਗੁਰਮੁਖਿ ਜੀਵਨ ਮੁਕਤੁ ਆਪੁ ਗਵਾਇਆ ॥

*ਭਾਈ ਗੁਰਦਾਸ ਜੀ, ਵਾਰ ੨੦, ਪਉੜੀ ੩*

(੬) ਗੁਰਮੁਖਿ ਮੇਲਾ ਸਚ ਦਾ ਸਚਿ ਮਿਲੇ ਸਚਿਆਰ ਸੰਜੋਗੀ ॥
ਘਰ ਬਾਰੀ ਪਰਵਾਰ ਵਿਚਿ ਭੋਗ ਭੁਗਤਿ ਰਾਜੇ ਰਸੁ ਭੋਗੀ ॥

ਆਸਾ ਵਿਚਿ ਨਿਰਾਸ ਹੁਇ ਜੋਗ ਜੁਗਤਿ ਜੋਗੀਸਰੁ ਜੋਗੀ ॥
ਦੇਦਾ ਰਹੈ ਨ ਮੰਗੀਐ ਮਰੈ ਨ ਹੋਇ ਵਿਜੋਗ ਵਿਜੋਗੀ ॥
ਆਧਿ ਬਿਆਧਿ ਉਪਾਧਿ ਹੈ ਵਾਇ ਪਿਤ ਕਫੁ ਰੋਗ ਅਰੋਗੀ ॥
ਦੁਖੁ ਸੁਖ ਸਮਸਰਿ ਗੁਰਮਤੀ ਸੰਪੈ ਹਰਖ ਨ ਅਪਦਾ ਸੋਗੀ ॥
ਦੇਹ ਬਿਦੇਹੀ ਲੋਗ ਅਲੋਗੀ ॥

*ਭਾਈ ਗੁਰਦਾਸ ਜੀ, ਵਾਰ ੨੪, ਪਉੜੀ ੧੬*

## ੧੪. ਹਉਮੈ ਤਿਆਗ, ਪੰਚ-ਬਿਖੇ ਦਮਨ ਗੁਰਮਤਿ-ਬਿਬੇਕ :

ਹੁਣ ਫੇਰ ਨਾਮ ਦੇ ਸੰਜਮ-ਸਾਧਨ ਸਰੂਪ ਕਰਮਾਂ ਪ੍ਰਥਾਇ ਹੋਰ ਹੋਰ ਗੁਰ-ਪ੍ਰਮਾਣਾਂ ਦਾ ਸਿਲਸਿਲਾ ਚਲਦਾ ਹੈ, ਜਿਨ੍ਹਾਂ ਕਰਮਾਂ ਦਾ ਇਕ ਇਕ ਕਰਕੇ ਕਮਾਇਆ ਜਾਣਾ ਹਰੇਕ ਬਿਬੇਕੀ ਸਿਖ ਦਾ ਗੁਰਮਤਿ ਧਰਮ ਹੈ। ਅਤੇ ਏਹਨਾਂ ਸਾਧਨ ਸੰਪੰਨ ਕਰਮਾਂ ਨੂੰ 'ਨਾਮ' ਰੂਪੀ ਸਾਰ ਮੁਖ ਕਰਮ ਦੇ ਨਾਲੋ ਨਾਲ ਕਮਾਉਣ ਕਰਕੇ ਹੀ ਗੁਰਮਤਿ ਸਾਰ ਬਿਬੇਕ ਦੀ ਉਚ ਅਵਸਥਾ, ਭਾਵ, ਮੁਖ ਮੰਤਵੀ ਬਿਵਸਥਾ ਪ੍ਰਾਪਤ ਹੋ ਸਕਦੀ ਹੈ। ਅਤੇ ਉਕਤ ਕਮਾਉਣ ਜੋਗ ਕਰਮਾਂ ਸੰਬੰਧੀ ਗੁਰ-ਪ੍ਰਮਾਣ, ਗੁਰਮਤਿ ਹੁਕਮ ਹਨ, ਜਿਨ੍ਹਾਂ ਦਾ ਮੰਨਣਾ ਹਰੇਕ ਸਿਖ ਸਚਿਆਰ ਅਤੇ ਉਤਮ ਬਿਬੇਕੀ ਦਾ ਧਰਮ ਹੈ। ਯਥਾ ਗੁਰ ਪ੍ਰਮਾਣ :

ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥...੪੬॥
ਸਚ ਭੈ ਰਾਤਾ ਗਰਬੁ ਨਿਵਾਰੈ ॥ ਏਕੋ ਜਾਤਾ ਸਬਦੁ ਵੀਚਾਰੈ ॥
ਸਬਦੁ ਵਸੈ ਸਚੁ ਅੰਤਰਿ ਹੀਆ ॥ ਤਨੁ ਮਨੁ ਸੀਤਲੁ ਰੰਗਿ ਰੰਗੀਆ ॥
ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੈ ॥ ਨਾਨਕ ਨਦਰੀ ਨਦਰਿ ਪਿਆਰੈ ॥੪੭॥

*ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੪੩*

## ੧੫. ਵੈਰ ਵਿਰੋਧ ਗਵਾਵਣ, ਸਗਲੀ ਗਣਤ ਮਿਟਾਵਣ, ਗੁਰਮੁਖਿ ਕਰਣੀ ਵਾਲੀ ਕਾਰ ਕਮਾਈ, ਆਲਸ ਤਿਆਗ ਅਤੇ ਉਦਮ ਪੁਰਸ਼ਾਰਥ ਗ੍ਰਹਿਣ :

ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥

*ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੪੨*

ਇਸ ਗੁਰ-ਪ੍ਰਮਾਣ ਅੰਦਰ ਵੈਰ ਵਿਰੋਧ ਗਵਾਵਣਾ ਅਤੇ ਸਗਲੀ ਗਣਤ ਮਿਟਾਵਣਾ ਜੋ ਰੰਗ-ਰਤੜੇ ਗੁਰਮੁਖਾਂ ਦੀਆਂ ਸ਼ੁਭ ਲੱਛਣੀ ਸੁਤੇ ਕਰਣੀਆਂ ਹਨ, ਗੁਰਮਤਿ ਬਿਬੇਕ ਸੰਬੰਧੀ ਕਮਾਵਣ ਜੋਗ ਕਰਮ ਹਨ, ਜਿਨ੍ਹਾਂ ਦੇ ਕਮਾਵਣੇ ਦਾ ਸਿਖ ਮਾਤਰ ਨੂੰ ਹੁਕਮ ਹੈ। ਗੁਰਮੁਖਾਂ ਦੀ ਜੋ ਸੁਤੇ ਕਰਣੀ ਹੈ, ਉਹ ਗੁਰਸਿੱਖਾਂ ਲਈ ਗੁਰਮਤਿ

ਹੁਕਮੀ ਕਾਰ ਹੈ । ਏਸੇ ਲਈ ਗੁਰਸਿੱਖਾਂ ਨੂੰ ਗੁਰਮੁਖਾਂ ਦੀ ਕਰਣੀ ਵਾਲੀ ਕਾਰ ਕਮਾਉਣ ਦਾ ਹੁਕਮ ਹੈ । ਜੈਸੇ ਕਿ ਗੁਰਵਾਕ ਹੈ :

**ਗੁਰਮੁਖਿ ਕਰਣੀ ਕਾਰ ਕਰਾਏ ॥ ਨਾਨਕ ਗੁਰਮੁਖਿ ਮੇਲਿ ਮਿਲਾਏ ॥੩੬॥**
*ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੪੨*

ਭਾਵ—ਗੁਰਮੁਖਾਂ ਦੀ ਕਰਣੀ ਵਾਲੀ ਕਾਰ ਕਮਾਉਣੀ ਚਾਹੀਦੀ ਹੈ ਅਤੇ ਇਹ ਕਾਰ ਤਦ ਹੀ ਕਮਾਈ ਜਾ ਸਕਦੀ ਹੈ ਜੇ ਗੁਰਮੁਖਿ ਦੇ ਮੇਲ (ਸਤਿਸੰਗ) ਦਾ ਮੇਲੀ (ਸਤਿਸੰਗੀ) ਬਣਿਆ ਰਹੇ ਅਤੇ ਗੁਰਮੁਖਿ ਬਿਵਸਥਾ ਪ੍ਰਾਪਤ ਹੋਣ ਤੇ ਭੀ ਬਣਿਆ ਰਹੇ ।

**ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥**
**ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥**
**ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥੧॥**
**ਭਾਈ ਰੇ ਇਸੁ ਮਨ ਕਉ ਸਮਝਾਇ ॥**
**ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ ॥੧॥ਰਹਾਉ॥੩੯॥**
*ਸਿਰੀਰਾਗੁ ਮ: ੩, ਪੰਨਾ ੨੮*

ਏਥੇ ਨਾਮ ਦੀ ਅਤੁੱਟ ਕਮਾਈ ਲਈ ਹਰ ਵੇਲੇ ਉਦਮੀ ਅਤੇ ਪੁਰਸ਼ਾਰਥੀ ਹੁੰਦੇ ਹੋਏ ਆਲਸ ਤਿਆਗਣ ਦਾ ਹੁਕਮ ਹੈ । ਜਿਸ ਦਾ ਯਥਾ ਯੋਗ ਨਿਰਣਾ ਇਸ਼ਨਾਨ-ਬਿਬੇਕ ਦੇ ਅੰਕ ਵਿਚ ਵਿਸਥਾਰ ਪੂਰਬਕ ਹੋ ਚੁਕਾ ਹੈ ।

## ੧੬. ਗੁਰਮਤਿ ਭੈ ਬਿਬੇਕ :

**ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ ॥੪॥੮॥੪੧॥**
*ਸ੍ਰੀਰਾਗੁ ਮ: ੩, ਪੰਨਾ ੨੯*

ਭਾਵ—ਜਿਹੜੇ ਸ਼ਬਦ ਰਤੇ ਨਾਮ ਦੀ ਰੰਗਣਾ ਵਾਲੇ ਹਨ, ਉਹਨਾਂ ਨੂੰ ਇਸ ਰੰਗਣਾ ਦੀ ਲਾਗ 'ਭੈ' (ਅਦਬ) ਧਾਰਨ ਕੀਤਿਆਂ ਲਗਦੀ ਹੈ । ਭੈ ਤੋਂ ਬਿਹੂਣ ਰੰਗ-ਰਤੜੀ ਦਸ਼ਾ ਵਾਲੀ ਲਾਗ ਕੇਹੀ ? ਅਰਥਾਤ, ਇਹ ਲਾਗ ਭੈ ਬਿਨਾਂ ਲਗਦੀ ਹੀ ਨਹੀਂ :

**ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥**
**ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥੩੧॥**
*ਆਸਾ ਮ: ੩, ਪੰਨਾ ੪੨੭*

ਇਹ 'ਭੈ' ਸੰਸਾਰੀਆਂ ਵਾਲਾ ਭੈ ਨਹੀਂ । ਨਾ ਹੀ ਭਰਮੀਆਂ ਅਨਮਤੀਆਂ ਵਾਲਾ ਭੈ ਹੈ, ਜਿਸ ਦਾ ਅਰਥ ਪਿੱਤਾ ਸੁਕਾਉਣ ਵਾਲਾ ਡਰ ਹੁੰਦਾ ਹੈ, ਜੋ ਇਨਸਾਨ ਨੂੰ ਕਾਇਰ ਬਣਾਉਂਦਾ ਹੈ । ਬਲਕਿ ਇਹ ਸੱਚਾ 'ਭੈ' ਗੁਰਮਤਿ ਅੰਦਰ ਅਦਬ ਅਤੇ ਭਾਵਨੀ ਸੰਯੁਕਤ ਅਦਬ, ਸਿਦਕ ਅਤੇ ਪ੍ਰਤੀਤ ਪੂਰਤ ਅਦਬ ਦਾ ਅਰਥ ਰਖਦਾ ਹੈ । ਜਿਸ

ਦੇ ਅੰਦਰ ਸੱਚ ਦਾ ਭੈ ਹੈ ਉਸ ਨੂੰ ਹੀ ਸੱਚੀ ਪ੍ਰਤੀਤ ਹੈ। ਇਹ ਭੈ-ਪ੍ਰਤੀਤ ਜਿਸ ਦੇ ਅੰਦਰਿ ਆਣ ਵਸੀ, ਉਹ ਸਦਾ ਸੱਚੇ ਨੂੰ ਅੰਗ ਸੰਗ ਜਾਣਦਾ ਹੋਇਆ ਹੁਕਮੀ ਬੰਦਾ ਹੋਇ ਕੇ ਸੁਭ ਕਰਮ, ਗੁਰ ਫੁਰਮਾਏ ਕਰਮ ਹੀ ਕਮਾਉਂਦਾ ਹੈ। ਉਸ ਨੂੰ ਇਸ ਗੁਰਵਾਕ ਉਤੇ ਭੈ ਭਾਵਨੀ ਵਾਲੀ ਪ੍ਰਤੀਤ ਹੈ ਕਿ:

**ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥**
**ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥੧॥ਰਹਾਉ॥੩੫॥**

*ਆਸਾ ਮ: ੩, ਪੰਨਾ ੪੨੯*

ਤਦੋਂ ਹੀ ਓਹ ਸੱਚੇ ਨਿਰਭਉ ਅਕਾਲ ਪੁਰਖ ਨੂੰ "ਨੇੜੈ ਹੀ ਤੇ ਨੇੜਾ" ਅਤੇ "ਪੇਖਤ ਸੁਨਤ ਸਦਾ ਹੈ ਸੰਗੇ" ਜਾਣਦਾ ਹੋਇਆ ਸੱਚੀ ਭੈ-ਭਾਵਨੀ ਸੰਯੁਕਤ ਗੁਰਮਤਿ ਕਰਮ ਕਮਾਉਂਦਾ ਹੈ ਅਤੇ ਇਹ ਸੱਚਾ ਭੈ ਸਤਿਗੁਰੂ ਦੇ ਮਿਲਿਆਂ (ਗੁਰੂ ਧਾਰਨ ਕਰਿਆਂ) ਹੀ ਪ੍ਰਾਪਤ ਹੁੰਦਾ ਹੈ। ਫੇਰ ਤਾਂ ਇਸ ਭੈ ਰਸਾਇਣ ਵਿਖੇ ਸਿਖ ਜਗਿਆਸੂ ਜਨ ਸਦਾ ਰਚਿਆ ਹੀ ਰਹਿੰਦਾ ਹੈ ਅਤੇ ਸਦਾ ਭੈ ਰਚੇ ਰਹਿਣ ਕਰਕੇ ਇਸ ਗੁਰਮਤਿ ਭੈ ਦੇ ਧਾਰਨਹਾਰੇ ਬਿਬੇਕੀ ਜਨ ਦੇ ਮਨ ਵਿਖੇ ਸੱਚਾ ਸਾਹਿਬ ਆਪ ਹੀ ਆਇ ਨਿਵਾਸ ਕਰਦਾ ਹੈ, ਜੈਸਾ ਕਿ ਗੁਰਵਾਕ ਹੈ। ਯਥਾ:

**ਸਤਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥੫੦॥**

*ਸਿਰੀਰਾਗੁ ਮ: ੩, ਪੰਨਾ ੩੩*

ਪਹਿਲੀ ਸਿਖ-ਜਗਿਆਸਾ ਵਿਖੇ ਪ੍ਰਿਥਮ ਸਤਿਗੁਰਾਂ ਦੇ ਬਚਨਾਂ ਉਤੇ ਪ੍ਰਤੀਤ ਅਤੇ ਸੱਚੀ ਪ੍ਰਤੀਤ ਹੋਣੀ ਗੁਰਸਿਖ ਲਈ ਲੋੜੀਂਦੀ ਹੈ। ਇਸ ਪ੍ਰਤੀਤ ਹੀਣੇ ਪ੍ਰਾਣੀ ਉਕੇ ਅਗਿਆਨੀ ਅਤੇ ਮੰਦ ਮਤਿ ਅਬਿਬੇਕੀ ਹਨ ਅਤੇ ਇਸ ਪ੍ਰਤੀਤ ਬਿਹੂਣ ਜੋ ਕੁਛ ਭੀ ਓਹ ਕਰਦੇ ਹਨ, ਸਭ ਕਪਟ ਕਮਾਉਂਦੇ ਹਨ। ਯਥਾ ਗੁਰਵਾਕ:

**ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥**
**ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥੧॥੨੬॥**

*ਵਾਰ ਸੋਰਠਿ, ਸਲੋਕ ਮ: ੪, ਪੰਨਾ ੬੫੨*

ਅਤੇ, ਜਿਨ੍ਹਾਂ ਨੂੰ ਸਤਿਗੁਰੂ ਅਤੇ ਸਤਿਗੁਰ ਦੇ ਬਚਨਾਂ ਉਤੇ ਪ੍ਰਤੀਤ, ਸੱਚੀ ਪ੍ਰਤੀਤ ਆਈ ਹੈ, ਓਹਨਾਂ ਦੇ ਹਿਰਦੇ ਅੰਦਰਿ ਹੀ ਸਦਾ ਸੱਚੇ ਦਾ ਭਉ ਵਸਿਆ ਹੈ। ਅਤੇ:

**ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ ॥**
**ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ ॥੪॥੩॥**

*ਤੁਖਾਰੀ ਮ: ੪, ਪੰਨਾ ੧੧੧੫-੧੬*

ਅਤੇ ਜਿਨ੍ਹਾਂ ਦੇ ਅੰਦਰਿ ਇਹ ਭਉ ਨਹੀਂ, ਉਹਨਾਂ ਦੇ ਨਾਲ ਦੋਸਤੀ ਮਿੱਤਰਤਾ ਵਾਲਾ ਸਨਬੰਧ ਰਖਣਾ ਗੁਰਮਤਿ ਵਿਰੁੱਧ ਹੈ। ਯਥਾ ਗੁਰਵਾਕ:

**ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ ॥**
**ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ ॥੧॥੫॥**

*ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੮੭*

ਜਦ ਤਕ ਜਗਿਆਸਾ ਦੀ ਪਹਿਲੀ ਅਵਸਥਾ ਅੰਦਰ ਇਹ ਗੁਰਮਤਿ ਭੈ ਵਾਲਾ ਬਿਬੇਕ, ਭਾਵਨੀ ਸੰਯੁਕਤ ਨਾ ਧਾਰਨ ਕੀਤਾ ਜਾਵੇ, ਤਦ ਤਾਈਂ ਨਿਰੀ ਤੇ ਫੋਕੀ ਕਥਨੀ ਬਦਨੀ ਦੁਆਰਾ ਕਖ ਨਹੀਂ ਬਣਦਾ। ਜੇ ਸਦਾ ਇਸ ਭੈ ਵਿਚ ਰੱਤਾ ਰਹੇ ਤਾਂ ਇਸ ਜਗਿਆਸਾ ਨੂੰ ਸਹਜ ਸੁਹਾਗ ਦਾ ਰੰਗ ਲਗ ਜਾਂਦਾ ਹੈ। ਯਥਾ ਗੁਰਵਾਕ :

**ਗੋਵਿੰਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥**
**ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥**
**ਸਤਿਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥੫੦॥**

*ਸਿਰੀਰਾਗੁ ਮ: ੩, ਪੰਨਾ ੩੨-੩੩*

ਜਿਸ ਦੇ ਅੰਦਰ ਇਹ ਭੈ ਨਹੀਂ, ਓਹੀ ਸਾਈਂ ਅਗੇ, ਸਤਿਗੁਰ ਅਗੇ ਨਹੀਂ ਨਿੰਵਦੇ। ਉਹਨਾਂ ਦੇ ਅੰਦਰੋਂ ਹੰਕਾਰ ਨਹੀਂ ਜਾਂਦਾ, ਇਸ ਕਰਕੇ ਉਹ ਨਹੀਂ ਨਿਉਂਦੇ। ਅਤੇ ਸੀਸ ਨਿਵਾ ਕੇ ਸਤਿਗੁਰ ਸਾਈਂ ਦੇ ਅਗੇ ਮੱਥਾ ਨਹੀਂ ਟੇਕਦੇ। ਦੇਖੋ, ਐਸੇ ਭੈ-ਹੀਣ ਹੰਕਾਰੀਆਂ ਪ੍ਰਤੀ ਗੁਰਵਾਕ ਕੀ ਫ਼ਤਵਾ ਦਿੰਦੇ ਹਨ :

**ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥**
**ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥੧॥੧੫॥**

*ਸਿਰੀਰਾਗੁ ਕੀ ਵਾਰ, ਸਲੋਕ ਮ: ੨, ਪੰਨਾ ੮੯*

**ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥**
**ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥**

*ਸਲੋਕ ਫਰੀਦ ਜੀ, ਪੰਨਾ ੧੩੮੧*

**ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥**
**ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ਰਹਾਉ॥**
**ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥**
**ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥**
**ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥**
**ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥**
**ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥**
**ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥੬੯॥**

*ਸਿਰੀਰਾਗੁ ਮ: ੪, ਪੰਨਾ ੪੧*

ਸੋ ਸਤਿਗੁਰ ਸਾਈਂ ਅਗੇ ਨਿਵਣਾ ਅਤੇ ਨਿੰਵ ਕੇ ਸੀਸ ਝੁਕਾਉਣਾ ਅਤੇ ਝੁਕ ਕੇ ਮੱਥਾ ਟੇਕਣਾ ਇਸ ਭੈ ਭਾਵਨੀ ਤੋਂ ਉਪੰਨਾ ਗੁਰਮਤਿ ਬਿਬੇਕ ਹੈ, ਜੋ ਸਿਖ ਮਾਤਰ ਨੂੰ ਧਾਰਨ ਕਰਨਾ ਜ਼ਰੂਰੀ ਹੈ। ਸਰਬ ਕਲਾ ਸਮਰੱਥ ਸਾਈਂ ਸਤਿਗੁਰ ਦੇ ਅਗੇ ਨਮਸਕਾਰ ਡੰਡਵਤ ਕਰਨਾ ਭੀ ਇਹੋ 'ਭੈ' ਸਿਖਾਉਂਦਾ ਹੈ। ਯਥਾ :

**ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥**
**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥੨੯॥**

*ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੬*

**ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸ ਮੰਤ੍ਰ ਸੁਣਾਇਆ ॥**
**ਭਵਜਲ ਵਿਚੋਂ ਕਢਿ ਕੇ ਮੁਕਤਿ ਪਦਾਰਥ ਮਾਹਿ ਸਮਾਇਆ ॥**

*ਭਾਈ ਗੁਰਦਾਸ ਜੀ, ਵਾਰ ੧, ਪਉੜੀ ੧*

ਅਤੇ ਇਹੋ 'ਭੈ' ਮਨ ਦੀ ਮੈਲ ਕਟ ਕੇ ਸਰੀਰ ਨੂੰ ਭੀ ਨਿਰਮਲ ਕਰ ਦਿੰਦਾ ਹੈ ਅਤੇ ਏਸੇ ਭੈ ਕਰਕੇ ਮਤਿ ਉਤਮ (ਉੱਚੀ) ਹੁੰਦੀ ਹੈ ਅਤੇ ਅੰਤਰਿ ਜੋਤਿ ਪ੍ਰਕਾਸ਼ਦੀ ਹੈ ਅਤੇ ਏਸੇ ਭੈ ਵਿਚ ਬਹਿਣ ਰਹਿਣ ਅਤੇ ਕਾਰ ਕਮਾਵਣ ਕਰਕੇ ਇਸ ਲੋਕ ਵਿਖੇ ਸੁਖੀਏ ਪਰਲੋਕ ਸੁਹੇਲੇ ਹੋਈਦਾ ਹੈ, ਅਤੇ ਏਸ ਭੈ ਕਰਕੇ ਨਿਰਭਉ ਨਿਰੰਕਾਰ ਦੀ ਪ੍ਰਾਪਤੀ ਹੁੰਦੀ ਹੈ ਅਤੇ ਅੰਤ ਜੋਤੀ ਜੋਤਿ ਸਮਾਈਦਾ ਹੈ। ਯਥਾ ਗੁਰਵਾਕ :

**ਭੈ ਪਇਐ ਮਲੁ ਕਟੀਐ ਨਿਰਮਲੁ ਹੋਵੈ ਸਰੀਰੁ ॥**
**ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ ॥**
**ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥**
**ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥**
**ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥**
**ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ ॥੧॥੧੯॥**

*ਸਲੋਕ ਮ: ੩, ਗੂਜਰੀ ਕੀ ਵਾਰ ਮ: ੩, ਪੰਨਾ ੫੧੬*

ਅਤੇ ਇਹੋ ਭੈ ਲੋਭ-ਰੱਤ ਨੂੰ ਵਿਚਹੁੰ ਗਵਾਉਂਦਾ ਅਤੇ ਦੁਰਮਤਿ ਮੈਲ ਨੂੰ ਤਜਾਉਂਦਾ ਹੈ। ਜੈਸੇ ਕਿ ਗੁਰਵਾਕ ਹੈ :

**ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥**
**ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥**
**ਨਾਨਕ ਤੇ ਜਨ ਸੋਹਣੇ ਜੋ ਰਤੇ ਹਰਿ ਰੰਗੁ ਲਾਇ ॥੧॥੮॥**

*ਰਾਮਕਲੀ ਕੀ ਵਾਰ, ਸਲੋਕ ਮ: ੩, ਪੰਨਾ ੯੪੯-੫੦*

ਅਤੇ ਏਸੇ ਭੈ ਵਿਚਿ ਰਚ ਕੇ ਹੀ ਗੁਰਸਿੱਖ ਗੁਰੂ ਕੀ ਸੇਵਾ ਚਾਕਰੀ ਕਮਾਉਂਦੇ ਹਨ। ਯਥਾ ਗੁਰਵਾਕ :

**ਗੁਰ ਕੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ ॥...੨॥੩॥**

*ਬਿਹਾਗੜੇ ਕੀ ਵਾਰ, ਮ: ੩, ਪੰਨਾ ੫੪੯*

ਅਤੇ ਏਸੇ ਭੈ ਵਿਚ ਰਹਿਣ ਦੀ ਰਹਿਣੀ ਰਹਿਣ ਨੂੰ ਅਤੇ ਇਸੇ ਭੈ ਵਿਚ ਚੱਲਣ ਦੀ ਗੁਰਮਤਿ ਨਿਰਾਲੀ ਚਾਲ ਨੂੰ ਭਾਈ ਗੁਰਦਾਸ ਜੀ ਇਸ ਬਿਧਿ ਉਚਾਰਦੇ ਹਨ :

**ਗੁਰਮੁਖ ਭੈ ਵਿਚਿ ਜੰਮਣਾ ਭੈ ਵਿਚਿ ਰਹਿਣਾ ਭੈ ਵਿਚਿ ਚਲਣਾ ॥**
**ਸਾਧ ਸੰਗਤਿ ਭੈ ਭਾਇ ਵਿਚਿ ਭਗਤਿ ਵਛਲੁ ਕਰਿ ਅਛਲੁ ਛਲਣਾ ॥**

*ਭਾਈ ਗੁਰਦਾਸ ਜੀ, ਵਾਰ ੧੮, ਪਉੜੀ ੧੭*

ਏਸ ਭਉ ਤੋਂ ਭਾਉ, ਅਰਥਾਤ, ਪ੍ਰੇਮ ਉਤਪੰਨ ਹੁੰਦਾ ਹੈ। ਪ੍ਰਿਥਮ ਜਿਸ ਦੇ ਮਨ ਵਿਚ ਸੱਚਾ ਭਉ ਨਹੀਂ ਪਇਆ, ਉਸ ਦੇ ਮਨ ਅੰਦਰ 'ਭਾਉ' ਦਾ ਉਗਵਣਾ ਔਖਾ

ਹੈ। ਪ੍ਰੰਤੂ "ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ"[1] ਦੇ ਗੁਰਵਾਕ ਅਨੁਸਾਰ ਭਉ (ਪ੍ਰੇਮ) ਤਿਨ੍ਹਾਂ ਦੇ ਮਨ ਅੰਦਰ ਹੀ ਸਫੁਟ ਹੁੰਦਾ ਹੈ ਜਿਨ੍ਹਾਂ ਦੇ ਮਨ ਅੰਦਰ ਪਹਿਲਾਂ 'ਭਉ' ਪੈਂਦਾ ਹੈ। ਤਾਂ ਤੇ 'ਭਉ' ਤੇ 'ਭਾਉ' ਦਾ ਪ੍ਰਸਪਰ ਬਹੁਤ ਗੂੜ੍ਹਾ ਸੰਬੰਧ ਹੈ। ਗੁਰਸਿੱਖੀ ਦੇ ਪ੍ਰੇਮ-ਮੰਡਲ ਵਿਚ ਗੁਰਸਿੱਖ ਦਾ ਨਾਤਾ ਇਸ ਭਉ ਤੋਂ ਜੁੜਦਾ ਹੈ। ਇਸ ਭਉ ਤੋਂ ਉਡਾਰੀ ਮਾਰ ਕੇ ਪ੍ਰੇਮ-ਮੰਡਲ ਵਿਚ ਜਾ ਖੇਡਣ ਵਾਲੇ ਖਿਡਾਰੀ ਨਿਰਭੈ ਪਦ ਦੇ ਨਿਰੰਕਾਰੀ ਦੇਸ ਵਿਚ ਜਾ ਪ੍ਰਵੇਸ਼ ਕਰਦੇ ਹਨ। ਅਤੇ ਸੰਸਾਰੀ ਭਉ ਤਾਂ ਨਿਰਭਉ ਨਿਰੰਕਾਰੀ ਨਾਮ ਦੇ ਜਪਣ ਕਰਕੇ ਉਸ ਅਵਸਥਾ ਤੋਂ ਉਰੇ ਉਰੇ ਹੀ ਮਿਟ-ਮਿਟਾ ਜਾਂਦੇ ਹਨ। ਜੈਸੇ ਕਿ : "ਨਿਰਭਉ ਜਪੈ ਸਗਲ ਭਉ ਮਿਟੈ"[2] ਅਤੇ "ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥"[3] ਅਤੇ "ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ ॥"[4] ਆਦਿਕ ਗੁਰ ਪ੍ਰਮਾਣਾਂ ਦੇ ਭਾਵ ਤੋਂ ਸਿਧ ਹੈ। ਏਸੇ 'ਭਉ' ਦਾ ਅਰਥ ਭਾਈ ਨੰਦ ਲਾਲ ਜੀ 'ਅਦਬ' ਕਰਦੇ ਹਨ ਅਤੇ ਏਸ ਅਦਬ (ਭਉ) ਦੀ ਮਹਿਮਾ ਜੋ ਭਾਈ ਸਾਹਿਬ ਜੀ ਕਰਦੇ ਹਨ ਓਹ ਇੰਨ ਬਿੰਨ ਓਹਨਾਂ ਦੇ ਆਪਣੇ ਪਦਾਂ ਵਿਚ ਵਰਣਨ ਕੀਤੀ ਇਸ ਪ੍ਰਕਾਰ ਹੈ :

(੧) **ਤਾਲਿਬਾਨਿ ਹੱਕ ਹਮੇਸ਼ਹ ਬਾ-ਅਦਬ**
**ਬਾ-ਅਦਬ ਬਾਸ਼ੰਦ, ਅੰਦਰ ਯਾਦਿ ਰੱਬ ॥੩੧੬॥**

(੨) **ਬੇ-ਅਦਬ ਰਾ ਕੈ ਜ਼ਿ ਰਾਹੇ ਸ਼ਾਂ ਖ਼ਬਰ**
**ਬੇ-ਅਦਬ ਅਜ਼ ਹੱਕ ਹਮੇਸ਼ਹ ਬੇ-ਖ਼ਬਰ ॥੩੧੭॥**

(੩) **ਬੇ-ਅਦਬ ਹਰਗਿਜ਼ ਬ-ਹੱਕ ਰਾਹੇ ਨਯਾਫ਼ਤ**
**ਰਾਹਿ ਹੱਕ ਰਾ ਹੇਚ ਗੁਮਰਾਹੇ ਨਯਾਫ਼ਤ ॥੩੧੮॥**

(੪) **ਹਾਦੀਏ ਰਾਹੇ ਖ਼ੁਦਾ ਆਮਦ ਅਦਬ**
**ਬੇ-ਅਦਬ ਖ਼ਾਲੀ-ਸਤ ਅਜ਼ ਅਲਤਾਫ਼ਿ ਰੱਬ ॥੩੧੯॥**

(੫) **ਬੇ-ਅਦਬ ਰਾਹੇ ਖ਼ੁਦਾ ਕੈ ਦਾਨਦਸ਼**
**ਹਰ ਕਿਰਾ ਕਹਿਰੇ ਖ਼ੁਦਾ ਮੇ ਰਾਨਦਸ਼ ॥੩੨੦॥**

(੬) **ਦਰ ਪਨਾਹੇ ਸਾਇਆਇ ਮਰਦਾਨਿ ਹੱਕ**
**ਗਰ ਰਵੀ ਆਂ ਜਾ ਅਦਬ ਯਾਬੀ ਸਬਕ ॥੩੨੧॥**

(੭) **ਬੇ ਅਦਬ ਆਂ ਜਾ ਅਦਬ ਆਮੋਜ਼ ਸ਼ੁਦ**
**ਈਂ ਚਰਾਗ਼ੇ ਗੁਲ ਜਹਾਂ ਅਫ਼ਰੋਜ਼ ਸ਼ੁਦ ॥੩੨੨॥**

(੮) **ਐ ਖ਼ੁਦਾ ਹਰ ਬੇ-ਅਦਬ ਰਾ ਦੇਹ ਅਦਬ**
**ਤਾ ਗੁਜ਼ਾਰਦ ਉਮਰ ਅੰਦਰ ਯਾਦੇ ਰੱਬ ॥੩੨੩॥**

(੯) **ਈਂ ਅਦਬ ਤਾ ਜ਼ੇਸਤ ਬਰ ਅਫ਼ਰਾਕੇ ਕਸ**
**ਆਂ ਕਿ ਗ਼ਾਫ਼ਿਲ ਨੇਸਤ ਅਜ਼ ਹੱਕ ਯੱਕ ਨਫ਼ਸ ॥੩੨੪॥**

*ਭਾਈ ਨੰਦ ਲਾਲ ਜੀ, ਜ਼ਿੰਦਗੀ ਨਾਮਹ*

---

1. ਆਸਾ ਦੀ ਵਾਰ, ॥੨॥੫॥ ਪੰਨਾ ੪੬੫
2. ਸੁਖਮਨੀ ਸਾਹਿਬ, ॥੭॥੨੨॥ ਪੰਨਾ ੨੯੩
3. ਆਸਾ ਮ: ੪, ਸੋ ਪੁਰਖ, ॥੩॥ ਪੰਨਾ ੧੧
4. ਸਲੋਕ ਮਹਲਾ ੪, ਵਾਰ ਗਉੜੀ, ॥੧॥੧੭॥ ਪੰਨਾ ੩੧੦

ਭਾਈ ਨੰਦ ਲਾਲ ਜੀ ਦੇ ਇਹਨਾਂ ਬਚਨਾਂ ਦੇ ਭਾਵ-ਅਰਥ ਨੰਬਰਵਾਰ ਇਸ ਪ੍ਰਕਾਰ ਹਨ :

(੧) ਸੱਚੇ ਸਾਈਂ (ਅਕਾਲ ਪੁਰਖ) ਦੇ ਜੋ ਲੋੜਨਹਾਰ (ਤਲਬਗਾਰ) ਹਨ, ਓਹਨਾਂ ਦੀ ਰਹਿਣੀ ਸਦਾ ਅਦਬ (ਭੈ-ਭਾਵਨੀ) ਵਾਲੀ ਹੁੰਦੀ ਹੈ। ਅਤੇ ਓਹ ਏਸ ਅਦਬ (ਭੈ ਭਾਉ) ਨੂੰ ਅੰਦਰ ਵਸਾ ਕੇ ਕਰਤਾਰ ਸਿਰਜਨਹਾਰ ਦਾ ਸਿਮਰਨ ਚਿੰਤਨ ਕਰਦੇ ਹਨ।

(੨) ਜਿਹੜੇ ਬੇਅਦਬ (ਭੈ-ਭਾਵਨੀ ਰਹਿਤ) ਹਨ, ਓਹਨਾਂ ਨੂੰ ਉਕਤ ਅਦਬ ਵਾਲੇ ਰੱਬੀ ਬੰਦਿਆਂ ਦੇ ਹਾਲ ਦੀ ਕੀ ਸਾਰ ? ਬੇਅਦਬ ਸੱਚੇ (ਸਾਈਂ) ਦੀ ਪਛਾਣ ਵਲੋਂ ਸਦਾ ਦ੍ਰਿਸ਼ਟਿ-ਹੀਣ ਹੀ ਰਹਿੰਦੇ ਹਨ।

(੩) ਬੇਅਦਬ ਨੂੰ ਕਦੇ ਭੀ ਸੱਚੇ ਸਾਹਿਬ ਦਾ ਸੱਚਾ ਮਾਰਗ ਨਹੀਂ ਮਿਲਦਾ ਅਤੇ ਮਾਰਗ ਤੋਂ ਘੁਥੇ ਹੋਏ ਕਿਸੇ ਪ੍ਰਾਣੀ ਦੀ ਪਹੁੰਚ ਸੱਚੇ ਸਾਈਂ ਤੀਕ ਨਹੀਂ ਹੋ ਸਕਦੀ।

(੪) ਇਸ ਸੱਚੇ ਮਾਰਗ ਦਾ (ਰੱਬ ਦੀ ਦਰਗਾਹ ਤਾਈਂ ਤੋੜ ਪੁਚਾਵਣ-ਹਾਰਾ) ਰਾਹਬਰ ਇਹ ਅਦਬ ਹੈ। ਜੋ ਬੇਅਦਬ ਹੈ ਓਹ ਰੱਬ ਦੀਆਂ ਰਹਿਮਤਾਂ ਤੋਂ ਖ਼ਾਲੀ (ਵਾਂਜਿਆ ਰਹਿੰਦਾ) ਹੈ।

(੫) ਬੇਅਦਬ ਪੁਰਸ਼ ਪਰਮਾਤਮਾ ਦੇ ਪਾਉਣ ਦੇ ਤਰੀਕੇ ਨੂੰ ਕਦ ਜਾਣ ਸਕਦਾ ਹੈ ? (ਅਰਥਾਤ, ਕਦੇ ਨਹੀਂ ਜਾਣ ਸਕਦਾ), ਜਿਸ ਨੂੰ ਕਿ ਓਸ ਦੈ ਕਹਿਰ ਨੇ ਪਛਾੜ ਲਤਾੜ ਛਡਿਆ ਹੋਵੇ।

(੬) ਜੇ ਤੂੰ ਪਰਮੇਸ਼ਰ ਦੇ ਪਿਆਰਿਆਂ ਗੁਰਮੁਖ-ਜਨਾਂ ਦੀ ਸ਼ਰਨ ਸੰਗਤ ਦੇ ਪ੍ਰਭਾਵ ਤਲੇ ਜਾ ਕੇ ਵਾਸਾ ਪਾਵੇਂ ਤਾਂ ਓਥੇ ਤੈਨੂੰ ਏਸ ਅਦਬ ਦੀ ਸੰਥਾ ਮਿਲੇ।

(੭) ਓਥੇ ਜਾ ਕੇ ਬੇਅਦਬ (ਭਾਵਨੀ-ਹੀਣ) ਪੁਰਸ਼ ਭੀ ਅਦਬਾਂ ਵਾਲਾ (ਭੈ ਭਾਵਨੀ ਵਾਲਾ) ਬਣ ਜਾਂਦਾ ਹੈ। ਇਹ ਦੀਵਾ ਫੇਰ ਸਾਰੇ ਜਹਾਨ ਵਿਚ ਉਜਾਲਾ ਕਰਨ ਵਾਲਾ ਹੋ ਜਾਂਦਾ ਹੈ।

(੮) ਹੇ ਅਕਾਲ ਪੁਰਖ ਪਰਮਾਤਮਾ ! ਹਰੇਕ ਬੇਅਦਬ ਪੁਰਸ਼ ਨੂੰ ਅਦਬ ਦਾਨ ਦੇਹ। ਜਾਂ ਤੇ ਉਹ ਆਪਣੀ ਸਾਰੀ ਆਯੂ ਤੇਰੀ ਭਾਉ ਭਗਤੀ (ਸਿਮਰਨ) ਅੰਦਰਿ ਬਤੀਤ ਕਰੇ।

(੯) ਇਹ ਅਦਬ ਉਸ ਪ੍ਰਾਣੀ ਦੇ ਸੀਸ ਦਾ ਤਾਜ ਹੈ ਜੋ ਕਿ ਨਿਮਖ ਸੁਆਸ ਮਾਤ੍ਰ ਭੀ ਸੱਚੇ ਸਿਰਜਨਹਾਰ (ਦੀ ਯਾਦ) ਤੋਂ ਗ਼ਾਫ਼ਿਲ ਨਹੀਂ।

ਇਹ ਭੈ ਹੀ ਹੈ ਜੋ ਬੰਦੇ ਨੂੰ ਬੰਦਗੀ ਅੰਦਰਿ ਸਦਾ ਨਿਰਮਾਣ ਅਤੇ ਨਿਰਵਿਕਾਰ ਰਖਦਾ ਹੈ। ਭੈ ਅਦਬਾਂ ਵਾਲੇ ਬੰਦੇ ਜਿਉਂ ਜਿਉਂ ਬੰਦਗੀ (ਭਾਉ ਭਗਤੀ) ਕਰਦੇ ਹਨ, ਤਿਉਂ ਤਿਉਂ ਸਗੋਂ ਹੋਰ ਨੀਵੇਂ ਹੁੰਦੇ ਜਾਂਦੇ ਹਨ। ਓਹ ਆਪਾ ਕਦੇ ਨਹੀਂ ਜਣਾਉਂਦੇ। ਅਤੇ ਸਰਬ ਦੀ ਰੇਣਕਾ ਹੋ ਕੇ ਰਹਿੰਦੇ ਹਨ। ਓਹਨਾਂ ਦਾ ਮਨ ਸਦਾ ਨੀਵਾਂ ਰਹਿੰਦਾ

ਹੈ। ਇਹ ਓਹਨਾਂ ਦਾ ਉਚ ਮਤਾ ਹੈ। ਯਥਾ ਗੁਰਵਾਕ :

**ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥**
**ਜਾ ਕਾ ਮਨੁ ਹੋਇ ਸਗਲ ਕੀ ਰੀਨਾ॥**
**ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥੬॥੩॥**

*ਗਉੜੀ ਸੁਖਮਨੀ ਮ: ੫, ਪੰਨਾ ੨੬੬*

ਏਸ ਗੁਰਮਤਿ ਭੈ-ਭਾਵਨੀ ਦੇ ਬਿਬੇਕ ਧਾਰਨ ਕਰਿ ਬਿਬੇਕੀ ਜਨ ਨੂੰ ਗੁਰਮਤਿ ਕਰਮਾਂ ਦੀ ਕਮਾਈ ਦਾ ਕਿੰਚਤ ਮਾਤਰ ਭੀ ਸੂਖਮ ਤੋਂ ਸੂਖਮ ਅਹੰਕਾਰ ਨਹੀਂ ਹੁੰਦਾ। ਬਿਬੇਕੀ ਜਨ ਜਿਤਨੇ ਭੀ ਬਿਬੇਕ ਕਰਮ ਕਮਾਉਂਦਾ ਹੈ, ਸਦੀਵ ਏਸੇ ਭੈ-ਭਾਵਨੀ ਦੇ ਪ੍ਰਭਾਵ ਤਲੇ ਕਮਾਉਂਦਾ ਹੈ। ਏਸੇ ਕਰਕੇ ਉਹ ਗੁਰਮਤਿ-ਭੈ-ਬਿਬੇਕ ਮਾਰਗ ਤੋਂ ਕਦੇ ਥਿੜਕਦਾ ਨਹੀਂ। ਤਾਂ ਤੇ ਹਰੇਕ ਸਚਿਆਰ ਬਿਬੇਕੀ ਨੂੰ ਹਰ ਵਕਤ ਸੁਚੇਤ ਹੋ ਕੇ ਰਹਿਣਾ ਚਾਹੀਦਾ ਹੈ ਕਿ ਇਸ ਭੈ-ਭਾਵਨੀ ਵਾਲੀ ਬਿਰਤਿ ਤੋਂ ਕਦੇ ਸੁੰਞਾ ਨਾ ਹੋਵੇ। ਏਥੋਂ ਸੁੰਞਾ ਹੋਇਆ ਤਾਂ ਥਿੜਕਿਆ। ਤਾਂ ਹੀ ਏਸ ਭੈ ਭਾਵਨੀ ਨੂੰ ਭਾਈ ਨੰਦ ਲਾਲ ਜੀ ਨੇ 'ਰਾਹੇ ਖ਼ੁਦਾ' ਦਾ 'ਹਾਦੀ' ਦਸਿਆ ਹੈ। ਇਹ ਭੈ ਜਗਿਆਸੂ ਨੂੰ ਪਾਪ ਵਿਚ ਪ੍ਰਵਿਰਤ ਹੋਣੋਂ ਬਚਾਉਂਦਾ ਹੈ। ਇਹ ਭੈ ਹੀ ਹੈ ਜੋ ਉਸ ਨੂੰ ਸਦਾ ਕੁਕਰਮਾਂ ਤੋਂ ਹੋੜਦਾ ਹਟਕਾਉਂਦਾ ਰਹਿੰਦਾ ਹੈ। ਜਿਸ ਜਗਿਆਸੂ ਦੇ ਸੀਸ ਉਤੇ ਅਕਾਲ ਪੁਰਖ ਦੇ ਇਸ ਭੈ ਦਾ ਤਾਜ ਹੈ, ਓਹ ਸਦਾ ਹੀ ਸਿਮਰਨ ਭਜਨ ਅੰਦਰਿ ਸੁਰਜੀਤ ਰਹਿੰਦਾ ਹੈ। ਤਾਂ ਤੇ ਇਸ ਭੈ-ਭਾਵਨੀ ਵਾਲਾ ਗੁਰਮੁਖਿ ਸਿਖ ਹੋਣਾ ਬਿਕੇਕੀ ਸਿੰਘ ਦੀ ਇਕ ਅਮੁੱਲ ਗੁਣ ਨਿਸ਼ਾਨੀ ਹੈ। ਭੈ ਦੇ ਪ੍ਰਭਾਵ ਕਰਕੇ ਪਿਛੇ ਦੱਸੇ ਅਨੁਸਾਰ ਗੁਰਮਤਿ ਜਗਿਆਸੂ ਨਿਸ਼ਪਾਪ ਅਤੇ ਸ਼ੁਭ-ਕਰਮੀ ਹੋ ਜਾਂਦਾ ਹੈ। ਇਸ ਕਰਕੇ ਓਹ ਜਮ ਦੰਡ ਦੀ ਕਾਣ ਤੋਂ ਭੀ ਰਹਿਤ ਹੁੰਦਾ ਹੋਇਆ ਨਰਕਗਾਮੀ ਹੋਣੋਂ ਸਦਾ ਲਈ ਬਚ ਜਾਂਦਾ ਹੈ ਅਤੇ ਉਸ ਦੇ ਸ਼ੁਭ ਕਰਮ ਨਿਸ਼ਕਾਮ ਕਰਮ ਹੁੰਦੇ ਹਨ, ਇਸ ਕਰਕੇ ਉਸ ਦੀ ਆਤਮ-ਅਵਸਥਾ "ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥ ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥"[1] ਗੁਰਵਾਕ ਦੇ ਹੁਕਮ ਅਨੁਸਾਰੀ ਵਰਤੋਂ ਵਾਲੀ ਹੋ ਜਾਂਦੀ ਹੈ। ਓਹਨਾਂ ਦੀ "ਏਕਹਿ ਆਸਾ ਦਰਸ ਪਿਆਸਾ ਆਨ ਨ ਭਾਵੈ"[2] ਵਾਲੀ ਬਿਰਤੀ ਹੋਣ ਕਰਕੇ ਓਹ ਸਦਾ, "ਰਮਈਆ ਗੁਨ ਗਾਈਐ ਜਾ ਤੇ ਪਾਈਐ ਪਰਮ ਨਿਧਾਨੁ॥"[3] ਦੇ ਉਚ ਬਿਬੇਕ ਦੇ ਕਮਾਵਣਹਾਰੇ ਹੀ ਰਹਿੰਦੇ ਹਨ। ਅਤੇ ਇਸ ਕਮਾਈ ਦੇ ਉਚ ਡੰਡੇ ਤੇ ਅਪੜ ਕੇ ਚੜ੍ਹਦੀ ਕਲਾ ਦੇ ਮਸਤੂਲ ਮਸਤ ਰੰਗਾਂ ਵਿਚ ਰੰਗੇ ਹੋਏ ਅਜਿਹੇ ਸੰਤ ਭਗਤ ਬਿਬੇਕੀ ਜਨਾਂ ਨੂੰ ਹੀ ਇਹ ਕਹਿਣਾ ਸੋਭਦਾ ਹੈ ਕਿ :

**ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥**
**ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥੫॥੩॥**

*ਰਾਮਕਲੀ ਕਬੀਰ ਜੀਉ, ਪੰਨਾ ੯੬੯*

---

1. ਗਉੜੀ ਪੂਰਬੀ ਕਬੀਰ ਜੀ, ਪੰਨਾ ੩੩੭
2. ਆਸਾ ਮ: ੫, ॥੨॥੧੪੭॥ ਪੰਨਾ ੪੦੭
3. ਗਉੜੀ ਪੂਰਬੀ ਕਬੀਰ ਜੀ, ਪੰਨਾ ੩੩੭

ਬਸ, ਗੁਰਮਤਿ ਭੈ ਦੇ ਬਿਬੇਕ-ਧਾਰੀਆਂ ਦਾ ਇਹ ਸਿਧਾਂਤ ਭੀ ਭੈ ਦੀ ਬਿਬੇਕ ਧਾਰਨਾ ਤੋਂ ਹੀ ਉਪੰਨਾ ਹੈ ਕਿ ਓਹ ਕਾਲ ਦੇ ਭੈ ਤੋਂ ਭੀ ਰਹਿਤ ਹੋ ਜਾਂਦੇ ਹਨ। ਇਹ ਭੈ ਸਾਨੂੰ ਪ੍ਰਿਥਮ ਅਕਾਲ ਪੁਰਖ ਦਾ ਅਦਬ ਸਿਖਾਲਦਾ ਹੈ ਅਤੇ ਅਕਾਲ ਪੁਰਖ ਜਿਹਾ ਹੀ ਅਕਾਲੀ ਬਾਣੀ ਦਾ ਅਦਬ ਅਤੇ ਇਸ ਅਕਾਲੀ ਬਾਣੀ ਦੇ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ[1] ਸੱਚੇ ਗੁਰਦੇਵ ਸਮਾਨ ਅਦਬ ਕਰਨਾ ਸਿਖਾਲਦਾ ਹੈ। ਗੁਰਬਾਣੀ ਦੀਆਂ ਪੋਥੀਆਂ ਦਾ ਅਦਬ "ਪੋਥੀ ਪਰਮੇਸਰ ਕਾ ਥਾਨੁ"[2] ਦੇ ਗੁਰਵਾਕ ਅਨੁਸਾਰ ਕਰਨਾ ਕਰਾਉਣਾ, ਇਹ ਭੀ ਬਿਬੇਕੀ ਜਨਾਂ ਦਾ ਸੱਚਾ ਭੈ-ਭਾਵਨੀ ਵਾਲਾ ਬਿਬੇਕ ਕਰਮ ਇਸ ਗੁਰਮਤਿ ਭੈ ਧਾਰਨ ਰੂਪੀ ਹੁਕਮ ਕਮਾਵਣ ਤੋਂ ਉਪੰਨਾ ਹੈ।

## ੧੭. ਗੁਰਦੁਆਰਿਆਂ ਦੀ ਯਾਤ੍ਰਾ ਕਿਉਂ ਕਰਨੀ ਚਾਹੀਦੀ ਹੈ ?

ਏਸ ਭੈ ਅਦਬ ਦੀ ਸ਼੍ਰੇਣੀ ਤਾਬਿਆ ਹੀ ਸਮੂਹ ਗੁਰਦੁਆਰੇ ਸਾਹਿਬਾਨ ਦੀ ਅਦਬ ਯਾਤਰਾ ਦਾ ਹੁਕਮ ਆਉਂਦਾ ਹੈ। ਯਥਾ ਗੁਰਵਾਕ :

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥**
**ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥੨॥੧੯॥**

*ਆਸਾ ਮ: ੪, ਪੰਨਾ ੪੫੦*

ਅੱਜ ਕਲ੍ਹ ਦੇ ਪੱਛਮੀ ਵਿਦਿਆ (ਅਵਿਦਿਆ) ਦੇ ਪੜ੍ਹਾਕੂ ਨਾਮ-ਧਰੀਕ ਸਿੱਖਾਂ ਨੇ ਗੁਰੂ ਦੁਆਰੇ ਅਸਥਾਨਾਂ ਅਗੇ ਸੀਸ ਨਿਵਾਉਣਾ ਅਤੇ ਮਸਤਕ ਟੇਕ ਕੇ ਚਰਨ ਧੂੜਿ ਲਾਉਣਾ ਆਪਣੇ ਮਨ ਦੇ ਮਤੇ ਮੂਜਬ ਹੀ ਮਨਮਤਿ ਸਮਝ ਰਖਿਆ ਹੈ। ਅਜਿਹੇ ਚੰਚਲ-ਮਤੀ ਪੁਰਸ਼ ਜਦੋਂ ਭੀ ਕਿਸੇ ਸਿੰਘ ਬਿਬੇਕੀ ਨੂੰ ਐਸਾ ਕਰਦਾ ਦੇਖਦੇ ਸੁਣਦੇ ਹਨ ਤਾਂ ਕੁਤਰਕ ਟਿੱਚਰਾਂ ਕਰਦੇ ਹਨ। ਓਹਨਾਂ ਨੂੰ ਆਪਣੇ ਹੀ ਅਗਿਆਨ ਅਤੇ ਗੁਰਮਤਿ-ਹੀਣਤਾ ਦਾ ਪਤਾ ਨਹੀਂ ਹੁੰਦਾ। ਏਸ ਗੁਰਮਤਿ-ਹੀਣ ਅਗਿਆਨ ਦੇ ਅਧੀਨ ਹੋਏ ਹੋਏ ਓਹ ਗੁਰਮਤਿ ਦੇ ਗੂੜ੍ਹ ਆਸ਼ੇ ਅਤੇ ਉਚ ਕਮਾਈਆਂ ਤੋਂ ਊਰੇ ਹੀ ਰਹਿ ਜਾਂਦੇ ਹਨ। ਬਿਬੇਕੀ ਗੁਰਮੁਖ ਜਨਾਂ ਦੇ ਸਨਮੁਖ ਗੁਰੂ ਕੇ ਹੁਕਮਾਂ ਦਾ ਪਾਲਣਾ ਕਮਾਉਣਾ ਹੁੰਦਾ ਹੈ। ਓਹਨਾਂ ਹੁਕਮਾਂ ਦੀ ਕਮਾਈ ਫੇਰ ਉਕਤ ਬਿਬੇਕੀਆਂ ਦੀ ਆਤਮ-ਦ੍ਰਿਸ਼ਟ-ਬਿਰਤੀ ਨੂੰ ਏਵਡ ਦਿੱਬ ਅਤੇ ਉੱਚੀ ਕਰ ਦਿੰਦੀ ਹੈ ਕਿ ਜਿਉਂ ਜਿਉਂ ਓਹ ਗੁਰ-ਅਸਥਾਨਾਂ ਉਪਰ ਦੀ ਨਿਛਾਵਰ ਹੁੰਦੇ ਹਨ; ਜਿਉਂ ਜਿਉਂ ਗੁਰ-ਅਸਥਾਨਾਂ ਅਗੋਚਰ ਮਸਤਕ ਨਿਵਾਵੰਦੇ ਅਤੇ ਪ੍ਰਣਾਮ ਬੰਦਨਾ ਕਰਿ ਕਰਿ ਪ੍ਰਕਰਮਾ ਲੈਂਦੇ ਹਨ, ਤਿਉਂ ਤਿਉਂ ਓਹਨਾਂ ਨੂੰ ਪਰਤੱਖ ਗੁਰੂ ਕੀ ਜਾਗਤ ਜੋਤਿ ਦੇ ਕਉਤਕ ਕਟਾਕਸ਼ੀ ਚਮਤਕਾਰੇ ਦਿਦਾਰੇ ਦਰਸਾਰੇ ਹੁੰਦੇ ਹਨ, ਅਤੇ ਜਿਉਂ ਜਿਉਂ ਇਹ ਕਉਤਕ-ਵਰਤਾਰੇ ਅੰਦਰ ਆ ਕੇ ਵਰਤਦੇ ਹਨ ਤਿਉਂ ਤਿਉਂ ਉਕਤ ਅਦਬ ਸਨਮਾਨ ਦੇ ਨਿਛਾਵਰੀ

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਦੇਵ ਸਮਾਨ ਅਦਬ ਸਨਮਾਨ ਕਰਨ ਪ੍ਰਥਾਇ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਗੁਰਦੇਵ" ਨਾਮੇ ਪੁਸਤਕ ਅੰਦਰ ਵਿਸਥਾਰ ਪੂਰਬਕ ਦਸਿਆ ਜਾਵੇਗਾ।
2. ਸਾਰਗ ਮ: ੫, ਪੰਨਾ ੧੨੨੬

ਤਰੀਕਿਆਂ ਭੈ-ਭਾਵਨੀਆਂ ਦੀਆਂ ਗੁਰਮਤਿ ਰਹੁ-ਰੀਤਾਂ ਉਤੇ ਘੋਲੇ ਵਾਰਨੇ ਵੇਂਦਣ ਨੂੰ ਹੋਰ ਭੀ ਸ਼ਰਧਾ-ਭਾਵਨੀਆਂ ਦੀਆਂ ਤੁੰਗਾਂ ਉਠਦੀਆਂ ਹਨ।

## ੧੮. ਇਤਿਹਾਸਕ ਗੁਰ-ਅਸਥਾਨਾਂ ਤੇ ਸ਼ਹੀਦੀ ਸਥਾਨਾਂ ਲਈ ਤਨ ਮਨ ਧਨ ਵਾਰਨਾ ਤੇ ਸ਼ਸਤ੍ਰਾਂ ਦਾ ਸਤਿਕਾਰ :

ਏਹਨਾਂ ਸ਼ਰਧਾ-ਭਿੰਨੀਆਂ ਉਮੰਗਾਂ ਦੇ ਆਤਮ-ਤੁੰਗੀ ਮਰਜੀਵੜੇ ਹੀ ਆਪਣੇ ਗੁਰ-ਅਸਥਾਨਾਂ ਦੀ ਬੇ-ਅਦਬੀ ਨੂੰ ਦੇਖ ਕੇ ਮਰ ਮਿਟਣ ਨੂੰ ਤਿਆਰ ਹੋ ਜਾਂਦੇ ਹਨ ਅਤੇ ਅਜਿਹੇ ਮਰਜੀਵੜਿਆਂ ਦੀਆਂ ਸ਼ਹੀਦੀਆਂ ਅਤੇ ਹੋਰ ਅਨਿਕ ਪ੍ਰਕਾਰੀ ਘਾਲਣਾ ਹੀ ਕੌਮੀ ਜੀਵਨ ਵਿਚ ਜਾਨ ਪਾਉਣ ਦਾ ਰੰਗ ਲਿਆਉਂਦੀਆਂ ਹਨ। ਕਿਉਂਕਿ ਓਹ ਗੁਰਮਤਿ ਭੈ ਦੀ ਕਮਾਈ ਦੁਆਰਾ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੇ ਹੁੰਦੇ ਹਨ ਅਤੇ ਏਸ ਨਿਰਭੈ ਪਦ ਅੰਦਰ ਖੇਡਦਿਆਂ ਹੋਇਆਂ ਜਾਨ ਉਪਰ ਦੀ ਖੇਡ ਜਾਣਾ ਇਕ ਆਤਮ-ਅਨੰਦੀ ਅਵਸਥਾ ਵਿਚ ਅਰੂੜ੍ਹ ਹੋ ਕੇ ਜੋ ਕੁਝ ਭੀ ਉਹ ਆਪਣੇ ਗੁਰ-ਅਸਥਾਨਾਂ ਦੀ ਰਛਿਆ ਨਮਿਤ ਕਰਦੇ ਹਨ, ਸਭ ਗੁਰੂ ਦੀ ਪ੍ਰੇਰਨਾ ਅਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਹੁੰਦਾ ਹੈ। ਕੋਈ ਹੈਂਕੜ ਹੰਕਾਰ ਤੋਂ ਉਪੰਨਾ ਸੰਸਕਾਰ ਨਹੀਂ ਹੁੰਦਾ। ਕਿਸੇ ਨੂੰ ਭੈ ਦੇਣ ਅਤੇ ਭੈ ਦਿਖਾਉਣ ਹਿਤ ਨਹੀਂ ਹੁੰਦਾ। ਪ੍ਰੰਤੂ ਨਿਰਭੈ ਪਦ ਅੰਦਰਿ ਅਰੂੜ੍ਹ ਹੋਣ ਕਰਕੇ ਉਹ ਕਿਸੇ ਦਾ ਭੈ ਭੀ ਨਹੀਂ ਮੰਨਦੇ। ਅਤੇ ਨਾ ਹੀ ਕਿਸੇ ਵਿਡਾਣੀ ਈਨ ਅਤੇ ਦਬਦਬੇ ਹੇਠ ਆ ਕੇ ਆਪਣੇ ਗੁਰ-ਅਸਥਾਨ ਨਮਿਤ ਮਰ ਮਿਟਣ ਵਾਲੀ ਨਿਰਭੈ ਬਿਵਸਥਾ ਤੋਂ ਟਲਦੇ ਹਨ। ਗੁਰੂ ਦੁਆਰੇ ਸਾਹਿਬਾਨ ਅਤੇ ਗੁਰੂ ਘਰ ਦੇ ਸ਼ਹੀਦ ਅਸਥਾਨਾਂ ਦੀ ਸ਼ਾਨ ਇੱਜ਼ਤ ਆਬਰੂ ਕਾਇਮ ਦਾਇਮ ਰਖਣ ਲਈ ਤਨ ਮਨ ਧਨ ਦਾ ਹੋਮ ਦੇਣਾ ਓਹਨਾਂ ਦੀ ਇਕ ਸਹਜ ਸੁਭਾਵੀ ਆਤਮ-ਖੇਡ ਹੈ।

ਗੁਰਦੁਆਰੇ ਸਾਹਿਬਾਨ ਦੇ ਅਦਬ ਸਨਮਾਨ ਤੋਂ ਉਤਰ ਕੇ ਫੇਰ ਸ਼ਸਤ੍ਰਾਂ ਦਾ ਸਨਮਾਨ ਅਦਬ ਭੀ ਐਨ ਗੁਰਮਤਿ ਬਿਬੇਕ ਹੈ। "ਜਿਤੇ ਸਸਤ੍ਰ ਨਾਮੰ ॥ ਨਮਸਕਾਰ ਤਾਮੰ ॥ ਜਿਤੇ ਅਸਤ੍ਰ ਭੇਯੰ ॥ ਨਮਸਕਾਰ ਤੇਯੰ ॥"[1] ਦੇ ਸ੍ਰੀ ਦਸਮੇਸ਼ ਵਾਕ ਦਸਦੇ ਹਨ ਕਿ ਸ਼ਸਤ੍ਰਾਂ ਅਸਤ੍ਰਾਂ ਦਾ ਕੈਸਾ ਅਦਬ ਸਨਮਾਨ ਗੁਰੂ ਘਰ ਅੰਦਰ ਹੈ। ਜੋ ਸ਼ਸਤ੍ਰਧਾਰੀ ਹੋ ਕੇ ਸ਼ਸਤ੍ਰਾਂ ਦਾ ਅਦਬ ਸਨਮਾਨ ਨਹੀਂ ਜਾਣਦਾ ਉਸ ਨੂੰ ਸ਼ਸਤ੍ਰਾਂ ਦੀ ਕਦਰ ਹੀ ਕੀ ? ਧਰਮ-ਯੁਧ-ਅਖਾੜੇ ਵਿਚ ਸ਼ਸਤ੍ਰ ਸਨਮਾਨੀ ਸਿੰਘ ਸੂਰਬੀਰ ਦੀ ਸਦਾ ਜੈ ਹੈ। ਉਸੇ ਸੂਰਬੀਰ ਸਿੰਘ ਨੂੰ ਸ਼ਸਤ੍ਰ ਸ਼ੋਭਦੇ ਹਨ ਜੋ ਸ਼ਸਤ੍ਰਾਂ ਦਾ ਸਨਮਾਨ ਕਰਨਾ ਜਾਣਦਾ ਹੈ। ਜਿਸ ਸ਼ਸਤ੍ਰ ਨੂੰ ਆਮ ਸੰਸਾਰੀ ਤਲਵਾਰ ਆਖਦੇ ਹਨ, ਉਸਦਾ ਪ੍ਰਸਿਧ ਨਾਮ ਗੁਰੂ ਖ਼ਾਲਸਾ ਜੀ ਦੀ ਭਾਸ਼ਾ ਅੰਦਰ ਸ੍ਰੀ ਸਾਹਿਬ ਹੈ। ਜਿਸ ਸ਼ਸਤ੍ਰ ਦੇ ਨਾਮ ਨੂੰ ਹੀ ਇਤਨਾ ਸਨਮਾਨ ਦਿਤਾ ਗਿਆ ਹੈ, ਉਸ ਸ਼ਸਤ੍ਰ ਦੇ ਸਮ੍ਹਾਲ ਕੇ ਰਖਣ ਸਜਾਉਣ ਅਤੇ ਚਲਾਉਣ (ਵਰਤਣ) ਵਿਚ ਤਾਂ ਕੇਵਡ ਵੱਡਾ ਸਨਮਾਨ ਹੋਣਾ ਲੋੜੀਂਦਾ ਹੈ। ਜਿਨ੍ਹਾਂ ਬਿਬੇਕ-ਹੀਣ ਪੁਰਸ਼ਾਂ ਨੂੰ ਇਸ ਸਨਮਾਨ ਅਦਬ ਦੀ ਸਾਰ ਨਹੀਂ, ਓਹ ਅਕਸਰ

---

1. ਬਚਿਤ੍ਰ ਨਾਟਕ, ਅਧਿਆਇ ੧, ਅੰਕ ੯੧

ਸ਼ਸਤ੍ਰ-ਸਨਮਾਨ ਕਰਨਹਾਰੇ ਸਚਿਆਰ ਸਿੰਘ ਨੂੰ ਸ਼ਸਤ੍ਰ-ਪੂਜਕ ਨਾਉਂ ਧਰ ਕੇ ਮਖ਼ੌਲ ਕਰਿਆ ਕਰਦੇ ਹਨ। ਜੋ ਸਿੰਘ ਸੂਰਮੇ ਬਿਬੇਕੀ ਹਨ, ਉਹ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ਼ਸਤ੍ਰਾਂ ਦਾ ਸਨਮਾਨ ਸਿਰੋਂ ਪਰੰਦ ਹੋ ਕੇ ਕਰਦੇ ਹਨ। ਓਹਨਾਂ ਦਾ ਸ਼ਸਤ੍ਰਾਂ ਦਾ ਸਨਮਾਨ ਕਰਨਾ ਗੁਰੂ ਕਲਗੀਧਰ ਜੀ ਖੜਗਧਾਰੀ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ। ਪਰਵਾਹ ਨਹੀਂ ਲੋਕ ਕੁਛ ਭੀ ਮੇਹਣੇ ਮਾਰਨ, ਬਿਬੇਕੀ ਜਨ (ਹੁਕਮ ਕਮਾਵਣਹਾਰੇ ਸਿੰਘ) ਨੂੰ ਸਤਿਗੁਰੂ ਦੇ ਹੁਕਮ ਪਾਲਣ ਦਾ ਭੈ ਸੰਸਾਰੀਆਂ ਦੇ ਮੇਹਣਿਆਂ ਤੁੱਖਣਿਆਂ ਦੇ ਭੈ ਨਾਲੋਂ ਕੋਟਾਨ ਕੋਟਿ ਦਰਜਾ ਅਧਿਕ ਸ੍ਰੇਸ਼ਟ ਹੈ। ਗੁਰੂ ਦਸਮੇਸ਼ ਜੀ ਦੇ ਸਿੰਘ ਸੂਰਮੇ ਸ਼ਸਤ੍ਰ ਜੋ ਧਾਰਨ ਕਰਦੇ ਹਨ, ਸੋ ਲੋਕ-ਦਿਖਾਵੇ ਯਾ ਲੋਕਾਂ ਦੀ ਮਨਾਉਤ ਲਈ ਨਹੀਂ ਕਰਦੇ, ਕੇਵਲ ਸਤਿਗੁਰੂ ਸਾਹਿਬ ਜੀ ਦੇ ਹੁਕਮੀ ਬੰਦੇ ਹੋ ਕੇ ਕਰਦੇ ਹਨ। ਹੁਕਮੀ ਬੰਦੇ ਹੋ ਕੇ ਹੀ ਸ਼ਸਤ੍ਰਾਂ ਦਾ ਸਨਮਾਨ ਕਰਦੇ ਹਨ ਤੇ ਹੁਕਮੀ ਬੰਦੇ ਹੋ ਕੇ ਹੀ ਸ਼ਸਤ੍ਰਾਂ ਨੂੰ ਧਰਮ-ਯੁਧ ਅੰਦਰ ਵਰਤਦੇ ਹਨ। ਇਹ ਨਿਰਭੈ ਅਕਾਲੀ ਪੰਥ ਹੀ ਸ੍ਰੀ ਦਸਮੇਸ਼ ਜੀ ਨੇ ਧਰਮ-ਰਖਿਆ ਲਈ ਚਲਾਇਆ ਹੈ। ਭੈ ਦੇਣਹਾਰੇ ਅਧਰਮੀ ਅਤਿਆਚਾਰੀ ਜਰਵਾਣਿਆਂ ਪਾਸੋਂ ਦੀਨਾਂ ਗਰੀਬਾਂ ਦੀ ਰਖਿਆ ਕਰਨ ਹਿਤ ਜਦ ਭੀ ਲੋੜ ਪਵੇ ਅਤੇ ਜਦੋਂ ਭੀ ਗੁਰੂ ਅਤੇ ਗੁਰੂ ਪੰਥ ਦੀ ਆਗਿਆ ਹੋਵੇ ਤਦੋਂ ਹੀ ਕਾਲ ਦੇ ਭੈ ਤੋਂ ਨਿਰਭੈ ਅਕਾਲੀ ਵੀਰ ਸ਼ਸਤ੍ਰਾਂ ਦੀ ਸਹਾਇਤਾ ਦੁਆਰਾ ਹੀ ਦੁਰਜਨ ਸ਼ਤਰੂਆਂ ਦਾ ਖੈ ਕਰ ਕੇ ਦੀਨਾਂ ਦੀ ਰਖਿਆ ਕਰਨਗੇ ਅਤੇ ਜਦ ਕਦੇ ਭੀ ਧਰਮ ਦੀ ਹਾਨੀ ਦਾ ਹੋਰ ਕੋਈ ਇਲਾਜ ਸ਼ਸਤ੍ਰ ਉਠਾਏ ਬਗ਼ੈਰ ਨਾ ਹੋ ਸਕਦਾ ਹੋਵੇ ਤਾਂ ਨਿਧੜਕ ਅਤੇ ਨਿਸੰਗ ਸ਼ਸਤ੍ਰ ਫੜ ਕੇ ਧਰਮ-ਯੁਧ ਅੰਦਰ ਜੁਟ ਜਾਣਗੇ। ਸ੍ਰੀ ਦਸਮੇਸ਼ ਜੀ ਦੇ ਅਵਤਾਰ ਧਾਰਨ ਅਤੇ ਇਹ ਅਵਤਾਰੀ ਸ਼ਸਤ੍ਰਧਾਰੀ ਨਿਰਭੈ ਨਿਰੰਕਾਰੀ ਖਾਲਸਾ (ਅਕਾਲੀ) ਪੰਥ ਚਲਾਵਣ ਦਾ ਜੋ ਅਸਲ ਅਭਿਪਰਾ ਹੈ, ਉਹ ਸ੍ਰੀ ਦਸਮੇਸ਼ ਜੀ ਦੇ ਹੇਠ ਲਿਖੇ ਸ੍ਰੀ ਮੁਖਵਾਕ ਬਚਨ ਤੋਂ ਸਪੱਸ਼ਟ ਸਿਧ ਹੈ। ਯਥਾ:

> **ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥**
> **ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨ ਪਕਰਿ ਪਛਾਰੋ॥੪੨॥**
> **ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥**
> **ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥੪੩॥**
>
> *ਬਚਿਤ੍ਰ ਨਾਟਕ ਪਾ: ੧੦, ਅਧਿ: ੬*

ਇਸ ਪ੍ਰਕਾਰ ਦੇ ਧਰਮ-ਯੁਧ ਦੇ ਸਿਧਾਂਤ ਤੋਂ ਸੱਖਣੇ ਕਿਸੇ ਹੋਰ ਮਨੋਰਥ ਲਈ ਸ਼ਸਤ੍ਰਧਾਰੀ ਖਾਲਸਾ ਜੀ ਨੂੰ ਸ਼ਸਤ੍ਰ ਉਠਾਉਣ ਦੀ ਆਗਿਆ ਨਹੀਂ। ਧਰਮ-ਰਖਿਆ ਲਈ ਧਰਮ-ਯੁਧ ਦਾ ਸਿਧਾਂਤ-ਆਦਰਸ਼ ਸਦੀਵ ਲਈ ਅਟੱਲ ਦਸ਼ਾ ਵਿਚ ਨਿਯਤ ਹੋ ਗਿਆ ਅਤੇ ਸ਼ਸਤ੍ਰਧਾਰੀ ਗੁਰੂ ਖ਼ਾਲਸਾ ਪੰਥ ਦੀ ਅਕਾਲੀ ਸਾਜਨਾ ਭੀ ਅਟੱਲਤਾ ਸਹਿਤ ਸਥਾਪਨ ਹੋ ਗਈ, ਹੁਣ ਜੋ ਇਸ ਅਟੱਲ ਤੇ ਅਕਾਲੀ ਆਦਰਸ਼ ਅੰਦਰ ਅਦਲਾ ਬਦਲੀ ਅਥਵਾ ਹੋਰ ਕਿਸੇ ਪ੍ਰਕਾਰ ਦੀ ਗੜਬੜ ਕਰੇਗਾ ਸੋ ਸ੍ਰੀ ਦਸਮੇਸ਼ ਜੀ ਦੇ ਆਦਰਸ਼ੀ ਸਿਧਾਂਤ ਅਤੇ ਅਟੱਲ ਅਕਾਲੀ ਹੁਕਮਾਂ ਤੋਂ ਬੇਮੁਖ ਹੋਵੇਗਾ। ਕੇਵਲ ਪੇਟ ਪਾਲਣ ਦੀ ਖ਼ਾਤਰ ਭਾਟੜਿਆਂ ਆਦਿ ਡਿੰਭ-ਧਾਰੀਆਂ ਨਿਆਈਂ ਸ਼ਸਤ੍ਰਧਾਰੀ ਸਿੰਘ ਸੱਜਣ ਸ੍ਰੀ ਖੜਗਧਾਰੀ ਦਸਮੇਸ਼ ਜੀ ਦੇ ਹੁਕਮਾਂ ਤੋਂ ਉਲਟ ਹੈ। ਆਪ ਭੈ ਮੰਨਣਹਾਰੇ

ਅਤੇ ਹੋਰਨਾਂ ਨੂੰ ਭੈ ਦੇਣਹਾਰੇ ਸੰਸਾਰੀ ਮਾਇਕ ਮਨੋਰਥਾਂ ਲਈ ਵੈਰ ਵਿਰੋਧ ਕਮਾਵਣਹਾਰੇ ਜਰਵਾਣਿਆਂ ਦੇ ਖਲਦਲਾਂ ਵਿਚ ਕੇਵਲ ਉਪਜੀਵਕਾ ਹਿਤ ਲੋਭ ਲਹਿਰ ਦੇ ਮਾਰੇ ਸ਼ਸਤ੍ਰਧਾਰੀ ਬਣ ਕੇ ਚਾਕਰੀਆਂ ਕਰਨੀਆਂ ਸ਼ਸਤ੍ਰਧਾਰੀ ਪਦ ਨੂੰ ਲਾਜ ਲਾਉਣਾ ਹੈ। ਸਿੰਘ ਸ਼ਸਤ੍ਰਧਾਰੀ ਜੇਕਰ ਅਜਿਹੇ ਜਰਗਿਆਂ ਵਿਚ ਜਾ ਕੇ ਕੇਵਲ ਉਪਜੀਵਕਾ ਨਮਿਤ ਨੌਕਰ ਹੋਣਗੇ ਤਾਂ ਓਹਨਾਂ ਦੀ ਸੂਰਮਤਾਈ ਨੂੰ ਵੱਟਾ ਹੀ ਨਹੀਂ ਲਗੇਗਾ, ਬਲਕਿ ਸੂਰਮਤਾਈ ਦੀ ਅਸਲ ਸਪਿਰਟ ਹੀ ਓਹਨਾਂ ਦੇ ਅੰਦਰ ਨਹੀਂ ਰਹੇਗੀ। ਸੂਰਮਤਾਈ ਸੂਰਬੀਰਤਾ ਦੀ ਸਪਿਰਟ ਬਿਹੂਣ ਸਿੰਘ ਕਾਹਦਾ ? ਸਿੰਘ ਸੂਰਮਾ ਓਹ ਹੈ, ਜੋ ਬੀਰ ਰਸ ਦੇ ਨਿਰਭੈ ਪਦ ਅਤੇ ਚੜ੍ਹਦੀ ਕਲਾ ਵਿਚ ਖੇਲ੍ਹਦਾ ਹੈ। ਅਤੇ ਨਿਰਭੈਤਾ ਤੇ ਚੜ੍ਹਦੀ ਕਲਾ ਓਥੇ ਹੈ ਜਿਥੇ ਲੋਭ ਲਹਿਰ ਨਹੀਂ; ਜਿਥੇ ਮਾਇਕ ਮਨੋਰਥ ਨਹੀਂ; ਜਿਥੇ ਮਾਇਆਵੀ ਜੀਵਾਂ ਦੀ ਮੁਥਾਜੀ ਨਹੀਂ; ਜਿਥੇ ਗੁਰੂ ਅਕਾਲ ਪੁਰਖ ਤੋਂ ਛੁਟ ਅਤੇ ਗੁਰੂ ਪੰਥ ਦੀ ਆਗਿਆ ਤੋਂ ਉਲਟ ਹੋਰ ਕਿਸੇ ਦੀ ਈਨ ਮਨੌਤੀ ਨਹੀਂ। ਜਿਥੇ ਏਸ ਪ੍ਰਕਾਰ ਦੀ ਕਾਣ ਹੈ, ਉਥੇ ਨਿਰਭੈ ਪਦ ਕਿਥੇ ? ਅਤੇ ਨਿਰਭੈ ਪਦ ਵਾਲੀ ਨਿਰਭੈਤਾ ਬਿਹੂਣ ਸ੍ਰੀ ਸਾਹਿਬ ਸਾਰਖੇ ਸ਼ਸਤ੍ਰ ਨੂੰ ਧਾਰਨ ਕਰਨਾ ਸ੍ਰੀ ਸਾਹਿਬ ਦੀ ਬੇਅਦਬੀ ਕਰਨਾ ਹੈ।

## ੧੯. ਚੜ੍ਹਦੀਆਂ ਕਲਾਂ ਦਾ ਬੀਰ-ਰਸ :

ਸ੍ਰੀ ਸਾਹਿਬ ਦਾ ਸੱਚਾ ਸਨਮਾਨ ਸ਼ਸਤ੍ਰਧਾਰੀ ਖ਼ਾਲਸਾ ਜੀ ਲਈ ਨਿਰਭੈ ਪਦ ਦੇ ਦਾਤੇ ਸ੍ਰੀ ਕਲਗੀਧਰ ਜੀ ਨੇ ਇਸ ਪ੍ਰਕਾਰ ਵਰਣਨ ਕੀਤਾ ਹੈ:

**ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ ॥**
**ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥**
**ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ॥**
**ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਨ ਮਮ ਪ੍ਰਤਿਪਾਰਣ ਜੈ ਤੇਗੰ ॥੨॥**
*ਤ੍ਰਿਭੰਗੀ ਛੰਦ, ਬਚਿਤਰ ਨਾਟਕ ਪਾ: ੧੦, ਅਧਿ: ੧*

ਭੈ ਦੇਣਹਾਰਿਆਂ ਖਲਦਲੀ ਜਰਵਾਣਿਆਂ ਦੇ ਜ਼ੋਰ ਜ਼ੁਲਮ ਤੋਂ ਸ੍ਵਤੰਤਰਤਾ ਦੇਣਹਾਰੀ ਇਹ ਸ੍ਰੀ ਸਾਹਿਬ ਹੈ ਅਤੇ ਅਵਸਰ ਪਏ ਤੇ ਕੇਵਲ ਸ੍ਰੀ ਸਾਹਿਬ ਦਾ ਸਹਾਰਾ ਲੈਣਾ ਹੀ ਗੁਣਕਾਰੀ ਹੈ। ਅਤੇ ਇਸ ਸਹਾਇਤਾ ਸਹਾਰੇ ਨਮਿਤ ਸ੍ਰੀ ਸਾਹਿਬ ਦਾ ਵਰਤਣਾ ਪੂਰਨ ਧਰਮ ਨਿਆਉਂ ਅਤੇ ਪਰਲੇ ਦਰਜੇ ਦਾ ਪਰਉਪਕਾਰ ਹੈ। ਏਸੇ ਪਰਉਪਕਾਰ ਨਮਿਤ ਹੀ ਸ੍ਰੀ ਦਸਮੇਸ਼ ਪਿਤਾ ਜਗਤ ਵਿਖੇ ਪਠਾਏ ਗਏ ਅਤੇ ਏਸੇ ਪਰਉਪਕਾਰ ਪੁੰਜ ਪਿਤਾ ਸ੍ਰੀ ਦਸਮੇਸ਼ ਜੀ ਨੇ ਅਕਾਲੀ ਖਾਲਸਾ ਪੰਥ ਅਕਾਲ ਪੁਰਖ ਦੀ ਖ਼ਾਸ ਆਗਿਆ ਅਨੁਸਾਰ ਚਲਾਇਆ। ਸ੍ਰੀ ਦਸਮੇਸ਼ ਬਿਥਾਰੇ ਏਸ ਪਰਉਪਕਾਰ ਦੇ ਆਦਰਸ਼ (ideal) ਨੂੰ ਛਡ ਕੇ ਕਿਸੇ ਹੋਰਸ ਦੇ ਚਲਾਏ ਆਦਰਸ਼ ਦੇ ਪਿਛੇ ਖ਼ਾਲਸਾ ਜੀ ਦਾ ਲਗਣਾ ਨਾ-ਕੇਵਲ ਸ੍ਰੀ ਦਸਮੇਸ਼ ਜੀ ਦੇ ਚਲਾਏ ਅਟੱਲ ਆਦਰਸ਼ ਤੋਂ ਬੇਮੁਖ ਹੋਣਾ ਹੈ, ਬਲਕਿ ਪਰਉਪਕਾਰ ਦੇ ਉਚ ਪਉੜੇ ਤੋਂ ਹਿਠਾਹਾਂ ਡਿੱਗਣਾ ਹੈ। ਮਗਰ ਯਾਦ ਰਹੇ ਕਿ ਇਹ ਪਰਉਪਕਾਰ ਦਾ ਨਿਰਭੈ ਪਦ, ਨਾਮ ਮਹਾਂ ਰਸ ਦੀ ਕਮਾਈ

ਦਾ ਸਿਖਰਲਾ ਡੰਡਾ ਹੈ । ਏਥੇ ਅਤੇ ਏਥੇ ਅਪੜ ਕੇ ਹੀ ਪੁਰਸ਼ ਪਰਉਪਕਾਰੀ ਹੋ ਸਕਦਾ ਹੈ । ਜਿਨ੍ਹਾਂ ਦੇ ਪ੍ਰਮਾਰਥੀ ਜੀਵਨ ਆਤਮ ਬਲ ਦੇ ਤਾਣ ਆਪੇ ਤੋਂ ਉਚੇ ਹੋ ਚੁਕੇ ਹਨ; ਜਿਨ੍ਹਾਂ ਦੀ ਆਤਮ-ਬਿਰਤੀ ਭਜਨ ਬਾਣੀ ਦੇ ਪ੍ਰਤਾਪ ਨਾਲ ਦੇਹ-ਅਧਿਆਸ ਤੋਂ ਰਹਿਤ ਹੋ ਚੁਕੀ ਹੈ; ਜੋ ਨਾਮ ਰਸਾਇਣੀ ਅਮਲ (ਨਸ਼ੇ) ਨਾਲ ਖੀਵੇ ਹੋ ਕੇ ਦੇਹੋਂ ਬਿਦੇਹ ਹੋ ਚੁਕੇ ਹਨ; ਜਿਨ੍ਹਾਂ ਦੀ ਅਮਲੀ ਭਗਤਿ-ਕਮਾਈ "ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ ਜਬ ਆਪਾ ਪਰਕਾ ਮਿਟਿ ਗਇਆ ਜਤ ਦੇਖਉ ਤਤ ਤੂ"[1] ਦੀ ਪਦਵੀ (ਮੰਜ਼ਲ) ਤੀਕ ਪਹੁੰਚ ਚੁਕੀ ਹੈ ; ਜਿਨ੍ਹਾਂ ਦੇ ਰਗੋਂ ਰੇਸ਼ੇ ਅੰਦਰ ਚੜ੍ਹਦੀਆਂ ਕਲਾ ਵਾਲਾ ਬੀਰ ਰਸ ਹਰ ਦਮ ਠਾਠਾਂ ਮਾਰਿ ਮਾਰਿ ਉਠਦਾ ਹੈ, ਓਹੀ, ਕੇਵਲ ਓਹ ਪੁਰਸ਼ ਹੀ ਪਰਉਪਕਾਰੀ ਬਣ ਸਕਦੇ ਹਨ ।

## ੨੦. ਸਿਖ ਸ਼ਹੀਦਾਂ ਦਾ ਬੀਰ-ਰਸ :

ਪਰਉਪਕਾਰ ਨਮਿਤ ਬੀਰ-ਰਸ ਦੇ ਅੰਤਰਿ ਆਤਮੇ ਹੋਣ ਤੋਂ ਭਾਵ ਇਹ ਹੈ ਕਿ ਸਾਹਮਣੇ ਦੀਨਾਂ ਦੁਖੀਆਂ ਉਪਰ ਜਬਰ ਹੋ ਰਿਹਾ ਹੋਵੇ, ਧਰਮ ਦੀ ਹਾਨੀ ਹੋ ਰਹੀ ਹੋਵੇ ਅਤੇ ਅਨਿਆਉਂ ਅਤਿਆਚਾਰ ਦਾ ਬਜ਼ਾਰ ਗਰਮ ਹੋਵੇ, ਓਥੇ ਜਿਸ ਦੇ ਰਿਦੰਤਰਿ ਦੀਨ-ਰਖਿਆ ਅਤੇ ਹਤਿਆ ਹਤਨ ਦੇ ਅਗੰਮੀ ਵਲਵਲੇ ਉਠਣ, ਪ੍ਰੰਤੂ ਵੈਰ ਵਿਰੋਧ ਤੇ ਕ੍ਰੋਧ ਹੰਕਾਰ ਦੀ ਅੰਸ਼ ਮਾਤਰ ਭੀ ਏਹਨਾਂ ਵਲਵਲਿਆਂ ਅੰਦਰਿ ਨਾ ਹੋਵੇ, ਅਤੇ ਇਹ ਵਲਵਲੇ ਤਨ ਮਨ ਧਨ ਅਤੇ ਸਰਬੰਸ ਵਾਰ ਦੇਣ ਦਾ ਅਮਲੀ ਜਾਮਾ ਪਹਿਰਾਉਣ ਦੀ ਤਾਰ-ਬਰਕੀ ਕਲਾ ਵਰਤਾ ਦੇਣ, ਤਾਂ ਜਾਣੀਐ ਕਿ ਬੀਰ-ਰਸ ਵਾਲਾ ਪਰਉਪਕਾਰੀ ਜੀਵਨ ਉਤਪੰਨ ਹੋ ਗਿਆ ਹੈ । ਜਿਉਂ ਜਿਉਂ ਏਸ ਬੀਰ-ਰਸ ਦੀ ਤਾਰ-ਕਲਾ ਅੰਦਰਿ ਫਿਰਦੀ ਹੈ, ਤਿਉਂ ਤਿਉਂ ਨਾਮ ਦਾ ਖੰਡਾ ਦੂਣ ਸਵਾਇਆ ਖੜਕਦਾ ਹੈ । ਅੰਤਰ ਇਹ 'ਨਾਮ ਦਾ ਖੰਡਾ' ਖੜਕਦਾ ਹੋਵੇ ਅਤੇ ਬਾਹਰ ਨਿਜ ਭੁਜ ਬਲ ਤੋਂ ਬਾਹਯ-ਮੁਖੀ ਸ਼ਤਰੂਆਂ ਦੁਸ਼ਟਾਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ ਖੰਡਾ ਖੜਕ ਰਿਹਾ ਹੋਵੇ, ਅਤੇ ਅੰਦਰਲੀ ਲਿਵਤਾਰ ਨਿਮਖ ਮਾਤਰ ਭੀ ਨਾ ਟੁਟੇ, ਏਹ ਬੀਰ-ਰਸ ਅਤੇ ਪਰਉਪਕਾਰੀ ਯੋਧੇ ਦੇ ਵਾਸਤਵੀ ਲੱਛਣ ਹਨ । ਵਾਹ ! ਵਾਹ ! ਏਸ ਬਿਵਸਥਾ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਇਹ ਮੁਖਵਾਕ ਕਿਹਾ ਸੁੰਦਰ ਫਬਦਾ ਹੈ । ਯਥਾ :

> ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥
> ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ ॥
> ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜਿਆਰੈ ॥
> ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ ॥੨੪੯੨॥
>
> *ਦਸਮ ਗ੍ਰੰਥ, ਕ੍ਰਿਸ਼ਨ ਅਵਤਾਰ*

ਪਰਉਪਕਾਰੀ ਬੀਰ ਨੂੰ ਮਰਨ ਕਾਲ ਦਾ ਤ੍ਰਾਸ ਨਹੀਂ, ਮਰ ਮਿਟਣ ਦੀ ਪਰਵਾਹ ਨਹੀਂ, ਲੱਖਾਂ ਖੂਹਣੀਆਂ ਦੇ ਮੁਖ਼ਾਲਫ਼ ਲਸ਼ਕਰਾਂ ਦਾ ਭੈ ਨਹੀਂ । ਓਹ ਆਪ ਜੀਵਨ-

1. ਸਲੋਕ ਕਬੀਰ ਜੀ, ਅੰਕ ੨੦੪, ਪੰਨਾ ੧੩੭੫

ਮੁਕਤ ਹੈ ਅਤੇ ਜਿਨ੍ਹਾਂ ਨੂੰ ਤਲਵਾਰ ਦੇ ਘਾਟ ਪਾਰ ਉਤਾਰਦਾ ਹੈ, ਓਹਨਾਂ ਨੂੰ ਸ਼ਹੀਦੀ ਦਾ ਸ਼ਰਬਤ ਚਖਾਉਂਦਾ ਅਤੇ ਮੁਕਤ ਕਰਾਉਂਦਾ ਹੈ। ਓੜਕ ਆਪ ਭੀ ਸ਼ਹੀਦੀ ਮਰਤਬਾ ਪਾਉਂਦਾ ਹੈ। ਉਸ ਦੇ ਹੱਥੋਂ ਮਰਦਾ ਮਰਾਉਂਦਾ ਕੋਈ ਨਹੀਂ, ਬਲਕਿ ਹਰ ਕੋਈ ਉਸ ਦੀ ਸ੍ਰੀ ਸਾਹਿਬ ਦੀ ਭੇਟਾ ਹੋ ਕੇ ਅਮਰ-ਪਦਵੀ ਪਾਉਂਦਾ ਹੈ। ਇਹੀ ਕਾਰਨ ਸੀ ਕਿ ਸ਼ਤਰੂ ਦਲ ਵਿਚੋਂ ਜਿਸ ਕਿਸੇ ਨੂੰ ਭੀ ਸ੍ਰੀ ਦਸਮੇਸ਼ ਜੀ ਦਾ ਤੀਰ ਵਿੰਨ੍ਹਦਾ ਸੀ, ਉਸ ਨੂੰ ਸੁਆਦ ਆ ਜਾਂਦਾ ਸੀ, ਪੀੜ ਨਹੀਂ ਸੀ ਪ੍ਰਤੀਤ ਹੁੰਦੀ, ਸਗੋਂ ਵਾਹ ਵਾਹ ਕਰਦਾ ਹੋਇਆ ਅਮਰ ਅਨੰਦੀ ਹੋ ਜਾਂਦਾ ਸੀ। ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ। ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਖੰਡੇ ਦਾ ਸ਼ਹੀਦੀ ਰਸ ਚਖ ਕੇ ਵੈਰ ਵਿਰੋਧ ਦੀ ਅਗਨੀ ਨਾਲ ਸੜੇ ਹੋਏ ਹਿਰਦੇ ਭੀ ਸੀਤਲ ਅਤੇ ਸ਼ਾਂਤ ਹੋ ਜਾਂਦੇ ਸਨ। ਸ਼ਹੀਦ ਬਾਬੇ ਦਾ ਸੀਸ ਧੜ ਤੋਂ ਉਤਰਿ ਗਇਆ ਹੈ, ਨਾਮ ਦਿਆਂ ਰੰਗਾਂ ਸਹਿਤ ਲਾਲੋ ਲਾਲ ਹਸਮੁਖੀ ਚੇਹਰੇ ਦਾ ਸ਼ਾਂਤ-ਮਈ ਨੂਰ ਜਿਉਂ ਕਾ ਤਿਉਂ ਦਗ ਦਗ ਕਰਦਾ ਹੈ। ਸੀਸ ਧੜ ਦੀ ਬਾਜ਼ੀ ਵਿਚ ਸੁਰਖ਼ਰੂ ਹੋ ਚੁਕੇ ਸ਼ਹੀਦ ਬਾਬੇ ਦਾ ਸੀਸ, ਬਾਬੇ ਦੀ ਬਾਂਵੀ ਭੁਜਾ ਉਤੇ ਬਿਰਾਜਮਾਨ ਹੁੰਦਾ ਹੋਇਆ ਸ਼ਹੀਦੀ ਪਿੜ ਦੇ ਖਿਡਾਰੀਆਂ ਦੇ ਹੱਲੇ ਦਾ ਨਜ਼ਾਰਾ ਵੇਖਿ ਵੇਖਿ ਵਿਗਸ ਰਿਹਾ ਹੈ ਅਤੇ ਸੀਸੋਂ ਸੱਖਣਾ ਧੜ ਦਹਿਣੀ ਭੁਜ ਬਲ ਦੇ ਸਹਾਰੇ ਖੰਡਾ ਉਲਾਰ ਉਲਾਰ ਕੇ ਸੈਂਕੜਿਆਂ ਨੂੰ ਪਾਰ ਬੁਲਾ ਰਿਹਾ ਹੈ। ਨਹੀਂ ਨਹੀਂ, ਸ਼ਹੀਦੀ ਦਾ ਸ਼ਰਬਤ ਚਖਾ ਰਿਹਾ ਹੈ। ਅਤੇ ਤਿੰਨ ਮੀਲ ਲਗਾਤਾਰ ਇਹ ਬਹਾਰ ਬੱਝੀ ਤੁਰੀ ਜਾਂਦੀ ਹੈ, ਜਿਸ ਦਾ ਸਾਰ ਇਹ ਨਿਕਲਦਾ ਹੈ ਕਿ ਟਿੱਡੀ ਦਲ ਸ਼ਤਰੂਆਂ ਦੀ ਫ਼ੌਜ ਇਕ ਆਣ ਵਿਚ ਖੇਰੂੰ ਖੇਰੂੰ ਹੋ ਜਾਂਦੀ ਹੈ। ਇਸ ਬਿਰਤਾਂਤ ਦੀ ਗਵਾਹੀ ਇਤਿਹਾਸ ਦੇ ਰਹੇ ਹਨ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਪਵਿੱਤਰ ਪਰਉਪਕਾਰੀ ਨਾਮ ਜੁਗਾਂ ਪ੍ਰਯੰਤ ਸਫ਼ਾ-ਏ-ਹਸਤੀ ਉਤੇ ਕਾਇਮ ਰਹੇਗਾ। ਗੁਰੂ ਘਰ ਦੇ ਪਰਉਪਕਾਰ ਦੇ ਪੁਤਲਿਆਂ ਦੀ ਸੂਰਬੀਰਤਾ ਦਾ ਇਕੋ ਵੰਨਗੀ ਪੂਰਬਕ ਉਦਾਹਰਣ, ਬੀਰ-ਰਸੀ ਪਰਉਪਕਾਰ ਦੀ ਸ਼ਾਂਤ-ਕਲਾ ਵਾਲੀ ਬਿਵਸਥਾ ਜਣਾਵਣ ਹਿਤ ਕਾਫ਼ੀ ਤੋਂ ਭੀ ਵਧੀਕ ਹੈ। ਇਹ ਆਦਰਸ਼ ਹੈ ਬੀਰ-ਰਸ ਅਤੇ ਸ਼ਾਂਤ-ਰਸ ਸੰਯੁਕਤੀ (ਸੰਗਮੀ) ਗੁਰਮਤਿ ਪਰਉਪਕਾਰ ਦਾ। ਇਸ ਤੋਂ ਸਾਫ਼ ਸਿੱਟਾ ਨਿਕਲਦਾ ਹੈ ਕਿ ਕੇਵਲ ਦੇਹੋਂ ਬਿਦੇਹ ਹੋ ਕੇ ਸੀਸ ਤਲੀ ਤੇ ਰਖਣ ਵਾਲੇ ਅਤੁਟ ਲਿਵਤਾਰ ਦੇ ਧਨੀ ਗੁਰਮੁਖਿ ਪਿਆਰੇ ਹੀ ਪਰਉਪਕਾਰੀ ਬੀਰ-ਰਸੀਏ ਬਿਬੇਕੀ ਜਨ ਬਣ ਸਕਦੇ ਹਨ।

## ੨੧. ਬੀਰ-ਰਸ ਤੇ ਸ਼ਾਂਤ-ਰਸ ਅਭੇਦ, ਸਿਖ ਸ਼ਹੀਦਾਂ ਦੀ ਸ਼ਾਂਤ ਲੀਲ੍ਹਾ :

ਜਿਨ੍ਹਾਂ ਦੀ ਲਿਵ ਐਨੀ ਪੱਕ ਚੁੱਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਤੁੱਟੇ ਅਤੇ ਨੂਰ, ਮੱਥੇ ਦਾ ਖਿੜਾਉ ਅਤੇ ਅੰਤ੍ਰੀਵੀ ਸ਼ਾਂਤ ਰਹਸ ਜਿਉਂ ਕਾ ਤਿਉਂ ਬਣਿਆ ਰਹੇ ਓਹੀ ਸੱਚੇ ਸੂਰਮੇ ਹਨ। ਓਹ ਕੀ ਤਾਕਤ ਹੈ ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜੀ ਜਿਹੇ ਸੂਰਬੀਰ ਸ਼ਾਂਤ-ਰਸ ਦੇ ਪੁਤਲਿਆਂ ਨੂੰ ਅਡੋਲ ਰਖਿਆ ? ਓਹ ਕਿਹੜੀ ਸ਼ਕਤੀ ਹੈ ਜਿਸ ਨੇ ਦੂਲੇ ਭਾਈ ਬੀਰ ਸਿੰਘ ਜੀ ਨੂੰ ਦੜਾ ਦੜ ਪੈਂਦੀਆਂ ਤੋਪਾਂ ਦੀ ਬੁਛਾੜ ਵਿਚ ਪਹਾੜ

ਦੀ ਨਿਆਈਂ ਅਚੱਲ ਅਤੇ ਅਹਿਲ ਸਮਾਧੀ ਵਿਚ ਇਸਥਿਤ ਬਿਠਾਈ ਰਖਿਆ ? ਓਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰੇ ਜਾਂਦਿਆਂ ਅਤੇ ਭਾਈ ਦਇਆਲਾ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ ਸਮਾਨ ਬਿਰਤ ਅਤੇ ਕਸ਼ਟ ਮਹਿਸੂਸ ਕਰਨੋਂ ਰਹਿਤ ਰਖਿਆ ? ਓਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸ ਨੇ ਕਿ ਅੰਗ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉਤੇ ਚੜ੍ਹ ਕੇ ਜਰਖੜੇ ਜਾਂਦਿਆਂ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ ਸੀ ਤਕ ਉਚਾਰਨ ਦਾ ਫੁਰਨਾ ਨਹੀਂ ਫੁਰਨ ਦਿੱਤਾ ? ਇਹ ਕੇਵਲ ਓਹ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ; ਇਹ ਮਹਾਂ ਅਨੰਦ ਰਸੀ ਗੰਭੀਰਤਾ ਦੀ ਆਤਮ ਮੌਜ ਹੈ; ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ ਹੈ; ਇਹ ਦੁਖ ਸੁਖ ਸਮ ਕਰਿ ਜਾਨਣ ਵਾਲੀ ਸੱਚੀ ਸ਼ਾਂਤ-ਸਮਾਈ ਹੈ; ਇਹ ਆਤਮ-ਰੰਗਾਂ ਦੀ ਉਚੀ ਬਿਵਸਥਾ ਹੈ; ਇਹ ਸੱਚੀ ਭੈ-ਭਾਵਨੀ ਉਪੰਨਾ ਨਿਰਭੈ ਪਦ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗ਼ੈਰ ਸੱਚਾ ਬੀਰ-ਰਸ, ਪਰਉਪਕਾਰ ਰਤੰਨਾ ਬੀਰ-ਰਸ ਬਣਿ ਆਉਣਾ ਅਸੰਭਵ ਹੈ। ਏਥੇ ਬੀਰ-ਰਸ ਤੇ ਸ਼ਾਂਤ-ਰਸ ਅਭੇਦ ਹੈ।

ਸ਼ਾਂਤ-ਰਸ ਇਸ ਗੱਲ ਦਾ ਨਾਉਂ ਨਹੀਂ ਕਿ ਦੁਖ ਸੁਖ ਪ੍ਰਤੀਤ (ਮਹਿਸੂਸ) ਕੀਤਾ ਜਾਵੇ। ਅਰਥਾਤ, ਦੁਖ ਨੂੰ ਸੁਖ ਦੇ ਮੁਕਾਬਲੇ ਵਿਚ ਦੁਖ ਕਰ ਕੇ ਜਾਣਿਆ ਬੁਝਿਆ (ਪ੍ਰਤੀਤ ਕੀਤਾ) ਜਾਵੇ। ਪ੍ਰੰਤੂ ਦੁਖ ਦੀ ਨਵਿਰਤੀ ਦਾ ਕੋਈ ਹੋਰ ਉਪਾਉ ਨਾ ਹੁੰਦਾ ਦੇਖ ਕੇ ਸਿਰ ਪਇਆ ਦੁਖ ਸਹਿਣਾ ਪਵੇ। ਅਥਵਾ, ਦੁਖਦਾਈ ਜਰਵਾਣਿਆਂ ਦੀ ਜ਼ਬਰਦਸਤ ਤਾਕਤ ਦੇਖ ਕੇ ਦੜ ਵੱਟੀ ਜਾਵੇ। ਜਦ ਹੋਰ ਕੋਈ ਉਪਾਉ ਨਾ ਰਿਹਾ ਹੋਵੇ, ਬਾਹੂ ਬਲ ਭੀ ਹਾਰ ਦੇ ਚੁਕਾ ਹੋਵੇ, ਤਕੀਆ ਤਾਣ ਸਿਰ ਤੇ ਕੋਈ ਨਾ ਹੋਵੇ ਅਤੇ ਨਾ ਹੀ ਮੁਕਾਬਲੇ ਦੀ ਤਾਕਤ ਹੋਵੇ, ਉਸ ਸਮੇਂ 'ਸ਼ਾਂਤਮਈ', 'ਸ਼ਾਂਤਮਈ' ਪੁਕਾਰਨਾ ਇਕ ਢਕੌਂਸਲਾ ਹੈ। ਏਸ ਨੂੰ ਨੀਤੀ ਅਥਵਾ ਪਾਲਿਸੀ ਤਾਂ ਭਾਵੇਂ ਕਹਿ ਲਓ, ਪ੍ਰੰਤੂ ਇਸਦਾ ਨਾਉਂ ਸ਼ਾਂਤਮਈ ਨਹੀਂ ਹੈ। ਕੁਛ ਕਾਲ ਜੇ ਸ਼ਾਂਤਮਈ ਵਾਲੀ ਪਾਲਿਸੀ ਹਠ ਨਾਲ ਧਾਰਨ ਭੀ ਕਰ ਲਈ ਜਾਵੇ ਤਾਂ ਤੋੜ ਕਦੇ ਨਹੀਂ ਨਿਭ ਸਕਦੀ। ਕਿਉਂਕਿ ਸੱਚੀ ਭੈ-ਭਾਵਨੀ ਤੋਂ ਅੰਕੂਰਤ ਹੋਏ ਨਿਰਭੈ ਪਦ ਦਾ ਏਥੇ ਨਮੂਦ ਨਹੀਂ ਹੁੰਦਾ। ਅਤੇ ਇਹ ਨਿਰਭੈ ਪਦ ਬਿਨਾਂ ਨਾਮ ਦੀ ਕਮਾਈ ਦੇ ਪ੍ਰਾਪਤ ਹੋਣਾ ਅਤੀ ਅਸੰਭਵ ਹੈ।

ਗੁਰੂ ਦਸਮੇਸ਼ ਜੀ ਦੇ ਸਾਜੇ ਨਿਵਾਜੇ ਨਾਮ ਦੇ ਰਸੀਏ ਹਠੀਲੇ ਸੂਰਬੀਰ ਅਕਾਲੀ ਖਾਲਸੇ ਨੂੰ ਹੀ ਇਹ ਤੌਫ਼ੀਕਾਂ ਹਨ ਕਿ ਅਤੀਅੰਤ ਭਿਅੰਕਰ ਸਰੀਰਕ ਕਸ਼ਟਾਂ ਅਤੇ ਅਸਹਿ ਤਸੀਹਿਆਂ ਨੂੰ ਪਾਣੀ ਵਾਂਗੂੰ ਪੀ ਜਾਣ ਅਤੇ ਸਿਰ ਤੇ ਭੀੜੀ ਬਣੀ ਦੇ ਸਮੇਂ ਭੀ ਸਹਿਨਸ਼ੀਲਤਾ ਵਾਲੀ ਸੱਚੀ ਸੂਰਮਗਤੀ ਦਾ ਹਠ ਧਾਰੀ ਰਖਣ। ਕਿਉਂਕਿ ਖਾਲਸਾ ਜੀ ਦਾ ਸ਼ਾਂਤਮਈ ਸੀਲ ਧਰਮ ਧਾਰਨਾ ਭੀ ਗੁਰੂ ਅਤੇ ਗੁਰੂ ਪੰਥ ਦੇ ਹੁਕਮ ਦੇ ਤਾਬੇ ਹੁੰਦਾ ਹੈ। ਅਕਾਲੀ ਹੁਕਮਾਂ ਦੀ ਪ੍ਰੇਰਨਾ ਅੰਦਰ ਜੇ ਅਕਾਲੀ ਖਾਲਸਾ ਜੀ ਨੂੰ ਸ਼ਾਂਤ-ਮਈ ਮੈਦਾਨ ਵਿਖੇ ਡਟਣ ਦਾ ਅਵਸਰ ਭੀ ਆਣ ਬਣੇ ਤਾਂ ਗੁਰੂ ਆਸਰੇ ਗੁਰੂ ਦੇ ਸੂਰਬੀਰ ਹਠੀਲੇ ਅਕਾਲੀ ਸਿੰਘ ਸਹਿਨਸ਼ੀਲਤਾ ਵਾਲੇ ਨਿਰਭੈ ਪਦ ਖੇਡਣਗੇ। ਯਾ ਐਉਂ ਕਹੋ ਕਿ ਗੁਰੂ ਓਹਨਾਂ ਨੂੰ ਆਪ ਆਪਣੇ ਭਾਣੇ ਅੰਦਰ ਖਿਡਾਵੇਗਾ ਅਤੇ ਆਪਣੇ

ਬਿਰਦ ਦੀ ਆਪ ਲਾਜ ਰਖੇਗਾ, ਭਾਵੇਂ ਪੂਰਨ ਨਿਰਭੈ ਪਦ ਵਾਲੀ ਆਤਮ ਅਰੂੜ੍ਹ ਅਵਸਥਾ ਦੇ ਖਿਡਾਰੀ ਅਜੇ ਉਹ ਨਾ ਹੀ ਬਣੇ ਹੋਣ। ਖੰਡੇ ਦੇ ਅੰਮ੍ਰਿਤ ਦੀ ਅਗੰਮੀ ਬੀਰ ਕਲਾ ਜੋ ਅੰਮ੍ਰਿਤ ਛਕਣ ਸਮੇਂ ਹਰੇਕ ਸਿੰਘ ਅਕਾਲੀ ਦੇ ਰਗੋ ਰੇਸ਼ੇ ਅੰਦਰ ਸਿੰਚਨ ਹੋ ਚੁਕੀ ਹੈ, ਓਹੀ ਹੁਣ ਓਹਨਾਂ ਦੇ ਜੁਸੇ ਜਾਮੇ ਤੋਂ ਸਫੁਟ ਹੋ ਕੇ ਹੁਕਮ ਅੰਦਰ ਸਹਿਨ-ਸ਼ੀਲਤਾ ਵਾਲੀ ਸੂਰਮਗਤੀ ਦੇ ਭੀ ਅਲੌਕਿਕ ਪੂਰਨੇ ਪੁਆਵੇਗੀ।

ਗੁਰੂ ਅਤੇ ਗੁਰੂ ਪੰਥ ਦੇ ਹੁਕਮਾਂ ਉਪਰ ਨਿਛਾਵਰ ਹੋਣ ਵਾਲੇ, ਪੰਥ ਗੁਰੂ ਦੇ ਸਹਿਨਸ਼ੀਲਤਾ ਅਤੇ ਸ਼ਾਂਤਮਈ ਵਾਲੇ ਹੁਕਮ ਨੂੰ ਅਟੱਲਤਾ ਸਹਿਤ ਨਿਭਾਵਣ ਅਤੇ ਪੂਰਾ ਕਰ ਦਿਖਾਵਣ ਵਾਲੇ ਵਰਤਮਾਨ ਸਮੇਂ ਦੇ ਉਘੇ ਸ਼ਹੀਦ ਭਾਈ ਲਛਮਣ ਸਿੰਘ ਨੇ ਸ੍ਰੀ ਨਨਕਾਣਾ ਸਾਹਿਬ ਵਿਖੇ ਵਰਤੇ ਸਾਕੇ ਅੰਦਰ ਜ਼ਿੰਦਾ ਸ਼ਹੀਦ ਹੋਣ ਦੀ ਜੋ ਕੁਰਬਾਨੀ ਕਰ ਦਿਖਾਈ ਹੈ, ਓਹ ਪੰਥ ਗੁਰੂ ਦੇ ਹੁਕਮਾਂ ਨੂੰ ਮੰਨਣ ਲਈ ਹਦ ਦਰਜੇ ਦੀ ਹਠ ਧਰਮੀ ਦਾ ਸਿਦਕ ਪਾਲਣ ਦੀ ਸਿੱਥਾ ਸਿਖਾਉਂਦੀ ਹੈ ਅਤੇ ਸਹਿਨਸ਼ੀਲਤਾ ਤੇ ਧੀਰਜ ਸ਼ਾਂਤ ਦੇ ਅਪਾਰ ਜੁੱਸੇ ਦਾ ਧੁਰਵਾ ਬੰਨ੍ਹ ਕੇ ਦਿਖਾਉਂਦੀ ਹੈ। ਧੰਨ ਬੀਰ ਬਹਾਦਰ ਸ਼ਹੀਦ ਲਛਮਣ ਸਿੰਘ ਜੀ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕਿਸ ਧੀਰਜ ਅਨੰਦ ਵਾਲੇ ਜਬ੍ਹੇ ਵਿਚ ਬੈਠੇ ਪਾਪੀਆਂ ਦੀਆਂ ਗੋਲੀਆਂ ਦੀ ਤੜਾ ਤੜ ਬੁਛਾੜ ਝੱਲ ਰਹੇ ਹਨ। ਮਜਾਲ ਕੀ ਹੈ ਕਿ ਰੰਚਕ ਭੀ ਡੋਲ ਜਾਣ। ਜਥੇਦਾਰ ਹੋ ਕੇ, ਸੈਂਕੜਿਆਂ ਸੂਰਬੀਰ ਸਿੰਘਾਂ ਦੇ ਜਥੇਦਾਰ ਜੱਰਾਰ ਹੋ ਕੇ ਸਹਜ ਸ਼ਾਂਤ ਦੀ ਹਠ ਬਿਰਤੀ ਨੂੰ ਓਹ ਨਿਭਾਇਆ ਹੈ ਕਿ ਰਹਿੰਦੀ ਦੁਨੀਆ ਤਾਈਂ ਓਹਨਾਂ ਦੇ ਪਵਿੱਤਰ ਨਾਮ ਦੀ ਯਾਦ ਕਾਇਮ ਰਹੇਗੀ। ਏਥੇ ਹੀ ਬਸ ਨਹੀਂ, ਪਾਪੀਆਂ ਜ਼ਾਲਮਾਂ ਨੇ ਜਦੋਂ ਦੇਖਿਆ ਕਿ ਗੁਰੂ ਦੀ ਓਟ ਵਿਚ ਗੋਲੀਆਂ ਨਾਲ ਛਲਣੀ ਹੋ ਚੁਕੇ ਸ਼ਹੀਦ ਸਿੰਘ ਜੀ ਦੇ ਸਰੀਰ ਵਿਚੋਂ ਅਜੇ ਜਾਨ ਨਹੀਂ ਨਿਕਲੀ ਤਾਂ ਜੀਉਂਦੇ ਜੀ ਬ੍ਰਿਛ ਨਾਲ ਬੰਨ੍ਹ ਕੇ ਅਤੇ ਮਿੱਟੀ ਦਾ ਤੇਲ ਪਾ ਕੇ ਸਾੜਿਆ ਗਿਆ। ਪਰ ਬੀਰ ਬਹਾਦਰ ਭਾਈ ਲਛਮਣ ਸਿੰਘ ਜੀ ਨੇ ਉਫ਼ ਤਕ ਨਹੀਂ ਕੀਤੀ। ਅਤੇ ਪੰਥ ਗੁਰੂ ਦੀ ਹੁਕਮ ਰਜ਼ਾ ਸਿਰ ਮੱਥੇ ਤੇ ਮਿੱਠੀ ਕਰ ਕੇ ਮੰਨੀ। ਹੱਥ ਚੁਕਣ ਦਾ ਹੁਕਮ ਨਹੀਂ ਸੀ, ਨਹੀਂ ਤਾਂ ਰੰਚਕ ਇਸ਼ਾਰਾ ਭੀ ਜਥੇਦਾਰ ਬੀਰ ਵਲੋਂ ਹੋ ਜਾਂਦਾ ਤਾਂ ਪਾਮਰ ਮਰਦੂਦਾਂ ਦੀ ਕੀ ਮਜਾਲ ਸੀ ਕਿ ਬੀਰਤਾ ਦੇ ਪੁਤਲੇ ਅੰਮ੍ਰਿਤਧਾਰੀ ਸਿੰਘਾਂ ਦੇ ਅਗੇ ਖੜੋਂਦੇ। ਇਕ ਛਿਨ ਵਿਚ ਹੀ ਦੁਸ਼ਟਾਂ ਦੀਆਂ ਬੰਦੂਕਾਂ ਆਦਿਕ ਖੋਹ ਕੇ ਉਹਨਾਂ ਨੂੰ ਓਹ ਹੱਥ ਦਿਖਾਉਂਦੇ ਕਿ ਇਕ ਜ਼ਮਾਨਾ ਯਾਦ ਕਰਦਾ। ਪਰ ਹੁਕਮ ਦੇ ਬੱਧੇ ਪੰਥ ਗੁਰੂ ਦੀ ਰਜ਼ਾ ਅੰਦਰ ਰਾਜ਼ੀ ਵੀਰਾਂ ਨੇ ਅਤੀਅੰਤ ਧੀਰਜ ਸ਼ੁਕਰਾਨੇ ਨਾਲ ਕੁਰਬਾਨੀ ਦੀਆਂ ਅਹੂਤੀਆਂ ਇਸ ਸ਼ਹੀਦੀ ਦੇ ਸ਼ਾਂਤਮਈ ਯੱਗ ਵਿਚ ਦਿਤੀਆਂ। ਵੀਰ ਦਲੀਪ ਸਿੰਘ ਸਾਰਖੇ ਅਨੇਕਾਂ ਹੀ ਗੁਰੂ ਕੇ ਲਾਲ ਸੈਂਕੜਿਆਂ ਦੀ ਗਿਣਤੀ ਵਿਚ ਇਸ ਸ਼ਾਂਤਮਈ ਦੀ ਭੇਟਾ ਹੋਏ। ਅਤੇ ਸਹਿਨਸ਼ੀਲਤਾ ਦੀ ਸੱਚੀ ਮਿਸਾਲ ਇਸ ਵਰਤਮਾਨ ਕਾਲ ਅੰਦਰ ਖੜੀ ਕਰ ਕੇ ਦਿਖਾ ਗਏ ਅਤੇ ਸਹਿਨਸ਼ੀਲਤਾ ਦੀ ਸੱਚੀ ਰੂਹ ਆਉਣ ਵਾਲੀਆਂ ਪੰਥ ਪਨੀਰੀਆਂ ਦਿਆਂ ਸੀਨਿਆਂ ਵਿਚ ਫੂਕ ਗਏ। ਜਿਸ ਤੋਂ ਅਗੇ ਲਈ ਭੀ ਗੁਰੂ ਦੇ ਭਾਣੇ ਅੰਦਰ ਅਨੇਕਾਂ ਅਜਿਹੇ ਸਾਕੇ ਵਰਤਣਗੇ ਜਿਨ੍ਹਾਂ ਨੂੰ ਦੇਖ ਕੇ ਦੁਨੀਆ ਦੰਗ ਰਹਿ ਜਾਇਗੀ।

ਭੂਤ ਕਾਲ ਵਿਖੇ ਸੱਚੀ ਸ਼ਾਂਤਮਈ ਦਾ ਸੱਚਾ ਨਮੂਨਾ ਬੀਰ ਬਹਾਦਰ ਸੰਤ ਖਾਲਸਾ

ਦੂਲੇ ਭਾਈ ਬੀਰ ਸਿੰਘ ਜੀ ਨੌਰੰਗਾਬਾਦੀਏ ਨੇ ਦਿਖਾਇਆ। ਪਾਸ ਸਨੱਧ ਬੱਧ ਜੰਗੀ ਜਥਾ ਹੈ। ਜੱਰਾਰੀ ਸੂਰਬੀਰ ਜੀਵਨ ਮੁਕਤ ਬਹਾਦਰ ਸਿੰਘਾਂ ਦਾ ਜੱਰਾਰ ਜੱਥਾ। ਯੁਧ ਦਾ ਸਭ ਸਾਮਾਨ ਮੌਜੂਦ ਹੈ। ਭਾਈ ਸਾਹਿਬ ਜੀ ਦੇ ਨੇਤ੍ਰ-ਫੇਰ ਇਸ਼ਾਰੇ ਉਤੇ ਕੁਰਬਾਨ ਹੋਣ ਨੂੰ ਸਾਰੇ ਦੇ ਸਾਰੇ ਸਿੰਘ ਸੂਰਮੇ ਤਿਆਰ ਹਨ। ਪੂਰਨ ਮੋਰਚਾ-ਬੰਦੀ ਪਹਿਲਾਂ ਹੀ ਹੋਈ ਹਵਾਈ ਹੈ। ਪੰਦਰਾਂ ਹਜ਼ਾਰ ਸੂਰਬੀਰ ਸਿੰਘਾਂ ਦਾ ਦਲ ਭਾਈ ਸਾਹਿਬ ਜੀ ਦੇ ਤਾਬਿਆ ਮਰਨ ਨੂੰ ਤਿਆਰ ਹੈ। ਪਰ ਧੰਨ ਹਨ ਸੰਤ ਭਾਈ ਬੀਰ ਸਿੰਘ ਜੀ ਦੂਲੇ, ਕਿ ਜਿਨ੍ਹਾਂ ਨੇ ਭਾਣਾ ਕਰਤਾਰ ਦਾ ਮਿੱਠਾ ਕਰਕੇ ਸਿਰ ਮੱਥੇ ਤੇ ਮੰਨਿਆ ਅਤੇ ਹੱਥ ਨਹੀਂ ਉਠਾਇਆ। ਬਚਨ ਕਰਦੇ ਹਨ ਕਿ 'ਭਾਈ ਦੋਹੀਂ ਪਾਸੀਂ ਗੁਰੂ ਦਾ ਹੀ ਘਰ ਹੈ। ਸਾਡੇ ਭੁੱਲੇ ਭਰਾ ਜੋ ਅਸਾਡੇ ਉਤੇ ਚੜ੍ਹ ਆਏ ਹਨ ਤਾਂ ਅਸਾਡਾ ਧਰਮ ਨਹੀਂ ਕਿ ਭਰਾਵਾਂ ਉਤੇ ਵਾਰ ਕਰੀਏ।' ਪੂਰਨ ਸ਼ਾਂਤਮਈ ਰਹੀ, ਕਿਸੇ ਨੇ ਹੱਥ ਨਹੀਂ ਚੁਕਿਆ। ਕਿਉਂਕਿ ਓਹਨਾਂ ਨੂੰ ਦੋਹੀਂ ਪਾਸੀਂ ਗੁਰੂ ਹੀ ਗੁਰੂ ਨਜ਼ਰ ਆਉਂਦਾ ਸੀ ਅਤੇ "ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ"[1] ਦੇ ਗੁਰ-ਭਾਵ ਵਾਲੀ ਨਿਰਭੈ ਬਿਵਸਥਾ ਦਾ ਪਰਤੱਖ ਵਰਤਾਰਾ ਉਨ੍ਹਾਂ ਉਤੇ ਵਰਤਿਆ ਹੋਇਆ ਸੀ। ਧਮਕੀ ਮਿਲਦੀ ਹੈ ਕਿ ਸਾਡੇ ਵਿਰੋਧੀਆਂ ਨੂੰ ਦੇ ਦਿਓ, ਨਹੀਂ ਤਾਂ ਹੁਣ ਹੀ ਤੋਪਾਂ ਨਾਲ ਉਡਾਇਆ ਜਾਂਦਾ ਹੈ। ਸ਼ਰਨ-ਪਾਲ ਸੰਤ ਖਾਲਸਾ ਜੀ ਨੇ ਸ਼ਰਨੀ ਆਇਆਂ ਨੂੰ ਧੱਕਾ ਕਰਨਹਾਰਿਆਂ ਦੇ ਸਪੁਰਦ ਨਾ ਕੀਤਾ ਅਤੇ ਪੂਰਨ ਸਹਿਨ ਸ਼ੀਲਤਾ ਨਾਲ ਤੋਪਾਂ ਦੀ ਮਾਰ ਦਾ ਸਹਿਣਾ ਮਨਜ਼ੂਰ ਕੀਤਾ। ਤੋਪ ਦਾ ਗੋਲਾ ਆਉਂਦਾ ਹੈ ਅਤੇ ਭਾਈ ਬੀਰ ਸਿੰਘ ਜੀ ਦੇ ਪੱਟ ਤੇ ਆ ਕੇ ਵਜਦਾ ਹੈ। ਮਜਾਲ ਕੀ ਹੈ ਕਿ ਭਾਈ ਸਾਹਿਬ ਜੀ ਦੀ ਅਡੋਲ ਸਮਾਧੀ ਵਿਚ ਫ਼ਰਕ ਪੈ ਜਾਵੇ। ਲਿਵ ਜੋੜੀ ਬੈਠੇ ਸੰਤ ਖਾਲਸਾ ਯੋਗੀ ਕੀਰਤਨ ਸੁਣ ਰਹੇ ਹਨ। ਮੱਥੇ ਵੱਟ ਨਹੀਂ ਪਿਆ। ਅੰਦਰ ਧੜਕਾ ਨਹੀਂ ਰਖਿਆ। ਰਬੀ ਨੂਰ ਦੀ ਲਾਲੀ ਚੇਹਰੇ ਤੇ ਦੂਣ ਸਵਾਈ ਚੜ੍ਹਦੀ ਜਾਂਦੀ ਹੈ। ਲਿਵ ਦੀ ਤਾਰ ਉੱਚੀਆਂ ਅਟਾਰੀਆਂ ਤੇ ਜਾ ਚੜ੍ਹੀ। ਮਾਨੋ ਸ਼ਾਂਤ-ਰਸ ਦੇ ਸਮੁੰਦਰ ਵਿਚ ਤਾਰੀਆਂ ਲਾ ਰਹੇ ਹਨ। ਭਾਣੇ, ਮਿੱਠੇ ਭਾਣੇ ਦੇ ਰਸ ਵਿਚ ਬੈਠੇ ਹੀ ਸ਼ਹੀਦ ਹੋ ਗਏ। ਪ੍ਰੰਤੂ ਆਪਣੀ ਸ਼ਾਂਤਮਈ ਸੀਲਤਾ ਵਿਚ ਭੰਗ ਨਹੀਂ ਪੈਣ ਦਿਤਾ। ਇਸ ਦਾ ਨਾਉਂ ਹੈ ਸ਼ਾਂਤਮਈ! ਬੀਰ-ਰਸ ਦੇ ਹੁੰਦਿਆਂ ਸ਼ਾਂਤ-ਰਸ ਕਮਾਇਆ। "ਹੋਦੇ ਤਾਣ ਨਿਤਾਣਿਆ" ਦੇ ਗੁਰ ਭਾਵ ਵਾਲਾ ਸੱਚਾ ਪੂਰਨਾ ਪਾ ਕੇ ਵਿਖਾਇਆ, ਜੈਸਾ ਕਿ ਭਾਈ ਗੁਰਦਾਸ ਜੀ ਦਾ ਵਾਕ ਹੈ:

**ਹਉ ਤਿਸੁ ਵਿਟਹੁ ਵਾਰਿਆ ਹੋਦੈ ਤਾਣ ਜੁ ਹੋਇ ਨਿਤਾਣਾ॥**
**ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣ ਜੁ ਰਹੈ ਨਿਮਾਣਾ॥**
**ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ॥**
**ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ॥**
**ਹਉ ਤਿਸੁ ਵਿਟਹੁ ਵਾਰਿਆ ਗੁਰਮੁਖਿ ਮਾਰਗ ਦੇਖਿ ਲੁਭਾਣਾ॥**
**ਹਉ ਤਿਸੁ ਵਿਟਹੁ ਵਾਰਿਆ ਚਲਣ ਜਾਣਿ ਜੁਗਤਿ ਮਿਹਮਾਣਾ॥**
**ਦੀਨ ਦੁਨੀ ਦਰਗਹਿ ਪਰਵਾਣਾ॥**

*ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੩*

---

1. ਸਿਰੀਰਾਗੁ ਮ: ੧, ਪੰਨਾ ੨੦

ਉਪਰ ਦਿਤੇ ਸ਼ਾਂਤ-ਰਸ ਬੀਰ-ਰਸ ਦੇ ਗੁਰਮਤਿ ਪੂਰਨੇ ਜੋ ਗੁਰਮਤਿ ਭੈ ਸੰਬੰਧੀ ਸ਼ਸਤ੍ਰ ਸਨਮਾਨ ਦੇ ਪ੍ਰਕਰਣ ਅੰਦਰ ਆਏ ਹਨ, ਇਸ ਪ੍ਰਕਰਣ ਅੰਦਰਿ ਆਏ ਹੋਰਸ ਗੁਰਮਤਿ ਪੂਰਨਿਆਂ ਸੰਯੁਕਤ ਸਭ ਗੁਰਮਤਿ ਬਿਬੇਕ ਸੰਬੰਧੀ ਨਾਮ (ਸਿਫਤਿ-ਸਾਲਾਹ) ਦੇ ਸਾਧਨ ਸੰਪੰਨ ਬਿਬੇਕ ਕਰਮ ਹਨ, ਜਿਨ੍ਹਾਂ ਦਾ ਕਮਾਉਣਾ ਹਰ ਇਕ ਸਚਿਆਰ ਸਿੰਘ ਬਿਬੇਕੀ ਦਾ ਧਰਮ ਹੈ।

## ੨੨. ਹੋਰਤ ਗੁਰਮਤਿ ਕਰਮ :

ਹੁਣ ਹੋਰਤ ਗੁਰਮਤਿ ਕਰਮ ਭੀ ਗੁਰ ਪ੍ਰਮਾਣਾਂ ਸੰਯੁਕਤ ਟੂਕ ਮਾਤ੍ਰ ਵਰਣਨ ਕੀਤੇ ਜਾਂਦੇ ਹਨ, ਜਿਨ੍ਹਾਂ ਗੁਰਮਤਿ ਕਰਮਾਂ ਦਾ ਕਮਾਉਣਾ ਭੀ ਗੁਰਮਤਿ ਬਿਬੇਕ ਦੀ ਅੰਸ਼ਕ ਸ਼੍ਰੇਣੀ ਵਿਚ ਦਾਖ਼ਲ ਹੈ।

**ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥**
**ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥੯੫॥**

*ਸਿਰੀਰਾਗੁ ਮ: ੫, ਪੰਨਾ ੫੧*

**ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥**
**ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥**
**ਧਾਵਤ ਮਨੁ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ ॥**
**ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥**
**ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥੧੧॥**

*ਥਿਤੀ ਗਉੜੀ ਮ: ੫, ਪੰਨਾ ੨੯੯*

**ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ ॥**
**ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥੫॥੨੧॥**

*ਆਸਾ ਮ: ੧, ਪੰਨਾ ੪੨੨*

ਏਹਨਾਂ ਤੇਹਾਂ ਉਪਰਲੇ ਗੁਰ ਪ੍ਰਮਾਣਾਂ ਅੰਦਰ ਹਰਿ ਨਾਮ (ਸਿਫਤਿ-ਸਾਲਾਹ) ਰੂਪੀ ਸਾਰ ਕਰਣੀ ਦੇ ਸੰਗ ਸਾਥ ਸਤਿ ਸੰਤੋਖ ਦਇਆ ਦਾ ਕਮਾਉਣਾ ਭੀ ਅਵੱਸ਼ ਜ਼ਰੂਰੀ ਗੁਰਮਤਿ ਬਿਬੇਕ ਦੀ ਅੰਸ਼ ਵਰਣਨ ਕੀਤਾ ਗਿਆ ਹੈ। ਫੇਰ 'ਇੰਦ੍ਰੀ ਬਸਿ ਕਰਿ', ਭਾਵ, ਸਰਬ ਇੰਦਰੀਆਂ ਦੁਆਰਾ ਅੰਦਰ ਆਉਣ ਵਾਲੇ ਅਨੇਕ ਪ੍ਰਕਾਰੀ ਫੁਰਨਿਆਂ ਨੂੰ ਰੋਕ ਕੇ ਸਿਫਤਿ-ਸਾਲਾਹ ਵਿਚ ਜੁਟਣਾ ਭੀ ਇਕ ਅਵੱਸ਼ ਕਮਾਉਣ ਯੋਗ ਕਮਾਈ ਹੈ। ਫੇਰ 'ਆਪੁ ਛੋਡਿ' (ਆਪਾ ਭਾਵ ਤਿਆਗ ਕੇ) 'ਸਭ ਹੋਇ ਰੇਣਾ' (ਸਾਰਿਆਂ ਦੀ ਰੇਣਕਾ ਹੋਇ ਰਹਿਣਾ) ਭੀ ਗੁਰਮਤਿ ਬਿਬੇਕ ਅੰਸ਼ ਸੰਦੀ ਕਮਾਈਆਂ ਵਿਚੋਂ ਇਕ ਜ਼ਰੂਰੀ ਕਮਾਉਣ ਯੋਗ ਕਮਾਈ ਹੈ। ਬਿਬੇਕੀ ਲਈ ਇੰਦ੍ਰੇ-ਜਿਤ ਹੋ ਕੇ ਅਤੇ ਮਨ ਵਿਖੇ ਸਦਾ ਸੰਤੋਖ ਧਾਰੀ ਹੋ ਕੇ, ਸਰਬ ਜੀਆਂ ਪਰ ਦਇਆ ਕਮਾਉਣਾ ਭੀ ਅਤਿ ਜ਼ਰੂਰੀ ਹੈ ਅਤੇ "ਧਾਵਤ ਮਨੁ ਰਾਖੈ ਇਕ ਠਾਇ" ਵਾਲੀ ਕਮਾਈ ਦਾ ਧਾਰਨਹਾਰਾ ਹੋਣਾ ਸਿਫਤਿ-ਸਾਲਾਹ ਨਾਮ ਅਭਿਆਸ ਦੀ ਕਮਾਈ ਦੇ ਸਮੇਂ ਸਾਥੋ

ਸਾਥ ਅਤਿ ਲੋੜਵੰਦਾ ਹੈ। ਭਾਵ, ਨਾਮ ਅਭਿਆਸ ਸਿਫਤਿ-ਸਾਲਾਹ ਕਰਦਿਆਂ ਹੋਇਆਂ ਚਾਰ ਚੁਫੇਰੇ ਭੱਜਣਹਾਰੇ (ਦਹਿ ਦਿਸ ਧਾਵਨਹਾਰੇ) ਮਨ ਨੂੰ ਵੱਸ ਕਰ ਕੇ ਇਕ ਠਾਉ ਇਕੱਠਾ ਰਖਣਾ, ਅਰਥਾਤ, ਨਾਮ ਨਾਲ ਜੋੜਨਾ, ਨਾਮ ਦੀ ਸਾਰ ਬਿਬੇਕ ਕਮਾਈ ਦਾ ਇਕ ਪਰਮ ਲੋੜਵੰਦਾ ਅੰਗ ਹੈ। ਫੇਰ ਨਾਮ ਜਪਦੇ ਹੋਏ 'ਮਨੁ ਤਨੁ ਸੁਧੁ', ਭਾਵ, ਮਨ ਨੂੰ ਭੀ ਸ਼ੁਧ ਰਖਣਾ ਅਤੇ ਤਨੁ ਨੂੰ ਭੀ ਸ਼ੁਧ ਰਖਣਾ ਗੁਰਮਤਿ ਬਿਬੇਕ ਦੀ ਉਤਮ ਧਾਰਨਾ ਹੈ। ਮਨ ਦੀ ਸੁਧੀ ਤੋਂ ਭਾਵ ਮਨ ਦੀਆਂ ਅਨਿਕ ਪ੍ਰਕਾਰੀ ਅਪਵਿੱਤਰ (ਅਸ਼ੁਧ) ਤਰਬ ਤ੍ਰੰਗਾਂ ਨੂੰ ਤੋੜ ਕੇ ਰਖਣਾ ਹੈ ਅਤੇ ਤਨ ਦੀ ਸ਼ੁਧੀ ਤੋਂ ਭਾਵ ਸਰੀਰ ਦੀ ਪਵਿੱਤਰ ਕ੍ਰਿਆ ਦਾ ਸਾਧਨ ਹੈ। ਜਿਸ ਪ੍ਰਥਾਇ ਹੋਰਥੇ ਨਿਰਣੇ ਪੂਰਬਕ ਵਰਣਨ ਹੈ। ਫੇਰ ਸਤਿ ਸੰਤੋਖ ਦੇ ਨਾਲ ਨਾਮ ਦਾ ਭੂਖਣ ਭਾਉ ਕਰਨਾ, ਭਾਵ, ਪ੍ਰੇਮ ਸੰਯੁਕਤ (ਪ੍ਰੇਮ ਪ੍ਰਾਇਣ ਹੋ ਕੇ) ਨਾਮ ਜਪਣਾ ਅਤੇ 'ਮਨਹੁ ਛੋਡਿ ਵਿਕਾਰ' ਦੇ ਹੁਕਮ ਦਾ ਆਗਿਆਕਾਰੀ ਹੋਣਾ ਭੀ ਬਿਬੇਕੀ ਜਨ ਦੀ ਬਿਬੇਕ ਧਾਰਨਾ ਦੀ ਸੱਚੀ ਸੁਚਿਆਰਤਾ ਹੈ।

ਪੁਨਾ ਹੋਰਤ ਕਰਮ ਬਿਬੇਕ:

**ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥...੨॥੫੨॥**

*ਸਿਰੀਰਾਗੁ ਮ: ੩, ਪੰਨਾ ੩੩*

ਭਾਵ, ਹਉਮੈ ਅਤੇ ਕ੍ਰੋਧ ਨੂੰ ਨਿਵਾਰ ਕੇ ਨਾਮ ਮਨ ਵਿਖੇ ਵਸਦਾ ਹੈ। ਤਾਂ ਤੇ ਹਉਮੈ ਕ੍ਰੋਧ ਦਾ ਨਿਵਾਰਨਾ ਭੀ ਸਾਧਨ ਸੰਪੰਨ ਕਰਮ ਹਨ। ਭਾਵੇਂ ਪੂਰਨ ਨਵਿਰਤੀ ਅਹੰਕਾਰ ਅਤੇ ਕ੍ਰੋਧ ਦੀ ਨਾਮ ਦੀ ਅਪਾਰ ਕਮਾਈ ਕਰਕੇ ਹੋਣੀ ਹੈ, ਪ੍ਰੰਤੂ ਨਾਮ ਨਾਲ ਜੁਟਣ ਸਮੇਂ ਭੀ ਹਉਮੈ ਅਤੇ ਕ੍ਰੋਧ ਨੂੰ ਨਿਵਾਰਨ ਦੇ ਪੁਰਸ਼ਾਰਥੀ ਹੋਣ ਦਾ ਭੀ ਹੁਕਮ ਹੈ।

**ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥**
**ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥**
**ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥**
**ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥੨॥**

*ਥਿਤੀ ਗਉੜੀ ਮ: ੫, ਪੰਨਾ ੨੯੬-੯੭*

ਏਥੇ ਗੁਰਮਤਿ ਮਤਿ ਦੇ ਵਿਹੂਣ ਦੂਜੀ ਦੁਰਮਤਿ ਮਤਿ ਦੇ ਦੂਰ ਕਰਨ ਦਾ ਹੁਕਮ ਹੈ। ਤਾਂ ਤੇ ਹਰ ਪ੍ਰਕਾਰ ਦੀ ਦੁਰਮਤਿ ਮਤਿ ਦਾ ਦੂਰ ਕਰਨਾ ਅਤੇ ਦੁਰਮਤਿ ਦੂਰ ਕਰ ਕੇ ਗੁਰੂ ਦੀ ਹਰ ਪ੍ਰਕਾਰੀ ਸੇਵਾ ਵਿਖੇ ਨਿਤਾਪ੍ਰਤਿ ਤੱਤਪਰ ਹੋਣਾ ਅਤੇ ਕਾਮ, ਕ੍ਰੋਧ, ਲੋਭ ਦਾ ਤਜਣਾ, ਨਾਮ ਰਤਨ ਨੂੰ ਮਨ ਤਨ ਵਿਖੇ ਵਸਾਉਣ ਲਈ ਸਹਾਈ ਹੈ ਅਤੇ ਆਪਾ ਭਾਵ ਤਜ ਕੇ ਗੋਬਿੰਦ ਦਾ ਭਜਨ ਕਰਨਾ ਸੱਚੀ ਭਾਉ-ਭਗਤੀ ਵਿਚ ਪ੍ਰਵੇਸ਼ (ਲੀਨ) ਹੋਣਾ ਹੈ।

**ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥**
**ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥੧॥੫॥**

*ਸਲੋਕ ਮ: ੫, ਗੂਜਰੀ ਵਾਰ, ਪੰਨਾ ੫੧੯*

**ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿਧਾਰੇ ॥...੩॥੨॥**

*ਆਸਾ ਮ: ੧, ਪੰਨਾ ੪੩੭*

ਏਹਨਾਂ ਦੋਹਾਂ ਗੁਰਵਾਕਾਂ ਦੇ ਹੁਕਮ ਸਪੱਸ਼ਟ ਦੀਖਿਆ ਪੂਰਬਕ ਤਾੜਨਾ ਕਰਦੇ ਹਨ ਕਿ ਸੱਚਾ ਨਾਉਂ ਜਪਣ ਉਰਿਧਾਰਨ ਨਮਿਤ ਨਾਮ ਦੇ ਸੰਗ ਸਾਥ ਕਾਮ, ਕ੍ਰੋਧ, ਲੋਭ ਅਤੇ ਬਿਖਿਆ ਰਸ, ਅਥਵਾ, ਬਿਖ ਮਾਇਆ ਦਾ ਪ੍ਰੀਤਿਆਗ ਐਥੋਂ ਤਾਈਂ ਕਰਨਾ ਚਾਹੀਦਾ ਹੈ ਕਿ ਇਹਨਾਂ ਦਾ ਨਮੂਦ ਮਾਤਰ ਭੀ ਬਾਕੀ ਨਾ ਰਹੇ।

**ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ ॥**
**ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥੧॥**
**ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥**
**ਦੂਖ ਭੂਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ ॥੧॥ਰਹਾਉ॥**
**ਚਰਣ ਪਖਾਰਿ ਕਰਉ ਗੁਰ ਸੇਵਾ ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥**
**ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ ॥੨॥**
**ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮਾਰੀ ॥**
**ਜੋ ਇਹੁ ਮੰਤ੍ਰੁ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ ॥੩॥੨੮॥**

*ਆਸਾ ਮ: ੫, ਪੰਨਾ ੩੭੭*

ਇਸ ਗੁਰਵਾਕ ਅੰਦਰ ਬਿਬੇਕੀ ਜਨ ਦੇ ਕਮਾਉਣ ਜੋਗ ਕਰਮ ਇਹ ਹਨ: (੧) ਕਾਮੁ, ਕ੍ਰੋਧੁ, ਲੋਭ, ਮੋਹ ਦਾ ਮਿਟਾਉਣਾ। (੨) ਆਪਣੀ ਧਾਰੀ (ਸਹੇੜੀ) ਦੁਰਮਤਿ ਬੁਧ ਦਾ ਛਡਣਾ। (੩) ਨਿਰਮਾਣ ਹੋ ਕੇ ਸੇਵਾ ਕਰਨਾ। (੪) ਗੁਰੂ ਸਰੂਪ ਗੁਰ-ਸੰਗਤ ਦੇ, ਗੁਰੂ ਖਾਲਸਾ ਦੇ ਚਰਨ ਪਖਾਰਨਾ। (੫) ਗੁਰੂ ਕੇ ਸਰਬ ਦਾਸਾਂ ਦਾ ਦਾਸ ਹੋਇ ਰਹਿਣਾ, ਅਤੇ (੬) ਸਰਬ ਪ੍ਰਕਾਰ ਦੀ ਗੁਰੂ (ਹੁਕਮਾਂ) ਦੀ ਆਗਿਆ ਮੰਨਦੇ ਹੋਇ ਭਾਉ-ਭਗਤੀ ਵਿਖੇ ਤੱਤਪਰ ਹੋਣਾ।

**ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥**
**ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥...੧॥੫੬॥**

*ਸਿਰੀਰਾਗੁ ਮ: ੩, ਪੰਨਾ ੩੬-੩੭*

ਇਸ ਗੁਰਵਾਕ ਵਿਖੇ ਤ੍ਰਿਸ਼ਨਾ ਨੂੰ ਵਿਕਾਰ ਰੂਪ ਦੱਸ ਕੇ ਉਸ ਦੇ ਪ੍ਰੀਤਿਆਗ ਦਾ ਹੁਕਮ ਹੈ ਅਤੇ ਰਸਨਾ ਕਰਕੇ ਪ੍ਰੇਮ ਪਿਆਰ ਦੇ ਧਾਰਨ (ਭਾਵ ਪ੍ਰੇਮ ਪਿਆਰ ਭਿੰਨੇ ਮਿੱਠੇ ਬੋਲ ਬੋਲਣ) ਦਾ ਹੁਕਮ ਹੈ।

**ਮੁੰਧੇ ਗੁਣ ਦਾਸੀ ਸੁਖੁ ਹੋਇ ॥**
**ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ਰਹਾਉ॥੬॥**

*ਸਿਰੀਰਾਗੁ ਮ ੧, ਪੰਨਾ ੫੬*

ਭਾਵ, ਜੋ ਸੱਜਣ ਸਿਖ ਗੁਣਾਂ ਦੇ ਗਾਹਕ ਅਤੇ ਗੁਣ ਵਾਲਿਆਂ ਦੇ ਦਾਸ ਹਨ, ਉਹਨਾਂ ਨੂੰ ਹੀ ਸੱਚਾ ਸੁਖ ਪ੍ਰਾਪਤ ਹੈ। ਅਤੇ ਜਿਹੜੇ 'ਅਵਗਣ ਤਿਆਗਿ ਸਮਾਈਐ' ਦੇ ਭਾਵ ਵਾਲੀ ਵਰਤੋਂ ਦੀ ਕਮਾਈ ਕਰਨਹਾਰੇ ਹਨ, ਉਹੀ ਗੁਰਮਤਿ (ਬਿਬੇਕ) ਅੰਦਰ ਪੂਰੇ ਸੂਰੇ ਉਤਰਦੇ ਹਨ। ਤਾਂ ਤੇ ਗੁਣਾਂ ਦਾ ਗਾਹਕ ਹੋਇ ਕੈ, ਗੁਣ ਦਾਸੀ ਭਾਵ

ਦਾ ਧਾਰਨ ਕਰਨਾ ਅਤੇ "ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ"[1] ਦੀ ਵਰਤੋਂ ਦਾ ਧਾਰਨੀ ਹੋਣਾ ਬਿਬੇਕੀ ਸਿੰਘ ਸੁਜਾਨ ਦੇ ਉੱਤਮ ਕਰਮ ਹਨ। ਏਸੇ ਪ੍ਰਥਾਇ ਅਗਲੇਰਾ ਗੁਰਵਾਕ ਹੈ। ਯਥਾ:

**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥**
**ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥**
**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥**
**ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥**
**ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥**
**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥੪॥**

*ਸੂਹੀ ਛੰਤ ਮ: ੧, ਪੰਨਾ ੭੬੫-੬੬*

**ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ ॥੮॥੭॥**

*ਸਿਰੀਰਾਗੁ ਮ: ੧, ਪੰਨਾ ੫੭*

**ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥...੪॥੧੨॥**

*ਸਿਰੀਰਾਗ ਮ: ੧, ਪੰਨਾ ੧੮*

**ਰਹੈ ਉਦਾਸੁ ਆਸ ਨਿਰਾਸਾ ਸਹਜ ਧਿਆਨਿ ਬੈਰਾਗੀ ॥**
**ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ ਰਾਮ ਨਾਮਿ ਲਿਵ ਲਾਗੀ ॥੪॥੨॥੩॥**

*ਭੈਰਉ ਮ: ੧, ਪੰਨਾ ੧੧੨੬*

ਏਹਨਾਂ ਉਪਰਲੇ ਤੇਹਾਂ ਗੁਰ ਪ੍ਰਮਾਣਾਂ ਅੰਦਰ ਹਰ ਪ੍ਰਕਾਰ ਦੀ (ਦੂਜੇ ਭਾਵ ਵਾਲੀ) ਆਸਾ ਨੂੰ ਅਤੇ ਆਸਾ ਤੋਂ ਉਪੰਨੇ ਅੰਦੇਸਿਆਂ ਨੂੰ ਦੂਰ ਕਰਨ ਦਾ ਹੁਕਮ ਹੈ। ਇਕੋ ਸ਼ਬਦ (ਨਾਮ) ਦੇ ਵੀਚਾਰ (ਕਮਾਈ ਅਭਿਆਸ) ਤੋਂ ਛੁਟ ਹੋਰ ਸਭ ਪ੍ਰਕਾਰ ਦੀ ਆਸ ਦੇ ਪ੍ਰੀਤਿਆਗ ਦਾ ਹੁਕਮ ਹੈ। ਇਕ ਨਾਮ ਦੇ ਧਿਆਨ ਵਿਚ ਸਹਜ ਬੈਰਾਗੀ ਹੋ ਕੇ ਆਸ ਨਿਰਾਸਾ ਅਤੇ ਸੰਸਾਰ ਵਿਚ ਰਹਿੰਦਿਆਂ ਹੋਇਆਂ ਸੰਸਾਰ ਤੋਂ ਉਪਰਾਮ ਰਹਿਣ ਦਾ ਉਪਦੇਸ਼ ਹੈ, ਜੋ ਹਰ ਏਕ ਸਚਿਆਰ ਸਿੰਘ ਬਿਬੇਕੀ ਨੂੰ ਕਮਾਉਣਾ ਉਚਤ ਹੈ। ਗੁਰਮਤਿ ਬਿਬੇਕੀ ਲਈ "ਏਕਹਿ ਆਸਾ ਦਰਸ ਪਿਆਸਾ"[2] ਤੋਂ ਬਿਨਾਂ ਹੋਰ ਸਭ ਅਨਿਕ ਪ੍ਰਕਾਰੀ ਆਸਾ ਬੰਧਨ ਰੂਪ ਹੈ। ਅਤੇ ਗੁਰਮਤਿ ਬਿਬੇਕ ਸੰਬੰਧੀ ਕਰਮ ਧਰਮ ਤੋਂ ਬਿਨਾਂ ਹੋਰ ਸਭ ਆਨਮਤੀ ਕਰਮ ਧਰਮ ਅਥਵਾ ਮਾਇਕ ਕਿਰਤ ਕਰਮ ਸਭ ਬੰਧਨ ਹੀ ਹਨ; ਜੈਸਾ ਕਿ ਗੁਰਵਾਕ ਹੈ। ਯਥਾ:

**ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥**
**ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥**
**ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥**
**ਸੁਣਿ ਪੰਡਿਤ ਕਰਮਾਕਾਰੀ ॥**
**ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ਰਹਾਉ॥**

*ਸੋਰਠਿ ਮ: ੧ ਤਿਤੁਕੀ, ਪੰਨਾ ੬੩੫*

---

1. ਗਉੜੀ ਮਾਝ ਮ: ੫, ॥੩॥੧੭੨॥ ਪੰਨਾ ੨੧੮
2. ਆਸਾ ਮ: ੫, ॥੨॥੧੪੭॥ ਪੰਨਾ ੪੦੭

ਸੋ ਗੁਰਮਤਿ ਬਿਬੇਕ ਬਿਹੂਣ ਜਿਤਨੇ ਭੀ ਕਰਮ ਧਰਮ ਆਨਮਤਾਂ ਦੇ ਹਨ, ਅਥਵਾ, ਸੰਸਾਰੀ ਮਾਇਕ ਕਰਮ ਹਨ, ਸਭ ਬੰਧਨ ਰੂਪ ਅਤੇ ਬਿਕਾਰੀ ਕਰਮ ਹਨ ਅਤੇ ਸੱਚਾ ਸੁਖ ਉਪਜਾਣਹਾਰਾ ਜੋ ਪ੍ਰਮਾਰਥੀ ਕਰਮ ਹੈ, ਸੋ ਇਹੀ ਆਤਮ-ਤੱਤ-ਵੀਚਾਰੀ ਗੁਰਮਤਿ ਬਿਬੇਕ ਕਰਮ ਹੈ। ਅਤੇ ਏਸ ਗੁਰਮਤਿ ਬਿਬੇਕ ਦੀ ਤੱਤ ਵੀਚਾਰ ਨਾਮ ਅਭਿਆਸ ਸੰਬੰਧੀ ਸੱਚੀ ਆਸਾ ਮਨਸਾ ਤੋਂ ਬਿਹੂਣ ਹੋਰਸ ਸਭ ਆਸਾ ਮਨਸਾ ਭੀ ਬੰਧਨ ਰੂਪ ਹੈ। ਅਤੇ ਜੇਕਰ ਗੁਰਮਤਿ ਨਾਮ ਅਤੇ ਨਾਮੀ ਉਤੇ ਮਨ ਬਚ ਕਰਮ ਕਰਕੇ ਆਸਾ ਰੱਖੀ ਜਾਵੇ ਤਾਂ ਸਭੇ ਆਸਾਂ ਸੁਤੇ ਸੁਭਾਵ ਹੀ ਪੂਰੀਆਂ ਹੋ ਜਾਂਦੀਆਂ ਹਨ। ਯਥਾ ਗੁਰਵਾਕ :

**ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ**
**ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ ॥**
**ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ**
**ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ ॥**
**ਹਰਿ ਤਿਸ ਕੀ ਆਸ ਕੀਜੈ ਮਨ ਮੇਰੇ**
**ਜੋ ਸਭ ਮਹਿ ਸੁਆਮੀ ਰਹਿਆ ਸਮਾਈ ॥੧॥**
**ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ ॥**
**ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ**
**ਸਾ ਨਿਹਫਲ ਆਸ ਸਭ ਬਿਰਥੀ ਜਾਈ ॥੧॥ਰਹਾਉ॥**
**ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ**
**ਮਤ ਤਿਸ ਕੀ ਆਸ ਲਗਿ ਜਨਮੁ ਗਵਾਈ ॥**
**ਇਨ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ**
**ਇਨ ਕਾ ਵਾਹਿਆ ਕਛੁ ਨ ਵਸਾਈ ॥**
**ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ**
**ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ ॥੨॥**
**ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ**
**ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ ॥**
**ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ**
**ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥**
**ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ**
**ਜੋ ਤੇਰਾ ਘਾਲਿਆ ਸਭੁ ਥਾਇ ਪਾਈ ॥੩॥**
**ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ**
**ਜੈਸੀ ਤੂ ਆਸ ਕਰਾਵਹਿ ਤੈਸੀ ਕੋ ਆਸ ਕਰਾਈ ॥**
**ਕਿਛੁ ਕਿਸੀ ਕੈ ਹਥਿ ਨਾਹੀ ਮੇਰੇ ਸੁਆਮੀ**
**ਐਸੀ ਮੇਰੈ ਸਤਿਗੁਰਿ ਬੂਝ ਬੁਝਾਈ ॥**
**ਜਨ ਨਾਨਕ ਕੀ ਆਸ ਤੂ ਜਾਣਹਿ**
**ਹਰਿ ਦਰਸਨੁ ਦੇਖਿ ਹਰਿ ਦਰਸਨਿ ਤ੍ਰਿਪਤਾਈ ॥੪॥੧॥**

*ਗੋਂਡ ਮ: ੪, ਪੰਨਾ ੮੫੯-੬੦*

ਇਸ ਗੁਰਵਾਕ ਦੇ ਸਿਧਾਂਤ ਤੋਂ ਇਹ ਭੀ ਸਿਧ ਹੋਇਆ ਕਿ ਹਰਿ ਦਰਸ਼ਨ ਦੇ ਆਸ ਪਿਆਸੇ ਸਫਲ ਬਿਬੇਕ-ਧਾਰੀਆਂ ਨੂੰ ਇਸ ਆਸਾ ਤੋਂ ਬਿਨਾਂ 'ਅਵਰ ਕਾਹੂ' ਕੀ ਆਸ ਨਿਹਫਲ ਅਤੇ ਬਿਰਥੀ ਆਸ ਹੈ। ਐਥੋਂ ਤੀਕ ਕਿ ਮਾਇਆ ਮੋਹ ਕੁਟੰਬ ਦੀ ਆਸ ਵਿਚ ਖਚਤ ਹੋਣਾ ਭੀ ਜਨਮ ਅਜਾਈਂ ਗਵਾਉਣਾ ਹੈ ਅਤੇ ਪਰਮਿਤਰਾਂ ਦੀ ਆਸ ਕਰਨਾ ਭੀ ਨਿਕੰਮੀ ਦੂਜੇ ਭਾਉ ਦੀ ਆਸ ਹੈ। ਕੇਵਲ ਸੱਚੇ ਪ੍ਰੀਤਮ ਉਤੇ ਹੀ ਆਸ ਭਰੋਸੇ ਦੀ ਡੋਰੀ ਛਡੀ ਰਖਣਾ ਸਾਰੀ ਘਾਲ ਨੂੰ ਥਾਉਂ ਪਾਉਂਦਾ ਹੈ ਅਤੇ ਇਸ ਏਕੋ ਅਕਾਲ ਪੁਰਖ ਦੇ ਆਸਰੇ ਪਰਨੇ ਰਹਿਣ ਵਾਲੀ ਆਸਾ ਦੇ ਕਮਾਉਣ ਕਰਿ ਆਪਣਾ ਹੀ ਨਹੀਂ, ਸਭ ਕੁਟੰਬ ਪਰਵਾਰ ਦਾ ਭੀ ਸਣੇ ਮਿਤਰਾਂ ਸੰਬੰਧੀਆਂ ਦੇ ਨਿਸਤਾਰਾ ਹੋ ਜਾਂਦਾ ਹੈ। ਸੋ ਇਸ ਏਕੈ ਆਸਾ ਨਮਿਤ ਦੂਜੇ ਭਾਵ ਦੀ ਹੋਰ ਸਭ ਆਸਾ ਦਾ ਦੂਰ ਕਰਨਾ ਹਰੇਕ ਸਚਿਆਰ ਸਿਖ ਦਾ ਧਰਮ ਹੈ ਅਤੇ ਇਸ ਬਿਧਿ ਆਸਾ ਨਿਰਾਸਾ ਰਹਿਣ ਦਾ ਧਰਮ ਧਾਰਨ ਕਰਨਾ ਭੀ ਉਤਮ ਬਿਬੇਕ ਦਾ ਇਕ ਜ਼ਰੂਰੀ ਪਾਲਣ ਜੋਗ ਅੰਗ ਹੈ ਅਤੇ ਇਸ ਆਸਾ ਤੋਂ ਉਪਜੇ ਸਰਬ ਅੰਦੇਸੇ ਦੂਰ ਕਰਨੇ ਭੀ ਗੁਰਮਤਿ ਬਿਬੇਕ ਦੇ ਅੰਗ ਵਿਚ ਦਾਖ਼ਲ ਹਨ, ਕਿਉਂਕਿ ਜਦ ਤਕ ਚਿੰਤਾ ਅੰਦੇਸਿਆਂ ਦੀਆਂ ਚਿਤਵਨੀਆਂ ਚਿੱਤ ਨੂੰ ਚਿੰਬੜੀਆਂ ਰਹਿੰਦੀਆਂ ਹਨ ਤਦ ਤੀਕ ਨਾਮ ਅਭਿਆਸ ਦੇ ਕਮਾਵਣਹਾਰੇ ਬਿਬੇਕੀ ਜਨ ਦੀ ਸੁਰਤੀ ਬਿਰਤੀ ਨਿਰਮਲ ਨਹੀਂ ਹੋ ਸਕਦੀ ਅਤੇ ਚਿੰਤਾ ਬੱਧਾ ਮਨ ਸਦਾ ਅਚੇਤ ਰਹਿੰਦਾ ਹੈ। ਇਸ ਕਰਕੇ ਗੁਰੂ ਮਹਾਰਾਜ ਨੇ ਚਿੰਤਾ ਰਹਿਤ ਹੋਣ ਲਈ ਉਪਦੇਸ਼ਿਆ ਹੈ ਕਿ :

**ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥...੧॥੧੮॥**

*ਰਾਮਕਲੀ ਵਾਰ, ਸਲੋਕ ਮ: ੨, ਪੰਨਾ ੯੫੫*

**ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ ॥**
**ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ ॥੧॥੧੭॥**

*ਭੈਰਉ ਮ: ੩, ਪੰਨਾ ੧੧੩੨*

**ਛੋਡਿ ਆਪਤੁ ਬਾਦੁ ਅਹੰਕਾਰਾ ਮਾਨੁ ਸੋਈ ਜੋ ਹੋਗੁ ॥੧॥੮॥**

*ਟੋਡੀ ਮ: ੫, ਪੰਨਾ ੭੧੩*

ਇਹ ਗੁਰ ਪ੍ਰਮਾਣ ਅਹੰਕਾਰੋਂ ਉਪਜੇ ਬਾਦ ਬਿਬਾਦ ਦਾ ਉੱਕਾ ਪ੍ਰੀਤਿਆਗ ਕਰਾਉਂਦਾ ਹੈ। ਜੈਸਾ ਕਿ ਹੋਰ ਭੀ ਹੁਕਮ ਹੈ। ਯਥਾ :

**ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥ ਰਸਨਾ ਰਾਮ ਰਸਾਇਨੁ ਪੀਜੈ ॥੨॥੪॥**

*ਭੈਰਉ ਨਾਮਦੇਉ ਜੀਉ, ਪੰਨਾ ੧੧੬੪*

ਇਸਦੇ ਨਾਲ ਲਗਦਾ ਹੀ ਉਸਤਤਿ ਨਿੰਦਾ ਦੇ ਪ੍ਰੀਤਿਆਗ ਦਾ ਭੀ ਹੁਕਮ ਹੈ :

**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥**
**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥**

*ਗਉੜੀ ਮ: ੯, ਪੰਨਾ ੨੧੯*

ਉਸਤਤਿ ਕੇਵਲ ਅਕਾਲ ਪੁਰਖ ਦੀ ਸ਼ੋਭਨੀਕ ਹੈ। ਸੰਸਾਰੀਆਂ ਦੀ ਉਸਤਤਿ,

ਮਾਇਆਵੀ ਮਨੁੱਖਾਂ ਦੀ ਉਸਤਤਿ ਬਿਬਰਜਤ ਹੈ। ਸਿਫਤਿ-ਸਾਲਾਹ ਤੋਂ ਬਿਨਾਂ ਦੂਤੀ ਉਸਤਤੀ ਦਾ ਹੁਕਮ ਨਹੀਂ। ਯਥਾ ਗੁਰਵਾਕ :

**ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥**
**ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥**
**ਵਾਹੁ ਮੇਰੇ ਸਾਹਿਬਾ ਵਾਹੁ ॥**
**ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥੧॥ਰਹਾਉ॥**

*ਸੂਹੀ ਮ: ੩, ਪੰਨਾ ੭੫੫*

**ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥**
**ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ ॥**
**ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ ॥**
**ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ ॥੧॥੨॥**

*ਸਲੋਕ ਮ: ੪, ਗਉੜੀ ਕੀ ਵਾਰ, ਪੰਨਾ ੩੦੧*

ਸੋ ਉਸਤਤਿ ਜਾਂ ਤਾਂ ਸਤਿ ਪੁਰਖ ਅਕਾਲ ਦੀ ਕਰਨ ਦਾ ਹੁਕਮ ਹੈ, ਜੈਸਾ ਕਿ ਹੁਕਮ ਹੈ : "ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ"[1] ਜਾਂ ਸਤਿਗੁਰੂ ਦੀ ਉਸਤਤਿ ਵਡਿਆਈ ਕਰਨੀ ਉਚਿਤ ਹੈ, ਜੈਸਾ ਕਿ "ਗੁਰ ਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ"[2] ਆਦਿਕ ਅਨੇਕਾਂ ਗੁਰ ਪ੍ਰਮਾਣ ਹਨ। ਏਦੂੰ ਉਤਰ ਕੇ ਉਹਨਾਂ ਗੁਰਮੁਖ ਜਨਾਂ ਦੀ ਉਸਤਤਿ ਕਰਨੀ ਬਣਦੀ ਹੈ ਜੋ ਸਿਫਤਿ-ਸਾਲਾਹ ਦਾ ਸਰੂਪ ਹੀ ਹੋ ਚੁਕੇ ਹੋਣ। ਯਥਾ ਗੁਰਵਾਕ :

**ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥**
**ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥੧॥੨੫॥**

*ਸਲੋਕੁ ਮ: ੪, ਸੋਰਠਿ ਵਾਰ, ਪੰਨਾ ੬੫੨*

ਏਸ ਤੋਂ ਇਹ ਭਾਵ ਨਹੀਂ ਹੈ ਕਿ ਹਰਿ ਜਨ ਗੁਰਮੁਖ ਪਿਆਰਿਆਂ ਨੂੰ ਆਪਣੀ ਵਡਿਆਈ ਉਸਤਤਿ ਕਰਾਉਣ ਦਾ ਆਪ ਸ਼ੌਕ ਹੁੰਦਾ ਹੈ। ਓਹਨਾਂ ਨੂੰ ਇਹ ਸੰਕਲਪ ਮਾਤਰ ਰੁਚੀ ਹੀ ਨਹੀਂ ਫੁਰਦੀ। ਹਾਂ, "ਸਚੇ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ"[3] ਗੁਰਵਾਕ ਦੇ ਭਾਵ ਅਨੁਸਾਰ ਜੇ ਸੁਤੇ ਸੁਭਾਵ ਹੀ ਉਹਨਾਂ ਦੀ ਉਸਤਤੀ ਜਹਾਨ (ਸੰਸਾਰ) ਵਲੋਂ ਹੋਣ ਲਗ ਜਾਏ, ਇਹ ਦੂਜੀ ਗੱਲ ਹੈ, ਪ੍ਰੰਤੂ ਗੁਰਮੁਖਿ ਪਿਆਰੇ ਆਪਣੀ ਉਸਤਤਿ ਕਰਾਉਣੋਂ ਹਮੇਸ਼ਾ ਸੰਕੋਚ ਭੈ ਖਾਂਦੇ ਹਨ। ਉਹਨਾਂ ਨੂੰ ਆਪਣੀ ਉਸਤਤਿ ਕਰਾਉਣ ਦਾ ਏਤਨਾ ਹੀ ਭਾਰਾ ਭੈ ਸੰਕੋਚ ਹੁੰਦਾ ਹੈ ਜਿਤਨਾ ਕਿ ਗੁਰਸਿੱਖਾਂ ਦੀ ਨਿੰਦਾ ਕਰਨ ਦਾ। ਗੁਰਮੁਖਿ ਪਿਆਰੇ ਆਪਣੀ ਸਨਮੁਖ ਉਸਤਤਿ ਸਹਾਰ ਨਹੀਂ ਸਕਦੇ, ਅਤੇ ਗੁਰੂ ਅਤੇ ਗੁਰੂ ਦੇ ਸਿੱਖਾਂ ਦੀ ਨਿੰਦਾ ਨਹੀਂ ਸਹਾਰ ਸਕਦੇ। ਜੇ ਕੋਈ ਓਹਨਾਂ ਦੇ ਮੂੰਹ ਤੇ ਓਹਨਾਂ ਦੀ ਉਸਤਤਿ ਕਰਦਾ ਹੈ, ਓਹ ਪਹਿਲਾਂ ਤਾਂ ਗੌਲਦੇ ਨਹੀਂ

1. ਗਉੜੀ ਕੀ ਵਾਰ, ਮ: ੪, ਪਉੜੀ ੧੯, ਪੰਨਾ ੩੧੧
2. ਗਉੜੀ ਕੀ ਵਾਰ, ਮ: ੪, ॥੨॥੧੯॥ ਪੰਨਾ ੩੧੦
3. ਬਾਰਹ ਮਾਹਾ ਮਾਝ ਮ: ੫, ਪੰਨਾ ੧੩੬

ਕਿ ਉਸਤਤਿ ਓਹਨਾਂ ਦੀ ਹੋ ਰਹੀ ਹੈ; ਸਭ ਗੁਰੂ ਦੀ ਉਸਤਤਿ ਹੁੰਦੀ ਜਾਣਦੇ ਹਨ। ਜੈਸੇ ਕਿ: "ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥"[1] ਗੁਰਵਾਕ ਦਾ ਭਾਵ ਹੈ। ਜੇ ਭਲਾ ਉਹਨਾਂ ਨੂੰ ਆਪਣੀ ਉਸਤਤਿ ਹੁੰਦੀ ਭਾਸ ਭੀ ਜਾਵੇ ਤਾਂ ਸਨਮੁਖ ਉਸਤਤਿ ਕਰਨਹਾਰੇ ਨੂੰ ਸਮਝਦੇ ਹਨ ਕਿ ਗਾਲ੍ਹਾਂ ਕਢ ਰਿਹਾ ਹੈ। ਉਸ ਪੁਰਸ਼ ਨੂੰ ਚੰਗਾ ਨਹੀਂ ਸਮਝਦੇ, ਜੋ ਉਹਨਾਂ ਦੇ ਸਾਹਮਣੇ ਉਹਨਾਂ ਦੀ ਉਸਤਤਿ ਮੂੰਹ ਤੇ ਕਰਦਾ ਹੈ। ਅਤੇ ਕੱਚੀ ਬਿਵਸਥਾ ਵਿਖੇ ਤਾਂ ਇਹ ਉਸਤਤਿ ਬਿਖ (ਜ਼ਹਿਰ) ਦਾ ਅਸਰ ਰਖਦੀ ਹੈ, ਨਾਮ ਦੀਆਂ ਚੜ੍ਹਦੀਆਂ ਕਲਾਂ ਤੇ (ਅਗਾਹਾਂ) ਚੜ੍ਹਨਾ ਰੋਕ ਦਿੰਦੀ ਹੈ। ਕਈ ਸੇਵਕ ਜਨ ਸੇਵਾ ਨੂੰ ਗੁਰੂ ਦਾ ਹੁਕਮ ਸਮਝ ਕੇ, ਭੋਲੇ ਭਾਇ ਸੇਵਾ ਦਾ ਰੂਪ ਹੋ ਕੇ ਨਿਰਮਾਣ ਸੇਵਾ ਕਮਾਈ ਜਾਂਦੇ ਹਨ। ਜੇ ਉਹਨਾਂ ਦੀ ਕੱਚੀ ਕਮਾਈ ਦੀ ਅਵਸਥਾ ਅੰਦਰ ਹੀ ਉਹਨਾਂ ਦੀ ਸੇਵਾ ਦੀ ਉਸਤਤਿ ਉਹਨਾਂ ਦੇ ਕੰਨਾਂ ਵਿਚ ਪੈਣ ਲਗ ਪਵੇ ਤਾਂ ਸੂਖਮ ਹਉਮੈ ਦੀ ਅੰਸ਼ ਵਾਪਰ ਜਾਂਦੀ ਹੈ ਅਤੇ ਖੜ੍ਹਦੀ ਕਲਾ ਵਰਤ ਜਾਂਦੀ ਹੈ। ਗੁਰੂ ਅਤੇ ਸੰਗਤ ਦੀ ਕਿਰਪਾ ਨਾਲ ਕਈ ਵਡਭਾਗੇ ਤਾਂ ਸੰਭਲ ਜਾਂਦੇ ਹਨ ਅਤੇ ਫੇਰ ਚੜ੍ਹਦੀਆਂ ਕਲਾਂ ਵਾਲੇ ਚੜ੍ਹਾਈ ਕਰਨ ਲਗ ਪੈਂਦੇ ਹਨ। ਪਰ ਜਿਨ੍ਹਾਂ ਤੋਂ ਸੰਭਲ ਨਹੀਂ ਹੁੰਦਾ, ਉਹ ਢਹਿੰਦੀਆਂ ਕਲਾਂ ਅੰਦਰ ਨਿਘਰਦੇ ਨਿਘਰਦੇ ਨਿਘਰ ਜਾਂਦੇ ਹਨ। ਅਣਹੋਈ ਉਸਤਤਿ ਜਿਸ ਦੀ ਕੀਤੀ ਜਾਵੇ ਤਾਂ ਜਿਸਦੀ ਉਸਤਤਿ ਕੀਤੀ ਜਾਂਦੀ ਹੈ ਉਸ ਨੂੰ ਹਾਨੀਕਾਰਕ ਹੈ ਅਤੇ 'ਨਿੰਦਾ' ਨਿੰਦਾ ਕਰਨਹਾਰੇ ਨੂੰ ਹਾਨੀਕਾਰਕ ਹੈ। ਇਸ ਕਰਕੇ ਉਸਤਤਿ ਨਿੰਦਾ ਦੋਨੋਂ ਬਿਬਰਜਤ ਹਨ। ਨਿੰਦਾ ਕਰਨਹਾਰਾ ਜਿਸ ਦੀ ਨਿੰਦਾ ਕਰਦਾ ਹੈ, ਉਸ ਦਾ ਕੁਛ ਨਹੀਂ ਵਿਗਾੜ ਸਕਦਾ। ਸਗੋਂ ਉਸ ਦੀ ਨਿੰਦਾ ਕਰਨ ਨਾਲ ਉਸ ਦਾ ਭਾਰ ਹਰਦਾ ਹੈ ਅਤੇ ਆਪਣਾ ਬਿਗਾੜ ਕਰਦਾ ਹੈ। ਜੋ ਨਿੰਦਾ ਕਰਕੇ ਦੂਜੇ ਦਾ ਬੁਰਾ ਚਿਤਵਦਾ ਹੈ, ਜਿਸ ਦੇ ਅੰਦਰ ਤਾਤ ਪਰਾਈ ਹੈ ਉਸਦਾ ਕਦੇ ਭਲਾ ਨਹੀਂ ਹੁੰਦਾ। ਯਥਾ ਗੁਰਵਾਕ:

**ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥**
**ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ ॥**
**ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥**
**ਨਿਤ ਚੁਗਲੀ ਕਰੇ ਅਣਹੋਦੀ ਪਰਾਈ**
**ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ ॥...੧॥੧੫॥**

*ਸਲੋਕ ਮ: ੪, ਗਉੜੀ ਕੀ ਵਾਰ, ਪੰਨਾ ੩੦੮*

ਏਸੇ ਕਰਕੇ ਗੁਰਮਤਿ ਅੰਦਰਿ ਨਿੰਦਾ ਕਰਨੀ ਕਿਸੇ ਦੀ ਭੀ ਭਲੀ ਨਹੀਂ। ਯਥਾ ਗੁਰਵਾਕ:

**ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥**
**ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥**

*ਸੂਹੀ ਮ: ੩, ਪੰਨਾ ੭੫੫*

**ਚੋਰ ਜਾਰ ਜੂਆਰ ਤੇ ਬੁਰਾ ॥ ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ ॥੩॥੩੪॥**

*ਭੈਰਉ ਮ: ੫, ਪੰਨਾ ੧੧੪੫*

---

1. ਸੂਹੀ ਮ: ੪ ਅਸ: ਅੰਕ ੬, ਪੰਨਾ ੭੫੭

ਅਤੇ ਸਤਿਗੁਰ ਸਾਰਖੇ ਮਹਾਂ ਪੁਰਖ ਦੀ ਨਿੰਦਾ ਦੇ ਭੈੜਪੁਣੇ ਦਾ ਤਾਂ ਆਖਣਾ ਹੀ ਕੀ ਹੈ। ਜੈਸਾ ਕਿ ਗੁਰਵਾਕ ਹੈ:

**ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥**
**ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥**
**ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥**
**ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥**
**ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥**
**ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ ॥**
**ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ ॥...੧॥੧੬॥**

*ਸਲੋਕ ਮ: ੪, ਗਉੜੀ ਕੀ ਵਾਰ, ਪੰਨਾ ੩੦੯*

ਇਹ ਦੰਡ-ਵਰਤਾਰਾ ਨਿੰਦਕ ਨਾਲ ਸੱਚ ਮੁੱਚ ਵਰਤਦਾ ਹੈ। ਕੇਵਲ ਭੈ ਦੇਣ ਮਾਤਰ ਹੀ ਇਹ ਉਪਦੇਸ਼ ਨਹੀਂ, ਕਿੰਤੂ ਨਿੰਦਕ ਦੀ ਜੋ ਗਤੀ ਇਸ ਗੁਰਵਾਕ ਅੰਦਰ ਵਰਣਨ ਕੀਤੀ ਹੈ, ਸਭ ਯਥਾਰਥ ਹੈ। ਸਤਿਗੁਰ ਦੀ ਬਾਣੀ ਸਭ ਸਤਿ ਸਤਿ ਹੈ। ਅਤੇ ਜੋ ਉਪਦੇਸ਼ ਭੀ ਇਸ ਸੱਚੀ ਬਾਣੀ ਦੁਆਰਾ ਕਰਦੇ ਹਨ ਸੋ ਸਭ ਸਚੋ ਸੱਚ ਤੇ ਯਥਾਰਥ ਹੈ। ਭੂਤ ਭਵਿਖ ਦੇ ਦਾਨੀ ਮਹਾਂ ਪੁਰਖਾਂ ਦੀ ਬਾਣੀ ਧੁਰ ਕੀ ਬਾਣੀ ਹੋਣ ਕਰਕੇ ਨਿਰੋਲ ਯਥਾਰਥ ਅਤੇ ਅੱਖਰ ਅੱਖਰ ਸੱਚ ਹੈ। ਯਥਾ ਗੁਰਵਾਕ:

**ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥੪॥੩੬॥**

*ਰਾਮਕਲੀ ਮ: ੫, ਪੰਨਾ ੮੯੪*

ਜੋ ਕੁਝ ਭੀ ਪਰਮੇਸ਼ਰ ਕੈ ਦੁਆਰੇ ਹੋਇ ਬਤੀਤਦਾ ਹੈ ਸੋ ਮਹਾਂ ਪੁਰਖ ਕਥਨ ਕਰਦੇ ਹਨ। ਯਥਾ ਗੁਰਵਾਕ:

**ਅਰੜਾਵੈ ਬਿਲਲਾਵੈ ਨਿੰਦਕੁ ॥**
**ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ ॥੧॥ਰਹਾਉ॥**
**ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥**
**ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ ॥੧॥**
**ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ ॥**
**ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ ॥੨॥੧੦॥**

*ਆਸਾ ਮ: ੫, ਪੰਨਾ ੩੭੩*

ਸੋ ਸਪੱਸ਼ਟ ਹੋਇਆ ਕਿ ਨਿੰਦਕ ਦੀ ਗਤੀ ਅਤੀ ਭੈੜੀ ਅਤੇ ਭਿਆਨਕ ਹੁੰਦੀ ਹੈ। ਅਤੇ ਸੱਚ ਮੁੱਚ ਇਹੋ ਜਿਹੀ ਹੁੰਦੀ ਹੈ ਜਿਹੀ ਕਿ ਉਪਰਲੇ ਗੁਰ ਪ੍ਰਮਾਣਾਂ ਅੰਦਰ ਕਥਨ ਹੈ। ਤਾਂ ਤੇ ਨਿੰਦਾ ਸਾਰੇ ਪਾਪ-ਕਰਮਾਂ ਤੋਂ ਵੱਡਾ ਅਤੇ ਮਹਾਂ ਅਸਾਧ ਪਾਪ ਕਰਮ ਹੈ। ਹੋਰ ਪਾਪਾਂ ਦਾ ਦਾਰੂ ਤਾਂ ਹੈ ਭੀ, ਪਰ ਨਿੰਦਕ ਦਾ ਕੋਈ ਭੀ ਦਾਰੂ ਅਉਖਧ ਨਹੀਂ। ਯਥਾ ਗੁਰਵਾਕ:

**ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥**
**ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ ॥੨॥੨੯॥**

*ਮ: ੫, ਗਉੜੀ ਕੀ ਵਾਰ ਮ: ੪, ਪੰਨਾ ੩੧੫*

ਸੋ, ਜੋ ਭੀ ਗੁਰੂ ਦੇ ਸੁਚਿਆਰ ਸਿੰਘ ਹਨ ਸੋ ਇਸ ਨਿੰਦਾ ਬਿਬਰਜਤ ਉਪਦੇਸ਼ ਮਈ ਹੁਕਮ ਨੂੰ ਕਮਾਉਂਦੇ ਹੋਏ ਇਸ ਬਿਬਰਜਤ ਕੁਕਰਮ ਦੇ ਨੇੜੇ ਨਹੀਂ ਜਾਂਦੇ ਅਤੇ ਗੁਰਮਤਿ ਬਿਬੇਕ ਦੇ ਨਾਉਂ ਦੀ ਲਾਜ ਰਖਦੇ ਹਨ।

ਪੁਨਾ ਹੋਰ ਗੁਰ-ਪ੍ਰਮਾਣਾਂ ਮਈ ਹੁਕਮ ਅੰਦਰ ਆਏ ਗੁਰਮਤਿ ਬਿਬੇਕ ਕਰਮਾਂ ਸੰਬੰਧੀ ਵੀਚਾਰ :

**ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥**
**ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥**
**ਤਜਿ ਮਾਨੁ ਅਭਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥**
**ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥੮॥**

*ਮ: ੪, ਵਾਰ ਮਾਝ, ਪੰਨਾ ੧੪੧*

**ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥**
**ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ ॥**
**ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥**
**ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥੧੭॥**

*ਗਉੜੀ ਕੀ ਵਾਰ ਮ: ੫, ਪੰਨਾ ੩੨੨*

**ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥੩॥੧॥੬॥**

*ਸਾਰੰਗ ਸ੍ਰੀ ਪਰਮਾਨੰਦ ਜੀ, ਪੰਨਾ ੧੨੫੩*

ਏਹਨਾਂ ਦੋਹਾਂ ਵਾਕਾਂ ਤੋਂ ਅਹਿੰਸਾ ਅਤੇ ਜੀਅ-ਦਇਆ ਪਾਲਣ ਦਾ ਹੁਕਮ ਉਪਦੇਸ਼ ਕਮਾਉਣ ਦੀ ਤਾੜਨਾ ਮਿਲਦੀ ਹੈ।

**ਪਰ ਕਾ ਬੁਰਾ ਨ ਰਾਖਹੁ ਚੀਤ ॥**
**ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥੬੨॥**

*ਆਸਾ ਮ: ੫, ਪੰਨਾ ੩੮੬*

**ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥**
**ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥੧॥**
**ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥**
**ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥੧॥ਰਹਾਉ॥੩॥**

*ਸੂਹੀ ਮ: ੫, ਪੰਨਾ ੭੩੭*

**ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥ ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥**
**ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥ ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥**
**ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭ ਲੁਭਾਵਹਿ ॥**

ਮਿਥਿਆ ਤਨ ਨਹੀ ਪਰਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥
ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥੫॥

*ਗਉੜੀ ਸੁਖਮਨੀ ਮ: ੫, ਪੰਨਾ ੨੬੮-੬੯*

ਜਾਇ ਪੁਛਹੁ ਸੁਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥੩॥੪॥

*ਤਿਲੰਗ ਮ: ੧, ਪੰਨਾ ੭੨੨*

....ਤਿਸੁ ਨਾਲਿ ਸਿਆਣਪ ਨ ਚਲਈ ਨ ਹੁਜਤਿ ਕਰਣੀ ਜਾਇ ॥...੧॥੩੫॥

*ਸਲੋਕ ਮ: ੩, ਵਾਰ ਸਾਰੰਗ, ਪੰਨਾ ੧੨੫੦-੫੧*

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥...੪॥੨॥੪॥

*ਤਿਲੰਗ ਮ: ੧, ਪੰਨਾ ੭੨੨*

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ਰਹਾਉ॥
ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥

*ਸੋਰਠਿ ਮ: ੧, ਪੰਨਾ ੫੯੮*

ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥
ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥੧॥
ਜਉ ਪ੍ਰਭ ਜੀਉ ਦਇਆਲ ਹੋਇ ਤਉ ਭਗਤੀ ਲਾਗਉ ॥
ਲਪਟਿ ਰਹਿਓ ਮਨੁ ਬਾਸਨਾ ਗੁਰ ਮਿਲਿ ਇਹ ਤਿਆਗਉ ॥੧॥ਰਹਾਉ॥
ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ ॥
ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਉ ॥੨॥
ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ ॥
ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਉ ॥੩॥
ਸਰਣਿ ਸੋਹਾਗਨਿ ਆਇਆ ਜਿਸੁ ਮਸਤਕਿ ਭਾਗਉ ॥
ਕਹੁ ਨਾਨਕ ਤਿਨਿ ਪਾਇਆ ਤਨੁ ਮਨੁ ਸੀਤਲਾਗਉ ॥੪॥੨॥੩੨॥

*ਬਿਲਾਵਲੁ ਮ: ੫, ਪੰਨਾ ੮੦੮*

ਇਹਨਾਂ ਉਪਰ ਦਿਤੇ ਸਾਰੇ ਗੁਰ ਪ੍ਰਮਾਣਾਂ ਦੀ ਵਿਆਖਿਆ ਕਰਨ ਦੀ ਲੋੜ ਨਹੀਂ । ਵਿਆਖਿਆ ਕੀਤਿਆਂ ਵਿਸਥਾਰ ਬਹੁਤ ਹੋ ਜਾਏਗਾ । ਕੇਵਲ ਏਤਨਾ ਜਾਣਨ

ਦੀ ਲੋੜ ਹੈ ਕਿ ਇਹਨਾਂ ਗੁਰ ਪ੍ਰਮਾਣਾਂ ਵਿਖੇ ਜੋ ਹੁਕਮ ਰੂਪੀ ਬਚਨ[1] ਹਨ ਓਹਨਾਂ ਦਾ ਕਮਾਉਣਾ ਭੀ ਗੁਰਮਤਿ ਬਿਬੇਕ ਦਾ ਅੰਗ ਪਾਲਣਾ ਹੈ। ਇਕ ਇਕ ਕਰ ਕੇ ਇਨ੍ਹਾਂ ਗੁਰ-ਬਚਨਾਂ ਦਾ ਕਮਾਉਣਾ ਬਿਬੇਕੀ ਸਿੰਘ ਸੁਚਿਆਰ ਦਾ ਧਰਮ ਹੈ।

## ੨੩. ਬਿਬੇਕੀ ਦਾ ਗੁਰਮਤਿ ਅਹਾਰ :

ਹੁਣ ਅਸੀਂ ਉਸ ਗੁਰਮਤਿ ਬਿਬੇਕ ਦੇ ਮੁਖ ਪ੍ਰਕਰਣ ਨੂੰ ਅਰੰਭਦੇ ਹਾਂ ਜਿਸ ਦੇ ਧਾਰਨ ਕਰਨ ਕਰਿ ਗੁਰਮਤਿ ਬਿਬੇਕੀ ਜਨ ਗੁਰੂ ਘਰ ਅੰਦਰ ਪ੍ਰਸਿੱਧ ਬਿਬੇਕੀ (ਬਿਬੇਕ-ਧਾਰੀ) ਨਾਮ ਕਰਕੇ ਉਘੇ (ਨਾਮਜ਼ਦ) ਹਨ।

ਮਨੁਖਾ ਜਨਮ ਦਾ ਮੁਖ ਪ੍ਰਯੋਜਨ (ਜੈਸਾ ਕਿ ਪਹਿਲਾਂ ਦਸਿਆ ਜਾ ਚੁੱਕਾ ਹੈ) ਅਕਾਲ ਪੁਰਖ ਪ੍ਰੀਤਮ ਦੀ ਪ੍ਰਾਪਤੀ ਹੈ ਅਤੇ ਇਸ ਪ੍ਰਾਪਤੀ ਦਾ ਇਕੋ ਮੁਖ ਦੁਆਰਾ (ਵਸੀਲਾ) ਨਾਮੁ, ਗੁਰਮਤਿ ਨਾਮੁ ਹੈ। ਏਸੇ ਨਾਮ ਦੀ ਦਾਤਿ, ਜੀਅ ਦਾਨ ਦੇਣ ਲਈ ਸ੍ਰੀ ਸੱਚੇ ਸਤਿਗੁਰੂ ਸਾਹਿਬਾਨ "ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥" ਅਤੇ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ"[2] ਵਾਲਾ ਸੱਚਾ ਪਰਉਪਕਾਰ ਸਤਿਗੁਰਾਂ ਨੇ ਪਰਤੱਖ ਕਰ ਕੇ ਦਿਖਾਇਆ ਅਤੇ "ਜੀਅ ਦਾਨੁ" ਦੀ ਗੁੜ੍ਹਤੀ ਦੇ ਕੇ "ਭਗਤੀ ਲਾਇਨਿ" ਅਤੇ "ਹਰਿ ਸਿਉ ਲੈਨਿ ਮਿਲਾਏ" ਦੀ ਪੱਕੀ ਨੀਂਹ, ਜੁਗੋ ਜੁਗ ਅਟੱਲ ਨੀਂਹ ਰਖੀ। ਇਸ ਜੀਅ ਦਾਨੁ ਦੀ ਜੀਵਨ-ਕਣੀ ਅੰਮ੍ਰਿਤ ਨਾਮ ਨੂੰ ਮਨੁਖਾ ਜਨਮ ਦੇ ਮੁਖ ਪ੍ਰਯੋਜਨ ਦੀ ਪ੍ਰਾਪਤੀ ਦਾ ਮੁਖ ਸਾਧਨ ਬਣਾਇਆ। ਅਤੇ ਏਸੇ ਅੰਮ੍ਰਿਤ ਨਾਮ ਦੀ ਮੁਖ ਕਮਾਈ ਦੇ ਹੁਕਮ ਨੂੰ ਹੀ ਅਸਾਡਾ ਮੁਖ ਧਰਮ ਦ੍ਰਿੜ੍ਹਾਇਆ। ਏਸ ਅੰਮ੍ਰਿਤ ਨਾਮ ਦੀ ਕਮਾਈ ਦਾ ਅੰਕੂਰੁ ਅਮਰ ਫਲ ਯਦਯਪ ਅਸਾਡੇ ਅੰਤਰਿ ਆਤਮੇ ਹੀ ਸਫੁਟ ਅਤੇ ਪ੍ਰਫੁਲਤ ਹੋਣਾ ਹੈ, ਤਾਹੀਂ ਤੇ ਇਹ ਅੰਮ੍ਰਿਤ ਨਾਮ ਜੀਅ ਦਾਨ ਦੀ ਜੀਵਨ-ਕਣੀ ਹੈ। ਇਸੇ ਅੰਮ੍ਰਿਤ ਨਾਮ ਦੀ ਜੀਵਨ-ਬੂਟੀ ਦੁਆਰਾ ਹੀ ਅਸਾਡੇ ਅੰਤਰਿ, ਰਿਦੰਤਰਿ, ਘਟੰਤਰਿ ਆਤਮ-ਝਲਕ ਵਜਣੀ ਹੈ ਅਤੇ ਏਸ ਆਤਮ-ਝਲਕ ਦੁਆਰਾ ਹੀ ਜੋਤਿ ਸਰੂਪ ਪਰਮਾਤਮਾ ਦੇ ਦਰਸ਼ਨ ਘਟ ਨਿਰੰਤਰੀ ਆਤਮਾ ਅੰਤਰਿ ਹੋਣੇ ਹਨ। ਅਤੇ ਇਸ ਘਟ ਨਿਰੰਤਰੀ ਆਤਮਾ ਦਾ ਸੰਬੰਧ ਸਰੀਰ ਨਾਲ ਹੈ। ਤਾਂ ਤੇ ਇਸ ਸਰੀਰ ਨੂੰ ਸਾਧਣਾ ਸੋਧਣਾ ਅਤੇ ਸਦੀਵ ਕਾਲ ਸਾਧੀ ਸੋਧੀ ਰਖਣਾ ਗੁਰਮਤਿ ਬਿਬੇਕ ਦਾ ਮੂਲ ਪਹਿਲੂ (ਅੰਗ) ਹੈ। ਸਰੀਰ ਅਤੇ ਆਤਮਾ ਦਾ ਪ੍ਰਸਪਰ ਐਸਾ ਸੰਬੰਧ ਹੈ ਕਿ ਸਰੀਰਕ ਕ੍ਰਿਆ ਦਾ ਆਤਮਾ ਉਤੇ ਅਤੇ ਆਤਮਕ ਕ੍ਰਿਆ ਦਾ ਸਰੀਰ ਉਤੇ ਅਵੱਸ਼ ਅਸਰ ਪੈਂਦਾ ਹੈ। ਅਤੇ ਅਸਰ ਭੀ ਬੜਾ ਡੂੰਘਾ ਅਤੇ ਨਿੱਗਰ ਅਸਰ ਹੈ।

---

1. ਹੁਕਮ ਰੂਪੀ ਬਚਨ ਜੋ ਪਿਛਲੇਰੇ ਗੁਰ ਪ੍ਰਮਾਣਾਂ ਅੰਦਰ ਆਏ ਹਨ।
2. ਸੂਹੀ ਮ: ੫, ॥੨॥੫੪॥ ਪੰਨਾ ੭੪੯

## ੨੪. ਨਾਮ ਦੀ ਕਮਾਈ ਰਾਹੀਂ ਸਰੀਰ ਸ਼ਿੰਗਾਰਨਾ ਸਵਾਰਨਾ ਚਾਹੀਦਾ ਹੈ :

ਨਾਮ ਦੀ ਸਾਰੀ ਕਮਾਈ ਸਰੀਰ ਨੂੰ ਕਮਾ ਕੇ ਹੁੰਦੀ ਹੈ । ਅਤੇ ਅਤੁੱਟ ਕਮਾਈ ਦੁਆਰਾ ਹੀ ਸਰੀਰ ਅੰਤਰੋਂ "ਸਚੇ ਕੀ ਜੋਤਿ" ਦਾ ਪ੍ਰਕਾਸ਼ ਹੋਣਾ ਹੈ । ਯਥਾ ਗੁਰਵਾਕ :

**ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥**
**ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥੧੬॥**

*ਗਉੜੀ ਕੀ ਵਾਰ ਮ: ੪, ਪੰਨਾ ੩੦੯*

ਇਸ ਸਰੀਰ ਦੇਹੀ ਅੰਦਰੋਂ ਗੁਰ-ਸ਼ਬਦ ਦੁਆਰਾ ਵਸਤ ਅਪਾਰਾ (ਆਤਮ ਤੱਤ) ਦਾ ਦਿੱਬ ਦਰਸ ਪ੍ਰਾਪਤ ਹੋਣਾ ਹੈ । ਅਤੇ ਇਸ ਦੇਹੀ ਅੰਦਰ ਹੀ ਪਰਮ ਪ੍ਰਯੋਜਨੀ ਪਰਮ ਅਨੰਦ ਰਹੱਸ ਦੀ ਖੋਜ ਹੋਣੀ ਹੈ । ਯਥਾ ਗੁਰਵਾਕ :

**ਦੇਹੀ ਅੰਦਰਿ ਵਸਤੁ ਅਪਾਰਾ ॥ ਆਪੇ ਕਪਟ ਖੁਲਾਵਣਹਾਰਾ ॥**
**ਗੁਰਮੁਖਿ ਸਹਜ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥**
**ਸਭਿ ਰਸ ਦੇਹੀ ਅੰਦਰਿ ਪਾਏ ॥ ਵਿਰਲੇ ਕਉ ਗੁਰੁ ਸਬਦੁ ਬੁਝਾਏ ॥**
**ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥੧੩॥**

*ਮਾਰੂ ਮ: ੩, ਪੰਨਾ ੧੦੫੬*

ਏਸ ਦੇਹੀ ਅੰਦਰ ਹੀ ਸਬਦੁ (ਗੁਰਮੰਤ੍ਰ) ਦਾ ਜਾਗ ਲਾ ਕੇ ਸਹਜ ਤੱਤ ਦੇ ਕਢਣ ਲਈ ਹਰਿ ਕਾ ਬਿਲੋਵਣਾ ਬਿਲੋਣਾ ਹੈ । ਇਸ ਦੇਹੀ ਸਰੀਰ ਅੰਦਰ ਹੀ ਨਾਮ ਦਾ ਖੰਡਾ ਖੜਕਾ ਕੇ ਪਰਮ ਜੋਤਿ ਤੱਤ ਨਿਰੰਜਨੀ ਨੂੰ ਪਰਜ੍ਵਲਤ ਕਰਨਾ ਹੈ । ਅਤੇ ਇਸ ਜੋਤਿ ਸਰੂਪ ਹਰਿ ਪਰਮਾਤਮਾ ਦੇ ਇਸ ਬਿਧ ਸਰੀਰ ਅੰਦਰ ਪ੍ਰਕਾਸ਼ਤ ਹੋਣ ਕਰਿ ਹੀ, ਏਸ ਸਰੀਰ ਨੂੰ ਹਰੀਮੰਦਰ ਦੀ ਸੁੰਦਰ ਸ਼ੋਭਨੀਕ ਪਦਵੀ ਨਾਲ ਸ਼ਸ਼ੋਭਤ ਕੀਤਾ ਜਾਂਦਾ ਹੈ । ਯਥਾ ਗੁਰਵਾਕ :

**ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥**
**ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥**
**ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥੧੧॥**

*ਰਾਮਕਲੀ ਕੀ ਵਾਰ ਮ: ੩, ਪੰਨਾ ੯੫੨*

ਏਸ ਸਰੀਰ ਰੂਪੀ ਮੰਦਰ ਪ੍ਰਥਾਇ ਹੀ ਬਚਨ ਹੈ । ਗੁਰਵਾਕ :

**ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥**
**ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥**
**ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥**
**ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥**
**ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥੩॥੭॥**

*ਸਿਰੀਰਾਗੁ ਮ: ੧, ਪੰਨਾ ੫੭*

**ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥**
**ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮਰਾਮੁ ਪਛਾਤਾ ॥**
**ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥੧੨॥**

*ਰਾਮਕਲੀ ਕੀ ਵਾਰ ਮ: ੩, ਪੰਨਾ ੯੫੩*

ਏਸ ਸਰੀਰ ਅੰਦਰ ਹੀ ਨਾਮ ਦੀ ਕਮਾਈ, ਸ਼ਬਦ ਗੁਰੂ ਦੀ ਬਰਕਤ ਦੁਆਰਾ, ਗੁਪਤ ਦਸਮ ਦੁਆਰ ਦੇ ਬਜਰ ਕਪਾਟ ਖੁਲ੍ਹ ਕੇ ਅਨਹਦ ਧੁਨ ਵਾਜੇ ਵਜਦੇ ਸੁਣਾਈ ਦੇਣੇ ਹਨ। ਯਥਾ ਗੁਰਵਾਕ :

**ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥**
**ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥**
**ਅਨਹਦ ਵਾਜੇ ਧੁਨਿ ਵਜਦੇ ਗੁਰ [1]ਸਬਦਿ ਸੁਣੀਜੈ ॥**
**ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥੧੫॥**

*ਰਾਮਕਲੀ ਕੀ ਵਾਰ ਮ: ੩, ਪੰਨਾ ੯੫੪*

**ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ ॥**
**ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ ॥੧॥**
**ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ ॥**
**ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ ਗੁਰ ਸਬਦੀ ਹਰਿ ਰਸੁ ਪੀਜੈ ॥੨॥**
**ਕਾਇਆ ਨਗਰੁ ਨਗਰੁ ਹੈ ਨੀਕੋ ਵਿਚਿ ਸਉਦਾ ਹਰਿ ਰਸੁ ਕੀਜੈ ॥**
**ਰਤਨ ਲਾਲ ਅਮੋਲ ਅਮੋਲਕ ਸਤਿਗੁਰ ਸੇਵਾ ਲੀਜੈ ॥੩॥੧॥**

*ਕਲਿਆਨ ਮ: ੪ ਅਸਟ:, ਪੰਨਾ ੧੩੨੩*

ਤਾਂ ਤੇ ਐਸੇ ਸਰੀਰ ਦੀ ਸੋਧਨਾ ਸਾਧਨਾ ਪ੍ਰਥਾਇ ਜਿਤਨੇ ਭੀ ਗੁਰੂ ਕੇ ਬਚਨ

---

1. ਸਾਨੂੰ ਬਹੁਤ ਸ਼ੋਕ ਨਾਲ ਕਹਿਣਾ ਪੈਂਦਾ ਹੈ ਕਿ ਜੋ ਅਨਹਦ ਸ਼ਬਦ ਕੇਵਲ ਗੁਰ-ਸ਼ਬਦ (ਗੁਰਮਤਿ ਨਾਮ) ਦੁਆਰਾ ਗੁਰੂ ਘਰ ਵਿਚ ਹੀ ਰਹਿ ਕੇ ਸੁਣੇ ਜਾ ਸਕਦੇ ਹਨ, ਓਹਨਾਂ ਦੀ ਖ਼ਾਤਰ ਅਸਾਡੇ ਭਰਮ-ਭੁਲੇ ਭਰਾ, ਰਾਧਾ ਸੁਆਮੀ ਆਦਿਕ ਆਨਮਤ ਭੇਖਾਂ ਵਿਚ ਭਟਕਦੇ ਫਿਰਦੇ ਹਨ, ਜਿਥੋਂ ਕੱਖ ਭੀ ਪ੍ਰਾਪਤ ਨਹੀਂ ਹੋ ਸਕਦਾ। ਭਰਮ-ਭੁਲੇ ਭੇਖਵਾਨੀਆਂ ਅਤੇ ਕੂੜ-ਕੁਸੱਤ-ਕੁੱਠੇ ਨਿਗੁਰੇ ਅਭਿਮਾਨੀਆਂ ਅਤੇ ਗੁਰਸ਼ਬਦ (ਗੁਰਮੰਤ੍ਰ-ਗੁਰਮਤਿ ਨਾਮ) ਤੋਂ ਘੁਥੇ ਮਨਮੁਖ ਅੰਧ-ਅਗਿਆਨੀਆਂ ਨੂੰ ਕਿਤੇ ਉਪਾਇ ਭੀ ਅਨਹਦ ਸ਼ਬਦ ਦੀ ਲਭਤਾ ਨਹੀਂ ਹੋ ਸਕਦੀ, ਜਦ ਤਾਈਂ ਗੁਰੂ ਨਾਨਕ ਦਸਮੇਸ਼ ਜੀ ਦੇ ਘਰ ਵਿਚ ਆ ਕੇ ਗੁਰਮਤਿ ਬਿਬੇਕ ਦੀ ਧਾਰਨਾ ਨਾ ਧਾਰਨ ਕਰਨ। ਯਥਾ ਗੁਰਵਾਕ :

    ਬਜਰ ਕਪਾਟ ਕਾਇਆ ਗੜ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
    ਭਰਮਿ ਭੂਲੇ ਨਦਰਿ ਨਾ ਆਵਨੀ ਮਨਮੁਖ ਅੰਧ ਅਗਿਆਨੀ ॥
    ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥
    ਗੁਰ ਸਬਦੀ ਖੋਲਾਈਅਨਿ ਹਰਿ ਨਾਮੁ ਜਪਾਨੀ ॥
    ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ ॥੧੪॥

*ਗੂਜਰੀ ਕੀ ਵਾਰ ਮ: ੩, ਪੰਨਾ ੫੧੮*

ਅਧਿਕ ਨਿਰਣਾ ਇਸ ਪ੍ਰਥਾਇ 'ਅਨਹਦ ਸ਼ਬਦ ਦਸਮ ਦੁਆਰ' ਨਾਮੇ ਪੁਸਤਕ ਅੰਦਰ ਕੀਤਾ ਜਾਵੇਗਾ।

ਰੂਪੀ ਹੁਕਮ ਫ਼ੁਰਮਾਨ ਹਨ ਤਿਨ੍ਹਾਂ ਸਭਨਾਂ ਹੁਕਮਾਂ ਨੂੰ ਸੁਹਾਗ ਭਾਗ ਦੇ ਸ਼ਿੰਗਾਰ ਜਾਣ ਕੇ ਕਮਾਉਣਾ ਉਤਮ ਬਿਬੇਕੀ ਜਨ ਲਈ ਪਰਮ ਜ਼ਰੂਰੀ ਹੈ ਅਤੇ ਇਸ ਸੋਧਨ ਸਾਧਨ ਸੰਪੰਨ ਕਮਾਈ ਰੂਪੀ ਸ਼ਿੰਗਾਰ-ਸਾਧਨਾ ਨਾਲ ਸਰੀਰ ਨੂੰ ਸ਼ਿੰਗਾਰਨਾ ਉਤਮ ਗੁਰਮਤਿ ਬਿਬੇਕ ਹੈ ਅਤੇ ਇਸੇ ਬਿਬੇਕ ਨੂੰ ਕਰਨ ਕਮਾਵਣ ਹਿਤ ਹੀ ਗੁਰਵਾਕ ਰੂਪੀ ਹੁਕਮ ਹੈ। ਯਥਾ :

**ਕਰਹੁ ਬਿਬੇਕ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ ॥**
**ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ ॥੨॥੫੩॥**

*ਗਉੜੀ ਪੂਰਬੀ ਮ: ੪, ਪੰਨਾ ੧੬੮-੬੯*

ਭਾਵ, ਹਿਰਦੇ ਅੰਦਰ ਹੀ ਖੋਜ ਢੰਢੋਲ ਕੇ ਜੋਤਿ ਨਿਰੰਜਨੀ ਦੇ ਦਰਸ਼ਨ ਅਤੇ ਸਦੀਵੀ ਦਰਸ਼ਨ-ਮਈ ਸੁਹਾਗ ਭਾਗ ਦੀ ਪ੍ਰਾਪਤੀ ਨਿਮਿਤ ਸਰੀਰਕ ਸਾਧਨਾ ਦੀ ਸ਼ਿੰਗਾਰ ਰੂਪ ਕਮਾਈ ਕਰਨਾ ਅਵੱਸ਼ ਲੋੜੀਂਦਾ ਹੈ। ਜਿਸ ਪ੍ਰਕਾਰ ਕਿ ਧਰਤੀ ਅੰਦਰ ਬੀਜ ਬੀਜਣ ਤੋਂ ਪਹਿਲਾਂ ਧਰਤੀ ਨੂੰ ਵਾਹੁਣਾ ਸਿੰਜਣਾ ਸੁਹਾਗਾ ਦੇਵਣਾ ਆਦਿਕ ਅਨੇਕ ਪ੍ਰਕਾਰ ਦੀਆਂ ਕਮਾਈਆਂ ਕਰਨ ਦੀ ਲੋੜ ਹੈ ਅਤੇ ਫੇਰ ਬੀਜ ਬੀਜ ਕੇ ਭੀ ਧਰਤੀ ਨੂੰ ਗੋਡਣ ਅਤੇ ਸਿੰਜਣ ਸੰਵਾਰਨ ਦੀ ਅਵੱਸ਼ ਜ਼ਰੂਰਤ ਬਣੀ ਰਹਿੰਦੀ ਹੈ, ਤਦ ਜਾ ਕੇ ਉਹ ਧਰਤੀ ਅੰਦਰ ਬੀਜਿਆ ਬੀਜ ਫਲੀਭੂਤ ਹੁੰਦਾ ਹੈ। ਏਸੇ ਪ੍ਰਕਾਰ ਹੀ ਸਰੀਰ ਰੂਪੀ ਧਰਤੀ ਅੰਦਰ "ਅੰਮ੍ਰਿਤ" ਰੂਪੀ ਬੀਜ ਬੀਜੇ ਜਾਣ ਤੋਂ ਪਹਿਲਾਂ ਜੇਕਰ ਭਲੀ ਪ੍ਰਕਾਰ ਗੁਰ ਦਰਸਾਏ, ਗੁਰ ਫ਼ੁਰਮਾਏ ਸਾਧਨਾ ਅਨੁਸਾਰ ਸਰੀਰ ਰੂਪੀ ਧਰਤੀ ਨੂੰ ਸਾਧਿਆ ਸੋਧਿਆ ਜਾਵੇ, ਤਦੇ ਹੀ ਤਿਸ ਦੇ ਅੰਦਰ ਸਤਿਨਾਮ ਰੂਪੀ ਬੀਜ ਦਾ ਦਾਨ ਗੁਰੂ ਵਲੋਂ ਮਿਲਦਾ ਹੈ। ਅਤੇ ਫੇਰ ਇਸ ਬੀਜ ਦਾਨ ਨੂੰ ਸੰਭਾਲ ਸੰਵਾਰ ਕੇ ਰਖਿਆ ਜਾਵੇ ਅਤੇ ਸਰੀਰ ਰੂਪੀ ਧਰਤੀ ਨੂੰ ਇਹ ਬੀਜ ਦਾਨ (ਜੀਅ ਦਾਨ ਦਾ ਦਾਣਾ) ਮਿਲਣ ਪਸਚਾਤ ਭੀ ਹੁਕਮਾਂ ਅਨਕੂਲ ਲੋੜਵੰਦੀ ਕਮਾਈ ਦੁਆਰਾ ਲਗਾਤਾਰ ਕਮਾਇਆ ਜਾਵੇ ਤਦ ਜਾ ਕੇ ਉਕਤ ਬੀਜ ਮਾਤਰ ਨਾਮ ਨੂੰ 'ਨਉ ਨਿਧਿ ਨਾਮੁ' ਦਾ ਅਮਰ ਫਲ ਲਗਦਾ ਹੈ। ਏਸੇ ਸਰੀਰ ਰੂਪੀ ਧਰਤੀ ਅੰਦਰ ਹੀ ਉਕਤ ਨਾਮ ਬੀਜ ਦਾ ਅੰਕੂਰ ਉਗਵਦਾ ਹੈ ਤੇ ਏਸੇ ਸਰੀਰ ਅੰਦਰ ਹੀ ਇਸ ਅੰਕੂਰ ਤੋਂ 'ਅੰਮ੍ਰਿਤ ਨਾਮ' ਰੂਪੀ 'ਅਮਰ ਫਲ' ਉਤਪੰਨ ਹੁੰਦਾ ਹੈ, ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ। ਯਥਾ :

**ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥**
**ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥੧੩॥**

*ਸਿਰੀਰਾਗੁ ਮ: ੧, ਪੰਨਾ ੧੯*

ਸਰੀਰ ਇਕ ਭਾਂਡੇ ਸਮਾਨ ਹੈ, ਜਿਸ ਵਿਚ 'ਅੰਮ੍ਰਿਤ ਨਾਮ' ਰੂਪੀ ਦੁੱਧ ਨੂੰ ਅਸੀਂ ਦੋਹਣਾ (ਚੋਣਾ) ਹੈ। ਫੇਰ ਇਸੇ ਸਰੀਰ ਰੂਪੀ ਭਾਂਡੇ ਵਿਚ ਜਾਗ ਲਾ ਕੇ ਇਸ 'ਅੰਮ੍ਰਿਤ ਨਾਮ' ਦੁੱਧ ਨੂੰ ਜਮਾਉਣਾ ਹੈ। ਏਸੇ ਭਾਂਡੇ ਵਿਚ ਜਮਾ ਕੇ ਫੇਰ ਏਸ ਦੁੱਧ ਰੂਪੀ ਦਧ ਨੂੰ :

**ਤਨੁ ਕਰਿ ਮਟਕੀ ਮਨ ਮਾਹਿ ਬਿਲੋਈ ॥**
**ਇਸੁ ਮਟੁਕੀ ਮਹਿ ਸਬਦੁ ਸੰਜੋਈ ॥੨॥੧੦॥**

*ਆਸਾ ਕਬੀਰ ਜੀਉ, ਪੰਨਾ ੪੭੮*

ਰੂਪੀ ਗੁਰਵਾਕ ਦੇ ਭਾਵ ਅਨੁਸਾਰ ਬਿਲੋਵਣਾ ਹੈ ਅਤੇ ਬਿਲੋ ਕੇ ਅੰਮ੍ਰਿਤ ਤੱਤ ਕਢਣਾ ਹੈ। ਪ੍ਰੰਤੂ ਇਹ ਅੰਮ੍ਰਿਤ ਤੱਤ ਤਦੇ ਹੀ ਨਿਕਲੇਗਾ ਜੇ ਦੁੱਧ ਦੋਹਣ ਸਮੇਂ ਤੇ ਜਾਗ ਲਾ ਕੇ ਜਮਾਵਣ ਸਮੇਂ, ਤੇ ਜਮਾ ਕੇ ਬਿਲੋਵਣ (ਰਿੜਕਣ) ਸਮੇਂ ਹਰ ਹਾਲਤ ਵਿਚ ਸਰੀਰ ਰੂਪੀ ਭਾਂਡੇ ਨੂੰ ਹਰ ਪ੍ਰਕਾਰ ਸੋਧ ਸਮ੍ਹਾਰ ਕੇ ਵਰਤਿਆ ਜਾਵੇਗਾ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ, ਯਥਾ ਗੁਰਵਾਕ :

> **ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥**
> **ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥**
> **ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ਰਹਾਉ॥**
> **ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥**
> **ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥੧॥**
>
> *ਸੂਹੀ ਮ: ੧, ਪੰਨਾ ੭੨੮*

ਜਿਨ੍ਹਾਂ ਦੇ ਭਾਂਡੇ ਅੰਦਰ ਭਾਉ ਹੈ ਉਹੀ ਇਸ ਅੰਮ੍ਰਿਤ ਵਥੁ (ਵਸਤੂ) ਨੂੰ ਵਿਹਾਝਦੇ ਹਨ ਅਤੇ ਵਿਹਾਝਣ ਵਰਤਣ ਅੰਦਰ ਭਾਵੇਂ ਕਿਤਨੇ ਭੀ ਕਠਨ ਤੋਂ ਕਠਨ ਕਰਮ ਕਮਾਉਣੇ ਪੈਣ ਅਤੇ ਬਿਖਮ ਤੋਂ ਬਿਖਮ ਰਹਿਣੀ ਬਹਿਣੀ ਦੇ ਗੁਰਮਤਿ ਨਿਯਮ ਨਿਬਾਹੁਣੇ (ਧਾਰਨ ਕਰਨੇ) ਬਣਨ, ਉਤਮ ਬਿਬੇਕੀ ਜਨ ਰੰਚਕ ਭੀ ਫ਼ਰਕ ਨਹੀਂ ਕਰਨਗੇ (ਕਸਰ ਨਹੀਂ ਛਡਣਗੇ), ਉਹਨਾਂ ਕਰਮਾਂ ਨੂੰ ਕਮਾਉਣਗੇ, ਪਰ ਜ਼ਰੂਰ ਕਮਾਉਣਗੇ। ਉਹਨਾਂ ਬਿਖਮ ਰਹਿਣੀਆਂ ਬਹਿਣੀਆਂ ਨੂੰ ਧਾਰਨਗੇ, ਬਰ ਜ਼ਰੂਰ ਧਾਰਨਗੇ, ਕਿਉਂਕਿ ਉਕਤ ਧਾਰਨਾ ਕਮਾਈ ਪੂਰਨ ਗੁਰਮਤਿ ਆਗਿਆ ਅਨਕੂਲ ਹੈ ਅਤੇ ਗੁਰੂ ਬਚਨਾਂ ਰੂਪੀ ਹੁਕਮਾਂ ਦੇ ਅੰਦਰ ਹੈ।

## ੨੫. ਗੁਰਮਤਿ ਵਿਚ ਅਹਾਰ ਦਾ ਸੰਜਮ :

ਜਿਨ੍ਹਾਂ ਭਾਂਡੇ ਭਾਉ ਵਾਲੇ ਹੁਕਮੀ ਬੰਦਿਆਂ ਨੇ ਇਹ ਕਮਾਈਆਂ ਕਰ ਲਈਆਂ ਹਨ ਅਤੇ ਰਹਿਤ ਰਹਿਣੀਆਂ ਬਹਿਣੀਆਂ ਧਾਰ ਲਈਆਂ ਹਨ, ਉਹਨਾਂ ਨੂੰ ਸਰਬ ਸੁਖ ਕਲਿਆਣ ਹੋ ਗਏ ਅਤੇ ਉਨ੍ਹਾਂ ਦੀਆਂ ਸਰਬ ਦੂਖ ਬਲਾਈਆਂ ਅਤੇ ਬਿਖਮਤਾਈਆਂ ਦੂਰ ਹੋ ਗਈਆਂ। ਏਸੇ ਪ੍ਰਥਾਇ ਇਹ ਗੁਰਵਾਕ ਉਚਾਰਨ ਹੋਇਆ ਹੈ :

> **ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥ ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥੧॥੫॥**
>
> **ਸੂਹੀ ਮ: ੧, ਪੰਨਾ ੭੨੯**

ਇਹਨਾਂ ਸਰੀਰਕ ਸਾਧਨਾ ਦੀਆਂ ਕਠਨ ਕਮਾਈਆਂ ਵਿਚੋਂ ਇਕ ਪ੍ਰਸਿਧ ਅਤੇ ਉਜਲ ਗੁਰਮਤਿ ਬਿਬੇਕ ਕਮਾਈ ਅਹਾਰ ਦਾ ਸੰਜਮ ਹੈ। ਸਰੀਰ ਨੂੰ ਸਹਾਰਾ ਦੇਣ ਲਈ, ਸਰੀਰ ਪਾਲਣ ਪੋਸਣ ਲਈ, ਸਰੀਰ ਸੰਬੰਧੀ ਖੁਧਿਆ-ਨਵਿਰਤੀ ਲਈ, ਜਦ ਤੀਕ ਕਿ ਇਹ ਖੁਧਿਆ ਪ੍ਰਤੀਤ ਹੁੰਦੀ ਹੈ, ਗੁਰਮਤਿ ਸੰਜਮੀ ਅਹਾਰ ਦੇ ਕਰਨ ਦੀ ਲੋੜ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ। ਯਥਾ ਗੁਰਵਾਕ :

**ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥**
**ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥੧੪॥**

*ਮ: ੫, ਬਿਹਾਗੜੇ ਕੀ ਵਾਰ, ਪੰਨਾ ੫੫੪*

ਪਰ ਏਸੇ ਗੁਰਵਾਕ ਦੇ ਭਾਵ ਤੋਂ ਇਹ ਭੀ ਸਪੱਸ਼ਟ ਹੁੰਦਾ ਹੈ ਕਿ ਦੇਹੀ ਨੂੰ ਪਾਲ ਕੇ "ਸੋ ਪ੍ਰਭੁ ਸਿਮਰੀਐ" ਦਾ ਹੁਕਮ ਕਮਾਵਣਾ ਹੈ। ਦੇਹੀ ਨੂੰ ਪਾਲਣ ਦਾ ਮੁਖ ਨਿਮਿਤ ਕਾਰਨ "ਪ੍ਰਭੂ ਸਿਮਰਨ" ਹੈ। ਘਟ ਅੰਦਰ ਤਾਂ ਚਰਣਾਰਬਿੰਦ (ਪ੍ਰੀਤਮ-ਪ੍ਰਭੂ ਦੇ ਚਰਨ ਕਮਲ) ਵਸਦੇ ਹੋਣ ਅਤੇ ਰਸਨਾ ਪ੍ਰੀਤਮ ਪਿਆਰੇ ਪਰਮਾਤਮਾ (ਅਕਾਲ ਪੁਰਖ) ਦਾ ਨਾਮ ਜਪਦੀ ਹੋਵੇ। ਇਸ ਬਿਧਿ ਪ੍ਰਭੂ ਸਿਮਰਨ ਕਰਦਿਆਂ ਹੋਇਆਂ ਦੇਹੀ ਦਾ ਪਾਲਣ ਸਫਲ ਹੈ। ਨਹੀਂ ਤਾਂ "ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ"[1] ਵਾਲੀ ਗੱਲ ਹੈ। ਦੇਹੀ ਨੂੰ ਪਾਲਣ ਤੋਂ ਭਾਵ ਨਿਰਬਾਹ-ਪੂਰਬਕ ਅੰਨ ਜਲ ਦਾ ਅਹਾਰ ਕਰਨਾ ਹੈ, ਜਿਸ ਕਰਕੇ ਦੇਹੀ ਦੀ ਸੁਕਾਲ ਕ੍ਰਿਆ ਬਣੀ ਰਹੇ, ਜਿਸ ਦੇ ਬਣੀ ਰਹਿਣ ਕਰਕੇ ਭਗਤਿ-ਕਮਾਈ ਹੁੰਦੀ ਰਹੇ। ਇਸ ਭਗਤਿ-ਕਮਾਈ ਨਿਮਿਤ ਸਰੀਰ ਦੇਹੀ ਨੂੰ ਪਾਲਣ ਪੋਖਣ ਦੀ ਨਿਰਬਾਹ ਪੂਰਬਕ ਸੁਕਾਲ ਕਿਰਿਆ ਤੋਰੀ ਰਖਣ ਲਈ ਅਜਿਹਾ ਅਹਾਰ ਕਰਨਾ ਜ਼ਰੂਰੀ ਹੈ ਜੋ ਸਤੋ-ਗੁਣੀ ਪ੍ਰਭਾਵ ਅਸਰ ਸਰੀਰ-ਆਤਮਾ ਅੰਦਰ ਪੈਦਾ ਕਰੇ। ਜਿਸ ਅਹਾਰ ਦੇ ਕਰਨ ਕਰਿ ਮਨ ਮਾਹਿ ਵਿਕਾਰ ਚਲਦੇ ਹੋਣ ਅਤੇ ਤਨ ਪੀੜੀਦਾ ਹੋਵੇ ਓਸ ਅਹਾਰ (ਖਾਣੇ) ਦਾ ਖਾਣਾ ਖ਼ੁਸ਼ੀ ਖ਼ੁਆਰ ਹੈ। ਯਥਾ ਗੁਰਵਾਕ :

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥੭॥**

*ਸਿਰੀਰਾਗੁ ਮ: ੧, ਪੰਨਾ ੧੬*

ਜਿਸ ਖਾਣੇ ਦੇ ਖਾਣ ਕਰਕੇ ਤਨ ਨਾ ਪੀੜੀਦਾ ਹੋਵੇ, ਜਿਸ ਅਹਾਰ ਦੇ ਭੁੰਚਣ ਕਰਿ ਮਨ ਮਹਿ ਵਿਕਾਰ ਨ ਚਲਣ, ਓਹ ਖਾਣਾ, ਅਹਾਰ ਸਤੋ ਗੁਣੀ ਅਹਾਰ (ਖਾਣਾ) ਹੈ। ਸਤਿ ਪੁਰਸ਼ਾਂ ਦੀ ਸੁਕ੍ਰਿਤ ਕਮਾਈ ਦਾ ਖਾਣਾ 'ਸਤੋਗੁਣੀ ਖਾਣਾ' ਹੈ। "ਹਰਿ ਚੇਤ ਖਾਹਿ ਤਿਨਾ ਸਫਲੁ ਹੈ"[2] ਦਾ ਸਫਲ ਕਮਾਈ ਵਾਲਾ ਖਾਣਾ ਸਤੋਗੁਣੀ ਖਾਣਾ ਹੈ ਅਤੇ ਉਕਤ ਸਫਲ ਕਮਾਈ ਵਾਲਿਆਂ ਦੀ ਸਤੋਗੁਣੀ ਘਾਲਣਾ ਦੁਆਰਾ ਸਜਿਆ (ਤਿਆਰ ਹੋਇਆ) ਭੋਜਨ ਖਾਣਾ ਅਸਲ ਸਤੋਗੁਣੀ ਖਾਣਾ ਹੈ—"ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ"[3] ਦੇ ਭਾਵ ਵਾਲੀ ਸਾਰ ਕਰਣੀ ਵਾਲਿਆਂ ਦਾ ਕਮਾਇਆ ਤੇ ਸਜਾਇਆ ਹੋਇਆ ਪ੍ਰਸ਼ਾਦ (ਭੋਜਨ) ਸਤੋਗੁਣੀ ਪ੍ਰਸ਼ਾਦ (ਖਾਣਾ) ਹੈ। "ਸੁਕ੍ਰਿਤੁ ਕਰਣੀ ਸਾਰੁ ਜਪਮਾਲੀ"[4] ਦੀ ਅਜਪਾ ਜਾਪ ਕਲਾ ਵਾਲੀ ਸੁਕ੍ਰਿਤ ਕਰਣੀ ਵਾਲਿਆਂ ਦੀ ਸਤੋਗੁਣੀ ਕਲਾ ਵਾਲਾ ਭੋਜਨ ਖਾਣਾ ਸਤੋਗੁਣੀ ਖਾਣਾ ਹੈ। "ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥"[5] ਵਾਲੀ ਭਗਤਿ-ਕਮਾਈ ਵਾਲੇ ਖਾਲਸਾ ਜੀ ਦੇ ਹੱਥੋਂ ਸਜਿਆ ਬਿਬੇਕ ਬਿੰਜਨੀ ਗੱਫਾ ਅਸਲ ਸਤੋਗੁਣੀ ਅੰਮ੍ਰਿਤ ਭੋਜਨ ਪ੍ਰਸ਼ਾਦ ਹੈ, ਜਿਸ ਦੇ ਛਕਿਆਂ ਅੰਮ੍ਰਿਤ ਦੇ ਗਟਾਕ ਭੁੰਚੀਦੇ ਹਨ।

1. ਵਾਰ ਸੂਹੀ, ਮ: ੧, ॥੨॥੧੬॥ ਪੰਨਾ ੭੯੦
2. ਸਿਰੀਰਾਗ ਕੀ ਵਾਰ ਮ: ੪, ਪਉੜੀ ੮, ਪੰਨਾ ੮੫
3. ਸਿਰੀਰਾਗੁ ਮ: ੫, ॥੩॥੯੫॥ ਪੰਨਾ ੫੧
4. ਭੈਰਉ ਮ: ੪, ॥੧॥੩॥ ਪੰਨਾ ੧੧੩੪
5. ਸੋਰਠਿ ਕਬੀਰ ਜੀ, ॥੪॥੩॥ ਪੰਨਾ ੬੫੪

## ੨੬. ਅੰਮ੍ਰਿਤ-ਧਾਰੀ ਨਾਮ-ਰਸੀਆਂ ਦਾ ਸਜਾਇਆ ਲੰਗਰ ਹੀ ਗੁਰੂ ਕਾ ਲੰਗਰ ਹੈ :

ਅੰਮ੍ਰਿਤ-ਧਾਰੀ ਸਿੰਘ ਸੁਜਨ ਖਾਲਸਾ ਵੀਰ ਦੇ ਰੋਮ ਰੋਮ ਵਿਚੋਂ ਅੰਮ੍ਰਿਤ ਨਾਮ ਦੇ ਪੁਹਾਰੇ ਛੁਟਦੇ ਹਨ। ਤਿਸ ਦੇ ਰਿਦੰਤਰੀ ਤਹਿਖ਼ਾਨੇ ਅੰਦਰਿ ਸਤੁ ਸੰਤੋਖ ਦੀ ਵਾਸ-ਸੁਗੰਧੀ ਮਹਿਕਦੀ ਹੈ, ਉਸਦੇ ਸੇਵਾ ਪੁਰਸ਼ਾਰਥੀ ਅਤੇ ਉਦਮੀ ਸੁਭਾਵ ਅੰਦਰ ਸਦਾ ਚੜ੍ਹਦੀ ਕਲਾ ਵਾਲਾ ਆਤਮ-ਤ੍ਰੰਗੀ ਉਤਸ਼ਾਹ ਠਾਠਾਂ ਮਾਰਦਾ ਹੈ। ਉਸਦੇ ਅੰਮ੍ਰਿਤ ਬੁਰਕੜੇ ਨੂਰਾਨੀ ਮੁਖਾਰਬਿੰਦ ਤੋਂ ਅੰਮ੍ਰਿਤ ਬਾਣੀ ਦੀ ਬਰਖਾ ਦੇ ਪੁਹਾਰੇ ਛੁਟਦੇ ਹਨ, ਉਸਦੀ ਸਾਰੀ ਪ੍ਰੇਮ-ਮਗਨ-ਆਨੰਦੀ ਦਸ਼ਾ ਦਾ ਪ੍ਰਤਿਬਿੰਬ (ਅਕਸ਼) ਪ੍ਰਸ਼ਾਦ-ਤਿਆਰੀ ਦੀ ਘਾਲਣਾ ਉਪਰ ਅਜਿਹਾ ਪੈਂਦਾ ਹੈ ਕਿ ਉਸ ਦੀ ਬਿਬੇਕ ਘਾਲ ਦਾ ਸਜਿਆ ਪ੍ਰਸ਼ਾਦ ਸਚ ਮੁੱਚ ਸਤੋਗੁਣੀਆ ਅੰਮ੍ਰਿਤ ਭੋਜਨ ਬਣ ਜਾਂਦਾ ਹੈ। ਜਿਨ੍ਹਾਂ ਨੇ ਇਸ ਨੂੰ ਚਖਿਆ ਹੈ ਸੋਈ ਇਸਦੀ ਸਾਰ ਜਾਣਦੇ ਹਨ। ਅਜਿਹਾ ਪ੍ਰਸ਼ਾਦ ਭੋਜਨ 'ਬਿਬੇਕ ਪ੍ਰਸ਼ਾਦ' ਦੇ ਨਾਉਂ ਤੋਂ ਪ੍ਰਸਿਧ ਹੈ। ਇਹ ਬਿਬੇਕ ਪ੍ਰਸ਼ਾਦ ਕੇਵਲ ਗੁਰੂ ਕੇ ਲੰਗਰਾਂ ਵਿਚ ਸਜਦਾ ਹੈ। ਐਸਾ ਭੋਜਨ ਪ੍ਰਸ਼ਾਦ ਕੇਵਲ ਗੁਰੂ ਘਰ ਦੇ ਸਿੰਘ ਸੁਜਨਾਂ ਬਿਬੇਕੀ ਜਨਾਂ ਦੀ ਘਾਲੀ ਬਿਬੇਕ ਘਾਲ ਤੋਂ ਸਜ ਸਕਦਾ ਹੈ। ਗੁਰੂ ਕੇ ਬਿਬੇਕੀ ਜਨਾਂ ਦਾ ਬਿਬੇਕ ਬਿੰਜਨ ਅਸਥਾਨ ਜਿਥੇ ਭੀ ਹੈ ਓਹ ਗੁਰੂ ਕਾ ਲੰਗਰ ਹੈ। ਗੁਰੂ ਕਾ ਲੰਗਰ ਸੋ ਹੈ ਜਿਥੋਂ ਆਤਮ-ਗਉਣੀ ਅਭਿਆਗਤ ਵਰੋਸਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ, ਜਿਥੋਂ ਅਧਿਕਾਰੀ ਖੁਧਿਆਵੰਤ ਅਹਾਰੁ ਪਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ ਜਿਥੋਂ ਅਹਾਰ ਪਾ ਕੇ ਪਰਮ ਤ੍ਰਿਸ਼ਨਾਲੂ ਭੀ ਤ੍ਰਿਪਤਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ, ਜਿਥੇ ਗੁਰੂ ਕੀਆਂ ਸੰਗਤਾਂ ਦੀਆਂ ਪੰਗਤਾਂ ਲਗਦੀਆਂ ਹਨ। ਗੁਰੂ ਕਾ ਲੰਗਰ ਸੋ ਹੈ ਜਿਥੋਂ ਗੱਫੇ ਲਾ ਕੇ ਗੁਰੂ ਕੀ ਹੋਣਹਾਰੀ ਪਨੀਰੀ ਗੁਰੂ ਕੀ ਹੀ ਹੋ ਰਹਿੰਦੀ ਹੈ। ਪਰ ਗੁਰੂ ਕਾ ਲੰਗਰ ਸੋ ਹੈ ਜਿਥੇ ਕੇਵਲ ਗੁਰੂ ਕੀਆਂ ਤਿਆਰ-ਬਰ-ਤਿਆਰ ਫ਼ੌਜਾਂ ਹੀ ਲੰਗਰ ਸਜਾਉਂਦੀਆਂ ਹਨ। ਜਿਸ ਲੰਗਰ ਵਿਖੇ ਗੁਰੂ ਕੇ ਰਹਿਤਵਾਨ ਬਿਬੇਕੀ ਸਿੰਘ ਆਪਣੀ ਬਿਬੇਕ ਘਾਲਣਾ ਦੁਆਰਾ ਘਾਲਿਆ ਰਹਿਤ ਬਹਿਤ ਦਾ ਬਿਬੇਕ ਪ੍ਰਸ਼ਾਦ ਨਹੀਂ ਤਿਆਰ ਕਰਦੇ, ਓਹ ਗੁਰੂ ਕਾ ਲੰਗਰ ਕਿਹਾ ? ਗੁਰੂ ਕਾ ਲੰਗਰ ਸੋ ਜਿਥੇ ਪਰਤੱਖ ਗੁਰੂ ਦੀ ਕਲਾ ਵਰਤਦੀ ਹੋਵੇ। ਗੁਰੂ ਕਾ ਲੰਗਰ ਸੋ ਜਿਥੇ ਪ੍ਰਸ਼ਾਦ ਦੇ ਸਜਾਵੇ ਤੇ ਵਰਤਾਵੇ ਗੁਰੂ ਕੇ ਸਿੰਘ ਹੋਣ। ਗੁਰੂ ਕਾ ਲੰਗਰ ਸੋ ਹੈ ਜਿਥੇ 'ਸਤੀ ਦੇਇ ਸੰਤੋਖੀ ਖਾਇ' ਵਾਲਾ ਵਰਤਾਰਾ ਵਰਤਦਾ ਹੋਵੇ। ਗੁਰੂ ਕਾ ਲੰਗਰ ਸੋ ਹੈ ਜਿਥੇ ਲੰਗਰ ਦੇ ਸੇਵਾਦਾਰ ਸਾਰੇ ਤਿਆਰ-ਬਰ-ਤਿਆਰ ਰਹਿਤਵਾਨ ਸਤੋਗੁਣੀ ਸਿੰਘ ਸੁਜਾਨ ਹੋਣ।

"ਸੇਵਕ ਕਉ ਸੇਵਾ ਬਨਿ ਆਈ" ਗੁਰਵਾਕ ਦੇ ਭਾਵ ਅਨੁਸਾਰ, ਬਿਨਾਂ ਗੁਰੂ ਘਰ ਦੇ ਸੇਵਕਾਂ ਦੇ ਗੁਰੂ ਕੇ ਲੰਗਰ ਦੀ ਸੇਵਾ ਦੀ ਸਾਰ ਹੀ ਹੋਰ ਕਿਸੇ ਨੂੰ ਕੀ ? ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੋ ਗੁਰੂ ਘਰ ਦਾ ਨਿਰਮਾਣ ਸੇਵਕ ਹੋਵੇ। ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੋ ਗੁਰੂ ਕੀ ਸੰਗਤਾਂ ਵਿਖੇ ਗੁਰੂ ਰੂਪ ਹੀ ਦੇਖੇ। ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜਿਸ ਦੀ ਸਮਦ੍ਰਿਸ਼ਟੀ ਊਚ ਨੀਚ ਉਤੇ ਸਮਾਨ ਹੋਵੇ। ਗੁਰੂ ਕੀ ਸੇਵਾ ਜੋ ਸੰਗਤਾਂ ਦੀ ਸੇਵਾ ਵਿਚ ਸਮਝੇ, ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਜੋ

ਪੂਰਨ ਧਰਮੀ ਗੁਰਮਤਿ-ਧਾਰੀ ਗੁਰੂ ਕਾ ਆਗਿਆਕਾਰੀ ਸਿੰਘ ਸੁਜਾਨ ਹੋਵੇ ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਗੁਰੂ ਕੇ ਲੰਗਰ ਵਿਚ ਉਚ ਆਤਮ ਬਿਵਸਥਾ ਦੇ ਖਿਡਾਰੀ ਕਲਾਧਾਰੀ ਸਿੰਘਾਂ ਤੋਂ ਬਿਨਾਂ ਸਾਮਾਨ ਸਾਧਾਰਨ ਰਹਿਤ ਰਹਿਣੀ ਵਾਲੇ ਹੁਕਮਾਂ ਦੇ ਕਮਾਵਣਹਾਰੇ ਤਿਆਰ-ਬਰ-ਤਿਆਰ ਸਿੰਘ ਭੀ ਸੇਵਾ ਦਾ ਅਧਿਕਾਰ ਰਖਦੇ ਹਨ। ਪ੍ਰੰਤੂ ਇਸ ਰਹਿਤ ਰਹਿਣੀ, ਅਰਥਾਤ, ਅੰਮ੍ਰਿਤ ਛਕਣ ਦੇ ਸਮੇਂ ਦੀ ਰਹਿਤ ਰਹਿਣੀ, ਭਾਵ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ"[1] ਗੁਰਵਾਕ ਦੇ ਭਾਵ ਅਨੁਸਾਰ ਗੁਰੂ ਘਰ ਵਿਖੇ ਜਨਮ ਲੈਣ ਸਮੇਂ ਦੇ ਦ੍ਰਿੜ੍ਹਾਏ ਹੁਕਮਾਂ ਦੀ ਕਮਾਈ ਵਾਲੀ ਰਹਿਤ ਰਹਿਣੀ ਤੋਂ ਰਹੇ ਹੋਏ (ਡਿਗੇ ਹੋਏ) ਤਨਖ਼ਾਹੀਆਂ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਨਹੀਂ, ਜਦ ਤੀਕ ਕਿ ਓਹ ਤਨਖ਼ਾਹ ਨਾ ਬਖ਼ਸ਼ਾ ਲੈਣ ਅਤੇ ਓਹਨਾਂ ਦੀ ਲੰਗਰ ਦੀ ਸੇਵਾ ਹਿਤ ਤਿਆਰ-ਬਰ-ਤਿਆਰੀ ਦਾ ਅਰਦਾਸਾ ਨਾ ਸੁਧ ਜਾਵੇ। ਜਦ ਗੁਰੂ ਘਰ ਵਿਖੇ ਆ ਕੇ (ਜਨਮ ਕੇ) ਫੇਰ ਤਨਖ਼ਾਹੀ ਹੋਣ ਵਾਲਿਆਂ ਦਾ ਕੋਈ ਹੱਕ ਅਧਿਕਾਰ ਗੁਰੂ ਕੇ ਲੰਗਰ ਦੀ ਸੇਵਾ ਲਈ ਨਹੀਂ ਹੋ ਸਕਦਾ, ਤਦ ਗੁਰਮਤਿ ਤੋਂ ਘੁਥੇ ਉੱਕੇ ਅਨਮਤੀਆਂ ਅਤੇ ਬੇਧਰਮੀਆਂ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਕਦ ਹੋ ਸਕਦਾ ਹੈ। ਓਹ ਕੀ ਜਾਨਣ ਸਾਰ ਗੁਰੂ ਕੇ ਲੰਗਰ ਦੀ ਸੇਵਾ ਦੀ, ਜੋ ਧਰਮ-ਹੀਣੇ ਨਿਗੁਰੇ ਆਨਮਤੀ ਹਨ। ਗੁਰੂ ਕੇ ਲੰਗਰ ਦੀ ਸੇਵਾ ਲਈ ਗੁਰੂ ਕੇ ਸਿੱਖਾਂ ਦੀ ਮੋਹਰ-ਛਾਪ ਹੈ, ਨਹੀਂ ਤਾਂ ਓਹ ਗੁਰੂ ਕਾ ਲੰਗਰ ਨਹੀਂ, ਮਿਲਗੋਭਾ ਲੰਗਰ ਹੈ। ਗੁਰੂ ਕਾ ਲੰਗਰ ਤਿਸ ਨੂੰ ਮਤ ਕਹੋ ਜਿਸ ਦੇ ਸੇਵਕਾਂ ਸਿਰ ਗੁਰੂ ਕੀ ਮੋਹਰ ਛਾਪ ਨਹੀਂ। ਸਤਿਗੁਰ ਨਾਨਕ ਦਸਮੇਸ਼ ਜੀ ਦੇ ਘਰ ਤੋਂ ਬਾਹਰ ਜੋ ਭੀ ਲੰਗਰ ਹਨ ਸੋ ਗੁਰੂ ਕੇ ਲੰਗਰ ਨਹੀਂ ਕਹਾ ਸਕਦੇ।

"ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥"[2] ਜਿਨ੍ਹਾਂ ਗੁਰੂ ਘਰ ਵਿਖੇ ਗੁਰੂ ਕਾ ਖੰਡੇ ਦਾ ਅੰਮ੍ਰਿਤ ਛਕ ਕੇ ਗੁਰੂ ਧਾਰਨ ਨਹੀਂ ਕੀਤਾ, ਓਹ ਸਭ ਨਿਗੁਰੇ ਹਨ। ਨਿਗੁਰੇ ਗੁਰੂ ਕੇ ਲੰਗਰ ਅੰਦਰ ਸ਼ਾਮਲ ਨਹੀਂ ਹੋ ਸਕਦੇ। ਜਿਥੇ ਨਿਗੁਰੇ ਸੇਵਾਦਾਰ ਹਨ ਉਹ ਮਿਲਗੋਭਾ ਲੰਗਰ ਹੈ; ਗੁਰੂ ਕਾ ਲੰਗਰ ਨਹੀਂ ਸਦਾ ਸਕਦਾ। ਧਰਮਹੀਣ ਗੁਰੂ ਕੇ ਲੰਗਰ ਦੀ ਸੇਵਾ ਨਹੀਂ ਕਰ ਸਕਦੇ। ਜਿਨ੍ਹਾਂ ਦੇ ਅੰਦਰ ਧਰਮ ਦੀ ਅੰਸ ਹੀ ਨਹੀਂ, ਉਹਨਾਂ ਵਿਚ ਸੇਵਾ ਦੀ ਅੰਸ ਹੀ ਨਹੀਂ ਹੋ ਸਕਦੀ। ਜਿਨ੍ਹਾਂ ਦੇ ਅੰਦਰ ਸੇਵਾ ਦੀ ਅੰਸ ਹੀ ਨਹੀਂ, ਉਹਨਾਂ ਨੂੰ ਸੇਵਾ ਦਾ ਅਧਿਕਾਰ ਨਹੀਂ ਹੋ ਸਕਦਾ। ਸੇਵਾ ਕੇਵਲ ਸੇਵਕ ਨੂੰ ਹੀ ਬਣਿ ਆਈ ਹੈ, ਜਿਸ ਨੇ "ਹੁਕਮੁ ਬੂਝਿ ਪਰਮ ਪਦੁ ਪਾਈ"[3] ਗੁਰਵਾਕ ਦੇ ਭਾਵ ਅਨੁਸਾਰ ਹੁਕਮ ਬੁਝ ਕੇ ਹੀ ਸੇਵਕ ਦੀ ਪਰਮ ਪਦਵੀ ਪਾਈ ਹੋਵੇ। ਜਿਨ੍ਹਾਂ ਨੇ ਹੁਕਮਨ ਸਿਰ ਹੁਕਮ 'ਏਕੋ ਹੁਕਮੁ' ਨਹੀਂ ਬੁਝਿਆ, ਜੋ "ਸੋ ਸਤਿਗੁਰਿ ਦੀਆ ਬੁਝਾਇ ਜੀਉ" ਗੁਰਵਾਕ ਦੇ ਭਾਵ ਅਨੁਸਾਰ ਕੇਵਲ ਸਤਿਗੁਰ ਦੁਆਰਾ ਨਿਗੁਰੇ ਤੋਂ ਸਗੁਰੇ ਹੋਇਆਂ ਹੀ ਬੁਝਿਆ ਜਾ ਸਕਦਾ ਹੈ; ਜਿਨ੍ਹਾਂ ਨੇ ਸਤਿਗੁਰ ਦਸਮੇਸ਼ ਜੀ ਦਾ ਖੰਡੇ ਦਾ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਜਣ ਵਾਲਾ ਹੁਕਮ ਨਹੀਂ ਬੁਝਿਆ (ਮੰਨਣਾ ਤਾਂ ਕਿਤੇ ਰਿਹਾ) ਉਹ ਸੇਵਕ ਦੀ ਪਦਵੀ ਨੂੰ ਕੀ ਬੁਝ ਸਕਦੇ ਹਨ।

1. ਰਾਮਕਲੀ ਮ: ੧, ਸਿਧ ਗੋਸਟਿ, ਅੰਕ ੨੦, ਪੰਨਾ ੯੪੦
2. ਆਸਾ ਮ: ੩ ਪਟੀ, ਅੰਕ ੧੩, ਪੰਨਾ ੪੩੫
3. ਗਉੜੀ ਸੁਖਮਨੀ ਮ: ੫, ॥੪॥੨੨॥ ਪੰਨਾ ੨੯੨

ਉਹ ਗੁਰੂ ਕੇ ਲੰਗਰ ਦੀ ਸੇਵਾ ਲਈ ਕੀ ਡੀਂਗ ਮਾਰ ਸਕਦੇ ਹਨ। ਹੁਕਮ ਤਿਨ੍ਹਾਂ ਨੇ ਬੁਝਿਆ ਹੈ ਜਿਨ੍ਹਾਂ ਹੁਕਮ ਨੂੰ ਕਮਾਇਆ ਹੈ। ਅੰਮ੍ਰਿਤ ਛਕ ਕੇ ਸਤਿਗੁਰੂ ਦੇ ਘਰ ਵਿਚਿ ਜਨਮਣ ਦਾ, ਗੁਰਮਤਿ ਮੰਡਲ ਵਿਚ ਆਉਣ ਦਾ ਹੁਕਮ ਹੀ ਜਿਸ ਨੇ ਨਹੀਂ ਕਮਾਇਆ, ਓਹ ਗੁਰੂ ਕੇ ਲੰਗਰ ਰੂਪੀ ਗੁਰਮਤਿ ਮੰਡਲੀ ਸੇਵਾ, ਨਹੀਂ ਨਹੀਂ, ਗੁਰਮਤਿ-ਮੰਡਲੀ ਸੇਵਾ ਨੂੰ ਕੀ ਬੁਝ ਸਕਦੇ ਹਨ। ਹਾਂ, ਗੁਰੂ ਕੇ ਲੰਗਰ ਰੂਪੀ ਮੰਡਲ ਤੋਂ ਬਾਹਰ ਯਾਚਕਾਂ ਅਭਿਲਾਖੀਆਂ ਉਮੀਦਵਾਰਾਂ (ਕੈਂਡੀਡੇਟਾਂ) ਨੂੰ ਉਹਨਾਂ ਦੀ ਰਿਦੇ ਭੂਮਿਕਾ ਨੂੰ ਸ਼ੁਧ ਕਰਨ ਹਿਤ ਅਤੇ ਅੰਮ੍ਰਿਤ ਦੇ ਅਧਿਕਾਰੀ ਬਣਾਵਣ ਹਿਤ ਯਥਾ ਯੋਗ ਸੇਵਾ ਦਿਤੀ ਜਾ ਸਕਦੀ ਹੈ। ਪ੍ਰੰਤੂ ਜਦ ਤੀਕ ਓਹ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਨਾ ਸਜ ਜਾਣ ਤਦ ਤੀਕ ਓਹਨਾਂ ਹੱਥੋਂ ਤਿਆਰ ਹੋਇਆ ਖਾਣਾ ਖਾਣਾ ਬਿਬੇਕੀ ਜਨ ਨੂੰ ਬਿਬਰਜਤ ਹੈ। ਕਿਉਂਕਿ ਜਦ ਤਾਈਂ ਓਹ ਅੰਮ੍ਰਿਤ ਛਕ ਕੇ ਖਾਲਸਾ ਧਰਮ (ਗੁਰਮਤਿ ਧਰਮ) ਧਾਰਨ ਨਹੀਂ ਕਰ ਲੈਂਦੇ ਉਤਨਾ ਚਿਰ ਓਹ ਧਰਮ-ਹੀਣ ਹਨ, ਅਨਮਤੀ ਹਨ। ਕਿਉਂਕਿ :

**ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥੪॥੩॥**

*ਬਸੰਤੁ ਮ: ੧, ਪੰਨਾ ੧੧੮੮*

ਗੁਰਵਾਕ ਦੇ ਭਾਵ ਅਨੁਸਾਰ ਕੇਵਲ (ਏਕੋ) ਗੁਰਮਤਿ ਧਰਮ ਹੀ ਸੱਚਾ ਧਰਮ ਹੈ, ਜੋ ਜੁਗੋ ਜੁਗ ਪੂਰਾ ਉਤਰਨਾ ਹੈ। ਗੁਰਮਤਿ ਧਰਮ ਤੋਂ ਬਿਨਾਂ ਹੋਰ ਕੋਈ ਧਰਮ[1] ਨਹੀਂ। ਸੋ ਗੁਰਮਤਿ ਧਰਮ ਤੇ ਖਾਲਸਾ ਧਰਮ ਤੋਂ ਸਖਣੇ ਸਭ ਧਰਮ-ਹੀਣ ਨਿਗੁਰੇ ਬੇਦੀਨ ਹਨ। ਅਤੇ ਗੁਰੂ ਕਾ ਹੁਕਮ ਹੈ :

**ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥**
**ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥**
**ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥**
**ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ॥**
**ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ॥**
**ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ॥੧॥੧੪॥**

*ਸਲੋਕ ਮ: ੧, ਵਾਰ ਸੂਹੀ, ਪੰਨਾ ੭੯੦*

ਭਾਵ, ਪ੍ਰਮਾਰਥ ਏਸ ਗੁਰ ਪ੍ਰਮਾਣ ਦਾ ਇਹ ਹੈ ਕਿ ਜਿਹੜੇ ਪੁਰਸ਼ ਚੋਰਾਂ ਦੀ, ਯਾਰਾਂ ਦੀ ਅਤੇ ਕੁਟਣੀਆਂ ਰੰਡੀਆਂ ਦੀ ਕੁਸੰਗ ਮਜਲਸੇ ਜਾ ਕੇ ਬਹਿੰਦੇ ਹਨ ਅਤੇ ਜਿਹੜੇ ਬੇਦੀਨਾਂ ਦੇ ਨਾਲ ਦੋਸਤੀ (ਸਮੀਪੀ ਸੰਬੰਧ ਨਾਤੇ) ਗੰਢਦੇ ਹਨ (ਅਥਵਾ ਰਖਦੇ ਹਨ) ਅਤੇ ਬੇਦੀਨਾਂ ਦਾ ਖਾਣਾ ਖਾਂਦੇ ਹਨ ਓਹ ਸਿਫਤਾਂ (ਪ੍ਰਮਾਰਥੀ ਸਿਫਤਿ-ਸਾਲਾਹਾਂ) ਸੰਦੀ ਸਾਰ ਨਹੀਂ ਜਾਣਦੇ ਅਤੇ ਓਹਨਾਂ ਦੇ ਅੰਦਰ ਸਦਾ ਸ਼ੈਤਾਨ ਵਸਦਾ ਹੈ। ਉਹਨਾਂ ਦੀ ਗਤੀ ਗਧਿਆਂ (ਖੋਤਿਆਂ) ਦੇ ਨਿਆਈਂ ਹੁੰਦੀ ਹੈ, ਓਹਨਾਂ ਨੂੰ ਚਾਹੇ ਚੰਨਣ ਵਿਚ ਨਵ੍ਹਾਲਿਆ (ਲਿਬੇੜਿਆ, ਲਿਪਿਆ) ਜਾਵੇ, ਪਰ ਉਹ ਫੇਰ ਭੀ ਸੁਆਹ (ਖੇਹ) ਵਿਚ ਜਾ ਕੇ ਹੀ ਲਿਟਣਗੇ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਕੂੜਾਵਾ ਕੱਤਣ ਕਤਿਆ

1. "ਕੇਵਲ ਗੁਰਮਤਿ ਧਰਮੁ (ਖਾਲਸਾ ਧਰਮ) ਹੀ ਸੱਚਾ ਧਰਮ ਹੈ" ਨਾਮੇ ਪੁਸਤਕ ਅੰਦਰ ਇਸ ਨਿਰਣੇ ਨੂੰ ਵਿਸਥਾਰ ਸਹਿਤ ਨਿਰੂਪਣ ਕੀਤਾ ਜਾਵੇਗਾ।

ਜਾਵੇ ਤਾਂ ਕੂੜ ਦਾ ਹੀ ਤਾਣਾ ਤਣੀਦਾ ਹੈ ਅਤੇ ਕੂੜ ਦਾ ਕਪੜਾ ਕਢ ਕੇ ਤਿਆਰ ਕੀਤਾ ਜਾਵੇ ਤਾਂ ਉਸ ਦਾ ਪਹਿਨਣਾ ਭੀ ਕੂੜ ਹੈ ਅਤੇ ਉਸ ਪਹਿਨਣ ਦਾ ਮਾਣ ਕਰਨਾ ਵੀ ਕੂੜਾ ਹੈ। ਏਥੇ ਸਾਰੇ ਸ਼ਬਦ ਦੀ ਵਿਆਖਿਆ ਦੀ ਲੋੜ ਨਹੀਂ, ਪ੍ਰਕਰਣ ਸੰਬੰਧੀ "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ" ਵਾਲਾ ਸਾਖਾ ਹਦਾਇਤ-ਮਈ ਹੁਕਮ ਜੋ ਇਹ ਗੁਰਵਾਕ ਦਿੰਦਾ ਹੈ ਉਸ ਤੋਂ ਤਾਂ ਸਾਫ਼ ਸਿਧ ਹੁੰਦਾ ਹੈ ਕਿ ਬੇਦੀਨਾਂ ਕੀ ਦੋਸਤੀ ਅਤੇ ਬੇਦੀਨਾਂ ਕਾ ਖਾਣ ਗੁਰਮਤਿ ਅੰਦਰ ਬਿਬਰਜਤ ਹੈ। ਏਸ ਦਾ ਭਾਵ ਐਨ ਓਹੀ ਹੈ ਜੋ ਅੰਮ੍ਰਿਤ ਛਕਣ ਸਮੇਂ ਦ੍ਰਿੜਾਇਆ ਜਾਂਦਾ ਹੈ ਕਿ ਰੋਟੀ, ਬੇਟੀ ਦੀ ਸਾਂਝ ਵਰਤੋਂ ਖਾਲਸਾ ਜੀ ਨਾਲ ਹੀ ਰਖਣੀ, ਅਨਮਤੀਆਂ ਨਾਲ ਨਹੀਂ ਰਖਣੀ। 'ਬੇਦੀਨ' ਪਦ ਉਤੇ ਅਕਸਰ ਏਅਤਰਾਜ਼ ਏਹ ਹੁੰਦਾ ਹੈ ਕਿ ਕੀ ਗੁਰਮਤਿ ਤੋਂ ਬਿਨਾਂ ਹੋਰ (ਆਨ) ਮਤਾਂ ਵਾਲਿਆਂ ਦਾ ਕੋਈ ਦੀਨ ਹੀ ਨਹੀਂ? ਕੀ ਸਾਰੇ ਦੀਨ ਮਜ਼ਹਬ ਬੇਦੀਨੇ ਹਨ? ਏਸਦਾ ਉਤਰ ਇਹ ਹੈ ਕਿ ਅਸੀਂ ਤਾਂ ਕੇਵਲ ਗੁਰਮਤਿ ਅਸੂਲਾਂ ਦੀ ਕਸੌਟੀ ਅਨੁਸਾਰ 'ਬੇਦੀਨ' ਪਦ ਦੀ ਹੈਸੀਅਤ ਨੂੰ ਪਰਖਣਾ ਹੈ, ਨਾ ਕਿ ਆਨਮਤਾਂ ਦੀ ਆਪੋ ਆਪਣੀ ਅਵਸਥਾ ਅਨੁਸਾਰ। ਗੁਰਮਤਿ ਅਸੂਲਾਂ ਦੀ ਰੌਸ਼ਨੀ ਦੇ ਸਾਹਮਣੇ 'ਕੇਵਲ ਗੁਰਮਤਿ ਹੀ ਇਕੋ ਸੱਚਾ ਅਤੇ ਸਦੀਵੀ ਧਰਮ ਹੈ', ਗੁਰਮਤਿ ਧਰਮ (ਦੀਨ, ਮਜ਼ਹਬ) ਤੋਂ ਬਿਨਾਂ ਜਿਤਨੇ ਭੀ ਹੋਰ ਮਤ-ਮਤਾਂਤਰ ਹਨ, ਸਾਡੇ ਵਾਸਤੇ ਇਸ ਵਰਤਮਾਨ ਕਾਲ ਵਿਖੇ (ਫ਼ੀ ਜ਼ਮਾਨਾ) "ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥"[1] ਗੁਰਵਾਕ ਦਸਦਾ ਹੈ ਕਿ ਏਕੋ ਗੁਰਮਤਿ ਧਰਮ ਹੀ ਸੱਚਾ ਹੈ ਅਤੇ ਏਸੇ ਨੇ ਹੀ ਜੁਗਾਂ ਜੁਗਾਂਤਰਾਂ ਤਾਈਂ ਪੂਰਾ ਉਤਰਨਾ ਹੈ।

## ੨੭. ਨਾ ਹਮ ਹਿੰਦੂ ਨ ਮੁਸਲਮਾਨ :

ਏਸ ਗੁਰਮਤਿ ਧਰਮ ਨੂੰ ਭਾਵੇਂ ਕੋਈ ਪ੍ਰਾਣੀ ਦ੍ਰਿੜ੍ਹ ਅਰਥਾਤ ਧਾਰਨ ਕਰ ਲਏ, ਸਭ ਦਾ ਹੱਕ ਹੈ। ਜਾਤ ਅਜਾਤ ਬਰਨ ਅਬਰਨ ਦੀ ਕੋਈ ਤਮੀਜ਼ ਨਹੀਂ। ਸਭਨਾਂ ਦਾ ਨਿਸਤਾਰਾ ਕੇਵਲ ਗੁਰਮਤਿ ਧਰਮ ਦੁਆਰਾ ਹੀ ਹੋਣਾ ਹੈ। ਜੇ ਕਹੋ ਕਿ ਬੇਦੀਨ ਦਾ ਅਰਥ ਲਾ-ਮਜ਼ਹਬ ਹੈ; ਜਿਸ ਦਾ ਮਤ, ਮਜ਼ਹਬ, ਦੀਨ ਈਮਾਨ, ਧਰਮ ਹੀ ਕੋਈ ਨਹੀਂ ਸੋ ਕਹੀਏ ਬੇਦੀਨ, ਤਾਂ ਇਸ ਗੱਲ ਦੀ ਪਛਾਣ ਤਾਂ ਸਾਨੂੰ ਕੇਵਲ ਗੁਰਮਤਿ ਦੀ ਰੌਸ਼ਨੀ ਦੁਆਰਾ ਹੀ ਹੋਣੀ ਹੈ ਕਿ ਬੇਦੀਨ ਕੌਣ ਹੈ ਤੇ ਕਿਵੇਂ ਹੈ। ਖਾਨ ਪਾਨ ਰੋਟੀ ਬੇਟੀ ਦੀ ਵਰਤੋਂ-ਵਿਹਾਰ ਦੀ ਸਾਂਝ ਕਰਨ ਸਮੇਂ ਜਦ ਅਸੀਂ ਪਰਖਾਂਗੇ ਕਿ ਫਲਾਣਾ ਬੇਦੀਨ ਹੈ ਕਿ ਨਹੀਂ ਤਾਂ ਅਸੀਂ ਬਸ ਇਹੋ ਦੇਖਾਂਗੇ ਕਿ ਉਹ ਖਾਲਸਾ (ਗੁਰਮਤਿ) ਧਰਮ ਧਾਰਨੀ ਹੈ ਕਿ ਨਹੀਂ। ਜੇ ਉਹ ਗੁਰਮਤਿ ਧਰਮ ਦਾ ਧਾਰਨੀ ਖਾਲਸਾ (ਅਕਾਲੀ ਪੰਥ ਵਿਚੋਂ) ਹੈ ਤਾਂ ਉਹ ਸਾਡੇ ਨਿਕਟ ਦੀਨਦਾਰ, ਸੱਚਾ ਦੀਨਦਾਰ ਅਤੇ ਪੂਰੇ ਧਰਮ ਵਾਲਾ ਹੈ, ਨਹੀਂ ਤਾਂ ਬੇਦੀਨ ਧਰਮਹੀਨ ਆਨਮਤੀ ਹੈ। ਜੇਕਰ ਇਉਂ ਸਮਝਿਆ ਕੁਸਮਝਿਆ ਜਾਵੇ (ਜੈਸਾ ਕਿ ਕਈ ਚਗਲ-ਪੰਥੀਏ ਸਮਝਦੇ ਹਨ) ਕਿ ਬੇਦੀਨ ਓਹ ਹੈ ਜਿਸ ਦਾ

1. ਬਸੰਤੁ ਮ: ੧, ਪੰਨਾ ੧੧੮੮

ਕੋਈ ਭੀ ਦੀਨ ਹੈ ਨਹੀਂ। ਤਦ ਤੁਹਾਨੂੰ ਕੋਈ ਭੀ ਅਜਿਹਾ ਪ੍ਰਾਣੀ ਸੰਸਾਰ ਭਰ ਵਿਚ ਨਹੀਂ ਮਿਲੇਗਾ ਜਿਸ ਦਾ ਕੋਈ ਨਾ ਕੋਈ ਆਪਣਾ ਦੀਨ ਨਹੀਂ। ਸੰਸਾਰ ਦੇ ਪ੍ਰਚਲਤ ਦੀਨ ਮਜ਼ਹਬਾਂ ਵਿਚੋਂ ਜਿਸਦਾ ਕੋਈ ਭੀ ਦੀਨ ਨਹੀਂ, ਉਸ ਦਾ ਭੀ ਆਪਣਾ ਨਿਜ-ਘੜਤ ਦੀਨ, ਆਪਣੇ ਮਨ ਦੀ ਨਿਜ ਮਤ ਦਾ ਦੀਨ ਹੈ, ਜਿਸ ਨੂੰ ਕਿ ਅਸੀਂ ਮਨਮਤੀ ਆਖਦੇ ਹਾਂ। ਐਥੋਂ ਤੀਕ ਜੋ ਨਾਸਤਕ (ਰੱਬ ਨੂੰ ਨਾ ਮੰਨਣ ਵਾਲੇ) ਹਨ ਓਹਨਾਂ ਦੇ ਭੀ ਨਾਸਤਕ ਮਤ ਪ੍ਰਚਲਤ ਹਨ, ਜਿਨ੍ਹਾਂ ਨੂੰ ਉਹ ਆਪਣਾ ਦੀਨ ਮਜ਼ਹਬ ਸਮਝਦੇ ਹਨ। ਓਹਨਾਂ ਦੇ ਨਿਕਟ ਨਾਸਤਕਤਾ ਭੀ ਇਕ ਦੀਨ ਮਜ਼ਹਬ ਹੈ। ਅਨੇਕਾਂ ਦਹਿਰੀਏ, ਦੇਵ ਸਮਾਜੀਏ, ਆਪਾ ਪੰਥੀਏ ਖ਼ਾਸ ਹਿੰਦੁਸਤਾਨ ਵਿਚ ਮਉਜੂਦ ਹਨ, ਜਿਨ੍ਹਾਂ ਦੇ ਪੰਥ ਮਜ਼ਹਬ ਵਖੋ ਵਖ ਨਾਮਾਂ ਤੋਂ ਚਲ ਰਹੇ ਹਨ, ਪਰ ਉਹ ਰੱਬ ਨੂੰ ਨਹੀਂ ਮੰਨਦੇ। ਇਸ ਹਾਲਤ ਵਿਚ ਤਾਂ 'ਬੇਦੀਨ' ਪਦ ਅਰਥ (ਮਾਅਨੇ) ਹੀ ਕੁਛ ਨਹੀਂ ਰਖ ਸਕਦਾ। ਕੀ ਗੁਰੂ ਸਾਹਿਬ ਨੇ ਬੇਅਰਥ ਹੀ ਇਸ ਪਦ ਨੂੰ ਵਰਤਿਆ ? ਜਦ ਇਸ 'ਬੇਦੀਨ' ਪਦ ਨੇ ਘਟਣਾ ਹੀ ਕਿਸੇ ਤੇ ਨਹੀਂ ਤਦ ਗੁਰੂ ਮਹਾਰਾਜ ਦਾ ਅਭਿਪਰਾ ਕੀ ਸੀ, ਕਿ ਇਸ ਪਦ ਨੂੰ ਵਰਤਿਆ ? ਬਾਜ਼ੇ ਹਿੰਦੂ-ਪੁਣੇ ਦੀ ਪਾਣ ਵਾਲੇ ਨਾਮ-ਧੀਕ ਕਚ-ਘਰੜ ਸਿਖ ਆਖਿਆ ਕਰਦੇ ਹਨ ਕਿ ਬੇਦੀਨ ਦਾ ਪਦ ਮੁਸਲਮਾਨਾਂ ਤੇ ਘਟਦਾ ਹੈ, ਪਰ ਮੁਸਲਮਾਨਾਂ ਨੂੰ ਪੁਛ ਕੇ ਦੇਖੋ ਓਹ ਕਹਿੰਦੇ ਹਨ ਕਿ ਦੀਨਦਾਰ ਅਸੀਂ ਹੀ ਹਾਂ ਅਤੇ ਹਿੰਦੂਆਂ ਨੂੰ ਓਹ ਕਾਫ਼ਰ ਹੀ ਦਸਦੇ ਹਨ। ਅਤੇ ਅਸਾਡੇ ਨਿਕਟ ਹਿੰਦੂ ਮੁਸਲਮਾਨ ਦੋਈ ਬਰਾਬਰ ਹੀ ਹਨ, ਜੈਸਾ ਕਿ "ਨਾ ਹਮ ਹਿੰਦੂ ਨ ਮੁਸਲਮਾਨ"[1] ਅਤੇ "ਹਿੰਦੂ ਅੰਨਾ ਤੁਰਕੂ ਕਾਣਾ"[2] ਦੇ ਗੁਰਵਾਕਾਂ ਤੋਂ ਸਿਧ ਹੈ। ਸਗੋਂ ਹਿੰਦੂ ਤਾਂ ਧਰਮ ਦੀਨ ਵਲੋਂ ਉੱਕੇ ਹੀ ਅੰਨ੍ਹੇ ਹਨ। ਅਤੇ ਤੁਰਕਾਂ ਦੀ ਇਕ ਅੱਖ ਹੈ, ਜਿਸ ਕਰਕੇ ਓਹ ਤੁਅਸਬ ਭਰੀ ਕਾਣੀ ਕੁਬਾਣੀ ਅੱਖ ਨਾਲ ਹਿੰਦੂਆਂ ਨੂੰ ਦੇਖਦੇ ਹਨ ਅਤੇ ਉਹਨਾਂ ਨੂੰ ਕਾਫ਼ਰ ਸਮਝਦੇ ਹਨ। ਤਾਂ ਤੇ ਤੁਰਕਾਂ ਦਾ ਦੀਨ ਭੀ ਕਾਣਾ ਕੁਬਾਣਾ, ਅਰਥਾਤ, ਕਾਣਦਾਰ ਹੀ ਹੈ। ਏਹਨਾਂ ਸਾਰੇ ਉਤਾਰ-ਚੜ੍ਹਾਵਾਂ ਦੀ ਛਾਣ ਬੀਣ ਤੋਂ ਇਹੋ ਸਿੱਟਾ ਨਿਕਲਦਾ ਹੈ ਕਿ 'ਵੇਦੀਨਾ' ਤੋਂ ਭਾਵ ਗੁਰੂ ਸਾਹਿਬ ਦਾ ਉਹਨਾਂ ਪੁਰਸ਼ਾਂ ਤੋਂ ਹੈ ਜੋ ਸੱਚੇ ਦੀਨ ਖਾਲਸਾ ਧਰਮ ਤੋਂ ਬਾਹਰੇ ਹਨ। ਬਸ, 'ਆਨਮਤੀ' ਹੀ ਅਰਥ 'ਵੇਦੀਨ' ਦਾ ਬਣੇਗਾ।

ਹੁਣ "ਵੇਦੀਨਾ ਕਾ ਖਾਣੁ" ਪੰਗਤੀ ਦੇ ਭਾਵ-ਅਰਥ ਸਾਫ਼ ਸਪੱਸ਼ਟ "ਖਾਲਸਾ ਧਰਮ ਤੋਂ ਬਾਹਰੇ ਆਨਮਤੀਆਂ ਦਾ, ਅਥਵਾ, ਖਾਲਸਾ ਧਰਮ ਤੋਂ ਰਹਿਤ ਅਤੇ ਪਤਿਤ ਧਰਮ-ਹੀਣ ਪੁਰਸ਼ਾਂ ਕਾ ਖਾਣ" ਦੇ ਬਣੇ। "ਕਾ ਖਾਣੁ" ਅੱਖਰਾਂ ਦੇ ਭਾਵ ਤੋਂ ਨਿਤਾਰਾ ਇਹੋ ਨਿਤਰਦਾ ਹੈ ਕਿ "ਵੇਦੀਨਾ ਕਾ ਖਾਣੁ" ਦੀ ਪੰਗਤੀ ਦੇ ਸਿਧਾਂਤੀ ਭਾਵ ਅਰਥ—ਧਰਮ ਹੀਣ ਆਨਮਤੀਆਂ ਦੀ ਧਰਮ ਸੂੰਨ ਕੁਘਾਲ ਕਮਾਈ ਦਾ ਘਾਲਿਆ ਖਾਣਾ ਖਾਣਾ—ਬਣਦੇ ਹਨ, ਸੋ ਅਜਿਹਾ ਖਾਣਾ ਖਾਣਾ ਗੁਰਮਤਿ ਅੰਦਰ ਬਿਬਰਜਤ ਹੈ, ਕਿਉਂਕਿ ਅਗਲੀ ਤੁਕ :

**"ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥"** *(ਪੰਨਾ ੭੯੦)*

1. ਭੈਰਉ ਮ: ੫, ॥੪॥੩॥ ਪੰਨਾ ੧੧੩੬
2. ਬਿਲਾਵਲੁ ਗੋਂਡ ਨਾਮਦੇਉ ਜੀਉ, ਪੰਨਾ ੮੭੫

ਦਸਦੀ ਹੈ ਕਿ ਉਕਤ ਬਿਬਰਜਤ ਖਾਣਾ ਖਾਣ ਵਾਲਿਆਂ ਦੇ ਅੰਦਰ ਸਦਾ ਸ਼ੈਤਾਨ ਹੀ ਵਸਿਆ ਰਹਿੰਦਾ ਹੈ ਅਤੇ ਨਾਮ (ਸਿਫਤਿ-ਸਾਲਾਹ) ਦਾ ਵਾਸ ਉਹਨਾਂ ਦੇ ਰਿਦੰਤਰਿ ਹੋ ਹੀ ਨਹੀਂ ਸਕਦਾ। ਨਾਮ ਵਲੋ ਓਹਨਾਂ ਦੀ ਰੁਚੀ ਹੀ ਨਹੀਂ ਜਾਂਦੀ। ਨਾਮ ਦੀ ਸਾਰ ਉਹ ਨਹੀਂ ਜਾਣ ਸਕਦੇ। ਨਾਮ ਦਾ ਨਿਵਾਸ ਤਾਂ ਉਹਨਾਂ ਦੇ ਘਟ ਅੰਤਰ ਕੀ ਹੋਣਾ ਹੈ ? ਉਹਨਾਂ ਨੂੰ ਏਤਨੀ ਸੂਝ ਬੂਝ ਹੀ ਨਹੀਂ ਰਹਿ ਸਕਦੀ ਕਿ ਨਾਮ ਅਤੇ ਸਿਫਤਿ-ਸਾਲਾਹ ਕਿਸ ਵਸਤੂ ਨੂੰ ਆਖਦੇ ਹਨ।

ਇਹੋ ਕਾਰਨ ਹੈ ਕਿ ਅਸਾਡੇ ਅੱਜ ਕਲ੍ਹ ਦੇ ਪੰਥਕ ਮੋਹਰੀ ਅਤੇ ਲੀਡਰ ਸਦਾਉਣ ਵਾਲਿਆਂ ਨੂੰ ਨਾਮ (ਸਿਫਤਿ-ਸਾਲਾਹ) ਦੀ ਸੂਝ ਬੂਝ ਹੀ ਨਹੀਂ। ਸੂਝ ਬੂਝ ਕੀ ਹੋਣੀ ਸੀ, ਸਗੋਂ ਕਈ ਇਕ ਉਘੇ ਪੰਥਕ ਲੀਡਰ ਨਾਮ ਨੂੰ ਉਲਟੀਆਂ ਟਿਚਰਾਂ ਕਰਦੇ ਹਨ। ਗੁਰਮਤਿ ਗਿਆਨ ਦੀ ਡੀਂਗ ਮਾਰਨ ਵਾਲੇ ਅਤੇ ਪ੍ਰਸਿਧ ਗਿਆਨੀ ਸਦਾਵਣ ਵਾਲੇ ਕਈ-ਇਕ ਪੰਥਕ ਆਗੂ ਐਥੋਂ ਤਾਈਂ ਢੀਠ ਅਤੇ ਨਿਲੱਜ ਹੋ ਗਏ ਹਨ ਕਿ ਉਹ ਨਾਮ ਜਪਣ ਵਾਲਿਆਂ ਨੂੰ ਬਕਰੀ ਵਾਂਗੂੰ ਮੂੰਹ ਮਾਰਦੇ ਦਸਦੇ ਹਨ ਤੇ 'ਵਾਹਿਗੁਰੂ' 'ਵਾਹਿਗੁਰੂ' ਆਖਣ ਅਤੇ ਪੱਥਰ ਪੱਥਰ ਆਖੀ ਜਾਣ ਨੂੰ ਇਕੋ ਜਿਹਾ ਹੀ ਸਮਝਦੇ ਹਨ। ਇਸ ਕੁਬੁਧ, ਕੁਸਮਝ ਅਤੇ ਅਗਿਆਨ ਦਾ ਕਾਰਨ ਇਹੀ ਹੈ ਕਿ ਉਹਨਾਂ ਦੀ ਮਤਿ ਚਗਲ-ਪੰਥੀ ਹੋਣ ਕਰਕੇ ਅਤੇ ਆਨਮਤੀਆਂ ਬੇਦੀਨਾਂ ਦਾ ਖਾਣ ਕਰਕੇ ਐਥੋਂ ਤਾਈਂ ਲਜਿਆ-ਹੀਣ ਹੋ ਗਈ ਹੈ ਕਿ ਗੁਰਮਤਿ ਦੇ ਤੱਤ ਸਿਧਾਂਤ, ਤੱਤ ਬਿਬੇਕ ਸਿਫਤਿ-ਸਾਲਾਹ ਤੋਂ ਹੀ ਗੁਮਰਾਹ ਹੋ ਰਹੇ ਹਨ। ਖ਼ੁਦ ਹੀ ਗੁਮਰਾਹ ਨਹੀਂ, ਸਗੋਂ ਅਨਭੋਲ ਸਿੱਖਾਂ ਨੂੰ ਭੀ ਗੁਮਰਾਹ ਕਰ ਰਹੇ ਹਨ।

**ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥੫॥**

*ਵਾਰ ਮਾਝ, ਸਲੋਕੁ ਮ: ੧, ਪੰਨਾ ੧੪੦*

ਗੁਰਵਾਕ ਦੇ ਭਾਵ ਵਾਲੀ ਘਟਨਾ ਅੱਜ ਅਸਾਡੇ ਆਪਣੇ ਪੰਥਕ ਆਗੂਆਂ ਪ੍ਰਥਾਇ ਹੀ ਘਟਣ ਲਗ ਪਈ ਹੈ। ਗੁਰਮਤਿ ਮਤਿ (ਖਾਲਸਾ ਧਰਮ) ਦੇ ਧਾਰਨੀ ਹੋ ਕੇ ਜੋ ਖਾਲਸਾ ਪੰਥ ਤੋਂ ਛੁਟ ਹੋਰਸ ਆਨਮਤਾਂ ਦੇ ਪੁਰਸ਼ਾਂ ਨਾਲ ਖਾਣ ਪਾਣ ਵਰਤੋਂ ਬਿਉਹਾਰ ਰਖਣ ਲੱਗ ਜਾਂਦੇ ਹਨ, ਉਹਨਾਂ ਦੀ ਨਾਮ ਦੀ ਚੜ੍ਹਦੀ ਕਲਾ ਵਾਲੀ ਕਮਾਈ ਤਤਕਾਲ ਹੀ ਖੜਦੀ ਕਲਾ ਵਿਚ ਬਦਲ ਜਾਂਦੀ ਹੈ ਅਤੇ ਉਹਨਾਂ ਦੀ ਆਤਮ ਬਿਰਤੀ ਢਹਿੰਦੀ ਕਲਾ ਵਿਚ ਢਹਿੰਦੀ ਢਹਿੰਦੀ ਓੜਕ ਨਿਘਰਦੀ ਕਲਾ ਵਿਚ ਜਾ ਨਿਘਰਦੀ ਹੈ, ਕਿਉਂਕਿ ਨਾਮੋਂ ਵੰਞੇ ਸੁੰਞੇ ਧਰਮ ਹੀਣ ਪੁਰਸ਼ਾਂ ਦਾ ਖਾਣਾ ਭਾਵੇਂ ਛਤੀਹ ਪ੍ਰਕਾਰ ਦੇ ਭੋਜਨਾਂ ਦਾ ਖਾਣਾ ਹੋਵੇ, ਖ਼ੁਸ਼ੀ ਖੁਆਰ ਖਾਣਾ ਹੀ ਹੈ, ਜਿਸ ਦੇ ਖਾਧੇ ਤੋਂ ਅਨੇਕ ਪ੍ਰਕਾਰ ਦੇ ਵਿਕਾਰ ਮਨ ਅੰਦਰ ਚਲਣ ਲਗ ਪੈਂਦੇ ਹਨ। ਕੇਵਲ ਏਸੇ ਗੁਰਮਤਿ ਬਿਬੇਕ ਵਿਚਾਰ ਅਨੁਸਾਰ ਜਗਤ-ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਉਚ ਕੁਲੀਨ, ਉਚ ਜਾਤੀ, ਉਚ ਖ਼ਾਨਦਾਨ, ਉਚ ਮਨਸਬ ਵਾਲੇ ਮਲਿਕ ਭਾਗੋ ਦੇ ਛਤੀਹ ਪ੍ਰਕਾਰ ਦੇ ਅਮੀਰੀ ਖਾਣੇ ਤਿਆਗੇ ਅਤੇ ਗਰੀਬ ਲਾਲੋ, ਨੀਚਹੁ ਨੀਚ ਲਾਲੋ, ਦਾਸਾਨ ਦਾਸ ਲਾਲੋ ਦੇ ਰੁਖੇ ਸੁਖੇ, ਗਰੀਬੋ ਗਰੀਬੀ ਭੋਜਨ ਨੂੰ ਭਾਗੋ ਦੇ ਰਸ-ਕਸੀ, ਨਾਨਾ ਪ੍ਰਕਾਰੀ ਅਤੇ ਭਾਂਤ ਭਾਂਤ ਦੇ ਅਮੀਰੀ ਖਾਣਿਆਂ ਉਤੇ ਤਰਜੀਹ ਦਿਤੀ ਅਤੇ ਆਪਣੇ ਕਉਤਕੀ ਇਲਾਹੀ ਬਰਕਤਾਂ ਵਾਲੇ ਕਲਾਧਾਰੀ ਸਮਰੱਥਾ ਨਿਪੁੰਨ ਚੋਜਾਂ ਦੁਆਰਾ ਪਰਤੱਖ ਸਿਧ ਕਰਕੇ,

ਸਾਬਤ ਕਰਕੇ ਦਿਖਾਇਆ ਕਿ ਸੱਚ ਮੁਚ ਸੁਕ੍ਰਿਤ ਕਰਣੀ ਤੇ ਸਾਰ ਕਮਾਈ ਵਾਲੇ ਗੁਰੂ ਕੇ ਸਿਖ ਭਾਈ ਲਾਲੋ ਦਾ ਸਜਾਇਆ, ਤਿਆਰ ਕੀਤਾ ਰੁਖਾ ਸੁਖਾ ਭੋਜਨ ਅੰਮ੍ਰਿਤ-ਭੋਜਨ ਹੈ। ਅਤੇ ਧਰਮੋਂ-ਹੀਣ ਅਤੇ ਖੀਣ, ਖੋਟੀ ਕਮਾਈ, ਦੁਕ੍ਰਿਤ ਕਮਾਈ ਵਾਲੇ, ਮਨਮਤੀ, ਅਸਿਖ, ਆਨਮਤੀ ਭਾਗੋ ਦਾ ਰਸ-ਕਸੀ ਭੋਜਨ ਰਕਤ ਨਿਪੁੰਨਾ ਬਿਖੈ-ਭੋਜਨ ਹੈ। ਨਿਰੰਕਾਰੀ ਨਾਮ-ਆਧਾਰੀ ਕਲਾਧਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਧੁਰਵਾ, ਪੱਕਾ ਧੁਰਵਾ ਗੁਰਸਿੱਖਾਂ ਲਈ ਹੀ ਬੰਨ੍ਹ ਕੇ ਕਾਇਮ ਕੀਤਾ ਕਿ ਗੁਰਸਿੱਖਾਂ ਅੰਦਰ ਭੱਖ ਅਭੱਖ ਅਹਾਰ ਦਾ ਵਿਚਾਰ-ਬਿਬੇਕ ਸਦਾ ਲਈ ਬਣਿਆ ਰਹੇ ਅਤੇ "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ" ਗੁਰੂ ਕੇ ਪੰਥ ਅੰਦਰ ਬਿਬਰਜਤ ਰਹੇ। ਗੁਰੂ ਦਸਮੇਸ਼ ਜੀ ਦੇ ਹਿਤ ਉਪਦੇਸ਼ ਰਹਿਤਨਾਮੇ ਵਿਚ ਭੀ ਹੁਕਮ ਹੈ ਕਿ:

**ਜਾ ਕੀ ਰਹਿਤ ਨ ਜਾਣੀਆ ਗੁਰਬਾਣੀ ਨਹੀਂ ਗੰਤਿ ।।**
**ਤਾ ਕਾ ਭੋਜਨ ਖਾਇਕੈ ਬਿਛੜੇ ਹਰਿ ਕੀ ਪ੍ਰੀਤਿ ।।**

ਰਹਿਤਨਾਮੇ ਦਾ ਇਹ ਗੁਰ ਹਿਤ ਉਪਦੇਸ਼ੀ ਬਚਨ ਭੀ ਬੇਦੀਨਾਂ ਦੇ ਖਾਣੇ ਤੋਂ ਬਰਜਦਾ ਹੈ।

ਨਾਮੋਂ ਘੁਥੇ, ਧਰਮ-ਹੀਣ ਬੇਦੀਨ ਸਾਕਤ ਪੁਰਸ਼ਾਂ ਦਾ ਖਾਣਾ ਤਾਂ ਕਿਤੇ ਰਿਹਾ, ਓਹਨਾਂ ਦਾ ਸੰਗ ਕੁਸੰਗ ਭੀ ਮਾੜਾ ਹੈ। ਉਹਨਾਂ ਦੇ ਨੇੜੇ ਢੁਕਣਾ ਹੀ, ਉਹਨਾਂ ਦੀ ਭੇਟ ਮੁਲਾਕਾਤ ਕਰਨੀ ਹੀ ਅੱਲ੍ਹੜ ਜਗਿਆਸਾ ਦੀ ਬਿਵਸਥਾ ਵਿਖੇ ਸਿਖ ਜਗਿਆਸੂਆਂ ਲਈ ਬਿਬਰਜਤ ਹੈ। ਜੈਸਾ ਕਿ ਹੁਕਮ ਹੈ, ਯਥਾ ਗੁਰਵਾਕ:

**ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ ॥੪॥੫੭॥**
*ਗਉੜੀ ਪੂਰ: ਮ: ੪, ਪੰਨਾ ੧੭੦*

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ।।**
**ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ।।੧੩੧।।**
*ਸਲੋਕ ਕਬੀਰ ਜੀ, ਪੰਨਾ ੧੩੭੧*

**ਸੰਗਿ ਕੁਸੰਗੀ ਬੈਸਤੇ ਤਬ ਪੁਛੇ ਧਰਮ ਰਾਇ ।।੨।।੨੦।।**
*ਰਾਮਕਲੀ ਕੀ ਵਾਰ, ਮ: ੫, ਪੰਨਾ ੯੬੫*

ਜਦ ਸਾਕਤ ਕੁਸੰਗੀਆਂ ਆਨਮਤੀ ਪੁਰਸ਼ਾਂ ਦਾ ਭੇਟ-ਮਿਲਾਪ ਹੀ ਮਨਹ ਹੈ ਤਦ ਉਹਨਾਂ ਦੇ ਨਾਲ ਖਾਣ ਪਾਣ ਦਾ ਵਰਤੋਂ-ਬਿਹਾਰ ਗੁਰਮਤਿ ਅੰਦਰ ਕਦ ਪ੍ਰਮਾਣ ਹੋ ਸਕਦਾ ਹੈ।

## ੨੮. ਜਬ ਲਗ ਖਾਲਸਾ ਰਹੇ ਨਿਆਰਾ:

ਨਾਮੋਂ ਘੁਥੇ ਧਰਮ-ਹੀਣ ਆਨਮਤੀਆਂ ਸਾਕਤਾਂ ਕੁਸੰਗੀਆਂ ਦੇ ਨਾਲ ਮਿਲ-ਗੋਭਾ ਹੋਣ ਕਰਕੇ ਖਾਲਸਾ ਜੀ ਦਾ ਤੇਜ ਪ੍ਰਤਾਪ ਘਟਦਾ ਹੈ, ਜੈਸੇ ਕਿ ਦਸਮੇਸ਼ ਜੀ ਦਾ ਸਿਖ ਪ੍ਰਤੀ ਇਸ ਬਿਧਿ ਹਿਤ ਉਪਦੇਸ਼ ਹੈ:

**ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥**
**ਜਬ ਇਹ ਗਹੈ ਬਿਪਰਨ ਕੀ ਰੀਤਿ ॥ ਮੈ ਨ ਕਰਉਂ ਇਨ ਕੀ ਪ੍ਰਤੀਤ ॥**
*ਸਰਬ ਲੋਹ ਗ੍ਰੰਥ*

ਤਾਂ ਤੇ ਖਾਲਸੇ ਜੀ ਦਾ ਤੇਜ ਪ੍ਰਤਾਪ ਆਨਮਤੀਆਂ ਦੇ ਮਿਲਗੋਭਾਪਨ ਤੋਂ ਨਿਆਰਾ (ਨਿਰਾਲਾ) ਰਹਿਣ ਵਿਚ ਹੀ ਹੈ । ਆਨਮਤੀਆਂ ਵਿਖੇ ਮਿਲਗੋਭਾ ਹੋ ਜਾਣ ਵਿਚ ਖਾਲਸਾ ਪੰਥ ਦੀ ਨਿਰਾਲੀ ਹਸਤੀ ਹੀ ਨਹੀਂ ਰਹਿੰਦੀ ਅਤੇ ਖਾਲਸਾ ਪੰਥ ਨੂੰ ਬੇਦੀ ਕਤੇਬੀ ਦੋਹੁ ਪ੍ਰਕਾਰ ਦੀਆਂ ਭਿੰਨ ਭਿੰਨ ਸ਼੍ਰੇਣੀਆਂ ਦੇ ਆਨਮਤਾਂ ਵਿਚੋਂ ਨਿਆਰਾ ਅਤੇ ਨਿਰਾਲਾ ਕਰਨ ਦੀ ਲੋੜ ਸ੍ਰੀ ਦਸਮੇਸ਼ ਨੂੰ ਇਸ ਵਾਸਤੇ ਪਈ ਕਿ :

**ਦੋਹੂੰ ਪੰਥ ਮਹਿ ਕਪਟ ਵਿਦਯਾ ਚਲਾਨੀ ॥ ਬਹੁੜ ਤੀਸਰੋ ਪੰਥ ਕੀਜੈ ਪਰਧਾਨੀ ॥**
*ਉਗ੍ਰਦੰਤੀ, ਛਕਾ ੫*

ਦੇ ਸ੍ਰੀ ਮੁਖ ਬਚਨ ਅਨੁਸਾਰ ਸ੍ਰੀ ਦਸਮੇਸ਼ ਜੀ ਨੂੰ ਮਨਜ਼ੂਰ ਸੀ ਕਿ ਆਨਮਤੀਆਂ ਵਿਖੇ ਮਿਲਗੋਭਾ ਰਹਿਣ ਕਰਕੇ ਨਿਰੋਲ ਖਾਲਸਾ ਪੰਥ ਨੂੰ ਕਪਟ-ਪੰਥੀਆਂ ਦੀਆਂ ਕਪਟ ਕਰਤੂਤਾਂ, ਕਪਟ ਕੁਰਹਿਣੀਆਂ, ਕਪਟ ਕੁਰਹਿਤਾਂ, ਕਪਟ ਕੁਚਾਲਾਂ ਅਤੇ ਕਪਟ ਕੁਵਹਿਦਤਾਂ ਤੇ ਕਮਜ਼ੋਰੀਆਂ ਦਾ ਲੇਸ ਲਛਣ ਨ ਲਗਣਾ ਪਾਵੇ । ਜੇਕਰ ਸ੍ਰੀ ਦਸਮੇਸ਼ ਜੀ ਇਸ ਬਿਧਿ ਖਾਲਸਾ ਜੀ ਨੂੰ ਆਨਮਤੀਆਂ ਦੇ ਮਿਲਗੋਭੇ ਤੋਂ ਨਿਰਾਲਾ ਨਾ ਰਖਦੇ ਅਤੇ ਨਿਆਰਾ ਨਾ ਕਰ ਦਿੰਦੇ ਤਾਂ ਅੱਜ ਤਾਈਂ ਖਾਲਸਾ ਪੰਥ ਦੀ ਹਸਤੀ ਨੇ ਹੀ ਮਲੀਆਮੇਟ ਹੋ ਜਾਣਾ ਸੀ ।

ਇਕ ਕੌਮ ਦੇ ਦੂਜੀ ਕੌਮ ਤੋਂ ਨਿਰਾਲੇ ਅਤੇ ਨਿਆਰੇ ਹੋਣ ਦੀ ਪਛਾਣ ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਨ ਵਿਚ ਹੈ । ਸੋ ਖਾਲਸਾ ਇਸ ਪਛਾਣ ਦੇ ਸਰਬ ਅੰਗਾਂ ਵਿਚ ਹੀ ਆਨਮਤੀਆਂ ਤੋਂ ਨਿਰਾਲਾ ਅਤੇ ਵਖਰਾ ਹੈ । ਇਸ ਨਿਰਾਲਾਪਣ ਵਿਚ, ਇਸ ਵਖਰਾਪਣ ਵਿਚ ਖਾਲਸਾ ਪੰਥ ਦੀ ਸ਼ਾਨ ਦਿਨੋ ਦਿਨ ਸਵਾਈ, ਦੂਣ ਸਵਾਈ ਅਤੇ ਚੜ੍ਹਦੀ ਕਲਾ ਵਿਚ ਚੜ੍ਹਦੀ ਚਮਕਦੀ ਜਾਂਦੀ ਹੈ । ਕਿਉਂਕਿ ਮਿਲਗੋਭਾ ਨਾ ਰਹਿਣ ਵਿਚ ਖਾਲਸਾ ਪੰਥ ਦੀ ਸ੍ਰੇਸ਼ਟਤਾ ਵਿਲੱਖਣਤਾ ਗੱਜ ਵੱਜ ਕੇ ਪ੍ਰਗਟ ਪਹਾਰੇ ਪ੍ਰਕਾਸ਼ਤ ਹੋ ਜਾਂਦੀ ਹੈ । ਇਸ ਚੜ੍ਹਦੀ ਕਲਾ ਦੇ ਮੌਜ ਬਹਾਰੀ ਰੰਗ ਵਿਚ ਖਾਲਸਾ ਜੀ ਦੇ ਆਨਮਤੀਆਂ ਤੋਂ ਵਖਰਾ ਹੋਣ ਅਤੇ ਨਿਰਾਲਾ ਰਹਿਣ ਕਰਿ ਖਾਲਸਾ ਜੀ ਨੂੰ ਨਫ਼ਰਤ ਅਤੇ ਬੇਇਤਫ਼ਾਕੀ ਦੀ ਬਿਥਾਰਕ ਹੋਣ ਦੀ ਕਲੰਕ ਭਰੀ ਲੀਕ ਭੀ ਨਹੀਂ ਲੱਗ ਸਕਦੀ, ਕਿਉਂਕਿ ਖਾਲਸਾ ਪੰਥ ਦੀ ਸਾਜਨਾ ਹੀ ਪਰਉਪਕਾਰ ਨਮਿਤ ਹੈ । ਖਾਲਸਾ ਜੀ ਦਾ ਬਿਰਦ ਹੈ ਕਿ ਦੀਨਾਂ ਦੁਖੀਆਂ ਨੂੰ, ਭਾਵੇਂ ਉਹ ਕਿਸੇ ਭੀ ਮਤ ਵਿਚੋਂ ਹੋਵਨਿ, ਦੋਖੀਆਂ ਜ਼ਾਲਮਾਂ ਕੋਲੋਂ ਉਭਾਰੇ ।

ਖਾਲਸਾ ਜੀ ਦਾ ਖਾਲਸਾ ਪੰਥ ਦੇ ਬਾਨੀ ਮੁਬਾਨੀ ਸ੍ਰੀ ਗੁਰੂ ਦਸਮੇਸ਼ ਜੀ ਦਾ ਪਰਮ ਧਰਮ ਮੁਖ ਉਪਕਾਰ ਹੀ ਇਹ ਹੈ ਕਿ ਸਰਬ ਸੰਸਾਰੀਆਂ ਨੂੰ, ਸੰਸਾਰ ਭਰ ਦੇ ਪ੍ਰਾਣੀ ਮਾਤਰ ਨੂੰ (ਭਾਵੇਂ ਕਿਸੇ ਮਤ ਮਤਾਂਤਰ, ਬਰਨ ਅਬਰਨ, ਜਾਤ ਜਨਮ, ਨਸਲ

ਕੁਨਸਲ, ਦੇਸ ਬਿਦੇਸ ਵਿਚੋਂ ਕੋਈ ਹੋਵੈ) ਨਾਮ ਅੰਮ੍ਰਿਤੀ ਜੀਅ ਦਾਨ ਦੇ ਕੇ ਅਤੇ ਭਗਤੀ ਪ੍ਰਾਇਣ ਕਰ ਕੇ ਅਕਾਲ ਪੁਰਖ ਦੇ ਨਾਲ ਮਿਲਾਇਆ ਜਾਵੇ। ਇਸ ਤੋਂ ਵਧ ਕੇ ਸੱਚਾ ਪ੍ਰੇਮ, ਸੱਚਾ ਜਿਗਰੀ ਪ੍ਰੇਮ ਹੋਰ ਕੀ ਹੋ ਸਕਦਾ ਹੈ ? ਇਸ ਤੋਂ ਵਧ ਕੇ ਇਤਫ਼ਾਕ, ਸੱਚੇ ਇਤਫ਼ਾਕ ਨੀਚ ਊਚ ਨੂੰ ਇਕਸ ਸਮਾਨ ਕਰਿ ਦਿਖਾਵਣ ਦੀ ਸੱਚੀ ਮੇਅਰਾਜ ਤੇ ਇਕ-ਸਾਰ ਇਕੋ ਘੜੀ ਤੇ ਲਿਆ ਦੇਣ ਵਾਲੇ ਇਤਫ਼ਾਕ ਦੀ ਹੋਰ ਕੀ ਮਸਾਲ ਹੋ ਸਕਦੀ ਹੈ। ਸ੍ਰਿਸ਼ਟੀ ਭਰ ਨੂੰ ਇਕਸਾਰ ਇਕ-ਜਾਨ ਕਰਕੇ ਸੁੱਚੀ ਉਚਾਣ ਉਤੇ ਲੈ ਜਾਣ ਦਾ ਨਿਰਾਲਾ ਢੰਗ ਇਹ ਖਾਲਸਾ ਜੀ ਦਾ ਨਿਰਲੇਪ ਚੜ੍ਹਦੀਆਂ ਕਲਾਵਾਂ ਵਿਚ ਨਿਰਾਲੇ ਰਹਿਣਾ ਹੀ ਹੈ। ਧਰਮ-ਹੀਣ ਬੇਦੀਨ ਪੁਰਸ਼ਾਂ ਵਿਚ ਨਿਰਲੇਪ ਨਿਰਾਲੇ ਰਹਿ ਕੇ ਆਪਣੀ ਨਿਰਾਲੀ ਰਹਿਣੀ ਦੇ ਧਰਮ ਪੁੰਜ ਉਪਕਾਰੀ ਔਜ ਵਾਲੇ ਪ੍ਰਮਾਰਥੀ ਪੂਰਨਿਆਂ ਸੰਪੰਨ ਪਵਿੱਤਰ ਜੀਵਨ ਦੇ ਆਕ੍ਰਖਣੀ ਅਕਸ ਸੰਸਾਰੀਆਂ ਦੇ ਤ੍ਰੁੱਕੇ ਹੋਏ ਜੀਵਨਾਂ ਉਤੇ ਪਾਉਣਾ ਪਰਲੇ ਦਰਜੇ ਦਾ ਪਰਉਪਕਾਰ ਅਤੇ ਪ੍ਰੇਮ ਹੈ। ਏਸੇ ਪ੍ਰੇਮ ਤੋਂ, ਏਸ ਪਰਉਪਕਾਰੀ ਜੀਵਨ ਦੀ ਪ੍ਰੇਮ ਰੌ ਪੈਦਾ ਕਰਨ ਵਾਲੀ ਕਣੀ ਤੋਂ ਸੱਚੇ ਅਤੇ ਨਿੱਗਰ ਇਤਫ਼ਾਕ ਦੀ ਬੁਨਿਆਦ ਬਝਦੀ ਹੈ।

ਜੋ ਜੀਵਨ ਤ੍ਰੁੱਕੇ ਹੋਏ ਸੰਸਾਰੀਆਂ ਦੀ ਪੰਕਜ ਕਰਣੀ ਨੀਚ ਕਰਣੀ ਨਿਘਰਤ ਕਰਣੀ ਵਿਚ ਗਰਤ ਹੋ ਗਿਆ, ਉਹ ਤਾਂ ਆਪ ਹੀ ਨਿੱਘਰ ਗਿਆ, ਉਸ ਨੇ ਦੂਸਰਿਆਂ ਨੂੰ ਕੀ ਉਭਾਰਨਾ ਹੈ। ਆਨਮਤੀਆਂ ਦੇ ਧਰਮ ਹੀਣ ਅਚਾਰ ਰਹਿਤ ਸੰਸਕਾਰ ਕਰਮਾਂ ਵਿਚ ਸੰਮਿਲਤ ਹੋ ਜਾਣਾ ਕਿਧਰਲਾ ਪ੍ਰੇਮ ਇਤਫ਼ਾਕ ਹੈ ? ਜਿਸ ਦੇ ਨਾਲ ਸਾਡਾ ਆਸ਼ਾ ਇਸ਼ਟ ਉਪਾਸ਼ਨਾ ਖਾਨ ਪਾਨ ਪਹਿਰਾਨ ਨਹੀਂ ਮਿਲਦਾ, ਉਸ ਨੂੰ ਉਸ ਦਸ਼ਾ ਤੋਂ ਉਭਾਰੇ ਬਿਨਾਂ ਅਤੇ ਉਸ ਨੂੰ ਜੀਵਨ-ਗੁੜ੍ਹਤੀ ਦਿਤੇ ਬਿਨਾਂ ਉਸ ਦੇ ਨਾਲ ਖਾਨ ਪਾਨ ਆਦਿਕ ਵਿਚ ਲੰਪਤ ਅਤੇ ਚਗਲ ਹੋ ਜਾਣਾ ਕੋਈ ਪ੍ਰੇਮ ਇਤਫ਼ਾਕ ਦਾ ਪਰਚਾਰ ਕਰਨਾ ਨਹੀਂ, ਸਗੋਂ ਅਪ੍ਰੇਮ ਅਧਰਮ ਵਿਥਾਰਨਾ ਹੈ। ਖਾਲਸਾ ਜੀ ਦਾ ਆਸ਼ਾ ਅਸੂਲ ਹੈ ਸਦਾ ਚੜ੍ਹਦੀ ਕਲਾ ਵਾਲੇ ਉਚ ਮਤੇ ਦਾ ਅਤੇ ਧਰਮ ਹਿਤ, ਦੀਨ ਰਖਿਆ ਹਿਤ ਅਤੇ ਦੇਸ ਰਖਿਆ ਹਿਤ ਮਰਨ ਵਾਲੇ ਬੀਰ ਰਸ ਦਾ। ਕਿਸੇ ਆਨਮਤੀ ਗੁਆਂਢੀ ਕੌਮ ਦਾ ਜੇ ਆਸ਼ਾ ਅਸੂਲ ਇਸ ਤੋਂ ਭਿੰਨ ਕਰਾੜਾਂ ਵਾਲੀ ਕਾਇਰਤਾ ਦਾ ਹੋਵੇ ਤਾਂ ਕੀ ਅਸਾਡਾ ਉਸ ਕੌਮ ਦੇ ਨਾਲ ਅਸਲੀ ਅਤੇ ਜਿਗਰੀ ਇਤਫ਼ਾਕ ਹੋ ਸਕਦਾ ਹੈ ਅਤੇ ਨਿਭ ਸਕਦਾ ਹੈ ? ਖਾਲਸਾ ਜੀ ਦਾ ਆਸ਼ਾ ਅਸੂਲ ਹੈ :

**ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥੧੧॥**

*ਸਲੋਕ ਮ: ੩, ਪੰਨਾ ੧੪੧੩*

ਗੁਰਵਾਕ ਦੇ ਭਾਵ ਅਨੁਸਾਰ ਸੱਚੇ ਅਬਿਚਲ ਅਬਿਨਾਸ਼ੀ ਪ੍ਰਮਾਰਥੀ ਰਾਜ ਮਾਨਣ ਦੀ ਆਤਮ-ਤ੍ਰੰਗੀ ਮੌਜ-ਮਸਤੀ ਵਿਚ ਸੰਸਾਰ ਦੇ ਕੂੜਾਵੇ ਰਾਜ ਸਾਜ ਦੀ ਚਾਹ ਤ੍ਰਿਸ਼ਨਾ ਤੋਂ ਸਦਾ ਨਿਰਚਾਹ ਬੇਪਰਵਾਹ ਰਹਿਣਾ ਅਤੇ ਧਰਮ-ਸ਼ੂਨ, ਨਾਮ ਬਿਹੂਨ ਆਨਮਤੀਆਂ ਦਾ ਆਸ਼ਾ ਅਸੂਲ ਹੋਵੇ ਸੰਸਾਰ ਦੀ ਮਾਇਕ ਤ੍ਰਿਸ਼ਨਾ ਭਰੀ ਸੁਰਾਜ ਦੀ ਕੂੜਾਵੀ ਚਾਹ ਅਤੇ ਮੰਗਤਿਆਂ ਵਾਲੀ ਕੰਗਲੀ ਮੰਗ; ਅਤੇ ਖਾਲਸਾ ਜੀ ਦਾ ਆਸ਼ਾ ਅਸੂਲ ਹੈ ਸਿਰੀ ਸਾਹਿਬ ਦੇ ਜ਼ੋਰ ਅਧਰਮ ਦਾ ਨਾਸ ਕਰਨਾ ਅਤੇ ਜ਼ੁਲਮ-ਰਹਿਤ ਧਰਮ ਦੇ ਰਾਜ, ਹਲੇਮੀ ਰਾਜ ਦਾ ਬਿਥਾਰਨਾ ਫੈਲਾਵਣਾ ਅਤੇ ਆਨਮਤੀਆਂ

ਦਾ ਆਸ਼ਾ ਅਸੂਲ ਹੋਵੇ ਜ਼ਾਲਮ ਤੋਂ ਡਰਦੇ ਮਾਰੇ ਜ਼ੁਲਮ ਸਹਾਰਨ ਦੀ ਸੱਚੀ ਸਹਿਨ-ਸ਼ੀਲਤਾ ਹੀਣੀ ਸ਼ੁਸ਼ਕ ਹਠ-ਅਧੀਨੀ ਸ਼ਾਂਤਮਈ ਪਾਲਿਸੀ ਆਪਣਾ ਧਰਮ ਕਰਮ ਗੰਵਾ ਕੇ ਭੀ ਸਹੇੜੀ ਰਖਣੀ, ਤਾਂ ਖਾਲਸਾ ਜੀ ਦਾ ਤੇ ਅਜਿਹੀ ਆਨਮਤੀ ਕੌਮ ਦਾ ਇਤਫ਼ਾਕ ਕਿਹਾ ? ਫੇਰ ਖਾਲਸਾ ਜੀ ਦਾ ਇਸ਼ਟ ਰਹਿਬਰ ਹੈ ਸਰਬੱਗ ਸਤਿਗੁਰੂ ਗੁਰਦੇਵ, ਅਤੇ ਕਿਸੇ ਆਨਮਤੀ ਕੌਮ ਦਾ ਰਹਿਬਰੀ ਇਸ਼ਟ ਹੋਵੇ ਕੋਈ ਅਲਪਗ ਇਖ਼ਲਾਕੀ ਆਗੂ ਰੀਫ਼ਾਰਮਰ, ਅਤੇ ਖਾਲਸਾ ਜੀ ਦਾ ਮਤਾ ਗੁਰਮਤਾ ਹੈ ਆਪਣੇ ਅਕਾਲ ਪਠਾਏ ਗੁਰਦੇਵ ਦੇ ਅਕਾਲੀ ਅਸੂਲਾਂ ਉਤੇ ਚਲਣਾ ਅਤੇ ਆਨਮਤੀਆਂ ਦਾ ਮਨਮਤਾ ਹੋਵੇ ਉਕਤ ਅਲਪਗ ਆਗੂ ਦੇ ਮਨਘੜਤ ਮਸਲਿਆਂ ਦੀ ਪੂਛ ਫੜੀ ਰਖਣਾ, ਤਾਂ ਦੱਸੋ ਅਸਾਡਾ ਅਤੇ ਐਸੇ ਆਨਮਤੀਆਂ ਦਾ ਜਿਗਰੀ ਇਤਫ਼ਾਕ ਕਿਕੂੰ ਬਣੇ ? ਫੇਰ ਖਾਲਸਾ ਜੀ ਅੰਦਰ ਹੈ ਇਕ ਅਕਾਲ ਦੀ ਅਤੇ ਅਕਾਲ ਦੇ ਨਾਮ ਦੀ ਨਾਮ-ਨਾਮੀ-ਅਭੇਦ ਉਪਾਸ਼ਨਾ, ਅਤੇ ਆਨਮਤੀਆਂ ਦੀ ਉਪਾਸ਼ਨਾ ਹੋਵੇ ਪ੍ਰਿਤਮਾ ਪੂਜਣ ਦੀ ਅਤੇ ਤੇਤੀ ਕ੍ਰੋੜ ਦੇਵਤਿਆਂ ਦੇ ਅਗੇ ਮੱਥੇ ਰਗੜਨ ਦੀ, ਤਾਂ ਭੀ ਖਾਲਸਾ ਜੀ ਅਤੇ ਅਜਿਹੇ ਆਨਮਤੀਆਂ ਦਾ ਅਜੋੜ ਹੀ ਰਿਹਾ ਅਤੇ ਅਸਲ ਇਤਫ਼ਾਕ ਨ ਹੋਣਾ ਪਾਇਆ। ਫੇਰ ਖਾਲਸਾ ਜੀ ਦੇ ਖਾਨ ਪਾਨ ਮਰਯਾਦਾ ਵਿਚ ਭੀ ਜ਼ਮੀਨ ਅਸਮਾਨ ਦਾ ਫ਼ਰਕ ਹੋਇਆ। ਖਾਲਸਾ ਜੀ ਨੇ ਨਿਰੇ ਜਿਹਬੀ ਰਸ ਦੀ ਖ਼ਾਤਰ ਜੀਵਾਂ ਨੂੰ ਬੇਦਰਦੀ ਨਾਲ ਕੁਹ (ਕਟ) ਕੇ ਤਿਆਰ ਕੀਤੇ ਕੁੱਠੇ (ਮਾਸ) ਦੇ ਨੇੜੇ ਨ ਜਾਣਾ ਅਤੇ ਹੜੇ ਹਲਾਲ ਨੂੰ ਹਰਾਮ ਸਮਝਣਾ, ਪ੍ਰੰਤੂ ਆਨਮਤੀਆਂ ਨੇ ਹਲਾਲ ਹਰਾਮ ਦੀ ਕੋਈ ਤਮੀਜ਼ ਨ ਰਖਦੇ ਹੋਏ ਭੱਖ ਅਭੱਖ ਨੂੰ ਹੜੱਪ ਕਰੀ ਜਾਣਾ। ਖਾਲਸਾ ਜੀ ਨੇ ਜਗਤ-ਜੂਠ ਬਿਖਿਆ ਨੂੰ ਬਿਖ ਸਮਾਨ ਸਮਝਦੇ ਹੋਏ ਉਸ ਦਾ ਧੂਆਂ ਤਕ ਲੈਣ ਤੋਂ ਭੀ ਪਰਹੇਜ਼ ਕਰਨਾ ਅਤੇ ਜਗਤ ਭਰ ਦੀਆਂ ਆਨ ਕੌਮਾਂ ਨੇ ਏਸੇ ਜਗਤ-ਜੂਠ ਨੂੰ ਸਭ ਅਹਾਰਾਂ ਤੋਂ ਪ੍ਰਿਆ ਅਹਾਰ ਸਮਝ ਕੇ ਇਸ ਦਾ ਸੇਵਨ ਕਰਨਾ। ਕੋਈ ਇਤਫ਼ਾਕ ਦੀ ਸੂਰਤ ਹੈ, ਪਰਸਪਰ ਅਸਾਡੇ ਅਤੇ ਸਮੂਹ ਆਨਮਤੀਆਂ ਵਿਖੇ ? ਕਦਾਚਿੱਤ ਨਹੀਂ। ਫੇਰ ਅਸਾਡਾ (ਖਾਲਸਾ ਜੀ ਦਾ) ਪਹਿਰਾਵਾ ਸ਼ਸਤਰਾਂ ਸੁਰਮਈ ਅਕਾਲੀ ਬਸਤਰਾਂ ਦਾ ਅਤੇ ਪੰਜ ਕਕਾਰਾਂ ਦੀ ਰਹਿਤ ਦਾ। ਕਛਹਿਰਾ ਸਜਾ ਕੇ ਹਰ ਦਮ ਨਗਾਰੇ ਵਾਂਗੂੰ ਡਟ ਕੇ ਤਿਆਰ-ਬਰ-ਤਿਆਰ ਗੁਰਮੁਖੀ ਪੁਸ਼ਾਕਿਆਂ ਅਤੇ ਦੂਹਰੇ ਸਜੀਲੇ ਦਸਤਾਰਿਆਂ ਅਤੇ ਗੁਰਮੁਖੀ ਦਾੜ੍ਹਿਆਂ ਵਾਲੇ ਦਿਦਾਰਿਆਂ ਸਹਿਤ ਸਜੇ ਧਜੇ ਸੂਰਬੀਰਾਂ ਦੀ ਸ਼ਾਨ ਵਿਚ ਰਹਿਣਾ, ਤੇ ਕਿਥੇ ਧੋਤੀ ਪੁਸ਼ਾਕ, ਸਿਰ ਮੂੰਹ ਮੁੰਨਿਆ ਅਤੇ ਦਾੜ੍ਹੀ ਮੁੱਛਾਂ ਮੁਨਾ ਕੇ ਚਟਮ ਕਰਾਈ ਰਖਣ ਵਾਲਿਆਂ ਟੋਪੀ-ਪੋਸ਼ਾਂ ਤੇ ਲੰਗੋਟੀ-ਲਪੇਟਾਂ ਤੇੜ ਤੜਾਗੀ ਦੇ ਸ਼ੁਕੀਨਾਂ ਦਾ ਕਾਇਰ ਕ੍ਰਾਂਤੀ ਗਿੱਦੜ-ਗੁੰਮੀ ਪਹਿਰਾਵਾ। ਕਦੇ ਅਸਾਡਾ ਅਤੇ ਓਹਨਾਂ ਦਾ ਅਸਲ ਇਤਫ਼ਾਕ ਅਤੇ ਜੜ-ਮੂਲੀ ਜੋੜ ਹੋ ਸਕਦਾ ਹੈ ? ਕਦੇ ਨਹੀਂ। ਕਦਾਚਿੱਤ ਨਹੀਂ।

**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥...੧੬॥**

*ਵਾਰ ਮਾਝ ਮ: ੧, ਪੰਨਾ ੧੪੫*

ਸੰਸਾਰੀ ਸਾਰੇ ਆਨਮਤੀ ਮਨਮਤੀ ਹਨ ਅਤੇ ਭਗਤ ਹਨ ਖਾਲਸਾ ਜੀ, ਹਰੀ ਜਨ, ਜੋ ਪ੍ਰੇਮਾ ਭਗਤੀ ਦੇ ਜਾਨਣ-ਹਾਰ ਪੁਤਲੇ ਹਨ।

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥**

*ਸੋਰਠਿ ਕਬੀਰ ਜੀ, ਪੰਨਾ ੬੫੪*

ਜਿਸ ਪ੍ਰੇਮਾ ਭਗਤੀ ਦੇ ਪ੍ਰੇਮ-ਮੰਡਲ ਵਿਚ ਖਾਲਸਾ ਖੇਡਦਾ ਹੈ, ਜਦੋਂ ਤੀਕ ਓਸੇ ਪ੍ਰੇਮ-ਮੰਡਲ ਦੇ ਦਾਇਰੇ ਅੰਦਰ ਸਾਰੇ ਆਨਮਤੀ ਨਹੀਂ ਆ ਜਾਂਦੇ, ਤਦ ਤੀਕ ਪੂਰਨ ਖਾਲਸ ਪ੍ਰੇਮ ਅਤੇ ਅਸਲੀ ਇਤਫ਼ਾਕ ਦੀ ਰੂਹ, ਤਾਰ ਨਹੀਂ ਫਿਰ ਸਕਦੀ। ਇਸ ਰੂਹ-ਤਾਰ ਦੇ ਫਿਰੇ ਬਿਨਾਂ ਓਪਰਾ ਇਤਫ਼ਾਕ ਇਤਫ਼ਾਕ ਕੂਕਣਾ ਕੀ ਅਰਥ ਰਖਦਾ ਹੈ ? ਸਿਰਫ਼ ਇਹ ਜ਼ਾਹਰ ਕਰਨ ਲਈ ਕਿ ਸਭ ਦੇਸ਼-ਵਾਸੀਆਂ ਦਾ ਪਰਸਪਰ ਇਤਫ਼ਾਕ ਹੈ, ਇਕ ਅਸਥਾਨ, ਇਕ ਦਸਤਰਖ਼ਾਨ, ਇਕ ਟੇਬਲ ਅਤੇ ਇਕ ਤਸ਼ਤਰੀ ਉਤੇ ਇਕੱਠੇ ਬੈਠ ਕੇ ਭਿੰਨ ਭਿੰਨ ਮਤਾਂ ਵਾਲਿਆਂ ਦਾ ਖਾਨ ਪਾਨ ਇਕੱਠਾ ਕਰ ਲੈਣਾ ਇਕ ਢਕਵੰਜ ਹੈ। ਖ਼ਾਸ ਕਰ ਖਾਲਸਾ ਜੀ ਲਈ ਤਾਂ ਇਸ ਢਕਵੰਜ ਦੇ ਕੁਫੇਰ ਵਿਚ ਪੈਣਾ ਨੜਿੰਨਵੇ ਵਾਲਾ ਘਾਟਾ ਹੈ। ਕਿਉਂਕਿ ਓਹ ਖਾਲਸਾ ਕੌਮ ਹੀ ਹੈ ਜਿਸ ਦੇ ਅੰਦਰਿ ਪਤਿਤ ਕਰਮਾਂ ਵਿਖੇ ਪਰਵਿਰਤ ਹੋਣ ਦੀ ਰੋਕ ਪਾਬੰਦੀ ਸੱਚੀ ਭੈ-ਭਾਵਨੀ ਕਰਕੇ ਹੈ। ਹੋਰ ਕੌਮਾਂ ਅੰਦਰਿ ਇਸ ਪਾਸਿਓਂ ਉੱਕੀ ਖੁਲ੍ਹ ਖੇਡ ਹੈ। ਕੋਈ ਕੌਮ ਐਸੀ ਹੈ ਜਿਸ ਦੇ ਅੰਦਰਿ ਜੇ ਕੋਈ ਪਰਤ੍ਰਿਆ-ਗਾਮੀ ਹੋਵੇ ਤਾਂ ਪਤਿਤ ਅਤੇ ਅਮਲੀ ਤੌਰ ਤੇ ਕੌਮ ਤੋਂ ਖ਼ਾਰਜ ਗਰਦਾਨਿਆ ਜਾਵੇ ? ਜੇ ਹੈ ਤਾਂ ਗੁਰਵਾਕ :

**ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹਿ ॥...੮॥**

*ਫੁਨਹੇ ਮ: ੫, ਪੰਨਾ ੧੩੬੨*

ਕੋਈ ਕੌਮ ਦੁਨੀਆ ਦੇ ਤਖ਼ਤੇ ਉਤੇ ਹੈ ਜਿਸ ਦੇ ਅੰਦਰਿ ਜੇ ਕੋਈ ਧੂਮਰ-ਪਾਨੀ ਬਿਖਿਆ-ਭਛੀ ਹੋ ਜਾਵੇ ਤਾਂ ਕੌਮ ਉਸ ਨੂੰ ਤਿਲਾਂਜਲੀ ਦੇ ਦੇਵੇ ? ਬਲਕਿ ਨੜਿੰਨਵੇ ਫ਼ੀ ਸਦੀ ਹਰ ਇਕ ਕੌਮ ਵਿਚ ਅਜਿਹੇ ਬਿਖਿਆ-ਪਾਨੀ ਹੋਣਗੇ। ਇਹ ਖਾਲਸਾ ਕੌਮ ਹੀ ਹੈ ਜਿਸ ਵਿਚ ਜੇ ਕੋਈ ਤਨਕ ਮਾਤਰ ਭੀ ਤਮਾਕੂ ਦਾ ਸੇਵਨਹਾਰ ਦਿਸ ਪਵੇ ਤਾਂ ਤਤਕਾਲ ਪੰਥ ਵਿਚੋਂ ਛੇਕਿਆ ਅਤੇ ਪਤਿਤ ਗਰਦਾਨਿਆ ਜਾਂਦਾ ਹੈ। ਬੜੇ ਅਸਚਰਜ ਦੀ ਗੱਲ ਹੈ ਕਿ ਤਮਾਕੂ ਦੇ ਤਨਖ਼ਾਹੀ ਸਿਖ ਤਾਂ ਪਤਿਤ ਕਰਮੀ ਸਮਝੇ ਜਾਣ ਕਰਕੇ ਪੰਥ ਵਿਚੋਂ ਖ਼ਾਰਜ ਕੀਤੇ (ਛੇਕੇ) ਜਾਣ ਅਤੇ ਖੁਲ੍ਹਮਖੁਲ੍ਹਾ ਤਮਾਕੂ ਵਰਤਣ ਭਖਣ-ਹਾਰਿਆਂ ਨਾਲ ਖਾਨ ਪਾਨ ਦੇ ਵਰਤਾਰੇ ਦੀ ਖੁਲ੍ਹ ਖੇਡ ਵਿਚ ਰੰਚਕ ਭੀ ਭੈ-ਭਰਮ ਨ ਰਖਿਆ ਜਾਵੇ।

ਕੀ ਇਹ ਚਗਲ ਪੰਥੀ ਹੋਣ ਦੇ ਕੁਲੱਛਣ ਨਹੀਂ ? ਕੀ ਇਹ ਗੁਰਮਤਿ ਅਸੂਲਾਂ ਤੋਂ ਬੇਮੁਖ ਹੋਣਾ ਨਹੀਂ ? ਕੀ ਇਹ ਪਵਿੱਤਰ ਅੰਮ੍ਰਿਤ ਮਰਯਾਦਾ ਦੇ ਸਮੇਂ ਦ੍ਰਿੜ੍ਹਾਏ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਨੂੰ ਲਤਾੜਨਾ ਨਹੀਂ ? ਅਤੇ ਇਸ ਬਿਧਿ ਏਹਨਾਂ ਹੁਕਮਾਂ ਨੂੰ ਰਹਿਤ ਰਹਿਣੀ ਦੇ "ਰਹਿਣੀ ਰਹੇ ਸੋਈ ਸਿਖ ਮੇਰਾ" ਵਾਲੇ ਹੁਕਮਾਂ ਨੂੰ ਲਤਾੜਨਾ ਅੰਮ੍ਰਿਤਧਾਰੀ ਸਿੰਘ ਦੀ ਪਦਵੀ ਤੋਂ ਪਤਿਤ ਹੋਣਾ ਨਹੀਂ ? ਭੰਗ ਦੇ ਭਾੜੇ ਕਉਡੀ ਬਦਲੇ ਰਤਨ ਤਿਆਗਣ ਵਾਲੀ ਗੱਲ ਹੈ। ਖਾਨ ਪਾਨ ਦੀ ਸੁਖ-ਰਹਿਣੀ ਖੁਲ੍ਹ ਖੇਡ ਦੀ ਖ਼ਾਤਰ, ਲੋਕਾਚਾਰੀ ਇਤਫ਼ਾਕ ਦੇ ਪਰਪੰਚ-ਦਿਖਾਵੇ ਦੀ ਖ਼ਾਤਰ ਅਤੇ ਬਪੜੇ ਸੁਰਾਜ ਦੀ ਦੇਖਾ ਦੇਖੀ ਲਾਲਸਾ ਦੀ ਖ਼ਾਤਰ, ਲੋਕ ਪਰਲੋਕ ਦੇ ਸਹਾਈ, ਪ੍ਰਾਣੋਂ ਪਿਆਰੇ ਆਪਣੇ ਇਸ਼ਟ-ਅਸੂਲਾਂ ਨੂੰ ਧੱਕਾ ਦੇਣਾ ਕੰਚਨ ਬਦਲੇ ਕੋਇਲੇ ਦਾ ਬਿਹਾਜਣਾ ਹੈ।

ਜੇ ਸਾਰੀ ਤ੍ਰਿਲੋਕੀ ਦਾ ਐਸ਼੍ਵਰਜ ਭੀ ਮਿਲਦਾ ਹੋਵੇ ਓਸਦੇ ਬਦਲੇ ਗੁਰੂ ਕਾ ਸਿੰਘ ਬਿਬੇਕੀ ਗੁਰਮਤਿ ਅਸੂਲਾਂ ਦੀ ਕੁਰਬਾਨੀ ਕਦੇ ਨਹੀਂ ਕਰੇਗਾ। ਚਾਹੇ ਕਿਤਨੇ ਭੀ ਜਾਨ ਜੋਖੋਂ ਦੇ ਕਸ਼ਟਾਂ ਦਾ ਟਾਕਰਾ (ਮੁਕਾਬਲਾ) ਕਰਨਾ ਪਵੇ, ਪਰ ਗੁਰੂ ਕਾ ਸਚਿਆਰ ਸਿੰਘ ਬਿਬੇਕੀ ਆਪਣੇ ਬਿਬੇਕ ਅਸੂਲਾਂ ਤੋਂ ਕਦੇ ਨਹੀਂ ਥਿੜੇ ਥਿੜਕੇਗਾ।

ਇਤਫ਼ਾਕ ਅਤੇ ਪ੍ਰੇਮ ਦਾ ਪਰਖ-ਪਰਤਾਵਾ ਖਾਨ ਪਾਨ ਦੇ ਚਗਲ-ਘਚੋਲੇ ਵਿਚ ਨਹੀਂ (ਇਹ ਮਹਿਜ਼ ਮੁਲੰਮਾ ਪਾਜ ਹੈ ਅਤੇ ਲੋਕਾਚਾਰੀ ਦਿਖਾਵਾ ਹੈ), ਕਿੰਤੂ ਪ੍ਰੇਮ ਭਰੀ ਹਮਦਰਦੀ ਵਾਲੀ ਸਹਾਇਤਾ ਵਿਚ ਹੈ।

ਗੁਰੂ ਸਾਹਿਬ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਅਸਮਰੱਥ ਅਤੇ ਮਜ਼ਲੂਮ ਆਨਮਤੀਆਂ ਦੀ ਫ਼ਰਿਆਦ ਸੁਣ ਕੇ ਦਿੱਲੀ ਸੀਸ ਜਾ ਅਰਪਣ ਕੀਤਾ। ਦਰਦਵੰਦਾਂ ਦੀਆਂ ਦਰਦ ਭਰੀਆਂ ਫ਼ਰਿਆਦਾਂ ਜਦੋਂ ਜਦੋਂ ਭੀ ਗੁਰੂ ਪੰਥ ਪਾਸ ਪੁਜੀਆਂ, ਤੁਰਤ ਖਾਲਸਾ ਜੀ ਨੇ ਸਹਾਇਤਾ ਕੀਤੀ। ਹਿੰਦੂਆਂ ਦੀਆਂ ਬਹੂ ਬੇਟੀਆਂ ਜਰਵਾਣਿਆਂ ਪਾਸੋਂ ਅਨੇਕ ਵਾਰ ਛੁਡਾਈਆਂ ਅਤੇ ਆਪੋ ਆਪਣੇ ਘਰੀਂ ਸਹੀ ਸਲਾਮਤ ਪੁਚਾਈਆਂ। ਕੀ ਏਸ ਤੋਂ ਵਧ ਕੇ ਪ੍ਰੇਮ ਦੀ ਇਤਫ਼ਾਕ ਭਰੀ ਅੰਸ਼ ਸਪਿਰਟ ਦਾ ਉਦਾਹਰਣੀ ਨਮੂਨਾ ਕੋਈ ਮਿਲ ਸਕਦਾ ਹੈ ?

ਅਸਲ ਬਾਤ ਇਹ ਹੈ, ਜਿਸ ਕੌਮ ਅੰਦਰ ਧਰਮ ਭਾਵ ਅਤੇ ਪਰਉਪਕਾਰ ਦਾ ਮਾਦਾ ਕੁਟ-ਕੁਟ ਕੇ ਭਰਿਆ ਹੋਵੇ ਉਸਦੇ ਅੰਦਰ ਸੁਤੇ ਸੁਭਾਵ ਹੀ ਪ੍ਰੇਮ ਭਰੀ ਹਮਦਰਦੀ ਦੇ ਵਲਵਲੇ ਫੁੱਟ ਫੁੱਟ ਕੇ ਨਿਕਲਦੇ ਹਨ। ਜੋ ਪ੍ਰਾਣੀ ਮਾਤਰ ਨੂੰ ਪ੍ਰੇਮ-ਦ੍ਰਿਸ਼ਟੀ ਨਾਲ ਦੇਖਦੇ ਹਨ, ਉਹ ਸਭਨਾਂ ਦਾ ਭਲਾ ਮਨਾਉਂਦੇ ਹਨ ਅਤੇ ਬੁਰਾ ਕਿਸੇ ਦਾ ਭੀ ਨਹੀਂ ਚਿਤਵਦੇ ਤੇ ਲੋਚਦੇ। ਬਸ, ਇਤਫ਼ਾਕ ਅਤੇ ਪ੍ਰੇਮ ਦੀ ਸੱਚੀ ਨੀਂਹ ਧਰਮ ਉਤੇ ਹੈ। ਜਿਸਦੇ ਅੰਦਰਿ ਧਰਮ ਨਹੀਂ, ਉਸਦੇ ਰਿੰਦਤਰਿ ਉਪਰਲੀ ਪੋਚਾ ਪਾਚੀ ਨਾਲ ਪ੍ਰੇਮ ਇਤਫ਼ਾਕ ਨਹੀਂ ਵਸ ਧਸ ਸਕਦਾ। ਨਿਗੋਸਾਇਆਂ, ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਧਰਮ ਪੁੰਜ ਖਾਲਸਾ ਜੀ ਦਾ ਖਾਨ ਪਾਨ ਵਰਤੋਂ ਵਿਹਾਰ ਇਕਮਿਕ ਕਰ ਦੇਣਾ ਆਪਣੀ ਧਰਮ-ਕਲਾ ਦਾ ਨਾਸ ਕਰ ਦੇਣਾ ਹੈ। ਜਿਥੇ ਧਰਮ-ਕਲਾ ਨਹੀਂ ਉਥੇ ਪ੍ਰੇਮ ਨਹੀਂ, ਉਥੇ ਇਤਫ਼ਾਕ ਦਾ ਨਮੂਦ ਨਹੀਂ, ਉਥੇ ਕਲਹ ਕ੍ਰੋਧ ਵੈਰ ਵਿਰੋਧ ਪਰਧਾਨ ਹਨ। ਉਥੇ ਤ੍ਰਿਸ਼ਨਾ ਦਾ ਰਾਜ ਹੈ। ਉਥੇ ਖ਼ੁਦਗ਼ਰਜ਼ੀ ਪ੍ਰਬਲ ਹੈ। ਉਥੇ ਖ਼ੁਦੀ ਬਖ਼ੀਲੀ ਤਕੱਬਰੀ ਦਾ ਪਾਪ-ਵਰਤਾਰਾ ਹੈ। ਇਹ ਸਾਰੀਆਂ ਬਲਾਵਾਂ ਓਥੇ ਪੈਂਦੀਆਂ ਹਨ ਜਿਥੇ ਧਰਮ-ਕਲਾ ਨਹੀਂ ਰਹਿੰਦੀ। ਅਤੇ ਇਹ ਧਰਮ-ਕਲਾ ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਖਾਨ ਪਾਨ ਰੂਪੀ ਵਰਤੋਂ ਵਿਹਾਰ ਕਰਨ ਕਰ ਉਡਦੀ ਹੈ ਅਤੇ ਇਸਦੇ ਉਡਣ ਕਰਿ ਤੇਜ ਪ੍ਰਤਾਪ ਭੀ ਉਡ ਜਾਂਦਾ ਹੈ। ਇਹ ਤੇਜ ਪ੍ਰਤਾਪ ਬੇਦੀਨ ਧਰਮ-ਹੀਣ ਆਨਮਤੀਆਂ ਤੋਂ ਨਿਆਰਾ ਰਹਿਣ ਕਰਿ, ਸਾਰੇ ਦਾ ਸਾਰਾ ਜਿਉਂ ਕਾ ਤਿਉਂ ਕਾਇਮ ਦਾਇਮ ਰਹਿੰਦਾ ਹੈ। ਸਗੋਂ ਦਿਨੋ-ਦਿਨ ਚੜ੍ਹਦੀ ਕਲਾ ਵਿਚ ਵਧਦਾ ਜਾਂਦਾ ਹੈ। ਜੋ ਜਨ ਗੁਰੂ ਦੇ ਸਿਖ ਸਦਾ ਕੇ ਗੁਰੂ ਕੇ ਬਚਨਾਂ, ਗੁਰੂ ਕੇ ਹੁਕਮਾਂ ਦੀ ਪ੍ਰਤੀਤ ਨਹੀਂ ਕਰਦੇ ਅਤੇ ਬਿਪਰਾਵੀ ਆਨਮਤੀ ਰੀਤ ਗ੍ਰਹਿਣ ਕਰਦੇ ਹਨ, ਉਹਨਾਂ ਪ੍ਰਥਾਇ ਹੀ ਸ੍ਰੀ ਦਸਮੇਸ਼ ਜੀ ਉਚਾਰਦੇ ਹਨ :

"ਮੈ ਨ ਕਰਉਂ ਇਨ ਕੀ ਪ੍ਰਤੀਤ ॥"

ਅੰਮ੍ਰਿਤ ਛਕਣ ਸਮੇਂ ਜੋ ਰਹਿਤ-ਰਹਿਣੀਆਂ ਗੁਰੂ ਪੰਜਾਂ ਪਿਆਰਿਆਂ ਵਲੋਂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਦ੍ਰਿੜ੍ਹਾਈਆਂ ਜਾਂਦੀਆਂ ਹਨ, ਉਹ ਗੁਰੂ ਕੇ ਹੁਕਮ ਹਨ, ਗੁਰੂ ਦਸਮੇਸ਼ ਜੀ ਦੇ ਖ਼ਾਸ ਹੁਕਮ ਹਨ, ਜੋ ਸੀਨਾ ਬਸੀਨਾ ਗੁਰੂ ਪੰਥ ਅੰਦਰ ਸ਼ਰਧਾ ਪੂਰਬਕ ਦ੍ਰਿੜ੍ਹ ਧਾਰਨਾ ਸਹਿਤ ਪ੍ਰਚੁਰ ਹੁੰਦੇ ਚਲੇ ਆਏ ਹਨ, ਜਿਨ੍ਹਾਂ ਤੋਂ ਕੋਈ ਸਚਿਆਰ ਸਿਖ ਬੇਮੁਖ (ਮੁਨਹਰਫ਼) ਨਹੀਂ ਹੋ ਸਕਦਾ। ਉਹਨਾਂ ਹੁਕਮਾਂ ਵਿਚੋਂ ਇਕ ਖ਼ਾਸ ਹੁਕਮ ਇਹ ਹੈ ਕਿ ਸਿਰ-ਗੁੰਮ (ਮੂੰਹ ਸਿਰ ਮੁੰਨੇ ਮੋਨੇ), ਨੜੀ-ਮਾਰ, ਕੁੜੀ-ਮਾਰ, ਮੀਣੇ, ਮਸੰਦ ਆਦਿਕ ਆਨਮਤੀਆਂ ਨਾਲ ਨਹੀਂ ਵਰਤਣਾ, ਅਰਥਾਤ, ਉਹਨਾਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਰਖਣੀ। ਨਾ ਵਰਤਣ ਦਾ ਮੁਖ ਮਤਲਬ ਰੋਟੀ ਬੇਟੀ ਦੀ ਸਾਂਝ ਨਾ ਰਖਣ ਦਾ ਹੈ ਅਤੇ ਇਹ ਭਾਵ ਉਸ ਸਮੇਂ ਸਪੱਸ਼ਟ ਕਰਾਇਆ ਜਾਂਦਾ ਹੈ। ਇਸ ਹੁਕਮ ਰੂਪੀ ਬਚਨ ਉਪਰ ਜੋ ਜਨ ਸਿਖ ਹੋਣ ਦੀ ਹੈਸੀਅਤ ਵਿਚ ਨਹੀਂ ਚਲਦੇ, ਭਾਵ, ਜੋ ਸਿਖ ਇਸ ਗੁਰੂ ਕੇ ਹੁਕਮ ਨੂੰ ਨਹੀਂ ਕਮਾਂਵਦੇ, ਉਹ ਸਚਿਆਰ ਸਿਖ ਵਾਲੀ ਬਿਬੇਕ ਪੂਰਤ ਪਦਵੀ ਤੋਂ ਹੇਠਾਂ ਡਿਗੇ ਹੋਏ ਹਨ। ਗੁਰਸਿੱਖੀ ਦੀ ਬਿਬੇਕ-ਕਮਾਈ ਦਾ ਪ੍ਰਾਰੰਭ ਹੁੰਦਾ ਹੀ ਏਥੋਂ ਹੈ ਕਿ : "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ" ਦੇ ਬਿਬਰਜਤ ਹੁਕਮ ਸੰਦੀ ਆਨਮਤੀਆਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਵਰਤੋਂ ਨਾ ਰਖੀ ਜਾਵੇ। ਜੋ ਗੁਰਸਿਖ ਅੰਮ੍ਰਿਤ ਛਕਣ ਸਾਰ ਹੀ ਆਨਮਤੀਆਂ ਵਿਚ ਜਾ ਖਚਿਤ ਹੋਇਆ, ਉਸ ਦੀ ਆਤਮ-ਰੰਗਾਂ ਦੀ ਚੜ੍ਹਦੀ ਕਲਾ ਹੋ ਹੀ ਨਹੀਂ ਸਕਦੀ। ਉਸ ਦਾ ਤੇਜ ਪ੍ਰਤਾਪ ਕੀ ਵਧਣਾ ਸੀ ਅਤੇ ਉਸ ਦਾ ਤੇਜ ਪ੍ਰਤਾਪੀ ਖਾਲਸਈ ਜੁੱਸਾ ਕਿਥੋਂ ਕਰਾਰਾ ਹੋਣਾ ਸੀ, ਜਦ ਓਹ ਧਰਮ-ਹੀਣ ਬੇਦੀਨਾਂ ਵਿਚ ਮਿਲਗੋਭਾ ਜਾ ਹੋਇਆ। ਪ੍ਰੰਤੂ ਜਿਸ ਗੁਰਸਿਖ ਪਿਆਰੇ, ਗੁਰੂ-ਸਵਾਰੇ ਜਗਿਆਸੂ ਨੂੰ ਪੂਰਨ ਪ੍ਰੇਮ ਹੈ, ਆਤਮ-ਰੰਗ ਦੀਆਂ ਉਚਿਆਈਆਂ ਵਿਚ ਖੇਡਣ ਦੀ ਜਿਸ ਸਿੰਘ ਸੁਚਿਆਰ ਨੂੰ ਸੱਚੀ ਸ਼ਰਧਾ ਹੈ, ਨਾਮ ਦੇ ਜੋਤਿ-ਵਿਗਾਸੀ, ਤੇਜ ਪ੍ਰਤਾਪੀ ਰੰਗ ਮਾਨਣ ਦਾ ਜਿਸ ਸਿਦਕਵਾਨ ਸਿੰਘ ਸੂਰਮੇ ਨੂੰ ਦ੍ਰਿੜ੍ਹ ਵਿਸ਼ਵਾਸ ਭਰੋਸਾ ਹੈ, ਗੁਰੂ ਦੀਆਂ ਝਾਲਾਂ ਝਲਣ ਦਾ ਅਤੇ ਗੁਰੂ ਕੇ ਹੁਕਮਾਂ ਦੀਆਂ ਕਮਾਈਆਂ ਕਰਨ ਦਾ ਓਹ ਹੁਕਮੀ ਬੰਦਾ ਬਿਬੇਕੀ ਸਿਖ ਏਸ ਹੁਕਮ ਨੂੰ ਹੁਕਮ ਮਿਲਣ ਸਾਰ ਹੀ ਕਮਾਵਣ ਲੱਗ ਪੈਂਦਾ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਣੀਆਂ ਕਮਾਈਆਂ ਨੂੰ ਮਨ-ਬਾਂਛਤ ਰੰਗ ਫਲ ਲਗਣ ਲਗ ਪੈਂਦੇ ਹਨ। ਜਿਉਂ ਜਿਉਂ ਇਹ ਰੰਗ ਲਗਦੇ ਹਨ, ਤਿਉਂ ਤਿਉਂ ਓਹਨਾਂ ਦੀ ਸ਼ਰਧਾ ਹੋਰ ਵਧਦੀ ਜਾਂਦੀ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਣੀਆਂ ਬਿਬੇਕ ਕਮਾਈਆਂ ਕਰਕੇ ਅੱਜ ਤੀਕ ਖਾਲਸਾ ਪੰਥ ਦੀ ਨਿਰਾਲੀ ਹਸਤੀ ਵਾਲੀ ਸ਼ਾਨ ਕਾਇਮ ਹੈ, ਨਹੀਂ ਤਾਂ ਆਨ ਕੌਮਾਂ, ਖ਼ਾਸ ਕਰ ਹਿੰਦੂ ਕੌਮ ਵਿਚ ਖਪ ਖੁਰ ਜਾਣੀ ਸੀ। ਅਜੇ ਭੀ ਬਹੁਤ ਸਾਰੇ ਅਜਿਹੇ ਸਿਖ ਮੌਜੂਦ ਹਨ ਕਿ ਕੇਸਾਧਾਰੀ ਅੰਮ੍ਰਿਤ-ਧਾਰੀ ਹੁੰਦੇ ਹੋਏ ਭੀ ਮਰਦੁਮ ਸ਼ੁਮਾਰੀ ਵਿਚ ਆਪਣੇ ਆਪ ਨੂੰ ਹਿੰਦੂ ਲਿਖਾਉਂਦੇ ਹਨ। ਵਜਹ ਕੀ ? ਵਜਹ ਇਹ ਹੈ ਕਿ ਉਹਨਾਂ ਦੀ ਵਰਤੋਂ ਵਿਉਹਾਰ ਅਤੇ ਸੰਸਕਾਰ ਅਜੇ ਹਿੰਦੂਆਂ ਵਾਲੇ ਹਨ। ਉਹਨਾਂ ਦੀ ਰੋਟੀ ਬੇਟੀ ਦੀ ਸਾਂਝ ਹਿੰਦੂਆਂ ਨਾਲ ਹੈ। ਜਦ ਤਾਈਂ ਰੋਟੀ ਬੇਟੀ ਦੀ ਸਾਂਝ ਖਾਲਸੇ ਦੀ ਖਾਲਸੇ ਨਾਲ ਨਹੀਂ ਹੁੰਦੀ, ਤਦ ਤਾਈਂ ਵਖਰੀ ਅਤੇ ਨਿਰਾਲੀ ਵਿਲੱਖਣ ਕੌਮ ਦੀ ਹਸਤੀ ਵਿਚ ਚੜ੍ਹਦਾ ਚਮਕਦਾ ਅਤੇ ਫਲਦਾ ਫੁਲਦਾ ਖਾਲਸਾ ਪੰਥ ਕਦੇ ਨਜ਼ਰ ਨਹੀਂ ਆਵੇਗਾ। ਅਗੇ ਤਾਂ ਬੇਦੀ ਮਤ ਦੀ ਸ਼੍ਰੇਣੀ ਵਾਲਿਆਂ ਦਾ ਆਨਮਤੀਆਂ ਵਿਚ

ਘੁਲਮਿਲ-ਘਿਚ ਵਾਸ ਹੋਣ ਕਰਕੇ ਹਿੰਦੂਆਂ ਨਾਲ ਖਾਨ ਪਾਨ ਦੀ ਖੁਲ੍ਹ-ਖੇਡ ਖਾਲਸੇ ਜੀ ਨੂੰ ਖਾਈ ਜਾਂਦੀ ਸੀ, ਹੁਣ ਮਗ਼ਰਬੀ ਅਵਿਦਿਆ ਦੀ ਤਾਰੀਕੀ ਛਾ ਜਾਣ ਕਰਕੇ ਅਤੇ ਕਤੇਬੀ ਮਤ ਦੇ ਕੁਸੰਗ ਦੀ ਕੁਚੀਲਤਾ ਧਾ ਜਾਣ ਕਰਕੇ ਅਤੇ ਈਸਾਈਆਂ, ਮੂਸਾਈਆਂ, ਮੁਹੰਮਦੀਆਂ ਆਦਿਕ ਇਤਰ ਕੌਮਾਂ ਨਾਲ ਖਾਨ ਪਾਨ ਦਾ ਕੋਈ ਭਰਮ ਭੇਦ ਨਾ ਰਹਿਣ ਕਰਕੇ ਖਾਲਸਾ ਜੀ ਦੇ ਤੇਜ ਪ੍ਰਤਾਪ ਮਈ ਧਰਮ ਦੀ ਆਣ ਕਾਣ ਅਤੇ ਸ਼ਾਨ ਖੀਨ ਖ਼ਰਾਬ ਤੇ ਖੁਆਰ ਹੋ ਰਹੀ ਹੈ।

ਅਸਾਡੇ ਲਈ ਬੇਦੀ ਕਤੇਬੀ ਮਤ ਦੋਈ ਅੰਨ੍ਹੇ ਕਾਣੇ ਹਨ। ਜੋ ਦੋਹਾਂ ਵਿਚੋਂ ਖਾਲਸਾ (ਗਿਆਨੀ) ਸਜ ਕੇ (ਅੰਨ੍ਹੇ ਕਾਣਿਓਂ) ਸਿਆਣਾ ਹੋ ਜਾਏ, ਉਨ੍ਹਾਂ ਦੇ ਨਾਲ ਅਸੀਂ ਅਭੇਦ ਵਰਤਾਂਗੇ। ਨਹੀਂ ਤਾਂ ਦੋਹਾਂ ਤੋਂ ਭਿੰਨ ਸਿਆਣੇ ਖਾਲਸੇ ਦੇ ਵਰਤੋਂ ਵਰਤਾਰੇ ਦਾ ਰਾਹ ਭੇਦ ਨਿਰਾਲਾ ਹੈ। ਬੇਦੀ ਮਤ ਵਾਲਿਆਂ ਨਾਲ ਅਭੇਦ ਅਤੇ ਕਤੇਬੀ ਮਤ ਵਾਲਿਆਂ ਨਾਲ ਭੇਦ ਕਿਉਂ ? ਅਤੇ ਦੋਹਾਂ ਦਾ ਭੇਦ ਮਿਟਾਵਣ ਲਈ ਦੋਹਾਂ ਨਾਲ ਹੀ ਖਾਨ ਪਾਨ ਦੀ ਵਰਤੋਂ ਵਿਹਾਰ ਕਰਨਾ ਚਗਲ ਹੋਣਾ ਹੈ। ਦੋਹੂੰ ਕਪਟ-ਪੰਥੀਆਂ ਤੋਂ ਖਾਨ ਪਾਨ ਦੀ ਵਰਤੋਂ ਵਿਹਾਰ ਵਿਚ ਅਟੰਕ (ਅਲਹਿਦਾ) ਰਹਿਣਾ ਛੂਤ ਛਾਤ ਵਾਲਾ ਭਰਮ-ਭੇਦ ਨਹੀਂ, ਬਲਕਿ ਆਪਣੇ ਅਸੂਲ ਦੀ ਪਾਲਣਾ ਪੈਰਵੀ ਕਰਨਾ ਹੈ। ਛੂਤ ਛਾਤ ਦੀ ਕਾਣ ਉਥੇ ਹੈ ਜਿਥੇ ਜਨਮ ਜਾਤੀ ਦਾ ਅਭਿਮਾਨ ਹੋਵੇ; ਛੂਤ ਛਾਤ ਦੀ ਨਫ਼ਰਤ-ਆਮੇਜ਼ (ਘ੍ਰਿਣਾ ਵਾਲੀ) ਕਾਣ ਓਥੇ ਹੈ ਜਿਥੇ ਅਛੂਤ ਜਾਤੀਆਂ ਨੂੰ ਉਭਾਰ ਕੇ ਅਭੇਦ ਕਰਨ ਵਿਚ ਹੀਲ ਹੁੱਜਤ ਅਤੇ ਸੰਕੋਚ ਕੀਤੀ ਜਾਵੇ। ਬਿਨਾਂ ਉਭਾਰੇ ਕਿਸੇ ਭੀ ਜਨਮ ਜਾਤ ਦੇ ਪ੍ਰਾਣੀ ਨਾਲ ਅਭੇਦ ਵਰਤਣਾ ਉਸ ਪ੍ਰਾਣੀ ਨੂੰ ਉਭਾਰਨਾ ਨਹੀਂ, ਪ੍ਰੰਤੂ ਆਪ ਹੀ ਉਸ ਪ੍ਰਾਣੀ ਦੇ ਫੋਕਟ ਕਰਮੀ ਜਾਤ ਜਨਮ ਵਾਲੇ ਧਰਮ ਕਰਮ ਦੇ ਪਾਖੰਡ-ਭਰਮ ਵਿਚ ਅਭੇਦ ਹੋ ਕੇ ਚੁਰਾਸੀ ਦੇ ਗੇੜ ਵਿਚ ਪੈਣਾ ਹੈ। ਦੁਨਿਆਵੀ ਰੀਫ਼ਾਰਮਰਾਂ ਨੇ ਨੀਚ ਜਾਤੀਆਂ ਦੇ ਨਾਲ ਅਭੇਦ ਖਾਨ ਪਾਨ ਕਰਨਾ ਉਹਨਾਂ ਦੇ ਉਭਾਰਨ ਦਾ ਮਸਲਾ ਸਮਝਿਆ ਹੋਇਆ ਹੈ ਅਤੇ ਨੀਚ ਜਾਤੀਆਂ ਨੇ ਭੀ ਆਪਣਾ ਉਭਰਨਾ ਏਸੇ ਗੱਲ ਵਿਚ ਸਮਝ ਛਡਿਆ ਹੈ ਕਿ ਉਚ ਜਾਤੀਆਂ ਵਾਲਿਆਂ ਨਾਲ ਉਹਨਾਂ ਦੀ ਅਭੇਦ ਵਰਤੋਂ ਹੋ ਜਾਏ। ਗੁਰਮਤਿ ਅੰਦਰ ਇਸ ਪ੍ਰਕਾਰ ਦਾ ਉਭਰਨਾ ਉਭਾਰਨਾ ਪ੍ਰਮਾਣੀਕ ਨਹੀਂ। 'ਅੰਮ੍ਰਿਤ ਨਾਮ' ਦੇ ਜੀਅ ਦਾਨ ਦੀ ਜੀਵਨ-ਬੂਟੀ ਦੇ ਕੇ ਹਰ ਇਕ ਜਨਮ ਜਾਤੀ ਦੇ ਜੀਵ ਮਾਤਰ ਮਨੁਸ਼ ਮਾਤਰ ਦੇ ਜੀਵਨ ਨੂੰ ਅਮਰੀ ਜੀਵਨ ਵਿਚ ਸੁਰਜੀਤ ਕਰ ਦੇਣਾ ਅਸਲ ਉਭਾਰਨਾ ਹੈ। ਕਿਸੇ ਪ੍ਰਾਣੀ ਦਾ ਉਭਰਨਾ ਉਭਾਰਨਾ ਓਹ ਹੈ, ਜਿਸ ਕਰਕੇ ਉਸਦਾ ਉਧਾਰ ਹੋ ਜਾਵੇ। ਇਸ ਬਿਧਿ ਅਮਰੀ ਜੀਵਨ ਵਿਚ ਸੁਰਜੀਤ ਹੋ ਕੇ ਜੋ ਉਭਰੇ ਉਧਰੇ ਹਨ, ਓਹਨਾਂ ਦੇ ਨਾਲ ਖਾਨ ਪਾਨ ਅੰਦਰਿ ਅਭੇਦ ਵਰਤਣਾ ਸੱਚਾ ਪ੍ਰੇਮ-ਬਿਵਹਾਰ ਹੈ। ਇਹ ਅਭੇਦ ਵਰਤੋਂ ਵਾਲਾ ਪ੍ਰੇਮ-ਬਿਵਹਾਰ ਉਧਾਰ ਦੇ ਤਾਬੇ ਹੈ, ਨਾ ਕਿ ਉਧਾਰ ਅਭੇਦ ਬਿਵਹਾਰ ਦੇ ਤਾਬੇ ? ਉਧਾਰ ਬਿਹੂਣ ਅਭੇਦ ਬਿਵਹਾਰ ਕਰਨ ਵਿਚ ਦੋਹਾਂ ਦਾ ਵਿਗਾੜ ਹੈ। ਅਭੇਦ ਕਰਨ ਵਾਲਿਆਂ ਦਾ ਭੀ ਅਤੇ ਅਭੇਦ ਹੋਣਹਾਰਿਆਂ ਦਾ ਭੀ। ਅਭੇਦ ਹੋਣ ਵਾਲਿਆਂ ਦਾ ਤਾਂ ਇਸ ਲਈ ਕਿ ਓਹਨਾਂ ਦਾ ਕੁਛ ਸੌਰਦਾ ਨਹੀਂ ਅਤੇ ਬਿਨਾਂ ਸੰਵਰੇ ਦੇ ਆਪਣੇ ਆਪ ਵਿਚ ਫੁਲਿ ਫੁਲਿ ਬਹਿੰਦੇ ਹਨ ਅਤੇ ਬਹਿ ਬਹਿ ਬਫਾਉਂਦੇ ਹਨ ਕਿ ਅਸੀਂ ਕੁਛ ਬਣ ਗਏ। ਬਣਦਾ

ਬੁਣਦਾ ਓਹਨਾਂ ਦਾ ਕੱਖ ਭੀ ਨਹੀਂ, ਨਿਰਾ ਹੰਕਾਰ ਹੀ ਵਧਦਾ ਹੈ। ਬਿਨਾ ਕੁਛ ਬਣੇ ਸੰਵਰੇ ਤੇ ਐਵੇਂ ਵਾਧੂ ਬਫਾਉਣਾ, ਬਿਨ ਗੁਣ ਗਰਬ ਕਰਨਾ ਹੈ ਅਤੇ :

**ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੧੫॥**

*ਸਲੋਕ ਮ: ੧, ਪੰਨਾ ੧੪੧੧*

ਗੁਰਵਾਕ ਦੇ ਭਾਵ ਅਨੁਸਾਰ ਅਸਲ ਖਰ (ਗਧਾ) ਬਣਨਾ ਹੈ। ਅਭੇਦ ਕਰਨਹਾਰਿਆਂ ਦਾ ਬਿਗਾੜ ਇਸ ਲਈ ਹੈ ਕਿ ਉਹ ਆਪਣੇ ਧਰਮ ਅਸੂਲ ਤੋਂ ਗਿਰਦੇ ਹਨ ਅਤੇ ਜਿਨ੍ਹਾਂ ਦੀ ਖ਼ਾਤਰ ਗਿਰਦੇ ਹਨ, ਉਹਨਾਂ ਦਾ ਕੁਛ ਸੌਰਦਾ ਨਹੀਂ। ਸਗੋਂ ਉਕਤ ਧਰਮ-ਹੀਣ ਬੇਦੀਨ ਪੁਰਸ਼ਾਂ ਨਾਲ ਅਭੇਦ ਖਾਣ ਕਰਕੇ ਉਹਨਾਂ ਦੀ ਧਰਮ-ਹੀਨਤਾ ਬੇਦੀਨਤਾ ਦਾ ਲਛਣ ਲੇਸ ਆਪਣੇ ਆਪ ਨੂੰ ਲਾਉਂਦੇ ਹਨ। ਕੌਮੀ ਇਤਫ਼ਾਕ ਵਾਲੀ ਪਾਜ-ਲਾਲਸਾ ਭੀ ਪੂਰੀ ਨਹੀਂ ਹੁੰਦੀ। ਸਾਨੂੰ ਬੰਦੀਖ਼ਾਨਿਆਂ ਅੰਦਰ ਬੈਠਿਆਂ ਦੂਰ-ਧਿਆਨੀਆਂ ਨੂੰ ਇਸ ਗੱਲ ਦਾ ਪਤਾ ਲਗ ਕੇ ਬੜਾ ਹੀ ਸ਼ੋਕ ਉਤਪੰਨ ਹੋਇਆ ਹੈ ਕਿ ਇਸ ਪਾਜ-ਇਤਫ਼ਾਕ ਦੇ ਪਰਪੰਚ-ਦਿਖਾਵੇ ਲਈ ਹਿੰਦੂ ਮੁਸਲਮਾਨਾਂ ਅਤੇ ਸਿੱਖਾਂ ਆਦਿਕ ਸਰਬਤ੍ਰ ਕੌਮਾਂ ਦੇ ਇਤਫ਼ਾਕ ਪਾਜਲੀ ਅਤੇ ਚਗਲ ਨਸ਼ਰੀ ਚੌਧਰੀਆਂ ਨੇ ਇਕੋ ਟੇਬਲ-ਅਸਥਾਨੀ ਦਸਤਰਖ਼ਾਨ ਤੇ ਬੈਠ ਕੇ ਪਰਸਪਰ ਜੂਠ-ਪਿਆਲੇ ਪੀਤੇ ਹਨ। ਮੁਖ ਮੰਤਵੀ ਮਹਾਤਮਕ ਪਾਲਿਸੀ ਕੇਵਲ ਮੁਹੰਮਦੀਆਂ ਨੂੰ ਖ਼ੁਸ਼ ਕਰਨ ਦੀ ਅਤੇ ਓਹਨਾਂ ਨਾਲ ਅਭੇਦਤਾਈ ਜ਼ਾਹਰ ਕਰਿ, ਇਕ ਮਿਕ ਹੋਣ ਦੀ ਪ੍ਰਤੀਤ ਹੁੰਦੀ ਹੈ। ਪ੍ਰੰਤੂ ਵਿਦਿਤ ਰਹੇ ਕਿ ਜੋ ਮੁਹੰਮਦੀ ਲੀਡਰ ਅੱਜ ਕਲ੍ਹ ਮਹਾਤਮਾ ਜੀ ਦੀ ਮੁੱਛ ਦਾ ਵਾਲ ਬਣੇ ਹੋਏ ਦਿਸਦੇ ਹਨ ਓਹਨਾਂ ਨੇ ਆਪਣੀ ਖ਼ਿਲਾਫ਼ਤੀ ਖ਼ੁਦਗ਼ਰਜ਼ੀ ਦਾ ਮਤਲਬ ਕਢ ਕੇ ਤੋਤਾ-ਚਸ਼ਮ ਹੋ ਜਾਣਾ ਹੈ ਅਤੇ ਹਿੰਦੂ ਮੁਸਲਮਾਨਾਂ ਦਾ ਉਹ ਜੂਤ ਖੜਕਣਾ ਹੈ ਕਿ ਰਹੇ ਰੱਬ ਦਾ ਨਾਉਂ। ਛੂਤ ਉਧਾਰ ਦਾ ਸਵਾਲ ਜੋ ਅੱਜ ਕਾਂਗਰਸ ਜਿਹੀ ਨਿਰੋਲ ਪੁਲੀਟੀਕਲ ਬਾਡੀ ਦੇ ਪਲੇਟ ਫ਼ਾਰਮ ਤੇ ਆਣ ਚੜ੍ਹਿਆ ਹੈ, ਏਸੇ ਨੇ ਹੀ ਸਾਰੀਆਂ ਫਿਟੜੀਆਂ ਦਾ ਫੇੜ ਬਣਨਾ ਹੈ। ਬਿਗੜ-ਧਰਮੀਆਂ ਦੇ ਧਰਮ ਦਾ ਤਾਂ ਬਿਗੜਨਾ ਹੀ ਕੁਛ ਨਹੀਂ, ਕਿਉਂਕਿ ਉਹ ਤਾਂ ਪਹਿਲਾਂ ਹੀ ਬਿਗੜ-ਧਰਮੀ ਹਨ। ਹਾਂ, ਪੁਲੀਟੀਕਲ ਜੂਤ ਜ਼ਰੂਰ ਖੜਕੇਗਾ ਅਤੇ ਜੰਗਲ ਇਤਫ਼ਾਕੀ ਮਸਲੇ ਦਾ ਪਾਜ ਭੀ ਉਘੜੇਗਾ। ਪ੍ਰੰਤੂ ਨਿੱਗਰ ਧਾਰਮਿਕ ਹਾਨੀ ਹੈ ਤਾਂ ਖਾਲਸਾ ਪੰਥ ਨੂੰ ਹੈ, ਜਿਸ ਨੇ ਛੂਤ ਛਾਤੀ ਸੁਸ਼ਕ ਨਿਬੇੜ ਦੀ ਰਿਹਾੜ ਵਿਚ ਪੈ ਕੇ ਧਰਮ-ਕੁਚੀਲਤਾ ਦੀ ਚਗਲ ਲਿਬੇੜ ਸਹੇੜ ਬੈਠਣੀ ਹੈ।

## ੨੯. ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ :

ਖਾਲਸਾ ਜੀ ਅੰਦਰ ਹਿੰਦੂਆਂ ਦੀ ਨਿਆਈਂ ਨਿਖੜੰਮੀ ਛੂਤ ਛਾਤ ਦੀ ਭਰਮ-ਭੇਦ ਵਾਲੀ ਬੀਮਾਰੀ ਮੂਲ ਮੁੱਢੋਂ ਹੀ ਹੈ ਨਹੀਂ। ਖਾਲਸਾ ਜੀ ਦੇ ਨਿਕਟ ਅਛੂਤ ਜਾਤੀ ਹੀ ਕੋਈ ਨਹੀਂ, ਐਵੇਂ ਕਲਪਨਾ ਹੀ ਹੈ। ਖਾਲਸਾ ਮਤ ਦੇ ਅਸੂਲ ਅਨੁਸਾਰ ਸਭ ਜਨਮ-ਜਾਤੀਆਂ ਇਕਸਾਰ ਹਨ। ਮਾਣਸ ਜਨਮ ਜਾਤੀ ਅੰਦਰਿ ਜਿਤਨੇ ਭੀ ਪ੍ਰਾਣੀ ਹਨ, ਖਾਲਸਾ ਜੀ ਦੇ ਭਾਣੇ ਸਭ ਸਮਾਨ ਹੀ ਹਨ, ਕੋਈ ਘ੍ਰਿਣਾ ਯੋਗ ਨਹੀਂ। ਯਥਾ

ਸ੍ਰੀ ਦਸਮੇਸ਼ ਵਾਕ :

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ**
**ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥**
**ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ**
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥**
**ਕਰਤਾ ਕਰੀਮ ਸੋਈ ਰਾਜਕ ਰਹੀਮ ਓਈ**
**ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥**
**ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ**
**ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ ॥੧੫॥੮੫॥**

*ਸ੍ਰੀ ਅਕਾਲ ਉਸਤਤਿ*

ਸੋ ਖਾਲਸਾ ਜੀ ਦੇ ਭਾਣੇ ਮਾਨਸ ਦੀ ਜਾਤ ਸਭ ਇਕ-ਸਮਾਨ ਹੈ। ਕੀ ਹਿੰਦੂ, ਕੀ ਮੁਸਲਮਾਨ, ਕੀ ਚੂਹੜਾ, ਕੀ ਚਮਾਰ, ਸਭ ਇਕ-ਰੂਪ ਹਨ। ਕਿਸੇ ਨਾਲ ਰਾਗ ਨਹੀਂ; ਕਿਸੇ ਨਾਲ ਦ੍ਵੈਸ਼ ਨਹੀਂ; ਕਿਸੇ ਨਾਲ ਨਫ਼ਰਤ ਨਹੀਂ; ਕਿਸੇ ਨਾਲ ਖ਼ਾਸ ਖ਼ਸੂਸੀਅਤ ਵਾਲੀ ਰਗ਼ਬਤ ਨਹੀਂ; ਕਿਸੇ ਨਾਲ ਪਖਸ਼ ਨਹੀਂ; ਕਿਸੇ ਨਾਲ ਧੜਾ ਨਹੀਂ; ਕਿਸੇ ਨਾਲ ਵੈਰ ਵਿਰੋਧਤਾ ਨਹੀਂ; ਕਿਸੇ ਨਾਲ ਸ਼ਰੀਕਾ ਤਾਤ ਪਰਾਈ ਨਹੀਂ। ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ :

**ਬਿਸਰਿ ਗਈ ਸਭ ਤਾਤਿ ਪਰਾਈ ॥**
**ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ॥**
**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥**
**ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥**
**ਸਭ ਮਹਿ ਰਵਿ ਰਹਿਆ ਪ੍ਰਭ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥**

*ਕਾਨੜਾ ਮ: ੫, ਪੰਨਾ ੧੨੯੯*

ਸੋ ਖਾਲਸਾ ਜੀ ਦੇ ਭਾ ਦਾ ਨ ਕੋਈ ਬੈਰੀ ਹੈ ਨ ਬਿਗਾਨਾ ਹੈ, ਸਗੋਂ : "ਸਭ ਮਹਿ ਰਵਿ ਰਹਿਆ ਪ੍ਰਭ ਏਕੈ" ਅਤੇ—"ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ" ਦੇ ਭਾਵ ਵਾਲੀ ਵਾਸਤਵੀ ਧਾਰਨਾ ਖਾਲਸਾ ਜੀ ਦੇ ਅੰਦਰਿ (ਰਿਦੰਤਰਿ) ਹੋਣ ਕਰਕੇ ਖਾਲਸਾ ਜੀ ਦੀ ਸਗਲ ਸੰਗਿ ਹੀ (ਮਾਨੁਸ਼ ਮਾਤਰ ਸੰਗਿ ਹੀ) ਬਣ ਆਈ ਹੈ। ਅਤੇ ਸਭਨਾਂ ਦੇ ਘਟਾਂ ਅੰਦਰਿ ਇਕੋ ਅਕਾਲ ਪੁਰਖ ਰਵਿ ਰਹਿਆ ਪੇਖ ਕੇ ਖਾਲਸਾ ਸਦਾ ਹੀ ਬਿਗਸਦਾ ਰਹਿੰਦਾ ਹੈ। ਸਗੋਂ ਖਾਲਸਾ ਜੀ ਨੂੰ ਮਨ ਬਚ ਕਰਮ ਕਰਕੇ ਇਹ ਉਮਾਹ ਉਤਸ਼ਾਹ ਰਹਿੰਦਾ ਹੈ ਕਿ ਜਿਵੇਂ ਖਾਲਸਾ ਜੀ ਦੇ ਆਪਣੇ ਘਟ ਅੰਤਰਿ ਜਾਗਤ ਜੋਤਿ ਨਿਸ ਬਾਸਰ ਹੀ ਜਗਦੀ ਰਹਿੰਦੀ ਹੈ ਤਿਵੇਂ ਹੀ ਪ੍ਰਾਣੀ ਮਾਤਰ ਦੇ ਘਟ ਅੰਤਰਿ ਭੀ ਜਗੇ। ਪ੍ਰੰਤੂ ਇਹ ਤਦੋਂ ਹੀ ਹੋ ਸਕਦਾ ਹੈ ਜੇ ਓਹ ਖਾਲਸਾ ਸਜਣ ਅਤੇ ਜੀਆ ਦਾਨ ਦੀ ਅੰਮ੍ਰਿਤ-ਕਣੀ ਦੇ ਅਧਿਕਾਰੀ ਬਣਨ। ਖਾਲਸਾ ਜੀ ਦਾ ਐਸਾ ਉਤਸ਼ਾਹ ਉਮਾਹ ਨਿਰੋਲ ਅਤੇ ਅਸਲ ਪਰਉਪਕਾਰੀ ਜਜ਼ਬਾ ਹੈ, ਨਾ ਕਿ ਛੂਤ ਛਾਤੀ ਨਫ਼ਰਤ ਨਿਹਾਰਾ।

## ੩੦. ਖਾਲਸਾ ਧਰਮ ਸਭ ਧਰਮਾਂ ਵਿਚ ਸ੍ਰੇਸ਼ਟ ਧਰਮ :

ਕਈ ਚਗਲ-ਪੰਥੀ ਅਤੇ ਸੁਖ ਰਹਿਣੀ ਰਹਿਤ ਦੇ ਸੁਗਮਤਾ ਸਹੇੜੂ ਤੇ ਬਿਬੇਕ ਧਾਰਨਾ ਦੇ ਡਰੂ ਬਹਾਨਾ-ਬਾਜ਼ ਸਿੱਖ, ਉਪਰ ਲਿਖੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਵਾਲੇ ਸ੍ਰੀ ਦਸਮੇਸ਼ ਵਾਕ ਦੇ ਨਿਜ ਮਤਲਬੀ, ਮਨਘੜਤ ਅਤੇ ਉਲਟੇ ਅਰਥ ਲਾਉਣ ਲੱਗ ਪੈਂਦੇ ਹਨ ਅਤੇ ਆਪੋਂ ਹੀ ਬ੍ਰਹਮ-ਬੇਤਾ ਉਚ ਗਿਆਨੀ ਬਣਿ ਬਣਿ ਬਹਿੰਦੇ ਹਨ ਅਤੇ ਕਹਿੰਦੇ ਹਨ ਕਿ ਹਿੰਦੂ ਤੁਰਕ ਆਦਿਕ ਦਾ ਭੇਦ ਮਿਥਿਆ ਹੈ, ਸਿੱਖਾਂ ਨਾਲੋਂ ਇਹਨਾਂ ਦਾ ਕੋਈ ਵਿਤਰੇਕ ਨਹੀਂ। ਸਭੇ ਬਣੇ ਬਣਾਤੇ ਸਿਖ ਹਨ, ਉਹਨਾਂ ਨੂੰ ਸਿੱਖੀ ਮੰਡਲ ਵਿਚ ਲਿਆਉਣ ਦੀ ਕੋਈ ਲੋੜ ਨਹੀਂ। ਉਹਨਾਂ ਨਾਲ ਖੁਲ੍ਹਮ ਖੁਲ੍ਹਾ ਖਾਓ ਪੀਓ। ਮਾਣਸ ਕੀ ਜਾਤ ਸਭ ਇਕੋ ਜੁ ਹੋਈ। ਹਿੰਦੂ ਤੁਰਕ ਸਭੇ ਉਸ ਦੇ ਦਰ ਤੇ ਪਰਵਾਣ ਹਨ। ਭਾਵੇਂ ਸਿਖ ਬਣਨ ਭਾਵੇਂ ਨ ਬਣਨ। ਸਭੇ ਮਤ ਧਰਮ ਅਤੇ ਅਨਿਕ ਧਰਮ ਗ੍ਰਹਿਣਹਾਰੇ ਇਕ-ਸਾਰ ਸ੍ਰੇਸ਼ਟ ਹਨ, ਚਾਹੇ ਕੋਈ ਕਿਸੇ ਧਰਮ ਵਿਚ ਹੋਵੇ। ਪ੍ਰੰਤੂ ਦੇਖੋ ਇਸ ਪ੍ਰਥਾਇ ਸ੍ਰੀ ਦਸਮੇਸ਼ ਜੀ ਉਸ ਸ੍ਰੀ ਅਕਾਲ ਉਸਤਤਿ ਵਿਖੇ ਹੀ ਫ਼ੁਰਮਾਉਂਦੇ ਹਨ :

**ਕਈ ਬ੍ਰਹਮ ਬੇਦ ਰਟੰਤ ॥ ਕਈ ਸੇਖ ਨਾਮ ਉਚਰੰਤ ॥**
**ਬੈਰਾਗ ਕਹੂੰ ਸੰਨਿਆਸ ॥ ਕਹੂੰ ਫਿਰਤ ਰੂਪ ਉਦਾਸ ॥੧੯॥੪੯॥**
**ਸਭ ਕਰਮ ਫੋਕਟ ਜਾਨ ॥ ਸਭ ਧਰਮ ਨਿਹਫਲ ਮਾਨ ॥**
**ਬਿਨ ਏਕ ਨਾਮ ਅਧਾਰ ॥ ਸਭ ਕਰਮ ਭਰਮ ਬਿਚਾਰ ॥੨੦॥੫੦॥**
**ਪੁਨਾ—ਕਈ ਜਪਤ ਜੋਗ ਕਲਪੰ ਪਰਜੰਤ ॥ ਨਹੀ ਤਦਪਿ ਤਾਸ ਪਾਯਤ ਨ ਅੰਤ ॥**
**ਕਈ ਕਰਤ ਕੋਟ ਬਿੱਦਿਆ ਬਿਚਾਰ ॥ ਨਹੀ ਤਦਪਿ ਦ੍ਰਿਸਟ ਦੇਖੇ ਮੁਰਾਰ ॥੧੯॥੧੩੯॥**
**ਬਿਨ ਭਗਤਿ ਸਕਤਿ ਨਹੀ ਪਰਤ ਪਾਨ ॥ ਬਹੁ ਕਰਤ ਹੋਮ ਅਰ ਜੱਗ ਦਾਨ ॥**
**ਬਿਨ ਏਕ ਨਾਮ ਇਕ ਚਿੱਤ ਲੀਨ ॥ ਫੋਕਟੋ ਸਰਬ ਧਰਮਾ ਬਿਹੀਨ ॥੨੦॥੧੪੦॥**
**ਪੁਨਾ—ਜਿਹ ਬੇਦ ਪੁਰਾਨ ਕਤੇਬ ਜਪੇ ॥ ਸੁਤ ਸਿੰਧ ਅਧੋ ਮੁਖ ਤਾਪ ਤਪੇ ॥**
**ਕਈ ਕਲਪਨ ਲੌ ਤਪ ਤਾਪ ਕਰੈ ॥ ਨਹੀ ਨੈਕ ਕ੍ਰਿਪਾਨਿਧ ਪਾਨ ਪਰੈ ॥੧੮॥੧੫੮॥**
**ਜਿਹ ਫੋਕਟ ਧਰਮ ਸਭੈ ਤਜਿ ਹੈ ॥ ਇਕ ਚਿੱਤ ਕ੍ਰਿਪਾਨਿਧ ਕੋ ਜਪਿ ਹੈ ॥**
**ਤੇਊ ਯਾ ਭਵ ਸਾਗਰ ਕੋ ਤਰ ਹੈ ॥ ਭਵ ਭੂਲ ਨ ਦੇਹ ਪੁਨਰ ਧਰ ਹੈ ॥੧੯॥੧੫੯॥**

ਇਸ ਪ੍ਰਕਰਣ ਪ੍ਰਥਾਇ ਅਧਕ ਸੰਦੇਹ ਨਵਿਰਤ ਕਰਨ ਲਈ ਜ਼ਰੂਰੀ ਹੈ ਕਿ ਏਥੇ ਸ੍ਰੀ ਬਚਿਤ੍ਰ ਨਾਟਕ ਧਿਆਇ ੬ ਵਿਚੋਂ ਸ੍ਰੀ ਦਸਮੇਸ਼ ਜੀ ਦੇ ਤਰਦੇ ਤਰਦੇ ਸ੍ਰੀ ਮੁਖ ਵਾਕਾਂ ਦਾ ਵਿਸਥਾਰ ਪੂਰਬਕ ਉਤਾਰਾ ਕੀਤਾ ਜਾਵੇ। ਯਥਾ :

**ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ**
**ਚੌਪਈ—ਜਬ ਪਹਿਲੇ ਹਮ ਸ੍ਰਿਸਟਿ ਬਨਾਈ ॥ ਦਈਤ ਰਚੇ ਦੁਸਟ ਦੁਖਦਾਈ ॥**
**ਤੇ ਭੁਜ ਬਲ ਬਵਰੇ ਹ੍ਵੈ ਗਏ ॥ ਪੂਜਤ ਪਰਮ ਪੁਰਖ ਰਹਿ ਗਏ ॥੬॥**
**ਤੇ ਹਮ ਤਮਕਿ ਤਨਕ ਮੋ ਖਾਪੇ ॥ ਤਿਨ ਕੀ ਠਉਰ ਦੇਵਤਾ ਥਾਪੇ ॥**
**ਤੇ ਭੀ ਬਲ ਪੂਜਾ ਉਰਝਾਏ ॥ ਆਪਨ ਹੀ ਪਰਮੇਸਰ ਕਹਾਏ ॥੭॥**

ਮਹਾਦੇਵ ਅਚੁੱਤ ਕਹਿਵਾਯੋ ॥ ਬਿਸਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥ ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ॥੮॥
ਤਬ ਸਾਖੀ ਪ੍ਰਭ ਅਸਟ ਬਨਾਏ ॥ ਸਾਖ ਨਮਿਤ ਦੇਬੇ ਠਹਿਰਾਏ ॥
ਤੇ ਕਹੈ ਕਰੋ ਹਮਾਰੀ ਪੂਜਾ ॥ ਹਮ ਬਿਨ ਅਵਰੁ ਨ ਠਾਕੁਰੁ ਦੂਜਾ ॥੯॥
ਪਰਮ ਤੱਤ ਕੋ ਜਿਨ ਨਾ ਪਛਾਨਾ ॥ ਤਿਨ ਕਰਿ ਈਸਰ ਤਿਨ ਕਹੁ ਮਾਨਾ ॥
ਕੇਤੇ ਸੂਰ ਚੰਦ ਕਹੁ ਮਾਨੈ ॥ ਅਗਨ ਹੋਤ੍ਰ ਕਈ ਪਵਨ ਪ੍ਰਮਾਨੈ ॥੧੦॥
ਕਿਨਹੂੰ ਪ੍ਰਭੂ ਪਾਹਨ ਪਹਿਚਾਨਾ ॥ ਨਾਤ ਕਿਤੇ ਜਲ ਕਰਤ ਬਿਧਾਨਾ ॥
ਕੇਤਕ ਕਰਮ ਕਰਤ ਡਰਪਾਨਾ ॥ ਧਰਮਰਾਜ ਕੋ ਧਰਮ ਪਛਾਨਾ ॥੧੧॥
ਜੇ ਪ੍ਰਭ ਸਾਖ ਨਮਿਤ ਠਹਰਾਏ ॥ ਤੇ ਹਿਆਂ ਆਇ ਪ੍ਰਭੂ ਕਹਵਾਏ ॥
ਤਾ ਕੀ ਬਾਤ ਬਿਸਰ ਜਾਤੀ ਭੀ ॥ ਅਪਨੀ ਅਪਨੀ ਪਰਤ ਸੋਭ ਭੀ ॥੧੨॥
ਜਬ ਪ੍ਰਭ ਕੋ ਨ ਤਿਨੈ ਪਹਿਚਾਨਾ ॥ ਤਬ ਹਰਿ ਇਨ ਮਨੁੱਛਨ ਠਹਿਰਾਨਾ ॥
ਤੇ ਭੀ ਬਸਿ ਮਮਤਾ ਹੁਇ ਗਏ ॥ ਪਰਮੇਸਰ ਪਾਹਨ ਠਹਿਰਏ ॥੧੩॥
ਤਬ ਹਰਿ ਸਿੱਧ ਸਾਧ ਠਹਿਰਾਏ ॥ ਤਿਨ ਭੀ ਪਰਮ ਪੁਰਖ ਨਹੀ ਪਾਏ ॥
ਜੇ ਕੋਈ ਹੋਤ ਭਯੋ ਜਗਿ ਸਿਆਨਾ ॥ ਤਿਨ ਤਿਨ ਅਪਨੋ ਪੰਥੁ ਚਲਾਨਾ ॥੧੪॥
ਪਰਮ ਪੁਰਖ ਕਿਨਹੂੰ ਨਹ ਪਾਯੋ ॥ ਬੈਰ ਬਾਦ ਅਹੰਕਾਰ ਬਢਾਯੋ ॥
ਪੇਡ ਪਾਤ ਆਪਨ ਤੇ ਜਲੈ ॥ ਪ੍ਰਭ ਕੈ ਪੰਥ ਨ ਕੋਊ ਚਲੈ ॥੧੫॥
ਜਿਨਿ ਜਿਨਿ ਤਨਿਕ ਸਿੱਧ ਕੋ ਪਾਯੋ ॥ ਤਿਨ ਤਿਨ ਅਪਨਾ ਰਾਹੁ ਚਲਾਯੋ ॥
ਪਰਮੇਸਰ ਨ ਕਿਨਹੂੰ ਪਹਿਚਾਨਾ ॥ ਮਮ ਉਚਾਰ ਤੇ ਭਯੋ ਦਿਵਾਨਾ ॥੧੬॥
ਪਰਮ ਤੱਤ ਕਿਨਹੂੰ ਨ ਪਛਾਨਾ ॥ ਆਪ ਆਪ ਭੀਤਰਿ ਉਰਝਾਨਾ ॥
ਤਬ ਜੇ ਜੇ ਰਿਖਰਾਜ ਬਨਾਏ ॥ ਤਿਨ ਆਪਨ ਪੁਨਿ ਸਿੰਮ੍ਰਿਤਿ ਚਲਾਏ ॥੧੭॥
ਜੇ ਸਿੰਮ੍ਰਿਤਨ ਕੇ ਭਏ ਅਨੁਰਾਗੀ ॥ ਤਿਨ ਤਿਨ ਕ੍ਰਿਆ ਬ੍ਰਹਮ ਕੀ ਤਿਆਗੀ ॥
ਜਿਨ ਮਨ ਹਰਿ ਚਰਨਨ ਠਹਰਾਯੋ ॥ ਸੋ ਸਿੰਮ੍ਰਿਤਨ ਕੇ ਰਾਹ ਨ ਆਯੋ ॥੧੮॥
ਬ੍ਰਹਮਾ ਚਾਰ ਹੀ ਬੇਦ ਬਨਾਏ ॥ ਸਰਬ ਲੋਕ ਤਿਹ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥੧੯॥
ਜਿਨ ਮਤ ਬੇਦ ਕਤੇਬਨ ਤਿਆਗੀ ॥ ਪਾਰਬ੍ਰਹਮ ਕੇ ਭਏ ਅਨੁਰਾਗੀ ॥
ਤਿਨ ਕੇ ਗੂੜ ਮੱਤ ਜੇ ਚਲਹੀ ॥ ਭਾਂਤਿ ਅਨੇਕ ਦੂਖਨ ਸੋ ਦਲਹੀ ॥੨੦॥...
ਤਬ ਹਰਿ ਬਹੁਰਿ ਦੱਤ ਉਪਜਾਇਓ ॥ ਤਿਨ ਭੀ ਅਪਨਾ ਪੰਥੁ ਚਲਾਇਓ ॥
ਕਰ ਮੋ ਨਖ ਸਿਰ ਜਟਾ ਸਵਾਰੀ ॥ ਪ੍ਰਭ ਕੀ ਕ੍ਰਿਆ ਕਛੂ ਨ ਬਿਚਾਰੀ ॥੨੩॥
ਪੁਨਿ ਹਰਿ ਗੋਰਖ ਕੋ ਉਪਰਾਜਾ ॥ ਸਿੱਖ ਕਰੇ ਤਿਨਹੂੰ ਬਡ ਰਾਜਾ ॥
ਸ੍ਰਵਨ ਫਾਰਿ ਮੁਦ੍ਰਾ ਦੁਐ ਡਾਰੀ ॥ ਹਰਿ ਕੀ ਪ੍ਰੀਤ ਰੀਤਿ ਨ ਬਿਚਾਰੀ ॥੨੪॥
ਪੁਨਿ ਹਰਿ ਰਾਮਾਨੰਦ ਕੋ ਕਰਾ ॥ ਭੇਸ ਬੈਰਾਗੀ ਕੋ ਜਿਨ ਧਰਾ ॥
ਕੰਠੀ ਕੰਠਿ ਕਾਠ ਕੀ ਡਾਰੀ ॥ ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ ॥੨੫॥
ਜੇ ਪ੍ਰਭ ਪਰਮ ਪੁਰਖ ਉਪਜਾਏ ॥ ਤਿਨ ਤਿਨ ਅਪਨੇ ਰਾਹ ਚਲਾਏ ॥
ਮਹਾ ਦੀਨ ਤਬ ਪ੍ਰਭ ਉਪਰਾਜਾ ॥ ਅਰਬ ਦੇਸ ਕੋ ਕੀਨੋ ਰਾਜਾ ॥੨੬॥
ਤਿਨ ਭੀ ਏਕੁ ਪੰਥੁ ਉਪਰਾਜਾ ॥ ਲਿੰਗ ਬਿਨਾ ਕੀਨੇ ਸਭ ਰਾਜਾ ॥
ਸਭ ਤੇ ਅਪਨਾ ਨਾਮੁ ਜਪਾਯੋ ॥ ਸਤਿਨਾਮੁ ਕਾਹੂ ਨ ਦ੍ਰਿੜਾਯੋ ॥੨੭॥

ਸਭ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂ ਨ ਪਛਾਨਾ ॥
ਤਪ ਸਾਧਤ ਹਰਿ ਮੋਹਿ ਬੁਲਾਯੋ ॥ ਇਮ ਕਹਿ ਕੈ ਇਹ ਲੋਕ ਪਠਾਯੋ ॥੨੮॥

ਅਕਾਲ ਪੁਰਖ ਬਾਚ

ਚਉਪਈ ॥ ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥੁ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥...
ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੁ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥
ਜੇ ਜੇ ਭਏ ਪਹਿਲ ਅਵਤਾਰਾ ॥ ਆਪੁ ਆਪੁ ਤਿਨ ਜਾਪੁ ਉਚਾਰਾ ॥
ਪ੍ਰਭ ਦੋਖੀ ਕੋਈ ਨ ਬਿਦਾਰਾ ॥ ਧਰਮ ਕਰਨ ਕੋ ਰਾਹੁ ਨ ਡਾਰਾ ॥੪੪॥
ਜੇ ਜੇ ਗਉਸ ਅੰਬੀਆ ਭਏ ॥ ਮੈ ਮੈ ਕਰਤ ਜਗਤ ਤੇ ਗਏ ॥
ਮਹਾ ਪੁਰਖ ਕਾਹੂ ਨ ਪਛਾਨਾ ॥ ਕਰਮ ਧਰਮ ਕੋ ਕਛੂ ਨ ਜਾਨਾ ॥੪੫....

ਦੋਹਰਾ ॥ ਕੋਈ ਪੜਤਿ ਕੁਰਾਨ ਕੋ ਕੋਈ ਪੜ੍ਹਤ ਪੁਰਾਨ ॥
ਕਾਲ ਨ ਸਕਤ ਬਚਾਇ ਕੈ ਫੋਕਟ ਧਰਮ ਨਿਦਾਨ ॥੪੭॥

ਚੌਪਈ ॥ ਕਈ ਕੋਟਿ ਮਿਲਿ ਪੜ੍ਹਤ ਕੁਰਾਨਾ ॥ ਬਾਚਤ ਕਿਤੇ ਪੁਰਾਨ ਅਜਾਨਾ ॥
ਅੰਤ ਕਾਲ ਕੋਈ ਕਾਮ ਨ ਆਵਾ ॥ ਦਾਵ ਕਾਲ ਕਾਹੂ ਨ ਬਚਾਵਾ ॥੪੮॥
ਕਿਉ ਨ ਜਪੋ ਤਾ ਕੋ ਤੁਮ ਭਾਈ ॥ ਅੰਤ ਕਾਲ ਜੋ ਹੋਇ ਸਹਾਈ ॥
ਫੋਕਟ ਧਰਮ ਲਖੋ ਕਰ ਭਰਮਾ ॥ ਇਨ ਤੇ ਸਰਤ ਨ ਕੋਈ ਕਰਮਾ ॥੪੯॥...
ਬੇਦ ਕਤੇਬ ਬਿਖੇ ਹਰਿ ਨਾਹੀ ॥ ਜਾਨ ਲੇਹੁ ਹਰਿ ਜਨ ਮਨ ਮਾਹੀ ॥੬੧॥

ਏਹਨਾਂ ਸ੍ਰੀ ਮੁਖਵਾਕ ਸ੍ਰੀ ਦਸਮੇਸ਼ ਬਚਨਾਂ ਤੋਂ ਸਾਫ਼ ਸਿਧ ਹੈ ਕਿ ਖਾਲਸਾ ਧਰਮ ਸਰਬ ਧਰਮਾਂ ਤੋਂ ਸ੍ਰੇਸ਼ਟ ਹੈ। ਸਰਬ ਪ੍ਰਾਣੀ ਮਾਤਰ ਨੂੰ ਕਲਿਆਣ-ਕਾਰਕ ਧਰਮ ਇਕੋ ਖਾਲਸਾ ਧਰਮ ਹੈ। ਆਨਮਤ ਧਰਮ ਸਭ ਫੋਕਟ ਧਰਮ ਹਨ। ਖਾਲਸਾ ਧਰਮ ਦੇ ਤੁਲ ਨਹੀਂ ਪੁਜ ਸਕਦੇ। ਸ੍ਰੀ ਮੁਖ ਵਾਕਾਂ ਦੇ ਉਲਟੇ ਪੁਲਟੇ ਅਰਥ ਦੇ ਕੇ ਲੋਕਾਂ ਨੂੰ ਭਰਮਾਉਣ ਵਾਲੇ ਪੁਰਸ਼ ਸਭ ਟਪਲਾ-ਬਾਜ਼ ਹਨ। ਸੋ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥" ਵਾਲਾ ਸ੍ਰੀ ਦਸਮੇਸ਼ ਵਾਕ ਸਿਰਫ਼ ਏਸ ਪ੍ਰਥਾਇ ਉਚਾਰਨ ਹੋਇਆ ਹੈ ਕਿ ਸੰਸਾਰ ਦੇ ਪ੍ਰਾਣੀ ਮਾਤਰ ਸਭ ਇਕਸਾਰ ਹਨ ਅਤੇ ਸਭੇ ਹੀ ਖਾਲਸਾ ਸਜਣ ਦੇ ਹੱਕਦਾਰ ਹਨ। ਕਿਸੇ ਦਾ ਹੱਕ ਵਿਸ਼ੇਸ਼ ਨਹੀਂ, ਕਿਸੇ ਦਾ ਘਟ ਨਹੀਂ, ਕੋਈ ਛੂਤ ਅਛੂਤ ਹੋਣ ਕਰਕੇ ਗੁਰਮਤਿ ਸੁਮਾਰਗ ਦਾ ਅਪਾਤਰ ਕੁਪਾਤਰ ਨਹੀਂ। ਜਨਮ ਜਾਤੀ ਦੇ ਕਰਮ ਭੇਦ ਦੇ ਜਨਮ ਕੁਫੇਰ ਵਿਚ ਪੈ ਕੇ ਕਿਸੇ ਪ੍ਰਾਣੀ ਨੂੰ ਗੁਰਮਤਿ ਧਰਮ ਧਾਰਨ ਦਾ ਕੁਪਾਤਰ ਦਸਣਾ ਮਹਾਂ ਅਗਿਆਨ ਹੈ। ਪ੍ਰੰਤੂ ਇਹ ਭੀ ਦੱਸਣਾ ਮਹਾਂ ਅਗਿਆਨ ਹੈ ਕਿ ਕੁਦਰਤੋਂ ਉਪੰਨੇ ਕਿਰਤ ਕਰਮ ਕਰਿ ਜਾਤ ਜਨੰਮੇ ਸਭੇ ਜੀਵ ਸੁਤੇ ਹੀ ਉਧਰੇ ਹੋਏ ਹਨ। ਓਹਨਾਂ ਦੇ ਉਧਾਰਨ ਦੀ ਲੋੜ ਨਹੀਂ, ਅਥਵਾ, ਉਹਨਾਂ ਨੂੰ ਉਧਾਰਨ ਉਭਾਰਨ ਦਾ ਸੰਕਲਪੀ ਯਤਨ ਕਰਨਾ ਉਨ੍ਹਾਂ ਨੂੰ ਨੀਚਾ ਦੇਖਣਾ ਹੈ, ਅਥਵਾ, ਐਸਾ ਕਰਨਾ ਓਹਨਾਂ ਤੇ ਘ੍ਰਿਣਾ ਕਰਨਾ

ਹੈ। ਬਲਕਿ ਐਸੇ ਵਾਕਾਂ ਦਾ ਸਿਧਾਂਤ ਇਹੋ ਹੀ ਹੈ ਕਿ ਕਿਸੇ ਪ੍ਰਾਣੀ ਮਾਤਰ ਤੋਂ ਖ਼ਾਸ ਜਾਤ ਕੁਜਾਤ ਵਿਚ ਜਨਮ ਲੈਣ ਕਰਿ ਘਿਰਣਤ ਮਤ ਹੋਵੋ, ਉਸਨੂੰ ਖਾਲਸਾ ਧਰਮ ਦੇ ਦਾਇਰੇ ਵਿਚ ਲੈਣੋਂ ਮਤ ਸੰਕੋਚੋ, ਗੁਰਮਤਿ ਦਾ ਦਰ ਪ੍ਰਾਣੀ ਮਾਤਰ ਲਈ ਖੁੱਲ੍ਹਾ ਹੈ। ਜਾਤ ਕਰਕੇ ਬੁਰੇ ਭਲੇ ਹੋਣ ਦਾ ਵਿਚਾਰ ਸਭੁ ਭਰਮ ਅਗਿਆਨੁ ਹੈ। ਏਸੇ ਵਿਸ਼ੇ ਦੀ ਪ੍ਰੋੜ੍ਹਤਾ ਲਈ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪ੍ਰਕਾਰ ਦੇ ਵਾਕ ਹਨ। ਯਥਾ :

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**
**ਲੋਗਾ ਭਰਮਿ ਨ ਭੂਲਹੁ ਭਾਈ ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ਰਹਾਉ॥**
**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥**
**ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥**
**ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥**
**ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥**
**ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥**
**ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥**

*ਪ੍ਰਭਾਤੀ ਕਬੀਰ ਜੀ, ਪੰਨਾ ੧੩੪੯-੫੦*

ਜਨਮ ਜਾਤ ਦੇ ਲਿਹਾਜ਼ ਨਾਲ ਖਾਲਸਾ ਜੀ ਦੀ ਦ੍ਰਿਸ਼ਟੀ ਗੋਚਰ ਮਨੁਖਾਂ (ਪ੍ਰਾਣੀਆਂ) ਦੀ ਊਚ ਨੀਚਤਾ ਦਾ ਭੇਦੁ ਨਹੀਂ।

## ੩੧. ਖਾਲਸਾ ਧਰਮ ਗ੍ਰਹਿਣ ਕਰਨ ਦੇ ਅਧਿਕਾਰੀ :

ਖਾਲਸਾ ਧਰਮ ਵਿਚ ਆਉਣ ਦੇ ਸਭ ਇਕਸਾਰ ਹੀ ਅਤੇ ਇਕ-ਸਮਾਨ ਹੀ ਅਧਿਕਾਰੀ ਹਨ। ਇਸ ਅਧਿਕਾਰ ਦੀ ਪ੍ਰੀਖਿਆ ਓਹਨਾਂ ਦੀ ਅੰਤ੍ਰੀਵੀ ਯੋਗਤਾ (ਕਾਬਲੀਅਤ) ਅੰਦਰ ਹੈ। ਜਿਸ ਭੀ ਪ੍ਰਾਣੀ ਨੂੰ 'ਪ੍ਰੇਮ ਖੇਲਣ ਕਾ ਚਾਉ' ਹੋਵੇ ਸੋ ਨਿਸੰਗ 'ਸਿਰੁ ਧਰਿ ਤਲੀ' ਗੁਰ-ਗਲੀ ਵਿਚ ਆਵੇ। ਇਸ ਗੁਰ-ਗਲੀ ਗੁਰਮਤਿ ਮਾਰਗ ਵਿਚ ਆਉਣ ਵਾਲੇ ਪ੍ਰਾਣੀ ਮਾਤਰ ਨੂੰ ਗੁਰੂ ਸਾਹਿਬ ਅਤੇ ਗੁਰੂ ਰੂਪ ਪੰਥ ਗੁਰੂ ਖਾਲਸਾ ਜੀ ਇਹ ਹੋਕਾ ਦੇ ਕੇ ਜੱਫੀ ਵਿਚਿ ਲੈਣ ਲਈ ਤਿਆਰ ਹਨ :

**ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥**
**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥੨੩॥**

*ਸਲੋਕ ਮ: ੫, ਮਾਰੂ ਵਾਰ ਡਖਣੇ, ਪੰਨਾ ੧੧੦੨*

ਜੋ 'ਸਭਨਾ ਕੀ ਰੇਣੁਕਾ' ਹੋਵਣ ਦੇ ਪੂਰਨੇ ਪਾਵੇਗਾ, ਓਹੀ, ਕੇਵਲ ਓਹੀ ਖਾਲਸਾ ਧਰਮ ਧਾਰਨ ਕਰਨ ਦਾ ਅਤੇ ਖਾਲਸਾ ਸਦਾਵਣ ਦਾ ਅਧਿਕਾਰੀ ਹੋਵੇਗਾ। ਸਭਨਾਂ ਦੀ, ਸਭ ਪ੍ਰਾਣੀਆਂ ਦੀ, ਪ੍ਰਾਣੀ ਮਾਤਰ ਦੀ ਰੇਣਕਾ ਹੋ ਰਹਿਣਾ ਜਿਸਦੇ ਖਾਲਸ ਜੀਵਨ

ਦੇ ਪੂਰਨਿਆਂ ਦਾ ਇਕ ਉਤਮ ਅੰਸ ਹੈ, ਉਸ ਦੇ ਨਿਕਟ ਕਿਸੇ ਪ੍ਰਾਣੀ ਤੋਂ ਘ੍ਰਿਣਾ ਕਰਨਾ ਯਾ ਕਿਸੇ ਨੂੰ ਅਛੂਤ ਜਾਤੀ ਵਿਚ ਜਨਮਿਆ ਜਾਣ ਕੇ ਹਕੀਰ ਸਮਝਣਾ ਭਲਾ ਕਦੋ ਸੰਭਵ ਹੋ ਸਕਦਾ ਹੈ।

## ੩੨. ਖਾਲਸੇ ਦੀ ਸਮਦ੍ਰਿਸ਼ਟੀ :

ਜਿਨ੍ਹਾਂ ਗੁਰਮਤਿ ਰਹਿਣੀ ਕਰਣੀ ਦੇ ਬਿਬੇਕੀ ਜਨਾਂ ਨੇ "ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥"[1] ਰੂਪੀ ਗੁਰੂ ਹੁਕਮ ਨੂੰ ਸਰਬ ਸੰਸਾਰੀਆਂ ਸੇਤੀ ਵਰਤੋਂ ਵਰਤਾਰੇ ਦੇ ਉਚ ਅਚਾਰ ਦਾ ਆਦਰਸ਼ ਬਣਾਇਆ ਹੋਵੇ, ਉਨ੍ਹਾਂ ਦੇ ਅੰਦਰਿ ਨਫ਼ਰਤ ਭਰੀ ਛੂਤ ਛਾਤ ਦੀ ਆਣ ਕਾਣ ਕਦੋਂ ਰਹਿ ਸਕਦੀ ਹੈ ? ਜਿਨ੍ਹਾਂ ਨੂੰ ਛੂਤ ਛਾਤ ਦੀ ਕਾਣ ਹੈ; ਜਿਨ੍ਹਾਂ ਦੇ ਅੰਤਰਿ ਆਤਮੇ ਧਰਮ ਦੀ ਅਣਖ ਆਣ ਅਤੇ ਆਤਮ ਉਚਾਣ ਮਈ ਤਾਣ-ਅਹਿਸਾਸ-ਸ਼ਕਤੀ ਹੈ ਨਹੀਂ, ਓਹ ਕਤੇਬੀ ਮਤ ਵਾਲਿਆਂ ਤੋਂ ਅਤੇ ਜਗਤ ਪ੍ਰਸਿਧ ਅਛੂਤ ਜਾਤੀਆਂ ਤੋਂ ਭਰਮ ਭੇਦ ਰਖਦੇ ਹਨ ਅਤੇ ਬੇਦੀ ਮਤ ਵਾਲੀ ਹਿੰਦਵਾਣ ਦੇ ਨਾਲ ਖਾਨ ਪਾਨ ਦੀ ਖਲਜਗਣ ਦਾ ਚਗਲਪਣ ਰਖਣ ਵਿਚ ਖਚਤ ਰਹਿੰਦੇ ਹਨ। ਅਸਾਡੇ ਨਜ਼ਦੀਕ ਹਿੰਦੂ, ਮੁਸਲਮਾਨ, ਈਸਾਈ, ਮੂਸਾਈ, ਬ੍ਰਾਹਮਣ, ਛਤਰੀ, ਸ਼ੂਦਰ, ਵੈਸ਼, ਡੋਮ, ਚੰਡਾਲ, ਮਲੇਛ, ਹਬਸ਼ੀ, ਸਭ ਮਨੁਖ ਦੀ ਏਕੋ ਜਾਤ ਵਿਚੋਂ ਹੋਣ ਕਰਕੇ ਸਮਾਨ ਅਤੇ ਇਕਸਾਰ ਹਨ। ਯਥਾ ਗੁਰਵਾਕ :

> **ਬ੍ਰਹਮਨ ਬੈਸ ਸੂਦ ਅਰੁ ਖ੍ਹਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥**
> **ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥੨॥**
> *ਬਿਲਾਵਲੁ ਰਵਿਦਾਸ ਜੀ, ਪੰਨਾ ੮੫੮*

ਅਤੇ ਖਾਲਸਾ ਸਜਣ ਦਾ ਅਧਿਕਾਰ ਭੀ ਸਭਨਾਂ ਦਾ ਇਕ-ਸਮਾਨ ਅਤੇ ਇਕੋ ਜਿਹਾ ਹੈ। ਪ੍ਰੰਤੂ ਬਿਨਾਂ ਖਾਲਸਾ ਸਜਾਏ ਤੇ ਓਹਨਾਂ ਨਾਲ ਖਾਨ ਪਾਨ ਦੀ ਅਭੇਦਤਾ ਕਰਨਾ ਆਪ ਅੰਨ੍ਹੇ ਖਾਤੇ ਵਿਚ ਫੇਰ ਮੁੜ ਕੇ ਡਿਗਣਾ ਅਤੇ ਓਹਨਾਂ ਨੂੰ ਡਿਗੇ ਰਹਿਣ ਦੇਣਾ ਹੈ। ਇਹ ਮਿੱਤਰਤਾ ਨਹੀਂ, ਓਹਨਾਂ ਦੇ ਨਾਲ ਉਲਟਾ ਵੈਰ ਕਰਨਾ ਹੈ ਅਤੇ ਆਪਣੇ ਪੈਰ ਆਪ ਕੁਹਾੜਾ ਮਾਰਨਾ ਹੈ। ਗੁਰਮਤਿ ਰੂਪੀ ਸੱਚੇ ਧਰਮ ਤੋਂ ਹੀਣੇ ਬੇਦੀਨ ਪੁਰਸ਼ਾਂ ਨਾਲ, ਅਥਵਾ, ਖਾਲਸਾ ਧਰਮ ਤੋਂ ਪਤਿਤ ਪੁਰਸ਼ਾਂ ਨਾਲ ਅਭੇਦ ਵਰਤਾਉ ਰਖਣਾ ਮਾਨੋ ਓਹਨਾਂ ਨੂੰ ਪਤਿਤੋਂ ਪਵਿੱਤਰ ਹੋ ਜਾਣ ਵਾਲੀ ਪਉੜੀ ਉਤੇ ਨ ਚੜ੍ਹਨ ਦੇਣਾ ਹੈ ਅਤੇ ਖਾਲਸਾ ਧਰਮ ਕਲਾ ਤੋਂ ਵਾਂਜੇ ਰਖਣਾ ਹੈ, ਤੇ ਪਤਿਤ ਦਾ ਪਤਿਤ ਹੀ ਰਹਿਣ ਦੇਣ ਦੀ ਹੱਲਾਸ਼ੇਰੀ ਦੇਣਾ ਹੈ। ਕੀ ਓਹ ਓਹਨਾਂ ਦੇ ਨਾਲ ਵੈਰ ਅਤੇ ਧ੍ਰੋਹ ਕਮਾਉਣਾ ਨਹੀਂ ? ਜਦੋਂ ਖਲ ਖੰਡ ਦਾ ਇਕੋ ਭਾ ਹੋ ਗਿਆ ਤਾਂ ਪਤਿਤ ਤੋਂ ਪਵਿੱਤਰ ਹੋਣ ਦੀ ਤਾਂਘ ਕਿਥੇ ਰਹੀ ? ਅਤੇ ਧਰਮ-ਸ਼ੂਨ ਅਵਸਥਾ ਵਿਚੋਂ ਨਿਕਲ ਕੇ ਧਰਮ-ਸੀਲ ਹੋਣ ਦਾ ਉਮਾਹਾ ਕਿਥੇ ਰਿਹਾ ? ਸੱਚੇ ਧਰਮ ਦੀ ਸੱਚੀ ਪਾਣ ਚੜ੍ਹੇ ਬਿਨਾਂ ਜੇ ਤਾਂ ਨਿਰੀ ਖਾਣ ਪੀਣ ਦੀ ਖਲਜਗਣ ਨਾਲ ਹੀ ਕਿਸੇ ਪਤਿਤ ਪੁਰਸ਼ ਦਾ ਜੀਵਨ ਪਵਿੱਤਰ

1. ਧਨਾਸਰੀ ਮ: ੫, ॥੩॥੩॥ ਪੰਨਾ ੬੭੧

ਹੋ ਸਕਦਾ ਹੋਵੇ ਯਾ ਕੋਈ ਧਰਮ-ਹੀਣ ਬੇਦੀਨ ਪ੍ਰਾਣੀ ਖਾਲਸ ਧਰਮੀ ਅਤੇ ਸੱਚਾ ਦੀਨਦਾਰ ਬਣ ਸਕਦਾ ਹੋਵੇ, ਤਦ ਤਾਂ ਖਾਨ ਪਾਨ ਦੀ ਬੇ-ਤਮੀਜ਼ ਅਭੇਦਤਾ ਨੂੰ ਇਕ ਮੰਨਣ ਯੋਗ (ਕਾਬਲਿ ਤਸਲੀਮ) ਜਾਦੂ ਭਰਿਆ ਮਸਲਾ ਸਮਝਿਆ ਜਾ ਸਕਦਾ ਹੈ, ਪਰ ਜੇ ਇਹ ਨਿਰੀ ਖਲਜਗਣ ਅਤੇ ਚਗਲਪੁਣਾ ਹੀ ਹੈ ਅਤੇ ਇਸ ਵਿਚ ਅਸਲ ਸੱਚਾਈ ਭਲਾਈ ਜਾਂ ਬਰਕਤ ਕੁਛ ਭੀ ਨਹੀਂ ਤਾਂ ਇਹ ਨਿਰਾ ਲਾਭ-ਹੀਣ ਬੇਸਮਝੀ ਅਤੇ ਮਨ ਦੀ ਮਤਿ ਦਾ ਥੋਥਾ ਤੇ ਫੋਕਾ ਢਕੌਂਸਲਾ ਹੀ ਹੈ, ਜਿਸਨੂੰ ਰੱਦੀ ਦੇ ਟੋਕਰੇ ਵਿਚ ਸਿਟ ਕੇ ਕੂੜੇ ਘਟੇ ਵਿਚ ਮਿਲਾ ਦੇਣਾ ਹੀ ਉਚਿਤ ਹੈ। ਅਸੀਂ ਜੇ ਬੇਦੀਨਾਂ ਧਰਮ-ਹੀਣਾਂ ਨੂੰ ਉਭਾਰਨਾ ਹੈ ਤਾਂ ਆਪਣੇ ਨਿਜ ਧਰਮ ਦੀ ਸਚਾਈ ਖਾਲਸਤਾਈ ਵਾਲੇ ਅਮਲੀ ਜੀਵਨ ਮਈ ਖਾਲਸ ਪੂਰਨੇ ਪਾ ਕੇ ਉਭਾਰਨਾ ਹੈ। ਅਸਾਡੇ ਜੀਵਨ-ਪੂਰਨਿਆਂ ਦੀ ਵਿਲੱਖਣਤਾ ਨੇ ਹੀ ਉਕਤ ਆਨਮਤੀਆਂ ਦੇ ਅੰਦਰਿ ਅਸਲ ਆਕ੍ਰਖਣੀ ਖਿਚ ਉਤਪੰਨ ਕਰਨੀ ਹੈ ਅਤੇ ਇਸ ਖਿਚ ਦੁਆਰਾ ਖਿਚੇ ਜਾ ਕੇ ਓਹਨਾਂ ਨੇ ਖਾਲਸਾ ਧਰਮ ਅੰਦਰ ਆਉਣਾ ਹੈ।

## ੩੩. ਖਾਲਸੇ ਦੀ ਨਿਰਲੇਪਤਾ ਤੇ ਨਿਰਾਲੀ ਰਹਿਣੀ :

ਖਾਲਸਾ ਜੀ ਨੇ ਸਭ ਸੰਸਾਰੀਆਂ ਤੋਂ ਨਿਆਰੇ ਅਤੇ ਨਿਰਲੇਪ ਜਲ ਕੰਵਲ ਵਤ ਅਲੇਪ ਰਹਿ ਕੇ ਗੁਰਮਤਿ ਧਰਮ ਦੇ ਅਸੂਲਾਂ ਉਤੇ ਚਲਣਾ ਹੈ। ਅਰਥਾਤ, ਖਾਲਸਾ ਧਰਮ ਦੀਆਂ ਰਹਿਤ-ਰਹਿਣੀਆਂ ਨੂੰ ਕਮਾਵਣਾ ਹੈ ਅਤੇ ਏਹਨਾਂ ਨਿਆਰੀਆਂ ਨਿਰਲੇਪ ਕਮਾਈਆਂ ਦੁਆਰਾ ਪਹਿਲਾਂ ਆਪਣਾ ਆਪ ਪ੍ਰਬੋਧ ਕੇ ਪਾਛੈ ਅਵਰਾਂ ਨੂੰ ਰੀਝਾਵਣਾ ਹੈ ਅਤੇ ਇਸ ਆਪ ਪ੍ਰਬੋਧਣ ਦੇ ਪ੍ਰਯਤਨ ਅੰਦਰਿ ਕੁਸੰਗੀਆਂ, ਕੁਮੱਤੀਆਂ, ਕੁਕਰਮੀਆਂ ਦਾ ਕੁਸੰਗ, ਕੁਮਤਿ, ਕੁਕਰਮ ਭਰਿਆ ਕੁਲੱਛਣ ਲੇਸ ਆਪਣੇ ਆਪ ਨੂੰ ਨਾ ਲਗਣ ਦੇਣਾ ਗੁਰਮਤਿ ਬਿਬੇਕੀ ਜਨਾਂ ਦੀ ਖਾਲਸਈ ਸੂਰਮਤਾਈ ਦਾ ਇਕ ਉਤਮ ਕਾਰਨਾਮਾ ਹੈ, ਨਾ ਕਿ ਨਫ਼ਰਤ ਦਾ ਨਮੂਨਾ ਕਾਇਮ ਕਰਨਾ। ਗੁਰਮਤਿ ਜਗਿਆਸਾ ਦੀ ਅਲ੍ਹੜ ਅਵਸਥਾ ਅੰਦਰਿ ਬੇਦੀਨ ਧਰਮ-ਹੀਣ ਆਨਮਤੀ ਪੁਰਸ਼ਾਂ ਦੀ ਕੁਸੰਗ-ਦੋਸਤੀ ਤੋਂ ਦੂਰ ਰਹਿਣਾ, ਅਤੇ ਓਹਨਾਂ ਦੇ ਨਾਲ ਖਾਨ ਪਾਨ ਦੀ ਵਰਤੋਂ ਵਿਉਹਾਰ ਤੋਂ ਬਚੇ ਬਰਜੇ ਰਹਿਣਾ, ਉਕਤ ਪੁਰਸ਼ਾਂ ਦੀ ਜਾਤ ਤੋਂ ਨਫ਼ਰਤ ਕਰਨਾ ਨਹੀਂ, ਬਲਕਿ ਉਹਨਾਂ ਦੀ ਜਾਤ ਦੇ ਅੰਦਰਿ, ਜਾਤੀ ਆਚਾਰ ਦੇ ਅੰਦਰਿ ਧਸੇ ਅਤੇ ਰਮੇ ਹੋਏ ਕ੍ਰਾਨਿਕ (chronic) ਪੁਰਾਣੇ ਰੋਗਾਂ ਦੀ ਕੁਵੈੜੀ ਤੇ ਕਸੂਤੀ ਲਾਗ ਕੁਲਾਗ ਤੋਂ ਬਚੇ ਰਹਿਣ ਦਾ ਪ੍ਰਹੇਜ਼ (ਪੱਥ) ਰਖਣਾ ਹੈ। ਜਿਨ੍ਹਾਂ ਅਭਾਗੇ ਪ੍ਰਾਣੀਆਂ ਦਾ ਮੁਢ ਕਦੀਮਾਂ ਤੋਂ ਹੀ ਸਤਿਸੰਗ ਵਿਚ ਨਿਵਾਸ ਨਹੀਂ ਹੁੰਦਾ ਅਤੇ ਬਚਪਨ ਤੋਂ ਹੀ ਜਿਨ੍ਹਾਂ ਦਾ ਭੈੜੇ ਕੁਸੰਗ ਨਾਲ ਕੁਵੈੜਾ ਵਾਹ ਪਿਆ ਰਹਿੰਦਾ ਹੈ, ਉਹ ਉਕਤ ਕ੍ਰਾਨਿਕ ਰੋਗਾਂ ਨਾਲ ਗ੍ਰਸੇ ਜਾਣ ਕਰਕੇ, ਸਦਾ ਲਈ ਪੀੜਤ ਰਹਿਣ ਕਰਿ ਅਕਸਰ ਕੂਕ ਪੁਕਾਰ ਕਰਿਆ ਕਰਦੇ ਹਨ। ਇਸ ਕਰਕੇ ਗੁਰੂ ਕਾ ਹੁਕਮ ਹੈ ਕਿ :

**ਸਚੀ ਬੈਸਕ ਤਿਨਾ ਸੰਗਿ ਜਿਨ ਸੰਗਿ ਜਪੀਐ ਨਾਉ ॥**
**ਤਿਨ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ ॥੨॥੧੦॥**

*ਗੂਜਰੀ ਵਾਰ, ਮ: ੫, ਪੰਨਾ ੫੨੦*

**ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ**
**ਜਿਨਾ ਮਾਇਆ ਮੋਹਿ ਪਿਆਰੁ ॥੧॥੨॥**

*ਬਿਹਾਗੜੇ ਕੀ ਵਾਰ, ਸਲੋਕ ਮ: ੩, ਪੰਨਾ ੫੪੯*

ਅਤੇ ਮਨਮੁਖ ਦਾ ਕਰਤੂਤੀ ਲੱਛਣ ਹੋਰ ਕੀ ਹੈ:

**ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ ॥੩॥੭॥**

*ਬਿਲਾਵਲ ਕੀ ਵਾਰ, ਮ: ੩, ਪੰਨਾ ੮੫੨*

ਅਜਿਹੇ ਮਨਮੁਖਾਂ ਸਾਕਤਾਂ ਅਧਰਮੀਆਂ ਬੇਦੀਨਾਂ ਦੇ ਨਾਲ ਦੋਸਤੀ ਰਖਣ ਤੋਂ ਜੋ ਗੁਰਸਿਖ ਨੂੰ ਗੁਰਮਤਿ ਬਿਬੇਕ ਸੰਦੇ ਗੁਰ-ਹੁਕਮਾਂ ਦੁਆਰਾ ਹੋੜਿਆ ਗਿਆ ਹੈ, ਇਸ ਦਾ ਭਾਵ ਇਹੀ ਹੈ ਕਿ ਓਹਨਾਂ ਦੇ ਕੁਸੰਗ ਲੱਛਣ ਦੀ ਲਾਗ (ਕੁਲਾਗ) ਵਾਲਾ ਲੇਸ (ਕੁਲੇਸ) ਨ ਲਗਣਾ ਪਾਵੇ। ਇਸ ਲੇਸ ਲਾਗ ਤੋਂ ਆਪਣਾ ਆਪ ਬਚਾਵਣ ਲਈ (ਬੇਲਾਗ ਰਖਣ ਲਈ) ਕਿਸੇ ਆਨਮਤੀ ਤੇ ਸੰਗ ਕੁਸੰਗ ਤੋਂ ਬਰਜੇ ਰਹਿਣਾ ਉਸਦੇ ਨਾਲ ਨਫ਼ਰਤ ਕਰਨ ਨਮਿਤ ਨਹੀਂ, ਕਿੰਤੂ ਆਪਾ ਪ੍ਰਬੋਧਣ ਨਮਿਤ ਹੈ, ਅਤੇ ਐਸਾ ਕਰਨਾ ਗੁਰ-ਬਚਨਾਂ ਰੂਪੀ ਹੁਕਮਾਂ ਦੀ ਤਾਮੀਲ ਕਰਨਾ ਹੈ, ਜੋ ਕਿ ਹਰ ਇਕ ਸਚਿਆਰ ਸਿਖ ਦਾ ਫ਼ਰਜ਼ ਹੈ। ਜਦ ਕਿ ਆਨਮਤੀਆਂ ਦੇ ਨਾਲ ਸੰਗ ਕੁਸੰਗ ਮਈ ਦੋਸਤੀ ਦਾ ਰਖਣਾ ਹੀ ਗੁਰਮਤਿ ਬਿਬੇਕ ਅਸੂਲਾਂ ਦੇ ਪ੍ਰਤਿਕੂਲ ਹੈ, ਤਦ ਓਹਨਾਂ ਦੇ ਨਾਲ ਖਾਨ ਪਾਨ ਦਾ ਵਰਤੋਂ ਵਿਹਾਰ ਰਖਣਾ ਕਦ ਗੁਰਮਤਿ ਅਨਕੂਲ ਹੋ ਸਕਦਾ ਹੈ। ਏਸ ਕਰਕੇ 'ਵੇਦੀਨਾ ਕੀ ਦੋਸਤੀ' ਦੇ ਨਾਲ ਲਗਦਾ ਹੀ 'ਵੇਦੀਨਾ ਕਾ ਖਾਣੁ' ਭੀ ਗੁਰਮਤਿ ਬਿਬਰਜਤ ਕਰਮ ਗਰਦਾਨਿਆ ਗਿਆ, ਕਿਉਂਕਿ ਉਕਤ ਦੋਹਾਂ ਬਿਬਰਜਤ ਕਰਮਾਂ ਦੇ ਕਰਨ ਕਰਿ: "ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥"[1] ਵਾਲਾ ਕਲੰਕ ਲਗਦਾ ਹੈ। ਕਈ ਬਿਬੇਕ-ਹੀਣ ਸ਼੍ਰੇਣੀ ਦੇ ਚਗਲ-ਪੰਥੀਆਂ ਦਾ ਪੱਖ ਪੂਰਨ ਵਾਲੇ ਖਰੜ ਗਿਆਨੀ ਇਹ ਹੁੱਜਤ ਭੇੜਿਆ ਕਰਦੇ ਹਨ ਕਿ 'ਵੇਦੀਨਾ ਕਾ ਖਾਣੁ' ਦੀ ਪੰਗਤੀ ਤੋਂ ਭਾਵ ਬੇਦੀਨਾਂ ਦਾ ਜੂਠਾ, ਬੇਦੀਨਾਂ ਦੇ ਨਾਲ ਇਕ ਥਾਲੀ ਵਿਚ ਇਕੱਠੇ ਬਹਿ ਕੇ ਖਾਣ ਤੋਂ ਹੈ, ਨਾ ਕਿ ਉਹਨਾਂ ਦੇ ਹੱਥੋਂ ਲੈ ਕੇ ਖਾਣ ਤੋਂ ? ਅਰਥਾਤ, ਉਹ ਕਹਿੰਦੇ ਹਨ, ਮੰਨ ਲਿਆ ਕਿ ਬਹਿ ਕੇ ਇਕ ਥਾਲੀ ਵਿਚ ਬੇਦੀਨਾਂ ਦੇ ਨਾਲ ਇਕੱਠਾ ਖਾਣਾ ਗੁਰੂ ਖਾਲਸਾ ਲਈ ਬਿਬਰਜਤ ਹੈ, ਪ੍ਰੰਤੂ ਬੇਦੀਨਾਂ ਹੱਥੋਂ ਲੈ ਕੇ ਖਾਣਾ, ਅਥਵਾ, ਬੇਦੀਨਾਂ ਦਾ ਬਣਾਇਆ ਹੋਇਆ ਖਾਣਾ ਖਾਣ ਵਿਚ ਕੋਈ ਹਰਜ ਨਹੀਂ। ਇਸ ਹੁੱਜਤ ਦਾ ਉਤਰ ਇਹ ਹੈ ਕਿ ਸਾਨੂੰ ਕੀ ਸਬੂਤ ਹੈ ਕਿ ਬੇਦੀਨਾਂ ਦਾ ਬਣਾਇਆ ਹੋਇਆ ਖਾਣਾ ਉਸ ਜੂਠ ਅਸੁਚ ਅਤੇ ਅਪਵਿੱਤ੍ਰਤਾ ਤੋਂ ਰਹਿਤ ਹੈ ਜਿਸਦੇ ਕਾਰਨ ਕਿ ਆਪ ਨੇ ਉਹਨਾਂ ਦੇ ਨਾਲ ਬਹਿ ਕੇ ਥਾਲੀ ਵਿਚ ਇਕੱਠਾ ਨਾ ਖਾਣ ਦੀ ਸੰਕੋਚ ਨੂੰ ਮੰਨਿਆ ਹੈ। ਭਾਵ, ਬੇਦੀਨਾਂ ਦੇ ਨਾਲ ਇਕੱਠਾ ਇਕ ਥਾਲੀ ਵਿਚ ਬਹਿ ਕੇ ਖਾਣਾ ਇਸ ਵਾਸਤੇ ਹੀ ਬਿਬਰਜਤ ਮੰਨਿਆ ਗਿਆ ਹੈ ਨਾ, ਕਿ ਬੇਦੀਨਾਂ ਦੀ ਜੂਠ ਖਾਣੀ ਪੈਂਦੀ ਹੈ ਅਤੇ ਸੁਚ ਪਵਿੱਤ੍ਰਤਾ ਤੋਂ ਰਹਿਤ ਬੇਦੀਨਾਂ ਦਾ ਖਾਣਾ ਖਾਣਾ ਨਹੀਂ ਚਾਹੀਦਾ। ਸੋ, ਜੂਠ ਅਸੁਚ ਅਪਵਿੱਤ੍ਰਤਾ ਦੇ ਸਵਾਲ ਨੂੰ ਮੰਨ ਕੇ ਤਾਂ ਬੇਦੀਨਾਂ ਦੇ ਹੱਥੋਂ ਯਾ ਉਹਨਾਂ ਦੇ ਹੱਥਾਂ ਦਾ ਤਿਆਰ ਕੀਤਾ ਹੋਇਆ

1. ਵਾਰ ਸੂਹੀ, ਸਲੋਕ ਮ: ੧, ॥੧॥੧੪॥ ਪੰਨਾ ੭੯੦

ਖਾਣਾ ਖਾਣਾ ਭੀ ਬਿਬਰਜਤ ਹੈ। ਕਿਉਂਕਿ ਪ੍ਰਿਥਮ ਤਾਂ ਖਾਲਸਾ ਧਰਮ ਦੇ ਧਾਰਨੀਆਂ, ਅਰਥਾਤ, ਖਾਲਸਾ ਪੰਥ ਤੋਂ ਛੁਟ ਸੰਸਾਰ ਭਰ ਵਿਚ ਜਿਤਨੇ ਭੀ ਆਨਮਤੀ (ਬੇਦੀਨ) ਹਨ, ਸਭ ਦੇ ਸਭ ਬਿਖਿਆ-ਪਾਨੀ ਹਨ, ਅਤੇ ਬਿਖਿਆ (ਤਮਾਕੂ) ਨੂੰ ਸ੍ਰੀ ਦਸਮੇਸ਼ ਜੀ ਨੇ ਜਗਤ-ਜੂਠ ਦਸਿਆ ਹੈ, ਜਿਹਾ ਕਿ ਹਿਤ ਉਪਦੇਸ਼ ਖਾਲਸੇ ਪ੍ਰਤੀ ਰਹਿਤਨਾਮੇ ਵਿਚ ਲਿਖਿਆ ਹੈ:

**ਮਰਨੀ ਮਰਉ ਤਊ ਅਤਿ ਭਲਾ ਜਗਤ ਜੂਠ ਨਹਿ ਸੰਗੁ॥**

ਤਾਂ ਤੇ ਜਗਤ-ਜੂਠ ਦੇ ਭਖਣਹਾਰਿਆਂ ਬੇਦੀਨ ਆਨਮਤੀਆਂ ਦਾ ਤਿਆਰ ਕੀਤਾ ਹੋਇਆ ਖਾਣਾ ਖਾਣਾ, ਅਥਵਾ, ਓਹਨਾਂ ਦੇ ਹੱਥੋਂ ਲੈ ਕੇ ਖਾਣਾ ਖਾਣਾ ਸਾਫ਼ ਜੂਠ ਖਾਣਾ ਹੈ। ਰਹਿਤਨਾਮੇ ਅੰਦਰ ਇਹ ਭੀ ਬਚਨ ਹੈ:

**ਤਨਕ ਤਮਾਕੂ ਸੇਵੀਐ ਦੇਵ ਪਿਤ੍ਰ ਤਜਿ ਜਾਇ॥**
**ਪਾਨੀ ਤਿਸ ਕੇ ਹਾਥ ਕਾ ਮਦਰਾ ਸਮ ਹੋਇ ਜਾਇ॥**

ਭਾਵ, ਜੋ ਹਿੰਦੂ ਤਨਕ ਮਾਤ੍ਰ ਭੀ ਤਮਾਕੂ ਦਾ ਸੇਵਨ ਕਰਦੇ ਹਨ ਓਹਨਾਂ ਦੇ ਮਨ-ਮੰਨੇ ਦੇਵਤੇ ਅਤੇ ਪਰਲੋਕ ਗਵਨੇ (ਗਮਨੇ) ਹੋਏ ਪਿਤਰ ਓਹਨਾਂ ਨੂੰ ਭ੍ਰਸ਼ਟ-ਕਰਮੀ ਦੇਖ ਕੇ ਤਜ ਜਾਂਦੇ ਹਨ ਅਤੇ ਅੰਜਿਹੇ ਭ੍ਰਸ਼ਟ ਕ੍ਰਿਆ ਵਾਲੇ ਪੁਰਸ਼ਾਂ ਦੇ ਹੱਥਾਂ ਦਾ ਪਾਣੀ ਮਦਰਾ ਦੇ ਤੁਲ ਮੰਦ ਹੋ ਜਾਂਦਾ ਹੈ। ਜੈਸੀ ਮਦਰਾ ਪੀ ਲੀਤੀ ਤੈਸੇ ਤਿਨ੍ਹਾਂ ਦੇ ਹੱਥਾਂ ਦਾ ਪਾਣੀ ਪੀ ਲਿਆ। ਜਦ ਬਿਖਿਆ-ਪਾਨੀ ਦੇ ਹੱਥ ਦਾ ਪਾਣੀ ਪੀਣਾ ਹੀ ਮਦਰਾ ਪਾਨ ਕਰਨ ਦੇ ਤੁਲ ਹੈ ਤਦ ਉਸ ਦੀ ਭ੍ਰਸ਼ਟ ਕ੍ਰਿਆ ਦਾ ਖਲ-ਚਗਲ ਕੀਤਾ ਹੋਇਆ ਖਾਣਾ ਖਾਣਾ ਮਦਰਾ ਪਾਨ ਤੋਂ ਭੀ ਟਪ ਕੇ ਬਿਖਿਆ-ਪਾਨੀ ਹੋਣ ਦੇ ਤੁੱਲ ਹੈ ਅਤੇ ਨਿਰੀ ਜੂਠ ਖਾਣ ਵਾਲੀ ਗੱਲ ਹੈ। ਜੇ ਕਹੋ ਕਿ ਕਈ ਆਨਮਤੀ ਭੀ ਬਿਖਿਆ-ਪਾਨੀ ਨਹੀਂ ਹੁੰਦੇ, ਇਸ ਦਾ ਉਤਰ ਇਹ ਹੈ ਕਿ ਭਾਵੇਂ ਕਿਤੇ ਕਿਤੇ ਹਜ਼ਾਰਾਂ ਵਿਚੋਂ ਇਕ ਅਜਿਹੀ ਕੋਈ ਟਾਵੀਂ ਟਾਵੀਂ ਮਿਸਾਲ ਮਿਲ ਭੀ ਜਾਵੇ ਕਿ ਕੋਈ ਆਨਮਤੀ ਬਿਖ-ਪਾਨੀ ਨਾ ਹੋਵੇ, ਪ੍ਰੰਤੂ ਅਸੀਂ ਤਾਂ ਉਸ ਦੇ ਮਤ ਦਾ ਅਸੂਲ ਦੇਖਣਾ ਹੈ ਕਿ ਉਸ ਦੇ ਅਸੂਲ ਅੰਦਰ, ਉਸ ਦੇ ਮਤ ਮਜ਼ਹਬ ਅੰਦਰ ਬਿਖ-ਪਾਨੀ ਹੋਣਾ ਬਿਬਰਜਤ ਹੈ ਕਿ ਨਹੀਂ। ਜਦ ਅਸੀਂ ਸਾਫ਼ ਦੇਖਦੇ ਹਾਂ ਕਿ ਸਮੁੱਚੇ ਆਨ ਮਤ-ਮਤਾਂਤਰਾਂ ਅੰਦਰਿ ਬਿਖਿਆ ਦੀ ਖੁਲ੍ਹ ਖੇਡ ਹੈ ਤਦ ਸਾਫ਼ ਸਿਧ ਹੈ ਕਿ ਅਸੂਲਨ ਕਿਸੇ ਭੀ ਮਤ ਅੰਦਰਿ ਬਿਖਿਆ ਦਾ ਭਖਣ ਬਿਬਰਜਤ ਨਹੀਂ। ਅਤੇ ਜਿਸ ਮਤ ਅੰਦਰਿ ਬਿਖਿਆ ਦੀ ਬੰਦਸ਼ ਹੀ ਕੋਈ ਨਹੀਂ ਤਾਂ ਉਸ ਮਤ ਵਾਲੇ ਕਿਸੇ ਆਨਮਤੀ ਦਾ ਵਿਸਾਹ ਹੀ ਕੀ ਹੈ ਕਿ ਬਿਖਿਆ ਵਰਤਣ ਤੋਂ ਬਰਜਿਆ ਰਹੇ। ਜੇ ਬਿਖਿਆ ਨਹੀਂ ਵਰਤੀ ਤਾਂ ਬਿਖਿਆ ਨਾਲ ਹੱਥ ਲਾ ਕੇ ਤਾਂ ਭ੍ਰਸ਼ਟ ਹੋਊ। ਅਤੇ ਖਾਲਸਾ ਜੀ ਦੇ ਲਈ ਹੱਥ ਲਾਉਣਾ ਤਾਂ ਕੀ, ਬਿਖਿਆ ਦਾ ਧੂੰਆ ਲੈਣਾ ਭੀ ਬਿਬਰਜਤ ਹੈ।

## ੩੪. ਖਾਲਸਾ ਧਰਮ ਵਿਚ ਸੁੱਚਮ:

ਜਿਨ੍ਹਾਂ ਬੇਦੀਨ ਆਨਮਤੀਆਂ ਨੂੰ ਨਾ ਬਿਖਿਆ ਦੇ ਖਾਣ ਦੀ ਆਣ ਹੈ ਨਾ ਬਿਖਿਆ ਨੂੰ ਹੱਥ ਲਾਉਣ ਦੀ ਸਹੁੰ ਸੂਗ ਹੈ, ਉਨ੍ਹਾਂ ਉਤੇ ਪ੍ਰਤੀਤ ਵਿਸਾਹ ਹੀ ਕੀ

ਹੋ ਸਕਦਾ ਹੈ ਕਿ ਬਿਖਿਆ ਨਾ ਵਰਤਦੇ ਹੋਣ। ਦੂਜੇ ਸੁਚ ਪਵਿੱਤ੍ਰਤਾ ਦਾ ਅਸੂਲ ਜੈਸੇ ਗੁਰੂ ਖਾਲਸਾ ਪੰਥ ਅੰਦਰਿ ਹੈ ਤੈਸਾ ਹੋਰ ਕਿਸੇ ਭੀ ਮਤ-ਮਤਾਂਤਰ ਅੰਦਰਿ ਨਹੀਂ ਪਾਇਆ ਜਾਂਦਾ। ਯਥਾ ਗੁਰਵਾਕ :

> **ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥੧੬॥**
>
> *ਆਸਾ ਦੀ ਵਾਰ, ਮ: ੧, ਪੰਨਾ ੪੭੨*

> **ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥**
> **ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥**
>
> *ਬਿਲਾਵਲੁ ਮ: ੫, ਪੰਨਾ ੮੨੨*

ਆਦਿਕ ਗੁਰਵਾਕਾਂ ਦੇ ਭਾਵ ਅਨੁਸਾਰ 'ਸੁਚ' (ਪਵਿੱਤ੍ਰਤਾ) ਖਾਲਸਾ ਧਰਮ-ਧਾਰਨੀ ਗੁਰਸਿਖ ਦੇ ਧਰਮ-ਅੰਗਾਂ ਵਿਚੋਂ ਇਕ ਉਤਮ ਅੰਗ ਹੈ, ਜਿਸ ਦਾ ਪਾਲਣਾ ਹਰ ਏਕ ਸੁਚਿਆਰ ਸਿੰਘ ਬਿਬੇਕੀ ਲਈ ਐਸੀ ਹੀ ਜ਼ਰੂਰੀ ਹੈ ਜੈਸਾ ਦੂਤੀ ਧਰਮ-ਅੰਗਾਂ ਸਤ, ਸੰਤੋਖ, ਦਇਆ, ਧਰਮ ਆਦਿਕ ਦਾ ਪਾਲਣਾ ਜ਼ਰੂਰੀ ਹੈ। ਪਹਿਲੇ ਗੁਰ ਪ੍ਰਮਾਣ ਅੰਦਰਿ ਤਾਂ ਸੁਚਿ (ਪਵਿੱਤ੍ਰਤਾ) ਨੂੰ ਐਥੋਂ ਤੀਕ ਦਰਜਾ ਦਿਤਾ ਗਿਆ ਹੈ ਕਿ ਸੱਚ—ਸੱਚਾਈ ਦੇ ਪੁੰਜ ਭਾਵ ਮੁਜੱਸਮ ਸਚੁ ਅਕਾਲ ਪੁਰਖ ਨੂੰ ਧਿਆਵਣ ਅਤੇ ਪਾਵਣ ਲਈ ਪ੍ਰੀਤਮ-ਪ੍ਰਾਪਤੀ ਦੇ ਪ੍ਰੇਮ-ਪਾਂਧੀ, ਗੁਰ ਦਰਸਾਈ ਗੁਰ-ਚਾਲੀ ਚਲਣਹਾਰੇ ਗੁਰਸਿਖ ਮੀਤ ਨੂੰ ਸਭ ਤੋਂ ਵਧ ਕੇ ਸੁਚਿ (ਸੁਚਮਤਾਈ) ਦਾ ਧਾਰਨੀ ਹੋਣਾ ਅਵੱਸ਼ ਜ਼ਰੂਰੀ ਹੈ ਅਤੇ ਦੂਜੇ ਗੁਰ ਪ੍ਰਮਾਣ ਅੰਦਰਿ ਜਿਸ ਸਿਖਸ਼ਾ ਰੂਪੀ ਮੰਤ੍ਰ ਦਾ ਵਰਣਨ ਹੈ ਉਸ ਸਿਖਸ਼ਾ ਮੰਤ੍ਰ ਦਾ ਇਕ ਜ਼ਰੂਰੀ ਅੰਗ 'ਸੁਚਿ' (ਸੁਚਮਤਾਈ) ਹੈ ਅਤੇ ਇਸ ਸਿਖਸ਼ਾ ਮੰਤ੍ਰ ਨੂੰ ਸਰਬ ਅੰਗਾਂ ਸਮੇਤ ਜਿਸ ਸਿਖ ਜਗਿਆਸੂ ਨੇ ਰਿਦਿਓਂ ਲਾ ਕੇ, ਭਾਵ, ਮਨ ਬਚ ਕ੍ਰਮ ਕਰਕੇ ਪਛਾਣਿਆ ਹੈ, ਉਸ ਨੂੰ ਸਗਲੀ ਸੂਝ ਪ੍ਰਾਪਤ ਹੋਈ ਹੈ। ਤਾਂ ਤੇ ਸੁਚਮਤਾਈ (ਸੁਚਿ) ਦਾ ਅਸੂਲ ਇਸ 'ਸਗਲੀ ਸੂਝ' ਦੀ ਪ੍ਰਾਪਤੀ ਦਾ ਸਹਾਇਕ ਹੈ, ਤਾਹੀਂ ਤੇ ਇਸ ਸੁਚਮਤਾਈ (ਸੁਚ ਪਵਿੱਤ੍ਰਤਾ) ਦੇ ਧਾਰਨੀ ਸਿੰਘ ਸੱਜਣ ਦਾ ਸੁਚਮਤਾਈ ਸਹਿਤ ਸਜਾਇਆ ਹੋਇਆ, ਅਥਵਾ, ਉਸਦੇ ਸੁਚਮ ਹੱਥਾਂ ਦਾ ਵਰਤਾਇਆ ਹੋਇਆ ਪ੍ਰਸ਼ਾਦ ਭੋਜਨ ਛਕਣਾ ਗੂੜ੍ਹ ਗੁਰਮਤਿ ਗੁਣਾਂ ਦੇ ਲਖਾਇਕ, ਆਤਮ ਫਲਾਂ ਦਾ ਪ੍ਰਾਪਤ ਕਰਾਵਣਹਾਰਾ ਹੈ। ਜੋ ਭੀ ਗੁਰੂ ਕਾ ਤਿਆਰ-ਬਰ-ਤਿਆਰ ਸਿੰਘ ਹੈ, ਸੋ ਸੋਚ ਇਸ਼ਨਾਨ ਦਾ ਨੇਮੀ ਪ੍ਰੇਮੀ ਹੋਣ ਕਰਕੇ ਸੁਚਮਤਾਈ, ਸਰੀਰਕ ਸਫ਼ਾਈ ਦਾ ਖਾਲਸ ਨਮੂਨਾ ਹੈ (ਜੈਸਾ ਕਿ ਗੁਰਮਤਿ ਇਸ਼ਨਾਨ ਬਿਬੇਕ ਦੇ ਪ੍ਰਕਰਣ ਵਿਚ ਭਲੀ ਬਿਧਿ ਨਿਰੂਪਣ ਹੋ ਚੁਕਾ ਹੈ)। ਸੁਚਮਤਾਈ-ਹੀਨ ਮਲੀਨ ਕ੍ਰਿਆ ਦੀ ਨਾਪਾਕੀ (ਅਸ਼ੁਧਤਾਈ) ਦਾ ਨਮੂਦ ਮਾਤਰ ਭੀ ਸੁਚਿਆਰ ਬਿਬੇਕੀ ਸਿੰਘ ਦੇ ਖਾਨ ਪਾਨ ਦੇ ਸਾਮਾਨ ਸਰੰਜਾਮ ਅੰਦਰ ਨਹੀਂ ਪਾਇਆ ਜਾਂਦਾ। ਅਤੇ ਜੋ ਕੁਛ ਭੀ ਖਾਨ ਪਾਨ ਦੇ ਪਦਾਰਥ ਗੁਰੂ ਕੇ ਸਿੰਘ ਸਜਾਉਂਦੇ ਹਨ, ਉਸ ਵਿਚ ਓਨ੍ਹਾਂ ਦੀ ਅਹੰਮੇਵ ਅਤੇ ਮੇਰ ਤੇਰ ਦੀ ਰਾਈ ਨਹੀਂ ਹੁੰਦੀ। ਗੁਰੂ ਨਿਮਿਤ ਗੱਫੇ ਸਜਾਉਂਦੇ ਹਨ ਅਤੇ ਗੱਫੇ ਸਜਾਉਂਦੇ ਹੋਏ ਗੁਰੂ ਗੁਰੂ ਉਚਾਰਨ ਕਰਦਿਆਂ ਸੁਆਸ ਸੁਆਸ ਗੁਰੂ ਨੂੰ ਧਿਆਉਂਦੇ ਗੁਰਮੰਤ੍ਰ ਦੇ ਅਭਿਆਸ ਨੂੰ ਖਿਨ ਖਿਨ ਕਮਾਉਂਦੇ ਰਹਿੰਦੇ ਹਨ। ਅਤੇ ਇਸ ਬਿਧਿ ਪੂਰਨ ਪ੍ਰੇਮ ਭਾਵਨਾ ਦੀ ਘਾਲਣਾ ਸਹਿਤ ਸਜਾਏ ਭੋਜਨ ਪ੍ਰਸ਼ਾਦ ਨੂੰ :

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥**
**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥੨੦੩॥**

*ਸਲੋਕ ਕਬੀਰ ਜੀ, ਪੰਨਾ ੧੩੭੫*

ਦੇ ਭਾਵ ਅਨੁਸਾਰ ਗੁਰੂ ਅਰਪਣ ਕਰ ਕੇ ਗੁਰੂ ਨੂੰ ਭੋਗ ਲੁਆਉਂਦੇ ਹਨ। ਅਤੇ :

**ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥੨੫॥**

*ਸੋਰਠਿ ਵਾਰ ਮ: ੪, ਪੰਨਾ ੬੫੨*

ਦੇ ਗੁਰਵਾਕ ਅਨੁਸਾਰ ਦੇਵਣਹਾਰ ਦਾਤਾਰ ਗੁਰੂ ਦਾ ਦਿਤਾ ਗਫਾ ਸਮਝ ਕੇ ਛਕਾਉਂਦੇ ਭੁੰਚਾਉਂਦੇ ਅਤੇ ਆਪਣੇ ਮੂੰਹ ਪਾਉਂਦੇ ਤੇ ਆਪਣੀ ਰਸਨੀ ਲਾਉਂਦੇ ਹਨ। ਤਾਹੀਂ ਤੇ ਗੁਰੂ ਕੇ ਸਿੰਘਾਂ ਦਾ ਸਜਾਇਆ ਹੋਇਆ ਭੋਜਨ ਪ੍ਰਸ਼ਾਦ, ਗੁਰੂ ਕੇ ਸਿੰਘਾਂ ਦੇ ਪਵਿੱਤਰ ਘਾਲ ਵਾਲੇ ਹੱਥਾਂ ਦਾ ਵਰਤਾਇਆ ਹੋਇਆ ਭੋਜਨ ਪ੍ਰਸ਼ਾਦ ਅਤੇ ਗੁਰੂ ਕੇ ਸਿੰਘਾਂ ਦਾ ਪ੍ਰੇਮ ਭਾਵਨਾ ਸਹਿਤ ਛਕਾਇਆ ਭੁੰਚਾਇਆ ਹੋਇਆ ਭੋਜਨ ਪ੍ਰਸ਼ਾਦ, ਸੱਚ ਮੁਚ ਗੁਰ ਪ੍ਰਸ਼ਾਦ ਯਾ ਪ੍ਰੇਮ ਪਵਿੱਤਰ ਅੰਮ੍ਰਿਤ ਪ੍ਰਸ਼ਾਦ ਹੈ, ਜਿਸ ਨੂੰ ਭੁੰਚਣਹਾਰਿਆਂ (ਛਕਣਹਾਰਿਆਂ) ਦੇ ਅੰਦਰ ਭੁੰਚਣ ਸਾਰ ਹੀ ਸੱਚੀ ਸੁਚਮਤਾ ਧਾ ਜਾਂਦੀ ਹੈ ਅਤੇ ਅੰਮ੍ਰਿਤ ਦੇ ਸੁਆਦਾਂ ਅਸਰਾਂ ਵਾਲੀ ਪਵਿੱਤ੍ਰਤਾ ਪ੍ਰਵੇਸ਼ ਕਰ ਜਾਂਦੀ ਹੈ। ਇਸ ਤੋਂ ਉਲਟ ਬਿਕਲ ਕੁਚੀਲ ਰਜ਼ੀਲ ਬਿਖਲੀਪਤ ਅਜਿਹੇ ਆਨਮਤੀ ਹਨ, ਜਿਨ੍ਹਾਂ ਦੇ ਨਿਕਟ ਸੁਚ ਜੂਠ ਦੀ ਕੋਈ ਤਮੀਜ਼ ਨਹੀਂ, ਜੋ ਸੁਚ, ਸੁਚਮਤਾਈ, ਪਵਿੱਤ੍ਰਤਾਈ, ਪਾਕੀਜ਼ਗੀ ਨੂੰ ਜਾਣਦੇ ਨਹੀਂ ਕਿ ਕਿਸ ਬਲਾ ਦਾ ਨਾਉਂ ਹੈ। ਜਿਨ੍ਹਾਂ ਦੀ ਕ੍ਰਿਆ ਮਲੀਨ ਹੋਣ ਕਰਕੇ ਤਿਨ੍ਹਾਂ ਦਾ ਬਣਾਇਆ ਹੋਇਆ ਭੋਜਨ ਭੀ ਮਲੀਨ! ਤਿਨ੍ਹਾਂ ਦੇ ਮਲੀਨ ਹੱਥੋਂ ਲੈ ਕੇ ਖਾਧਾ ਭੋਜਨ ਭੀ ਮਲੀਨ ! ਤਿਨ੍ਹਾਂ ਮਲੀਨ-ਆਚਾਰੀਆਂ, ਮਲੀਨ ਬਿਉਹਾਰੀਆਂ, ਮਲੇਛ ਹਿਰਦਾਰੀਆਂ (ਮਲੇਛ ਮਨੀਆਂ) ਦਾ ਭੋਜਨ ਖਾਣਾ ਖਾ ਕੇ ਖਾਵਣਹਾਰੇ ਦੇ ਮਨ ਅੰਦਰ ਪੂਰੋ ਪੂਰ ਮਲੀਨਤਾ ਹੀ ਧਾਉਂਦੀ ਹੈ। ਅਤੇ ਉਹਨਾਂ ਦੀ ਜੂਠ ਨੇ, ਜੂਠ ਭਰੇ ਹੱਥਾਂ ਨੇ, ਜੂਠ ਮਲੀਣੇ ਖਾਣੇ ਨੇ ਜੂਠੋਂ ਜੂਠ ਹੀ ਵਰਤਾਉਣੀ ਹੈ। ਅਜਿਹੇ ਜੂਠ-ਪੰਥੀਆਂ ਦੇ ਪ੍ਰਥਾਇ ਹੀ ਭਾਈ ਗੁਰਦਾਸ ਜੀ ਨੇ ਉਚਾਰਿਆ ਹੈ ਕਿ :

**ਜੈਨੀ ਜੂਠ ਨ ਉਤਰੈ ਜੂਠੇ ਪਰਸਾਦੇ ॥**

*ਭਾਈ ਗੁਰਦਾਸ ਜੀ, ਵਾਰ ੩੮, ਪਉੜੀ ੧੦*

ਜਿਸ ਤੋਂ ਸਾਫ਼ ਸਿਧ ਹੁੰਦਾ ਹੈ ਕਿ ਜੂਠਾ ਯਾ ਜੂਠ ਦਾ ਖਾਣਾ ਖਾਣ ਦੀ ਖਚਵਿਗੜ ਵਾਦੀ ਵਾਲੀ ਖਲਜਗਣ ਵਿਚ ਜੋ ਪੈ ਗਏ ਹਨ, ਓਹਨਾਂ ਦੀ ਜੂਠ, ਓਹਨਾਂ ਦੇ ਅੰਦਰ ਘਰ ਕਰ ਗਈ ਹੋਈ ਜੂਠ ਕਦੇ ਉਤਰਦੀ ਹੀ ਨਹੀਂ। ਓਹ ਸਰਾਪਾ (ਸਿਰ ਤੋਂ ਪੈਰ ਤਾਈਂ) ਮੁਜੱਸਮ ਜੂਠ ਹੀ ਹੋ ਜਾਂਦੇ ਹਨ। ਤਿਨ੍ਹਾਂ ਜੂਠ-ਪੁੰਜਾਂ ਦੇ ਹੱਥੋਂ ਖਾਣਾ ਜੂਠ ਕ੍ਰਿਆ ਦਾ ਭਾਗੀ ਹੋਣਾ ਹੈ।

ਜਨਮ ਜੀਵਨ ਦਸਿਆ ਹੈ । ਯਥਾ ਗੁਰਵਾਕ :

**ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥**
**ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥**

*ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੬*

ਇਸ ਗੁਰਵਾਕ ਦੇ ਭਾਵ ਅਨੁਸਾਰ ਜਿਤਨੇ ਭੀ ਪ੍ਰਾਣੀ ਗੁਰਮੰਤ੍ਰ ਤੋਂ ਹੀਣੇ ਹਨ, ਓਹਨਾਂ ਦਾ ਜਨਮ ਜੀਵਨ ਧ੍ਰਿਗਾਕਾਰ ਦੇ ਯੋਗ ਹੀ ਨਹੀਂ, ਕਿੰਤੂ ਭ੍ਰਿਸ਼ਟ ਹੈ । ਭ੍ਰਿਸ਼ਟ ਭੀ ਅਜਿਹੇ ਭੈੜੇ ਦਰਜੇ ਦਾ, ਕਿ ਉਨ੍ਹਾਂ ਨੂੰ ਕੂਕਰਾਂ (ਕੁੱਤਿਆਂ), ਸੂਕਰਾਂ (ਸੂਅਰਾਂ), ਗਰਧਭਾਂ (ਗਧਿਆਂ), ਕਾਗਾਂ (ਕਾਵਾਂ), ਸਰਪਾਂ (ਸਪੋਲ੍ਹੀਆਂ) ਦੀ ਤੁਲਨਾ ਦਿਤੀ ਗਈ ਹੈ । ਇਸ ਤੁਲਤਾ ਦੇ ਭੈੜੇ ਭਾਵ ਨੂੰ ਅਤੇ ਭ੍ਰਿਸ਼ਟਤਾ ਭੈੜਪਣ ਨੂੰ ਗੁਰੂ ਕੇ ਸਿੱਖ, ਗੁਰੂ ਕੇ ਸੁਚਿਆਰ ਸਿੰਘ ਮਨ ਬਚ ਕ੍ਰਮ ਕਰਕੇ ਸੱਤਿ ਸੱਤਿ ਕਰਕੇ ਮੰਨਦੇ ਹਨ । ਜੈਸੇ ਕਿ ਬਿਸ਼ਟਾ ਖਾਣਹਾਰੇ ਕੂਕਰਾਂ, ਸੂਕਰਾਂ, ਗਰਧਭਾਂ, ਕਾਗਾਂ, ਸਰਪਾਂ ਤੇ ਖਲ ਪਸ਼ੂਆਂ ਦੀ ਜੀਵਨ ਜੋਨੀ ਭ੍ਰਿਸ਼ਟ ਹੈ ਅਤੇ ਧ੍ਰਿਗਾਕਾਰੀ ਹੈ, ਤੈਸੇ ਹੀ ਗੁਰਮੰਤ੍ਰ ਹੀਣ ਪ੍ਰਾਣੀ ਮਾਤਰ ਦਾ ਜਨਮ ਜੀਵਨ ਧ੍ਰਿਗਾਕਾਰ ਯੋਗ ਅਤੇ ਭ੍ਰਸ਼ਟ ਹੈ । ਐਸੇ ਧ੍ਰਿਗਾਕਾਰੀ ਤੇ ਭ੍ਰਸ਼ਟ ਜੀਵਨੀ ਪ੍ਰਾਣੀਆਂ ਦੇ ਭ੍ਰਿਸ਼ਟ ਕ੍ਰਿਆ ਵਾਲੇ ਹੱਥਾਂ ਦਾ ਬਣਾਇਆ ਵਰਤਾਇਆ ਖਾਣਾ ਖਾਣਾ ਭ੍ਰਿਸ਼ਟ-ਕਰਮੀ ਹੋਣਾ ਅਤੇ ਧ੍ਰਿਗ ਜੀਵਨੀ ਹੋਣ ਦੀ ਫਿਟਕਾਰ ਲੈਣਾ ਹੈ । ਅਤੇ ਅੰਮ੍ਰਿਤ-ਧਾਰੀ ਖਾਲਸਾ ਜੀ ਬਿਨਾਂ ਜਿਤਨੇ ਭੀ ਪ੍ਰਾਣੀ ਆਨਮਤਾਂ ਦੇ ਹਨ, ਸਭ ਗੁਰਮੰਤ੍ਰ ਹੀਣ ਹਨ, ਕਿਉਂਕਿ ਗੁਰਮੰਤ੍ਰ ਦੀ ਪ੍ਰਾਪਤੀ ਅੰਮ੍ਰਿਤ ਛਕਣ ਸਮੇਂ ਕੇਵਲ ਅੰਮ੍ਰਿਤ-ਧਾਰੀ ਸਿੰਘਾਂ ਨੂੰ ਹੀ ਹੋ ਸਕਦੀ ਹੈ ।

**ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥**

*ਆਸਾ ਮ: ੩ ਪਟੀ, ਪੰਨਾ ੪੩੫*

ਗੁਰਵਾਕ ਦੇ ਭਾਵ ਅਨੁਸਾਰ ਸਤਿਗੁਰੂ ਨਾਨਕ ਦਸਮੇਸ਼ ਦਸਾਂ ਗੁਰੂਆਂ ਦੇ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸੱਚੇ ਗੁਰਦੇਵ ਦੇ ਬਾਝੋਂ ਹੋਰ ਕੋਈ ਗੁਰੂ ਸਦਾਵਣ ਦਾ ਅਧਿਕਾਰੀ ਨਹੀਂ । ਜੋ ਜੋ ਭੀ ਗੁਰੂ ਸਦਾਂਵਦੇ ਹਨ, ਸਭਿ ਪਾਖੰਡੀ ਗੁਰੂ, ਭਾਵ, ਮੀਣੇ ਹਨ । ਤਿਨ੍ਹਾਂ ਮੀਣਿਆਂ ਪਖੰਡੀ-ਗੁਰੂਆਂ ਨੂੰ ਧਾਰਨ ਵਾਲੇ ਪ੍ਰਾਣੀ ਸਭ ਨਿਗੁਰੇ ਗੁਰਮੰਤ੍ਰ ਹੀਣ ਹਨ । ਤਾਂ ਤੇ ਅੰਮ੍ਰਿਤ-ਧਾਰੀ ਖਾਲਸਾ ਜੀ ਤੋਂ ਬਿਨਾਂ ਆਨ ਭ੍ਰਿਸ਼ਟਮਤੀਆਂ ਦਾ ਬਣਾਇਆ ਵਰਤਾਇਆ ਖਾਣਾ ਭ੍ਰਿਸ਼ਟ ਅਤੇ ਫਿਟਕਾਰ ਯੋਗ ਹੋਣ ਕਰਕੇ ਨਿਰੀ ਜੂਠ ਵਿਚ ਦਾਖ਼ਲ ਹੈ । ਅਯੋਗ ਜੂਠ ਦਾ ਖਾਣਾ ਭਾਵ ਭ੍ਰਿਸ਼ਟ-ਮਤੀ ਬੇਦੀਨਾਂ (ਆਨਮਤੀਆਂ) ਦੇ ਹੱਥਾਂ ਦਾ ਖਾਣਾ ਖਾ ਕੇ ਬਿਰਤੀ ਅੰਦਰਿ ਭ੍ਰਿਸ਼ਟਤਾ ਧਾ ਜਾਂਦੀ ਹੈ ਅਤੇ ਮਨ ਮਲੀਨ, ਤਨ ਖੀਣ ਅਤੇ ਰਿਦਾ ਅਸ਼ੁਧ ਹੋ ਜਾਂਦਾ ਹੈ । ਤਾਂ ਤੇ 'ਵੇਦੀਨਾ ਕਾ ਖਾਣੁ' ਬੇਦੀਨਾਂ ਦੇ ਹੱਥਾਂ ਦੇ ਖਾਣੇ ਖਾਣ ਦੇ ਅਰਥਾਂ ਵਿਚ ਭੀ ਗੁਰਮਤਿ ਅੰਦਰ ਬਿਬਰਜਤ ਹੈ ।

ਕਈ ਅਕਲਈਏ ਵਿਦਵਾਨ ਪੁਰਸ਼ 'ਵੇਦੀਨਾ ਕਾ ਖਾਣੁ' ਪੰਗਤੀ ਦੇ ਅਰਥ ਬੇਦੀਨਾਂ ਵਾਲਾ ਖਾਣਾ ਖਾਣ ਦੇ ਲਾਉਂਦੇ ਹੋਏ ਆਖਦੇ ਹਨ ਕਿ ਜੋ ਖਾਣਾ ਬੇਦੀਨ ਖਾਂਵਦੇ ਹਨ, ਉਹ ਖਾਣਾ ਖਾਲਸਾ ਜੀ ਨੂੰ ਨਹੀਂ ਖਾਣਾ ਚਾਹੀਦਾ । ਅਰਥਾਤ, ਜਿਸ

ਕਿਸਮ ਦਾ ਖਾਣਾ ਬੇਦੀਨ ਖਾਂਦੇ ਹਨ ਉਸ ਕਿਸਮ ਦਾ ਖਾਣਾ ਖਾਲਸਾ ਜੀ ਨੂੰ ਖਾਣਾ ਉਚਿਤ ਨਹੀਂ। ਇਸ ਪ੍ਰਕਾਰ ਦੇ ਅਰਥ ਲਾਉਣੇ ਬਿਲਕੁਲ ਲਚਰ ਅਤੇ ਵਾਹੀਆਤ ਹਨ, ਕਿਉਂਕਿ ਜੋ ਖਾਣ ਪੀਣ ਦੀਆਂ ਚੀਜ਼ਾਂ ਮਨੁਸ਼ ਦੇ ਖਾਣ ਯੋਗ ਕੁਦਰਤ ਨੇ ਉਪਜਾਈਆਂ ਹਨ, ਉਹਨਾਂ ਖਾਣ ਯੋਗ ਕੁਦਰਤੋਂ ਉਪੰਨੀਆਂ ਮਨੁੱਖ ਦੇ ਖਾਣ ਖ਼ਾਤਰ ਉਪੰਨੀਆਂ ਚੀਜ਼ਾਂ ਵਿਚੋਂ ਚਾਹੇ ਕਿਸੇ ਭੀ ਕਿਸਮ ਦੀਆਂ ਚੀਜ਼ਾਂ ਹੋਣ, ਪ੍ਰਾਣੀ ਮਾਤਰ ਖਾ ਸਕਦਾ ਹੈ, ਭਾਵੇਂ ਦੀਨਦਾਰ ਹੋਵੇ ਭਾਵੇਂ ਬੇਦੀਨ। ਕਿਸੇ ਖ਼ਾਸ ਫ਼ਿਰਕੇ ਵਾਸਤੇ ਉਹ ਵਿਸ਼ੇਸ਼ ਕਰਕੇ ਠੇਕੀਆਂ ਹੋਈਆਂ ਨਹੀਂ ਅਤੇ ਦੂਜਿਆਂ ਫ਼ਿਰਕਿਆਂ ਵਾਸਤੇ ਠਾਕੀਆਂ ਹੋਈਆਂ ਨਹੀਂ।

## ੩੯. ਸੁਕ੍ਰਿਤ ਕਮਾਈ ਦੀ ਪਵਿੱਤ੍ਰਤਾ :

ਹਰੇਕ ਪ੍ਰਕਾਰ ਦਾ ਅਨਾਜ ਜੋ ਬੇਦੀਨ ਖਾਂਦੇ ਹਨ ਤਾਂ ਕੀ ਦੀਨਦਾਰ ਨਹੀਂ ਖਾ ਸਕਦੇ। ਇਹ ਦਲੀਲ ਕਿ ਚੂੰਕਿ ਬੇਦੀਨ ਭੀ ਅਨਾਜ ਖਾਂਦੇ ਹਨ, ਇਸ ਕਰਕੇ ਬੇਦੀਨਾਂ ਵਾਲਾ ਯਾ ਬੇਦੀਨਾਂ ਦਾ ਖ਼ਾਸ ਅਨਾਜ ਦੀਨਦਾਰਾਂ ਵਾਸਤੇ ਅਖਾਜ ਅਨਾਜ ਹੈ, ਕੈਸੀ ਭੱਦੀ ਅਤੇ ਲਚਰ ਦਲੀਲ ਹੈ। ਹਾਂ, ਜੋ ਇਨਸਾਨ ਹੋ ਕੇ ਮਲੇਛੀ (ਹੈਵਾਨੀ) ਖਾਣਾ ਖਾਂਦੇ ਹਨ, ਅਜਿਹੇ ਬੇਦੀਨ ਮਲੇਛਾਂ ਵਾਲਾ ਮਲੇਛੀ ਖਾਣਾ ਖਾਣਾ, ਜੋ ਕਿ ਅਨੇਕ ਅਤੇ ਅਸੰਖ ਮਲੇਛੀ ਮਨੁਖ: "ਅਸੰਖ ਮਲੇਛ ਮਲੁ ਭਖਿ ਖਾਹਿ ॥" (ਜਪੁ) ਗੁਰਵਾਕ ਦੇ ਭਾਵ ਅਨੁਸਾਰ ਖਾਂਦੇ ਹਨ, ਅਸਾਡੇ ਲਈ ਪਹਿਲਾਂ ਹੀ ਬਿਬਰਜਤ ਹੈ। ਜੇ ਹਰ ਕਿਸਮ, ਹਰ ਪ੍ਰਕਾਰ ਦੇ ਖਾਣੇ ਨੂੰ ਛਡ ਕੇ ਬੇਦੀਨਾਂ ਵਾਲੇ ਖ਼ਾਸ ਖ਼ਾਸ ਖਾਣੇ ਨਾ ਖਾਣ ਤੋਂ ਉਹਨਾਂ ਦਾ ਮਤਲਬ ਹੈ ਤਾਂ ਉਹ ਖ਼ਾਸ ਖ਼ਾਸ ਖਾਣੇ ਭੀ ਸਿਰਫ਼ ਓਹੀ ਹੋ ਸਕਦੇ ਹਨ, ਜਿਨ੍ਹਾਂ ਦਾ ਖਾਣਾ ਗੁਰਮਤਿ ਅੰਦਰ ਬਿਬਰਜਤ ਹੈ। ਖਾਣਿਆਂ ਦੀ ਖ਼ਾਸ ਖ਼ਸੂਸੀਅਤ ਅਥਵਾ ਖਾਣਿਆਂ ਦੀ ਕਿਸਮ ਦਾ ਗ੍ਰਿਹਣ ਤਿਆਗ ਅਸਾਡੇ ਲਈ ਗੁਰਮਤਿ-ਕਸੌਟੀ ਉਤੇ ਨਿਰਭਰ ਰਖਦਾ ਹੈ, ਨਾ ਕਿ ਆਨਮਤੀਆਂ ਦੀ ਮਨੌਤੀ ਅਤੇ ਗੀਸ ਘੜੀਸ ਦੀ ਉਲਟਾ ਪੁਲਟੀ ਉਤੇ ਮੁਬੰਨੀ ਹੈ। ਤਾਂ ਤੇ 'ਵੇਦੀਨਾ ਕਾ ਖਾਣੁ' ਰੂਪੀ ਪੰਗਤੀ ਦੇ ਅਰਥ 'ਬੇਦੀਨਾਂ ਵਾਲਾ ਖਾਣਾ' ਕਰਨੇ ਬਿਲਕੁਲ ਬੇਮਾਅਨੇ ਹਨ। ਅਤੇ ਜੇ 'ਵੇਦੀਨਾ ਕਾ ਖਾਣੁ' ਦੇ ਅਰਥ 'ਬੇਦੀਨਾ ਦੇ ਘਰ ਦਾ ਧਾਨ ਖਾਣ' ਦੇ ਲਏ ਜਾਣ, ਜੈਸਾ ਕਿ ਕਈ ਚੁੰਚ ਗਿਆਨੀ ਅਕਸਰ ਅਰਥ ਲਾਉਂਦੇ ਹਨ, ਤਦ ਮੁਫ਼ਤ-ਖ਼ੋਰੇ ਹੋ ਕੇ ਇਸ ਧਾਨ ਦੇ ਖਾਣ ਦਾ ਵਿਧਾਨ ਨਹੀਂ। ਬੇਦੀਨਾਂ ਦੇ ਘਰ ਦਾ ਧਾਨ ਕੀ ? ਕਿਸੇ ਭੀ ਮਨੁਸ਼ ਮਾਤਰ ਦੇ ਘਰ ਦਾ ਧਾਨ, ਭਾਵੇਂ ਦੀਨਦਾਰ ਹੋਵੇ ਭਾਵੇਂ ਖ਼ੇਦੀਨ, ਮੁਫ਼ਤ-ਖ਼ੋਰੇ ਹੋ ਕੇ ਖਾਣਾ ਮਮਨੂਅ (ਵਰਜਿਤ) ਹੈ। ਬਲਕਿ ਹੁਕਮ ਹੈ:

**ਘਾਲਿ ਖਾਇ ਕਿਛੁ ਹਥਹੁ ਦੇਹਿ ॥ ਨਾਨਕ ਰਾਹੁ ਪਛਾਣਹਿ ਸੇਇ ॥੧॥੨੨॥**

*ਸਾਰੰਗ ਕੀ ਵਾਰ, ਸਲੋਕ ਮ: ੧, ਪੰਨਾ ੧੨੪੫*

ਸੁਕ੍ਰਿਤ ਕਮਾਈ ਦੀ ਸਫਲ ਘਾਲਣਾ ਦਾ ਧਾਨ ਖਾਣਾ ਹੀ ਸ੍ਰੇਸ਼ਟ ਹੈ। ਹਾਂ, ਜੇ ਅਸਾਡੀ ਨਿਜ ਸੁਕ੍ਰਿਤ ਕਮਾਈ ਅੰਦਰ ਧਾਨ ਉਪਜਾਉਣ ਦੀ ਪ੍ਰੋਖੋਂ ਨਹੀਂ ਅਤੇ ਦੇਵਨੇਤ ਅਸਾਡਾ ਐਸੇ ਮੰਡਲ ਵਿਚ ਨਿਵਾਸ ਆਣ ਹੋਇਆ ਹੈ ਜਿਥੇ ਕਿ

ਆਨਮਤੀਆਂ ਦੇ ਘਰ ਦੇ ਧਾਨ ਲੈਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ, ਤਦ ਉਸ ਧਾਨ ਨੂੰ ਦੰਮਾਂ ਦੇ ਬਦਲੇ ਬਿਹਾਜ ਕੇ ਯਾ ਹੋਰ ਅੱਟਾ ਸੱਟਾ ਕਰ ਕੇ ਅਤੇ ਫਿਰ ਨਿਜ ਘਾਲਣਾ ਘਾਲ ਕੇ (ਸਜਾ ਬਣਾ ਕੇ) ਉਸ ਧਾਨ ਨੂੰ ਖਾਧਾ ਜਾਵੇ ਤਾਂ ਇਸ ਵਿਚ ਕੋਈ ਹਰਜ ਨਹੀਂ। ਸੁੱਕੀ ਰਸਦ ਕਿਤੋਂ ਭੀ ਮੁਲ ਲੈ ਕੇ ਸਜਾ ਬਣਾ ਕੇ ਛਕੀ ਜਾਵੇ ਤਾਂ ਅਪਰਵਾਣ ਨਹੀਂ। ਹਾਂ, ਉਸ ਦੇ ਸਜਾਵਣ ਬਣਾਵਣ ਉਪਰ ਖ਼ਾਲਸ ਘਾਲ ਖਾਲਸੇ ਦੀ ਘਾਲੀ ਹੋਈ ਹੋਵੇ, ਤਦ ਉਸ ਧਾਨ ਤੋਂ ਸਜੇ ਅੰਨ ਪਕਵਾਨ ਦਾ ਖਾਣ ਬੇਦੀਨਾਂ ਕਾ ਖਾਣ ਨਹੀਂ ਹੋ ਸਕਦਾ। ਓਹ ਧਾਨ ਹੀ ਬੇਦੀਨਾਂ ਕਾ ਨਹੀਂ ਰਹਿ ਗਿਆ, ਬਲਕਿ ਓਥੇ ਇਹ ਕਹਿਣਾ ਫਬਦਾ ਹੈ ਕਿ: 'ਦਾਣਾ ਪਾਣੀ ਗੁਰੂ ਕਾ, ਟਹਿਲ ਭਾਵਨੀ ਤੇ ਸੇਵਾ ਘਾਲਨੀ ਖਾਲਸੇ ਦੀ।' ਰਿਜ਼ਕ ਰੋਜ਼ੀ ਸੰਬਾਹੁਣਹਾਰਾ ਰਾਜ਼ਕ ਦਾਤਾਰ ਗੁਰੂ ਕਰਤਾਰ ਅਕਾਲ ਪੁਰਖ ਸਿਰਜਣਹਾਰ ਹੈ। ਅਤੇ ਸਿਰਜਣਹਾਰ ਦੇ ਸੰਬਾਹੇ ਰਿਜ਼ਕ ਉਤੇ ਸਫਲ ਘਾਲਣਾ ਘਾਲਣੀ ਖਾਲਸੇ ਜੀ ਦੇ ਘਾਲ-ਵਿਰਸੇ ਵਿਚ ਆਉਣ ਕਰਕੇ ਖਾਲਸੇ ਜੀ ਦੀ ਆਪਣੀ ਹੈ। ਏਸ ਸਫਲ ਘਾਲਣਾ ਵਾਲੇ ਸਿਰਜਣਹਾਰੇ ਸੰਬਾਹੇ ਰਿਜ਼ਕ ਦਾ ਖਾਣਾ ਪੀਣਾ ਪਵਿੱਤਰ ਹੈ। ਜੈਸਾ ਕਿ:

**ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥੩॥੧੮॥**

*ਆਸਾ ਦੀ ਵਾਰ, ਮ: ੧, ਪੰਨਾ ੪੭੨*

ਰੂਪੀ ਗੁਰਵਾਕ ਦਾ ਭਾਵ ਹੈ। ਏਸ ਗੁਰ ਪ੍ਰਮਾਣ ਦਾ ਇਹ ਭਾਵ ਨਹੀਂ, ਜੈਸਾ ਕਿ ਚਗਲ ਪੰਥੀ ਅਗਿਆਨੀ ਕੁਮੱਤ-ਮਤੀਏ ਲਾਇਆ ਕਰਦੇ ਹਨ ਕਿ ਜੋ ਕੁਛ ਭੀ ਬਣਿਆ ਹੈ, ਸਭ ਮਨੁਖ ਦੇ ਭਖਸ਼ਣ ਖ਼ਾਤਰ ਹੀ ਬਣਿਆ ਹੈ, ਤਾਂ ਤੇ ਭੱਖ ਅਭੱਖ ਸਭ ਕਿਛ ਖਾ ਲੈਣਾ ਪਵਿੱਤਰ ਹੈ। ਇਹ ਨਿਰਾ ਮਨ ਦੀ ਮਤਿ ਦਾ ਹੋਛਾਪਣ ਹੈ ਅਤੇ ਗੁਰਮਤਿ ਮਤਿ ਤੋਂ ਉੱਕਾ ਹੀ ਉਲਟ ਹੈ। ਉਨ੍ਹਾਂ ਦੀ ਮੂੜ੍ਹ ਮਤਿ ਅਨੁਸਾਰ ਕੀ ਬਿਖਿਆ ਦਾ ਖਾਣਾ, ਮਲ-ਭਖ ਦਾ ਖਾਣਾ ਆਦਿਕ ਸਭ ਪਵਿੱਤਰ ਹੈ? ਕਦਾਚਿੱਤ ਨਹੀਂ! ਜੋ ਰਿਜ਼ਕ ਕਰਤਾਰ ਕਾਦਰੀ ਕੁਦਰਤ ਨੇ ਮਨੁਖ ਦੇ ਖਾਣੇ ਯੋਗ ਸੰਬਾਹਿਆ ਹੈ, ਉਸ ਦੇ ਉਪਰ ਸਫਲ ਘਾਲਣਾ ਘਾਲ ਕੇ ਖਾਣਾ ਖਾਲਸਾ ਜੀ ਲਈ ਪਵਿੱਤਰ ਖਾਣਾ ਹੈ ਅਤੇ ਅਜਿਹਾ, ਕੇਵਲ ਅਜਿਹਾ ਖਾਣਾ ਹੀ ਪਵਿੱਤਰ ਖਾਣਾ ਹੈ। ਅਜਿਹਾ ਭੁੰਚਣ ਯੋਗ ਪਵਿੱਤਰ ਖਾਣਾ ਸਭ ਪਵਿੱਤਰ ਹੈ। ਬਿਖਿਆ, ਬਿਖ, ਹਲਾਹਲ, ਮੁਰਦਾਰ, ਮਲ-ਭਖ ਆਦਿਕ ਅਨੇਕ ਖਾਜ ਅਖਾਜ ਵਸਤੂਆਂ ਹਨ, ਜਿਨ੍ਹਾਂ ਦਾ ਖਾਣਾ ਕਿਸੇ ਹਾਲਤ ਵਿਚ ਭੀ ਮਨੁੱਖ ਦੇ ਅਹਾਰ ਮਾਤਰ ਲਈ ਜਾਇਜ਼ ਨਹੀਂ, ਤਾਂ ਪਵਿੱਤਰ ਕਿਵੇਂ ਹੋ ਗਿਆ? ਕੀ ਸ਼ਰਾਬ, ਮੱਦ ਮਦਰਾ ਦਾ ਖਾਣਾ ਪਵਿੱਤਰ ਹੈ? ਕੀ ਚਰਸ ਤੰਬਾਕੂ ਆਦਿਕ ਪੀਣਾ ਪਵਿੱਤਰ ਹੈ? ਖਾਣਾ ਪੀਣਾ ਪਵਿੱਤਰ ਜੁ ਹੋਇਆ? ਖਾਣ-ਸੂਰੇ, ਭੱਖ ਅਭੱਖ ਦੇ ਸਰਲ ਭੱਖੀ ਆਪਣੀ ਭਖਸ਼ਣ ਵਾਦੀ ਦੇ ਮੁਤਾਬਿਕ ਗੁਰ ਪ੍ਰਮਾਣਾਂ ਦੇ ਮਨ-ਮੰਨੇ ਮਤਲਬ ਘੜ ਲੈਂਦੇ ਹਨ। ਇਹ ਨਹੀਂ ਵਿਚਾਰਦੇ ਕਿ ਉਕਤ ਗੁਰਵਾਕ ਕਿਸ ਪ੍ਰਥਾਇ ਉਚਾਰਿਆ ਗਿਆ ਹੈ, ਅਤੇ ਉਸ ਦੀ ਅਰਥ-ਭਾਵਨੀ ਬਿਵਸਥਾ ਕੀ ਹੈ। ਸਾਰਾ ਵਾਕ ਵਿਚਾਰਦੇ ਨਹੀਂ, ਇਕ ਤੁਕ ਨੂੰ ਫੜ ਕੇ ਆਪੋ ਆਪਣੇ ਸੁਆਰਥ ਦੀ ਪੱਖ ਪੂਰਤੀ ਕਰਦੇ ਹਨ। ਦੇਖੀਏ, ਇਹ ਸਮੁੱਚਾ ਹੀ ਵਾਕ, ਜੋ ਕੇਵਲ ਸੂਤਕ ਦੇ ਖੰਡਨ ਪ੍ਰਥਾਇ ਉਚਾਰਿਆ ਗਿਆ ਹੈ, ਅਸੀਂ ਇੰਨ ਬਿੰਨ ਏਥੇ ਉਤਾਰਦੇ ਹਾਂ:

**ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥**
**ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥**
**ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥**
**ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕੁ ਨਾਹਿ ॥੩॥੧੮॥**

*ਆਸਾ ਦੀ ਵਾਰ, ਮ: ੧, ਪੰਨਾ ੪੭੨-੭੩*

ਇਸ ਗੁਰਵਾਕ ਅੰਦਰ ਸਿਰਫ਼ ਸੂਤਕ ਦੇ ਪਖੰਡ ਦੀ ਭਰਮ-ਨਵਿਰਤੀ ਹੈ ।ਸੂਤਕ ਦੇ ਭਰਮ ਕਰਕੇ ਪਰਸੂਤ ਸਮੇਂ ਜੋ ਹਿੰਦੂ ਮਤ ਦੇ ਪਖੰਡੀ ਜਾਲ ਰਚ ਕੇ ਖਾਣ ਪੀਣ ਨੂੰ ਅਪਵਿੱਤਰ ਗਰਦਾਨ ਰਖਿਆ ਹੈ, ਇਸ ਭਰਮ-ਬਿਖੰਡੀ ਪਖੰਡ ਖੰਡਨੀ ਗੁਰਵਾਕ ਦੁਆਰਾ ਸੋਈ ਖਾਣ ਪਾਣ ਪਵਿੱਤਰ ਪਰਵਾਨਿਆ ਗਿਆ ਹੈ, ਸੋਈ ਖਾਣ ਪੀਣ ਪਰਸੂਤ ਤੋਂ ਪਹਿਲਾਂ ਅਥਵਾ ਅਗੇ ਪਿਛੇ ਹਰ ਸਮੇਂ ਪਵਿੱਤਰ ਹੈ, ਸੋਈ ਪਰਸੂਤ ਦੇ ਸਮੇਂ ਭੀ ਪਵਿੱਤਰ ਹੈ । ਜੋ ਖਾਣ ਪੀਣ ਹਰ ਸਮੇਂ ਪਵਿੱਤਰ ਹੈ, ਪਰਸੂਤ ਦੇ ਸਮੇਂ ਅਪਵਿੱਤਰ ਕਿਉਂ ? ਗੁਰਵਾਕ ਦਾ ਅਭਿਪਰਾ ਇਹੀ ਹੈ ਕਿ ਜਿਵੇਂ ਪਰਸੂਤ ਤੋਂ ਅਗੋਂ ਪਿਛੋਂ ਛਕਦੇ ਛਕਾਉਂਦੇ ਹੋ ਤਿਵੇਂ ਹੀ ਪਰਸੂਤ ਸਮੇਂ ਛਕੋ ਛਕਾਓ; ਸੂਤਕ ਦੇ ਭਰਮ ਕਰਿ ਖਾਣ ਪੀਣ ਨੂੰ ਅਪਵਿੱਤਰ ਮਤ ਸਮਝੋ । ਬਲਕਿ ਪਰਸੂਤ ਦੇ ਸਮੇਂ ਭੀ ਖਾਣਾ ਪੀਣਾ ਸਭ ਐਸਾ ਹੀ ਪਵਿੱਤਰ ਜਾਣੋ, ਜੈਸਾ ਪਰਸੂਤ ਤੋਂ ਅਗੇ ਪਿਛੇ ਜਾਣਦੇ ਹੋ । ਜੋ ਰਿਜ਼ਕ ਰਾਜ਼ਕ ਨੇ ਖਾਣ ਪੀਣ ਰੋਜ਼ੀ ਨਿਰਬਾਹ ਲਈ ਸੰਬਾਹਿਆ ਹੈ, ਸਭ ਪਵਿੱਤਰ ਹੈ । ਨਿਰਬਾਹ ਰੋਜ਼ੀ ਨਮਿਤ ਰਾਜ਼ਕ ਦਾ ਸੰਬਾਹਿਆ ਪਵਿੱਤਰ ਖਾਣ ਪੀਣ ਯੋਗ ਰਿਜ਼ਕ, ਪਰਸੂਤ ਕਰਕੇ ਅਪਵਿੱਤਰ ਨਹੀਂ ਹੋ ਸਕਦਾ । ਪਵਿੱਤਰ ਪੁਨੀਤ ਕਿਰਿਆ (ਰਹਿਤ ਰਹਿਣੀ) ਵਾਲੇ ਗੁਰਮੁਖਾਂ ਨੂੰ ਅਜਿਹਾ ਸੂਤਕ ਪਾਤਕ ਲਗਦਾ ਹੀ ਨਹੀਂ, ਕਿਉਂਕਿ ਉਹ ਸਤਿਗੁਰੂ ਦਾ ਹੁਕਮ ਬੁਝ ਕੇ, ਅਰਥਾਤ, ਗੁਰਮਤਿ ਬੂਝ ਬਿਬੇਕ ਦੁਆਰਾ ਸਦਾ ਹੀ ਪਵਿੱਤਰ ਘਾਲਣਾ ਘਾਲ ਕੇ ਅਹਾਰ ਕਰਦੇ ਹਨ ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਖਾਲਸਾ ਜੀ ਦੀ ਕਿਰਤ ਬਿਰਤ ਧਰਮ ਈਮਾਨ ਵਾਲੀ ਕਿਰਸਾਨ ਕਮਾਈ ਦਾ ਕਮਾਇਆ, ਸਤਿਗੁਰ ਸੰਬਾਹਿਆ ਰਿਜ਼ਕ ਅਨਾਜ ਜੇ ਖਾਲਸਾ ਜੀ ਦੇ ਹੱਥੋਂ ਹੀ ਸਜਾਇਆ ਵਰਤਾਇਆ ਛਕਿਆ ਛਕਾਇਆ ਜਾਵੇ ਤਾਂ ਏਸ ਪਵਿੱਤਰ ਪ੍ਰਸ਼ਾਦ ਦੇ ਛਕਣ ਛਕਾਣ ਵਿਚ ਹੋਰ ਵੀ ਖ਼ਾਸ ਕਲਾ ਪਵਿੱਤਰਤਾਈ ਦੀ ਵਰਤਦੀ ਹੈ । ਅਜਿਹੇ ਪਰਮ ਪਵਿੱਤਰ ਪ੍ਰਸ਼ਾਦ ਦੇ ਜਿਤਨੇ ਭੀ ਗ੍ਰਾਸ ਹਨ, ਸੋ ਅੰਮ੍ਰਿਤ ਦੇ ਗਟਾਕ ਹਨ । ਅਜਿਹੇ ਅੰਮ੍ਰਿਤ-ਗ੍ਰਾਸੀ ਗਟਾਕਾਂ ਸਮੇਂ ਜਿਤਨੇ ਭੀ ਸੁਆਸ ਹਨ, ਸਭ ਸਫਲ ਸੁਆਸ ਹਨ; ਕਿਉਂਕਿ ਇਹ ਗ੍ਰਾਸ ਨਾਮ ਅਭਿਆਸ ਦੀ ਰਹੱਸ ਕਲਾ ਸੰਯੁਕਤ ਹਨ । ਇਹਨਾਂ ਗ੍ਰਾਸਾਂ ਵਾਲਾ ਕੋਈ ਸੁਆਸ ਭੀ ਸਿਮਰਨ-ਕਲਾ ਤੋਂ ਵਾਂਜਾ ਬਿਰਥਾ ਨਹੀਂ ਜਾਂਦਾ ਅਤੇ ਇਸੀ ਬਿਬੇਕ-ਗ੍ਰਾਸੀ ਅਹਾਰ ਦੇ ਭੁੰਚਣਹਾਰੇ, ਸੁਆਸ ਸੁਆਸ ਸਾਸ ਗ੍ਰਾਸ ਪ੍ਰੀਤਮ ਪ੍ਰਭੂ ਦੇ ਸਿਮਰਨਹਾਰੇ ਹਨ ।ਓਹਨਾਂ ਨੂੰ ਹੀ, ਕੇਵਲ ਇਹਨਾਂ (ਅਜਿਹੇ) ਬਿਬੇਕੀ ਜਨਾਂ ਨੂੰ ਗੁਰੂ ਗੁਣਤਾਸ ਸਾਸ ਗ੍ਰਾਸ ਕਦੇ ਨਹੀਂ ਵਿਸਰਦਾ, ਤਿਨ੍ਹਾਂ ਦਾ ਖਾਧਾ ਪੈਧਾ ਭੋਗਿਆ ਭੁੰਚਿਆ ਸਭ ਪਵਿੱਤਰ ਹੈ ਜੋ ਗੁਰਮਤਿ ਬਿਬੇਕ ਦੀ ਮਰਯਾਦਾ ਦਾ ਗੁਰਪ੍ਰਸਾਦੀ ਭੋਜਨ ਅਹਾਰ ਭੁੰਚਦੇ ਹਨ । ਯਥਾ ਗੁਰਵਾਕ :

**ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ ॥**
**ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ**
**ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥**
**ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ**
**ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥**
**ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ**
**ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥**
**ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥੧੯॥**

*ਸੋਰਠਿ ਵਾਰ ਮ: ੪, ਪੰਨਾ ੬੪੮*

ਇਹ ਗੁਰ ਪ੍ਰਮਾਣ ਸਾਖਾ ਭਰਦਾ ਹੈ ਕਿ ਸਾਸ ਗ੍ਰਾਸੀ ਨਾਮ-ਰਤੇ ਅਭਿਆਸੀ ਪ੍ਰਵਾਣ ਗ੍ਰਿਹਸਤ ਉਦਾਸੀ ਗੁਰਮੁਖ ਜਨਾਂ ਦਾ ਖਾਧਾ ਪੈਧਾ ਸਭ ਪਵਿੱਤਰ ਅਤੇ ਸਫਲ ਹੈ । ਉਨ੍ਹਾਂ ਦੀ ਸਫਲ ਕਮਾਈ ਦੀ ਮਾਇਆ ਭੀ ਸਭ ਪਵਿੱਤਰ ਹੈ । ਉਹਨਾਂ ਦੇ ਘਰ ਦਰ ਮਹਿਲ ਸਰਾਈਂ ਭੀ ਸਭ ਪਵਿੱਤਰ ਹਨ ਜਿਥੋਂ ਕਿ ਗੁਰਮੁਖ ਸੇਵਕ ਸਿਖ ਅਭਿਆਗਤ ਵਰੋਸਾਉਂਦੇ ਹਨ । ਤਿਨ੍ਹਾਂ ਪਵਿੱਤਰ ਗ੍ਰਿਹਸਤ-ਧਰਮੀਆਂ ਦੀਆਂ ਅਰਾਕੇ ਆਦਿਕ ਦੀਆਂ ਸਵਾਰੀਆਂ ਭੀ ਸਭ ਪਵਿੱਤਰ ਹਨ, ਜਿਨ੍ਹਾਂ ਦੇ ਉਤੇ ਗੁਰਮੁਖ ਸਿਖ ਸਾਧ ਸੰਤ ਅਸਵਾਰ ਹੁੰਦੇ ਹਨ । ਤਿਨ੍ਹਾਂ ਦੇ ਕਰਮ ਧਰਮ ਕਾਰਜ ਭੀ ਸਾਰੇ ਹੀ ਪਵਿੱਤਰ ਹਨ, ਜਿਨ੍ਹਾਂ ਦੇ ਸਾਸ ਗ੍ਰਾਸ ਅੰਦਰਿ ਹਰ ਛਿਨ ਹਰ ਪਲ ਵਿਖੇ ਗੁਰਮਤਿ ਨਾਮ ਹੀ ਪ੍ਰੋਤਾ ਹੈ । ਪ੍ਰੰਤੂ ਅਜਿਹੇ ਵਡਭਾਗੀ ਗੁਰਮੁਖਿ ਸਿਖ ਸਿਰਫ਼ ਸੋਈ ਹੋ ਸਕਦੇ ਹਨ, ਜੋ ਭਾਵਨੀ ਭਗਤਿ ਭਾਇ ਗੁਰੂ ਦੁਆਰੇ ਜਾਇਕੈ ਗੁਰੂ ਦੀਖਿਆ ਲੈਂਦੇ ਹਨ ਅਤੇ ਮੁਕਤਿ ਭੁਗਤਿ ਜੁਗਤਿ ਦੇ ਦਾਤੇ ਗੁਰੂ ਪਾਸੋਂ ਨਾਮ ਦੀ ਦਾਤਿ-ਇਲਾਹੀ ਪਾ ਕੇ ਅਤੇ ਸੱਚੇ ਸਚਿਆਰ ਗੁਰਮੁਖ ਸਿਖ ਸਜ ਕੇ ਗੁਰੂ ਘਰ ਦੀ ਰਹਿਣੀ ਬਹਿਣੀ ਵਾਲੀ ਬਿਬੇਕ-ਕਮਾਈ ਵਾਲੇ ਗੁਰਮੁਖ ਬਿਬੇਕੀ ਜਨ ਬਣਦੇ ਹਨ । ਇਸ ਗੁਰ ਪ੍ਰਮਾਣ ਦੀ ਦੂਜੀ ਤੁਕ ਤੋਂ ਇਹ ਗੱਲ ਭੀ ਸਪੱਸ਼ਟ ਨਿਰਣੇ ਹੋ ਗਈ ਕਿ ਪਹਿਲੀ ਤੁਕ ਵਿਚ ਵਰਣਨ ਕੀਤੀ ਕਮਾਈ ਵਾਲੇ ਗੁਰਮੁਖ ਜਨਾਂ ਦੇ ਘਰ ਹੀ ਗੁਰਮੁਖਿ ਸਿਖ ਜਾਇ ਕੇ ਭੋਜਨ ਖਾਣਗੇ ਅਤੇ ਸਫਲ ਕਮਾਈ ਵਾਲੇ ਉਤਮ ਬਿਬੇਕੀ ਜਨਾਂ ਦੇ ਪਵਿੱਤਰ ਘਰ ਮੰਦਰ ਮਹਲ ਸਰਾਂ ਵਿਖੇ ਜਾ ਕੇ ਹੀ ਵਰੋਸਾਉਣ ਤ੍ਰਿਪਤਾਉਣਗੇ । ਪਵਿੱਤਰ ਕਮਾਈ ਵਾਲੇ ਗੁਰਮੁਖਾਂ ਦੇ ਹੱਥੋਂ ਤ੍ਰਿਪਤਾ ਕੇ ਪਵਿੱਤਰ ਹੋਈਦਾ ਹੈ, ਉਹਨਾਂ ਦੀ ਸਫਲ ਘਾਲਣਾ ਵਾਲੇ ਪਦਾਰਥਾਂ ਤੋਂ ਵਰੋਸਾਇ ਕੇ ਪਵਿੱਤਰ ਹੋਈਦਾ ਹੈ, ਕਿਉਂਕਿ ਚੌਥੀ ਤੁਕ ਇਸ ਗੁਰਵਾਕ ਦੀ ਦਸਦੀ ਹੈ ਕਿ ਐਸੇ ਗੁਰਮੁਖਿ ਜਨਾਂ ਦੇ ਕਰਮ ਧਰਮ ਕਾਰਜ ਭੀ ਸਭ ਪਵਿੱਤਰ ਹੀ ਹੁੰਦੇ ਹਨ । ਜਿਨ੍ਹਾਂ ਦੇ ਕਰਮ ਧਰਮ ਕਾਰਜ ਪਵਿੱਤਰ ਹਨ, ਉਹਨਾਂ ਦੇ ਕਮਾਏ ਪਦਾਰਥ ਤਾਂ ਪਵਿੱਤਰ ਹੋਣੇ ਹੀ ਸਨ । ਅਜਿਹੇ ਪਵਿੱਤਰ ਪਦਾਰਥਾਂ ਦਾ ਭੁੰਚਣਾ ਭੀ (ਗੁਰਮਤਿ ਬਿਬੇਕ ਜੁਗਤੀ ਅਨੁਸਾਰ ਭੁੰਚਣਾ) ਭੁੰਚਣਹਾਰੇ ਨੂੰ ਅਵੱਸ਼ ਪਵਿਤਰ ਪਾਵਨ ਕਰਦਾ ਹੈ । ਇਸ ਬਿਬੇਕ ਬਿਧੀ ਅਨੁਸਾਰ ਭੋਜਨ ਭੁੰਚਦੇ ਹੋਏ ਸਾਸ ਗ੍ਰਾਸ ਭਗਤਿ ਅਭਿਆਸ ਬਣੇ ਦੀ ਜੁਗਤਿ, ਅਰਥਾਤ, ਸਾਸ ਗ੍ਰਾਸ ਨਾਮੁ ਅਭਿਆਸ ਨ ਵਿਸਾਰਨ ਦੀ ਪੂਰੀ ਜੁਗਤਿ ਸਤਿਗੁਰੂ ਦੇ ਗ੍ਰਿਹ ਵਿਖੇ ਜਨਮ ਲੈ ਕੇ, ਸਤਿਗੁਰੂ ਨੂੰ ਭੇਟਣ ਕਰਿ ਹੀ ਪ੍ਰਾਪਤ ਹੁੰਦੀ ਹੈ ਅਤੇ

ਬਿਬੇਕ ਬਿਧੀ ਪ੍ਰਥਾਇ ਇਹ ਗੁਰਵਾਕ ਉਚਾਰਨ ਹੋਇਆ ਹੈ :

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥੧੯॥**

*ਗੂਜਰੀ ਵਾਰ, ਮ: ੫, ਪੰਨਾ ੫੨੨*

ਭਾਵ, ਸਤਿਗੁਰੂ ਨੂੰ ਭੇਟਣ ਕਰਿ (ਅੰਮ੍ਰਿਤ ਛਕ ਕੇ ਗੁਰੂ ਘਰ ਵਿਖੇ ਜਨਮ ਲੈਣ ਕਰਿ) ਗੁਰਮੁਖਿ ਬਿਬੇਕ ਬਿਧੀ ਅਨੁਸਾਰ ਕਮਾਈ ਕਰਦਿਆਂ ਹੋਇਆਂ (ਅਰਥਾਤ, ਗੁਰਮਤਿ ਬਿਬੇਕ ਨੂੰ ਕਮਾਉਂਦਿਆਂ ਹੋਇਆਂ) ਰਾਜ ਜੋਗ ਮਾਨਣ (ਗ੍ਰਿਹਸਤ ਵਿਚ ਰਹਿ ਕੇ ਭਗਤੀ ਕਮਾਉਣ) ਦੀ ਪੂਰੀ ਜੁਗਤਿ ਬਣਿ ਆਉਂਦੀ ਹੈ ਅਤੇ ਇਸ ਜੁਗਤੀ ਦੇ ਪ੍ਰਾਪਤ ਹੋਣ ਕਰਕੇ ਹੀ ਗੁਰੂ ਕੇ ਸਿੰਘਾਂ ਦੀ ਗ੍ਰਿਹਸਤ ਮਾਰਗ ਵਿਖੇ ਹੀ ਰਹਿੰਦੇ ਹੋਏ ਹਸਦਿਆਂ ਖੇਡਦਿਆਂ ਪਹਿਨਦਿਆਂ ਖਾਂਦਿਆਂ ਕਲਿਆਣ (ਮੁਕਤੀ, ਸਫਲ ਯਾਤ੍ਰਕ ਮੁਕਤੀ) ਹੋ ਜਾਂਦੀ ਹੈ। 'ਹਸੰਦਿਆ ਖੇਲੰਦਿਆਂ' ਤੋਂ ਭਾਵ ਆਤਮ ਵਿਗਾਸ ਦੇ ਅਨੰਦ ਹੁਲਾਸ ਵਿਚ ਹਰ ਦਮ ਵਿਚਰਦਿਆਂ ਕੇਲ ਕਰੇਂਦਿਆਂ ਹੈ। ਇਹ ਅਨੰਦ ਹੁਲਾਸ ਗੁਰਮਤਿ ਸਹਜ ਯੋਗ ਵਾਲੀ ਪ੍ਰੇਮਾ ਭਗਤੀ ਦਾ ਅਵੱਸ਼ਮੇਵੀ ਅਤੇ ਸੁਤੇ ਸਿਧੀ ਸਿੱਟਾ ਤੇ ਸ਼ੁਭ ਲਛਣ ਹੈ। ਆਨਮਤਾਂ ਦੇ ਕਸ਼ਟ ਯੋਗ ਤੇ ਹਠ ਬਿਰਤੀਆਂ ਦੀਆਂ ਕੁਮੱਤ ਕੁਰੀਤੀਆਂ ਦੇ ਕੁਚੱਜ, ਆਨਮਤ-ਕਰਮਚਾਰੀਆਂ (ਕਰਮ-ਕਾਂਡੀਆਂ) ਨੂੰ ਕਦੇ ਵਧਣ ਫੁਲਣ ਤੇ ਖਿੜਨ ਵਿਗਸਣ ਨਹੀਂ ਦਿੰਦੇ ਅਤੇ ਜੋ ਧਰਮ-ਹੀਣ ਬੇਦੀਨ ਭ੍ਰਿਸ਼ਟਾਚਾਰੀ ਹਨ ਉਹ ਵਿਸ਼ੇ ਵਿਕਾਰਾਂ ਵਿਚ ਲੰਪਟ ਹੋਣ ਨੂੰ ਹੀ ਅਨੰਦ ਹੁਲਾਸ ਸਮਝਦੇ ਹਨ, ਪ੍ਰੰਤੂ ਵਾਸਤਵ ਵਿਚ ਇਹ ਵਿਸ਼ੇ ਵਿਕਾਰ ਬਿਖ ਰੂਪ ਅਤੇ ਦੁਖਦਾਈ ਸੰਸੇ ਸੋਗ ਰੋਗ ਦਾ ਮੂਲ ਕਾਰਨ ਹਨ। ਯਥਾ ਗੁਰਵਾਕ :

**ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥**
**ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥੧॥੨੭॥**

*ਆਸਾ ਮ: ੫, ਪੰਨਾ ੪੦੩*

**ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥....੧॥੧॥**

*ਵਾਰ ਸੂਹੀ ਕੀ, ਸਲੋਕੁ ਮ: ੩, ਪੰਨਾ ੭੮੫*

ਵਿਸ਼ੇ ਵਿਕਾਰਾਂ ਦੇ ਖਿਨ-ਭੰਗਰੀ ਸੁਆਦ ਰਸਾਂ ਦਾ ਨਾਉਂ ਅਨੰਦ ਹੁਲਾਸ ਧਰ ਲੈਣਾ ਮੂੜ੍ਹ-ਮਤੀਆਂ ਦਾ ਕੰਮ ਹੈ। ਅਸਲ ਅਨੰਦ ਹੁਲਾਸ ਮੂੜ੍ਹ-ਮਤੀਆਂ ਬੇਦੀਨਾਂ ਧਰਮ-ਹੀਣਾਂ ਨੂੰ ਕਿਥੇ! ਇਹ ਅਨੰਦ ਹੁਲਾਸ, ਸੱਚਾ ਅਸਲ ਅਨੰਦ ਗੁਰੂ ਬਾਝੋਂ ਕਦੇ ਵੀ ਕਿਸੇ ਨੂੰ ਪ੍ਰਾਪਤ ਨਹੀਂ ਹੋ ਸਕਦਾ।

**ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥....੭॥**

*ਰਾਮਕਲੀ ਮ: ੩ ਅਨੰਦੁ, ਪੰਨਾ ੯੧੭*

ਅਤੇ 'ਪੈਨੰਦਿਆ ਖਾਵੰਦਿਆ' ਤੋਂ ਭਾਵ ਪਹਿਨਣ ਖਾਣ ਵਿਚ ਖਚਿਤ ਹੋਣ ਤੋਂ ਨਹੀਂ ਅਤੇ ਨਾਹੀਂ ਪਹਿਨਣ ਖਾਣ ਦੀ ਮੌਜ ਤੇ ਗੁਲਛਰੇ ਉਡਾਉਣ ਦੀ ਖੁਲ੍ਹ-ਖੇਡ ਤੋਂ ਹੈ, ਕਿੰਤੂ ਗ੍ਰਿਹਸਤ ਧਰਮ ਦੀ ਮਰਯਾਦਾ ਨਿਬਾਹੁਣ ਨਿਮਿਤ, ਅਤੇ ਪ੍ਰਵਾਣ

ਗ੍ਰਿਹਸਤ ਉਦਾਸ ਦੇ ਗੁਰਮੁਖ ਗਾਡੀ ਰਾਹੁ ਚਲਾਉਣ ਨਿਮਿਤ, ਗੁਰਮਤਿ ਅਸੂਲਾਂ ਦੀ ਅਨਕੂਲਤਾ ਅਨੁਸਾਰ ਸਰੀਰ ਦੇ ਛਾਦਨ (ਨੰਗ ਢਕਣ) ਲਈ ਅਤੇ ਉਸਨ ਸੀਤ ਤੋਂ ਯਥਾ ਬਿਰਤ ਵਾ ਯਥਾ ਸ਼ਕਤ ਰਖਿਆ ਕਰਨ ਲਈ ਸਾਧਾਰਨ ਸੂਧੇ ਖਾਲਸਈ ਬਸਤਰ (ਗੁਰਮੁਖੀ ਪੁਸ਼ਾਕੇ) ਪਹਿਰਨ ਤੋਂ ਹੈ। ਅਤੇ ਸਰਦਾ ਬਰਦਾ ਗੁਰਮਤਿ ਬਿਬੇਕ ਦੀ ਬਿਉਂਤ ਬਿਧੀ ਵਾਲਾ ਭੋਜਨ ਖਾਣ ਤੋਂ ਹੈ। ਆਨਮਤੀਆਂ, ਨਗਨ-ਪੰਥੀਆਂ (ਨਾਂਗੇ ਅਵਧੂਤਾਂ) ਦੀ ਨਿਆਈਂ ਗੁਰਮਤਿ ਅੰਦਰਿ ਨਗਨ ਰਹਿਣ ਅਤੇ ਬਸਤਰ ਉਤਾਰਿ ਦਿਗੰਬਰ ਹੋਣ ਵਿਚ ਮੁਕਤਿ ਨਹੀਂ ਮੰਨੀ ਗਈ। ਅਤੇ ਨਾ ਹੀ "ਛੋਡਹਿ ਅੰਨੁ ਕਰਹਿ ਪਾਖੰਡ"[1] ਗੁਰਵਾਕ ਦੇ ਭਾਵ ਵਾਲੇ ਅੰਨ-ਤਿਆਗੀਆਂ, ਪਖੰਡੀਆਂ ਦੀ ਨਿਆਈਂ ਅਹਾਰ ਭੋਜਨ ਦੇ ਪਖੰਡ-ਤਿਆਗ ਵਿਚ ਹੀ ਮੁਕਤੀ ਮੰਨੀ ਗਈ ਹੈ ਅਤੇ ਇਸ ਪ੍ਰਕਾਰ ਦੀ ਦਿਗੰਬਰੀ ਅੰਨ-ਅਹਾਰ ਤਿਆਗ-ਕਿਰਿਆ ਨੂੰ ਗੁਰਮਤਿ ਅੰਦਰਿ ਪਾਖੰਡ ਰੂਪ ਸਮਝਿਆ ਗਿਆ ਹੈ। ਇਸ ਕਰਕੇ ਗੁਰਮਤਿ ਮਾਰਗ ਦੀ ਵਿਸ਼ੇਸ਼ਤਾ, ਸ੍ਰੇਸ਼ਟਤਾ ਅਤੇ ਵਿਲੱਖਣਤਾ ਸਿਧ ਕਰਦੇ ਹੋਏ ਇਸ ਗੁਰ ਪ੍ਰਮਾਣ ਦੁਆਰਾ ਅਸੂਲਨ ਸਪੱਸ਼ਟਾਇਆ, ਦ੍ਰਿੜ੍ਹਾਇਆ ਗਿਆ ਹੈ ਕਿ ਖਾਲਸਾ ਧਰਮ ਅੰਦਰਿ ਕਲਿਆਣ ਮੁਕਤੀ ਦੀ ਪ੍ਰਾਪਤੀ ਨਿਮਿਤ ਪਹਿਨਣ ਖਾਣ ਦੇ ਪ੍ਰੀਤਿਆਗ ਦੀ ਲੋੜ ਨਹੀਂ, ਕਿੰਤੂ ਗੁਰਮਤਿ ਬਿਬੇਕ ਜੁਗਤੀ ਅਨੁਸਾਰ "ਪੈਨੰਦਿਆ ਖਾਵੰਦਿਆ" ਹੀ ਮੁਕਤ ਮੋਖ ਨੂੰ ਪ੍ਰਾਪਤ ਹੋ ਸਕੀਦਾ ਹੈ। ਹਾਂ, ਪਹਿਨਣ ਅਤੇ ਖਾਣ ਦੇ ਸੰਜਮ ਜ਼ਰੂਰੀ ਹਨ, ਜਿਨ੍ਹਾਂ ਦਾ ਧਾਰਨ ਕਰਨਾ ਪਰਮ ਜ਼ਰੂਰੀ ਹੈ। ਅਜਿਹਾ ਪਹਿਰਨ ਖਾਵਣ ਪਰਵਾਣ ਨਹੀਂ ਕਿ ਅਹਿਨਿਸ ਪਹਿਰਨ ਖਾਵਣ ਦੇ ਹੋਛੇ ਧੰਦਿਆਂ ਵਿਚ ਖਚਤ ਰਹਿਆ ਜਾਵੇ। ਅਤੇ ਹੋਛੇ ਪਹਿਰਨ ਖਾਣ ਦੀਆਂ ਹੋਛੀਆਂ ਰੰਗ-ਰਲੀਆਂ ਵਿਚ ਲੱਥ ਪੱਥ ਰਹਿਣ ਕਰਕੇ ਨਾਮ-ਰਹੱਸ ਦੇ ਸੱਚੇ ਰੰਗਾਂ ਤੋਂ ਵਾਂਝੇ ਹੀ ਰਿਹਾ ਜਾਵੇ। ਅਤੇ ਨਾਮ ਦੇ ਵਿਸਰਨ ਕਰਿ ਸਾਰਾ ਪਹਿਨਣ ਖਾਣ ਹੀ ਅਪਵਿੱਤਰ ਹੈ। ਯਥਾ ਗੁਰਵਾਕ :

**ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥**
**ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥....੪॥੫॥**

*ਸਿਰੀਰਾਗੁ ਮ: ੧, ਪੰਨਾ ੧੬*

ਅਜਿਹੇ ਧ੍ਰਿਗ ਖਾਵਣ ਅਤੇ ਧ੍ਰਿਗ ਪਹਿਰਨ ਕਰਿ ਮੂੰਹ ਅਤੇ ਸਰੀਰ ਦੇ ਸਰਬ ਅੰਗਾਂ ਦੀ ਇਸ ਬਿਧਿ ਦੁਰਗਤੀ ਹੁੰਦੀ ਹੈ। ਯਥਾ ਗੁਰਵਾਕ :

**ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥**
**ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥੨॥੧੮॥**

*ਗੂਜਰੀ ਵਾਰ, ਮ: ੫, ਪੰਨਾ ੫੨੩*

ਨਾਮ ਦੇ ਇਸ ਸੱਚੇ ਰੰਗ ਲਗੇ ਬਿਨਾਂ ਅਤੇ ਨਾਮ-ਰੰਗਾਂ ਵਿਚ ਰੰਗੀਜੇ ਬਿਹੂਣ ਨਿਰਾ ਪਹਿਰਨ ਖਾਣ ਵਿਚ ਹੀ ਬਤੀਤ ਹੋਇਆ ਜੀਵਨ ਧ੍ਰਿਗ ਜੀਵਨ ਹੈ। ਜਿਨ੍ਹਾਂ ਦੇ ਅੰਦਰਿ ਸੱਚਾ ਨਾਮ ਨਹੀਂ ਵਸਿਆ, ਉਹ ਚਾਹੇ ਲੱਖ ਨਿਆਮਤਾਂ ਖਾਣ ਅਤੇ ਚਾਹੇ ਕਿਤਨੇ ਭੀ ਵੱਡਮੁਲੇ ਪਾਟ-ਪਟੰਬਰੀ ਅਡੰਬਰ ਕਰਨ, ਪਰ ਸੱਚੇ ਨਾਮ ਦੇ ਅਭਿਆਸ

---

1. ਗੋਂਡ ਕਬੀਰ ਜੀ, ॥੩॥੧੧॥ ਪੰਨਾ ੮੭੩

ਬਿਹੂਣ ਸਭੇ ਟੋਲ ਵਿਣਾਸ ਹਨ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ:

**ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥**
**ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥**
**ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥**
**ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥**
**ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥੨॥੧੦॥**

*ਵਾਰ ਮਾਝ ਕੀ, ਮ: ੧, ਪੰਨਾ ੧੪੨*

ਗੁਰਮਤਿ ਬਿਬੇਕ ਦੀ ਪੂਰਨ ਜੁਗਤੀ ਵਾਲੇ ਗੁਰਮੁਖ ਜਨ ਸਦੀਵ ਹੀ ਅਹਾਰ ਦੇ ਸੰਜਮੀ, ਬਿਬੇਕ ਨਿਯਮ ਵਲੋਂ ਹਰ ਪ੍ਰਕਾਰ ਸੁਚੇਤ ਸਾਵਧਾਨ ਰਹਿਣਗੇ। ਖਾਣ ਪੀਣ ਵਿਚ ਓਹ ਖਚਿਤ ਹੋ ਹੀ ਨਹੀਂ ਸਕਦੇ। ਉਹਨਾਂ ਨੂੰ ਜੋ ਭੁੰਚਣ ਯੋਗ ਪਦਾਰਥ ਪ੍ਰਾਰਬਧੀ ਭਾਣੇ ਅਨੁਸਾਰ ਅਚਿੰਤੇ ਹੀ ਆਣ ਪ੍ਰਾਪਤ ਹੋਵੇ, ਉਸੇ ਉਤੇ ਸੰਤੁਸ਼ਟ ਰਹਿਣਗੇ ਅਤੇ ਆਪੋਂ ਮਨ-ਬਾਂਛਤ ਪਦਾਰਥਾਂ ਦੀ ਇੱਛਾ ਆਸ਼ਾ ਹੀ ਓਹਨਾਂ ਨੂੰ ਨਹੀਂ ਫੁਰਦੀ, ਜੈਸਾ ਕਿ ਇਸ ਗੁਰਵਾਕ ਰੂਪੀ ਹੁਕਮ ਦਾ ਅਭਿਪਰਾ ਹੈ:

**ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥....੭॥੭॥**

*ਮਾਰੂ ਮ: ੧, ਪੰਨਾ ੧੦੧੩*

ਜਦੋਂ ਕਿ ਬਿਬੇਕੀ ਜਨਾਂ ਨੂੰ 'ਛਾਦਨ ਭੋਜਨ' ਦੀ ਅਕਾਂਖਿਆ ਹੀ ਨਹੀਂ ਫੁਰ ਸਕਦੀ, ਤਦ ਨਾਨਾ ਪ੍ਰਕਾਰੀ ਭੋਜਨ ਬਿੰਜਨਾਂ ਦੀ ਨਿਆਮਤੀ ਗੁਲਛੱਰੇ-ਬਾਜ਼ੀ ਵਿਚ ਕਦੇ ਉਹ ਪੈ ਸਕਦੇ ਹਨ? ਹਾਂ, ਸੁਤੇ ਸਿਧ ਗੁਰੂ ਪਠਾਏ, ਗੁਰੂ ਵਰੋਸਾਏ ਜੋ ਅਚਿੰਤੇ ਹੀ ਗੁਰੂ ਭਾਣੇ ਅੰਦਰਿ ਆਣ ਪ੍ਰਾਪਤ ਹੋਣ, ਭਾਵੇਂ ਛੱਤੀ ਪ੍ਰਕਾਰੀ ਭੋਜਨ ਹੋਣ, ਭਾਵੇਂ ਰੁੱਖੇ ਸੁੱਖੇ ਭੋਜਨ ਹੋਣ, ਸਭ ਨੂੰ ਇਕਸਾਰ ਅੰਮ੍ਰਿਤ ਰੂਪ ਮੰਨ ਕੇ (ਅੰਮ੍ਰਿਤ ਕਰ ਕੇ) ਹੀ ਵੰਡ ਛਕਣਗੇ ਅਤੇ ਛਕਣਗੇ ਪੂਰਨ ਗੁਰਮਤਿ ਬਿਬੇਕ ਜੁਗਤੀ ਦੇ ਨਿਯਮ ਅਨੁਸਾਰ।

## ੩੭. ਭਲੀ ਸੁਹਾਵੀ ਛਾਪਰੀ:

ਪ੍ਰਿਅ ਪ੍ਰੀਤਮ ਦੇ ਦਰਸ ਪਿਆਸ ਸੁਹਾਗ ਦੇ ਅਕਾਂਖੀਆਂ ਨੂੰ ਭਲਾ ਹੋਰ ਅਡੰਬਰਾਂ ਨਾਲ ਤਾਤਪਰਜ ਕੀ? ਇਉਂ ਉਚ ਅਕਾਂਖਿਆ ਦੇ ਹੋਂਦਿਆਂ ਨਾਮ ਮਹਾਂ ਰਸ ਦਾ ਭੋਜਨ ਅਹਾਰ ਗੁਰਮਤਿ ਬਿਬੇਕ ਦੇ ਧਾਰਨੀ ਗੁਰਮੁਖ ਜਨਾਂ ਨੂੰ ਤ੍ਰਿਪਤ ਕਰਾਵਣਹਾਰ ਹੈ। ਵਡ ਅਡੰਬਰੀ ਭੋਜਨ ਬਿੰਜਨਾਂ ਦੀ ਰੁਚੀ ਉਨ੍ਹਾਂ ਦੀ ਸੁਰਤੀ ਬਿਰਤੀ ਉਤੇ ਕਦੇ ਭੀ ਪ੍ਰਬਲ ਨਹੀਂ ਪੈ ਸਕਦੀ। ਪ੍ਰਬਲ ਤਾਂ ਕੀ ਪੈਣੀ ਸੀ, ਇਹ ਰੁਚੀ ਉਹਨਾਂ ਨੂੰ ਉਪਜ ਵਿਆਪ ਹੀ ਨਹੀਂ ਸਕਦੀ। ਜੈਸਾ ਕਿ ਅਗਲੇ ਗੁਰਵਾਕ ਦਾ ਤਾਤਪਰਜ ਹੈ। ਯਥਾ ਗੁਰਵਾਕ:

**ਵਾਰਿ ਵਾਰਉ ਅਨਿਕ ਡਾਰਉ ॥**
**ਸੁਖ ਪ੍ਰਿਅ ਸੁਹਾਗ ਪਲਕ ਰਾਤ ॥੧॥ਰਹਾਉ॥**

**ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ ॥੧॥**
**ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ ॥**
**ਰੂਖੋ ਭੋਜਨ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩॥੪੨॥**

*ਕਾਨੜਾ ਮ: ੫, ਪੰਨਾ ੧੩੦੬*

ਇਸ ਗੁਰਵਾਕ ਦੇ ਭਾਵ ਤੋਂ ਇਹ ਭੀ ਸਿਧ ਹੋਇਆ ਕਿ ਗੁਰਮੁਖ ਬਿਬੇਕੀ ਜਨਾਂ ਪ੍ਰਿਅ ਪ੍ਰੀਤਮ ਦੇ ਦਰਸ-ਪ੍ਰਯੋਜਨੀਆਂ ਨੂੰ ਅਨਿਕ ਪ੍ਰਕਾਰੀ ਅਤੇ ਵਡ ਅਡੰਬਰੀ ਭੋਗ ਰਸਾਂ ਅਤੇ ਰਾਜ ਮੰਦਰਾਂ ਦੇ ਪਾਟ ਪਟੰਬਰੀ ਸੇਜ ਸੇਜੰਬਰੀ ਸੁਖਾਂ ਨਾਲੋਂ 'ਰੂਖੋ ਭੋਜਨ ਭੂਮਿ ਸੈਨ' ਦੀ ਸਾਧਾਰਨ ਬਿਰਤ ਬਿਖੇ ਸਗੋਂ ਸੁਹਣੀ ਵਿਹਾਉਂਦੀ ਹੈ। ਗੁਰੂ ਘਰ ਵਿਖੇ ਗੁਰਮਤਿ ਬਿਬੇਕੀ ਜਨਾਂ ਦੀ ਗੁਰਮੁਖਿ ਗ਼ਰੀਬੀ ਵਾਲੀ ਬਿਰਤ ਨੂੰ ਤ੍ਰੈਗੁਣੀ ਸਿਕਦਾਰੀ, ਵਡ ਗ੍ਰਿਹੰਬਾਰੀ ਵਾਲੀ ਰਾਜ ਬਿਰਤ ਨਾਲੋਂ ਅਨਿਕ ਗੁਣਾ ਅਧਿਕ ਸ੍ਰੇਸ਼ਟ ਅਤੇ ਸ਼ੋਭਨੀਕ ਮੰਨਿਆ ਪ੍ਰਮੰਨਿਆ ਗਿਆ ਹੈ। ਜੈਸੇ ਕਿ ਅਗਲੇਰੇ ਗੁਰ-ਪ੍ਰਮਾਣ ਦਾ ਭਾਵ ਹੈ। ਯਥਾ ਗੁਰਵਾਕ :

**ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥**
**ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ਰਹਾਉ॥**
**ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ ॥**
**ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥**
**ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥**
**ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥**
**ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥**
**ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥**
**ਸਭੁ ਕਿਛੁ ਤੁਮਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥**
**ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥੧॥੪੧॥**

*ਸੂਹੀ ਮਹਲਾ ੫ ਘਰ ੪, ਪੰਨਾ ੭੪੫*

ਇਸ ਗੁਰਵਾਕ ਦੇ ਭਾਵ ਅਨੁਸਾਰ ਗੁਰਮਤਿ ਬਿਬੇਕੀ ਜਨਾਂ ਨੂੰ ਇਹ ਵਿਵੇਚਨਾ ਪੂਰਤ ਸਿਖਸ਼ਾ ਮਿਲਦੀ ਹੈ ਕਿ ਓਹ ਸਾਧਾਰਨ ਸੂਧੀ ਸਾਦੀ ਕੁਟੀਆ ਤੇ ਕੱਖਾਂ ਕਾਨਿਆਂ ਦੀ ਬਣੀ ਝਉਂਪੜੀ ਹੀ ਭਲੀ ਅਤੇ ਸੁਹਾਵੀ ਹੈ ਕਿ "ਜਾ ਮਹਿ ਗੁਨ ਗਾਏ ॥" ਓਹ ਸਾਧ ਸੰਗ ਦੇ ਬਸੇਬੇ ਵਾਲੀ ਗਰੀਬੀ ਹੀ ਅਨੰਦ ਰੂਪ ਹੈ ਕਿ "ਜਿਤੁ ਪ੍ਰਭ ਚਿਤਿ ਆਏ ॥" ਓਹ ਪੀਸਣੇ ਪੀਸ ਕੇ ਤੇ ਕੰਬਲੀ ਓਢ ਕੇ ਗੁਜ਼ਰਾਨ ਕਰਨ ਵਾਲੀ ਜ਼ਿੰਦਗੀ ਹੀ ਸ਼ੋਭਨੀਕ ਹੈ ਜਿਸ ਕਰਕੇ "ਸੁਖੁ ਮਨੁ ਸੰਤੋਖਾਏ ॥" ਅਤੇ ਜਿਨ੍ਹਾਂ ਦੇ ਬਸਤਰ ਏਤਨੇ ਜੀਰਨ ਅਤੇ ਮਸਤਾਨੇ ਹੋ ਰਹੇ ਹੋਣ ਕਿ ਨੰਗ ਢਕਣ ਦੀ ਭੀ ਓਹਨਾਂ ਕੋਲ ਧ੍ਰੋਖੋਂ ਨਾ ਹੋਵੇ, ਪ੍ਰੰਤੂ ਇਕ ਅਕਾਲ ਦੇ ਰੰਗਾਂ ਵਿਚ ਰੱਤੇ ਮਸਤੁਲ-ਮਸਤ ਫਿਰਦੇ ਹੋਣ, ਤਾਂ ਭੀ ਸੋਭਾ ਪਾਉਂਦੇ ਹਨ ਤੇ ਸੁਹਾਵੇ ਸੋਹਣੇ ਲਗਦੇ ਹਨ। ਪ੍ਰੰਤੂ ਇਸ ਤੋਂ ਉਲਟ ਓਹ ਧਉਲਰ ਮੰਦਰ ਕਿਸੇ ਕੰਮ ਨਹੀਂ ਕਿ "ਜਿਤੁ ਹਰਿ ਬਿਸਰਾਏ ॥" ਅਤੇ ਓਹ ਵਡ-ਪੁਣਾ ਭੱਠ-ਰੂਪ ਹੈ ਜਿਸਦੇ ਕਾਰਨ ਕਿ "ਜਿਤੁ ਨਹ ਤ੍ਰਿਪਤਾਏ ॥" ਅਤੇ ਓਹ ਪਾਟ ਪਟੰਬਰ ਬਿਰਥੇ ਹਨ "ਜਿਹ ਰਚਿ ਲੋਭਾਏ ॥" ਜਿਨ੍ਹਾਂ ਅਡੰਬਰਾਂ ਵਿਚ ਰਚ ਪਚ ਕੇ ਪ੍ਰੀਤਮ ਪਰਵਰਦਗਾਰ ਸੁਆਮੀ

ਸਿਰਜਣਹਾਰ ਦਾ ਨਾਮ ਵਿਸਰ ਜਾਂਦਾ ਹੋਵੇ ਅਤੇ ਜਿਨ੍ਹਾਂ ਵਡਫੂਲੀਆਂ ਕਰਮ ਕਰਤੂਤਾਂ ਕਰਕੇ ਮਾਇਆ ਵਿਚ ਲੰਪਟ ਹੋ ਜਾਈਦਾ ਹੋਵੇ ਅਤੇ ਜਿਨ੍ਹਾਂ ਰਾਜ ਸਾਜ ਦੀਆਂ ਕਾਮਨਾਂ ਕਰ ਕੇ ਕਦੇ ਭੀ ਨਹੀਂ ਤ੍ਰਿਪਤਾਈਦਾ ਹੋਵੇ, ਸਗੋਂ ਓਹਨਾਂ ਵਿਚ ਰਚ ਕੇ ਹੋਰ ਵਧੇਰੇ ਤੋਂ ਵਧੇਰੇ ਲੁਭਾ ਜਾਈਦਾ ਹੋਵੇ, ਅਜਿਹਾ ਕੁਢੰਗਾਂ ਵਿਚ ਪੈਣਾ ਬਿਬਰਜਤ ਹੈ ਅਤੇ ਅਜਿਹਾ ਜੀਵਨ ਜੀਊਣਾ ਹੀ ਬੇ-ਅਰਥ ਹੈ।

## ੩੮. ਰਾਜ ਮਾਲ ਦਾ ਕੂੜਾ ਹੰਕਾਰ ਤੇ ਰਸਾਂ ਕਸਾਂ ਵਿਚ ਭਟਕਣ :

ਅਜਿਹੀ ਜੀਊਣੀ ਜੀਊਣਾ ਜਿਸ ਕਰਕੇ ਕਿ ਪ੍ਰੀਤਮ ਪਿਆਰਾ ਵਿਸਰ ਜਾਂਦਾ ਹੋਵੇ ਅਤੇ ਉਸਦਾ ਨਾਮ ਮਨ ਵਿਚ ਨ ਵਸੇ, ਪਤ ਲੱਥੀ ਵਾਲਾ ਧ੍ਰਿਗ ਜੀਊਣਾ ਹੈ। ਜੈਸਾ ਕਿ ਗੁਰਵਾਕ ਹੈ:

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥**
**ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥**
**ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ ॥**
**ਨਾਨਕ ਠਗਿਆ ਮੁਠਾ ਜਾਇ ॥**
**ਵਿਣੁ ਨਾਵੈ ਪਤਿ ਗਇਆ ਗਵਾਇ ॥੧॥੧੦॥**

*ਵਾਰ ਮਾਝ ਕੀ, ਮ: ੧ ਸਲੋਕੁ, ਪੰਨਾ ੧੪੨*

ਇਸ ਗੁਰਵਾਕ ਦੀਆਂ ਪਿਛਲੀਆਂ ਤੁਕਾਂ ਦੇ ਭਾਵ ਤੋਂ ਨਿਸਚੇ ਹੁੰਦਾ ਹੈ ਕਿ ਰਾਜ ਮਾਲ ਦੇ ਮਦ ਰੂਪੀ ਕੂੜਾਵੀ ਅਤੇ ਕੁਸੰਗੀ ਰੰਗ ਵਿਚ ਰਚ ਕੇ ਜੋ ਮੂੜ੍ਹ ਨਰ ਨਚਦੇ ਫਿਰਦੇ ਹਨ, ਓਹ ਨੰਗ (ਕੰਗਾਲ) ਹਨ। ਓਹਨਾਂ ਦੇ ਹੱਥ ਪੱਲੇ ਕੁਛ ਨਹੀਂ, ਉਹ ਠੱਗੇ ਮੁੱਠੇ ਹੀ ਚਲੇ ਜਾਂਦੇ ਹਨ। ਅਤੇ ਲੱਖ ਚੌਰਾਸੀ ਜੀਅ ਜੋਨ ਅੰਦਰਿ ਨਚਦੇ ਫਿਰਦੇ ਰਹਿੰਦੇ ਹਨ ਅਤੇ ਨਾਮ ਤੋਂ ਵਿਹੂਣ ਆਪਣੀ ਪਤਿ ਗਵਾ ਜਾਂਦੇ ਹਨ। ਅਜਿਹੇ ਨਾਮ ਤੋਂ ਘੁੱਥੇ ਅਤੇ ਪਤ ਲੱਥੀ ਵਾਲਿਆਂ ਦਾ ਜੀਵਨ ਧ੍ਰਿਗ ਜੀਵਨ ਹੈ ਅਤੇ 'ਸਭੁ ਹਰਾਮੁ ਜੇਤਾ ਕਿਛੁ ਖਾਇ' ਰੂਪੀ ਗੁਰ-ਬਚਨ ਅਨੁਸਾਰ ਅਜਿਹਾ ਧ੍ਰਿਗ ਜੀਵਨੀ ਪੁਰਸ਼ ਜੋ ਕਿਛੁ ਭੀ ਖਾਂਦਾ ਭੋਗਦਾ ਹੈ, ਜਿਤਨੇ ਵਡਮੁੱਲੇ ਤੇ ਨਿਆਮਤਾਂ ਵਾਲੇ ਪਦਾਰਥ ਭੋਗਦਾ ਭੁੰਚਦਾ ਹੈ, ਸਭ ਹਰਾਮ ਭੋਗ ਹੋ ਜਾਂਦਾ ਹੈ। ਜਿਸ ਖਾਣੇ ਰਸ ਭੋਜਨ ਉਤੇ ਨਾਮ ਦੀ ਕਲਾ ਨਹੀਂ ਵਰਤੀ, ਜੋ ਖਾਣਾ ਇਸ ਕਲਾ ਵਿਹੂਣੀ ਬਿਬੇਕ ਜੁਗਤੀ ਤੋਂ ਬਾਹਰਾ ਹੈ, ਸਭ ਹਰਾਮ ਖਾਣਾ ਹੈ। ਜੋ ਪੁਰਸ਼ "ਹਰਿ ਚੇਤਿ ਖਾਹਿ ਤਿਨਾ ਸਫਲੁ ਹੈ"[1] ਗੁਰਵਾਕ ਦੇ ਭਾਵ ਅਨੁਸਾਰ ਨਾਮ ਜਪਦੇ ਹਨ, ਤਿਨ੍ਹਾਂ ਦਾ ਖਾਣਾ ਸਫਲ ਹੈ ਅਤੇ ਜੋ ਨਾਮ ਨਹੀਂ ਜਪਦੇ ਅਤੇ ਜਿਨ੍ਹਾਂ ਦੇ ਮੁਖ ਨਾਮ ਤੋਂ ਵਿਹੂਣ ਸੁੰਞੇ ਹਨ, ਤਿਨ੍ਹਾਂ ਦਾ ਰਸ ਕਸ ਭੁੰਚਣਾ ਅਤੇ ਨਾਨਾ ਪ੍ਰਕਾਰ ਦੇ ਖਾਣੇ ਖਾਣਾ : "ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥"[2] ਗੁਰਵਾਕ

1. ਸਿਰੀਰਾਗ ਕੀ ਵਾਰ, ਪਉੜੀ ੮, ਪੰਨਾ ੮੫
2. ਸਲੋਕੁ ਮ: ੧, ਆਸਾ ਦੀ ਵਾਰ,॥੧॥੧੯॥ ਪੰਨਾ ੪੭੩

ਦੇ ਭਾਵ ਅਨੁਸਾਰ ਮੁਹਿ ਥੁੱਕਾਂ ਪੈਣ ਵਾਲੀ ਹਰਾਮ-ਖ਼ੋਰੀ ਕਰਨਾ ਹੈ । ਜੋ ਪੁਰਸ਼ ਨਾਮ ਨਹੀਂ ਉਚਾਰਦੇ, ਜੋ ਨਰ ਨਾਮ-ਅਭਿਆਸੀ ਨਹੀਂ ਅਤੇ ਨਾਮ-ਕਲਾ ਤੋਂ ਥੋਥੇ ਗੁਰਮੰਤ੍ਰ ਹੀਣ ਹਨ, ਤਿਨ੍ਹਾਂ ਦਾ ਤਿਆਰ ਕੀਤਾ, ਅਥਵਾ, ਤਿਨ੍ਹਾਂ ਦੇ ਹੱਥੋਂ ਲੀਤਾ ਖਾਣਾ ਸਭ ਹਰਾਮ ਰੂਪ ਹੀ ਹੈ । ਅਜਿਹਾ ਹਰਾਮ ਖਾਣਾ ਨਾਮ-ਕਲਾ ਤੋਂ ਗਿਰਾਉਂਦਾ ਹੈ । ਹਰਾਮ ਖਾਣਾ ਰਸਾਂ ਕਸਾਂ ਵਿਚ ਲਗਾਉਂਦਾ ਹੈ । ਇਹ ਹਰਾਮ ਖਾਣਾ ਹੋਛੇ ਰਸਾਂ ਕਸਾਂ ਦਾ ਖਾਣਾ ਹੈ । ਹੋਛੇ ਰਸਾਂ ਕਸਾਂ ਵਿਚ ਖੀਣ ਹੋਇਆ ਮਨ ਮਲੀਨ ਹੁੰਦਾ ਹੈ । ਹੋਛੇ ਰਸਾਂ ਕਸਾਂ ਵਾਲੀ ਬਿਰਤੀ ਨਾਮ ਮਹਾਂ ਰਸ ਵਿਚ ਲੀਨ ਨਹੀਂ ਹੋ ਸਕਦੀ, ਏਸੇ ਕਰਕੇ ਸਰਬ ਮਾਇਕ ਰਸ ਬਿਖ ਰੂਪ ਹਨ । ਤਾਹੀਂ ਤੇ ਅਜਿਹੇ ਬਿਖੇ ਰਸਾਂ ਦੇ ਪ੍ਰੀ-ਤਿਆਗ ਪ੍ਰਥਾਇ ਇਹ ਗੁਰਵਾਕ ਰੂਪੀ ਹੁਕਮ ਹੈ :

**ਬਿਖੇ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥**
**ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥੧॥੫॥**

*ਬਿਲਾਵਲੁ ਮ: ੫, ਪੰਨਾ ੮੦੨-੦੩*

ਅਤੇ ਏਸ ਨਾਮ ਮਹਾਂ ਰਸ ਨੂੰ ਛਡ ਕੇ ਜਿਤਨੇ ਭੀ ਹੋਰ ਰਸ-ਅਨਰਸ ਹਨ, ਚਾਹੇ ਓਹਨਾਂ ਨੂੰ ਕਿਤਨਾ ਭੀ ਚਖ ਭਖ ਲਵੋ, ਪਰ ਓਹਨਾਂ ਦੁਆਰਾ ਨਿਮਖ ਭਰ ਭੀ ਤ੍ਰਿਸ਼ਨਾ ਨਹੀਂ ਲਥਦੀ, ਸਗੋਂ ਦਿਨੋ ਦਿਨ ਵਧਦੀ ਜਾਂਦੀ ਹੈ । ਜੈਸੇ ਕਿ ਅਗਲੇਰੇ ਗੁਰਵਾਕ ਦਾ ਭਾਵ ਹੈ :

**ਆਨ ਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥**
**ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥੧॥੮੪॥**

*ਗਉੜੀ ਗੁਆਰੇਰੀ ਮ: ੫, ਪੰਨਾ ੧੮੦*

ਤਾਂ ਤੇ ਗੁਰਮਤਿ ਅਹਾਰ-ਸੰਜਮੀ-ਨਿਯਮ-ਅਸੂਲਾਂ ਵਾਲੀ ਬਿਬੇਕ ਬਿਰਤੀ ਸਮੂਹ ਹੋਛੇ ਰਸਾਂ ਕਸਾਂ ਦਾ ਨਿਰੋਧ ਕਰਾਉਂਦੀ ਹੈ ਅਤੇ ਨਾਮ ਮਹਾਂ ਰਸ ਵਲ ਲਾਉਂਦੀ ਹੈ । ਨਾਮ ਮਹਾਂ ਰਸ ਦੇ ਆਤਮ-ਅਨੰਦ ਅਲਮਸਤ ਮਤਵਾਰਿਆਂ ਨੂੰ ਆਨ ਰਸ ਕਸ ਕਿਵੇਂ ਤੁਛ ਅਤੇ ਹੋਛੇ ਪ੍ਰਤੀਤ ਹੁੰਦੇ ਹਨ, ਸੋ ਅਗਲੇਰਾ ਗੁਰਵਾਕ ਖੋਲ੍ਹ ਕੇ ਦਸਦਾ ਹੈ :

**ਹਰਿ ਰਸੁ ਪੀਵਤ ਸਦ ਹੀ ਰਾਤਾ ॥ ਆਨ ਰਸਾ ਖਿਨ ਮਹਿ ਲਹਿ ਜਾਤਾ ॥**
**ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥ ਆਨ ਰਸਾ ਮਹਿ ਵਿਆਪੈ ਚਿੰਦ ॥੧॥**
**ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥ ਆਨ ਰਸਾ ਸਭਿ ਹੋਛੇ ਰੇ ॥੧॥ਰਹਾਉ॥**
**ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥ ਹਰਿ ਰਸੁ ਸਾਧੂ ਹਾਟਿ ਸਮਾਇ ॥**
**ਲਾਖ ਕਰੋਰੀ ਮਿਲੈ ਨ ਕੇਹ ॥ ਜਿਸਹਿ ਪਰਾਪਤਿ ਤਿਸ ਹੀ ਦੇਹਿ ॥੨॥**
**ਨਾਨਕ ਚਾਖਿ ਭਏ ਬਿਸਮਾਦੁ ॥ ਨਾਨਕ ਗੁਰ ਤੇ ਆਇਆ ਸਾਦੁ ॥**
**ਈਤ ਊਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥੩॥੨੭॥**

*ਆਸਾ ਮ: ੫ ਤਿਪਦੇ, ਪੰਨਾ ੩੭੭*

ਨਾਮ ਮਹਾਂ ਰਸ ਗੀਧੇ, ਪ੍ਰੇਮ ਅੰਮ੍ਰਿਤ ਰਸ ਪ੍ਰੀਧੇ ਨਾਮ ਅੰਮ੍ਰਿਤ ਰਸ ਦੇ ਗਟਾਕ ਰਸ ਚਖ ਕੇ ਬਿਸਮਾਦ ਅਵਸਥਾ ਵਿਚ ਅਰੂੜ੍ਹ ਹੋਏ ਗੁਰਮੁਖ ਬਿਬੇਕੀ ਜਨਾਂ ਨੂੰ ਵਾਸਤਵ

ਵਿਚ ਆਨ ਰਸ ਉੱਕੇ ਹੀ ਵਿਸਰ ਜਾਂਦੇ ਹਨ। ਅਤੇ

**ਸਭਿ ਰਸ ਤਿਨ ਕੈ ਰਿਦੈ ਹਹਿ ਜਿਨ ਹਰਿ ਵਸਿਆ ਮਨ ਮਾਹਿ ॥੧॥੧੭॥**

*ਗਉੜੀ ਕੀ ਵਾਰ, ਸਲੋਕ ਮ: ੪, ਪੰਨਾ ੩੧੦*

ਗੁਰਵਾਕ ਦੇ ਭਾਵ ਅਨੁਸਾਰ ਜਿਸ ਰਸਿਕ ਬੈਰਾਗੀ ਪੁਰਖ ਦੇ ਹਿਰਦੇ ਵਿਖੇ ਮੁਜੱਸਮ ਰਸ ਦਾ ਸਰੂਪ, ਰਾਵਣਹਾਰ ਰਸੀਆ, ਪਰਮ ਅਨੰਦੀ, ਆਨਦ ਕੇਲੀ, ਅਨੰਦ ਚੋਜੀ ਪ੍ਰੀਤਮ ਪਰਮਾਨੰਦ ਪਿਆਰਾ ਅਕਾਲ ਪੁਰਖ ਆਇ ਵਸਿਆ, ਉਸਨੂੰ ਮਾਨੋ ਸਰਬ (ਸਮੂਹ) ਰਸ ਆਇ ਬਣੇ। ਓਹਨਾਂ ਨੂੰ ਕੋਈ ਹੋਰ ਰਸ ਭੁੰਚਣਾ ਬਾਕੀ ਨਹੀਂ ਰਿਹਾ। ਓਹਨਾਂ ਨੂੰ ਕਿਸੇ ਹੋਰ ਰਸ ਦੀ ਲੋੜ ਨਹੀਂ ਰਹੀ। ਓਹ ਦੂਤੀ ਰਸਾਂ ਕਸਾਂ ਵਿਚ ਕਾਹਨੂੰ ਲਪਟਾਉਂਦੇ ਹਨ। ਜੈਸੇ ਕਿ:

**ਜਾ ਕਉ ਰਸੁ ਹਰਿ ਰਸੁ ਹੈ ਆਇਓ ॥**
**ਸੋ ਅਨ ਰਸ ਨਾਹੀ ਲਪਟਾਇਓ ॥੨॥੩੩॥**

*ਗਉੜੀ ਮ: ੫, ਪੰਨਾ ੧੮੬*

ਗੁਰਵਾਕ ਦਾ ਭਾਵ ਹੈ। ਏਹ ਸਭ ਅਨਤ ਸਾਦ ਰਸ, ਵਿਸ਼ੇ ਵਿਕਾਰਾਂ ਦੇ ਉਪਜਾਵਣਹਾਰੇ ਹਨ। ਪੰਚ ਵਿਕਾਰਾਂ ਦੇ ਮਨ ਵਿਖੇ ਵਸਣ ਦਾ ਮੂਲ ਕਾਰਨ ਇਹੀ ਅਨ ਰਸ ਸਾਦ ਹਨ। ਗੁਰਮਤਿ ਬਿਬੇਕ ਬਿਹੂਣ ਏਹਨਾਂ ਹੀ ਵਿਕਾਰਾਂ ਵਿਖੇ ਰਚ ਪਚ ਕੇ ਰਚਨਹਾਰ ਕਰਤਾਰ ਦੇ ਸਿਮਰਨ ਨੂੰ ਸਭ ਸੰਸਾਰ ਵਿਸਾਰੀ ਫਿਰਦਾ ਹੈ।

## ੩੯. ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ:

ਓਹ ਵਿਰਲੇ ਹੀ ਗੁਰਮੁਖ ਬਿਬੇਕੀ ਜਨ ਹਨ ਜੋ ਏਹਨਾਂ ਪੰਚ ਵਿਕਾਰਾਂ ਦੇ ਪਰਪੰਚ ਪਸਾਰੇ ਵਿਚ ਰਚਣ ਪਚਣ ਤੋਂ ਬਚੇ ਹੋਏ ਹਨ ਯਾ ਬਚੇ ਰਹਿੰਦੇ ਹਨ। ਅਤੇ ਜੋ ਬਚਦੇ ਹਨ ਓਹ ਇਸੇ ਰਸ ਕਸ ਬਿਬਰਜਨੀ ਅਤੇ ਅਹਾਰ-ਸੰਜਮੀ ਗੁਰਮਤਿ ਬਿਬੇਕ ਦੇ ਤੁਫ਼ੈਲ ਹੀ ਬਚਦੇ ਹਨ। ਯਥਾ ਗੁਰਵਾਕ:

**ਸਲੋਕੁ: ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥**
**ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥੫॥**
**ਪਉੜੀ ॥ ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ ॥**
**ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ ॥**
**ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ ॥**
**ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ ॥**
**ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ ॥**
**ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ ॥**
**ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ ॥**
**ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ ॥੫॥**

*ਥਿਤੀ ਗਉੜੀ ਮ: ੫, ਪੰਨਾ ੨੯੭*

ਜਿਹੜੇ ਸੁਆਦ ਮੋਹ ਰਸ ਆਦਿ ਵਿਕਾਰਾਂ ਰੂਪੀ ਪਰਪੰਚ ਵਿਚ ਨ ਰਚਣਹਾਰੇ ਬਿਬੇਕੀ ਜਨ ਭਗਵਾਨ ਦੀ ਭਾਉ ਭਗਤੀ ਦੇ ਰੰਗਾਂ ਦੇ ਸਦ ਸੰਗੀ ਹਨ, ਓਹ ਰੰਚਕ ਮਾਤਰ ਭੀ ਮਾਇਆ ਵਿਖੇ ਲਪਾਇਮਾਨ ਨਹੀਂ ਹੁੰਦੇ। ਓਹਨਾਂ ਨੂੰ ਮਾਇਆ ਦਾ ਲੇਪ ਛੇਪ ਰੰਚਕ ਭੀ ਨਹੀਂ ਲਗਦਾ। ਅਤੇ ਜੋ ਗੁਰੂ ਘਰ ਦੀ ਰਸਾਂ ਕਸਾਂ ਤੋਂ ਬਰਜਨ-ਹਾਰੀ ਇਸ ਪੂਰੀ ਜੁਗਤੀ ਵਾਲੇ ਗੁਰਮਤਿ ਬਿਬੇਕ ਤੋਂ ਹੀਣ ਹਨ ਅਤੇ ਲੋਭ ਲਹਿਰ ਦੇ ਹਲਕਾਏ ਹੋਏ ਭਰਮਦੇ ਫਿਰਦੇ ਹਨ, ਓਹ : "ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥"[1] ਗੁਰਵਾਕ ਦੇ ਭਾਂਵ ਅਨੁਸਾਰ ਅਨੇਕ ਕਰਮ ਕਰਦੇ ਹੋਏ ਭੀ ਜਨਮ ਦੇ ਬਹੁ ਜੂਨੀਆਂ ਵਾਲੇ ਗੇੜ ਵਿਚ ਭਰਮਦੇ ਭਟਕਦੇ ਹੀ ਫਿਰਦੇ ਰਹਿੰਦੇ ਹਨ (ਫਿਰਦੇ ਰਹਿਣਗੇ)। ਗੁਰਮਤਿ ਬਿਬੇਕ ਜੁਗਤੀ ਬਿਹੂਣ ਕੋਈ ਕਰਮ ਲੇਖੇ ਨਹੀਂ ਪੈ ਸਕਦਾ, ਭਾਵੇਂ ਕਿਤਨੇ ਹੀ ਕਰਮ ਕੀਤੇ ਜਾਣ। ਸਭ ਨਿਸਫਲ ਹਨ, ਜਦ ਤੀਕ ਕਿ ਗੁਰਮਤਿ ਬਿਬੇਕ ਦੀ ਕਰਮ-ਕਮਾਈ ਵਾਲੀ ਜੁਗਤੀ ਨਹੀਂ ਵਰਤੀ ਜਾਂਦੀ ਅਤੇ ਇਹ ਜੁਗਤੀ ਤਦ ਪ੍ਰਾਪਤ ਹੁੰਦੀ ਹੈ ਕਿ : "ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥"[2] ਦੇ ਭਾਵ ਅਨੁਸਾਰ ਗੁਰੂ ਦੁਆਰੈ ਹੋਇ ਕੈ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਖੰਡੇ ਦਾ ਅੰਮ੍ਰਿਤ ਛਕ ਕੇ ਗੁਰੂ ਧਾਰਨ ਕੀਤਾ ਜਾਵੇ ਅਤੇ ਗੁਰ-ਗਿਆਨ-ਬਿਬੇਕ ਦ੍ਰਿੜ੍ਹਾਵਣਹਾਰੀ ਪੂਰੀ ਗੁਰ-ਦੀਖਿਆ ਲਈ ਜਾਵੇ। ਏਸ ਗੁਰ-ਦੀਖਿਆ ਦੁਆਰਾ ਦ੍ਰਿੜ੍ਹ ਹੋਏ ਗੁਰ-ਗਿਆਨ-ਬਿਬੇਕ ਬਿਹੂਣ ਰਸਾਂ ਕਸਾਂ ਵਾਲੇ ਖਾਣਿਆਂ ਦੀ ਖੁਲ੍ਹ-ਖੇਡ ਵਿਚ ਪੈਣਾ ਮਾਨੋ ਲੋਭ ਲਹਿਰ ਦੇ ਅਸਗਾਹ ਵੇਗ ਵਿਚ ਰੁੜ੍ਹਨਾ ਹੈ। ਜਦ ਤੀਕ ਕਿ ਖਾਣ ਪੀਣ ਦੀ ਸੰਜਮ ਦੀ ਕੋਈ ਜੁਗਤੀ ਪੂਰਤ ਬੰਧੇਜ ਬੰਦਸ਼ ਨਾ ਹੋਵੇ ਤਦ ਤੀਕ ਭੋਗ ਰਸਾਂ ਦੀ ਲੋਭ ਲਹਿਰ ਵਿਚ ਰੁੜ੍ਹਨ ਦਾ ਤੌਖਲਾ ਨਹੀਂ ਮਿਟ ਸਕਦਾ। ਇਹ ਬੰਦਸ਼ ਬੰਧੇਜ ਗੁਰਮਤਿ ਅਸੂਲਾਂ ਤੇ ਬਿਬੇਕ ਨਿਯਮਾਂ ਦੀ ਪਾਬੰਦੀ ਹੈ। ਇਸ ਪਾਬੰਦੀ ਬਿਹੂਣ ਨਫ਼ਸ ਦਾ ਬੰਦਾ ਹੀ ਬਣੇ ਰਹੀਦਾ ਹੈ ਅਤੇ ਗੁਰੂ ਕਾ ਹੁਕਮੀ ਬੰਦਾ ਕਦੇ ਨਹੀਂ ਬਣ ਸਕੀਦਾ। ਏਸ ਹੁਕਮੀ ਬੰਦਾ ਹੋਣ ਵਾਲੀ ਪਾਬੰਦੀ ਦਾ ਪਾਬੰਦ ਹੋਏ ਬਾਝੋਂ ਸਿਫਤਿ-ਸਾਲਾਹ ਰੂਪੀ ਭਗਤੀ ਭੀ ਨਹੀਂ ਹੋ ਸਕਦੀ; ਬਲਕਿ ਜੋ ਜਨ ਗੁਰੂ ਕੇ ਹੁਕਮਾਂ ਦੀ ਪਾਬੰਦੀ ਅੰਦਰ ਭਗਤੀ ਸਿਫਤਿ-ਸਾਲਾਹ ਕਰਦਾ ਕਰਾਉਂਦਾ ਹੈ ਓਹੀ ਗੁਰੂ ਕਾ ਖਾਲਸ ਹੁਕਮੀ ਬੰਦਾ ਹੈ। ਜੈਸਾ ਕਿ ਗੁਰਵਾਕ ਹੈ :

**ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥੪॥੨॥੩੬॥**

*ਆਸਾ ਮ: ੧, ਪੰਨਾ ੩੫੯*

ਜਿਤਨੇ ਭੀ ਸਾਧਨ ਸੰਪੰਨ ਬਿਬੇਕ ਕਰਮ ਮਈ ਗੁਰਮਤਿ ਅਸੂਲ ਹਨ, ਇਹ ਸਭ ਇਸੇ 'ਸਿਫਤਿ-ਸਾਲਾਹ' ਰੂਪੀ ਮੁਖ ਅਤੇ ਸਾਰ ਬਿਬੇਕ ਸੰਬੰਧੀ ਮਾਨੋ ਸਹਾਇਕ ਪਾਬੰਦੀਆਂ ਹਨ, ਜਿਨ੍ਹਾਂ ਪਾਬੰਦੀਆਂ ਅੰਦਰਿ ਰਹੇ ਬਿਨਾਂ 'ਸਿਫਤਿ-ਸਾਲਾਹ' ਦਾ ਕਰਨਾ ਕਰਾਉਣਾ ਅਤੇ ਤੋੜ ਨਿਭਣਾ ਨਿਭਾਉਣਾ ਅਸੰਭਵ ਹੈ। ਕਿਉਂਕਿ ਨਾਮ ਮਹਾਂ ਰਸ ਰੂਪੀ ਸਿਫਤਿ-ਸਾਲਾਹ ਦੇ ਕਮਾਉਣ ਨਿਭਾਉਣ ਨਿਮਿਤ ਆਨ ਹੋਛੇ ਰਸਾਂ ਕਸਾਂ ਦਾ ਨਿਰੋਧ ਕਰਨਾ ਅਤਿ ਜ਼ਰੂਰੀ ਹੈ, ਇਸ ਲਈ ਉਕਤ ਰਸਾਂ ਕਸਾਂ ਦੇ

1. ਭੈਰਉ ਮ: ੩, ॥੧॥੧੯॥ ਪੰਨਾ ੧੧੩੨
2. ਮ: ੫, ਵਾਰ ਗੂਜਰੀ, ॥੨॥੧੬॥ ਪੰਨਾ ੫੨੨

ਉਪਜਾਇਕ ਅਹਾਰ ਖਾਣਿਆਂ ਦੇ ਸੰਜਮਾਂ ਦੀ ਪਾਬੰਦੀ ਅਤੇ ਪਥ ਪਰਹੇਜ਼ ਵਾਲੇ ਗੁਰਮਤਿ ਸਾਧਨ ਸੰਪੰਨ ਅਸੂਲ ਨਿਯਮਾਂ ਦਾ ਪਾਲਣਾ ਕਮਾਉਣਾ ਭੀ ਅਵੱਸ਼ ਜ਼ਰੂਰੀ ਹੈ। ਗੁਰਮਤਿ ਬਿਬੇਕ ਬਿਬਰਜਤ ਅਹਾਰ ਖਾਣਿਆਂ ਤੋਂ ਪਰਹੇਜ਼ ਰੱਖਣ ਦੀ ਪਾਬੰਦੀ ਨ ਰੱਖ ਸਕਣਾ ਗੁਰੂ ਕਾ ਹੁਕਮੀ ਬੰਦਾ ਨਾ ਹੋਣ ਦੇ ਥਾਉਂ ਆਪਣੇ ਨਫ਼ਸ ਦਾ ਬੰਦਾ ਹੋਣਾ ਹੈ। ਅਤੇ ਨਫ਼ਸ ਦਾ ਬੰਦਾ ਬਣ ਕੇ ਰਸਾਂ ਕਸਾਂ ਵਿਚ ਖਚਿਤ ਹੋਣਾ ਹੈ। ਅਤੇ ਰਸਾਂ ਕਸਾਂ ਵਿਚ ਖਚਿਤ ਹੋ ਕੇ ਨਾਮ ਮਹਾਂ ਰਸ ਤੋਂ ਵਾਂਝੇ ਰਹਿ ਜਾਣਾ ਹੈ। ਜੋ ਜਗਿਆਸੂ ਨਾਮ ਮਹਾਂ ਰਸ ਤੋਂ ਵਾਂਝੇ ਜਾਣ ਦੀ ਨਾ ਪਰਵਾਹ ਕਰਦਾ ਹੋਇਆ ਰਸਾਂ ਕਸਾਂ ਵਿਖੇ ਹੀ ਖਚਿਤ ਰਹਿ ਕੇ ਖੀਨ ਖ਼ਰਾਬ ਹੋਣਾ ਚਾਹੁੰਦਾ ਹੈ, ਉਹ ਆਪਣੇ ਨਫ਼ਸ ਦੇ ਅਧੀਨ ਹੈ। ਉਸਦੀ ਮੁਹਾਰ ਮਨ ਦੀ ਮਨਸ਼ਾ ਦੇ ਮਗਰ ਹੈ। ਇਸ ਮਨਸ਼ਾ ਨੂੰ ਮਨ ਅੰਦਰ ਹੀ ਸਮਾਇ ਕੇ ਗੁਰੂ ਦੀ ਹੁਕਮ ਰਜਾਇ ਅੰਦਰ ਚਲਣਾ ਅਨਿੰਨ ਗੁਰਮੁਖਤਾ ਦੀ ਨਿਸ਼ਾਨੀ ਹੈ ਅਤੇ ਮਨਸ਼ਾ ਦੇ ਮਗਰ ਲਗ ਕੇ ਮਨ ਦੀਆਂ ਵਾਗਾਂ ਖੁਲ੍ਹੀਆਂ ਛਡ ਦੇਣਾ ਮਨਮੁਖ ਬਣਨਾ ਹੀ ਨਹੀਂ, ਕਿੰਤੂ ਗੁਰੂ ਤੋਂ ਬੇ-ਮੁਖ ਹੋਣਾ ਹੈ। ਅਹਾਰ ਸੰਬੰਧੀ ਸੰਜਮੀ ਹੁਕਮਾਂ ਦੀ ਬੇਪਰਵਾਹੀ ਤੇ ਬੇ-ਮੁਖਤਾਈ ਦਾ ਕਾਰਨ ਰਸਾਂ ਕਸਾਂ ਦੇ ਮਨਸ਼ਾ ਅਧੀਨੀ ਭੋਗ ਦੀ ਖ਼ਾਤਰ ਲੋਭ ਲਹਿਰ ਵਿਚ ਅੰਨ੍ਹੇ (ਅੰਧੇ) ਹੋਣਾ ਹੈ। ਇਸ ਲੋਭ ਲਹਿਰ ਵਿਚ ਅੰਨ੍ਹੇ ਹੋਣ ਦੀ ਮਨਸ਼ਾ ਨੂੰ ਮਨ ਅੰਦਰ ਹੀ ਸਮਾਏ ਲੈਣ ਪ੍ਰਥਾਇ ਹੁਕਮ ਹੈ। ਯਥਾ ਗੁਰਵਾਕ :

ਮਨਸਾ ਮਨਹਿ ਸਮਾਇਲੇ ਭਉਜਲੁ ਸਚਿ ਤਰਣਾ ॥
ਆਦਿ ਜੁਗਾਦਿ ਦਇਆਲੁ ਤੂ ਠਾਕੁਰ ਤੇਰੀ ਸਰਣਾ ॥੧॥
ਤੂੰ ਦਾਤੌ ਹਮ ਜਾਚਿਕਾ ਹਰਿ ਦਰਸਨੁ ਦੀਜੈ ॥
ਗੁਰਮੁਖਿ ਨਾਮੁ ਧਿਆਈਐ ਮਨ ਮੰਦਰੁ ਭੀਜੈ ॥੧॥ ਰਹਾਉ ॥
ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥
ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥
ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥
ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ ॥੩॥
ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥
ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥
ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥
ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥
ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥੬॥
ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ ॥
ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ ॥੭॥
ਹਰਿ ਕਾ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੀਆ ॥
ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤੁ ਪੀਆ ॥੮॥੧੫॥

*ਆਸਾ ਮਹਲਾ ੧, ਪੰਨਾ ੪੧੯*

ਇਸ ਗੁਰਵਾਕ ਦੀਆਂ ਤੁਕਾਂ ਤੋਂ ਇਹ ਗੁਰਮਤਿ ਬਿਬੇਕ ਭਾਵ ਦ੍ਰਿੜ੍ਹ ਹੁੰਦੇ ਹਨ ਕਿ (੧) ਮਨਸ਼ਾ (ਮਨ ਦੀਆਂ ਆਸਾਂ) ਨੂੰ ਮਨਹਿ ਸਮਾਇ ਲੈਣ ਕਰਕੇ ਭਵਜਲ ਤਰਨ ਦਾ ਸੱਚਾ ਸਰੰਜਾਮ ਬਣ ਆਉਂਦਾ ਹੈ ਅਤੇ ਗੁਰਮੁਖਿ ਨਾਮ ਧਿਆਉਣ ਰੂਪੀ ਸੱਚੇ ਸਰੰਜਾਮ ਲਗਿਆਂ ਓਹੀ ਮਨਸ਼ਾ ਦਾ ਕੇਂਦਰ ਮਨੁ ਅੰਮ੍ਰਿਤ-ਭਿੰਨਾ ਮੰਦਰ ਬਣ ਜਾਂਦਾ ਹੈ। (੨) ਕੂੜਾਵਾ ਲੋਭ ਲਾਲਚ ਛੱਡਣ ਕਰਕੇ ਗੁਰ-ਸ਼ਬਦ ਵਿਖੇ ਸਮਾਈਦਾ ਹੈ ਅਤੇ ਸਾਚ ਪਦਾਰਥ ਸਤਿ ਪੁਰਖ ਨੂੰ ਪਛਾਣੀਦਾ ਹੈ ਅਤੇ ਸੱਚੇ ਪ੍ਰਮਾਰਥ ਨੂੰ ਜਾਣੀਦਾ ਹੈ। (੩) ਇਹ ਮਨੁ ਰੂਪੀ ਰਾਜਾ ਅਜਿਹਾ ਲੋਭੀ ਹੈ ਕਿ ਹੋਰ ਹੀ ਹੋਰ ਲੋਭਾਂ ਵਿਚ ਅਗਾਹਾਂ ਤੋਂ ਅਗਾਹਾਂ ਲੁਭਾਉਂਦਾ ਰਹਿੰਦਾ ਹੈ ਅਤੇ ਰੱਜਦਾ ਕਦੇ ਨਹੀਂ। ਜਿਉਂ ਜਿਉਂ ਲੋਭ ਕਰਦਾ ਹੈ ਤਿਉਂ ਤਿਉਂ ਸਗੋਂ ਹੋਰ ਲੋਭ ਵਧਦਾ ਹੈ। ਅਤੇ ਲੋਭ ਲਹਿਰ ਵਿਚ ਹੀ ਉਲਝਿਆ ਰਹਿੰਦਾ ਹੈ। ਕੇਵਲ ਗੁਰਮਤਿ-ਦੀਖਿਆ ਰੂਪੀ ਬਿਬੇਕ ਬਿਧੀ ਦੁਆਰਾ ਇਹ ਲੋਭ ਨਿਵਾਰ ਸਕੀਦਾ ਹੈ ਅਤੇ ਲੋਭ ਦੇ ਨਿਵਾਰਨ ਹੋਣ ਨਾਲ ਹੀ 'ਹਰਿ ਸਿਉ ਬਨਿ ਆਈ' ਵਾਲੀ ਬਿਧਿ ਬਣਦੀ ਹੈ। (੪) ਲੋਭ ਲਾਲਚ ਵਿਚ ਫਾਥੇ ਪ੍ਰਾਣੀਆਂ ਨੂੰ ਇਹ ਗੁਰ-ਹੁਕਮ ਰੂਪੀ ਹੋਕਰਾ ਮਿਲਦਾ ਹੈ ਕਿ 'ਹੇ ਅੰਧ ਅਗਿਆਨੀ ਬਿਬੇਕ-ਹੀਣ ਪੁਰਸ਼ੋ, ਲਾਲਚ ਨੂੰ ਛਡ ਦੇਵੋ। ਇਸ ਲਾਲਚ ਵਿਚ ਭਾਰੀ ਦੁਖ ਹਨ। ਇਸ ਲਾਲਚ ਦੇ ਛਡੇ ਤੇ ਹੀ ਸਾਚਾ ਸਾਹਿਬ ਮਨ ਵਿਖੇ ਵਸੇਗਾ ਅਤੇ ਹਉਮੈ ਬਿਖ ਦਾ ਬੀਜ ਨਾਸ ਹੋਵੇਗਾ।' ਏਹਨਾਂ ਚਹੁੰਆਂ ਗੁਰਵਾਕਾਂ ਦਾ ਤਤਸਾਰ ਇਹ ਹੈ ਕਿ ਸੱਚੇ ਨਾਮ ਪਦਾਰਥ ਨੂੰ ਮਨ ਵਿਖੇ ਵਸਾਉਣ ਲਈ ਕੂੜਾਵੇ ਮਾਇਕ ਪਦਾਰਥਾਂ ਦੀ ਲਾਲਚ ਮਈ ਮਨਸ਼ਾ-ਲਹਿਰ ਨੂੰ ਮਨ ਵਿਚੋਂ ਦੂਰ ਕਰਨਾ ਪਰਮ ਜ਼ਰੂਰੀ ਹੈ ਅਤੇ ਇਸ ਮਨਸ਼ਾ ਮਈ ਲੋਭ ਲਹਿਰ ਦੀ ਨਵਿਰਤੀ ਦੇ ਹੇਤ ਹੀ ਗੁਰਮਤਿ ਅਹਾਰ ਬਿਬੇਕ ਦੇ ਸੰਜਮ ਨਿਯਮਾਂ ਦਾ ਵਿਸਥਾਰ ਨਿਰਣਾ ਕੀਤਾ ਗਿਆ ਹੈ।

ਉਹ ਅਹਾਰ ਖਾਣ, ਜਿਸ ਦੇ ਖਾਣ ਕਰਕੇ ਮਨ ਵਿਖੇ ਲੋਭ ਲਹਿਰ ਦੀ ਅਪਵਿੱਤ੍ਰਤਾ ਧਾ ਜਾਂਦੀ ਹੋਵੇ, ਜਿਸਦੇ ਕਾਰਨ ਕਿ 'ਸਚੁ'-'ਨਾਮ' ਮਨ ਵਿਚ ਨਾ ਵਸ ਸਕਦਾ ਹੋਵੇ, ਸਭ ਪਵਿੱਤ੍ਰਤਾ ਰਹਿਤ ਅਪਵਿਤਰ ਖਾਣਾ ਹੈ। ਨਾਮ ਬਿਹੂਣ, ਨਾਮ ਰੂਪੀ ਸਿਫਤਿ-ਸਾਲਾਹ ਦੀ ਸਾਰ ਬਿਬੇਕ ਜੁਗਤੀ ਬਿਹੂਣ, ਪੂਰੀ ਗੁਰਮਤਿ ਜੁਗਤੀ ਬਿਹੂਣ ਜਿਤਨਾ ਭੀ ਜੋ ਕੁਛ ਭੀ ਅਡੰਬਰ ਖਾਨ ਪਾਨ ਪਹਿਰਾਨ ਦਾ ਹੈ, ਸਭ ਅਪਵਿੱਤਰ ਹੈ। ਜੈਸਾ ਕਿ ਗੁਰਵਾਕ ਹੈ:

**ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥**
**ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥...੪॥੫॥**

*ਸਿਰੀਰਾਗੁ ਮ: ੧, ਪੰਨਾ ੧੬*

ਗੁਰਮਤਿ ਬਿਬੇਕ ਦਾ ਅਹਾਰ ਭੋਜਨ ਏਸੇ ਕਰਕੇ ਪਵਿੱਤਰ ਹੈ ਕਿ ਇਸ ਨੂੰ ਸਜਾਉਣਹਾਰੇ ਗੁਰਮੁਖ ਬਿਬੇਕੀ ਜਨ ਇਕ ਨਿਮਖ ਮਾਤਰ ਭੀ ਨਾਮ ਨੂੰ ਮਨਹੁ ਨਹੀਂ ਵਿਸਾਰਦੇ ਅਤੇ ਭੋਜਨ ਅਹਾਰ ਤਿਆਰ ਕਰਦੇ ਹੋਏ ਸੁਆਸਿ ਸੁਆਸਿ ਨਾਮ ਦੇ ਅਭਿਆਸ ਦਾ ਪਰਵਾਹ ਜਾਰੀ ਰਖਦੇ ਹਨ ਅਤੇ 'ਅਹਿਨਿਸਿ ਨਾਮਿ ਸੰਤੋਖੀਆ'[1]

1. ਆਸਾ ਮ: ੧, ॥੩॥੨੦॥ ਪੰਨਾ ੪੨੧

ਦੇ ਗੁਰਵਾਕ ਅਨੁਸਾਰ ਨਾਮ ਦੀ ਕਮਾਈ ਕਰਿ ਸੰਤੋਖੇ ਪੋਖੇ ਸੰਤੁਸ਼ਟ ਬਿਰਤ ਰਹਿਣ ਕਰਕੇ ਲੋਭ ਲਹਿਰ ਦੇ ਲੇਪ ਛੇਪ ਤੋਂ ਅਲਿਪਤ ਵਰਤਦੇ ਹਨ। ਪ੍ਰੰਤੂ ਅਜਿਹੇ ਵਡਭਾਗੇ ਬਿਬੇਕੀ ਜਨ ਓਹੀ, ਕੇਵਲ ਓਹੀ ਹੋ ਸਕਦੇ ਹਨ ਜਿਨ੍ਹਾਂ ਨੇ ਗੁਰੂ ਦੁਆਰੇ ਹੋਇ ਕੈ ਸਾਹਿਬ ਸੰਮਾਲਿਆ ਹੋਇਆ ਹੈ ਅਤੇ ਜਿਨ੍ਹਾਂ ਨੇ ਅੰਮ੍ਰਿਤ ਛਕ ਕੇ, ਅੰਮ੍ਰਿਤ ਨਾਮ ਰੂਪੀ ਅਉਖਧੀ ਪਾਨ ਕਰ ਕੇ ਸਭ ਬਿਖੇ ਰਸਾਂ ਨੂੰ ਤੁਛ ਕਰਕੇ ਜਾਤਾ ਹੈ ਅਤੇ ਗੁਰੂ ਦੇ ਹੁਕਮ ਰੂਪੀ ਭਾਣੇ ਨੂੰ ਕਮਾਉਣ ਦਾ ਹੀ ਸੰਜਮੁ ਨੇਹੁ ਕਰਕੇ ਪਛਾਤਾ ਹੈ। ਯਥਾ ਗੁਰਵਾਕ :

**ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥**
**ਗੁਰੂਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥**
**ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥**
**ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥**
**ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ॥**
**ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ॥੨॥੧੫॥**

*ਬਿਹਾਗੜੇ ਕੀ ਵਾਰ, ਮ: ੩, ਪੰਨਾ ੫੫੪*

ਇਸ ਗੁਰਵਾਕ ਅੰਦਰਿ ਦਰਸਾਈ ਸੁਕ੍ਰਿਤ ਕਰਣੀ ਵਾਲੇ ਗੁਰਮੁਖ ਬਿਬੇਕੀ ਜਨਾਂ ਦਾ ਬਿਬੇਕ ਜੁਗਤੀ ਸੰਯੁਕਤ ਸਜਾਇਆ ਅਹਾਰ ਭੋਜਨ ਪ੍ਰਸ਼ਾਦ ਛਕਣਾ ਛਕਾਉਣਾ ਪਰਮ ਪਵਿੱਤਰ ਹੈ।

ਸਿਫਤਿ-ਸਾਲਾਹ ਰੂਪੀ ਸਾਰ ਬਿਬੇਕ ਦੇ ਰਸੀਆਂ ਨੂੰ ਸਦਾ ਸੰਤੋਖ-ਬਿਰਤ ਰਹਿਣ ਦਾ ਹੁਕਮ ਹੈ ਅਤੇ ਸੰਤੋਖ-ਬਿਰਤ ਰਹਿੰਦੇ ਹੋਏ ਅਲਪ-ਅਹਾਰੀ ਹੋਣਾ ਖ਼ਾਸ ਤੌਰ ਤੇ ਜ਼ਰੂਰੀ ਹੈ ਅਤੇ ਇਹ ਅਲਪ ਅਹਾਰ ਭੀ ਧਰਮ ਦੀ ਸੁਕ੍ਰਿਤ ਕਮਾਈ ਕਰ ਕੇ ਛਕਣ ਦਾ ਹੁਕਮ ਹੈ। ਜੈਸਾ ਕਿ ਗੁਰਵਾਕ ਹੈ :

**ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ ॥**
**ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥**
**ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**
**ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥**
**ਵਡਿਆਈ ਵਡਾ ਪਾਇਆ ॥੭॥**

*ਆਸਾ ਦੀ ਵਾਰ, ਪੰਨਾ ੪੬੬-੬੭*

ਭਾਵ—ਕੇਵਲ ਸੰਤੋਖੀ ਜਨਾਂ ਦੀ ਬਿਬੇਕ ਭਾਵਨਾ ਵਾਲੀ ਸੇਵਾ ਘਾਲਣਾ (ਕੀਤੀ) ਹੀ ਪਰਵਾਨ ਪੈਂਦੀ ਹੈ, ਜਿਨ੍ਹਾਂ ਨੇ ਕਿ ਸੱਚ ਸੰਤੋਖ ਬ੍ਰਤ ਧਾਰਨ ਕਰ ਕੇ ਇਕੋ ਸਤਿ ਪੁਰਖ ਨੂੰ ਧਿਆਇਆ ਹੈ।

## ੪੦. ਸਹਜ ਸੰਤੋਖ ਵਿਚ ਅਲਪ ਅਹਾਰ ਕਰਨਾ :

ਅਜਿਹੇ ਸਹਜ ਸੰਤੋਖੀ ਸੇਵਕ ਜਨਾਂ ਗੁਰਮੁਖਿ ਪਿਆਰੇ ਸਚਿਆਰੇ ਇਕ ਅਕਾਲ ਪੁਰਖ ਦੇ ਧਿਆਵਨਹਾਰੇ ਧਰਮ ਸੁਮਾਰਗੀਆਂ ਨੇ ਮੰਦ ਮਤੀ ਅਧਰਮ ਮਾਰਗ ਵਲ

ਕਦੇ ਕਦਮ ਨਹੀਂ ਧਰਿਆ ਅਤੇ ਸਦਾ ਸੁਕ੍ਰਿਤ ਕਮਾਈ ਸੰਪੰਨ ਧਰਮ ਕਰਮ ਨਿਬਾਹਿਆ ਕਮਾਇਆ ਹੈ ਤੇ ਇਸ ਬਿਧਿ ਧਰਮ ਕਮਾਈ ਵਾਲਾ ਗੁਰਮਤਿ ਬਿਬੇਕ ਧਾਰਨ ਕਰਦੇ ਹੋਏ, ਗ੍ਰਿਹਸਤ ਮਾਰਗ ਦੇ ਅੰਦਰ ਰਹਿੰਦੇ ਹੋਏ ਹੀ ਉਹਨਾਂ ਨੇ ਦੁਨੀਆਦਾਰਾਂ (ਸੰਸਾਰੀਆਂ) ਵਾਲੇ ਦੁਨੀਆ ਦੇ ਬੰਧਨ ਤੋੜ ਦਿਤੇ ਹਨ ਅਤੇ ਸੰਸਾਰੀਆਂ ਵਤ ਮਾਇਕ ਪਦਾਰਥਾਂ ਦੇ ਭੋਗ-ਰਸਾਂ ਵਿਚ ਲੁਭਾਇਮਾਨ ਹੋਣ ਵਾਲੀ ਜਕੜ-ਬੰਦੀ ਦੇ ਭੈ ਤੋਂ ਵੈਰਾਗ ਪੂਰਬਕ ਭੈ-ਭੀਤ ਹੋ ਕੇ ਨਿਰਬਾਹ ਮਾਤਰ ਅਲਪ ਅਹਾਰ ਦਾ ਸੰਜਮ ਬਿਬੇਕ ਧਾਰਨ ਕੀਤਾ ਹੈ। ਅਲਪ ਅਹਾਰ ਦੇ ਸੰਜਮ ਬਿਬੇਕ ਧਾਰਨ ਕਰਨ ਦਾ ਮੁਖ ਮੰਤਵ ਭਜਨ ਅਭਿਆਸ (ਸਿਫਤਿ-ਸਾਲਾਹ) ਵਿਖੇ ਸਾਵਧਾਨਤਾ ਪੂਰਬਕ ਤਤਪਰ ਹੋਣਾ ਹੈ। ਆਲਸ ਨਿੰਦ੍ਰਾ ਆਦਿਕ ਜੋ ਭਜਨ ਬ੍ਰਿਤ ਵਿਚ ਬਿਘਨਕਾਰੀ ਹਨ, ਓਹਨਾਂ ਦਾ ਸਹਜ ਅਉਖਧੀ ਰੂਪ ਦਾਰੂ ਇਹ ਅਲਪ ਅਹਾਰ ਹੈ, ਜੈਸਾ ਕਿ "ਖੰਡਿਤ ਨਿਦ੍ਰਾ ਅਲਪ ਅਹਾਰੰ" ਦੇ ਗੁਰਵਾਕ ਤੋਂ ਭੀ ਸਪੱਸ਼ਟ ਹੈ। ਇਹ ਅਲਪ ਅਹਾਰ ਘਰ-ਬਾਰੀ ਗੁਰਸਿੱਖਾਂ ਦੀ ਸਹਜ ਸੰਨਿਆਸ ਬਿਰਤ ਦਾ ਇਕ ਜ਼ਰੂਰੀ ਅੰਗ ਹੈ। ਇਸ ਸਹਜ ਸੰਨਿਆਸ ਵਾਲੀ ਗੁਰਮਤਿ ਜੁਗਤੀ ਨੂੰ ਸ੍ਰੀ ਦਸਮੇਸ਼ ਜੀ ਨੇ ਗੁਰਸਿਖ ਪ੍ਰਤੀ ਇਸ ਬਿਧਿ ਇਸ ਸ੍ਰੀ ਮੁਖਵਾਕ ਦੁਆਰਾ ਦ੍ਰਿੜ੍ਹਾਇਆ ਹੈ, ਯਥਾ:

**ਰੇ ਮਨ ਐਸੋ ਕਰ ਸੰਨਿਆਸਾ ॥**
**ਬਨ ਸੇ ਸਦਨ ਸਬੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥੧॥ਰਹਾਉ॥**
**ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ ॥**
**ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥੧॥**
**ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥**
**ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥੨॥**
**ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਯਾਵੈ ॥**
**ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ ॥੩॥੧॥**

*ਰਾਮਕਲੀ ਪਾਤਿਸ਼ਾਹੀ ੧੦*

ਇਸ ਆਤਮ ਤੱਤ ਦੇ ਦਰਸਾਉਣਹਾਰੇ ਅਤੇ ਪਰਮ ਪੁਰਖ ਨੂੰ ਪ੍ਰਾਪਤ ਕਰਾਉਣਹਾਰੇ ਗੁਰਮਤਿ ਸੰਨਿਆਸ ਦੇ ਸਰਬ ਅੰਗ ਇਹ ਹਨ:

(੧) ਘਰ (ਸਦਨ) ਬਨ ਸਮਸਰ ਕਰਕੇ ਸਮਝਣਾ। (੨) ਵੈਰਾਗ-ਉਦਾਸੀ ਮਨ ਅੰਦਰ ਹੋਣਾ, ਨਾ ਕਿ ਘਰਬਾਰ ਤੋਂ ਉਪਰਾਮ ਹੋ ਕੇ ਬਨਵਾਸ ਗ੍ਰਹਿਣ ਕਰਨਾ। (੩) 'ਏਕਾ ਨਾਰੀ ਜਤੀ' ਵਾਲਾ ਜਤਿੰਦਰੀ ਜਟਾ ਜੂਟ ਬਰਤ ਧਾਰਨਾ। (੪) ਪਰਮ ਤੱਤ ਵਿਖੇ ਬਿਰਤੀ ਜੋੜਨ ਰੂਪੀ ਜੋਗ ਅਭਿਆਸ ਦਾ ਅਮਿਉ ਮਜਨੀ ਹੋਣਾ। (੫) ਇਸ ਪ੍ਰੇਮ ਨੇਮ ਨੂੰ ਨਿਤ ਚੜ੍ਹਦੀ ਕਲਾ ਵਿਖੇ ਨਿਬਾਹੁਣਾ। (੬) ਗੁਰਮਤਿ ਗਿਆਨ ਬਿਬੇਕ ਦੁਆਰਾ ਆਤਮ ਉਪਦੇਸ਼ ਦਾ ਪਰਚਾ ਪਾਈ ਰਖਣਾ। (੭) ਰੋਮ ਰੋਮ ਵਿਖੇ ਨਾਮ ਰੂਪੀ ਬਿਭੂਤ ਨੂੰ ਰਮਾਉਣਾ। (੮) ਅਲਪ ਅਹਾਰ। (੯) ਸੁਲਪ ਸੀ ਨਿੰਦ੍ਰਾ। (੧੦) ਦਇਆ। (੧੧) ਛਿਮਾ। (੧੨) ਪ੍ਰੀਤਿ। (੧੩) ਸੀਲ, ਅਤੇ (੧੪) ਸੰਤੋਖ ਰੂਪੀ ਗੁਣਾਂ ਨੂੰ ਸਰੀਰ ਅੰਦਰ ਪਕਾਉਣਾ ਨਿਰਬਾਹੁਣਾ। (੧੫) ਰਜੋ, ਤਮੋ, ਸਤੋ, ਤ੍ਰਿਹਾਂ ਗੁਣਾਂ ਤੋਂ ਅਤੀਤ ਹੋ ਕੇ ਤੁਰੀਆ ਪਦ ਵਿਚ ਬਿਰਤੀ ਜੋੜੀ ਜਮਾਈ ਰਖਣੀ। (੧੬) ਕਾਮ, (੧੭)

ਕ੍ਰੋਧ, (੧੮) ਹੰਕਾਰ, (੧੯) ਲੋਭ, (੨੦) ਹੂੜਮਤੀ ਹਠ, (੨੧) ਮੋਹ ਨੂੰ ਮਨ ਦੇ ਨੇੜੇ ਨ ਢੁਕਣ ਦੇਣਾ (ਮਨ ਅੰਦਰ ਵੜਨ ਨਾ ਦੇਣਾ)। ਇਸ ਗੁਰਮਤਿ ਸੰਨਿਆਸ ਦੇ ਸਰਬੰਗੀ (ਸਰਬ ਅੰਗੀ ਇਕੀਸ ਅੰਗੀ) ਗੁਣ ਨਿਯਮਾਂ ਨੂੰ ਅਸੀਂ ਤਨ ਸਦਨੀ ਮਨ ਵਿਖੇ ਹੀ ਪਾਲਣਾ ਕਮਾਉਣਾ ਅਥਵਾ ਧਾਰਨ ਕਰਨਾ ਹੈ ਅਤੇ : "ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ"[1] ਵਾਲੇ ਗੁਰ-ਹੁਕਮ ਅਨੁਸਾਰ ਇਸ ਮਨ ਮੰਦਰ ਵਾਲੇ ਤਨ ਨੂੰ ਪਾਲ ਪੋਸ ਕੇ ਇਸ ਦੇ ਅੰਤਰਗਤਿ ਹੀ ਨਾਮ ਨੂੰ ਧਿਆਵਣਾ ਤੇ ਨਾਮੀ ਨੂੰ ਪਾਵਣਾ ਹੈ। ਅਤੇ ਇਸ ਤਨ ਨੂੰ ਪਾਲਣ ਪੋਸਨਹਾਰੇ ਅਹਾਰ ਦਾ ਸਮੀਪੀ ਸੰਬੰਧ ਸਰੀਰ ਨਾਲ ਹੈ। ਤਾਂ ਤੇ ਅਹਾਰ ਦਾ ਅਵੱਸ਼ਮੇਵੀ ਅਸਰ ਪ੍ਰਭਾਵ ਇਹਨਾਂ ਸਰਬੰਗੀ ਸੰਨਿਆਸ ਗੁਣਾਂ ਅੰਗਾਂ ਉਤੇ ਪੈਂਦਾ ਹੈ। ਜਥਾ ਅਹਾਰ ਤਥਾ ਸੰਸਕਾਰ! ਜਥਾ ਅਹਾਰ ਤਥਾ ਰਜੋ ਸਤੋ ਤਮੋ ਗੁਣ। ਕਈ ਅਹਾਰ ਐਸੇ ਹਨ, ਜਿਨ੍ਹਾਂ ਦੇ ਖਾਣ ਕਰਿ ਕਾਮ ਚੇਸ਼ਟਾ ਉਪਜਦੀ ਹੈ। ਕਈ ਅਹਾਰ ਅਜਿਹੇ ਹਨ ਜਿਨ੍ਹਾਂ ਦੇ ਖਾਣ ਕਰਿ ਬਿਰਤੀ ਕ੍ਰੋਧਾਤਰ ਹੋ ਜਾਂਦੀ ਹੈ ਅਤੇ ਅਨੇਕ ਅਹਾਰ ਐਸੇ ਹਨ ਜੋ ਲੋਭ ਲੰਪਟਤਾ ਦੇ ਉਪਜਾਇਕ ਹਨ, ਅਤੇ ਰਜੋ ਗੁਣੀ ਪੁਰਸ਼ਾਂ ਦੇ ਅਹਾਰ ਖਾਣੇ ਉਤੇ ਰਜੋ ਗੁਣ ਦਾ ਅਸਰ ਪੈਂਦਾ ਹੈ। ਤਮੋ ਗੁਣੀ ਪੁਰਸ਼ਾਂ ਦੇ ਬਣਾਏ ਅਹਾਰ ਦਾ ਪ੍ਰਭਾਵ-ਅਸਰ ਖਾਣ ਵਾਲਿਆਂ ਉਤੇ ਤਮੋ ਗੁਣ ਦਾ ਪੈਂਦਾ ਹੈ। ਅਤੇ ਸਤੋ ਗੁਣੀ ਪੁਰਸ਼ਾਂ ਦੇ ਸਜਾਏ ਹੋਏ ਭੋਜਨ-ਪ੍ਰਸ਼ਾਦ ਦੇ ਛਕਣ ਕਰਿ ਸਤ ਸੰਤੋਖ ਆਦਿ ਸਤੋ ਗੁਣਾਂ ਦਾ ਸਮਾਵਣਾ ਹੁੰਦਾ ਹੈ। ਅਹਾਰ ਦੇ ਸੰਜਮ, ਗੁਰਮਤਿ ਬਿਬੇਕ ਸੰਜਮ ਕਰਨ ਕਰਿ ਤਨ ਵਿਖੇ ਮਨ ਵਿਖੇ ਅਵਗੁਣ ਵਿਆਪਦੇ ਹੀ ਨਹੀਂ ਅਤੇ ਗੁਰਮਤਿ ਗੁਣਾਂ ਦਾ ਨਿਵਾਸ ਹੁੰਦਾ ਹੈ, ਜੋ ਗੁਰਮਤਿ ਗੁਣ ਕਿ ਸਿਫਤਿ-ਸਾਲਾਹ ਰੂਪੀ ਸਾਰ-ਬਿਬੇਕ ਦੇ ਸਹਾਇਕ ਸਾਧਨ ਰੂਪ ਹਨ। ਤਾਂ ਤੇ ਗੁਰਮਤਿ ਬਿਬੇਕ ਸੰਜਮੀ ਅਹਾਰ ਕਰਨ ਕਰਿ ਮਨ ਵਿਖੇ ਨਾਮ ਦੇ ਸਹਜ ਸੁਖੈਨੀ ਨਿਵਾਸ ਲਈ ਸੁਤੇ ਸੁਭਾਵੀ (ਸੁਤੇ ਸਿਧੀ) ਸਹਾਇਤਾ ਮਿਲਦੀ ਹੈ। ਅਹਾਰ ਦੇ ਗੁਰਮਤਿ ਬਿਬੇਕੀ (ਗੁਰਮਤਿ ਬਿਬੇਕ ਸੰਬੰਧੀ) ਸੰਜਮਾਂ ਵਿਚ ਅਲਪ ਅਹਾਰ ਭੀ ਇਕ ਅਜਿਹਾ ਬਿਬੇਕ ਸੰਜਮ ਹੈ, ਜਿਸ ਦੇ ਧਾਰਨ ਕੀਤਿਆਂ ਨਾ ਸਿਰਫ਼ ਸਹਜ ਸੰਤੋਖ ਵਾਲਾ ਸੁਭਾਵ ਪਕਦਾ ਹੈ, ਬਲਕਿ ਨਾਮ ਅਧਾਰ ਰਹਿਣ ਵਾਲੀ ਬਿਉਂਤਿ ਬਣ ਆਉਂਦੀ ਹੈ। ਅਲਪ-ਅਹਾਰੀ ਰਹਿ ਕੇ ਨਾਮ-ਅਧਾਰੀ ਹੋਣ ਦਾ ਪਰਚਾ ਪੈਂਦਾ ਹੈ। ਅਤੇ ਇਹ ਪਰਚਾ ਪੈਂਦਾ ਪੈਂਦਾ ਆਤਮ ਅਰੂੜ ਬਿਵਸਥਾ ਦੀਆਂ ਏਵਡ ਉਚੀਆਂ ਉਚਿਆਈਆਂ ਤੀਕ ਅਪੜਾ ਦੇਂਦਾ ਹੈ ਜਿਥੇ ਕੇਵਲ ਨਾਮ-ਅਧਾਰੀ ਹੋ ਕੇ ਨਾਮ ਅਧਾਰ ਦੇ ਆਸਰੇ ਹੀ ਰਹਿ ਸਕੀਦਾ ਹੈ ਅਤੇ ਜਿਥੇ : "ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥"[2] ਦੇ ਭਾਵ ਅਨੁਸਾਰ ਮਾਇਕ ਪਦਾਰਥਾਂ ਦੀਆਂ ਭੁੱਖਾਂ, ਭੋਜਨ-ਬਿੰਜਨ ਦੀਆਂ ਭੁੱਖਾਂ, ਹਰ ਪ੍ਰਕਾਰ ਦੇ ਅਹਾਰਾਂ ਦੀਆਂ ਖੁਧਿਆਮਈ ਭੁੱਖਾਂ ਸਭ ਮਿਟ ਜਾਂਦੀਆਂ ਹਨ। ਉਥੇ ਅਲਪ ਅਹਾਰ ਦੀ ਭੀ ਲੋੜ ਮੁੱਕ ਠੁੱਕ ਜਾਂਦੀ ਹੈ। ਉਸ "ਨੀਦ ਭੂਖ ਸਭ ਪਰਹਰਿ ਤਿਆਗੀ"[3] ਵਾਲੀ ਸਹਜ ਬਿਵਸਥਾ ਦਾ ਇਸ ਪ੍ਰਕਾਰ ਗੁਰ ਪ੍ਰਮਾਣ ਪ੍ਰੋੜ੍ਹਤ ਵਰਣਨ ਹੈ। ਯਥਾ ਗੁਰਵਾਕ :

1. ਮ: ੫, ਬਿਹਾਗੜੇ ਕੀ ਵਾਰ, ॥੨॥੧੪॥ ਪੰਨਾ ੫੫੪
2. ਰਾਮਕਲੀ ਮ: ੩ ਅਨੰਦੁ, ਅੰਕ ੪, ਪੰਨਾ ੯੧੭
3. ਆਸਾ ਛੰਤ ਮ: ੪, ਪੰਨਾ ੪੪੨

**ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥**
**ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥**
**ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮਰਾਮ ਪ੍ਰਗਾਸੁ ॥੧੬॥**

*ਸਲੋਕ ਮ: ੩, ਪੰਨਾ ੧੪੧੪*

ਇਹ ਇਕ ਆਤਮ-ਅਵਸਥਾ ਹੈ ਜਿਥੇ ਕਿ ਗੁਰਮਤਿ ਬਿਬੇਕੀ ਜਨਾਂ ਦੀ ਗੰਮਤਾ (ਪਹੁੰਚ) ਅਲਪ ਅਹਾਰ ਅਤੇ ਅਹਾਰ ਦੀ ਸੰਜਮ-ਬਿਬੇਕ-ਜੁਗਤੀ ਦੇ ਸਹਾਰੇ ਸਿਫਤਿ-ਸਾਲਾਹ ਕਰਦਿਆਂ ਹੋ ਜਾਂਦੀ ਹੈ। ਇਸ ਬਿਵਸਥਾ ਵਿਖੇ ਪਹੁੰਚਣ ਤੋਂ ਪਹਿਲਾਂ, ਭੋਜਨ ਅਹਾਰ ਤੋਂ ਨਿਰ-ਇੱਛਕ ਗਿਰਹੀ-ਸੰਨਿਆਸੀ-ਜੋਗੀ ਵਾਲੀ ਜੁੜਤ ਸਹਜ-ਗਾਥ-ਯੋਗ ਗੁਰਮੁਖਿ ਜਾਗਰਤ ਜੀਵਨੀ ਬਿਵਸਥਾ ਵਿਚ ਦੀ ਜ਼ਰੂਰ ਲੰਘਣਾ ਪੈਂਦਾ ਹੈ, ਜਿਸ ਦਾ ਵਰਣਨ ਇਸ ਪ੍ਰਕਾਰ ਹੈ :

**ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥**
**ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥**
**ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥**
**ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥**
**ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥**
**ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥**
**ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥**
**ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥੭॥**

*ਮਾਰੂ ਮਹਲਾ ੧, ਪੰਨਾ ੧੦੧੩*

ਇਸ ਗੁਰਵਾਕ ਦੇ ਭਾਵ ਤੋਂ ਸਪੱਸ਼ਟ ਨਿਰਣੇ ਹੁੰਦਾ ਹੈ ਕਿ ਮਾਇਕ ਰਸਾਂ ਤੋਂ ਨਿਰਾਸ ਹੋ ਕੇ, ਨਿਰ-ਇਛਤੀ ਹੋ ਕੇ ਗੁਰਮਤਿ-ਬਿਬੇਕ-ਜੁਗਤੀ ਦੁਆਰਾ ਨਾਮ ਮਹਾਂ ਰਸ ਦੀ ਪ੍ਰਾਪਤੀ, ਸਰੀਰ ਰੂਪੀ ਗ੍ਰਹਿ ਨੂੰ ਖੋਜ ਕੇ ਹੀ ਹੁੰਦੀ ਹੈ ਅਤੇ ਇਸ ਨਾਮ ਮਹਾਂ ਰਸ ਸੇਤੀ ਤ੍ਰਿਪਤਾਸੇ ਜਾਣ ਕਰਿ ਸੱਚੀ ਸ਼ਾਂਤ ਹੀ ਸ਼ਾਂਤ ਸਾਰੇ ਸਰੀਰ ਵਿਖੇ ਵਰਤ ਜਾਂਦੀ ਹੈ, ਅਤੇ :

**ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥**
**ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹੁ ਰਸੁ ਨਹੀ ਭਾਵਾ ॥੩੪॥**

*ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ, ਪੰਨਾ ੩੪੨*

ਦੇ ਗੁਰਵਾਕ ਭਾਵ ਅਨੁਸਾਰ ਨਾਮ ਮਹਾਂ ਰਸ ਰੂਪੀ ਸੱਚੇ ਰਸ ਦੇ ਸਰੀਰ ਦੇ ਰੋਮ ਰੋਮ ਅੰਦਰਿ ਰਮ ਜਾਣ ਕਰਕੇ ਆਨ ਰਸਾਂ ਦੀ ਅਕਾਂਖਿਆ ਉੱਕੀ ਹੀ ਦਮਨ ਹੋ ਜਾਂਦੀ ਹੈ। ਅਤੇ ਸਰੀਰ-ਰਸ ਦੇ ਸਰਬ ਭੋਗ-ਰਸ ਅਤੇ ਸ਼ਿੰਗਾਰ ਸਭ ਬਾਦ ਬਿਕਾਰ ਰੂਪ ਹੀ ਹਨ, ਜਦੋਂ ਤਾਈਂ ਪਾਰਸ ਰੂਪੀ ਸ਼ਬਦ (ਨਾਮ) ਸੇਤੀ ਭੇਦਨ ਹੋਇ ਕੈ ਸਰੀਰ ਰੂਪੀ ਚੋਲੜਾ ਸੁਹਾਵਣਾ ਨਹੀਂ ਹੋ ਜਾਂਦਾ। ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ, ਯਥਾ :

**ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥**
**ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰ ਦੁਆਰਿ ॥**

**ਨਾਨਕ ਧੰਨੁ ਸੁਹਾਗਣੀ ਜਿਨ ਸਹਿ ਨਾਲਿ ਪਿਆਰੁ ॥੫॥੧੩॥**

*ਸਿਰੀਰਾਗੁ ਮ: ੧, ਪੰਨਾ ੧੯*

ਨਾਮ ਮਹਾਂ ਰਸ ਤੋਂ ਬਿਹੂਣ ਆਨ ਰਸਾਂ ਦੇ ਭੋਗਣ ਨੂੰ ਵਿਕਾਰ ਰੂਪ ਨਿਰੂਪਨ ਕਰਾਵਣਹਾਰੇ ਵੈਰਾਗ ਤੋਂ ਉਪੰਨੇ ਰਸਾਂ ਕਸਾਂ ਦੇ ਤਿਆਗ ਦੁਆਰਾ ਅਤੇ ਅਹਾਰ-ਸੰਜਮ ਵਾਲੇ ਗੁਰਮਤਿ ਬਿਬੇਕ ਦੁਆਰਾ ਸੱਚੇ ਨਾਮ ਦੀ ਪਾਰਸ ਕਲਾ ਵਰਤਣ ਕਰਿ ਹੀ ਤਨ ਰੂਪੀ ਚੋਲੜਾ ਸੂਚਾ ਅਤੇ ਪਵਿੱਤਰ ਮੰਨਣ ਯੋਗ ਹੈ, ਐਵੇਂ ਨਹੀਂ। ਯਥਾ ਗੁਰਵਾਕ :

**ਤਨੁ ਸੁਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥**
**ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥**
**ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥੨॥੧੫॥**

*ਸਿਰੀਰਾਗੁ ਮ: ੧, ਪੰਨਾ ੧੯*

ਜੋ ਸੱਚੇ ਦੇ ਭੈ ਨਾਲਿ, ਸੱਚੇ ਨਾਮ ਦੇ ਭਾਉ ਨਾਲਿ ਰਤੰਨੀ ਤੇ ਅੰਮ੍ਰਿਤ-ਭਿੰਨੀ ਦੇਹੁਰੀ ਹੈ, ਉਸ ਦੇਹੁਰੀ ਅੰਦਰ ਹੀ ਅੰਮ੍ਰਿਤ ਦੇ ਛਕ-ਛਕਾਉ ਦਾ ਸੱਚਾ ਸੁਆਉ ਬਣਿਆ ਰਹਿੰਦਾ ਹੈ। ਓਥੇ ਕੂੜਾਵੇ ਬਿਖੇ ਰਸਾਂ ਦੀ ਲੋਭ ਮੈਲ ਵਾਲੀ ਜੂਠ ਨਹੀਂ ਵਿਆਪਦੀ। ਤਾਹੀਂ ਤੇ ਲੋਭ ਮੈਲ ਦੀ ਦੁਰਮਤਿ ਤੋਂ ਬਚਾਵਣ ਲਈ ਜਗਿਆਸੂ ਪ੍ਰਤੀ ਗੁਰੂ ਸਾਹਿਬ ਇਸ ਬਿਧਿ ਗੁਰਮਤਿ ਬਿਬੇਕ ਦੀ ਬੁਧਿ-ਦੀਖਿਆ ਦਿੰਦੇ ਹਨ। ਯਥਾ ਗੁਰਵਾਕ :

**ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁੋਭਾਨੁ ॥**
**ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥**
**ਸਾਧੂ ਸਤਿਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥**
**ਮਨ ਰੇ ਹਉਮੈ ਛੋਡਿ ਗੁਮਾਨੁ ॥**
**ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ਰਹਾਉ॥**
**ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥**
**ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥**
**ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਿਗੁਰਿ ਦੀਆ ਨਾਮੁ ॥੨॥੧੯॥**

*ਸਿਰੀਰਾਗੁ ਮ: ੧, ਪੰਨਾ ੨੧*

ਇਸ ਗੁਰਵਾਕ ਦੇ ਭਾਵ ਤੋਂ ਸਿਧ ਹੁੰਦਾ ਹੈ ਕਿ ਜਦ ਤੀਕ ਜਗਿਆਸੂ ਦਾ ਲੋਭੀ ਮਨ ਲੋਭ-ਲਹਿਰ ਵਿਚ ਹੀ ਲੁਭਾਇਮਾਨ ਰਹਿੰਦਾ ਹੈ ਅਤੇ ਸ਼ਬਦ ਨਾਲ ਨਹੀਂ ਭਿਜਦਾ, ਤਦ ਤੀਕ ਅਜਿਹੇ ਮਨ ਦਾ ਮਾਲਕ ਪ੍ਰਾਣੀ ਸਾਕਤ ਦੁਰਮਤੀ ਹੈ ਅਤੇ ਇਸ ਦੁਰਮਤਿ ਦੇ ਕਾਰਨ: "ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ ॥"[1] ਦੇ ਗੁਰ ਭਾਵ ਅਨੁਸਾਰ ਉਸ ਦੇ ਆਵਣ ਜਾਵਣ ਵਾਲੇ ਲੱਖ ਚੌਰਾਸੀ ਜੋਨ ਦਾ ਗੇੜਾ ਨਹੀਂ ਚੁਕਦਾ, ਅਤੇ ਸ਼ਬਦ ਰੂਪੀ ਗੁਣਾਂ ਦਾ ਖ਼ਜ਼ਾਨਾ ਉਦੋਂ ਤੀਕ ਪ੍ਰਾਪਤ ਨਹੀਂ ਹੁੰਦਾ ਜਦ ਤੀਕ ਕਿ ਸਤਿਗੁਰੂ ਰੂਪ ਸੱਚੇ ਸਾਧੂ ਸੰਗਿ ਭੇਟ-ਮਿਲਾਪ

1. ਸੂਹੀ ਮ: ੧, ॥੭॥੫॥ ਪੰਨਾ ੭੬੭

ਦਾ ਸੰਜੋਗ ਨਹੀਂ ਬਣਦਾ। ਸੱਚੇ ਸਤਿਗੁਰੂ ਦੇ ਲੜਿ ਲਗਿਆਂ ਅਤੇ ਲੜ ਲਗ ਕੇ ਹਉਮੈ ਦਾ ਗੁਮਾਨ ਛਡਿਆਂ, ਅਤੇ ਹਉਮੈ ਛਡ ਕੇ ਭਾਉ ਭਗਤੀ ਰੂਪੀ ਸੇਵਾ ਕਮਾਂਵਦਿਆਂ ਦਰਗਹਿ ਮਾਨ ਪਾਈਦਾ ਹੈ ਅਤੇ ਚੁਰਾਸੀ ਦਾ ਫੇਰ ਚੁਕਾਈਦਾ ਹੈ (ਗੇੜ ਮੁਕਾਈਦਾ ਹੈ)। ਫੇਰ ਤਾਂ ਦਿਨਸ ਰਾਤ ਨਾਮ ਦੇ ਜਾਪ ਵਿਖੇ ਹੀ ਵਿਹਾਉਂਦੀ ਹੈ। ਅਤੇ ਇਹ ਨਾਮ ਹੀ 'ਗੁਰਮੁਖਿ ਹਰਿ ਧਨੁ' ਬਣ ਜਾਂਦਾ ਹੈ ਅਤੇ ਇਸ ਨਾਮ ਵਿਖੇ ਹੀ 'ਸਭਿ ਸੁਖ ਹਰਿ ਰਸ ਭੋਗਣੇ' ਵਾਲਾ ਸੱਚਾ ਸੁਆਉ ਬਣਿ ਆਂਵਦਾ ਹੈ। ਇਸ ਨਾਮ ਬਿਹੂਣ ਜੋ ਖਾਵਣਾ ਹੰਢਾਵਣਾ ਹੈ, ਇਸ ਨਾਮ ਨੂੰ ਵਿਸਾਰ ਕੇ ਜੋ ਭੀ ਰਸ ਭੋਗਣਾ ਹੈ ਉਹ ਇਸ ਪ੍ਰਕਾਰ ਦਾ ਹੈ, ਜੈਸਾ ਕਿ ਇਸ ਅਗਲੇਰੇ ਗੁਰਵਾਕ ਅੰਦਰ ਵਰਣਨ ਹੈ:

> **ਨਾਮ ਬਿਨਾ ਜੋ ਪਹਿਰੈ ਖਾਇ ॥ ਜਿਉ ਕੂਕਰੁ ਜੂਠਨ ਮਹਿ ਪਾਇ ॥੧॥...**
> **ਨਾਮੁ ਬਿਸਾਰਿ ਕਰੇ ਰਸ ਭੋਗ ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥੧੦॥**
> *ਗਉੜੀ ਮ: ੫, ਪੰਨਾ ੨੪੦*

ਭੋਗ-ਰਸਾਂ ਰੂਪੀ ਮਾਇਆ ਦੇ ਰੰਗ ਭਾਵੇਂ ਅਨੇਕ ਅਨੇਕ ਹੀ ਪ੍ਰਾਪਤ ਹੋਣ, ਪ੍ਰੰਤੂ ਤ੍ਰਿਖਾ ਤ੍ਰਿਸ਼ਨਾ ਅੰਦਰਲੀ ਕਦੇ ਨਹੀਂ ਬੁਝਦੀ, ਅਤੇ ਨਾਮ ਨਾਲ ਤ੍ਰਿਪਤਾਸ ਕੇ ਰੱਜ ਆ ਜਾਂਦਾ ਹੈ ਅਤੇ ਸਭ ਭੋਗ-ਰਸਾਂ ਦੀ ਤ੍ਰਿਖਾ ਤ੍ਰਿਸ਼ਨਾ ਮਿਟ ਕੇ ਸੰਤੁਸ਼ਟਤਾ ਪ੍ਰਾਪਤ ਹੋ ਜਾਂਦੀ ਹੈ। ਜੈਸਾ ਕਿ ਗੁਰਵਾਕ ਹੈ:

> **ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥**
> **ਹਰਿ ਕਾ ਨਾਮੁ ਜਪਤ ਆਘਾਵੈ ॥...੨॥੨॥**
> *ਗਉੜੀ ਸੁਖਮਨੀ ਮ: ੫, ਪੰਨਾ ੨੬੪*

ਇਸ ਨਾਮ-ਸੰਤੁਸ਼ਟਤਾ ਪ੍ਰਾਪਤ ਹੋਈ ਤੋਂ ਬਿਨਾਂ ਭਾਵੇਂ: "ਅਨਿਕ ਭੋਗ ਬਿਖਿਆ ਕੇ ਕਰੈ ॥" ਪ੍ਰੰਤੂ "ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥" ਅਤੇ "ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥" ਤਥਾ "ਨਾਮ ਰੰਗਿ ਸਰਬ ਸੁਖੁ ਹੋਇ ॥ ਬਡਭਾਗੀ ਕਿਸੈ ਪ੍ਰਾਪਤਿ ਹੋਇ ॥"[1] **ਗੁਰਵਾਕ ਦੇ ਭਾਵ ਅਨੁਸਾਰ ਨਾਮ** ਦੇ ਰੰਗ ਰਸ ਅੰਦਰਿ ਹੀ ਸੁਖ-ਸੰਤੁਸ਼ਟਤਾ ਹੈ। ਇਸ ਨਾਮ ਮਹਾਂ ਰਸ ਦੀ ਸੁਖ-ਸੰਤੁਸ਼ਟਤਾ ਅਮੁਕ ਅਤੇ ਅਮਿਟ ਹੈ।

## ੪੧. ਬਿਬੇਕੀ ਤੱਤ ਖਾਲਸੇ ਦਾ ਮੁਕਤਿ ਜੁਗਤਿ ਭੁਗਤਿ :

ਦੇਹੁਰੀ ਵਿਚੋਂ ਜੀਉ (ਜੀਵ ਆਤਮਾ) ਨਿਕਸ ਕੇ ਜਦੋਂ ਚਲਾਣੇ, ਪਰਲੋਕ ਪਿਆਨੇ ਕਰਦਾ ਹੈ, ਉਸ ਬਿਖਮ ਦੁਰਾਡੇ ਪੈਂਡੇ ਵਿਖੇ ਉਸ ਨੂੰ ਆਘਾਵਨ ਹਿਤ ਸਿਵਾਏ ਨਾਮ ਦੇ ਹੋਰ ਕਿਸੇ ਪਦਾਰਥ ਦਾ ਤੋਸ਼ਾ ਸੰਗ ਸਾਥ ਨਹੀਂ ਜਾਂਦਾ। ਯਥਾ ਗੁਰਵਾਕ:

> **ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥..**
> **ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥੨॥**
> *ਗਉੜੀ ਸੁਖਮਨੀ ਮ: ੫, ਪੰਨਾ ੨੬੪*

---

1. ਗਉੜੀ ਸੁਖਮਨੀ ਮ: ੫, ॥੫॥੧੨॥ ਪੰਨਾ ੨੭੯

ਆਦਿਕ ਗੁਰ ਪ੍ਰਮਾਣਾਂ ਤੋਂ ਸਿਧ ਹੁੰਦਾ ਹੈ ਕਿ ਨਾਮ ਰੂਪੀ ਅੰਮ੍ਰਿਤ ਪਦਾਰਥ ਹੀ ਲੋਕ ਪਰਲੋਕ ਵਿਖੇ ਤ੍ਰਿਪਤਾਵਨ ਤ੍ਰਿਖਾ ਮਿਟਾਵਣਹਾਰ ਹੈ। ਤਾਂ ਤੇ ਮਨ ਕਰਕੇ ਅਤੇ ਤਨ ਕਰਕੇ ਗੁਰਮੁਖ ਜਨਾਂ ਦੀ ਏਕੇ ਨਾਮ ਰੰਗ ਵਿਚ ਰਤਿਆਂ ਹੀ ਸਰਬਦਾਕਾਲ ਵਿਹਾਉਂਦੀ ਹੈ। ਅਤੇ ਉਨ੍ਹਾਂ ਦੀ ਇਹ ਦਸ਼ਾ ਬਿਰਤ-ਬਿਬੇਕ-ਦਸ਼ਾ ਹੈ। ਯਥਾ ਗੁਰਵਾਕ :

**ਮਨ ਤਨ ਰੰਗਿ ਰਤੇ ਰੰਗ ਏਕੈ ॥ ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥੨॥**

*ਗਉੜੀ ਸੁਖਮਨੀ ਮ: ੫, ਪੰਨਾ ੨੬੪*

ਬਿਬੇਕੀ ਜਨਾਂ ਦੀ ਮੁਕਤਿ ਜੁਗਤਿ ਅਤੇ ਤ੍ਰਿਪਤਿ ਭੁਗਤਿ ਏਹਨਾਂ ਬਿਬੇਕ ਬਿਰਤੀ ਸੰਪੰਨ ਨਾਮ-ਰਸ-ਰੰਗਾਂ ਵਿਚ ਹੀ ਹੈ। ਯਥਾ ਗੁਰਵਾਕ :

**ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥**
**ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥...੬॥੨॥**

*ਗਉੜੀ ਸੁਖਮਨੀ ਮ: ੫, ਪੰਨਾ ੨੬੪*

ਏਸ ਨਾਮ-ਰਸ-ਰੰਗੀ ਬਿਬੇਕ ਬਿਰਤੀ ਵਾਲਾ ਸੰਜੋਗ ਕੈਸਾ ਉਤਮ ਭੋਗ ਜੋਗ ਹੈ ਕਿ ਬਿਰਹੋਂ ਵਿਯੋਗ ਕਦੇ ਹੋਣ ਹੀ ਨਹੀਂ ਦਿੰਦਾ। ਯਥਾ ਗੁਰਵਾਕ :

**ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥**
**ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥...੬॥੨॥**

*ਗਉੜੀ ਸੁਖਮਨੀ ਮ: ੫, ਪੰਨਾ ੨੬੫*

ਏਸ ਬਿਬੇਕ ਵਾਲੇ ਭੋਗ ਜੋਗ ਵਿਚ ਜੁੜੇ ਹੋਏ ਬਿਬੇਕੀ ਜਨਾਂ ਦੀ ਦਸ਼ਾ ਫੇਰ ਏਸ ਬਿਉਂਤ ਭਾਂਤਨੀ ਰਤੀ ਮਤੀ ਹੋਈ ਹੋ ਜਾਂਦੀ ਹੈ :

**ਓਤਿ ਪੋਤਿ ਜਨ ਹਰਿ ਰਸਿ ਰਾਤੇ ॥ ਸੁੰਨ ਸਮਾਧਿ ਨਾਮ ਰਸ ਮਾਤੇ ॥...੭॥੨॥**

*ਗਉੜੀ ਸੁਖਮਨੀ ਮ: ੫, ਪੰਨਾ ੨੬੫*

ਮਾਨੋ ਕਿ ਓਹ ਅੰਮ੍ਰਿਤ ਨਾਮ ਦੇ ਨਿਧਾਨ ਹੀ ਬਣ ਜਾਂਦੇ ਹਨ। ਅਜਿਹੇ ਅੰਮ੍ਰਿਤ ਨਾਮ ਦੇ ਨਿਧਾਨ 'ਪੰਚ ਪਰਧਾਨ' ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕਣਹਾਰੇ ਅਤੇ ਗੁਰਮੰਤ੍ਰ ਸਰੂਪੀ ਅੰਮ੍ਰਿਤ ਨਾਮ ਨੂੰ ਅਭਿਆਸ ਜੁਗਤੀ ਸੰਯੁਕਤ ਪ੍ਰਾਪਤ ਕਰਨਹਾਰੇ ਪ੍ਰੇਮ ਬਿਬੇਕੀ ਜਨਾਂ ਨੂੰ ਹੀ ਸੱਚੇ ਸੁਖ ਅਨੰਦ ਅਤੇ ਅਮਰਾਪਦ ਦੀ ਪ੍ਰਾਪਤੀ ਹੈ। ਅਤੇ ਓਹਨਾਂ ਦੀ ਸਭ ਪ੍ਰਕਾਰ ਦੀ ਤ੍ਰਿਖਾ, ਤ੍ਰਿਸ਼ਨਾ, ਭੁਖ ਬੁਝ (ਮਿਟ) ਜਾਂਦੀ ਹੈ। ਤਾਹੀਂ ਪਰ ਗੁਰਵਾਕ ਹੈ :

**ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥**
**ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥**
**ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥**
**ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ ॥**
**ਤੁਧੁ ਜੇਵਡੁ ਤੂ ਹੈ ਪਾਰਬ੍ਰਹਮ ਨਾਨਕ ਸਰਣਾਈ ॥੩॥**

*ਗਉੜੀ ਕੀ ਵਾਰ ਮ: ੫, ਪੰਨਾ ੩੧੮*

ਤਥਾ : **ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥੧॥੨੦॥**

*ਆਸਾ ਮ: ੪, ਪੰਨਾ ੪੫੧*

ਪੁਨਾ : **ਜਿਨਿ ਪੀਆ ਸਾਰ ਰਸੁ ਤਜੇ ਆਨ ਰਸ**
**ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥੨॥**

*ਬਿਲਾਵਲੁ ਰਵਿਦਾਸ ਜੀ, ਪੰਨਾ ੮੫੮*

ਇਹ ਪੂਰਨ-ਰਸ-ਮਗਨਤਾ ਦੀ ਦਸ਼ਾ ਜਿਸ ਗੁਰਮੁਖਿ ਬਿਬੇਕੀ ਜਨ ਦੀ ਬਿਰਤੀ ਵਿਖੇ ਵਾਪਰ ਗਈ ਹੈ, ਓਸ ਨੂੰ ਹੀ ਸੱਚੀ ਪ੍ਰੇਮਾ ਭਗਤੀ ਬਣਿ ਆਈ ਹੈ। ਅਤੇ ਏਸ ਪ੍ਰੇਮਾ ਭਗਤੀ ਦਾ ਲਾਹਾ ਜਿਸ ਨੂੰ ਮਿਲਿਆ ਹੈ, ਉਸ ਦੀ ਸਗਲੀ ਤ੍ਰਿਸ਼ਨਾ ਲਹਿ ਗਈ ਹੈ। ਓਸ ਨੂੰ ਆਨ ਰਸਾਂ ਕਸਾਂ ਦੀ ਚਾਹਨਾ ਨਹੀਂ ਰਹੀ, ਓਸਨੂੰ ਕਿਸੇ ਭੀ ਮਾਇਕ ਪਦਾਰਥ ਦੀ ਲਾਲਸਾ ਨਹੀਂ। ਓਹਨਾਂ ਦੇ ਅੱਗੇ ਭਾਵੇਂ ਸੈਂਕੜੇ ਭੋਜਨ ਬਿੰਜਨ ਅਤੇ ਛੱਤੀ ਪ੍ਰਕਾਰ ਦੇ ਰਸਾਂ ਕਸਾਂ ਨੂੰ ਲਿਆ ਕੇ ਰਖੋ, ਓਹ ਰੰਚਕ ਭੀ ਲੁਭਾਇਮਾਨ ਨਹੀਂ ਹੋਣਗੇ। ਕਿਉਂਕਿ ਓਹਨਾਂ ਦੀ ਉਕਤ ਪਦਾਰਥਾਂ ਵਲੋਂ ਤ੍ਰਿਸ਼ਨਾ ਭੁਖੜੀ ਉੱਕੀ ਹੀ ਮਿਟ ਗਈ ਹੈ। ਓਹਨਾਂ ਦੇ ਅੰਦਰਿ ਜੇ ਭੁਖ ਹੈ ਤਾਂ ਨਾਮ ਦੀ ਭੁਖ ਹੈ, ਨਾਮੀ ਅਕਾਲ ਪੁਰਖ ਦੇ ਦਰਸ ਮਿਲਾਪ ਵਿਚ ਸਮਾਏ ਰਹਿਣ ਦੀ ਭੁਖ ਹੈ। ਅਤੇ ਇਹ ਭੁਖ ਮਾਇਆ ਦੇ ਸਹਿਸ ਪ੍ਰਕਾਰੀ ਪਦਾਰਥਾਂ ਨਾਲਿ ਕਦੇ ਉਤਰਦੀ ਨਹੀਂ। ਨਾਮ ਦੀ ਅਤੇ ਨਾਮ ਦੇ ਦਰਸ-ਮਿਲਾਪ ਦੀ ਭੁਖ ਵਾਲੇ ਹੰਸਲੇ ਗੁਰਮੁਖਿ ਪ੍ਰੇਮੀ, ਬਿਨਾ ਆਪਣੀ ਹੰਸ ਚੋਗ ਦੇ ਕਿਸੇ ਪਦਾਰਥ ਨਾਲ ਨਹੀਂ ਪਰਚਦੇ, ਭਾਵੇਂ ਓਹਨਾਂ ਨੂੰ ਸੈਂਕੜੇ ਪਰਚੇ ਪਾਓ ਅਤੇ ਓਹਨਾਂ ਦੇ ਪ੍ਰੇਮ-ਆਲਾਪ ਦੀ ਇਹ ਵੰਨਗੀ ਹੈ। ਯਥਾ ਗੁਰਵਾਕ :

**ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ ਕਿਉ ਪਾਈ ਗੁਰ ਪੂਰੇ ॥**
**ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ ॥**
**ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ ॥**
**ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਬਿਨੁ ਦਰਸਨ ਕਿਉ ਮਨੁ ਧੀਰੇ ॥੧॥੯॥**

*ਵਡਹੰਸੁ ਮ: ੫, ਪੰਨਾ ੫੬੪*

ਏਸ ਭੁਖ ਦੇ ਖੁਧਿਆਵੰਤ ਹੰਸਲਿਆਂ ਦੀ ਖ਼ੁਰਾਕ ਨਾਮ ਰੂਪੀ ਲਾਲ ਮੋਤੀ ਹੀਰਿਆਂ ਦਾ ਭੁੰਚਣਾ ਹੈ, ਜਿਸ ਦੇ ਭੁੰਚਣ ਕਰਿ ਓਹ ਆਨ ਪਦਾਰਥਾਂ ਵਲੋਂ ਤ੍ਰਿਪਤ ਅਘਾ ਕੇ ਰੱਜ ਜਾਂਦੇ ਹਨ। ਇਸ ਪ੍ਰਥਾਇ ਅਗਲੇਰਾ ਗੁਰ ਪ੍ਰਮਾਣ ਕੀ ਸੁੰਦਰ (ਕਿਆ ਖ਼ੂਬ) ਫਬਦਾ ਹੈ :

ਮਨੁ ਤਨੁ ਰਾਤਾ ਰਾਮ ਪਿਆਰੇ ਹਰਿ ਪ੍ਰੇਮ ਭਗਤਿ ਬਣਿ ਆਈ ਸੰਤਹੁ ॥੧॥
ਸਤਿਗੁਰਿ ਖੇਪ ਨਿਬਾਹੀ ਸੰਤਹੁ ॥
ਹਰਿਨਾਮੁ ਲਾਹਾ ਦਾਸ ਕਉ ਦੀਆ ਸਗਲੀ ਤ੍ਰਿਸਨ ਉਲਾਹੀ ਸੰਤਹੁ ॥੧॥ਰਹਾਉ॥
ਖੋਜਤ ਖੋਜਤ ਲਾਲੁ ਇਕੁ ਪਾਇਆ ਹਰਿ ਕੀਮਤਿ ਕਹਨੁ ਨ ਜਾਈ ਸੰਤਹੁ ॥੨॥
ਚਰਨ ਕਮਲ ਸਿਉ ਲਾਗੋ ਧਿਆਨਾ ਸਾਚੈ ਦਰਸਿ ਸਮਾਈ ਸੰਤਹੁ ॥੩॥
ਗੁਣ ਗਾਵਤ ਗਾਵਤ ਭਏ ਨਿਹਾਲਾ ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ ॥੪॥
ਆਤਮਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਸੰਤਹੁ ॥੫॥

**ਆਦਿ ਜੁਗਾਦੀ ਹੈ ਭੀ ਹੋਸੀ ਸਭ ਜੀਆ ਕਾ ਸੁਖਦਾਈ ਸੰਤਹੁ ॥੬॥**
**ਆਪਿ ਬੇਅੰਤੁ ਅੰਤੁ ਨਹੀ ਪਾਈਐ ਪੂਰਿ ਰਹਿਆ ਸਭ ਠਾਈ ਸੰਤਹੁ ॥੭॥**
**ਮੀਤ ਸਾਜਨ ਮਾਲੁ ਜੋਬਨੁ ਸੁਤ ਹਰਿ ਨਾਨਕ ਬਾਪੁ ਮੇਰੀ ਮਾਈ ਸੰਤਹੁ ॥੮॥੨॥੭॥**
*ਰਾਮਕਲੀ ਮ: ੫, ਪੰਨਾ ੯੧੬*

ਇਹ ਓਹ ਬਿਵਸਥਾ ਹੈ, ਇਹ ਪ੍ਰੇਮਾ ਭਗਤੀ ਦੁਆਰਾ ਅੰਬੜੀ ਓਹ ਉਚ ਆਤਮ ਅਟਾਰੀ ਹੈ ਜਿਥੇ ਕਿ ਪੁਜ ਕੇ : "ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥"[1] ਵਾਲੀ ਮੰਜ਼ਲ ਵਿਚੋਂ ਉਡਾਰੀ ਮਾਰ ਕੇ ਗੁਰਮਤਿ ਮਾਰਗੀ ਪ੍ਰਮਾਰਥ ਦਾ ਪੰਖੇਰੂ ਜਗਤ ਜੋਤੀਸ਼ ਨੂੰ ਨਿਸ ਬਾਸਰ ਜਪਦਾ ਜਪਦਾ "ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ ਨਿਖਾਲਸ ਜਾਨੈ"[2] ਵਾਲੇ ਨਿਰੋਲ (ਨਿਖਾਲਸ) ਜੋਤਿ-ਪ੍ਰਕਾਸ਼ੀ ਆਤਮ-ਵਿਗਾਸ ਦੇ ਘਟ-ਅੰਤਰੀ ਚਲੂਲੇ ਰੰਗਾਂ ਵਿਚ ਜਾ ਖੇਡਦਾ ਹੈ। "ਪੂਰਨ ਜੋਤਿ ਜਗੈ ਘਟ ਮੈ" ਦੇ ਜਗਮਗੀ ਰੰਗਾਂ ਵਾਲਾ ਹੀ ਖਾਲਸਾ ਹੈ, "ਪ੍ਰੇਮ ਭਗਤਿ ਜਿਹ ਜਾਨੀ" ਵਾਲੀ ਬਿਵਸਥਾ ਵਾਲਾ ਹੀ ਖਾਲਸਾ ਹੈ ਅਤੇ ਇਸ ਪ੍ਰੇਮ ਭਗਤਿ ਸੰਬੰਧੀ ਰਹਿਤ ਰਹਿਣੀਆਂ ਅਤੇ ਬਿਬੇਕ ਕਰਣੀਆਂ ਵਾਲਾ ਹੀ ਖਾਲਸਾ ਹੈ। ਅੰਮ੍ਰਿਤ ਛਕਣ ਸਮੇਂ ਦੇ ਦ੍ਰਿੜ੍ਹਾਏ ਹੁਕਮਾਂ ਸੰਬੰਧੀ ਰਹਿਤ ਰਹਿਣੀਆਂ ਦੇ ਕਮਾਵਣਹਾਰਾ ਹੀ ਖਾਲਸਾ ਹੈ। ਇਸ ਬਿਬੇਕ-ਕਮਾਈ ਨੂੰ ਪਰਮ ਨੇਮ ਸੰਞੁਕਤ ਨਿਬਾਹ ਕੇ ਨਾਮ ਰੂਪੀ ਸਾਰ-ਬਿਬੇਕ-ਕਮਾਈ ਨੂੰ ਪ੍ਰੇਮਾ ਭਗਤੀ ਦੇ ਰੰਗਾਂ ਵਿਚ ਸਿਰੇ ਚੜ੍ਹਾਉਣ ਵਾਲਾ ਹੀ ਖਾਲਸਾ ਹੈ ਅਤੇ ਪੂਰਨ ਗਿਆਨ-ਕਲਾ ਵਿਚ ਖੇਡਣਹਾਰੇ ਖਾਲਸਾ ਜਨ ਹੀ ਖਾਲਸਾ ਬਿਬੇਕ ਕਮਾਈ ਦੇ ਧਨੀ ਹਨ। ਪੂਰਨ ਗਿਆਨ ਬਿਵਸਥਾ ਅੰਦਰ ਭੀ ਨਾਮ ਬਿਬੇਕ ਦੀ ਸਹਜ ਕਮਾਈ ਬਣੀ ਰਹਿੰਦੀ ਹੈ। ਯਥਾ ਗੁਰਵਾਕ :

**ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥...੧੦॥੨੩॥**
*ਸਿਰੀਰਾਗੁ ਮ: ੩, ਪੰਨਾ ੬੮*

ਤਥਾ : **ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥**
**ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥**
*ਬਿਲਾਵਲੁ ਮ: ੫, ਪੰਨਾ ੮੦੬*

ਨਾਮ ਬਿਬੇਕ ਕਰਣੀ, ਰਹਿਤ ਰਹਿਣੀ ਦਾ ਬਿਨਾਸ ਕਿਸੇ ਬਿਵਸਥਾ ਅੰਦਰ ਭੀ ਨਹੀਂ। ਇਸ ਰਹਿਤ ਰਹਿਣੀ ਸੰਞੁਕਤ ਨਾਮ ਸਾਰ ਬਿਬੇਕ ਕਰਣੀ ਕਮਲ ਜਮਾਲ ਦਾ ਕਮਾਲ ਕੇਵਲ ਗੁਰੂ ਘਰ ਵਿਖੇ ਹੀ ਹੈ, ਹੋਰ ਕਿਤੇ ਨਹੀਂ।

## ੪੨. ਗੁਰਮਤਿ ਦੀ ਤੱਤ ਰਹਿਣੀ :

ਬ੍ਰਹਮਾ ਦਾ ਅਵਤਾਰ ਭਿਖਾ ਭੱਟ ਏਸੇ ਕਮਾਲ ਦੀ ਕਸੌਟੀ ਨੂੰ ਲੈ ਕੇ ਜਦੋਂ ਸਾਚੇ ਸੰਤ ਦੀ ਟੋਲ ਲਈ, ਗੁਰੂ-ਸੰਤ ਦੀ ਸਿਕ ਭਰੀ ਖੋਜ ਲਈ ਚਾਰ ਚੁਫੇਰੇ ਭੌਨਾ

1. ਸੋਰਠਿ ਕਬੀਰ ਜੀ ॥੪॥੩॥ ਪੰਨਾ ੬੫੪
2. ਤੇਤੀ ਸਵਯੇ, ਅੰਕ ੧

ਫਿਰਿਆ, ਤਦ ਸਮੂਹ ਇਤਰ ਮਤਾਂ ਵਿਚੋਂ ਕਿਸੇ ਉਪਰ ਭੀ ਉਸ ਦਾ ਮਨ ਨਾ ਮੰਨਿਆ। ਓੜਕ ਗੁਰੂ ਘਰ ਵਿਖੇ ਆ ਕੇ ਉਸ ਨੂੰ ਪਤੀਜ ਆਈ, ਜੈਸੇ ਕਿ ਉਸ ਦੀ ਗੁਰ ਗਿਆਨ ਅਨੁਭਵ ਰਚਨਾ ਸਾਖਾ ਭਰਦੀ ਹੈ। ਯਥਾ:

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥**
**ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥**
**ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥**
**ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥**
**ਹਰਿ ਨਾਮੁ ਛੋਡਿ ਦੂਜੈ ਲਗੇ ਤਿਨ ਕੇ ਗੁਣ ਹਉ ਕਿਆ ਕਹਉ ॥**
**ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ ॥੨॥੨੦॥**
*ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੫-੯੬*

ਏਸੇ ਕਮਾਲ ਕਰਣੀ ਵਾਲੇ ਗੁਰਮਤਿ ਬਿਬੇਕ ਦੇ ਆਦਰਸ਼ ਨੂੰ ਸਨਮੁਖ ਰਖਦੇ ਹੋਏ ਹੀ "ਗੁਰਸਿਖ ਮੀਤ ਚਲਹੁ ਗੁਰ ਚਾਲੀ"[1] ਵਾਲੀ ਧਾਰਨਾ ਦੇ ਰਹਿਤਵਾਨ ਬਿਬੇਕੀ ਖਾਲਸਾ ਜੀ ਗੁਰ ਦਰਸਾਈ, ਗੁਰ ਫ਼ੁਰਮਾਈ, ਗੁਰ ਦ੍ਰਿੜ੍ਹਾਈ ਰਹਿਤ ਰਹਿਣੀ ਨੂੰ ਮਨੋਂ ਤਨੋਂ ਕਮਾਉਂਦੇ ਹਨ ਅਤੇ ਤਿਨ੍ਹਾਂ ਪ੍ਰਥਾਇ ਹੀ ਗੁਰੂ ਦਸਮੇਸ਼ ਜੀ ਦਾ ਵਰ ਪੂਰਬਕ ਇਹ ਅਸੀਸ ਮਈ ਫ਼ੁਰਮਾਨ ਹੈ:

**ਰਹਿਣੀ ਰਹੈ ਸੋਈ ਸਿਖ ਮੇਰਾ ॥ ਓਹ ਸਾਹਿਬੁ ਮੈ ਉਸ ਕਾ ਚੇਰਾ ॥**

ਧੰਨ! ਗੁਰੂ ਦਸਮੇਸ਼ ਪਿਤਾ! ਆਪਣੇ ਆਗਿਆਕਾਰੀ ਰਹਿਤਵਾਨ ਸਿੱਖਾਂ ਨੂੰ ਕਿਡੀ ਵਡਿਆਈ ਦਿੰਦੇ ਹਨ। ਏਵਡ ਵੱਡੀ ਵਡਿਆਈ ਗੁਰੂ ਕੀ ਰਹਿਤ ਨੂੰ ਹੈ ਅਤੇ ਇਸ ਰਹਿਤ ਸੇਤੀ ਸ਼ੀਂਗਾਰੇ ਸਿੰਘ ਸਜੀਲੇ ਨੂੰ ਹੈ, ਪਰ ਗੁਰੂ ਘਰ ਵਿਖੇ ਜਿਤਨੇ ਭੀ ਰਹਿਤਨਾਮੇ ਹਨ ਸੋ ਸਭ ਸ੍ਰੀ ਦਸਮੇਸ਼ ਜੀ ਦੀ ਆਗਿਆ ਅਤੇ ਆਸ਼ੇ ਅਨਕੂਲ ਖਾਲਸਾ ਜੀ ਦੀ ਬਿਬੇਕ-ਕਮਾਈ ਲਈ ਹੁਕਮਨਾਮੇ ਹਨ, ਜਿਨ੍ਹਾਂ ਦੇ ਉਪਰ ਚਲਣਾ ਹਰੇਕ ਸਿੰਘ ਸਚਿਆਰ ਦਾ ਧਰਮ-ਭਾਵੀ ਫ਼ਰਜ਼ ਹੈ। ਗੁਰੂ ਕਾ ਖਾਲਸਾ ਸਿੰਘ ਬਿਬੇਕੀ ਸੋ, ਜੋ ਗੁਰੂ ਕੀ ਰਹਿਤ ਭਾਵਨਾ ਕਮਾਈ ਵਿਚ ਸਨਮੁਖੀ ਸੂਰਾ ਅਤੇ ਗੁਰਮਤਿ ਬਿਬੇਕ ਆਗਿਆ ਵਿਚ ਹਾਜ਼ਰਾ ਹਜ਼ੂਰਾ ਭਾਵੇਂ ਕਿਤਨੀਆਂ ਭੀ ਕਠਨਤਾਈਆਂ ਬਿਖਮਤਾਈਆਂ ਪੇਸ਼ ਆਵਣ ਪ੍ਰੰਤੂ ਗੁਰੂ ਕਾ ਸਚਿਆਰ ਬਿਬੇਕੀ ਸਿੰਘ ਗੁਰੂ ਆਸਰੇ ਗੁਰੂ ਦ੍ਰਿੜ੍ਹਾਈ ਰਹਿਤ ਰਹਿਣੀ ਰਹੇਗਾ, ਪਰ ਰਹੇਗਾ। ਇਹੋ ਰਹਿਤ ਰਹਿਣੀ ਰਹਿਣਾ, ਗੁਰ-ਹੁਕਮਾਂ ਉਪਰ ਚਲਣਾ, ਗੁਰ ਬਚਨਾਂ ਨੂੰ ਕਮਾਵਣਾ ਸੱਚਾ ਬਿਬੇਕ ਗੁਰਮਤਿ ਗਿਆਨ ਬਿਬੇਕ ਹੈ। ਕਰਣੀਓਂ ਥੋਥਾ ਗਿਆਨ-ਬਿਬੇਕ, ਰਹਿਤ ਰਹਿਣੀਓਂ ਊਰਾ ਗਿਆਨ-ਬਿਬੇਕ ਗੁਰਮਤਿ ਅੰਦਰ ਪਰਵਾਣ ਨਹੀਂ। ਨਿਰੀ ਕਥਨੀ ਦੁਆਰਾ ਗਿਆਨ ਗਿਆਨ ਕੂਕਣਾ ਅਤੇ ਰਹਿਤ ਨਾ ਰੱਖਣਾ (ਭਾਵ ਗੁਰਮਤਿ ਹੁਕਮ, ਗੁਰੂ ਕੇ ਬਚਨਾਂ ਉਪਰ ਤਤਪਰ ਰਹਿ ਕੇ ਓਨ੍ਹਾਂ ਨੂੰ ਨਾ ਕਮਾਵਣਾ) ਇਹ ਮਨਮੁਖਤਾਈ ਦੇ ਲੱਛਣ ਕੁਲੱਛਣ ਹਨ। ਯਥਾ ਗੁਰਵਾਕ:

---

1. ਧਨਾਸਰੀ ਮ: ੪, ਰਹਾਉ॥੪॥ ਪੰਨਾ ੬੬੭

**ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥**
**ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥**
**ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥**
**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥...੩॥੧॥**

*ਬਿਲਾਵਲੁ ਅਸਟ: ਮ: ੧, ਪੰਨਾ ੮੩੧*

ਤਥਾ : **ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥੫॥**

*ਸਿਰੀਰਾਗੁ ਮ: ੧, ਪੰਨਾ ੫੬*

ਰਹਿਣੀ ਰਹਿਤ ਤੋਂ ਭਾਵ ਕੇਵਲ ਪੰਜ ਕਕਾਰ ਦੀ ਰਹਿਤ ਰਖਣ ਤੋਂ ਨਹੀਂ। ਕਿੰਤੂ ਅੰਮ੍ਰਿਤ ਛਕਣ ਦੇ ਸਮੇਂ ਦ੍ਰਿੜ੍ਹਾਏ ਗੁਰਮਤਿ-ਅਸੂਲਮਈ ਹੁਕਮਾਂ ਤੋਂ ਲੈ ਕੇ ਜਿਤਨੇ ਭੀ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀ ਪਵਿੱਤਰ ਬਾਣੀ ਰੂਪੀ ਬਚਨਾਂ ਦੁਆਰਾ ਅਸਾਡੇ ਪ੍ਰਤੀ ਦ੍ਰਿੜ੍ਹਾਉਂਦੇ ਹਨ, ਓਹਨਾਂ ਸਮੁਚੇ ਹੁਕਮਾਂ ਦਾ ਕਮਾਉਣਾ ਅਸਾਡਾ ਰਹਿਤ ਰਖਣਾ ਹੈ ਅਤੇ ਇਸੇ ਦਾ ਨਾਉਂ ਬਿਬੇਕ ਧਾਰਨਾ ਹੈ। ਇਸ ਧਾਰਨਾ ਦੇ ਕਿਸੇ ਅੰਗ ਨੂੰ ਭੀ ਭੰਗ ਕਰਨਾ ਸਿੱਖੀ ਸਿਦਕ ਦੇ ਰੰਗ ਵਿਚਿ ਭੰਗ ਪਾਉਣਾ ਹੈ। ਪ੍ਰੰਤੂ ਅੰਮ੍ਰਿਤ ਛਕਣ ਦੇ ਸਮੇਂ ਜੋ ਜੋ ਰਹਿਤ ਰਹਿਣੀਆਂ ਦ੍ਰਿੜ੍ਹਾਈਆਂ ਜਾਂਦੀਆਂ ਹਨ, ਓਹ ਗੁਰਸਿੱਖੀ ਰੂਪੀ ਨਵੀਨ ਉਗਦੇ ਪੇਡ ਦੀਆਂ ਮੂਲ ਜੜ੍ਹਾਂ ਹਨ, ਜਿਨ੍ਹਾਂ ਦੇ ਜਿਉਂ ਕੇ ਤਿਉਂ ਹਰੇ ਭਰੇ ਅਤੇ ਸੁਰਜੀਤ ਹਰੇ ਰਖੇ ਬਿਨਾਂ ਗੁਰਸਿੱਖੀ ਰੂਪੀ ਪੇਡ ਦਾ ਮਉਲਣਾ ਅਤੇ ਫਲਣਾ ਫੁਲਣਾ ਅਤਿ ਅਸੰਭਵ ਹੈ। ਵੱਡੀਆਂ ਕੁਰਹਿਤਾਂ ਦੇ ਨਿਮਖ ਮਾਤਰ ਭੀ ਨੇੜ ਨਾ ਜਾਣ ਦਾ ਹੁਕਮ ਜੋ ਅੰਮ੍ਰਿਤ ਛਕਣ ਸਮੇਂ ਮਿਲਦਾ ਹੈ, ਓਸ ਹੁਕਮ ਦੀ ਪਾਬੰਦੀ ਰਖਣਾ ਪਹਿਲਾ ਮੂਲ ਬਿਬੇਕ ਹੈ। ਜਿਸ ਨੂੰ ਧਾਰਨ ਕਰਨਾ ਤੇ ਕਰੀ ਰਖਣਾ ਗੁਰਸਿੱਖੀ ਤੋਂ ਪਤਿਤ ਹੋਣੋਂ ਸਦਾ ਲਈ ਬਚਾਉਂਦਾ ਹੈ ਅਤੇ ਇਸ ਬਿਬੇਕ-ਧਾਰਨਾ ਦੀ ਪਰਵਾਹ ਨਾ ਰਖਣਾ, ਇਸਦੇ ਕਿਸੇ ਇਕ ਅੰਗ ਨੂੰ ਭੀ ਤੋੜਨਾ ਗੁਰਸਿੱਖੀ ਤੋਂ ਪਤਿਤ ਕਰਾਉਂਦਾ ਹੈ। ਪਤਿਤ ਹੋਣਾ ਜੜ੍ਹ ਮੂਲ ਤੋਂ ਉਖੜਨਾ ਹੈ। ਗੁਰਸਿੱਖੀ ਦੀ ਜੜ੍ਹ ਮੂਲ ਤੋਂ ਉਖੜੇ ਪ੍ਰਾਣੀ ਦੇ ਸਭੇ ਕਰਮ ਨਿਸਫਲ ਹਨ। ਤਾਂ ਹੀ ਤੇ ਇਸ ਮੂਲ ਬਿਬੇਕ ਧਾਰਨਾ ਦੀ ਰਹਿਤ ਤੋਂ ਰਹਤ ਹੋਣਾ ਪਤਿਤ-ਕਰਮੀ ਬਣਨਾ ਹੈ, ਭਾਵ, ਵੱਡੀ ਕੁਰਹਿਤ ਕਰਨਾ ਹੈ। ਪੰਚ ਕਕਾਰ ਆਦੀ ਛੋਟੀਆਂ ਰਹਿਤਾਂ ਰਖਣਾ ਅਤੇ ਏਹਨਾਂ ਰਹਿਤਾਂ ਵਿਚੋਂ ਕਿਸੇ ਇਕ ਰਹਿਤ ਤੋਂ ਖਿਨ ਮਾਤਰ ਭੀ ਰਹਤ ਨਾ ਹੋਣਾ ਦੂਜਾ ਮੂਲ ਬਿਬੇਕ ਹੈ। ਜੋ ਗੁਰਸਿਖ ਏਹਨਾਂ ਸੁਗਮ ਰਹਿਤਾਂ ਨੂੰ ਰਖਣ ਦਾ ਪਾਬੰਦ ਨਹੀਂ ਹੋ ਸਕਿਆ, ਓਹ ਪਹਿਲੀ ਸ਼੍ਰੇਣੀ ਦੇ ਮੂਲ ਬਿਬੇਕ ਦੀਆਂ ਬਿਖਮ ਪਾਬੰਦੀਆਂ ਕਦੋਂ ਰਖ ਸਕਿਆ। ਏਹਨਾਂ ਦੋਹਾਂ ਮੂਲ ਬਿਬੇਕ ਰਹਿਣੀਆਂ ਦੀ ਰਹਿਤ ਤੋਂ ਹੀ ਪਰਗਟ ਪਹਾਰੈ ਪਛਾਣ ਸਕੀਦਾ ਹੈ ਕਿ ਸਿਖ ਤਿਆਰ-ਬਰ-ਤਿਆਰ ਹੈ ਕਿ ਨਹੀਂ। ਜੇ ਉਕਤ ਰਹਿਤ ਰਹਿਣੀ ਅੰਦਰਿ ਤਿਆਰ-ਬਰ-ਤਿਆਰ ਨਹੀਂ, ਅਥਵਾ, ਊੱਕਾ ਹੀ ਆਨਮਤੀ ਹੈ, ਉਸਦਾ ਬਣਾਇਆ ਭੋਜਨ ਨਾ ਖਾਣਾ ਇਹ ਤੀਜਾ ਮੂਲ ਬਿਬੇਕ ਹੈ, ਜਿਸਦਾ ਧਾਰਨਾ ਪਰਮ ਜ਼ਰੂਰੀ ਹੈ। ਕਿਉਂਕਿ :

**ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀਂ ਗੀਤ ॥**
**ਤਾ ਕਾ ਭੋਜਨ ਖਾਇ ਕੈ ਬਿਸਰੇ ਹਰਿ ਕੀ ਪ੍ਰੀਤ ॥**

ਵਾਲਾ ਹੁਕਮ ਦਸਦਾ ਹੈ ਕਿ ਜਿਸ ਬਿਬੇਕ ਦੇ ਨਾ ਧਾਰਨ ਕੀਤਿਆਂ (ਭਾਵ, ਕੁਰਹਿਤੀਆਂ ਦਾ ਭੋਜਨ ਖਾ ਕੇ) ਹਰਿ ਕੀ ਪ੍ਰੀਤਿ ਹੀ ਵਿਸਰ ਜਾਂਦੀ ਹੈ ਤਾਂ ਸਿਫਤਿ-ਸਾਲਾਹ ਰੂਪੀ ਸਾਰ-ਬਿਬੇਕ ਵਿਖੇ ਭਲਾ ਕੀ ਤਤਪਰ ਹੋ ਸਕਣਾ ਸੀ। ਉਪਰ ਪ੍ਰਮਾਣਿਆ ਰਹਿਤਨਾਮੇ ਦਾ ਹੁਕਮ ਏਸ ਗੱਲ ਦੀ ਸੋਝੀ ਕਰਾਉਂਦਾ ਹੈ ਕਿ ਕਿਸੇ ਸਿਖ ਦੀ ਰਹਿਤ ਬਹਿਤ ਭਲੀ ਬਿਧਿ ਜਾਣੇ ਪਛਾਣੇ ਬਗ਼ੈਰ ਬਿਬੇਕੀ ਸਿੰਘ ਨੂੰ ਉਸ ਦੇ ਹੱਥੋਂ ਲੈ ਕੇ ਭੋਜਨ ਛਕਣਾ, ਅਥਵਾ, ਉਸ ਦਾ ਸਜਾਇਆ ਬਣਾਇਆ ਭੋਜਨ ਛਕਣ ਯਾ ਉਸ ਦੇ ਨਾਲ ਬਾਟਾ ਅਭੇਦ ਕਰਨਾ ਬਿਬਰਜਤ ਹੈ ਅਤੇ ਇਕ ਸਚਿਆਰ ਸਿੰਘ ਦਾ ਇਸ ਬਿਧਿ ਬਰਜੇ ਰਹਿਣਾ ਬੜਾ ਉਤਮ ਬਿਬੇਕ ਕਰਮ ਹੈ। ਅੰਮ੍ਰਿਤ ਛਕਣ ਸਮੇਂ ਇਕ ਬਾਟੇ ਵਿਖੇ ਰਲ ਮਿਲ ਕੇ ਅਭੇਦ ਗੱਫੇ ਲਾਉਣ ਦੀ ਸੁਰੀਤ ਇਸ ਭੇਦ ਨੂੰ ਜਣਾਉਂਦੀ ਹੈ ਅਤੇ ਸੁਲਝਾਉਂਦੀ ਹੈ ਕਿ ਸਮਾਨ ਰਹਿਤ ਰਹਿਣੀ ਦੇ ਧਾਰਨੀ ਅੰਮ੍ਰਿਤ-ਧਾਰੀ ਸਿੰਘ ਸਹੋਦਰ ਸੁਨਹਿਰੀਏ ਵੀਰ ਹੀ ਪਰਸਪਰ ਨਿਰਸੰਦੇਹ ਖਾਨ ਪਾਨ ਦੀ ਅਭੇਦ ਵਰਤੋਂ ਰਖ ਸਕਦੇ ਹਨ। ਇਹੀ ਬਿਬੇਕ ਵਰਤੋਂ ਪ੍ਰਾਣਾਂ ਪ੍ਰਯੰਤ ਕਮਾਉਣ ਤੇ ਨਿਭਾਉਣ ਦਾ ਧੁਰਵਾ ਏਥੋਂ (ਅੰਮ੍ਰਿਤ ਸਮਾਗਮ) ਤੋਂ ਹੀ ਬਝਦਾ ਹੈ। ਏਥੋਂ ਹੀ ਸਪੱਸ਼ਟ ਤੌਰ ਪਰ ਆਨਮਤੀਆਂ ਨਾਲ ਖਾਨ ਪਾਨ ਨਾ ਰਖਣ ਦਾ ਬਹੁ-ਮੁਲਾ ਹੁਕਮ ਮਿਲਦਾ ਹੈ।

## ੪੩. ਸਰਬ-ਲੋਹ ਬਿਬੇਕ :

ਸਰਬ-ਲੋਹ ਬਿਬੇਕ ਦੇ ਧਾਰਨ ਦਾ ਧੁਰਵਾ ਭੀ ਏਥੋਂ ਹੀ ਬਝਦਾ ਹੈ। ਅੰਮ੍ਰਿਤ ਸਮਾਗਮ ਸਮੇਂ ਜੋ ਜੋ ਭੀ ਵਰਤਾਰਾ ਵਰਤਦਾ ਹੈ ਉਹ ਸਭ ਕੁਛ ਅੰਮ੍ਰਿਤ ਛਕਣਹਾਰੇ ਲਈ ਇਕ ਸਿਖਿਆ ਮਈ ਸਬਕ ਹੈ, ਜਿਸਦਾ ਅਕਸੀ ਅਸਰ ਅਵੱਸ਼ ਉਸ ਦੇ ਹਿਰਦੇ ਉਪਰ ਪੈਂਦਾ ਹੈ। ਅੰਮ੍ਰਿਤ ਅਧਿਕਾਰੀ ਦੇ ਹਿਰਦੇ ਰੂਪੀ ਸ਼ੀਸ਼ੇ ਉਤੇ ਉਸ ਸਮੇਂ ਦੀ ਪਰਤੱਖ ਵਰਤੋਂ ਦਾ ਇੰਨ ਬਿੰਨ ਅਕਸ ਉਕਰਿਆ ਜਾਂਦਾ ਹੈ। ਜਿਸਦੇ ਰਿਦੰਤਰਿ ਇਹ ਪਰਤੱਖ ਪ੍ਰਤਿਬਿੰਬ ਨਹੀਂ ਪਿਆ ਤਾਂ ਉਸ ਅਭਾਗੇ ਦੇ ਅੰਮ੍ਰਿਤ-ਅਧਿਕਾਰ ਵਿਖੇ ਕੋਈ ਫ਼ਰਕ ਹੈ। ਪ੍ਰੰਤੂ ਜੋ ਹੁਕਮ ਭੀ ਅਤੇ ਜੋ ਕੁਛ ਭੀ ਓਸ ਸਮੇਂ ਦ੍ਰਿੜ੍ਹਾਇਆ ਦਰਸਾਇਆ ਅਕਸਾਇਆ ਜਾਂਦਾ ਹੈ, ਓਹ ਅੰਮ੍ਰਿਤ-ਧਾਰੀ ਸਿੰਘ ਸੁਜਾਨ ਦੇ ਸਦੀਵੀ ਵਰਤਾਰੇ ਨਮਿਤ ਹੈ। ਜਿਸ ਸ਼ਸਤ੍ਰ ਬਸਤ੍ਰੀ ਪਹਿਰਾਵੇ ਦੀ ਸਜ ਧਜ ਵਿਚ ਤਿਆਰ-ਬਰ-ਤਿਆਰ ਸਨੱਧ ਬੱਧ ਸਜਾ ਕੇ ਉਸ ਨੂੰ ਗੁਰੂ ਸਾਹਿਬ ਦੇ ਸਨਮੁਖ ਖੜਾ ਕੀਤਾ ਜਾਂਦਾ ਹੈ, ਇਹ ਮਾਨੋ ਉਸ ਦੇ ਵਾਸਤੇ ਸਦੀਵੀ ਧੁਰਵਾ ਬੰਨ੍ਹਿਆ ਜਾਂਦਾ ਹੈ। ਆਯੂ ਪ੍ਰਯੰਤ ਏਸੇ ਤਰ੍ਹਾਂ ਸਨੱਧ ਬੱਧ ਖਾਲਸਈ ਬਸਤ੍ਰਾਂ ਸ਼ਸਤ੍ਰਾਂ ਸੇਤੀ ਸਜਿਆ ਧਜਿਆ ਤਿਆਰ-ਬਰ-ਤਿਆਰ ਰਹਿਣਾ ਹੋਵੇਗਾ। ਗੁਰਮੁਖੀ ਬਾਣਾ ਅਤੇ ਖਾਲਸਈ ਰਹਿਤ ਪੁਸ਼ਾਕਾ ਨਹੀਂ ਤਿਆਗਣਾ ਹੋਵੇਗਾ। ਪੰਜੇ ਕਕਾਰ ਭੀ ਏਸੇ ਤਰ੍ਹਾਂ ਸਜੇ ਰਹਿਣਗੇ ਅਤੇ ਇਕ ਛਿਨ ਭੀ ਸਰੀਰ ਤੋਂ ਲਾਂਭੇ ਨਹੀਂ ਹੋਣ ਦੇਣੇ ਹੋਣਗੇ।

ਅੰਮ੍ਰਿਤ ਦੀਆਂ ਪੰਜੇ ਅੰਮ੍ਰਿਤ ਬਾਣੀਆਂ ਦਾ ਪ੍ਰੇਮ ਨੇਮ ਨਿਤਾਪ੍ਰਤਿ ਨਿਬਾਹੁਣ ਦਾ ਸਾਖਸ਼ਾਤ ਉਪਦੇਸ਼ ਭੀ ਏਥੋਂ ਹੀ ਮਿਲਦਾ ਹੈ। ਗੁਰ ਮੰਤ੍ਰ ਦੇ ਮਹਿਰਮ ਰਾਜ਼ੀ ਗੁਰਮਤਿ ਅਭਿਆਸ ਦੀ ਪ੍ਰੇਮ-ਜੁਗਤੀ ਭੀ ਇਥੋਂ ਹੀ ਮਿਲਦੀ ਹੈ। ਅਰਥਾਤ, ਜਿਸ ਪ੍ਰਕਾਰ

ਏਥੇ ਅੰਮ੍ਰਿਤ ਸੰਚਾਰ ਸਮਾਗਮ ਅੰਦਰਿ ਨਾਮ ਅਭਿਆਸ ਦ੍ਰਿੜ੍ਹਾਇਆ ਗਿਆ ਹੈ ਓਸੇ ਪ੍ਰਕਾਰ ਹੀ ਆਯੂ ਪ੍ਰਯੰਤ ਸੁਆਸਿ ਸੁਆਸਿ ਅਭਿਆਸ ਜਾਰੀ ਰਖਣਾ ਹੋਵੇਗਾ। ਜਿਸ ਪ੍ਰਕਾਰ ਨਾਮ ਅਭਿਆਸ ਦਾ ਤੋਰਾ ਏਥੋਂ ਹੀ ਤੁਰਦਾ ਹੈ ਓਸੇ ਪ੍ਰਕਾਰ ਇਸ਼ਨਾਨ ਦਾ ਨਿਤ-ਮਜਨੀ-ਬਿਬੇਕ ਕਰਮ ਦਾ ਧੁਰਵਾ ਭੀ ਏਥੋਂ ਹੀ ਬਝਦਾ ਹੈ। ਅਰਥਾਤ, ਜਿਸ ਪ੍ਰਕਾਰ ਸਕੇਸ਼ ਇਸ਼ਨਾਨ ਕਰਾ ਕੇ ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤ ਛਕਣ ਲਈ ਸਾਵਧਾਨ ਕੀਤਾ ਜਾਂਦਾ ਹੈ, ਏਸੇ ਪ੍ਰਕਾਰ ਹੀ ਨਿਤਾਪ੍ਰਤਿ ਅੰਮ੍ਰਿਤ ਵੇਲੇ ਸਕੇਸ਼ ਇਸ਼ਨਾਨ ਕਰ ਕੇ ਨਾਮ ਜਪਣ ਲਈ ਸਾਵਧਾਨ ਹੋਣਾ ਹੋਵੇਗਾ ਅਤੇ ਇਸ ਬਿਧਿ ਅੰਮ੍ਰਿਤ ਮੱਜਨੀ ਹੋ ਕੇ ਅੰਮ੍ਰਿਤ ਸਰੋਵਰ ਵਿਖੇ ਨਿਤਾਪ੍ਰਤਿ ਤਾਰੀਆਂ ਲਾਉਣੀਆਂ ਹੋਣਗੀਆਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਪਰਗਟ ਗੁਰਾਂ ਕੀ ਦੇਹ ਦੇ ਪਰਗਟ ਸਰੂਪ ਵਿਚ ਕੇਵਲ ਏਸੇ (ਅੰਮ੍ਰਿਤ ਸਮਾਗਮ ਦੇ) ਸਮੇਂ ਹੀ ਪਰਤੱਖ ਗੁਰੂ ਸਾਖਸ਼ਾਤ ਕਰ ਕੇ ਦ੍ਰਿਸ਼ਟਾਏ ਦਰਸਾਏ ਅਤੇ ਦ੍ਰਿੜ੍ਹਾਏ ਜਾਂਦੇ ਹਨ। ਸ੍ਰੀ ਗੁਰੂ ਸਾਹਿਬ ਜੀ ਅਗੇ ਨਮਸਕਾਰ ਕਰਨ (ਮੱਥਾ ਟੇਕਣ) ਦੇ ਨਿਰਾਲੇ ਗੁਰਮਤਿ-ਤਰੰਗੀ ਢੰਗ ਦੀ ਸਿਖਸ਼ਾ ਭੀ ਏਸੇ ਸਮੇਂ ਹੀ ਦ੍ਰਿੜ੍ਹ ਹੁੰਦੀ ਹੈ। ਅੰਮ੍ਰਿਤ-ਧਾਰੀ ਸਿੰਘ ਮਾਤਰ ਨੂੰ ਸਹੋਦਰ ਸਕੇ ਭ੍ਰਾਤਾ, ਸਕਿਆਂ ਤੋਂ ਭੀ ਸਕੇ ਭ੍ਰਾਤਾ ਕਰਕੇ ਮੰਨਣ ਸਨਮਾਨਣ ਦੀ ਦ੍ਰਿੜ੍ਹਤਾ ਭੀ ਮਨ ਬਚ ਕਰਮ ਕਰਕੇ ਏਥੋਂ ਹੀ ਹੁੰਦੀ ਹੈ। ਸ੍ਰੀ ਗੁਰੂ ਦਸਮੇਸ਼ ਜੀ ਨੂੰ ਪਿਤਾ ਰੂਪ ਸਮਝਣ ਦਾ ਸੱਚਾ ਸਬਕ ਭੀ ਏਥੋਂ ਹੀ ਮਿਲਦਾ ਹੈ ਅਤੇ ਹਿਰਦੇ ਉਪਰ ਉਕਰਿਆ ਜਾਂਦਾ ਹੈ। ਮਾਤਾ ਸਾਹਿਬ ਕੌਰ ਜੀ ਨੂੰ ਸੱਚੀ ਮਾਤਾ ਕਰਕੇ ਮੰਨਣ ਪ੍ਰਮੰਨਣ ਦੀ ਦੀਖਿਆ ਭੀ ਏਥੋਂ ਹੀ ਦ੍ਰਿੜ੍ਹ ਹੁੰਦੀ ਹੈ। ਧਰਮ ਮਾਤਾ ਸ੍ਰੀ ਸਾਹਿਬ ਕੌਰ ਅਤੇ ਧਾਰਮਿਕ ਪਿਤਾ ਸ੍ਰੀ ਦਸਮੇਸ਼ ਜੀ ਦੇ ਧਰਮ ਜਾਏ ਖਾਲਸ ਬੀਰ ਬਹਾਦਰ ਸੰਤ ਖਾਲਸਾ ਜੀ ਦੀ ਕੇਵਲ ਖਾਲਸਾ ਜੀ ਨਾਲਿ ਹੀ ਲੇਵਾ ਦੇਵੀ, ਖਾਨ ਪਾਨ ਦੀ ਵੰਡ-ਵਰਤੋਂ ਅਤੇ ਰੋਟੀ ਬੇਟੀ ਦੀ ਸਾਂਝ ਰਖਣ ਦੀ ਪ੍ਰੌੜ੍ਹਤਾ ਭੀ ਏਥੋਂ ਹੀ ਪ੍ਰਾਪਤ ਹੁੰਦੀ ਹੈ।

ਅਤੇ ਸਭ ਤੋਂ ਵਧ ਕੇ ਸਰਬ ਲੋਹ ਬਿਬੇਕ ਧਾਰਨਾ ਦੀ ਸੂਰਮਤਾਈ ਸੁਰਖ਼ਰੂਈ ਰਹਿਤ ਦਾ ਸਿੱਕਾ ਅੰਮ੍ਰਿਤ ਛਕਣਹਾਰਿਆਂ ਦੇ ਹਿਰਦਿਆਂ ਉਪਰਿ ਜੋ ਬੈਠਦਾ ਹੈ ਤਾਂ ਏਸੇ ਟਕਸਾਲ ਤੋਂ ਬੈਠਦਾ ਹੈ। ਮਾਨੋ ਸਾਨੂੰ ਸਦੀਵ ਲਈ ਸਰਬ ਲੋਹੀਏ ਸਜਣ ਦਾ ਸਾਖਸ਼ਾਤ ਉਪਦੇਸ਼ ਮਿਲਦਾ ਹੈ। ਸਰਬ ਲੋਹੀ ਬਾਟੇ ਵਿਚਿ ਸਰਬ ਲੋਹ ਦੇ ਖੰਡੇ ਨਾਲ ਅੰਮ੍ਰਿਤ ਤਿਆਰ ਕੀਤਾ ਜਾਂਦਾ ਹੈ। ਪੰਚਾਮ੍ਰਿਤ (ਮਹਾਂ ਪ੍ਰਸ਼ਾਦ) ਭੀ ਸਰਬ ਲੋਹੀ ਬਰਤਨਾਂ ਵਿਚ ਸਜਾਇਆ ਜਾਂਦਾ ਹੈ ਅਤੇ ਸਰਬ ਲੋਹੀ ਕ੍ਰਿਪਾਨ ਭੇਟ ਕਰਕੇ ਹੀ ਗੁਰੂ ਅਕਾਲ ਸਰੂਪ ਖੜਗ-ਕੇਤ ਨੂੰ ਭੋਗ ਲੁਆਇਆ ਜਾਂਦਾ ਹੈ ਅਤੇ ਫੇਰ ਇਹ ਸਰਬ ਲੋਹ ਦੀ ਰਛਾ ਮਈ ਅੰਮ੍ਰਿਤ-ਬੀਰਤ-ਸ਼ਕਤਿ ਵਾਲਾ ਪ੍ਰਸ਼ਾਦ ਸਰਬ ਲੋਹੀ ਬਾਟੇ ਵਿਚ ਪਾ ਕੇ ਵਰਤਾਇਆ ਜਾਂਦਾ ਹੈ ਅਤੇ ਅੰਮ੍ਰਿਤ ਵਾਲੇ ਸਰਬ ਲੋਹੀ ਬਾਟੇ ਵਿਚ ਪਾ ਕੇ ਅੰਮ੍ਰਿਤਧਾਰੀਆਂ, ਨਵੀਨ ਅੰਮ੍ਰਿਤ ਛਕਣਹਾਰਿਆਂ ਨੂੰ ਭੁੰਚਾਇਆ ਜਾਂਦਾ ਹੈ। ਸਰਬ ਲੋਹ ਦੇ ਇਸ ਸਰਬ ਵਰਤਾਰੇ ਦਾ ਆਦਰਸ਼ੀ ਨਮੂਨਾ ਜੋ ਇਸ ਪਵਿੱਤਰ ਆਦਰਸ਼ਕ ਸਮੇਂ ਖ਼ਾਸ ਵਿਸ਼ੇਸ਼ਤਾ ਸਹਿਤ ਬੰਨ੍ਹਿਆ ਜਾਂਦਾ ਹੈ, ਇਹ ਧੁਰਿ ਸ੍ਰੀ ਦਸਮੇਸ਼ ਜੀ ਸਾਹਿਬ ਦੇ ਸਮੇਂ ਦਾ ਬੰਨ੍ਹਿਆ ਸ੍ਰੀ ਦਸਮੇਸ਼ ਜੀ ਦੀ ਖ਼ਾਸ ਹਜ਼ੂਰੀ ਅਤੇ ਹਜ਼ੂਰੀ

ਕਲਾ ਦਾ ਬੰਨ੍ਹਿਆ ਸਾਂਗੋ ਪਾਂਗ ਨਮੂਨਾ ਹੈ। ਸ੍ਰੀ ਕੇਸਗੜ੍ਹ ਸਾਹਿਬ ਵਿਖੇ ਖਾਲਸਾ ਪੰਥ ਸਾਜਣ ਸਮੇਂ ਦਾ ਹੂਬਹੂ ਨਮੂਨਾ ਹੈ, ਜੋ ਸੀਨਾ ਬਸੀਨਾ ਹੁਣ ਤਾਈਂ ਪੰਥ ਵਿਚ ਪ੍ਰਵਿਰਤ ਪ੍ਰਚਲਤ ਹੋਇਆ ਚਲਿਆ ਆਉਂਦਾ ਹੈ। ਚੋਜੀ ਪਿਤਾ ਸ੍ਰੀ ਦਸਮੇਸ਼ ਜੀ ਨੇ ਸੂਰਬੀਰਤਾ ਦੀ ਸਪਿਰਟ ਨੂੰ ਖਾਲਸਾ ਜੀ ਅੰਦਰਿ ਸੁਆਸਿ ਸੁਆਸਿ ਸੁਰਜੀਤ ਰਖਣ ਲਈ ਸਰਬ ਲੋਹ ਦੀ ਰਹੁ-ਰੀਤ ਚਲਾਈ। ਸਰਬ ਲੋਹ ਦੁਆਰਾ ਹੀ ਖੰਡੇ ਧਾਰ ਅੰਮ੍ਰਿਤ ਕਲਾ ਵਰਤਾ ਕੇ "ਨਾਨਕ ਨਾਮ ਚੜ੍ਹਦੀ ਕਲਾ" ਵਾਲੀ ਸਦਾ ਜਾਗਤ ਜੋਤਿ ਖਾਲਸਾ ਜੀ ਦੇ ਘਟ ਅੰਤਰਿ ਜਗਾਈ। ਐਨ ਜਨਮ ਸਮੇਂ ਹੀ ਖੰਡੇ ਧਾਰ ਅੰਮ੍ਰਿਤ ਦੀ ਗੁੜ੍ਹਤੀ ਦਿੱਤੀ ਅਤੇ ਸੂਰਬੀਰਤਾ ਦੀ ਸਰਬ ਲੋਹ ਸ਼ਕਤਿ ਐਨ ਜਨਮ ਜਾਗ ਲਗਣ ਸਮੇਂ ਹੀ ਖਾਲਸਾ ਜੀ ਦੇ ਰੋਮ ਰੋਮ ਅੰਦਰਿ ਪਰਵੇਸ਼ ਕੀਤੀ, ਮਾਨੋ ਅਸਾਡੇ ਸੀਨੇ ਉਤੇ ਇਹ ਅਟੱਲ ਅਤੇ ਅਮਰ ਹੁਕਮ ਉੱਕਰ ਦਿਤਾ ਗਿਆ ਕਿ ਖਾਲਸਾ ਜੀ ਨੇ ਸਦਾ ਸਰਬ ਲੋਹੀਏ ਸਜੇ ਰਹਿਣਾ ਹੈ। ਜੋ ਇਸ ਹੁਕਮ ਨੂੰ ਪਾਲੇਗਾ, ਜੋ ਸਰਬ ਲੋਹ ਦੀ ਘਾਲਣਾ ਨੂੰ ਘਾਲੇਗਾ ਓਹ ਸਦ-ਜੀਵਨ ਮੁਕਤ ਚੜ੍ਹਦੀ ਕਲਾ ਵਿਖੇ ਬਿਚਰੇਗਾ। ਸੂਰਬੀਰਤਾ ਉਸ ਦੇ ਰਗੋ ਰੇਸ਼ੇ ਅੰਦਰਿ ਹਰ ਦਮ ਠਾਠਾਂ ਮਾਰੇਗੀ। ਨਿਰਭੈਤਾ ਦੀ ਨਾਮ-ਰੰਗੀ, ਆਤਮ-ਤਰੰਗੀ ਔਜ ਮੌਜ ਵਿਚ ਉਹ ਖਿਨ ਖਿਨ ਖੇਡੇਗਾ। ਇਹ ਗੱਲਾਂ ਬਿਲਕੁਲ ਸੱਚ ਹਨ, ਪਰਤੱਖ ਹਨ, ਏਹਨਾਂ ਵਿਚ ਰੰਚਕ ਭੀ ਸੰਦੇਹ ਨਹੀਂ। ਪ੍ਰੰਤੂ ਏਹਨਾਂ ਨੂੰ ਸੋ ਜਾਣੈ, ਏਹਨਾਂ ਦੀ ਕਦਰ ਸੋਈ ਪਛਾਣੈ ਜਿਨ੍ਹਾਂ ਦੇ ਪਰਤੱਖ ਜੀਵਨ ਅੰਦਰਿ, ਜਿਨ੍ਹਾਂ ਦੇ ਜੀਵਨ-ਤਜਰਬੇ ਅੰਦਰਿ ਇਹ ਵਾਪਰੀਆਂ ਅਤੇ ਪ੍ਰਗਟ ਪਹਾਰੇ ਜਾਪੀਆਂ ਹਨ।

ਕੈਸੀ ਅਚਰਜ ਅਣਹੋਣੀ ਅਤੇ ਨਾਕਾਬਲਿ ਬਰਦਾਸ਼ਤ ਵਾਰਤਾ ਹੈ ਕਿ ਗੁੜ੍ਹਤੀ ਅੰਮ੍ਰਿਤ ਦੀ ਸਾਨੂੰ ਸਰਬ ਲੋਹ ਦੇ ਵਿਚ ਮਿਲੇ, ਗਫੇ ਅੰਮ੍ਰਿਤ ਭੋਜਨ ਦੇ ਸਾਨੂੰ ਸਰਬ ਲੋਹ ਵਿਖੇ ਦਿਤੇ ਜਾਣ ਅਤੇ ਕਰਦ ਭੇਟ ਦੁਆਰਾ ਭੁੰਚਣ ਯੋਗ ਪ੍ਰਸ਼ਾਦ ਨੂੰ ਅੰਮ੍ਰਿਤ ਭੋਜਨ ਕਰਕੇ, ਅੰਮ੍ਰਿਤ ਛਕੇ ਜਾਣ ਦੀ ਸਿਖਸ਼ਾ ਸਿਖਾਈ ਸ਼ਰਧਾਈ ਜਾਵੇ। ਮਾਨੋ ਸਰਬ ਲੋਹ ਵਿਚ ਤੇ ਕਰਦ ਭੇਟ ਕਰਕੇ ਛਕਿਆ ਛਕਾਇਆ ਹਰ ਇਕ ਭੁੰਚਣ ਯੋਗ ਭੋਜਨ ਅੰਮ੍ਰਿਤ ਭੋਜਨ ਦੇ ਸਮਾਨ ਦ੍ਰਿੜ੍ਹਾਇਆ ਦਰਸਾਇਆ ਸਮਝਾਇਆ ਅਤੇ ਮਨਾਇਆ ਜਾਵੇ, ਪ੍ਰੰਤੂ ਅੰਮ੍ਰਿਤ ਮੰਡਲ ਤੋਂ ਬਾਹਰ ਨਿਕਸਣ ਸਾਰ ਹੀ ਓਹੋ ਪਿਤਲ ਕਾਂਸੀ! ਕੀ ਇਹ ਐਨ ਐਸੀ ਘਿਰਣਾ ਯੋਗ ਗੱਲ ਨਹੀਂ ਜੈਸੇ ਕਿ ਅੰਮ੍ਰਿਤ ਦਾ ਬੁੱਤਾ ਪੂਰਿਆ ਅਤੇ ਇਹ ਬੁੱਤਾ ਪੂਰਾ ਕਰਨ ਸਮੇਂ ਕਛਹਿਰਾ ਸਜਾਈ ਰਖਿਆ, ਫੇਰ ਉਤਾਰ ਘਤਿਆ ਅਤੇ ਓਹੋ ਧੋਤੀ, ਤੰਬੀ, ਲੰਗੋਟੀ। ਜੈਸੇ ਕਿ ਅੰਮ੍ਰਿਤ ਛਕ ਕੇ ਕਛਹਿਰੇ ਦੇ ਥਾਉਂ ਆਨਮਤੀ ਦੀ ਨਿਆਈਂ ਬਹੁੜ ਧੋਤੀ-ਪੋਸ਼ ਆਦਿਕ ਹੋਣਾ ਗੁਰਸਿੱਖੀ ਦੀ ਖਾਲਸ ਰਹਿਤ ਰਹਿਣੀ ਨੂੰ ਲੀਕ ਲਾਉਣਾ ਹੈ, ਤੈਸੇ ਹੀ ਅੰਮ੍ਰਿਤ-ਧਾਰੀ ਹੋ ਕੇ ਅਤੇ ਓਤਿ ਪੋਤਿ ਪੂਰਨ ਸਰਬ ਲੋਹੀ ਸਿੰਘ ਖਾਲਸਾ ਬੀਰ ਬਹਾਦਰ ਬਣ ਕੇ ਬਾਹੁੜ ਕਾਂਸੀ ਪਿੱਤਲ ਆਦਿ ਆਨਮਤੀ ਰੀਤ ਗਹਿ ਕੇ ਖਾਲਸਈ ਸੂਰਬੀਰਤਾ ਨੂੰ ਲਾਜ ਲਾਉਣਾ ਹੈ।

ਸਾਨੂੰ ਅਤਿਅੰਤ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਸਾਡੇ ਬਹੁਤ ਸਾਰੇ ਅੰਮ੍ਰਿਤ ਪ੍ਰਚਾਰਕ ਜਥਿਆਂ ਨੇ ਭੀ ਸਰਬ ਲੋਹ ਦੀ ਸਾਰ, ਮੁਖੀ ਸਾਰ ਨਹੀਂ ਜਾਣੀ, ਨਹੀਂ ਤਾਂ ਪੰਜ ਕਕਾਰਾਂ ਦੀ ਨਿਆਈਂ ਸਰਬ ਲੋਹ ਦੀ ਰਹਿਤ ਦ੍ਰਿੜ੍ਹਾਵਣ ਲਈ ਭੀ

ਜ਼ੋਰ ਦਿਤਾ ਜਾਂਦਾ। ਪ੍ਰੰਤੂ ਉਕਤ ਅੰਮ੍ਰਿਤ ਪ੍ਰਚਾਰਕਾਂ ਵਲੋਂ ਸਰਬ ਲੋਹ ਦੀ ਰਹਿਤ ਦਾ ਸਪੱਸ਼ਟ ਤੌਰ ਤੇ ਨਾ ਦ੍ਰਿੜ੍ਹਾਇਆ ਜਾਣਾ ਏਸ ਗੱਲ ਦਾ ਸਬੂਤ ਨਹੀਂ ਕਿ ਸਰਬ ਲੋਹ ਗੁਰਮਤਿ ਅਸੂਲ ਹੀ ਨਹੀਂ। ਏਸ ਤਰ੍ਹਾਂ ਤਾਂ ਅਨੇਕ ਜਥੇ ਅਜਿਹੇ ਹਨ ਜੋ ਅੰਮ੍ਰਿਤ ਪ੍ਰਚਾਰ ਕਰਨ ਸਮੇਂ ਨਾਮ ਗੁਰਮੰਤ੍ਰ ਨੂੰ ਭੀ ਨਹੀਂ ਦ੍ਰਿੜ੍ਹਾਉਂਦੇ। ਕੇਵਲ ਮੂਲ ਮੰਤ੍ਰ ਹੀ ਰਟਨ ਕਰਾਇਆ ਜਾਂਦਾ ਹੈ। ਕੀ ਇਸ ਤੋਂ ਇਹ ਨਤੀਜਾ ਭਾਵ ਨਿਕਲ ਸਕਦਾ ਹੈ ਕਿ 'ਨਾਮ' 'ਗੁਰਮੰਤ੍ਰ' ਗੁਰਮਤਿ ਦਾ ਅਸੂਲ ਹੀ ਨਹੀਂ। ਨਾਮ ਤਾਂ ਗੁਰਮਤਿ ਦੀ ਰੂਹੇ ਰਵਾਨ ਹੈ। ਏਸ ਰੂਹ-ਰਵਾਨੀ ਅਸੂਲ ਤੋਂ ਬਿਹੂਣ ਹੋਰ ਸਾਰੇ ਗੁਰਮਤਿ ਅਸੂਲ ਹੀ ਊਰੇ ਅਤੇ ਅਧੂਰੇ ਹਨ। ਪ੍ਰੰਤੂ ਪਰਤੱਖ ਦੇਖਣ ਵਿਚ ਆਇਆ ਹੈ (ਆਉਂਦਾ ਹੈ) ਕਿ ਆਮ ਤੌਰ ਤੇ ਇਹ ਰੂਹ-ਰਵਾਨੀ ਅਸੂਲ ਅੰਮ੍ਰਿਤ ਸਮਾਗਮਾਂ ਸਮੇਂ ਕਈ ਨਾਮ ਧ੍ਰੀਕ ਅੰਮ੍ਰਿਤ ਪ੍ਰਚਾਰਕ ਜਥਿਆਂ ਵਲੋਂ ਨਹੀਂ ਦ੍ਰਿੜ੍ਹਾਇਆ ਸਪੱਸ਼ਟਾਇਆ ਜਾਂਦਾ। ਅੰਮ੍ਰਿਤ ਸੰਚਾਰ ਦਾ ਕੇਵਲ ਰਸਮ ਪੂਰਬਕ ਪ੍ਰਚਾਰ ਕਰਨ ਵਾਲੇ ਜਥੇ ਜੇ ਅੰਮ੍ਰਿਤ ਛਕਾਉਣ ਸਮੇਂ ਦ੍ਰਿੜ੍ਹਾਏ ਜਾਣ ਵਾਲੇ ਅਸੂਲਾਂ ਵਿਚੋਂ ਜੇ ਕਿਸੇ ਅਸੂਲ ਨੂੰ ਸਪੱਸ਼ਟ ਨਾ ਦ੍ਰਿੜ੍ਹਾਵਣ ਤਾਂ ਉਕਤ ਅਸੂਲ ਦੀ ਅਸਲੀਅਤ (ਹਸਤੀ) ਲੋਪ ਨਹੀਂ ਹੋ ਸਕਦੀ। ਓਹ ਰਸਮ ਮਾਤਰ ਦੀ ਅਦਾਇਗੀ ਵਾਲੇ ਨਿਰੇ ਨਮੂਨੇ ਵਿਚਿ ਹੀ ਮਉਜੂਦ ਅਤੇ ਵਿਦਮਾਨ ਹੈ। ਭਾਵੇਂ ਕਈ ਗੁਰਦੁਆਰੀਏ ਪੁਜਾਰੀ ਆਦਿਕ ਗੁਰਧਾਮਾਂ ਉਤੇ ਦੇਖਾ ਦੇਖੀ ਦੀ ਰਸਮ ਪੂਰਬਕ ਪਰਪਾਟੀ ਪੈ ਜਾਣ ਕਰਕੇ ਵੇਲਾ ਟਪਾਉਣ ਲਈ ਇਕ ਪੌਂਚਾ ਕਛਹਿਰੇ ਦਾ ਇਕ ਟੰਗ ਵਿਚ ਅੜਾ ਕੇ ਹੀ ਬੁੱਤਾ ਪੂਰਾ ਕਰ ਲੈਂਦੇ ਹਨ। ਪ੍ਰੰਤੂ ਵਿਚਾਰ ਸ਼ੀਲ ਬਿਬੇਕ ਬੀਨ ਸਾਰਗ੍ਰਾਹੀ ਗੁਰਮੁਖਿ ਜਨ ਏਥੋਂ ਭੀ ਜਾਂਚ ਲੈਂਦੇ ਹਨ ਕਿ ਇਹ ਕੋਈ ਗੁਰਮਤਿ ਦਾ ਮੁਢ ਕਦੀਮੀ ਪਰਚੁਰ ਹੁੰਦਾ ਆਇਆ ਨਿਗਰ ਅਸੂਲ ਹੈ ਜੋ ਏਹਨਾਂ ਬੁੱਤਾ-ਪੂਰਕਾਂ ਨੇ ਰਿਵਾਜ ਮਾਤਰ ਹੀ ਸਮਝ ਛਡਿਆ ਹੋਇਆ ਹੈ। ਐਨ ਏਸੇ ਤਰ੍ਹਾਂ ਹੀ ਸਰਬ ਲੋਹੀਏ ਹੋਣ ਦਾ ਅਸੂਲ ਬੀਜ ਮਾਤਰ ਅੰਮ੍ਰਿਤ ਸਮਾਗਮ ਸਮੇਂ ਉਪਦੇਸ਼ਿਆ ਜਾਂਦਾ ਹੈ। ਉਸ ਦਾ ਪਰਤੱਖ ਨਮੂਨਾ ਬੰਨ੍ਹ ਕੇ ਦਸਿਆ ਜਾਂਦਾ ਹੈ। ਅੰਮ੍ਰਿਤ-ਅਧਿਕਾਰੀ ਲਈ ਅਸੂਲ-ਉਦਾਹਰਣੀ-ਉਪਦੇਸ਼ ਨਾਲੋਂ ਪਰਤੱਖ ਨਮੂਨੇ ਮਈ ਧੁਰਵਾ ਬੰਨ੍ਹ ਕੇ ਦਿਖਾਉਣਾ ਅਧਿਕ ਅਸਰ ਰਖਦਾ ਹੈ। ਅੰਮ੍ਰਿਤ ਸਮਾਗਮਾਂ ਸਮੇਂ ਆਮ ਤੌਰ ਤੇ ਅੰਮ੍ਰਿਤ ਛਕਣਹਾਰਿਆਂ ਨੂੰ ਨਿੱਕੀਆਂ ਕ੍ਰਿਪਾਨਾਂ ਸੀਸ ਵਿਚ ਰਖਣ ਵਾਲੀਆਂ ਹੀ ਦਿਤੀਆਂ ਜਾਂਦੀਆਂ ਹਨ। ਅਤੇ ਗਾਤਰੇ ਸਜਾਉਣ ਵਾਲੀਆਂ ਕ੍ਰਿਪਾਨਾਂ ਵਿਰਲੇ ਅੰਮ੍ਰਿਤ ਸਮਾਗਮਾਂ ਅੰਦਰਿ ਹੀ ਅੰਮ੍ਰਿਤ ਛਕਣ ਵਾਲਿਆਂ ਦੇ ਗਾਤਰੀਂ ਸਜਾਈਆਂ ਜਾਂਦੀਆਂ ਹਨ ਅਤੇ ਓਹ ਭੀ ਬੁੱਤਾ ਪੂਰਾ ਕਰਨ ਲਈ ਸਜਾਈਆਂ ਜਾਂਦੀਆਂ ਹਨ, ਅਤੇ ਬੁੱਤਾ ਪੂਰਾ ਕਰ ਕਰਾ ਕੇ ਫੇਰ ਲਹਾਈਆਂ ਜਾਂਦੀਆਂ ਹਨ। ਕੇਵਲ ਨਿੱਕੀਆਂ ਸੀਸ ਵਿਚ ਰਖਣ ਵਾਲੀਆਂ ਕ੍ਰਿਪਾਨਾਂ ਹੀ ਰਖਾਈਆਂ ਜਾਂਦੀਆਂ ਹਨ। ਕੀ ਇਸ ਤੋਂ ਇਹ ਸਾਫ਼ ਸਿਧ ਹੋ ਗਿਆ ਕਿ ਗਾਤਰੇ ਦੀ ਕ੍ਰਿਪਾਨ ਰਖਣਾ ਗੁਰਮਤਿ ਅਸੂਲ ਹੀ ਨਹੀਂ। ਸਗੋਂ ਅੰਮ੍ਰਿਤ ਛਕਣ ਛਕਾਉਣ ਸਮੇਂ ਗਾਤਰੇ ਰਸਮ ਪੂਰਬਕ ਕ੍ਰਿਪਾਨ ਸਜਾਉਣ ਦੀ ਨਜ਼ੀਰ ਤੋਂ ਹੀ ਉਤਮ ਅੰਮ੍ਰਿਤ ਅਧਿਕਾਰੀ ਇਹ ਸਾਰ ਸਿਧਾਂਤ ਕੱਢ ਲੈਂਦੇ ਹਨ ਕਿ ਗਾਤਰੇ ਕ੍ਰਿਪਾਨ ਧਾਰਨ ਕਰਨਾ ਇਕ ਮੰਨਿਆ ਪ੍ਰਮੰਨਿਆ ਗੁਰਮਤਿ ਅਸੂਲ ਹੈ। ਸੋ ਐਸੇ ਉਤਮ ਅਧਿਕਾਰੀ ਓਸੇ ਦਿਨ ਤੋਂ ਹੀ (ਅੰਮ੍ਰਿਤ ਛਕਣ ਦੇ ਦਿਹਾੜੇ ਤੋਂ ਹੀ) ਗਾਤਰੇ ਕ੍ਰਿਪਾਨ ਸਜਾ ਲੈਂਦੇ ਹਨ।

ਅੱਜ ਦੇ ਦਿਹਾੜੇ ਚਾਹੇ ਵਿਰਲੇ ਹੀ ਰਹਿਤ ਸਿਦਕਵਾਨ ਸਿੰਘ ਪੰਥ ਅੰਦਰ ਮੌਜੂਦ ਹਨ, ਜੋ ਗਾਤਰੇ ਵਾਲੀ ਇਕ ਫੁਟੀ ਕ੍ਰਿਪਾਨ ਸਜਾਉਣ ਦੇ ਸਿਦਕ-ਨੇਮੀ ਹਨ। ਪ੍ਰੰਤੂ ਓਹ ਦਿਨ ਨੇੜੇ ਹੀ ਆਉਣ ਵਾਲਾ ਹੈ ਕਿ ਜਿਸ ਦਿਨ ਅਸੀਂ ਸਿੰਘ ਮਾਤਰ ਦੇ ਗਾਤਰੇ ਵਿਚ ਪੂਰੀ ਕ੍ਰਿਪਾਨ ਸਜੀ ਦੇਖਾਂਗੇ, ਕਿਉਂਕਿ ਸ੍ਰੀ ਦਸਮੇਸ਼ ਜੀ ਦਾ ਪਰਚੁਰ ਕੀਤਾ ਮੁਢ ਕਦੀਮੀ ਅਸਲੀਅਤ ਵਾਲਾ ਅਸੂਲ ਇਕ ਦਿਨ ਆਪਣੇ ਅਸਲੇ ਦੇ ਜੌਹਰ ਦਿਖਾਏਗਾ, ਪਰ ਜ਼ਰੂਰ ਦਿਖਾਏਗਾ। ਅਸੀਂ ਸਾਫ਼ ਦੇਖਦੇ ਹਾਂ ਕਿ ਗੁਰਮਤਿ ਦੀਆਂ, ਗੁਰੂ ਖਾਲਸਾ ਪੰਥ ਦੀਆਂ ਕਈ ਲੋਪ ਹੋਈਆਂ ਵੀਆਂ ਸੁਰੀਤੀਆਂ ਇਸ ਵਰਤਮਾਨ ਸਦੀ ਅੰਦਰਿ ਸੁਰਜੀਤ ਹੋਈਆਂ ਹਨ। ਏਸ ਤਰ੍ਹਾਂ ਕੋਈ ਸਮਾਂ ਆਵੇਗਾ ਕਿ ਸ੍ਰੀ ਦਸਮੇਸ਼ ਜੀ ਦੇ ਕਲਾ ਕ੍ਰਿਸ਼ਮੀ ਕਉਤਕ ਅਵਤਾਰੀ ਸਮੇਂ ਵਾਂਗੂ ਸਰਬ ਲੋਹ ਦੀ ਸ੍ਰੇਸ਼ਟ ਧਾਰਨਾ ਦੇ ਸਿਦਕਵਾਨ ਪੂਰੇ ਸੂਰੇ ਸਿੰਘਾਂ ਦੇ ਸਮੂਹਾਂ ਦੇ ਸਮੂਹ ਗੁਰੂ ਪੰਥ ਅੰਦਰਿ ਬਿਚਰਦੇ ਬਿਰਾਜਦੇ ਅਤੇ ਗੱਜਦੇ ਬਜਦੇ ਨਜ਼ਰ ਆਉਣਗੇ। ਗੁਰਮਤਿ ਅਸੂਲ ਅਸਲੀਅਤ ਨੇ ਕਦੇ ਆਹਲਾ ਨਹੀਂ ਜਾਣਾ। ਸੋ ਅਸੂਲਨ੍ ਵਾ ਅਸਲਤਨ ਸਰਬ ਲੋਹ ਬਿਬੇਕ ਦੀ ਧਾਰਨਾ ਦਾ ਧਾਰਨਾ ਸਿੰਘ ਮਾਤਰ ਦਾ ਫ਼ਰਜ਼ ਹੈ। ਇਸ ਸਰਬ ਲੋਹ ਬਿਬੇਕ ਅਸੂਲ ਦੀ ਧਾਰਨਾ ਵਾਲੇ ਗੁਰੂ ਪੰਥ ਅੰਦਰ ਵਿਰਲੇ ਥੋੜੇ ਹੀ ਸਿੰਘ ਸੁਜਨ ਹੁੰਦੇ ਚਲੇ ਆਏ ਹਨ ਅਤੇ ਸੁਖ ਰਹਿਤ ਰਹਿਣੀ ਦੇ ਪਸੰਦ ਕਰਨ ਵਾਲੇ ਬਹੁਤੇ ਤੇ ਬੇਸ਼ੁਮਾਰਾਂ ਦੀ ਗਿਣਤੀ (ਤਾਦਾਦ) ਵਿਚ ਰਹੇ ਹਨ। ਸੋ ਏਹਨਾਂ ਬੇਅੰਤ ਸੁਖ ਰਹਿਤ-ਪਸੰਦਾਂ ਨੇ ਸਰਬ ਲੋਹ ਬਿਬੇਕ-ਧਾਰਨੀਆਂ ਦੀ ਸ਼੍ਰੇਣੀ ਦਾ ਨਾਮ ਸਰਬ ਲੋਹੀਏ ਪਾ ਲਿਆ ਹੈ, ਹਾਲਾਂਕਿ ਸਰਬ ਲੋਹੀ ਕੋਈ ਵਖਰਾ ਫ਼ਿਰਕਾ ਖਾਲਸਾ ਪੰਥ ਦਾ ਨਹੀਂ। ਇਹ ਸਿਰਫ਼ ਚਾਤਰਤਾ ਵਾਲੀ ਬੁਧੀ ਦੇ ਮਾਲਕਾਂ ਦੀ ਕਿਰਪਾ ਹੈ ਕਿ ਕਿਸੇ ਗੁਰਮਤਿ ਅਸੂਲ ਤੇ ਨਾ ਚਲ ਸਕਣ ਵਾਲੀ ਆਪਣੀ ਕਮਜ਼ੋਰੀ ਉਤੇ ਪੜਦਾ ਪਾਉਣ ਲਈ ਓਹ ਉਕਤ ਅਸੂਲ ਤੇ ਚਲਣ ਵਾਲਿਆਂ ਦੀ ਨਿਖੇਧੀ ਕਰਨ ਲੱਗ ਪੈਂਦੇ ਹਨ। ਪ੍ਰੰਤੂ ਗੰਭੀਰ ਅਤੇ ਗੁਰਮੁਖਿ ਬਿਬੇਕੀ ਜਨ ਆਪਣੀ ਮਸਤ ਚਾਲ ਚਲਦੇ ਰਹਿੰਦੇ ਹਨ। ਆਪਣੇ ਭਰਾਵਾਂ ਦੀਆਂ ਨੋਕਾਂ ਚੋਕਾਂ ਦੀ ਪਰਵਾਹ ਨਹੀਂ ਕਰਦੇ। ਕਿਉਂਕਿ ਓਹਨਾਂ ਨੂੰ—

**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥੧॥੪॥**

*ਦੇਵਗੰਧਾਰੀ ਮ: ੪, ਪੰਨਾ ੫੨੮*

ਰੂਪੀ ਗੁਰਵਾਕ ਦੇ ਭਾਵ ਅਨੁਸਾਰ ਕਿਸੇ ਦੀ ਨੋਕ ਚੋਕ ਦਾ ਕੁਛ ਗੁਮੇਹ ਹੀ ਨਹੀਂ। ਸਗੋਂ :

**ਗੁਰ ਸਿਖ ਮੀਤ ਚਲਹੁ ਗੁਰ ਚਾਲੀ ॥੧॥ਰਹਾਉ॥੪॥**

*ਧਨਾਸਰੀ ਮ: ੪, ਪੰਨਾ ੬੬੭*

ਦੇ ਗੁਰ ਭਾਵ ਅਨੁਸਾਰ ਗੁਰੂ ਚਲਾਈ ਗੁਰਮਤਿ ਚਾਲ ਅਚੱਲ ਹੋ ਕੇ ਚਲਦੇ ਰਹਿੰਦੇ ਹਨ। ਗੁਰਮਤਿ ਨਾਮ ਦੀ ਧਾਰਨਾ ਗੁਰਮਤਿ ਦਾ ਅਵਲ-ਤਰੀਨ ਅਸੂਲ ਹੈ। ਅਰਥਾਤ, ਮੁਖ ਸਾਰ ਬਿਬੇਕ ਕਮਾਈ ਵਾਲਾ ਗੁਰਮਤਿ ਅਸੂਲ ਸਿਫਤਿ-ਸਾਲਾਹ ਰੂਪੀ ਨਾਮ ਅਭਿਆਸ ਹੈ। ਕੋਈ ਸਮਾਂ ਆਇਆ ਅਤੇ ਤਕੜਾ ਜ਼ਮਾਨਾ ਗੁਜ਼ਰ ਗਿਆ ਕਿ ਨਾਮ ਅਭਿਆਸ ਦੀ ਧਾਰਨਾ ਵਾਲੇ, ਨਾਮ ਦੀਆਂ ਕਮਾਈਆਂ ਵਾਲੇ ਸਿੰਘ ਸੁਜਾਨ

ਪੰਥ ਵਿਚੋਂ ਲੋਪ ਹੋ ਗਏ । ਕੋਈ ਟਾਵੇਂ ਟਾਵੇਂ ਹਰੇ ਬੂਟ ਰਹਿ ਗਏ । ਸੋ ਵਿਰਲੇ ਵਾਂਝੇ ਭੀ ਗੁਪਤ ਅਤੇ ਅਲੋਪ । ਕਈ ਲਹਿਰਾਂ ਚਲੀਆਂ, ਖੁਲ੍ਹਮ-ਖੁਲ੍ਹੀਆਂ ਚਲੀਆਂ, ਪ੍ਰੰਤੂ ਨਾਮ-ਅਭਿਆਸੀਆਂ ਦੀ ਖੁਲ੍ਹੀ, ਖੁਲ੍ਹਮ ਖੁਲ੍ਹੀ ਲਹਿਰ ਅੱਜ ਤਾਈਂ ਵਿਰਲਿਆਂ ਥੋੜਿਆਂ ਵਿਚ ਹੀ ਚਲੀ ਹੈ । ਆਮ ਤੌਰ ਤੇ ਨਹੀਂ ਚਲੀ, ਨਾ ਹੀ ਚਲ ਸਕਦੀ ਹੈ । ਕਿਉਂਕਿ :

**ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥....੧੧॥**

*ਗਉੜੀ ਕੀ ਵਾਰ ਮ: ੪, ਪੰਨਾ ੩੦੬*

ਗੁਰਵਾਕ ਦੇ ਭਾਵ ਅਨੁਸਾਰ ਨਾਮ ਆਰਾਧਣਹਾਰੇ ਸੱਚੇ ਭਗਤ ਜਨ ਵਿਰਲੇ ਥੋੜੇ ਹੀ ਹੁੰਦੇ ਹਨ । ਪ੍ਰੰਤੂ ਏਹਨਾਂ ਦਾ ਵਿਰਲੇ ਥੋੜੇ ਹੋਣਾ ਏਸ ਗੱਲ ਦੀ ਦਲੀਲ ਨਹੀਂ ਕਿ ਨਾਮ ਅਭਿਆਸ ਅਰਥਾਤ 'ਸਿਫਤਿ-ਸਾਲਾਹ' ਗੁਰਮਤਿ ਦਾ ਅਸੂਲ ਨਹੀਂ।

ਕਈ ਸੁਖ ਰਹਿਣੀ ਰਹਿਤ ਦੇ ਰਹਿਤਾਲੂ ਅਤੇ ਸ਼ੀਂਗਾਰ ਰਸ ਦੇ ਖ਼ੁਸ਼-ਪੋਸ਼ ਸ਼ੌਕੀਨ ਇਹ ਕਿਹਾ ਕਰਦੇ ਹਨ ਕਿ ਸਿੰਘਣੀਆਂ ਦੇ ਸੀਸ ਉਤੇ ਦਸਤਾਰਾਂ ਸਜਾਉਣਾ ਕੋਈ ਗੁਰਮਤਿ ਅਸੂਲ ਨਹੀਂ, ਅਤੇ ਇਸ ਖ਼ਿਆਲ ਦੀ ਪ੍ਰੋੜ੍ਹਤਾ ਲਈ ਪੋਲੀ ਜਿਹੀ ਦਲੀਲ ਇਹ ਦਿਆ ਕਰਦੇ ਹਨ ਕਿ ਜੇਕਰ ਸਿੰਘਣੀਆਂ ਦੇ ਸੀਸ ਤੇ ਦਸਤਾਰਾ ਸਜਾਉਣਾ ਗੁਰਮਤਿ ਅਸੂਲ ਹੁੰਦਾ ਤਾਂ ਇਹ ਅਸੂਲ ਹੁਣ ਨੂੰ ਆਮ ਤੌਰ ਤੇ ਸਮੂਹ ਪੰਥ ਅੰਦਰਿ ਪਰਚੁਰ ਹੋਇਆ ਹੁੰਦਾ, ਅਰਥਾਤ, ਸਿੰਘਣੀਆਂ ਦੇ ਸੀਸ ਤੇ ਦਸਤਾਰੇ ਸਜੇ ਹੋਏ ਹੁੰਦੇ । ਏਸ ਪੋਲੀ ਦਲੀਲ ਅਨੁਸਾਰ ਤਾਂ ਉਹ ਕਦੇ ਇਹ ਭੀ ਕਹਿ ਸਕਦੇ ਹਨ ਕਿ ਨਾਮ ਅਭਿਆਸ ਭੀ ਜੇਕਰ ਗੁਰਮਤਿ ਅਸੂਲ ਪੱਕਾ ਹੁੰਦਾ ਤਾਂ ਹੁਣ ਨੂੰ ਘਰ ਘਰ ਅੰਦਰਿ ਇਸ ਦਾ ਪ੍ਰਚਾਰ ਹੁੰਦਾ ਅਤੇ ਸਿੰਘ ਮਾਤਰ ਪਰਵਾਰਾਂ ਦੇ ਪਰਵਾਰ ਸਮੁੱਚੇ ਤੌਰ ਪਰ ਪੰਥ ਅੰਦਰਿ ਨਾਮ ਅਭਿਆਸੀਆਂ ਦੇ ਪਾਏ ਜਾਂਦੇ । ਪ੍ਰੰਤੂ ਵਾਸਤਵ ਵਿਚ ਨਾਮ ਦੇ ਅਭਿਆਸੀ ਜਨ ਪੰਥ ਅੰਦਰਿ ਅਜੇ ਭੀ ਵਿਰਲੇ ਥੋੜੇ ਹੀ ਹਨ । ਤਾਂ ਫੇਰ ਕੀ ਇਹ ਏਸ ਗੱਲ ਦੀ ਦਲੀਲ ਹੈ ਕਿ ਨਾਮ ਦਾ, ਅਰਥਾਤ, ਸਿਫਤਿ-ਸਾਲਾਹ ਨਾਮ ਅਭਿਆਸ ਭਜਨ ਦਾ ਅਸੂਲ ਗੁਰਮਤਿ ਅਸੂਲ ਨਹੀਂ । ਸਗੋਂ ਗੁਰਮਤਿ ਦਾ ਮੁਖ ਅਤੇ ਬੁਨਿਆਦੀ ਸਾਰ ਬਿਬੇਕ ਅਸੂਲ ਇਹੋ ਸਿਫਤਿ-ਸਾਲਾਹ ਹੈ । ਸੀਸ ਤੇ ਦਸਤਾਰਾ ਸਜਾਉਣਾ ਕੇਸਾਂ ਦੀ ਰਖਸ਼ਾ ਲਈ ਸਿੰਘ ਸਿੰਘਣੀ ਦੋਹਾਂ ਲਈ ਪਰਮ ਜ਼ਰੂਰੀ ਹੈ ।

**ਕੰਘਾ ਦੋਨੋਂ ਵਖਤ ਕਰਿ ਪਾਗ ਚੁਨੇ ਕਰ ਬਾਂਧਈ ॥**
**ਦਾਤਨ ਨੀਤ ਕਰੇਇ ਨਾ ਦੁਖ ਲਾਗੈ ਲਾਲ ਜੀ ॥**

ਰਹਿਤਨਾਮੇ ਦੇ ਹੁਕਮ ਅਨੁਸਾਰ ਅਤੇ ਅੰਮ੍ਰਿਤ ਛਕਣ ਸਮੇਂ ਦ੍ਰਿੜ੍ਹਾਏ ਹੁਕਮਾਂ ਅਨੁਸਾਰ, ਦੋਨੋਂ ਵੇਲੇ ਕੇਸਾਂ ਵਿਖੇ ਕੰਘਾ ਕਰਨਾ ਲਾਜ਼ਮੀ ਹੈ । ਕੇਸਾਂ ਤੇ ਕੰਘਾ ਤਦੇ ਹੋ ਸਕਦਾ ਹੈ ਜੇ ਕੇਸ ਨਰੜ ਕੇ (ਮੀਢੀਆਂ ਆਦਿਕ ਕਰ ਕੇ) ਨਾ ਰਖੇ ਜਾਣ । ਅਤੇ ਕੇਸਾਂ ਦਾ ਗੁੰਦਣਾ ਆਦਿਕ ਗੁਰਮਤਿ ਪ੍ਰਤਿਕੂਲ ਹੈ । ਖੁਲ੍ਹੇ ਕੇਸ ਰਹਿ ਨਹੀਂ ਸਕਦੇ । ਕੇਸਾਂ ਦਾ ਜੂੜਾ ਕਰਨਾ ਜਿਹਾ ਸਿੰਘਾਂ ਲਈ ਸ਼ੋਭਨੀਕ ਪ੍ਰਵਾਣੀਕ ਹੈ ਤੇਹਾ ਸਿੰਘਣੀਆਂ ਲਈ ਭੀ । ਜੂੜਾ ਕੇਸਾਂ ਦਾ ਨੰਗਾ ਰਖਣਾ ਭੀ ਨਹੀਂ ਸੋਭਦਾ । ਅਤੇ ਕੇਸਾਂ ਦੀ ਰਖਸ਼ਾ ਕਰਨੀ ਭੀ ਪਰਮ ਜ਼ਰੂਰੀ ਹੈ । ਦਸਤਾਰ ਬਾਝੋਂ ਕੇਸਾਂ ਦੀ ਰਖਸ਼ਾ ਠੀਕ ਨਹੀਂ ਹੋ ਸਕਦੀ । ਕੇਸਾਂ

ਦੀ ਰਖਸ਼ਾ ਲਈ ਦਸਤਾਰਾ ਸਜਾਉਣਾ ਜੇਹਾ ਸਿੰਘਾਂ ਲਈ ਜ਼ਰੂਰੀ ਹੈ, ਤੇਹਾ ਸਿੰਘਣੀਆਂ ਲਈ ਭੀ। ਸਿਰਫ਼ ਦੁਪੱਟੇ ਅਥਵਾ ਚੁੰਨੀ ਦੁਆਰਾ ਕੇਸਾਂ ਦੀ ਸੰਭਾਲ-ਰਖਸ਼ਾ ਨਹੀਂ ਹੋ ਸਕਦੀ। ਗੁਰਮਤਿ ਦਾ ਇਹ ਅਸੂਲ ਬੜਾ ਸਰਲ ਹੈ ਤੇ ਸੁਖੈਨ ਹੈ। ਪ੍ਰੰਤੂ ਪਿਛੇ ਗੁਤਨੀਆਂ ਦੇਖਣ ਵਾਲੇ ਇਸਤ੍ਰੀ-ਸ਼ੁਕੀਨਾਂ ਨੂੰ ਮੁਢੋਂ ਇਹ ਪਰਪਾਟੀ ਪਈ ਹੋਈ ਹੈ ਕਿ ਪਿਛੇ ਜੂੜਾ ਅਤੇ ਮੂਹਰੇ ਪਟੀਆਂ ਵਾਲੀ ਇਸਤ੍ਰੀ ਸੂਰਤ ਦੇਖ ਕੇ ਹੀ ਪ੍ਰਸੰਨ ਹੁੰਦੇ ਹਨ। ਓਹਨਾਂ ਨੂੰ ਦਸਵੇਂ ਦੁਆਰ ਜੂੜਾ ਕਰ ਕੇ ਦਸਤਾਰ ਸਜਾਇਆਂ ਇਸਤ੍ਰੀਆਂ ਦੇ ਸੀਸ ਨੂੰ ਦੇਖਣਾ ਕੁਛ ਭੱਦਾ ਭੱਦਾ ਭਾਸਦਾ ਹੈ ਅਤੇ ਇਸਤ੍ਰੀ ਜਾਮੇ ਤੋਂ ਮਨੁੱਖਪੁਣਾ ਟਪਕਦਾ ਭਾਸਣ ਲਗ ਪੈਂਦਾ ਹੈ। ਓਹਨਾਂ ਨੂੰ ਇਹੋ ਸ਼ੌਕ ਲਗਿਆ ਰਹਿੰਦਾ ਹੈ ਕਿ ਇਸਤ੍ਰੀ ਜਾਮੇ ਨੂੰ ਪ੍ਰਚਲਤ ਪਰਪਾਟੀ ਵਾਲੇ ਇਸਤ੍ਰੀ ਬਾਣੇ ਵਿਚ ਹੀ ਦੇਖਣ। ਆਪਣੇ ਏਸ ਸ਼ੌਕ ਨੂੰ ਬਹਾਲ ਰਖਣ ਲਈ ਅਜਿਹੇ ਸ਼ੁਕੀਨ ਭਾਂਤ ਭਾਂਤ ਦੇ ਬਹਾਨੇ ਬਣਾਉਂਦੇ ਹਨ ਅਤੇ ਸਿੰਘਣੀਆਂ ਦੇ ਸੀਸ ਤੇ ਦਸਤਾਰਾ ਸਜਾਉਣ ਵਾਲੇ ਗੁਰਮਤਿ ਅਸੂਲ ਤੋਂ ਹੀ ਮੁਨਕਰ ਹੋ ਬੈਠਦੇ ਹਨ।

ਕਈ ਪੁਰਸ਼ ਗੁਰਮਤਿ ਅਸੂਲਾਂ ਦੀ ਪਾਬੰਦੀ ਨੂੰ ਬੰਧਨ ਰੂਪ ਸਮਝਦੇ ਹੋਏ ਰਹਿਤ ਬਹਿਤ ਦੀ ਖੁਲ੍ਹ ਖੇਡ ਕਰ ਦਿੰਦੇ ਹਨ, ਆਪਣੇ ਆਪ ਨੂੰ ਮਹਾਤਮਾ ਪਰਸਿਧ ਕਰਨ ਲਈ। ਐਥੋਂ ਤਾਈਂ ਕਿ ਓਹਨਾਂ ਨੂੰ ਮੂਲ ਗੁਰਮਤਿ ਅਸੂਲਾਂ ਦੇ ਤੋੜਨ ਮਰੋੜਨ ਦਾ ਹੌਸਲਾ ਭੀ ਹੋ ਜਾਂਦਾ ਹੈ। ਇਕ ਦਿਨ ਉਹ ਹੈਸੀ ਕਿ ਰਹਿਤ ਬਿਬੇਕ ਦੇ ਪੂਰੇ ਸੂਰੇ ਸਿੰਘ ਰਹਿਤਵਾਨ ਸਰਬ ਲੋਹ ਬਿਬੇਕ ਧਾਰਨ ਦੇ ਐਤਨੇ ਪੱਕੇ ਪਾਬੰਦ ਸਨ ਕਿ ਪਾਜਲ ਗੜਵੇ ਆਦਿਕ ਰਖਣ ਨੂੰ ਭੀ ਮਨਮਤਿ ਸਮਝਦੇ ਸਨ ਅਤੇ ਮਹਾਂ ਪ੍ਰਸ਼ਾਦ (ਪੰਚਾਮ੍ਰਿਤ-ਕੜਾਹ ਪ੍ਰਸ਼ਾਦ) ਸਜਾਉਣ ਸਮੇਂ ਖ਼ੂਬ ਜਾਂਚ ਪੜਤਾਲ ਕੇ ਪਿੱਤਲ ਤੇ ਤਾਂਬੇ ਦੇ ਕਿੱਲੈਂ ਤੋਂ ਰਹਤ ਦੇਗ (ਕੜਾਹੀ) ਅਤੇ ਸਰਬ ਲੋਹੀ ਗਾਗਰ ਆਦਿਕ ਵਰਤੋਂ ਵਿਚ ਲਿਆਉਂਦੇ ਸਨ। ਭਾਵ, ਸਰਬ ਲੋਹੀ ਬਾਸਨ (ਬਰਤਨ) ਵਿਚ ਰੰਚਕ ਕੀਲ ਮੇਖ ਮਾਤਰ ਦਾ ਪਾਜ ਭੀ ਹੋਵੇ, ਉਸ ਨੂੰ ਨਹੀਂ ਵਰਤਦੇ ਸਨ ਅਤੇ ਹੈ ਭੀ ਹੁਕਮ ਐਸਾ ਹੀ। ਪ੍ਰੰਤੂ ਸ਼ੋਕ ਕਿ ਅੱਜ ਕਲ੍ਹ ਦੇ ਰਿਵਾਜ-ਪੰਥੀਏ ਨਾਮਧਾਰੀਆਂ ਅੰਦਰਿ ਇਸ ਪਾਬੰਦੀ ਵਲੋਂ ਐਥੋਂ ਤਾਈਂ ਖੁਲ੍ਹ ਖੇਡ ਹੋ ਗਈ ਹੈ ਕਿ ਪਿੱਤਲ ਦੀਆਂ ਬਾਟੀਆਂ ਵਿਚ ਅੰਮ੍ਰਿਤ ਤਿਆਰ ਕਰ ਕੇ ਅੰਮ੍ਰਿਤ ਦੀ ਬੇਅਦਬੀ ਕਰਨ ਲਗ ਪਏ ਹਨ। ਅਤੇ ਇਹ ਵਤੀਰਾ ਓਹਨਾਂ ਵਿਚ ਆਮ ਦੇਖੀਦਾ ਹੈ। ਜਿਸ ਦਾ ਪਰਤੱਖ ਫਲ ਇਹ ਹੈ ਕਿ ਉਹਨਾਂ ਅੰਦਰੋਂ ਸੱਚੀ ਸੂਰਬੀਰਤਾ ਵਾਲੀ ਸਪਿਰਟ ਅਤੇ ਨਾਮ ਅਭਿਆਸ-ਕਲਾ ਦਿਨੋ ਦਿਨ ਲੋਪ ਹੁੰਦੀ ਜਾ ਰਹੀ ਹੈ। ਇਕ ਦਿਨ ਓਹ ਸੀ ਕਿ ਸਾਡੇ ਨਿਰਮਲੇ ਵੀਰ ਕਛਹਿਰੇ ਦਾ ਵਿਸਾਹ ਨਹੀਂ ਸੀ ਕਰਦੇ, ਅੱਜ ਓਹ ਲੰਗੋਟੀ-ਪੋਸ਼ ਹੋ ਕੇ ਨਿਰਮਲ ਪੰਥ ਦੇ ਨਾਉਂ ਨੂੰ ਲਾਜ ਲਾ ਰਹੇ ਹਨ। ਅੱਜ ਕਲ੍ਹ ਇਹ ਬਿਮਾਰੀ ਆਮ ਵਧ ਰਹੀ ਹੈ ਕਿ ਨਿੱਕਰ ਨੂੰ ਹੀ ਕਛਹਿਰੇ ਦੀ ਥਾਂ ਦਿੱਤੀ ਜਾ ਰਹੀ ਹੈ। ਅਸਾਡੇ ਪੰਥਕ ਆਸ਼੍ਰਮਾਂ ਦੇ ਅਧਿਆਪਕ ਤੇ ਨਵੀਨ ਰੋਸ਼ਨੀ ਵਾਲੇ ਲੀਡਰ, ਪ੍ਰਚਾਰਕ ਕਛਹਿਰੇ ਦੇ ਥਾਉਂ ਹਾਫ਼ ਪੈਂਟ ਨਿਕਰ ਬੋਕਰ ਪਾਉਣ ਨੂੰ ਪਾਪ ਨਹੀਂ ਸਮਝਦੇ ਅਤੇ ਆਪਣੀ ਇਸ ਪੈਂਟ-ਪੋਸ਼ੀ ਦੀ ਪ੍ਰੋੜ੍ਹਤਾ ਲਈ ਭਾਂਤ ਭਾਂਤ ਦੀਆਂ ਢੁਚਰਾਂ ਡਾਹੁੰਦੇ ਹਨ, ਖ਼ੁਸ਼ਕ ਫ਼ਿਲਾਸਫ਼ਰ ਜੁ ਹੋਏ। ਅਸਾਨੂੰ ਤੌਖਲਾ ਹੈ ਕਿ ਜੇਕਰ ਧਾਰਮਿਕ ਆਗੂਆਂ, ਪ੍ਰਚਾਰਕਾਂ, ਲੀਡਰਾਂ ਆਦਿ ਦੀ ਸੋਧ-ਸੁਧਾਈ

ਪਰਪੱਕ ਤੌਰ ਤੇ ਨਾ ਹੋਈ ਤਾਂ ਕਛਹਿਰੇ ਦੇ ਥਾਉਂ ਏਹ ਹਾਫ਼ ਪੈਂਟ-ਪੋਸ਼ੀ ਦਾ ਮਰਜ਼ ਵਧਦਾ ਵਧਦਾ ਸਾਰੇ ਪੰਥ ਅੰਦਰਿ ਹੀ ਪਲੇਗ ਰੂਪ ਹੋ ਜਾਵੇਗਾ। ਕਿਉਂਕਿ ਜਦ ਅਸਾਡੇ ਧਰਮ-ਮੁਖੀਆਂ ਤੋਂ ਹੀ ਕੁਫ਼ਰ ਉਤਪੰਨ ਹੋਣ ਲੱਗ ਪਵੇ ਤਾਂ ਗੁਰਸਿੱਖੀ ਅਤੇ ਗੁਰਸਿੱਖੀ ਦੀ ਰਹਿਤ ਬਹਿਤ ਕਿਥੇ ਰਹਿਣੀ ਹੈ। ਸੋ ਕਿਸੇ ਅਸੂਲ ਰਹਿਤ ਦਾ ਪੰਥ ਅੰਦਰਿ, ਅਥਵਾ, ਪੰਥ ਦੇ ਕਿਸੇ ਫ਼ਿਰਕੇ ਅੰਦਰਿ ਆਮ ਤੌਰ ਤੇ ਪ੍ਰਚਲਤ ਨਾ ਦਿਖਾਈ ਦੇਣਾ ਏਸ ਗੱਲ ਦਾ ਸਬੂਤ ਨਹੀਂ ਕਿ ਉਕਤ ਅਸੂਲ ਅਸਲੋਂ ਹੀ ਹੈ ਨਹੀਂ। ਪ੍ਰੰਤੂ ਏਸੇ ਦ੍ਰਿਸ਼ਯ ਤੋਂ ਇਹ ਭਾਵ ਕਢਣਾ ਚਾਹੀਦਾ ਹੈ ਕਿ ਖ਼ੁਸ਼-ਪੋਸ਼ੀਏ ਢਿਲੜਾਂ ਅਤੇ ਮਨ ਦੀ ਮੌਜ ਦੇ ਮਾਲਕਾਂ ਸੁਖ ਰਹਿਣੀ ਰਹਿਤ ਦੇ ਖ਼ੁਦ-ਪਸੰਦਾਂ ਨੇ ਉਕਤ ਅਸੂਲ ਦੀ ਰਹਿਤ ਧਾਰਨਾ ਅੰਦਰਿ ਗੜਬੜ ਪਾ ਛਡੀ ਹੋਈ ਹੈ। ਓਹ ਅਸੂਲ ਆਪਣੇ ਅਸਲੇ ਕਰਕੇ ਜਿਉਂ ਕਾ ਤਿਉਂ (ਫ਼ਿਲਬਦੀਹ) ਕਾਇਮ ਦਾਇਮ ਹੈ। ਸੋ ਸਰਬ ਲੋਹ ਦੇ ਅਸੂਲ ਦੀ ਹਸਤੀ ਵਿਚ ਕੋਈ ਸੰਦੇਹ ਨਹੀਂ। ਇਸ ਦੀ ਧਾਰਨਾ ਵਿਚ ਆਮ ਤੌਰ ਤੇ ਢਿਲੜਪਣੇ ਦੇ ਆਸਾਰ ਚਿਰਾਂ ਤੋਂ ਨਮੂਦਾਰ ਹੋਣ ਕਰਕੇ ਐਸਾ ਭਾਸਦਾ ਹੈ ਕਿ ਜਾਣੋ ਇਹ ਅਸੂਲ ਕਿਸੇ ਖ਼ਾਸ ਜਥੇ ਦੀ ਆਪਣੀ ਨਿਜ-ਘੜਤ ਦਾ ਬਣਾਉ ਹੈ, ਜਿਸ ਜਥੇ ਦਾ ਨਾਉਂ ਸਰਬ ਲੋਹੀਏ ਕਰਕੇ ਪ੍ਰਸਿਧ ਹੋ ਜਾਂਦਾ ਹੈ।

ਕੇਵਲ ਰਸਮ ਪੂਰਬਕ ਅੰਮ੍ਰਿਤ ਛਕ ਕੇ ਖਾਲਸਾ ਧਰਮ ਵਿਚ ਆਉਣ ਵਾਲੇ ਆਮ ਸੱਜਣਾਂ ਦੀਆਂ ਬਿਰਤੀਆਂ ਓਹਨਾਂ ਰਹਿਤ-ਰਹਿਣੀਆਂ ਨੂੰ ਹੀ ਕਬੂਲ ਕਰਦੀਆਂ ਹਨ ਜੋ ਉਨ੍ਹਾਂ ਨੂੰ ਸੌਖੀਆਂ ਭਾਸਦੀਆਂ ਹੋਣ। ਸੌਖੀ ਸਿੱਖੀ ਦੇ ਧਾਰਨੀ ਸਾਡੇ ਸੁਖ-ਰਹਿਣੀਏ ਵੀਰ ਸਰਬ ਲੋਹ ਬਿਬੇਕ ਧਾਰਨਾ ਨੂੰ ਔਖਾ ਸਮਝ ਕੇ ਏਸ ਵਲੋਂ ਕੰਨੀ ਕਤਰਾਉਂਦੇ ਹਨ। ਏਧਰ ਮੂੰਹ ਭੀ ਨਹੀਂ ਕਰਦੇ ਅਤੇ ਜਿਨ੍ਹਾਂ ਪ੍ਰੇਮੀਆਂ ਨੇ ਪ੍ਰੇਮ ਖੇਲਣ ਦੇ ਚਾਉ ਅੰਦਰਿ ਸੀਸ ਤਲੀ ਉਤੇ ਧਰ ਕੇ ਗੁਰਸਿੱਖੀ ਰੂਪੀ ਗੁਰ-ਗਲੀ ਵਿਚ ਆਉਣਾ ਕਬੂਲ ਕੀਤਾ ਹੋਇਆ ਹੁੰਦਾ ਹੈ, ਓਹ ਗੁਰਸਿੱਖੀ ਦੇ ਬਿਖਮ ਤੋਂ ਬਿਖਮ ਅਸੂਲਾਂ ਨੂੰ ਕਮਾਉਣਾ ਆਪਣਾ ਪੱਕਾ ਧਰਮ ਜਾਣਦੇ ਹਨ। ਓਹਨਾਂ ਦੇ ਨਿਕਟ ਸਿੱਖੀ ਦੇ ਔਖੇ ਤੋਂ ਔਖੇ ਅਸੂਲ ਕਮਾਵਣੇ ਭੀ ਸੌਖੇ ਹਨ। ਕਿਉਂਕਿ ਉਹਨਾਂ ਨੇ ਇਹ ਅਸੂਲ ਕਮਾਉਣੇ ਮਿਥੇ ਹੋਏ ਹੁੰਦੇ ਹਨ। ਅਤੇ ਗੁਰਸਿੱਖੀ ਦੇ ਅਸੂਲਾਂ ਨੂੰ ਔਖੇ ਸਮਝਣ ਵਾਲਿਆਂ ਨੇ ਇਹ ਔਖ ਆਪਣੇ ਆਪ ਸਹੇੜੀ ਹੋਈ ਹੈ। ਜੇਕਰ ਸਾਰੇ ਦੇ ਸਾਰੇ ਗੁਰਸਿਖ, ਜਿਤਨੇ ਭੀ ਗੁਰਸਿਖ ਕਹਾਵਣ ਦੇ ਅਥਵਾ ਸਿੰਘ ਖਾਲਸਾ ਅਖਵਾਣ ਦੇ ਦਾਅਵੇਦਾਰ ਹਨ, ਗੁਰਮਤਿ ਅਹਾਰ ਬਿਬੇਕ ਅਸੂਲ ਦੇ ਸਣੇ ਸਰਬ ਲੋਹ ਬਿਬੇਕ ਧਾਰਨਾ ਦੇ ਇਕ ਦੂ ਵਾਢਿਓਂ ਧਾਰਨੀ ਹੁੰਦੇ ਤਾਂ ਉਹਨਾਂ ਦੀਆਂ ਸਾਰੀਆਂ ਔਖਾਂ ਔਖਿਆਈਆਂ, ਜੋ ਉਹਨਾਂ ਨੂੰ ਪ੍ਰਤੀਤ ਹੁੰਦੀਆਂ ਹਨ, ਉੱਡ ਪੁਡ ਜਾਂਦੀਆਂ। ਜੇ ਸਮੂਹ ਜਥੇ ਰੋਟੀ ਬੇਟੀ ਦੀ ਸਾਂਝ ਪਰਸਪਰ ਖਾਲਸਾ ਜੀ ਨਾਲ, ਕੇਵਲ ਖਾਲਸਾ ਜੀ ਨਾਲ ਹੀ ਰਖਣ ਤਾਂ ਪਿੰਡਾਂ ਦੇ ਪਿੰਡ ਖਾਲਸਾ ਬਿਰਾਦਰੀ ਵਾਲੀ ਸੱਚੀ ਸਹੋਦਰਤਾ ਵਿਚ ਗੁੰਫਤ ਹੋ ਜਾਣ ਅਤੇ ਪਰਸਪਰ ਦੀ ਵਰਤੋਂ ਦੀਆਂ ਸਮੂਹ ਬਿਘਨਕਾਰੀਆਂ ਦੂਰ ਹੋ ਜਾਣ। ਖਾਨ ਪਾਨ ਦੀ ਵਰਤੋਂ ਵਿਹਾਰ ਦੀਆਂ ਸਰਬ ਦੁਚਿਤਾਈਆਂ ਤੇ ਔਖਿਆਈਆਂ ਕਾਫ਼ੂਰ ਹੋ ਜਾਵਣ। ਪ੍ਰੰਤੂ ਏਸ ਪਾਸੇ ਵਲੋਂ ਉੱਕੀ ਬੇਪਰਵਾਹੀ ਹੋਣ ਕਰਕੇ ਨਾ ਤਾਂ ਖਾਲਸਾ ਬਿਰਾਦਰੀ ਪੱਕੀ ਨੀਂਹ ਉਤੇ ਕਾਇਮ ਹੋ ਸਕਦੀ ਹੈ ਅਤੇ ਨਾ ਹੀ ਖਾਲਸਾ ਪੰਥ ਦੀ ਸਭ ਤੋਂ ਨਿਆਰੀ

ਅਤੇ ਵਿਲੱਖਣ ਹਸਤੀ ਹੀ (ਆਨ ਕੌਮਾਂ ਵਲੋਂ) ਤਸਲੀਮ ਕੀਤੀ ਜਾ ਸਕਦੀ ਹੈ। ਅਤੇ ਨਾ ਹੀ ਪੰਥ ਖਾਲਸਾ ਸ੍ਰੀ ਦਸਮੇਸ਼ ਜੀ ਦੇ ਆਸ਼ੇ-ਆਦਰਸ਼ ਅਨੁਸਾਰ ਇਕ ਤੇਜਵੰਤ ਅਤੇ ਪ੍ਰਧਾਨ ਕੌਮ ਦੀ ਹੈਸੀਅਤ ਵਿਚ ਸਦੀਵ ਲਈ ਚਮਕ ਦਮਕ ਸਕਦਾ ਹੈ। ਇਹ ਅਸਾਡੇ ਸੁਖ ਰਹਿਣੀਏ ਭਰਾਵਾਂ ਦੀ ਅਸੂਲ ਕਮਾਈਓਂ ਊਗੀ ਨਿਰਉਦਮਤਾ ਦਾ ਕਸੂਰ ਹੈ। ਜਿਤਨੇ ਭੀ ਗੁਰਮਤਿ ਅਸੂਲ ਹਨ, ਸਭ ਗੁਰਸਿੱਖਾਂ ਦੇ ਕਮਾਵਣ ਲਈ ਹੁਕਮ ਰੂਪ ਸਤਿਗੁਰ ਬਚਨ ਹਨ। ਅਤੇ :

**ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥...੧॥੯੯॥**

*ਸਿਰੀਰਾਗੁ ਮ: ੫, ਪੰਨਾ ੫੨*

ਦੇ ਗੁਰਵਾਕ ਅਨੁਸਾਰ ਸੱਚਾ ਵਿਚਾਰ-ਬਿਬੇਕ ਏਹਨਾਂ ਬਚਨ ਰੂਪ ਹੁਕਮਾਂ ਦੀ ਕਮਾਈ ਹੈ। ਜੋ ਭੀ, ਜਿਤਨੇ ਭੀ ਹੁਕਮ ਕੋਈ ਗੁਰਸਿਖ ਕਮਾਂਵਦਾ ਹੈ ਓਤਨਾ ਹੀ ਓਹ ਗੁਰਸਿਖ ਬਿਬੇਕੀ ਹੈ। ਹੋਰ ਬਿਬੇਕੀ ਫ਼ਿਰਕਾ ਕੋਈ ਵਖਰਾ ਫ਼ਿਰਕਾ ਨਹੀਂ। ਗੁਰਮਤਿ ਅਹਾਰ-ਬਿਬੇਕ ਅਤੇ ਸਰਬ ਲੋਹ ਬਿਬੇਕ ਧਾਰਨਾ ਕਮਾਵਣੀ ਯਦੀ ਔਖੀ ਹੈ, ਪਰ ਜੋ ਜੋ ਭੀ ਇਸਦੇ ਧਾਰਨੀ ਸਿੰਘ ਸੱਜਣ ਹਨ ਉਹਨਾਂ ਦਾ ਪ੍ਰਸਿਧ ਨਾਮ ਬਿਬੇਕੀ ਸਿੰਘ ਪੈ ਗਿਆ ਹੈ। ਅਸਲ ਬਿਬੇਕੀ ਸਿੰਘ ਸੋਈ ਹੈ ਜੋ ਸਾਰ ਬਿਬੇਕ ਸਿਫਤਿ-ਸਾਲਾਹ ਦੀ ਕਮਾਈ ਨੂੰ ਮੁਖ ਰਖ ਕੇ ਇਸ ਦੇ ਸੰਬੰਧਤ ਅਤੇ ਸਹਾਈ ਰੂਪ ਸਾਧਨ ਸੰਪੰਨ ਸਮੂਹ ਅਤੇ ਸਮੁੱਚੇ ਬਿਬੇਕ ਕਰਮਾਂ, ਬਿਬੇਕ ਅਸੂਲਾਂ ਨੂੰ ਹਮਾਤਨ ਹੋ ਕੇ ਕਮਾਉਂਦਾ ਹੈ। ਜੋ ਗੁਰਸਿਖ ਕਿਸੇ ਭੀ ਬਿਬੇਕ ਕਰਮ ਵਲੋਂ ਊਰਾ ਨਹੀਂ ਓਹੀ ਪੂਰਾ ਬਿਬੇਕੀ ਹੈ।

ਪੂਰਨ ਬਿਬੇਕ ਦੇ ਕਿਸੇ ਇਕ ਅੰਗ ਉਤੇ ਹੀ ਕਮਾਈ ਦਾ ਸਾਰਾ ਜ਼ੋਰ ਦੇਣਹਾਰੇ ਅਸਲ ਮੰਜ਼ਲ ਉਤੇ ਨਹੀਂ ਅਪੜ ਸਕਦੇ। ਖ਼ਾਸ ਕਰਕੇ ਸਾਰ ਬਿਬੇਕ ਸਿਫਤਿ-ਸਾਲਾਹ ਦੇ ਸਹਾਈ ਸਾਧਨ ਸੰਪੰਨ ਕਿਸੇ ਇਕ ਬਿਬੇਕ ਕਰਮ ਨੂੰ ਫੜ ਕੇ ਉਸੇ ਦੀ ਕਮਾਈ ਤੇ ਸਾਰਾ ਤਾਣ ਲਾਈ ਰਖਣਾ ਉਸ ਦੇ ਕਮਾਉਣਹਾਰੇ ਨੂੰ ਏਸ ਧੋਖੇ ਵਿਚ ਫਸਾ ਦਿੰਦਾ ਹੈ ਕਿ ਉਹ ਓਸੇ ਬਿਬੇਕ ਕਰਮ ਨੂੰ ਮੁਖ ਅਤੇ ਸਾਰ ਕਰਮ ਸਮਝਣ ਲੱਗ ਪੈਂਦਾ ਹੈ, ਜਿਸ ਕਰਕੇ ਉਹ ਅਸਲ ਨਿਸ਼ਾਨੇ ਤੋਂ ਉਕ ਜਾਂਦਾ ਹੈ ਅਤੇ ਉਕਿਆ ਹੀ ਰਹਿੰਦਾ ਹੈ। ਖਾਨ ਪਾਨ ਬਿਬੇਕ ਅਸੂਲ ਦੇ ਸੰਜਮੀ ਜੇ ਏਸੇ ਸੰਜਮ ਨੂੰ ਹੀ ਪਰਮ ਧਰਮ ਸਮਝਣ ਲੱਗ ਜਾਣ ਤਾਂ ਇਹ ਓਹਨਾਂ ਦੀ ਅਧੋਗਤੀ ਨੂੰ ਪ੍ਰਾਪਤ ਹੋਣ ਵਾਲੀ ਭੁਲ ਹੈ। ਇਸ ਦੇ ਉਲਟ ਜੇ ਕੋਈ ਇਹ ਭੀ ਚਾਹੇ ਕਿ ਬਿਨਾਂ ਸਾਧਨ ਸੰਪੰਨ ਬਿਬੇਕ ਕਰਮਾਂ ਦੀ ਕਮਾਈ ਦੇ ਸਾਰ ਬਿਬੇਕ ਸਿਫਤਿ-ਸਾਲਾਹ ਦੀ ਕਮਾਈ ਵਾਲੀ ਉਚੀ ਮੁਖ ਮੰਜ਼ਲ ਇਕ ਦਮ ਪ੍ਰਾਪਤ ਹੋ ਜਾਏਗੀ, ਇਹ ਭੀ ਉਸਦਾ ਕੱਚਾ ਅਤੇ ਬਿਰਥਾ ਖ਼ਿਆਲ ਹੈ। ਨਾਮ ਦੀ ਤਨਕ ਮਾਤਰ ਟਕੋਰ ਲਗਣ ਪਰ ਜੋ ਕਚ-ਬਿਰਤੀਏ ਹੋਰਸ ਸਰਬ ਰਹਿਤਾਂ ਬਹਿਤਾਂ ਨੂੰ ਛਡ ਬਹਿੰਦੇ ਹਨ, ਬਸ ਓਹਨਾਂ ਦੀ ਓਹ ਕਿਣਕੇ ਮਾਤਰ ਕਮਾਈ ਓਥੇ ਦੀ ਓਥੇ ਹੀ (ਥਾਉਂ ਦੀ ਥਾਉਂ ਹੀ) ਖੜੋ ਜਾਂਦੀ ਹੈ। ਗੁਰਸਿੱਖੀ ਦੀ ਰਹਿਤ ਰਹਿਣੀ ਦੇ ਅਸੂਲ ਪਰੇ ਤੋਂ ਪਰੇ ਹਨ ਅਤੇ ਏਹਨਾਂ ਸਰਬ ਅਸੂਲਾਂ ਦਾ ਕਮਾਉਣਾ ਬਿਬੇਕ ਕਰਣੀ ਅਰਥਾਤ ਗੁਰਮਤਿ ਬਿਬੇਕ ਹੈ।